# ਗੁਰੂ ਰਵਿਦਾਸ ਤੇ ਜੀਵਨ ਮੁੱਲ

# GURU RAVI DASS TE JIWAN MULL

A Thesis

SUBMITTED TO THE PANJAB UNIVERSITY
FOR THE DEGREE OF
DOCTOR OF PHILOSOPHY
IN THE FACULTY OF LANGUAGES
1991

Saroj Rani

## ਦੋ ਸ਼ਬਦ

ਜਦੋਂ ਮੈਂ ਅਖ਼ਬਾਰਾਂ ਦੇ ਪੰਨਿਆਂ ਤੇ ਜੰਗ, ਕਤਲੋ-ਗ਼ਾਰਤ, ਮਾਰਧਾੜ, ਵਿਤਕਰੇ, ਅਨਿਆਂ ਅਤੇ ਜਾਤੀ ਦੰਗੇ ਫ਼ਸਾਦਾਂ ਦੀਆਂ ਖ਼ਬਰਾਂ ਪੜ੍ਹਦੀ ਹਾਂ ਤਾਂ ਮਨ ਵਿਚ ਇਕ ਚੀਸ ਜਿਹੀ ਉਠਦੀ ਹੈ। ਮਨੁੱਖੀ ਪਹੁੰਚ ਦੇ ਇਸ ਪੜਾਅ ਤੇ ਜਿਥੇ ਉਸ ਨੇ ਵਿਗਿਆਨਿਕ ਸੂਝ ਦੁਆਰਾ ਜੀਵਨ ਲਈ ਢੇਰ ਸਾਰੀਆਂ ਪ੍ਰਾਪਤੀਆਂ ਸੁੱਖ, ਆਰਾਮ ਦੀਆਂ ਸੁਵਿਧਾਵਾਂ ਪੈਦਾ ਕਰ ਲਈਆਂ ਹਨ ਤੇ ਮਨੁੱਖ-ਵਿਵੇਕ ਦੀ ਅਸੀਮ-ਪਹੁੰਚ ਰੂਣ ਵੀ ਕਰ ਸਕਣ ਦੇ ਯੋਗ ਹੋ ਗਈ ਹੈ ਤਾਂ ਸਵਾਲ ਉੱਠਦਾ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ। ਮਨੁੱਖ ਜਾਤੀ-ਆਧਾਰ ਤੇ ਕਿਉਂ ਇਕ ਦੂਜੇ ਦੇ ਖ਼ੂਨ ਦਾ ਪਿਆਸਾ ਹੈ। ਮਨੁੱਖ ਦੀਆਂ ਨੈਤਿਕ ਸਦਾਚਾਰਕ ਕਦਰਾਂ-ਕੀਮਤਾਂ ਦੇ ਅਲੋਪ ਹੋ ਜਾਣ ਦੀ ਗੱਲ ਮੇਰੇ ਦਿਮਾਗ਼ ਵਿਚ ਘੁੰਮਦੀ ਰਹਿੰਦੀ ਹੈ ਕੀ ਇਸ ਦਾ ਕੋਈ ਇਲਾਜ ਨਹੀਂ ? ਤਾਂ ਸੁੱਤੇ-ਸਿਧ ਸਾਹਿਤ ਦੀ ਵਿਦਿਆਰਥਣ ਹੋਣ ਦੇ ਨਾਤੇ ਮੇਰਾ ਧਿਆਨ ਭਾਰਤੀ ਸੰਸਕ੍ਰਿਤੀ ਦੀ ਅਧਿਆਤਮਿਕ ਦੇਣ ਵੱਲ ਚਲਾ ਜਾਂਦਾ ਹੈ। ਮਨੁੱਖੀ ਨੈਤਿਕਤਾ, ਸਦਾਚਾਰਕ ਕਦਰਾਂ-ਕੀਮਤਾਂ ਦੀ ਗੱਲ ਅੱਜ ਅਲੋਪ ਕਿਉਂ ਹੁੰਦੀ ਜਾ ਰਹੀ ਹੈ। ਜਿਥੇ ਗੁਰੂ ਰਵਿਦਾਸ ਦੀ ਨਿਮਰਤਾ ਦਾ ਮੈਂ ਪਹਿਲਾਂ ਹੀ ਕਾਇਲ ਸਾਂ ਉਥੇ ਉਨ੍ਹਾਂ ਨਾਲ ਸੰਬੰਧਿਤ ਸਾਹਿਤ ਵਿਚ ਮੁੱਲਾਂ ਪ੍ਰਤੀ ਚਰਚਾ ਦੀ ਘਾਟ ਮੈਂ ਹਮੇਸ਼ਾ ਮਹਿਸੂਸ ਕਰਦੀ ਰਹੀ ਹਾਂ।

ਗੁਰੂ ਰਵਿਦਾਸ ਦੀ ਬਾਣੀ ਸੰਬੰਧੀ ਭਾਵੇਂ ਅਗਲੇ ਪੰਨਿਆਂ ਵਿਚ ਚਰਚਾ ਕੀਤੀ ਗਈ ਹੈ ਪਰ ਇਥੇ ਇਹ ਦੱਸਣਾ ਜ਼ਰੂਰੀ ਜਾਪਦਾ ਹੈ ਕਿ ਮੈਂ ਬਾਣੀ ਦੀ ਪ੍ਰਮਾਣਿਕਤਾ ਲਈ ਗੁਰੂ ਗ੍ਰੰਥ ਸਾਹਿਬ ਦੇ ਪਦਾਂ ਤੋਂ ਬਿਨਾ ਡਾ. ਧਰਮਪਾਲ ਸਿੰਗਲ ਵਲੋਂ ਸੰਪਾਦਿਤ ਪੁਸਤਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ' ਨੂੰ ਆਧਾਰ ਬਣਾਇਆ ਹੈ ਕਿਉਂਕਿ ਗੁਰੂ ਰਵਿਦਾਸ ਦੀ ਬਾਣੀ ਸੰਬੰਧੀ ਕੀਤੇ ਗਏ ਯਤਨਾਂ ਵਿਚੋਂ ਇਸ ਪੁਸਤਕ ਦੀ ਸਾਰਥਕਤਾ ਸੰਬੰਧੀ ਮੈਂ ਜ਼ਿਆਦਾ ਪ੍ਰਭਾਵਿਤ ਹੋਈ ਹਾਂ। ਇਸ ਲਈ ਇਸ ਅਧਿਐਨ ਵਿਚ ਜਿਥੇ ਲੋੜ ਪਈ ਹੈ ਇਸ ਪੁਸਤਕ ਦੇ ਪੰਨੇ ਦਰਜ ਕੀਤੇ ਗਏ ਹਨ।

ਇਸ ਸੋਧ-ਪ੍ਰਬੰਧ ਨੂੰ ਲਿਖਣ ਲਈ ਮੈਂ ਸਮੇਂ ਸਮੇਂ ਸਿਰ ਕਈ ਪ੍ਰਮੁੱਖ ਵਿਦਵਾਨਾਂ ਦਾ ਸਹਿਯੋਗ ਪ੍ਰਾਪਤ ਕਰਦੀ ਰਹੀ ਹਾਂ ਇਨ੍ਹਾਂ ਵਿਚੋਂ ਜਿਥੇ ਮੈਂ ਡਾ. ਧਰਮਪਾਲ ਮੈਣੀ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਜਤਿੰਦਰ ਸਿੰਘ ਨੂਰ ਅਤੇ ਡਾ. ਰਜਨੀ ਸ਼ਰਮਾ ਦੀ ਸ਼ੁਕਰ ਗੁਜ਼ਾਰ ਹਾਂ

ਉਥੇ ਆਪਣੇ ਸਤਿਕਾਰਯੋਗ ਪ੍ਰੋਫੈਸਰ ਡਾ. ਧਰਮਪਾਲ ਸਿੰਗਲ ਦੀ ,ਉਨ੍ਹਾਂ ਦੇ ਪਥ ਪ੍ਰਦਰਸ਼ਨ ਅਤੇ ਸ਼ੋਧ-ਪ੍ਰਬੰਧ ਨੂੰ ਸੋਧਣ,ਤਰਤੀਬ ਦੇਣ ਅਤੇ ਮੁਕੰਮਲ ਕਰਨ ਵਿਚ ਦਿੱਤੇ ਸਮੇਂ ਅਤੇ ਸਹਿਯੋਗ ਲਈ ਖਾਸ ਤੌਰ ਤੇ ਰਿਣੀ ਹਾਂ। ਇਸਦੇ ਨਾਲ ਨਾਲ ਮੈਂ ਕਿਤਾਬਾਂ ਇਕੱਤਰ ਕਰਨ ਅਤੇ ਸ਼ੋਧ-ਪ੍ਰਬੰਧ ਪੜ੍ਹਨ ਲਿਖਣ ਸਮੇਂ ਵਿਚਾਰ-ਵਟਾਂਦਰਾ ਕਰਨ ਅਤੇ ਸ਼ੋਧ-ਪ੍ਰਬੰਧ ਤਿਆਰ ਕਰਨ ਵਿਚ ਦਿਤੇ ਗਏ ਸਹਿਯੋਗ ਲਈ ਆਪਣੇ ਲੇਖਕ ਪਿਤਾ ਸ੍ਰੀ ਦੇਸ ਰਾਜ ਅਤੇ ਆਪਣੇ ਸਤਿਕਾਰਤ ਪਤੀ ਰਾਧਾ ਕ੍ਰਿਸ਼ਨ ਦੀ ਤਹਿ-ਦਿਲੋਂ ਆਭਾਰੀ ਹਾਂ।

ਇਕ ਗੱਲ ਜਿਹੜੀ ਮੈਂ ਮਹਿਸੂਸ ਕਰਦੀ ਹਾਂ ਕਿ ਇਹ ਸ਼ੋਧ-ਪ੍ਰਬੰਧ ਕਤੱਈ ਮੁਕੰਮਲ ਨਾ ਹੋ ਸਕਦਾ ਜੇਕਰ ਮੇਰੀ ਮਾਤਾ ਪੁਸ਼ਪਾ ਦੇਵੀ ਘਰੇਲੂ ਕੰਮਾਂ ਵਿਚੋਂ ਸਮਾਂ ਦੇਣ ਲਈ ਕੰਮ ਦਾ ਬੋਝ ਆਪਣੇ ਸਿਰ ਨਾ ਲੈਂਦੀ। ਇਸਤੋਂ ਬਿਨਾ ਮੈਂ ਉਨ੍ਹਾਂ ਸਾਰੇ ਲੇਖਕਾਂ ਜਿਨ੍ਹਾਂ ਦੀਆਂ ਪੁਸਤਕਾਂ ਪੜ੍ਹਕੇ ਇਹ ਸ਼ੋਧ-ਪ੍ਰਬੰਧ ਲਿਖਣ ਦੇ ਯੋਗ ਹੋ ਸਕੀ ਹਾਂ ਅਤੇ ਸ੍ਰੀ ਜਗਦੀਸ਼ ਸਿੰਘ ਜਿਨ੍ਹਾਂ ਦੀ ਮਿਹਨਤ ਸਦਕਾ ਇਸ ਸ਼ੋਧ ਪ੍ਰਬੰਧ ਨੇ ਖਰੜੇ ਤੋਂ ਪੁਸਤਕ ਦਾ ਰੂਪ ਧਾਰਨ ਕੀਤਾ ਦੀ ਧੰਨਵਾਦੀ ਹਾਂ।

ਸਰੋਜ ਰਾਣੀ

(ਸਰੋਜ ਰਾਣੀ)

# ਤ ਤ ਕ ਰਾ


| | ਪੰਨਾ ਨੰਬਰ |
|---|---|
| ਦੋ ਸ਼ਬਦ | ੳ – ਅ |
| ਪਹਿਲਾ ਅਧਿਆਇ: ਵਿਸ਼ਾ ਪ੍ਰਵੇਸ਼ | 1-7 |
| ਦੂਜਾ ਅਧਿਆਇ: ਜੀਵਨ ਤੇ ਜੀਵਨ ਪਿਛੋਕੜ | 8-45 |
| ਜਨਮ, ਜਨਮ-ਸਥਾਨ, ਨਾਮ, ਮਾਤਾ-ਪਿਤਾ, ਕਿੱਤਾ ਅਤੇ ਜਾਤ, ਗੁਰੂ, ਸਿੱਖ-ਸੇਵਕ, ਮਿਰਤੂ । | |
| ਤੀਜਾ ਅਧਿਆਇ: ਜੀਵਨ ਮੁੱਲ | 46-84 |
| ਪਰਿਭਾਸ਼ਾ | |
| ਨਿਕਾਸ ਵਿਕਾਸ ਅਤੇ ਮਹੱਤਵ | |
| ਚੋਥਾ ਅਧਿਆਇ: ਭਾਰਤੀ ਜੀਵਨ ਮੁੱਲ | 85-161 |
| ਪੂਰਬ ਵੈਦਿਕ ਕਾਲ ਦੇ ਜੀਵਨ ਮੁੱਲ | |
| ਵੈਦਿਕ ਕਾਲ ਦੇ ਜੀਵਨ ਮੁੱਲ | |
| ਉੱਤਰ ਵੈਦਿਕ ਕਾਲ ਦੇ ਜੀਵਨ ਮੁੱਲ | |
| ਬੁੱਧ ਮੱਤ ਦੇ ਜੀਵਨ ਮੁੱਲ | |
| ਜੈਨ ਮੱਤ ਦੇ ਜੀਵਨ ਮੁੱਲ | |
| ਪੰਜਵਾਂ ਅਧਿਆਇ: ਮੱਧਕਾਲੀਨ ਭਾਰਤੀ ਕਦਰਾਂ-ਕੀਮਤਾਂ ਦੀ ਹੋਰ ਸਭਿਆਚਾਰਾਂ ਨਾਲ ਤੁਲਨਾ | 162-215 |
| ਇਸਲਾਮੀ ਜੀਵਨ ਮੁੱਲ | |
| ਪੱਛਮੀ ਜੀਵਨ ਮੁੱਲ | |
| ਸਮਨਵੈ | |

ਛੇਵਾਂ ਅਧਿਆਇ : ਗੁਰੂ ਰਵਿਦਾਸ ਦੀ ਬਾਣੀ ਵਿਚ ਜੀਵਨ ਮੁੱਲ 216-280

ਸਮਾਜਿਕ ਜੀਵਨ ਮੁੱਲ

ਵਰਣ-ਵਿਵਸਥਾ, ਜਾਤਪਾਤ, ਮੂਰਤੀ ਪੂਜਾ, ਕਰਮਕਾਂਡ, ਵਹਿਮ ਤਿਆਗ, ਸਮਾਜ ਵਿਚ ਇਸਤਰੀ ਦਾ ਸਥਾਨ, ਨਸ਼ਾ-ਵਿਰੋਧ, ਅਗਿਆਨਤਾ ।

ਧਾਰਮਿਕ ਜੀਵਨ ਮੁੱਲ

ਨਾਮ ਸਿਮਰਨ, ਨਵਧਾ ਭਗਤੀ, ਦਾਸ ਸੇਵਾ ਭਗਤੀ, ਸਤਿਸੰਗ, ਪਾਖੰਡ-ਖੰਡਨ ।

ਆਰਥਿਕ ਜੀਵਨ ਮੁੱਲ

ਕਿਰਤ ਕਮਾਈ, ਕਰ-ਵਿਰੋਧ, ਸੰਪੱਤੀ-ਵਿਰੋਧ, ਸਾਦਾ ਜੀਵਨ, ਸਹਜ ਵਪਾਰ, ਨੇਕ ਕਮਾਈ ।

ਨੈਤਿਕ ਜੀਵਨ ਮੁੱਲ

ਪੰਜ-ਵਿਕਾਰ, ਮਨ ਦੀ ਸਫ਼ਾਈ, ਮਿੱਠਾ ਬੋਲਣਾ, ਨਿੰਦਾ ਵਿਰੋਧ, ਸੱਚ ਬੋਲਣਾ, ਨਿਮਰਤਾ, ਆਤਮਿਕ ਪਵਿੱਤਰਤਾ ਦੁੱਖ-ਸੁੱਖ ।

ਸੱਤਵਾਂ ਅਧਿਆਇ: ਗੁਰੂ ਰਵਿਦਾਸ ਦੇ ਵਿਅਕਤੀਗਤ ਜੀਵਨ ਮੁੱਲ 281-309

ਕ੍ਰਾਂਤੀਕਾਰੀ ਵਿਅਕਤਿਤ੍ਵ
ਗ੍ਰਿਹਸਥ ਜੀਵਨ ਵਿਸ਼ਵਾਸ
ਸਮਾਜ ਸੁਧਾਰਕ
ਸਮਾਨ ਅਧਿਕਾਰਾਂ ਪ੍ਰਤੀ ਆਸਥਾ
ਸੁਤੰਤਰਤਾ ਪ੍ਰੇਮ
ਭਗਤੀ ਦਾਰਸ਼ਨਿਕਤਾ
ਅਧਿਆਤਮਿਕ ਸ਼ਕਤੀ ਦੀ ਮਾਨਵ ਸਮਾਜ ਨੂੰ ਦੇਣ

ਅੱਠਵਾਂ ਅਧਿਆਇ: ਸਮੁੱਚਾ ਅਧਿਐਨ 310-318

ਸਹਾਇਕ ਪੁਸਤਕ-ਸੂਚੀ 319-329

* * * * *

# ਅਧਿਆਇ ਪਹਿਲਾ

## ਵਿਸ਼ਾ ਪ੍ਰਵੇਸ਼

# ਵਿਸ਼ਾ ਪ੍ਰਵੇਸ਼

ਅੱਜ ਜਦ ਕਿ ਮਨੁੱਖ ਇੱਕੀਵੀਂ ਸਦੀ ਵਿਚ ਦਾਖਲ ਹੋਣ ਜਾ ਰਿਹਾ ਹੈ ਫਿਰ ਵੀ ਇਹ ਨਿਰਧਾਰਿਤ ਕਰਨ ਤੋਂ ਅਸਮਰਥ ਹੈ ਕਿ ਮਨੁੱਖੀ ਜੀਵਨ ਦੀਆਂ ਕਿਹੜੀਆਂ ਮਾਨਤਾਵਾਂ ਉਸ ਨਾਲ ਇਸ ਸਦੀ ਵਿਚ ਪ੍ਰਵੇਸ਼ ਕਰਨਗੀਆਂ; ਇਸਦੇ ਦੋ ਕਾਰਨ ਹਨ। ਇਕ ਤਾਂ ਮਨੁੱਖੀ ਜ਼ਿੰਦਗੀ ਦੀ ਜੀਣ ਗਤੀ ਬਹੁਤ ਤੇਜ਼ ਹੋ ਗਈ ਹੈ ਪਿਛਲੇ ਕੁਝ ਦਹਾਕਿਆਂ ਵਿਚ ਸਮਾਜਿਕ, ਆਰਥਿਕ, ਰਾਜਨੈਤਿਕ ਖੇਤਰਾਂ ਵਿਚ ਇੰਨੀ ਟੁੱਟ ਭੱਜ ਅਤੇ ਪਰਿਵਰਤਨ ਹੋਇਆ ਹੈ ਜਿੰਨਾ ਕਿ ਪਹਿਲੀਆਂ ਇਕ ਦੋ ਸਦੀਆਂ ਵਿਚ ਨਹੀਂ ਦੇਖਿਆ ਸੀ। ਦੂਜਾ ਕਾਰਨ ਇਹ ਹੈ ਕਿ ਮਨੁੱਖੀ ਸਮਾਜ ਆਰਥਿਕ ਪ੍ਰਭੁਸਤਾ ਪ੍ਰਾਪਤ ਕਰਨ ਲਈ ਰਾਜਨੀਤੀ ਤੇ ਆਧਾਰਿਤ ਹੋ ਕੇ ਰਹਿ ਗਿਆ ਹੈ, ਮਨੁੱਖੀ ਜੀਵਨ ਦੇ ਮੁੱਲ ਅਤੇ ਨੈਤਿਕ ਕਦਰਾਂ-ਕੀਮਤਾਂ ਪਿਛਲੇ ਸਮੇਂ ਦੀਆਂ ਕਥਾਵਾਂ ਲਗਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਕਦੇ ਕਦੇ ਧਾਰਮਿਕ ਇਕੱਠਾਂ ਵਿਚ ਸੁਣਿਆ ਜਾਂਦਾ ਹੈ ਪਰ ਅਸਲ ਜੀਵੀ ਜਾ ਰਹੀ ਜ਼ਿੰਦਗੀ ਵਿਚ ਇਹ ਭਾਲਿਆਂ ਵੀ ਨਹੀਂ ਲੱਭਦਾ, ਚਾਰੇ ਪਾਸੇ ਬੇਈਮਾਨੀ, ਆਤੰਕਵਾਦ ਅਤੇ ਪਾਖੰਡਵਾਦ ਪਸਰਿਆ ਹੋਇਆ ਹੈ।

ਅਜਿਹੀਆਂ ਜੀਵਨ ਪਰਿਸਥਿਤੀਆਂ ਵਿਚ ਫਿਰਕੂ ਤਣਾਉ ਦੇ ਵਧਣ ਨਾਲ ਅਰਾਜਕਤਾ ਫੈਲੀ ਹੋਈ ਹੈ ਤੇ ਜੀਵਨ ਮੁੱਲਾਂ ਤੇ ਮਾਨਤਾਵਾਂ ਦੀ ਪਹਿਚਾਣ ਕਰਨਾ ਮੁਸ਼ਕਿਲ ਹੋ ਗਈ ਹੈ। ਫਿਰਕੂ ਜ਼ਹਿਰ ਧਰਮ ਦਾ ਨਕਾਬ ਤਣ ਕੇ ਦੂਜੇ ਧਰਮ, ਫਿਰਕੇ ਦੇ ਲੋਕ-ਜੀਵਨ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਹੈ। ਰਾਜਨੀਤੀ ਨੇ ਧਾਰਮਿਕ, ਸਮਾਜਿਕ ਤੇ ਆਰਥਿਕ ਪਹਿਲੂਆਂ ਤੇ ਕਬਜ਼ਾ ਕਰ ਲਿਆ ਹੈ ਅਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਰਾਜ ਸਤ੍ਹਾ ਦੀ ਪ੍ਰਾਪਤੀ ਲਈ ਧਾਰਮਿਕ ਕੱਟੜਤਾ ਨੂੰ ਸ਼ਹਿ ਦੇ ਕੇ ਜੀਵਨ ਮੁੱਲਾਂ ਦੀ ਕੁਰਬਾਨੀ ਦਿਤੀ ਜਾ ਰਹੀ ਹੈ। ਅਸਲੀ ਜੀਵਨ ਦੇ ਮੁੱਲਾਂ ਦੀ ਅਹੂਤੀ ਦੇ ਕੇ ਦੁਰਾਚਾਰ ਫੈਲ ਰਿਹਾ ਹੈ ਅਤੇ ਇਸ ਅੱਗ ਵਿਚ ਜੀਵਨ ਦੇ ਹਰ ਵਰਗ ਦੇ ਲੋਕ ਜਲ ਰਹੇ ਹਨ।

ਮੱਧਕਾਲੀਨ ਭਾਰਤੀ ਸਮਾਜ ਵਿਚ ਬਾਦਸ਼ਾਹਾਂ ਦੇ ਈਸ਼ਵਰੀ ਅਧਿਕਾਰਾਂ ਦਾ ਤਰ੍ਹਾਂ ਬ੍ਰਾਹਮਣਾਂ ਨੂੰ ਦੂਜੀਆਂ ਜਾਤੀਆਂ ਨਾਲੋਂ ਵਧੇਰੇ ਸਹੂਲਤਾਂ ਅਤੇ ਰਿਆਇਤਾਂ ਮਿਲੀਆਂ

ਹੋਈਆਂ ਸਨ। ਬਾਕੀ ਤਿੰਨੇ ਜਾਤੀਆਂ ਇਕ ਤਰ੍ਹਾਂ ਨਾਲ ਬ੍ਰਾਹਮਣਾ ਦੀ ਸੇਵਾ ਕਰਦੀਆਂ ਸਨ ਪਰ ਸ਼ੂਦਰਾਂ ਦੀ ਦਸ਼ਾ ਬਹੁਤ ਹੀ ਤਰਸਯੋਗ ਸੀ, ਜਾਤਪਾਤ ਛੂਆਛਾਤ ਪਾਖੰਡ ਦਾ ਰੂਪ ਧਾਰ ਚੁੱਕੇ ਸਨ। ਰਾਜਨੈਤਿਕ ਗੁਲਾਮੀ ਨੇ ਲੋਕ ਜਮੀਰ ਨੂੰ ਮਾਰ ਦਿੱਤਾ ਸੀ। ਗਲੀਆਂ ਸੜੀਆਂ ਕਦਰਾਂ ਕੀਮਤਾਂ ਪ੍ਰਚੱਲਤ ਸਨ, ਰੋਟੀ ਬੇਟੀ ਦੀ ਸਾਂਝ ਵਾਲਾ ਸਮਾਜ ਪੂਰੀ ਤਰ੍ਹਾਂ ਨਸਲੀ ਵਿਤਕਰੇ ਦਾ ਰੂਪ ਧਾਰ ਚੁੱਕਾ ਸੀ। ਧਾਰਮਿਕ ਕਰਮਕਾਂਡ ਰਸਮਾਂ ਰੀਤਾਂ ਜੀਵਨ ਦੇ ਹਰ ਪੱਖ ਤੇ ਸਖ਼ਤੀ ਨਾਲ ਲਾਗੂ ਸਨ ਜਿਸ ਕਾਰਨ ਬ੍ਰਾਹਮਣਾਂ ਦੀ ਸ਼੍ਰੇਣੀ ਨੇ ਰਾਜ ਭਾਗ ਅਤੇ ਸਮਾਜਿਕ ਜੀਵਨ ਤੇ ਲਗਭਗ ਕਬਜ਼ਾ ਕੀਤਾ ਹੋਇਆ ਸੀ। ਹਿੰਦੂ ਸਮਾਜ ਵਿਚ ਰਾਜਾ ਪਰਜਾ ਤੇ,ਤਕੜਾ ਮਾੜੇ ਤੇ , ਵੱਡੀ ਜਾਤ ਛੋਟੀ ਜਾਤ ਤੇ ਮੁਸਲਮਾਨ ਹਿੰਦੂਆਂ ਤੇ ਆਦਮੀ ਔਰਤ ਤੇ ਰਾਜ ਕਰਦਾ ਸੀ।

ਇਸਲਾਮੀ ਅਤੇ ਭਾਰਤੀ ਸਭਿਆਚਾਰਾਂ ਦੀ ਟੱਕਰ ਹੋ ਰਹੀ ਸੀ। ਅਲਾਉਦੀਨ ਖਿਲਜੀ ਦੇ ਸਮੇਂ ਹਿੰਦੂ ਸਮਾਜ ਦੀ ਧਾਰਮਿਕ ਸਥਿਤੀ ਦੇ ਨਾਲ ਨਾਲ ਆਰਥਿਕ ਅਵਸਥਾ ਵੀ ਨਸ਼ਟ ਹੋ ਚੁਕੀ ਸੀ ,ਧਾਰਮਿਕ ਯੁੱਗ, ਰਸਮਾਂ-ਰੀਤਾਂ ਮਹਿੰਗੇ ਹੋ ਗਏ ਸਨ ਤੇ ਆਰਥਿਕ ਅਵਸਥਾ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਸੀ। ਆਪਾਧਾਪੀ ਪਈ ਹੋਈ ਸੀ ਕੋਈ ਸਤਿਕਾਰਤ ਧਾਰਮਿਕ ਆਗੂ ਨਾ ਹੋਣ ਕਰਕੇ ਲੋਕ ਬਹੁਤ ਦੁਖੀ ਸਨ। 1398 ਵਿਚ ਤੈਮੂਰ ਦੇ ਹਮਲੇ ਨੇ ਭਾਰਤੀ ਸਭਿਆਚਾਰ ਨੂੰ ਤਕੜਾ ਝਟਕਾ ਦਿੱਤਾ। ਭਾਰਤ ਵਿਚ ਮੁਸਲਮਾਨ ਸਖਸ਼ੀ ਹਕੂਮਤ ਸਥਾਪਤ ਹੋਣ ਤੇ ਹਿੰਦੂਆਂ ਦੇ ਮੰਦਰ ਲੁੱਟੇ ਗਏ ਤੇ ਮੂਰਤੀਆਂ ਤਬਾਹ ਕਰ ਦਿੱਤੀਆਂ ਗਈਆਂ ਜਿਸ ਕਾਰਨ ਅਚਾਨਕ ਬ੍ਰਾਹਮਣਵਾਦ ਦੀ ਜਕੜ ਢਿੱਲੀ ਹੋ ਗਈ।

ਜਨ-ਚੇਤਨਾ ਅਤੇ ਧਰਮ-ਚੇਤਨਾ ਵਿਚ ਸੰਤਾਂ ਤੇ ਭਗਤਾਂ ਦੇ ਆਉਣ ਨਾਲ ਪੁਰਾਣੀਆਂ ਕਦਰਾਂ-ਕੀਮਤਾਂ ਹਦ ਬੰਨੇ ਟੱਪਗਈਆਂ ਅਤੇ ਨਵੀਆਂ ਭਾਵਨਾਵਾਂ ਲੋਕਾਂ ਵਿਚ ਉਤਪੰਨ ਹੋਈਆਂ। ਉਸ ਸਮੇਂ ਹਿੰਦੂਆਂ ਦਾ ਪਤਨ ਹੋ ਰਿਹਾ ਸੀ ਅਤੇ ਦੇਸ਼ ਦੀ ਸਮਾਜਿਕ, ਆਰਥਿਕ ਅਤੇ ਨੈਤਿਕ ਅਵਸਥਾ ਦੀ ਦੁਰਦਸ਼ਾ ਦੇ ਫਲਸਰੂਪ ਭਗਤੀ ਲਹਿਰ ਉਤਪੰਨ ਹੋਈ ਜਿਸ ਨੇ ਲੋਕਾਂ ਨੂੰ ਆਤਮਿਕ ਸ਼ਾਂਤੀ ਦੇ ਕੇ ਉਨ੍ਹਾਂ ਦੀ ਸੁੱਤੀ ਹੋਈ ਚੇਤਨਾ ਨੂੰ

ਉਜਾਗਰ ਕੀਤਾ। ਮੱਧਕਾਲ ਵਿਚ ਦੱਖਣ ਦੇ ਆਲਵਾਰ ਭਗਤਾਂ ਨੇ ਭਗਤੀ ਅੰਦੋਲਨ ਦੀ ਨੀਂਹ ਰੱਖੀ ਅਤੇ ਇਸਤੋਂ ਪਹਿਲਾਂ ਵੈਦਿਕ ਕਾਲ ਵਿਚ ਵੀ ਇਸ ਦੀਆਂ ਜੜ੍ਹਾਂ ਫੈਲਣੀਆਂ ਸੁਰੂ ਹੋ ਗਈਆਂ ਸਨ।

ਭਗਤੀ ਅੰਦੋਲਨ ਦੌਰਾਨ ਗਿਆਨਵਾਨ ਅਤੇ ਉੱਚੇ ਆਦਰਸ਼ ਵਾਲੇ ਸੰਤਾਂ ਨੇ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਕਦਰਾਂ ਕੀਮਤਾਂ ਤੋਂ ਜਾਣੂ ਕਰਾਉਂਦਿਆਂ ਹੋਇਆਂ ਸਮਾਜਿਕ ਏਕਤਾ, ਮਨੁੱਖਤਾ ਦੀ ਸਮਾਨਤਾ ਦਾ ਜ਼ਿਕਰ ਕਰਕੇ ਜਾਤਪਾਤ ਦੇ ਭੇਦ ਭਾਵਾਂ ਤੋਂ ਲੋਕਾਂ ਨੂੰ ਉਪਰ ਉਠਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਵਿਚਾਰਾਂ ਅਨੁਸਾਰ ਕੋਈ ਉੱਚਾ ਜਾਂ ਨੀਵਾਂ ਨਹੀਂ ਸੀ ਉਹ ਤਾਂ ਰਾਜੇ ਨੂੰ ਵੀ ਭਗਤ ਦੇ ਬਰਾਬਰ ਨਹੀਂ ਸਨ ਸਮਝਦੇ ਉਨ੍ਹਾਂ ਅਨੁਸਾਰ ਉੱਚਾ ਮਨੁੱਖ ਉਹ ਹੀ ਸੀ ਜਿਹੜਾ ਭਗਤੀ ਕਰਦਾ ਸੀ। ਇਨ੍ਹਾਂ ਸੰਤਾਂ ਵਿਚੋਂ ਜ਼ਿਆਦਾ ਅਖਾਉਤੀ ਨੀਵੀਆਂ ਜਾਤਾਂ ਵਿਚੋਂ ਆਏ ਸਨ ਜਿਵੇਂ ਨਾਮਦੇਵ, ਕਬੀਰ ,ਰਵਿਦਾਸ, ਧੰਨਾ, ਸੈਨ, ਦਾਦੂ ਆਦਿ। ਨਾਮਦੇਵ ਛੀਂਬਿਆਂ ਵਿਚੋਂ, ਕਬੀਰ ਜੁਲਾਹਿਆਂ ਵਿਚੋਂ ,ਰਵਿਦਾਸ ਚਮਾਰਾਂ ਵਿਚੋਂ, ਧੰਨਾ ਜੱਟਾਂ ਵਿਚੋਂ ਅਤੇ ਸੈਨ ਨਾਈਆਂ ਵਿਚੋਂ ਸੀ। ਇਨ੍ਹਾਂ ਸਾਰਿਆਂ ਨੇ ਆਪਣੇ ਵਿਚਾਰਾਂ ਨੂੰ ਬਾਣੀ ਵਿਚ ਪ੍ਰਗਟਾ ਕੇ ਰੱਬ ਇਕ ਹੈ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਨੇ ਸਿੱਧ ਕੀਤਾ ਕਿ ਮਨੁੱਖ ਜਾਤਪਾਤ ਦੇ ਕਾਰਨ ਨਹੀਂ ਬਲਕਿ ਕਰਮਾਂ ਕਰਕੇ ਉੱਚਾ ਜਾਂ ਨੀਵਾਂ ਹੁੰਦਾ ਹੈ।

ਦੂਜੇ ਸੰਤਾਂ ਦੀ ਤਰ੍ਹਾਂ ਗੁਰੂ ਰਵਿਦਾਸ ਦੀਆਂ ਸਿਖਿਆਵਾਂ ਨੇ ਵੀ ਲੋਕਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੇ ਪਿਆਰ, ਸਹਿਣਸ਼ੀਲਤਾ, ਭਗਤੀ ਅਤੇ ਗਿਆਨ ਨੇ ਉੱਚੀਆਂ ਜਾਤਾਂ ਵਾਲੇ ਲੋਕਾਂ ਵਿਚ ਈਰਖਾ ਪੈਦਾ ਕੀਤੀ ਅਤੇ ਬ੍ਰਾਹਮਣ ਵਰਗ ਵਲੋਂ ਉਨ੍ਹਾਂ ਦੀ ਵਿਰੋਧਤਾ ਹੋਣ ਲੱਗੀ ਇਸਦੇ ਬਾਵਜੂਦ ਗੁਰੂ ਰਵਿਦਾਸ ਨਿਰੰਤਰ ਆਪਣੇ ਵਿਚਾਰਾਂ ਦਾ ਨਿਡਰ ਹੋ ਕੇ ਪ੍ਰਗਟਾ ਕਰਦੇ ਰਹੇ। ਉਨ੍ਹਾਂ ਨੇ ਛੂਆਛਾਤ, ਜਾਤਪਾਤ ਤੇ ਕਰਮਕਾਂਡਾਂ ਦੀ ਵਿਰੋਧਤਾ ਕੀਤੀ ਅਤੇ ਜੀਵਨ ਉਪਯੋਗੀ ਕਦਰਾਂ-ਕੀਮਤਾਂ ਤੋਂ ਅਣਜਾਣ ਲੋਕਾਂ ਨੂੰ ਜੀਵਨ ਮੁੱਲਾਂ ਤੋਂ ਜਾਣੂ ਕਰਾਇਆ ਜਿਹੜੇ ਗੁਲਾਮੀ ਦੀ ਜ਼ਿੰਦਗੀ ਬਸਰ ਕਰ ਰਹੇ ਸਨ। ਗੁਰੂ ਰਵਿਦਾਸ ਨੇ ਆਪਣੀ ਸਮਝ-ਸੂਝ ਨਾਲ ਬ੍ਰਾਹਮਣ ਵਰਗ ਤੋਂ ਮੱਥੇ ਟਿਕਾਏ ਜਿਹੜੇ ਆਪਣੇ ਆਪ ਨੂੰ ਉੱਚਾ ਸਮਝਦੇ ਸਨ ਤੇ ਆਖੀ ਜਾਣ ਵਾਲੀ ਨੀਚ ਜਾਤ ਨੂੰ ਉੱਚਾ ਕਰਕੇ ਦਿਖਾਇਆ। ਜ਼ਿੰਦਗੀ ਵਿਚ ਫੈਲੇ ਹੋਏ ਫਿਰਕੂ ਤਣਾਉ ਨੂੰ ਦੇਖਦੇ ਹੋਏ ਬਾਣੀ ਰਾਹੀਂ ਸਮਾਜ ਵਿਚ ਪੈਦਾ ਹੋਏ ਜਾਤਪਾਤ ਦੇ ਭੇਦ ਭਾਵ ਨੂੰ ਖਤਮ ਕੀਤਾ।

ਇਸ ਸੰਦਰਭ ਵਿਚ ਦੇਖਿਆ ਜਾਵੇ ਤਾਂ ਅਜੋਕੇ ਮਨੁੱਖੀ ਜੀਵਨ ਦੀ ਤੇਜ ਰਫ਼ਤਾਰ ਜ਼ਿੰਦਗੀ ਵਿਚੋਂ ਇਕ ਤਰ੍ਹਾਂ ਨਾਲ ਜੀਵਨ ਮੁੱਲ ਗਵਾਚ ਗਏ ਜਾਪਦੇ ਹਨ। ਇਸ ਭੌਤਿਕਵਾਦੀ ਯੁੱਗ ਵਿਚ ਮਨੁੱਖ ਸਰੀਰ ਨੂੰ ਅਰਾਮ, ਸੁੱਖ ਦੇਣ ਵਾਲੀਆਂ ਵਸਤੂਆਂ ਦੀ ਪ੍ਰਾਪਤੀ ਲਈ ਪਾਗਲਾਂ ਦੀ ਤਰ੍ਹਾਂ ਦੌੜ ਰਿਹਾ ਹੈ ਜਿਸ ਕਾਰਨ ਸਦਾਚਾਰਕ ਕਦਰਾਂ-ਕੀਮਤਾਂ ਮਨੁੱਖੀ ਜੀਵਨ ਵਿਚੋਂ ਅਲੋਪ ਹੋ ਗਈਆਂ ਹਨ। ਇਸ ਲਈ ਅਸੀਂ ਸਮਝਦੇ ਹਾਂ ਕਿ ਜਿਸ ਤਰ੍ਹਾਂ ਮੱਧਕਾਲ ਦੇ ਸੰਤਾਂ ਖਾਸ ਕਰਕੇ ਗੁਰੂ ਨਾਨਕ ਦੇਵ, ਗੁਰੂ ਰਵਿਦਾਸ ਅਤੇ ਭਗਤ ਕਬੀਰ ਨੇ ਆਪਣੀ ਬਾਣੀ ਰਾਹੀਂ ਉਸ ਸਮੇਂ ਨੂੰ ਜਗਾਇਆ ਉਸੇ ਤਰ੍ਹਾਂ ਹੁਣ ਵੀ ਲੋਕ ਚੇਤਨਾ ਨੂੰ ਜਗਾਏ ਜਾਣ ਦੀ ਲੋੜ ਹੈ ਕਿਉਂ ਕਿ ਮਨੁੱਖੀ ਜੀਵਨ ਦੀਆਂ ਸ੍ਰੇਸ਼ਠ ਕਦਰਾਂ-ਕੀਮਤਾਂ ਟੁੱਟ ਰਹੀਆਂ ਹਨ ਅਤੇ ਮਨੁੱਖੀ ਰਿਸ਼ਤਿਆਂ ਤੇ ਆਧਾਰਿਤ ਸਮਾਜ ਦੀ ਥਾਂ, ਸਤ੍ਹਾ ਪ੍ਰਧਾਨ ਸਮਾਜ ਸਿਰਜਿਆ ਜਾ ਰਿਹਾ ਹੈ। ਨੈਤਿਕ ਕਦਰਾਂ-ਕੀਮਤਾਂ ਟੁੱਟਣ ਕਾਰਨ ਪੈਸੇ ਦਾ ਬੋਲਬਾਲਾ ਵਧ ਗਿਆ ਹੈ। ਲੋਕ ਸ਼ਾਂਤ ਤੇ ਅਰਥ ਭਰਪੂਰ ਜ਼ਿੰਦਗੀ ਤੋਂ ਵਾਂਝੇ ਹੋ ਕੇ ਰਹਿ ਗਏ ਹਨ। ਸੰਸਾਰਿਕ ਵਸਤੂਆਂ ਦੀ ਪ੍ਰਾਪਤੀ ਦੇ ਚੱਕਰ ਵਿਚ ਮਨੁੱਖ ਆਪਣੀ ਅੰਦਰੂਨੀ ਸ਼ਾਂਤੀ ਖੋ ਚੁਕਿਆ ਹੈ। ਅਸੀਂ ਸਮਝਦੇ ਹਾਂ ਕਿ ਮਨੁੱਖਾ ਅਤ੍ਰਿਪਤੀ ਅਤੇ ਅਸੰਤੁਸ਼ਟਤਾ ਦੀ ਪੂਰਤੀ ਲਈ ਅੱਜ ਵੀ ਅਧਿਆਤਮਿਕ ਜੀਵਨ ਮੁੱਲਾਂ ਨੂੰ ਪਹਿਲ ਦੇਣੀ ਚਾਹੀਦੀ ਹੈ।

ਅਸੀਂ ਗੁਰੂ ਰਵਿਦਾਸ ਦੀ ਬਾਣੀ ਦਾ ਵਿਵੇਚਨ ਮਨੁੱਖੀ ਜੀਵਨ ਅਤੇ ਜੀਵਨ ਮੁੱਲਾਂ ਦੇ ਪਰਿਪੇਖ ਵਿਚ ਹੀ ਕੀਤਾ ਹੈ। ਵਿਸ਼ੇ ਦੀ ਅਨੁਰੂਪਤਾ ਅਨੁਸਾਰ ਅਸੀਂ ਉਸਨੂੰ ਸਾਹਿਤ, ਭਾਸ਼ਾ, ਕਲਾ ਆਦਿ ਦੀ ਦ੍ਰਿਸ਼ਟੀ ਤੋਂ ਨਹੀਂ ਵਾਚਿਆ ਹੈ। ਸ਼ੋਧ-ਪੱਤਰ ਦੇ ਚੌਖਟੇ ਦੀ ਮੰਗ ਦੇ ਅਨੁਸਾਰ ਜਿਥੇ ਜਿਥੇ ਜਰੂਰੀ ਬਣ ਗਿਆ ਉਥੇ ਅਸੀਂ ਮੁੱਲ-ਵਿਧਾਨ ਦੀ ਉਤਪਤੀ ਅਤੇ ਉਸਦੇ ਪਰਿਵਰਤਨਸ਼ੀਲ ਵਰਤਾਰੇ ਦਾ ਲੇਖਾ ਜੋਖਾ ਕਰਦਿਆਂ ਕਾਲ ਵੰਡ ਅਨੁਸਾਰ ਪੂਰਬ ਵੈਦਿਕ ਕਾਲ ਤੋਂ ਚਲ ਕੇ ਆਉਣ ਵਾਲੀ ਸਦੀ ਤਕ ਦਾ ਸਫ਼ਰ ਕਰਨ ਦਾ ਨਿਗੂਣਾ ਯਤਨ ਕੀਤਾ ਹੈ।

ਮੁੱਲਾਂ ਪ੍ਰਤੀ ਜਿਥੇ ਅਸੀਂ ਉਨ੍ਹਾਂ ਨੂੰ ਜੀਵਨ ਨਿਰਮਾਣ ਦਾ ਕੇਂਦਰ-ਬਿੰਦੂ ਸਮਝ ਕੇ ਉਨ੍ਹਾਂ ਦੀ ਵਿਸਥਾਰ ਸਹਿਤ ਚਰਚਾ ਕੀਤੀ ਹੈ ਉਥੇ ਉਨ੍ਹਾਂ ਨੂੰ ਭਵਿਖਮੁਖੀ ਸੰਦਰਭ

ਵਿਚ ਵਾਚਣ ਦਾ ਉਪਰਾਲਾ ਵੀ ਕੀਤਾ ਹੈ। ਸਭਿਆਤਾਵਾਂ ਦੇ ਸੰਬੰਧ ਵਿਚ ਭਾਰਤੀ ਸਭਿਅਤਾ ਦੀ ਸਰੇਸ਼ਟਤਾ ਨੂੰ ਦੂਸਰੀਆਂ ਉਚੇਰੀਆਂ ਸਭਿਅਤਾਵਾਂ ਦੇ ਨਾਲ ਤੁਲਨਾ ਕਰਦਿਆਂ ਪਰਖਣ ਦੀ ਵਿਧੀ ਅਪਣਾਈ ਹੈ ਅਤੇ ਇਸ ਸੰਦਰਭ ਵਿਚ ਹਿੰਦੂ ਸੰਸਕ੍ਰਿਤੀ ਦੀ ਸਮਨਵੈ ਪ੍ਰਕਿਰਿਆ ਦੀ ਸ਼ਰੇਸਟਤਾ ਨੂੰ ਉਜਾਗਰ ਕੀਤਾ ਹੈ।

ਗੁਰੂ ਰਵਿਦਾਸ ਦੇ ਜੀਵਨ ਦੀ ਵਿਵਹਾਰਿਕਤਾ ਅਤੇ ਉਨ੍ਹਾਂ ਦੀ ਬਾਣੀ ਵਿਚ ਮਨੁੱਖੀ ਜੀਵਨ ਦੀਆਂ ਬੀਮਾਰ ਕਦਰਾਂ-ਕੀਮਤਾਂ ਤੇ ਕੀਤੀ ਗਈ ਵਦਾਣੀ-ਚੋਟ ਨੂੰ ਉਘਾੜਦਿਆਂ, ਉਨ੍ਹਾਂ ਦੇ ਜੀਵਨ ਵਿਚ ਕਹਿਣੀ ਤੇ ਕਰਨੀ ਨੂੰ ਸਮਾਨ ਰੂਪ ਵਿਚ ਜੀਣ ਦੀ ਸਰਲ ਵਿਆਖਿਆ ਵੀ ਕੀਤੀ ਗਈ ਹੈ। ਇਸਦੇ ਨਾਲ ਨਾਲ ਸਮਾਜਿਕ, ਆਰਥਿਕ, ਧਾਰਮਿਕ ਅਤੇ ਨੈਤਿਕ ਸੰਦਰਭ ਵਿਚ ਉਨ੍ਹਾਂ ਦੀ ਬਾਣੀ ਅਤੇ ਵਿਅਕਤਿਤ੍ਵ ਵਲੋਂ ਸਥਾਪਿਤ ਕੀਤੇ ਜੀਵਨ ਮੁੱਲਾਂ ਦਾ ਵਿਸਥਾਰ ਵਿਚ ਜਿਕਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਇਸ ਸੰਬੰਧ ਵਿਚ ਮਨੁੱਖੀ ਜੀਵਨ ਨੂੰ ਦੇਣ ਦਾ ਮੁਲੰਕਣ ਹੇਠ ਲਿਖੇ ਅੱਠ ਅਧਿਆਵਾਂ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:-

ਭੂਮਿਕਾ ਵਿਚ ਵਿਸ਼ੇ ਚੋਣ ਲੋੜ ਅਤੇ ਖੋਜ ਪ੍ਰਬੰਧ ਪ੍ਰਤੀ ਸਹਿਯੋਗ ਤੇ ਆਪਣੇ ਆਸ਼ੇ ਦੀ ਸੰਖੇਪ ਚਰਚਾ ਕੀਤੀ ਜਾਵੇਗੀ।

ਪਹਿਲੇ ਅਧਿਆਇ ਵਿਚ ਅਨੇਕੀਆਂ ਪਰਿਸਥਿਤੀਆਂ ਵਿਚ ਆਏ ਨਿਘਾਰ ਦਾ ਭਗਤੀ ਲਹਿਰ ਦੇ ਸਮੇਂ ਨਾਲ ਤੁਲਨਾਤਮਕ ਅਧਿਐਨ ਕਰਦਿਆਂ ਗੁਰੂ ਰਵਿਦਾਸ ਦੇ ਯੋਗਦਾਨ ਤੇ ਭਵਿਖ ਵਿਚ ਮਨੁੱਖੀ ਸਮਾਜ ਲਈ ਸੰਭਾਵੀ ਪ੍ਰਾਪਤੀ ਦਾ ਜਿਕਰ ਕੀਤਾ ਹੈ। ਵਿਸ਼ਾ ਪ੍ਰਵੇਸ਼ ਸੰਬੰਧੀ ਵਿਚਾਰ ਉਪਰੰਤ ਇਸਦੀ ਸਾਰਥਕਤਾ ਨੂੰ ਨਿਰਧਾਰਤ ਕਰਕੇ ਅੱਜ ਦੇ ਸੰਦਰਭ ਵਿਚ ਇਸਦੇ ਯੋਗਦਾਨ ਦਾ ਮੁਲੰਕਣ ਕੀਤਾ ਜਾਵੇਗਾ। ਦੂਜੇ ਅਧਿਆਇ ਵਿਚ ਗੁਰੂ ਰਵਿਦਾਸ ਦੇ ਜੀਵਨ ਅਤੇ ਜੀਵਨ ਪਿਛੋਕੜ ਦਾ ਜਿਕਰ ਕਰਦੇ ਹੋਏ ਉਨ੍ਹਾਂ ਦੇ ਜੀਵਨ ਤੇ ਝਾਤ ਮਾਰੀ ਜਾਵੇਗੀ।

ਤੀਜੇ ਅਧਿਆਇ ਵਿਚ ਜੀਵਨ ਮੁੱਲਾਂ ਦੀ ਪਰਿਭਾਸ਼ਾ ,ਨਿਕਾਸ ਤੇ ਵਿਕਾਸ

ਅਤੇ ਜੀਵਨ ਮੁੱਲਾਂ ਦੇ ਮਹੱਤਵ ਨੂੰ ਵਿਚਾਰਿਆ ਜਾਏਗਾ। ਚੌਥੇ ਅਧਿਆਇ ਵਿਚ ਭਾਰਤੀ ਜੀਵਨ ਮੁੱਲਾਂ ਅਧੀਨ ਵੈਦਿਕ ਕਾਲ, ਮੱਧਕਾਲ ਬਾਰੇ ਵਿਚਾਰ ਹੋਵੇਗਾ। ਪੰਜਵੇਂ ਅਧਿਆਇ ਵਿਚ ਮੱਧਕਾਲੀਨ ਭਾਰਤੀ ਕਦਰਾਂ ਕੀਮਤਾਂ ਦੀ ਹੋਰ ਸਭਿਆਚਾਰਿਕ ਸਮੂਹਾਂ ਨਾਲ ਤੁਲਨਾ ਕੀਤੀ ਜਾਵੇਗੀ।

ਛੇਵੇਂ ਅਧਿਆਇ ਵਿਚ ਗੁਰੂ ਰਵਿਦਾਸ ਦੀ ਬਾਣੀ ਵਿਚ ਜੀਵਨ ਮੁੱਲਾਂ ਦਾ ਸਮਾਜਿਕ, ਧਾਰਮਿਕ, ਆਰਥਿਕ ਅਤੇ ਨੈਤਿਕ ਸੰਦਰਭ ਵਿਚ ਵਿਸ਼ਲੇਸ਼ਣ ਹੋਵੇਗਾ। ਉਸ ਸਮੇਂ ਦੀ ਨਿਘਰ ਚੁੱਕੀ ਲੋਕ ਜ਼ਿੰਦਗੀ ਅਤੇ ਗੁਰੂ ਰਵਿਦਾਸ ਵਲੋਂ ਉਸਦੇ ਸੁਧਾਰ ਲਈ ਕੀਤੀ ਘਾਲਣਾ ਦਾ ਜ਼ਿਕਰ ਕੀਤਾ ਜਾਵੇਗਾ। ਉਸ ਸਮੇਂ ਸਮਾਜ ਵਿਚ ਫੈਲੇ ਕੋਹੜ ਨੂੰ ਦੂਰ ਕਰਨ ਲਈ ਰਵਿਦਾਸ ਦੀ ਬਾਣੀ ਰਾਹੀਂ ਦਿੱਤੀ ਸਿਖਿਆ ਤੇ ਉਨ੍ਹਾਂ ਦੇ ਵਿਚਾਰਾਂ ਤੋਂ ਜਾਣੂ ਕਰਾਇਆ ਜਾਵੇਗਾ ਅਤੇ ਅਧਿਆਤਮਿਕ ਸ਼ਕਤੀ ਰਾਹੀਂ ਦਿਤੀ ਮਾਨਵ ਸਮਾਜ ਨੂੰ ਪ੍ਰੇਰਨਾ ਦਾ ਜ਼ਿਕਰ ਕੀਤਾ ਜਾਵੇਗਾ।

ਸੱਤਵੇਂ ਅਧਿਆਇ ਰਾਹੀਂ ਗੁਰੂ ਰਵਿਦਾਸ ਦੇ ਵਿਅਕਤੀਗਤ ਜੀਵਨ ਮੁੱਲਾਂ ਦੀ ਉਨ੍ਹਾਂ ਦੇ ਜੀਵਨ ਵਰਤਾਰੇ ਦੇ ਆਧਾਰ ਤੇ ਮਾਨਵ ਸਮਾਜ ਪ੍ਰਤੀ ਮਨੁੱਖੀ ਦ੍ਰਿਸ਼ਟੀਕੋਣ ਤੋਂ ਦਿੱਤੀ ਦੇਣ ਦਾ ਨਿਰੂਪਣ ਕੀਤਾ ਜਾਵੇਗਾ।

ਅੱਠਵੇਂ ਅਧਿਆਇ ਵਿਚ ਪਹਿਲੇ ਭਾਗਾਂ ਦਾ ਸਾਰ ਤੱਤ ਦਿੱਤਾ ਜਾਵੇਗਾ। ਸ਼ੋਧ ਪ੍ਰਬੰਧ ਦੇ ਸਮੁੱਚੇ ਵਿਸ਼ੇ ਵਸਤੂ ਦੀ ਮੌਲਿਕ ਸੰਦਰਭ ਵਿਚ ਦੇਣ ਦਾ ਜ਼ਿਕਰ ਕਰਦਿਆਂ ਪ੍ਰੇਰਨਾ ਸਰੋਤਾਂ ਦੇ ਸਮੁੱਚੇ ਪ੍ਰਭਾਵ ਪ੍ਰਬੰਧ ਤੋਂ ਉਪਜੀ ਲੋਕ ਚੇਤਨਾ ਨੂੰ ਟੁਟੀ ਜਾ ਰਹੀ ਮਾਨਵ ਜਮਾਤ ਦੇ ਹੱਕ ਵਿਚ ਢੰਗੇ ਵਜੋਂ ਵਰਤਣ ਦੀ ਸੰਭਾਵਨਾ ਤੇ ਵਿਚਾਰ ਕੀਤਾ ਜਾਵੇਗਾ।

ਅੱਜ ਵੀ ਲੋਕਾਂ ਨੂੰ ਜੀਵਨ ਮੁੱਲਾਂ ਤੋਂ ਜਾਣੂ ਕਰਾਉਣਾ ਉਨੀ ਹੀ ਜ਼ਰੂਰੀ ਹੈ ਜਿੰਨਾ ਕਿ ਅੱਜ ਤੋਂ ਕਈ ਸਦੀਆਂ ਪਹਿਲਾਂ ਜ਼ਰੂਰੀ ਸੀ। ਇਸ ਖੋਜ ਦੌਰਾਨ ਗੁਰੂ ਰਵਿਦਾਸ ਦੇ ਜੀਵਨ ਮੁੱਲਾਂ ਤੇ ਚਾਨਣਾ ਪਾ ਕੇ ਲੋਕਾਂ ਨੂੰ ਫਰਜ਼ਾਂ ਤੋਂ ਜਾਣੂ ਕਰਾਇਆ

ਜਾ ਸਕਦਾ ਹੈ ਜਿਹੜੇ ਰਾਜਨੀਤੀ ਦੇ ਅਧੀਨ ਸਮਾਜਿਕ ਜਬਰ, ਧਾਰਮਿਕ ਕੱਟੜਤਾ ਅਤੇ ਰਾਜਨੈਤਿਕ ਧੱਕੜਸ਼ਾਹੀ ਦਾ ਸ਼ਿਕਾਰ ਹੋਏ ਵਿਚਾਰਗੀ ਨਾਲ ਸਮੱਸਿਆਵਾਂ ਵਿਚ ਘਿਰੇ ਹੋਏ ਇਧਰ ਉਧਰ ਭਟਕ ਰਹੇ ਹਨ।

ਜੇ ਸਾਹਿਤ ਦੇ ਹਰ ਰੂਪ ਦਾ ਕੰਮ ਜੀਵਨ ਦੀ ਵਿਆਖਿਆ ਕਰਨਾ ਹੈ ਤਾਂ ਖੋਜ ਦਾ ਕੰਮ ਉਸ ਜੀਵਨ ਵਿਆਖਿਆ ਦੀ ਪਰਖ ਕਰਨਾ ਹੈ। ਇਹ ਪਰਖ ਵਿਅਕਤੀਗਤ ਅਤੇ ਸਮਾਜਿਕ ਦੋਵੇਂ ਤਰ੍ਹਾਂ ਦੀ ਹੋ ਸਕਦੀ ਹੈ ਕਿਉਂ ਕਿ ਸਾਡੀ ਪਰੰਪਰਾਗਤ ਖੋਜ ਵਧੇਰੇ ਕਰਕੇ ਵਿਅਕਤੀਗਤ ਰਹੀ ਹੈ। ਇਸ ਲਈ ਇਸ ਵਿਧੀ ਕੰਮ ਨੂੰ ਆਪਣੇ ਸੋਧ ਪ੍ਰਬੰਧ ਵਿਚ ਅਪਣਾਈ ਰੱਖਣ ਦੇ ਨਾਲ ਨਾਲ ਅਸੀਂ ਸਮਾਜਿਕ ਪੱਖ ਨੂੰ ਵੀ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਹੈ।

---

# ਅਧਿਆਇ ਦੂਜਾ

## ਗੁਰੂ ਰਵਿਦਾਸ ਦਾ ਜੀਵਨ ਤੇ ਜੀਵਨ ਪਿਛੋਕੜ

## ਗੁਰੂ ਰਵਿਦਾਸ ਦਾ ਜੀਵਨ ਤੇ ਜੀਵਨ ਪਿਛੋਕੜ

ਗੁਰੂ ਰਵਿਦਾਸ ਦੇ ਜੀਵਨ ਮੁੱਲਾਂ ਬਾਰੇ ਜਾਨਣ ਲਈ ਸਾਨੂੰ ਉਨ੍ਹਾਂ ਦੇ ਜੀਵਨ ਤੇ ਝਾਤ ਪਾਉਣੀ ਪਵੇਗੀ ਤਾਂ ਹੀ ਅਸੀਂ ਉਨ੍ਹਾਂ ਦੇ ਜਨਮ, ਜਨਮ-ਸਥਾਨ, ਮਾਤਾ-ਪਿਤਾ, ਨਾਮ, ਸਿੱਖੀ-ਸੇਵਕੀ, ਜਾਤ ਅਤੇ ਕਿੱਤੇ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਾਂਗੇ। ਇਨ੍ਹਾਂ ਰਾਹੀਂ ਗੁਰੂ ਰਵਿਦਾਸ ਦੀ ਸ਼ਖਸ਼ੀਅਤ ਉੱਘੜ ਕੇ ਸਾਹਮਣੇ ਆਵੇਗੀ ਜਿਸਦਾ ਸੰਖੇਪ ਜਿਕਰ ਅਸੀਂ ਹੇਠ ਲਿਖੇ ਅਨੁਸਾਰ ਕਰ ਰਹੇ ਹਾਂ:-

### ਜਨਮ

ਭਾਰਤ ਗੁਰੂਆਂ, ਪੀਰਾਂ, ਫਕੀਰਾਂ, ਰਿਸ਼ੀਆਂ-ਮੁਨੀਆਂ ਦੀ ਧਰਤੀ ਹੈ। ਇਸ ਉੱਤੇ ਅਨੇਕਾਂ ਸੰਤਾਂ ਨੇ ਜਨਮ ਲਿਆ ਜਿਨ੍ਹਾਂ ਵਿਚੋਂ ਗੁਰੂ ਰਵਿਦਾਸ ਮਹਾਨ ਸੰਤ ਹੋਏ। ਉਨ੍ਹਾਂ ਦੇ ਜਨਮ ਸੰਬੰਧੀ ਵਿਦਵਾਨਾਂ ਵਿੱਚ ਲੰਬੇ ਅਰਸੇ ਤੋਂ ਮਤਭੇਦ ਚਲ ਰਿਹਾ ਹੈ ਇਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਸ ਸਮੇਂ ਸੰਤਾਂ ਤੇ ਮਹਾਂਪੁਰਖਾਂ ਵਿਚ ਆਪਣੇ ਬਾਰੇ ਕੁਝ ਵੀ ਨਾ ਲਿਖਣ ਦੀ ਪਰੰਪਰਾ ਪ੍ਰਚਲਿਤ ਸੀ ਜੋ ਕੁਝ ਵੀ ਲਿਖਿਆ ਮਿਲਦਾ ਹੈ ਉਹ ਇਨ੍ਹਾਂ ਦੇ ਸ਼ਰਧਾਲੂਆਂ ਅਤੇ ਭਗਤਾਂ ਵਲੋਂ ਲਿਖਿਆ ਮਿਲਦਾ ਹੈ। ਕਈ ਵਿਦਵਾਨਾਂ ਨੇ ਆਪਣੇ ਜਨਮ ਦਾ ਸਮਾਂ ਨਿਰਧਾਰਿਤ ਕਰਨ ਸੰਬੰਧੀ ਯਤਨ ਕੀਤੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਮੈਕਾਲਫ ਲਿਖਦੇ ਹਨ," ਨਿਸ਼ਚਿਤ ਹੀ ਉਹ ਰਾਮਾਨੰਦ ਦਾ ਚੇਲਾ ਅਤੇ ਕਬੀਰ ਦਾ ਸਮਕਾਲੀ ਸੀ ਪ੍ਰੰਤੂ ਇਸਤੋਂ ਛੁੱਟ ਉਸਨੇ ਜਨਮ ਦੀ ਠੀਕ ਤਿਥੀ, ਮਾਪਿਆਂ ਅਤੇ ਜਨਮ ਦੇ ਥਾਂ ਦਾ ਠੀਕ ਠੀਕ ਕੋਈ ਪਤਾ ਨਹੀਂ ।"[1]

ਪ੍ਰੋ. ਰਾਜ ਕੁਮਾਰ ਵਰਮਾ ਅਨੁਸਾਰ, " ਯੇ ਰਾਮਾਨੰਦ ਕੇ ਸ਼ਿਸ਼ਯ ਔਰ ਕਬੀਰ ਕੇ ਸਮਕਾਲੀਨ ਥੇ। ਅਤਹ ਇਨਕਾ ਆਵਰਭਾਵ ਕਾਲ ਕਬੀਰ ਕੇ ਸਮੇਂ ਮੇ ਹੀ ਮਾਨਨਾ ਚਾਹੀਏ। ਜੋ ਸੰਮਤ 1445 ਤੋਂ 1575 ਹੈ।"[2]

ਰਵਿਦਾਸ ਤੇ ਕਬੀਰ ਦੇ ਸਮਕਾਲੀ ਹੋਣ ਦਾ ਜ਼ਿਕਰ ਡਾ. ਧਰਮਪਾਲ ਸਿੰਗਲ ਨੇ ਇਸ ਪ੍ਰਕਾਰ ਕੀਤਾ ਹੈ, " ਕਬੀਰ ਤੇ ਰਵਿਦਾਸ ਦੋਵੇਂ ਸਮਕਾਲੀ ਹਨ ਤੇ ਅੱਗੜ-ਪਿੱਛੜ ਜੰਮੇ ਹਨ। ਕਬੀਰ ਬਾਰੇ ਲਗਭਗ ਸਾਰੇ ਵਿਦਵਾਨ ਸਹਿਮਤ ਹਨ ਕਿ ਉਨ੍ਹਾਂ ਦਾ ਜਨਮ-ਸੰਮਤ 1455-56 ਵਿਚ ਜਾਂ ਸੰਨ 1398 ਵਿਚ ਹੋਇਆ ਸੀ। ਜੇ ਰਵਿਦਾਸ ਇਨ੍ਹਾਂ ਨਾਲੋਂ ਵੱਡੇ ਹਨ ਤਾਂ ਇਹ ਸੰਮਤ 1454 ਵੀ ਹੋ ਸਕਦਾ ਹੈ ਤੇ 1455 ਵੀ।"[3]

ਸ੍ਰੀ ਪਰਸ਼ੂਰਾਮ ਚਤੁਰਵੇਦੀ ਲਿਖਦੇ ਹਨ, " ਉਸ ਸਮੇਂ (ਸੰਮਤ 1406) ਰੈਦਾਸ 26 ਵਰ੍ਹੇ ਦੇ ਯੁਵਕ ਸਨ ਅਤੇ ਕਬੀਰ ਲਗਭਗ 50 ਵਰ੍ਹੇ ਦੇ ਰਹੇ ਹੋਣਗੇ।"[4] ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਅਨੁਸਾਰ," ਸੰਤ ਕਰਮਦਾਸ ਮਹਾਤਮਾ ਰਵਿਦਾਸ ਦੇ ਪੜਪੋਤੇ ਸਨ ਤੇ ਉਨ੍ਹਾਂ ਦੀ ਲਿਖਤ ਨੂੰ ਪਰੰਪਰਾ ਕਹਿ ਕੇ ਤਿਆਗਿਆ ਨਹੀਂ ਜਾ ਸਕਦਾ। ਸੰਤ ਕਰਮਦਾਸ ਨੇ ਗੁਰੂ ਰਵਿਦਾਸ ਦਾ ਜਨਮ 1 ਮਾਘ ਪੂਰਨਿਮਾ ਸੰਮਤ 1433 ਵਿਕ੍ਰਮੀ ਮੰਨਿਆ ਹੈ ਇਸ ਦਿਨ ਐਤਵਾਰ ਪੈਂਦਾ ਹੈ ਹੋਰ ਤਿਥੀਆਂ ਨੂੰ ਐਤਵਾਰ ਨਹੀਂ ਪੈਂਦਾ।"[5]

ਚੌਦਹ ਸੈ ਤੈਤੀਸ ਕੀ, ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕਲਿਆਣ ਹਿਤ, ਪ੍ਰਗਟੇ ਸ੍ਰੀ ਰਵਿਦਾਸ।

ਆਚਾਰੀਆ ਨੇ ਵਿਦਵਾਨਾਂ ਵਲੋਂ ਦਿੱਤੀਆਂ ਤਿਥੀਆਂ ਨੂੰ ਜਾਚਣ ਲਈ ਮਹੀਨਾ ਅਤੇ ਦਿਨ ਕੱਢਣ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਵਲੋਂ ਤਿਆਰ ਕੀਤੀ ਤਾਲਿਕਾ ਇਸ ਪ੍ਰਕਾਰ ਹੈ:-

| | |
|---|---|
| 1. ਡਾ. ਧਰਮਪਾਲ ਮੈਨੀ (ਸੰਮਤ ਵਿ.1441) (ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚੈ ਪੰ.154) | ਦਿਨ ਸ਼ੁਕਰਵਾਰ, ਪ੍ਰਵਿਸ਼ਟਾ 3. 27 ਜਨਵਰੀ 1385 ਈ. |
| 2।. ਡਾ. ਰਾਜ ਕੁਮਾਰ ਵਰਮਾ (ਸੰਮਤ ਵਿ.1445) (ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ ਪੰਨਾ- 224) | ਦਿਨ ਮੰਗਲਵਾਰ, ਪ੍ਰਵਿਸ਼ਟਾ 17, 12 ਜਨਵਰੀ, 1389. |

3. ਭਾਈ ਕਾਨ੍ਹ ਸਿੰਘ ਨਾਭਾ(ਸੰਮਤ 1456) ਦਿਨ ਸੋਮਵਾਰ, ਪ੍ਰਵਿਸ਼ਟਾ 16,
(ਮਹਾਨ ਕੋਸ਼, ਦੂਜੀ ਐਡ. ਪੰਨਾ 768) ਜਨਵਰੀ 1400 ਈ.

4. ਮਹੰਤ ਸਤਸ਼ ਦਰਬਾਰੀ(ਸੰਮਤ 1456) -ਉਹੀ-
(ਰਵਿਦਾਸ ਪ੍ਰਕਾਸ਼, ਪੰਨਾ- 62)

5. ਡਾ. ਆਰ. ਐਲ. ਹਾਂਡਾ(ਸੰਮਤ 1444) ਦਿਨ ਸ਼ੁਕਰਵਾਰ, ਪ੍ਰਵਿਸ਼ਟਾ 29
(ਹਿਸਟਰੀ ਆਫ਼ ਹਿੰਦੀ ਲੈਂਗੂਏਜ ਐਂਡ ਜਨਵਰੀ 24, 1388 ਈ.
ਲਿਟਰੇਚਰ ਭਾਰਤੀ ਵਿਦਿਆ ਭਵਨ, ਬੰਬਈ)

6. ਡਾ. ਹੀਰਾ ਰਾਮ ਗਰਗ(ਸੰਮਤ 1444) -ਉਹੀ-
(ਸੰਖਿਪਤ ਹਿੰਦੀ ਸਾਹਿਤਯ ਪਰਿਚਾਯਕ, ਪੰਨਾ-234)

7. ਡਾ. ਯੋਗੇਂਦ੍ਰ ਸਿੰਘ(ਸੰਮਤ 1500) ਜਨਵਰੀ 24, 1388 ਈ.
(ਸੰਤ ਰੈਦਾਸ, ਪੰਨਾ- 12-15) ਮੰਗਲਵਾਰ, ਪ੍ਰਵਿਸ਼ਟਾ 16/6.
4 ਜਨਵਰੀ, 1444 ਈ.

8. ਡਾ. ਪ੍ਰਭਾਕਰ ਮਾਚਵੇ(ਸੰਮਤ 1527 ਸੰਨ 1470)(ਨਿਰਗੁਣ ਸੰਤ ਕਾਵਯ, ਪੰ.90) ਬੁਧਵਾਰ, ਪ੍ਰਵਿਸ਼ਟਾ 5, ਸੰਨ 1471 ਈ.

9. ਡਾ. ਫਰਕੁਹਰ(ਸੰਮਤ 1527 ਸੰਨ 1470) ਬੁਧਵਾਰ, ਪ੍ਰਵਿਸ਼ਟਾ 5, ਫਰਵਰੀ 1471 ਈ.

10. ਐਚ. ਐਚ. ਵਿਲਸਨ -ਉਹੀ- "

11. ਡਾ. ਤਾਰਾ ਚੰਦ -ਉਹੀ- "

12. ਗਿਆਨੀ ਬਰਕਤ ਸਿੰਘ ਆਨੰਦ(1471 ਵਿ.) ਸ਼ੁਕਰਵਾਰ, ਪ੍ਰਵਿਸ਼ਟਾ 30, ਫਰਵਰੀ,
(ਜਨਮ ਸਾਖੀ, ਰਵਿਦਾਸ ਭਗਤ, ਪੰ. 15) 1415 ਈ.

13. ਡਾ. ਦਰਸ਼ਨ ਸਿੰਘ -ਉਹੀ- "
(ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼ ਪੰਨਾ-15)

14. ਡਾ. ਗੋਬਿੰਦ ਤ੍ਰਿਗੁਣਾਇਤ -ਉਹੀ- "
(ਹਿੰਦੀ ਨਿਰਗੁਣ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ
ਪ੍ਰਿਸ਼ਠ ਭੂਮੀ ਪੰਨਾ- 33)

15. ਮਹਾਤਮਾ ਰਾਮਚਰਣ ਕੁਰੀਲ ਸ਼ੁਕਰਵਾਰ, ਪ੍ਰਵਿਸ਼ਟਾ 30,
(ਭਗਵਾਨ ਰਵਿਦਾਸ ਕੀ ਸਤਯ ਕਥਾ ਪੰ.116) ਫਰਵਰੀ, 1415 ਈ.

16. ਡਾ. ਭਗਵਤ ਮਿਸ਼ਰ(ਸੰਮਤ 1455) ਬੁਧਵਾਰ, ਪ੍ਰਵਿਸ਼ਟਾ 27, 22 ਜਨਵਰੀ, 1399 ਈ.
(ਸੰਤ ਰੈਦਾਸ ਔਰ ਉਨਕਾ ਪੰਥ ਪੰ. 116

17. ਡਾ. ਵਿਸ਼ਨੂੰ ਦੱਤ ਰਾਕੇਸ਼ (ਸੰਮਤ 1455)ਬੁਧਵਾਰ, ਪ੍ਰਵਿਸ਼ਟਾ 27, 22 ਜਨਵਰੀ 1399ਈ
(ਉਤਰ ਭਾਰਤ ਕੇ ਨਿਰਗੁਣ ਪੰਥ ਸਾਹਿਤਯ
ਕਾ ਇਤਿਹਾਸ ਪੰਨਾ- 83) -ਉਹੀ-

18. (ਹਿੰਦੀ ਕਾ ਵਿਸ਼ਵ ਕੋਸ਼ ਪੰਨਾ-220) -ਉਹੀ-
ਨਾਗਰੀ ਪ੍ਰਚਾਰਿਣੀ ਸਭਾ

19. ਡਾ. ਬੀ.ਪੀ. ਸ਼ਰਮਾ (ਸੰਮਤ 1455 ਜਾਂ 1456) ਬੁਧਵਾਰ, ਪ੍ਰਵਿਸ਼ਟਾ 27,
(ਸੰਤ ਗੁਰੂ ਰਵਿਦਾਸ ਬਾਣੀ, ਪੰਨਾ- 25) 22 ਜਨਵਰੀ, 1399, ਸੋਮਵਾਰ
ਪ੍ਰਵਿਸ਼ਟਾ 16, 12 ਜਨਵਰੀ 1400ਈ

ਆਚਾਰੀਆ ਨੇ ਸਿੱਟਾ ਕੱਢਿਆ ਹੈ ਕਿ —" ਜੇ ਸੰਤ ਕਰਮਦਾਸ ਵਲੋਂ ਨਿਸ਼ਚਿਤ ਅਤੇ ਰਵਿਦਾਸੀ ਸੰਪ੍ਰਦਾਇ ਵਲੋਂ ਮੰਨਿਆ ਜਾਂਦਾ ਜਨਮ 1433 ਵਿਕ੍ਰਮੀ ਦੀ ਮਾਘ ਪੂਰਨਿਮਾ ਅਤੇ ਰਵਿਵਾਰ ਜਿਹੜਾ ਪ੍ਰਮਾਣਾਂ ਦੇ ਆਧਾਰ ਤੇ ਸਾਬਿਤ ਕੀਤਾ ਗਿਆ ਹੈ ਦੂਜੇ ਵਿਦਵਾਨ ਵੀ ਉਸੇ ਭਾਵਨਾ ਨਾਲ ਸਵੀਕਾਰ ਕਰ ਲੈਣ ਜਿਸ ਭਾਵਨਾ ਨਾਲ ਕਬੀਰ ਪੰਥੀਆਂ ਵਲੋਂ ਨਿਸ਼ਚਿਤ ਕਬੀਰ ਜਨਮ ਸੰਮਤ (ਸੰ. 1455) ਨੂੰ ਸਵੀਕਾਰ ਕੀਤਾ ਹੈ ਤਾਂ ਫੇਰ ਅਨੁਮਾਨਾਂ ਨੂੰ ਆਧਾਰ ਬਣਾ ਕੇ ਰਵਿਦਾਸ ਜਨਮ ਮਿਤੀ ਨਿਸ਼ਚਿਤ ਕਰਨ ਦੀ ਕੋਈ ਜ਼ਰੂਰਤ ਨਹੀਂ ਪਵੇਗੀ।"[5]

ਸੰਤ ਰਵਿਦਾਸ ਜੀ ਮਹਾਰਾਜ 25 ਫਰਵਰੀ, 1377 ਈਸਵੀ
ਵਿਕ੍ਰਮੀ ਸੰਮਤ 1433 ਮਾਘ ਸ਼ੁਕਲ ਪੂਰਨਿਮਾ ਫਾਗੁਨ
ਪ੍ਰਵਿਸ਼ਟੇ 1 ਦਿਨ ਰਵਿਵਾਰ ਨੂੰ ਜਨਮੇ।

ਕੰਪਿਊਟਰ ਤੋਂ ਪ੍ਰਾਪਤ ਗ੍ਰਹਿਸਥਿਤੀ ਅਨੁਸਾਰ ਰਵਿਦਾਸ ਦਾ ਜਨਮ ਮਕਰ ਲਗਨ ਵਿਚ ਚੰਦਰਮਾ ਅਤੇ ਮੰਗਲ ਦੇ ਉੱਚ ਰਾਸ਼ੀ ਵਿਚ ਗੁਰੂ ਦੇ ਕੇਂਦਰ ਵਿਚ ਦਸਮ ਭਾਵ ਤੁਲਾ ਰਾਸ਼ੀ ਵਿਚ ਹੋਇਆ।[7]

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ — ਭਗਤ ਰਵਿਦਾਸ ਦਾ ਜਨਮ 1 ਮਾਘ ਸੰਮਤ 1456 ਨੂੰ ਕਾਸ਼ੀ ਵਿਚ ਇਕ ਚਮਾਰ ਘਰਾਣੇ ਵਿਚ ਹੋਇਆ।[8]

ਡਾ. ਕੇ. ਐਨ. ਉਪਾਧਿਆਏ[9] ਜਨਮ ਮਿਤੀ ਨਿਸ਼ਚਿਤ ਕਰਨ ਲਈ ਕੁਝ ਗੱਲਾਂ ਨੂੰ ਆਧਾਰ ਬਣਾਉਂਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

(1) ਰਵਿਦਾਸ ਤੇ ਕਬੀਰ ਸਮਕਾਲੀ ਸਨ।

(2) ਕਬੀਰ ਨੂੰ ਸਿਕੰਦਰ ਲੋਧੀ ਨੇ ਤਸੀਹੇ ਦਿੱਤੇ, ਸਿਕੰਦਰ ਲੋਧੀ ਦਾ ਰਾਜ-ਕਾਲ 1438—1518 ਸੀ।[10]

(3) ਮੇਰਟਾ ਤੇ ਮੇਵਾੜ ਦੀਆਂ ਪ੍ਰਸਿਧ ਰਿਆਸਤਾਂ ਨਾਲ ਸੰਬੰਧ ਰੱਖਣ ਵਾਲੀ ਸ੍ਰਿਸ਼ ਮੀਰਾ ਬਾਈ ਨਾਲ ਸੰਪਰਕ ਵਿਚ ਆਉਣਾ। ਮੀਰਾ ਦਾ ਜਨਮ 1498 ਈਸਵੀ ਵਿਚ ਹੋਣਾ ਨਿਸ਼ਚਿਤ ਹੋ ਚੁੱਕਾ ਹੈ।[11]

(4) ਕਬੀਰ ਦੀ ਜਨਮ ਤਾਰੀਖ ਲਗਭਗ ਤੈਅ ਹੋ ਚੁਕੀ ਹੈ ਜੋ 1389 ਈਸਵੀ ਹੈ।

(5) ਇਸ ਬਾਰੇ ਕਿਸੇ ਸ਼ੰਕਾ ਦੀ ਗੁੰਜਾਇਸ਼ ਨਹੀਂ ਕਿ ਮੀਰਾ ਬਾਈ 1535 ਈਸਵੀ ਤੱਕ ਚਿਤੌੜ ਛੱਡ ਕੇ ਉਦਾਸੀਆਂ ਤੇ ਜਾ ਚੁਕੀ ਸੀ ਜਦ ਗੁਜਰਾਤ ਦੇ ਬਹਾਦਰ ਸ਼ਾਹ ਨੇ ਚਿਤੌੜ ਦਾ ਕਿਲਾ ਫ਼ਤਹਿ ਕੀਤਾ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਮੀਰਾ ਬਾਈ ਵੀ ਹੋਰਨਾ ਰਾਣੀਆਂ ਵਾਂਗ ਸਤੀ ਨਾ ਹੋ ਜਾਂਦੀ। ਇਸ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਮੀਰਾ ਬਾਈ ਗੁਰੂ ਰਵਿਦਾਸ ਦੀ ਸ਼ਿਸ ਸੀ ਇਸ ਤਰ੍ਹਾਂ 1535 ਤੱਕ ਗੁਰੂ ਰਵਿਦਾਸ ਅਵੱਸ਼ ਹੀ ਜੀਵਤ ਸਨ।[12]

(6) ਗੁਰੂ ਨਾਨਕ ਜਿਨ੍ਹਾਂ ਦਾ ਜਨਮ 1469 ਈਸਵੀ ਵਿਚ ਹੋਇਆ ਅਤੇ ਜੋ 26 ਵਰ੍ਹੇ ਦੀ ਉਮਰ ਵਿਚ ਅਰਥਾਤ 1495 ਈਸਵੀ ਵਿਚ ਉਦਾਸੀਆਂ ਤੇ ਗਏ ਸੰਨ 1498 ਵਿਚ ਰਵਿਦਾਸ ਨੂੰ ਬਨਾਰਸ ਵਿਚ ਮਿਲੇ ਸਨ। ਜੇ ਇਸ ਮਿਲਣੀ ਬਾਰੇ ਕੋਈ ਸ਼ੱਕ ਵੀ ਹੋਵੇ ਤਾਂ ਇਹ ਗੱਲ ਨਿਰਵਿਵਾਦ ਹੈ ਕਿ ਗੁਰੂ ਨਾਨਕ ਦੇ ਵੇਲੇ ਤੱਕ ਰਵਿਦਾਸ ਦੀ ਭਗਤੀ ਤੇ ਬਾਣੀ ਦਾ ਗਾਇਨ ਪੰਜਾਬ ਤੱਕ ਪਸਰ ਚੁੱਕਾ ਸੀ। ਗੁਰੂ ਗ੍ਰੰਥ ਸਾਹਿਬ ਵਿਚ 40 ਪਦ ਰਵਿਦਾਸ ਬਾਣੀ ਦੇ ਸ਼ਾਮਲ ਕੀਤੇ ਜਾਣੇ ਇਸ ਪਾਸੇ ਸੰਕੇਤ ਕਰਦੇ ਹਨ। ਸੋਢੀ ਮਿਹਰਬਾਨ ਵਾਲੀ ਪੋਥੀ ਸੱਚ ਖੰਡ (ਪੁਰਾਤਨ ਜਨਮ ਸਾਖੀ ਦੇ ਨਾਂ ਹੇਠ ਖਾਲਸਾ ਕਾਲਜ ਅੰਮ੍ਰਿਤਸਰ ਵਲੋਂ ਛਪੀ ਪੁਸਤਕ) ਅਨੁਸਾਰ ਗੁਰੂ ਨਾਨਕ ਦੇਵ ਆਪਣੀ ਬਾਣੀ ਦੇ ਨਾਲ ਨਾਲ ਨਾਮਦੇਵ ,ਕਬੀਰ,ਤ੍ਰਿਲੋਚਨ, ਰਵਿਦਾਸ,ਧੰਨਾ ਅਤੇ ਬੇਣੀ ਦੀ ਬਾਣੀ ਵੀ ਗਾਇਆ ਕਰਦੇ ਸਨ।

(7). ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ ਗੁਰੂ ਗੋਬਿੰਦ ਦੇ ਇਕ ਸਮਕਾਲੀ ਸੰਤ ਕਰਮਦਾਸ ਦਾ ਅਕਸਰ ਉਚਾਰਿਆ ਜਾਂਦਾ ਦੋਹਾ ਦੇ ਕੇ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਰਵਿਦਾਸ ਦਾ ਜਨਮ ਵਿਕ੍ਰਮੀ 1433 ਮੁਤਾਬਕ 1376 ਈਸਵੀ ਵਿਚ ਰਵਿਵਾਰ ਨੂੰ ਮਾਘ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ ਸੀ। ਇਕ ਹੋਰ ਦੋਹੇ ਦੇ ਆਧਾਰ ਤੇ ਆਚਾਰੀਆ ਨੇ ਗੁਰੂ ਰਵਿਦਾਸ ਦਾ ਪ੍ਰਲੋਕ ਗਮਨ 1584 ਵਿਕ੍ਰਮੀ ਨੂੰ ਸਵੀਕਾਰ ਕੀਤਾ ਹੈ ਜਿਸ ਨਾਲ ਉਨ੍ਹਾਂ ਦੀ ਉਮਰ 151 ਵਰ੍ਹੇ ਸਿੱਧ ਹੁੰਦੀ ਹੈ।

(8). ਬੇਣੀ ਪ੍ਰਸਾਦ ਸ਼ਰਮਾ ਤੇ ਡਾ. ਧਰਮਪਾਲ ਮੈਨੀ ਜਿਹੇ ਵਿਦਵਾਨ ਪ੍ਰਲੋਕ ਗਮਨ ਦੀ ਇਹ ਤਾਰੀਖ ਮੰਨ ਕੇ ਵੀ ਇਹ ਮੰਨਣ ਲਈ ਤਿਆਰ ਨਹੀਂ ਕਿ ਸੰਤ ਗੁਰੂ ਰਵਿਦਾਸ ਏਨੀ ਲੰਮੀ ਉਮਰ ਭੋਗ ਸਕਦੇ ਹਨ।

(9) ਮਹਾਤਮਾ ਰਾਮ ਚੰਦਰ ਕੁਰੀਲ ਰਵਿਦਾਸ ਦਾ ਜਨਮ 1471 ਮੁਤਾਬਕ 1414 ਈ. ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਦਿਨ ਰਵਿਵਾਰ, ਮਹੀਨਾ ਮਾਘ ਤੇ ਪੂਰਨਮਾਸ਼ੀ ਨਾਲ ਠੀਕ ਉਤਰਦਾ ਹੈ। ਗਿਆਨੀ ਬਰਕਤ ਸਿੰਘ ਆਨੰਦ ਆਪਣੀ ਲਿਖੀ ਪੁਸਤਕ ਜਨਮ ਸਾਖੀ ਰਵਿਦਾਸ ਵਿਚ ਅਤੇ ਪ੍ਰੋ. ਦਰਸ਼ਨ ਸਿੰਘ 'ਰਵਿਦਾਸ ਐਂਡ ਹਿਜ਼ ਟਾਈਮਜ਼' ਵਿਚ ਇਹੋ ਤਾਰੀਖ ਲਿਖਦੇ ਹਨ।

(10) ਇਹ ਤੱਥ ਕਿ ਕਬੀਰ ਦੀ 1518 ਈਸਵੀ ਵਿਚ ਮਿਰਤੂ ਵੇਲੇ ਰਵਿਦਾਸ ਜਿਊਂਦੇ ਸਨ। ਮੀਰਾਂਬਾਈ 1527-28 ਵਿਚ ਸਿਰਫ 29-30 ਵਰ੍ਹਿਆਂ ਦੀ ਸੀ ਜਦ ਉਸਨੂੰ ਆਪਣੇ ਪਿਤਾ ਦੀ ਅਤੇ ਸਹੁਰੇ ਦੀ ਮਿਰਤੂ ਦੇ ਦੁੱਖ ਸਹਾਰਨੇ ਪਏ। ਉਸਨੇ ਸ੍ਰੀ ਕ੍ਰਿਸ਼ਨ ਦੀ ਅਨਿੰਨ ਪੁਜਾਰਨ ਰਹਿ ਚੁੱਕਣ ਤੋਂ ਕੁਝ ਵਰ੍ਹੇ ਬਾਅਦ ਰਵਿਦਾਸ ਨੂੰ ਆਪਣਾ ਗੁਰੂ ਧਾਰਿਆ ਆਦਿ ਸਭ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਰਵਿਦਾਸ ਘੱਟੋ ਘੱਟ 1527 ਜਾਂ ਇਸਤੋਂ ਪਿਛੋਂ ਤੱਕ ਅਵੱਸ਼ ਜੀਵਤ ਰਹੇ ਹਨ ਜਿਵੇਂ ਕਿ ਆਮਤੌਰ ਤੇ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਲੰਬੀ ਉਮਰ ਭੋਗੀ ਅਤੇ ਉਨ੍ਹਾਂ ਨੂੰ ਕਬੀਰ ਤੋਂ ਵੀ ਛੋਟਾ ਦੱਸਿਆ ਜਾਂਦਾ ਹੈ। ਉਨ੍ਹਾਂ ਦਾ ਜਨਮ 1414 ਈ. ਸਵੀਕਾਰ ਕੀਤਾ ਜਾਵੇ ਇਸਦੀ ਪੁਸ਼ਟੀ 1954 ਵਿਚ ਸ੍ਰੀ ਚੇਤਾ ਰਾਮ ਘੇੜਾ ਵਲੋਂ ਸੀਰ ਗੋਵਰਧਨ (ਜੋ ਵਿਦਵਾਨਾਂ ਦੀ ਰਾਇ ਅਨੁਸਾਰ ਰਵਿਦਾਸ ਦੀ ਜਨਮ ਭੂਮੀ ਹੈ ਮੰਨਿਆ ਜਾਂਦਾ ਹੈ)। ਇਸ ਹਰੱਖ ਅਨੁਸਾਰ ਰਵਿਦਾਸ ਦਾ ਜਨਮ 1414-1540 ਈ. ਮੰਨਿਆ ਜਾ ਸਕਦਾ ਹੈ।

ਜੇ ਕੇ.ਐਨ.ਉਪਾਧਿਆਇ ਨੇ ਦੋਸ ਤਰਕਾਂ ਨੂੰ ਸਾਹਮਣੇ ਰਖਿਆ ਤਾਂ ਕਿ ਅਸੀਂ ਗੁਰੂ ਰਵਿਦਾਸ ਦੀ ਜਨਮ ਮਿਤੀ ਨਿਸ਼ਚਿਤ ਕਰ ਸਕੀਏ। ਇਨ੍ਹਾਂ ਦੇ ਤਰਕਾਂ ਵਿਚ ਜ਼ਰੂਰ ਦਮ ਹੈ ਪਰ ਇਕ ਗੱਲ ਡਾ. ਧਰਮਪਾਲ ਸਿੰਗਲ ਨੇ ਦੱਸਣ ਦੀ ਕੋਸ਼ਿਸ਼ ਕੀਤੀ ਹੈ — ਇਕ ਪਾਸੇ ਕਬੀਰ ਦੀ ਸਮਕਾਲੀਨਤਾ ਅਤੇ ਦੂਜੇ ਪਾਸੇ ਮੀਰਾਂਬਾਈ ਦੀ ਸ਼ਿਸ਼ਤਾ ਨੂੰ ਆਧਾਰ ਬਣਾ ਕੇ ਜੋ ਸਿੱਟਾ ਕੱਢਿਆ ਜਾ ਰਿਹਾ ਕਿ," ਸਾਰੇ ਤਰਕ ਦੇ ਆਧਾਰ ਤੇ ਇਹ ਅਵੱਸ਼ ਸਿੱਧ ਹੁੰਦਾ ਹੈ ਕਿ ਰਵਿਦਾਸ ਜੀ 1527 ਈਸਵੀ ਤੱਕ ਅਵੱਸ਼ ਜੀਵਤ ਰਹੇ ਹੋਣਗੇ "ਉਹ ਬਿਲਕੁਲ ਠੀਕ ਜੋ ਪ੍ਰੰਤੂ ਇਕ ਨਿਰਾਧਾਰ ਤੱਥ ਨੂੰ ਪ੍ਰਮਾਣ ਮੰਨ ਕੇ ਉਹ ਆਪਣੇ ਪੈਂਤੜੇ ਤੋਂ ਖਿਸਕ ਗਏ ਜਾਪਦੇ ਹਨ।"[13]

ਨਵੇਂ ਖੋਜੀ ਸ਼ਿਵ ਦੱਤ ਸ਼ਰਮਾ ਆਪ ਦਾ ਜਨਮ ਮਾਘ ਪੂਰਣਿਮਾ ਰਵਿਵਾਰ 1433 ਸੰਮਤ ਨੂੰ ਹੋਇਆ ਮੰਨਦੇ ਹਨ।[14]

ਡਾ. ਧਰਮਪਾਲ ਮੈਨੀ ਨੇ ਇਨ੍ਹਾਂ ਦਾ ਜਨਮ 1433 ਵਿਕ੍ਰਮੀ ਮੰਨਿਆ ਹੈ ਉਨ੍ਹਾਂ ਅਨੁਸਾਰ– " ਇਸੇ ਦਿਨ ਦੇਸ਼ ਭਰ ਵਿਚ ਉਨ੍ਹਾਂ ਦਾ ਜਨਮ ਮਿਤੀ ਵੀ ਮਨਾਈ ਜਾਂਦੀ ਹੈ। ਇਸ ਲਈ ਹੋਰ ਕਿਸੇ ਤਕੜੇ ਸਬੂਤ ਦੀ ਘਾਟ ਵਿਚ ਸਾਨੂੰ ਸੰਮਤ 1433 ਦੀ ਮਾਘ ਪੂਰਨਿਆ ਮੰਨ ਲੈਣ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।[15]

ਗੁਰੂ ਰਵਿਦਾਸ ਦੇ ਜਨਮ ਸੰਬੰਧੀ ਅੱਜ ਤਕ ਕਾਫ਼ੀ ਝਗੜਾ ਹੋਇਆ ਹੈ ਪਰ ਹੁਣ ਲਗਭਗ ਵਿਦਵਾਨ ਇਕਮੱਤ ਹੋ ਗਏ ਹਨ ਭਾਵੇਂ ਕੁਝ ਕੁ ਨੂੰ ਅਜੇ ਵੀ ਸ਼ੱਕ ਹੈ। ਬਹੁਤੇ ਵਿਦਵਾਨ ਇਹ ਮੰਨਦੇ ਹਨ ਕਿ ਰਵਿਦਾਸ ਦਾ ਜਨਮ ਚੰਦਰਬੰਸੀ ਚਮਾਰ ਖਾਨਦਾਨ ਵਿਚ 1433 ਸੰਮਤ ਜਾਂ ਸੰਨ 1376 ਈ. ਨੂੰ ਮਾਘ ਪੂਰਣਿਮਾ ਵਾਲੇ ਦਿਨ ਹੋਇਆ। ਇਸ ਦਿਨ ਐਤਵਾਰ ਹੀ ਪੈਂਦਾ ਹੈ ਇਸ ਗੱਲ ਪਿਛੇ ਰਵਿਦਾਸ ਦੇ ਪੜਪੋਤੇ ਕਰਮਦਾਸ ਦੀ ਗਵਾਹੀ ਕੰਮ ਕਰਦੀ ਹੈ।

ਸੰਮਤ ਚੌਦਹ ਸੈ ਤੈਤੀਸਾ, ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕਲਿਆਣ ਹਿਤ, ਪ੍ਰਗਟੇ ਸ੍ਰੀ ਰਵਿਦਾਸ ।।

## ਜਨਮ ਸਥਾਨ

ਜਨਮ ਦਿਨ ਦੀ ਤਰ੍ਹਾਂ ਜਨਮ-ਸਥਾਨ ਬਾਰੇ ਵੀ ਵਿਦਵਾਨ ਇਕਮੱਤ ਨਹੀਂ ਹਨ। ਪਰੰਪਰਾ ਨੂੰ ਆਧਾਰ ਬਣਾ ਕੇ ਲੇਖਕ ਜਨਮ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਬਹੁਤੇ ਵਿਦਵਾਨ ਬਨਾਰਸ (ਮੰਡੂਆ-ਡੀਹ) ਰਾਜਸਥਾਨ(ਮਾਂਡੂਰ) ਅਤੇ ਗੁਜਰਾਤ ਨੂੰ ਹੀ ਜਨਮ-ਸਥਾਨ ਮੰਨਦੇ ਹਨ। ਡਬਲਯੂ ਬ੍ਰਿਗਸ ਅਨੁਸਾਰ - ਪੰਜਾਬ ਵਿਚ ਜਿੰਨੇ ਵੀ ਰਵਿਦਾਸੀ ਮਿਲਦੇ ਹਨ ਉਨ੍ਹਾਂ ਦੇ ਵੱਡੇ ਵਡੇਰੇ ਬਨਾਰਸ ਅਤੇ ਕਾਸ਼ੀ ਦੇ ਹੀ ਰਹਿਣ ਵਾਲੇ ਸਨ। ਗੁਰੂ ਰਵਿਦਾਸ ਦਾ ਜਨਮ ਕਾਸ਼ੀ ਦੇ ਨੇੜੇ ਮਾਂਡੂਰ ਗ੍ਰਾਮ ਵਿਚ ਹੋਇਆ ਜਿਸਦਾ ਪੁਰਾਣਾ ਨਾਂ ਮੰਡੂਆ-ਡੀਹ ਸੀ। ਮੰਡੂਆਡੀਹ ਬਨਾਰਸ ਛਾਉਣੀ ਤੋਂ ਦੋ ਮੀਲ ਦੂਰ ਗਰੈਂਡ ਟਰੰਕ ਰੋਡ ਤੇ ਸਥਿਤ ਹੈ। ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਜਨਮ ਸਮੇਂ ਮਾਂਡੂਰ ਗ੍ਰਾਮ ਜਾਂ ਮੰਡੂਆ ਡੀਹ ਕਾਸ਼ੀ ਦਾ ਹੀ ਬਸਤੀ ਹੋਵੇ ਤੇ ਵੱਡੇ ਹੋ ਕੇ ਪ੍ਰਸਿਧੀ ਪ੍ਰਾਪਤੀ ਤੋਂ ਉਪਦੇਸ਼ ਦੇਣ ਲਈ ਕਾਸ਼ੀ ਨਗਰ ਵਿੱਚ ਆਪਣੀ ਕੁਟੀਆ ਬਣਾ ਲਈ ਹੋਵੇ ਤੇ ਉਥੇ ਹੀ ਰਹਿਣ ਲਗ ਪਏ ਹੋਣ।[16]

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਰਵਿਦਾਸ ਕਾਸ਼ੀ ਦੇ ਵਸਨੀਕ ਸਨ ਇਨ੍ਹਾਂ ਨੇ 'ਮਹਾਨ ਕੋਸ਼' ਵਿਚ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ— " ਕਾਸ਼ੀ ਦੇ ਵਸਨੀਕ ਚਮਾਰ ਜੋ ਰਾਮਾਨੰਦ ਦਾ ਚੇਲਾ ਸੀ। ਇਹ ਗਿਆਨ ਦੇ ਬਲ ਕਰਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ।"[17]

ਡਾ. ਦੇਵਿੰਦਰ ਸਿੰਘ ਵਿਦਿਆਰਥੀ, ਧੰਨਾ ਸਿੰਘ ਗੁਲਸ਼ਨ ਅਤੇ ਗਿਆਨੀ ਕੁੰਦਨ ਸਿੰਘ ਪਤੰਗ ਵੀ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰ ਨਾਲ ਸਹਿਮਤ ਹਨ।

ਭਵਿਸ਼ ਪੁਰਾਣ ਵਿਚ ਇਕ ਸਾਖੀ ਵਿਚ ਗੁਰੂ ਰਵਿਦਾਸ ਕਬੀਰ ਨਾਲ ਧਰਮ ਚਰਚਾ ਕਰਨ ਲਈ ਆਉਂਦੇ ਹਨ ਇਹ ਚਰਚਾ ਇਕ ਦਿਨ ਤੇ ਇਕ ਰਾਤ ਚਲਦੀ ਹੈ ਇਸ ਸਾਖੀ ਵਿਚਲਾ ਕਾਸ਼ੀ ਆਉਣ ਦਾ ਸੰਕੇਤ ਸਿਧ ਕਰਦਾ ਹੈ ਕਿ ਉਹ ਕਾਸ਼ੀ ਵਾਸੀ ਨਹੀਂ ਸਨ ਸਗੋਂ ਬਾਹਰੋਂ ਆਏ ਸਨ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਆਪਦਾ

ਜਨਮ ਰੈਦਾਸਵੰਸ਼ੀ ਚਮਾਰ ਜਾਤ ਵਿਚ ਬਨਾਰਸ ਦੇ ਨੇੜੇ ਮਾਂਡੂਰ ਗ੍ਰਾਮ ਵਿਚ ਹੋਇਆ ਜਿਸਦਾ ਪੁਰਾਣਾ ਨਾਂ ਮੰਡੂਆ ਡੀਹ ਹੈ ਅਤੇ ਬਨਾਰਸ ਛਾਉਣੀ ਦੇ ਪੱਛਮ ਵਲੋਂ ਲਗਭਗ ਦੋ ਮੀਲ ਦੂਰ ਗ੍ਰੈਂਡ ਟਰੰਕ ਰੋਡ ਤੇ ਸਥਿਤ ਹੈ।[18]

ਡਾ. ਬੀ.ਪੀ. ਸ਼ਰਮਾ ਲਿਖਦੇ ਹਨ — ਬ੍ਰਹਮਾ ਸਾਖਿਆ ਪੁਰਾਣ ਵਿਚ ਰਵਿਦਾਸ ਦਾ ਜਨਮ ਬਨਾਰਸ ਦੇ ਨੇੜੇ 'ਮੰਡੂਆ' ਆਧੁਨਿਕ ਨਾਮ ਮੰਡੂਆਡੀਹ ਵਿਚ ਹੋਇਆ ਸੀ। ਇਹ ਮੁਗਲ ਸਰਾਏ ਸਟੇਸ਼ਨ ਤੋਂ ਰੇਲ ਦੇ ਮਾਰਗ ਦੇ ਫਾਸਲੇ ਤੇ ਗ੍ਰੈਂਡ ਟਰੰਕ ਤੇ ਸਥਿਤ ਹੈ ਇਸੇ ਬਸਤੀ ਦੇ ਨੇੜੇ ਸੰਤ ਕਬੀਰ ਦੇ ਜੀਵਨ ਨਾਲ ਸੰਬੰਧਿਤ 'ਲਹਰਤਾਰਾ' ਨਾਮ ਦਾ ਤਾਲਾਬ ਹੈ ਜਿਸਦੇ ਆਸਪਾਸ ਅੱਜ ਵੀ ਰਵਿਦਾਸ ਭਾਈਆਂ ਦੀ ਬਸਤੀ ਹੈ।[19]

'ਰਵਿਦਾਸ ਰਾਮਾਇਣ' ਅਨੁਸਾਰ — ਉਨ੍ਹਾਂ ਦਾ ਜਨਮ ਮਾਂਡੂਰ (ਜਿਸਨੂੰ ਆਮ ਬੋਲੀ ਵਿਚ ਮੰਡੂਆ ਡੀਹ ਕਿਹਾ ਜਾਂਦਾ ਹੈ) ਵਿਚ ਹੋਇਆ ਜਿਹੜਾ ਕਿ ਗ੍ਰੈਂਡ ਟਰੰਕ ਰੋਡ ਤੇ ਬਨਾਰਸ ਕੈਨਟੋਨਮਿੰਟ ਰੇਲਵੇ ਸਟੇਸ਼ਨ ਦੇ ਪੱਛਮ ਵਿਚ ਲਗਭਗ ਦੋ ਮੀਲ ਦੀ ਦੂਰੀ ਤੇ ਸਥਿਤ ਹੈ।[20]

ਪਰਸ਼ੂਰਾਮ ਚਤੁਰਵੇਦੀ ਵੀ ਇਸ ਵਿਚਾਰ ਨਾਲ ਸਹਿਮਤ ਹਨ ਅਤੇ ਧਰਮ ਮਿਸ਼ਨ ਦੇ ਸ੍ਰੀ ਬੰਤਾ ਰਾਮ ਘੇੜਾ ਦੀ ਖੋਜ ਮੁਤਾਬਿਕ ਆਪ ਦਾ ਜਨਮ ਬਨਾਰਸ ਦੇ ਬਾਹਰ ਲਗਦੇ ਪਿੰਡ ਜਿਸਨੂੰ ਸੀਰ ਗੋਵਰਧਨਪੁਰ ਕਿਹਾ ਜਾਂਦਾ ਹੈ ਮੰਨਿਆ ਹੈ।[21]

ਦਰਸ਼ਨ ਸਿੰਘ ਅਨੁਸਾਰ — " ਰਵਿਦਾਸ ਦਾ ਜਨਮ ਬਨਾਰਸ ਦੇ ਪੱਛਮ ਵੱਲ ਮੰਡੂਆ ਡੀਹ ਦੇ ਨੇੜੇ ਲਹਰਤਾਰਾ ਵਿਚ ਹੋਇਆ।[22] ਡਾ. ਧਰਮਪਾਲ ਸਿੰਗਲ ਆਪ ਦਾ ਜਨਮ ਮੰਡੂਰ ਜਾਂ ਮੰਡੂਆ ਡੀਹ ਵਿਚ ਮੰਨਦੇ ਹਨ ਜੋ ਬਨਾਰਸ ਛਾਉਣੀ ਰੇਲਵੇ ਸਟੇਸ਼ਨ ਤੋਂ 3-4 ਕਿਲੋਮੀਟਰ ਦੇ ਫਾਸਲੇ ਤੇ ਜੀ.ਟੀ.ਰੋਡ ਤੇ ਸਥਿਤ ਹੈ।[23] ਡਾ. ਧਰਮਪਾਲ ਮੈਨੀ ਰਾਜਸਥਾਨ ਦੇ ਮਾਂਡਵ-ਗੜ੍ਹ ਦੇ ਹੱਕ ਵਿਚ ਹਨ, " ਰੈਦਾਸ ਦੇ ਪੈਰੋਕਾਰਾਂ ਦੀ ਵਜੋਂ, ਰੈਦਾਸ ਦੀਆਂ ਰਚਨਾਵਾਂ ਵਿਚ ਉਸ ਖੇਤਰ ਦੀ ਭਾਸ਼ਾ ਦੇ

ਸ਼ਬਦਾਂ ਦੀ ਬਹੁਲਤਾ, ਚਿਤੌੜ ਸ੍ਰੀ ਸ਼ਿਆਮ ਜੀ ਦਾ ਮੰਦਰ ਤੇ ਰੈਦਾਸ ਦੀ ਛੱਤਰੀ ਦਾ ਨਿਰਮਾਣ, ਰਾਜਸਥਾਨ ਵਿਚ ਹੀ ਮਾਂਡੋਗੜ੍ਹ ਵਿਚ ਰੈਦਾਸ ਦੇ ਕੁੰਡ ਅਤੇ ਰੈਦਾਸ ਦੀ ਕੁੱਟੀ।"

ਭਾਵੇਂ ਡਾ. ਧਰਮਪਾਲ ਮੈਨੀ ਨੇ ਤਕੜੇ ਪ੍ਰਮਾਣ ਦਿੱਤੇ ਹਨ ਪਰ ਫੇਰ ਵੀ ਇਨ੍ਹਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂ ਕਿ ਸਭ ਤੋਂ ਪੁਰਾਤਨ ਅਤੇ ਪ੍ਰਮਾਣਿਕ ਪੁਸਤਕ 'ਸ੍ਰੀ ਰਵਿਦਾਸ ਪਰਚਈ' ਵਿਚ ਅਨੰਤਦਾਸ ਵੈਸ਼ਨਵ ਨੇ ਆਪਦਾ ਜਨਮ ਵਾਰਾਣਸਿ ਨਗਰ ਦੇ ਪਿੰਡ 'ਮੰਡੂਆ-ਡਾਹ' ਜੋ ਕਾਸ਼ੀ ਦੇ ਨੇੜੇ ਹੈ ਵਿਚ ਹੋਇਆ ਦੱਸਿਆ ਹੈ –

ਨਗਰ ਬਾਨਾਰਸਿ ਉਤਿਮ ਠਾਉਂ, ਪਾਪ ਨ ਨਿਕਟੈ ਆਵੈ ਕਾਹੂੰ।
ਮੂਵਾਂ ਨ ਹੋਇ ਨਰਕ ਫਿਰ ਜਾਇ। ਜੰਕਰ ਰਾਮਹਿ ਆਨਿ ਸੁਨਾਵੈ ਆਇ।
ਸਰੁਤਿ ਸਿਮ੍ਰਿਤਿ ਕਾ ਅਧਿਕਾਰਾ। ਤਹਾਂ ਰੈਦਾਸ ਲਿਯੋ ਔਤਾਰਾ।[24]

'ਭਗਤ ਰਤਨਾਵਲੀ' ਵਿਚ ਵੀ ਆਪਦਾ ਜਨਮ ਸਥਾਨ ਬਨਾਰਸ ਹੀ ਲਿਖਿਆ ਮਿਲਦਾ ਹੈ।

ਸੋ ਉਪਰੋਕਤ ਅਧਿਐਨ ਉਪਰੰਤ ਸਿੱਟਾ ਨਿਕਲਦਾ ਹੈ ਕਿ ਕਾਸ਼ੀ ਦੇ ਨੇੜੇ ਮੰਡੂਰ ਜਾਂ ਮੰਡੂਆਡੀਹ ਗ੍ਰਾਮ ਜੋ ਬਨਾਰਸ ਛਾਉਣੀ ਰੇਲਵੇ ਸਟੇਸ਼ਨ ਤੋਂ 3-4 ਕਿਲੋਮੀਟਰ ਦੇ ਫ਼ਾਸਲੇ ਤੇ ਜੀ.ਟੀ.ਰੋਡ ਤੇ ਸਥਿਤ ਹੈ ਆਪਦਾ ਜਨਮ ਸਥਾਨ ਹੈ। ਅੰਦਰਲੀ ਗਵਾਹੀ ਕਰਕੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਬਨਾਰਸ ਨੂੰ ਗੁਜਰਾਤ ਜਾਂ ਰਾਜਸਥਾਨ ਮੰਨਣ ਵਾਲੀ ਕੋਈ ਗੱਲ ਨਹੀਂ। ਇਸ ਗਵਾਹੀ ਅਨੁਸਾਰ ਬਨਾਰਸ ਹੀ ਰਵਿਦਾਸ ਦਾ ਜਨਮ ਸਥਾਨ ਹੈ:–

ਮੇਰੀ ਜਾਤ ਕੁਟਬਾਂਢਲਾ ਢੋਰ ਢੁਵੰਤਾ।
ਨਿਤਹਿ ਬਨਾਰਸੀ ਆਸ ਪਾਸਾ।[25]

ਨਾਮ

ਜਨਮ ਸਥਾਨ ਤੇ ਜਨਮ ਮਿਤੀ ਬਾਰੇ ਹੀ ਨਹੀਂ ਬਲਕਿ ਉਨ੍ਹਾਂ ਦੇ ਨਾਮ ਬਾਰੇ ਵੀ ਕਈ ਭੁਲੇਖੇ ਪ੍ਰਚਲਿਤ ਹਨ। ਇਨ੍ਹਾਂ ਨੂੰ ਅਨੇਕ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਜਿਸ ਤਰ੍ਹਾਂ ਵੱਡੇ ਨਾਮ ਨੂੰ ਛੋਟਾ ਕਰਕੇ ਬੋਲਿਆ ਜਾਂਦਾ ਉਸੇ ਤਰ੍ਹਾਂ ਇਨ੍ਹਾਂ ਦੇ ਵੀ ਕਈ ਛੋਟੇ ਛੋਟੇ ਨਾਮ ਰੱਖ ਲਏ ਗਏ। ਇਨ੍ਹਾਂ ਦੇ ਨਾਮ ਬਾਰੇ ਜਿੰਨੇ ਮੂੰਹ ਉਨ੍ਹਾਂ ਗੱਲਾਂ ਬਣ ਗਈਆਂ। ਆਪਦੇ ਕੁਝ ਨਾਂ ਇਸ ਪ੍ਰਕਾਰ ਹਨ — ਰੈਦਾਸ, ਰਵਿਦਾਸ, ਰਈਦਾਸ, ਰੂਈਦਾਸ, ਰੂਹਦਾਸ, ਰੋਹੀਦਾਸ, ਰਾਮਦਾਸ, ਰਮਾਦਾਸ, ਰਯਦਾਸ ਆਦਿ। ਮੈਕਾਲਫ ਲਿਖਦੇ ਹਨ — ਹਿੰਦੀ ਸਾਹਿਤ ਵਿਚ ਉਨ੍ਹਾਂ ਦਾ ਨਾਮ ਰਾਏਦਾਸ ਕਰਕੇ ਲਿਖਿਆ ਜਾਂਦਾ ਹੈ ਪਰ 'ਹਿੰਦੀ ਸਾਹਿਤਯ ਕੋਸ਼(ਭਾਗ ਦੋ) ਉਨ੍ਹਾਂ ਨੂੰ ਰੈਦਾਸ ਲਿਖਦਾ ਹੈ। ਕੋਸ਼. ਵਿਚ ਆਪਦਾ ਨਾਮ ਰੈਦਾਸ ਲਿਖਿਆ ਗਿਆ ਹੈ:—

ਨੀਚੋਂ ਊਚ ਕਰੇ ਮੇਰਾ ਗੋਬਿੰਦ,<br>
ਕਾਹੂ ਤੇ ਨਾ ਡਰੇ।।[26]

ਨੀਚ ਰੂਖ ਤੇ ਊਚ ਭਏ ਹੈ।<br>
ਗੰਧ ਸੁਗੰਧ ਨਿਵਾਸਾ।[27]

ਡਾ. ਧਰਮਪਾਲ ਮੈਨੀ ਆਪਦਾ ਨਾਂ 'ਰੈਦਾਸ' ਦੱਸਦੇ ਹਨ। ਹਿੰਦੀ ਦੀਆਂ ਕਿਤਾਬਾਂ ਵਿਚ ਵੀ ਆਪਦਾ ਇਹੋ ਨਾਂ ਮਿਲਦਾ ਹੈ। ਸੰਤ ਏਕ ਨਾਥ ਤੇ ਬੈਲਵੀਡੀਅਰ ਪ੍ਰੈਸ ਨੇ ਕਈ ਥਾਂ 'ਰੋਹਿਤਦਾਸ' ਲਿਖਿਆ। ਦਰਸ਼ਨ ਸਿੰਘ ਨੇ ਆਪਦੇ ਬਾਰ੍ਹਾਂ ਨਾਮ ਦੱਸੇ ਹਨ — ਰਵਿਦਾਸ( Ravidas ), ਰੈਦਾਸ (Raidas), ਰਾਇਦਾਸ ( Rayedas ) ,ਰੁਦਰਾਦਾਸ (Rudradas ),ਰੂਈਦਾਸ (Ruidas ) ਰਈਦਾਸ ( Ruyidas ) ਰੋਹੀਦਾਸ ( Rohidas), ਰੁਹਦਾਸ(Ruhdas ) ਰਮਾਦਾਸ ( Ramadas ) ਰਾਮਦਾਸ (Ramdas) ਅਤੇ ਹਰੀਦਾਸ (Haridas ) ਰਵਿਦਾਸ ਰੈਦਾਸ ਨਾਮ ਨਾਲ ਪ੍ਰਸਿੱਧ ਹੋਇਆ।[28]

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਨੇ

ਆਪਦਾ ਨਾਮ ਰਵਿਦਾਸ ਲਿਆ ਹੈ। ਭਾਈ ਗੁਰਦਾਸ ਨੇ ਦਸਵੀਂ ਵਾਰ ਦੀ ਪਉੜੀ ਵਿਚ ਰਵਿਦਾਸ ਨਾਮ ਦੀ ਵਰਤੋਂ ਕੀਤੀ ਹੈ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਆਪਦਾ ਜਨਮ ਦਿਨ ਰਵਿਵਾਰ ਹੋਣ ਕਰਕੇ ਬੱਚੇ ਦਾ ਨਾਮ 'ਰਵਿਦਾਸ' ਰਖਿਆ ਗਿਆ ਦੱਸਦੇ ਹਨ।[29]

ਸ੍ਰੀ. ਕੇ.ਐਨ. ਉਪਾਧਿਆਏ ਅਨੁਸਾਰ ਉਨ੍ਹਾਂ ਦੇ ਨਾਵਾਂ ਵਿਚ ਫਰਕ ਦਾ ਕਾਰਨ ਵੱਖੋ ਵਖਰੇ ਸੂਬਿਆਂ ਅਤੇ ਇਲਾਕਿਆਂ ਦੇ ਸ਼ਬਦ ਉਚਾਰਨ ਦੇ ਸਟਾਈਲ ਕਰਕੇ ਵੀ ਹੋ ਸਕਦਾ ਹੈ ਇਨ੍ਹਾਂ ਵਲੋਂ ਦੱਸੇ ਗਏ ਨਾਮ ਇਸ ਪ੍ਰਕਾਰ ਹਨ। ਰੈਦਾਸ, ਰਈਦਾਸ, ਰੁਈਦਾਸ, ਰੁਹਦਾਸ, ਰੋਹੀਦਾਸ, ਰੁਦਰਾਦਾਸ, ਰਾਮਦਾਸ, ਅਤੇ ਰਵਿਦਾਸ ਆਦਿ ਪ੍ਰਚਲਿਤ ਹੋਏ। ਇਹ ਨਾਮ ਸ੍ਰੀ ਆਦਿ ਗ੍ਰੰਥ, ਹਿੰਦੀ ਅਤੇ ਸੰਸਕ੍ਰਿਤ ਦੀਆਂ ਮਿਆਰੀ ਕਿਤਾਬਾਂ ਵਿਚ ਵਰਤੇ ਗਏ ਹਨ।[30]

ਡਾ. ਧਰਮਪਾਲ ਸਿੰਗਲ ਅਨੁਸਾਰ — " ਸਾਡਾ ਵਿਚਾਰ ਹੈ ਕਿ ਉਨ੍ਹਾਂ ਨੂੰ ਮਾਤਾ ਪਿਤਾ ਤੇ ਸੁਆਮੀ ਰਾਮਾਨੰਦ ਵਲੋਂ ਦਿਤਾ ਗਿਆ ਨਾਮ ਤਾਂ 'ਰਵਿਦਾਸ' ਹੀ ਸੀ ਪ੍ਰੰਤੂ ਜਿਵੇਂ ਅਸੀਂ ਲਾਡ ਪਿਆਰ ਵਿਚ ਨਾਮਾਂ ਦਾ ਸੰਖੇਪ ਜਾਂ ਵਿਕਾਰ ਜਾਂ ਵਿਕਾਸ ਕਰ ਲੈਂਦੇ ਹਾਂ ਉਸੇ ਤਰ੍ਹਾਂ ਇਹ ਨਾਮ ਦੇਸ਼ ਤੇ ਕਾਲ ਅਨੁਸਾਰ ਵੱਖ ਵੱਖ ਰੂਪਾਂ ਵਿਚ ਵੱਟ ਗਿਆ। ਆਚਾਰੀਆ ਆਜ਼ਾਦ, ਡਾ. ਧਰਮਪਾਲ ਮੈਨੀ ਤੇ ਦਰਸ਼ਨ ਸਿੰਘ ਆਦਿ ਇਸ ਮੱਤ ਦੇ ਧਾਰਨੀ ਹਨ। ਆਚਾਰੀਆ ਨੇ ਇਸ ਗੱਲ ਨੂੰ ਵੀ ਸਾਹਸ ਹੀ ਦੱਸਿਆ ਹੈ ਕਿ ਕੁਝ ਲੋਕ ਇਹ ਕਹਿੰਦੇ ਹਨ ਕਿ ਜੋ ਬਾਣੀ ਰੈਦਾਸ ਨਾਮ ਹੇਠ ਮਿਲਦੀ ਹੈ ਉਹ ਉਸਦੀ ਬਾਣੀ ਹੈ ਜੋ ਰਵਿਦਾਸ ਦੀ ਭੂਆ ਦਾ ਪੁੱਤਰ ਸੀ।[31] ਰਵਿਦਾਸ ਨਾਮ ਸਰਵ ਪ੍ਰਸਿੱਧ ਹੋਣ ਕਾਰਨ ਅਤੇ ਬਾਕੀ ਨਾਮ ਇਸਦੇ ਹੀ ਬਦਲੇ ਹੋਏ ਰੂਪ ਹੋਣ ਕਾਰਨ ਅਸੀਂ ਵੀ ਇਥੇ 'ਰਵਿਦਾਸ' ਨਾਮ ਲੈ ਕੇ ਹੀ ਚੱਲੇ ਹਾਂ।

ਸ੍ਰੀ ਅਨੰਤਦਾਸ ਦੀ 'ਰੈਦਾਸ ਪਰਚਈ' ਵਿਚ ਵੀ ਰੈਦਾਸ ਨਾਮ ਲਿਖਿਆ ਗਿਆ ਹੈ ਪਰ ਅੰਤ ਵਿਚ 'ਰਵਿ ਰਵਿ ਮਿਲਯੋ ਸਰੀਰ' ਕਹਿਕੇ ਰੈਦਾਸ ਦੀ ਰਵਿਦਾਸ ਨਾਲ ਸੁਰ ਮਿਲਦੀ ਹੈ ਜਿਸਤੋਂ ਸਿੱਧ ਹੁੰਦਾ ਹੈ ਕਿ ਦੋਵੇਂ ਨਾਮ ਇਕੋ ਹਸਤੀ ਦੇ ਹਨ।

ਜਹਿ ਜਹਿ ਦੇਹ ਕੰਚਨ ਭਈ, ਰਵਿ ਰਵਿ ਮਿਲਉ ਸਰੀਰ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਆਪਦੇ ਕਈ ਨਾਂ ਰੂਬੀਦਾਸ, ਰਮਾਦਾਸ, ਰੁਹੀਦਾਸ, ਰੋਹੀਦਾਸ, ਰੂਹਦਾਸ, ਰੁਦਰਾਦਾਸ, ਰੈਦਾਸ ਅਤੇ ਰਵਿਦਾਸ ਲਏ ਜਾਂਦੇ ਹਨ ਪਰ ਅਸਲ ਨਾਂ 'ਰਵਿਦਾਸ' ਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਵੀ ਆਪਣਾ ਨਾਂ 'ਰਵਿਦਾਸ' ਲਿਖਿਆ ਹੈ ਇਹੋ ਪੁਰਾਤਨ ਹਵਾਲਾ ਮਿਲਦਾ ਹੈ।

ਮਾਤਾ ਪਿਤਾ
=======

ਗੁਰੂ ਰਵਿਦਾਸ ਦੇ ਮਾਤਾ ਪਿਤਾ ਦੇ ਨਾਂ ਬਾਰੇ ਵੀ ਵਿਦਵਾਨਾਂ ਵਿਚ ਮੱਤਭੇਦ ਹੈ। ਹਰ ਇਕ ਨੇ ਆਪਣੇ ਵਿਚਾਰ ਅਤੇ ਖੋਜ ਅਨੁਸਾਰ ਨਾਂ ਨਿਰਧਾਰਿਤ ਕੀਤੇ ਜਿਸਦੇ ਕਈ ਕਾਰਨ ਹੋ ਸਕਦੇ ਹਨ:-

(1) ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਕਿਤੇ ਵੀ ਮਾਤਾ ਬਾਰੇ ਕੋਈ ਸੰਕੇਤ ਨਹੀਂ ਦਿੱਤਾ।

(2) ਉਨ੍ਹਾਂ ਦੇ ਅਨੁਯਾਈਆਂ ਅਤੇ ਸਮਕਾਲੀਆਂ ਨੇ ਵੀ ਇਸ ਬਾਰੇ ਕੁਝ ਨਹੀਂ ਲਿਖਿਆ।

(3) ਇਹ ਹੋ ਸਕਦਾ ਹੈ ਕਿ ਖੋਜੀਆਂ ਅਤੇ ਵਿਦਵਾਨਾਂ ਨੇ ਮੱਧਕਾਲ ਵਿਚ ਇਨ੍ਹਾਂ ਬਾਰੇ ਧਿਆਨ ਨਹੀਂ ਦਿੱਤਾ ਜਿਵੇਂ ਕਿ ਗੁਰੂ ਨਾਨਕ ਅਤੇ ਕਬੀਰ ਵੱਲ ਨਹੀਂ ਤਾਂ ਇਨ੍ਹਾਂ ਤੱਥਾਂ ਨੂੰ ਲੱਭਣ ਲਈ ਵਾਦ-ਵਿਵਾਦ ਵਿਚ ਪੈਣ ਦੀ ਲੋੜ ਨਹੀਂ ਸੀ ਪੈਣੀ।

ਵਿਦਵਾਨ ਪਰੰਪਰਾ ਨੂੰ ਆਧਾਰ ਬਣਾ ਕੇ ਅਤੇ ਲੋਕ ਪ੍ਰਸਿਧ ਨਾਵਾਂ ਨੂੰ ਲੈ ਕੇ ਚਰਚਾ ਕਰਦੇ ਹਨ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਆਪਦੇ ਪਿਤਾ ਦਾ ਨਾਂ ਰਾਘਵ ਅਤੇ ਮਾਤਾ ਦਾ ਨਾਮ ਕਰਮਾ ਦੇਵੀ ਦੱਸਦੇ ਹਨ।[32]

ਪਰ ਅੰਤ ਵਿਚ ਆਪਨੇ ਆਪਣੀ ਦੂਸਰੀ ਕਿਤਾਬ ਵਿਚ ਪਿਤਾ ਦਾ ਨਾਮ ਮਾਨਦਾਸ ਪਰ ਪ੍ਰਸਿੱਧ ਨਾਮ ਰਾਘਵ ਅਥਵਾ ਰਘੂ ਮੰਨਿਆ ਤੇ ਮਾਤਾ ਦਾ ਨਾਮ ਕਰਮਾ ਦੇਵੀ ਲਿਖਿਆ ਹੈ।[33] ਭਾਈ ਕਾਨ੍ਹ ਸਿੰਘ ਨਾਭਾ ਉਨ੍ਹਾਂ ਦੇ ਪਿਤਾ ਦਾ ਨਾਂ ਸੰਤੋਖਾ ਅਤੇ ਮਾਤਾ ਦਾ ਨਾਂ ਪਿਆਰੀ ਦੱਸਦੇ ਹਨ।[34] ਗੁਰਮੁਖ ਸਿੰਘ ਨੇ ਇਸ ਉਦਾਹਰਣ ਰਾਹੀਂ ਆਪਦੇ ਮਾਤਾ ਪਿਤਾ ਦੇ ਨਾਮ ਤੇ ਰੋਸ਼ਨੀ ਪਾਈ ਹੈ —

ਦੇਸ ਸ਼ਹਿਰ ਦੀ ਬਸਤੀ ਅੰਦਰ
ਸੀ ਇਕ ਭਗਤ ਪਿਆਰਾ
ਨਾਂ ਸੰਤੋਖਾ ਦਾਸ ਸੀ ਉਸਦਾ
ਜਾਤੀ ਦਾ ਚਮਿਆਰਾ
ਕੈਸ ਦੇਈ ਸੀ ਤੀਵੀਂ ਉਸਦੀ
ਵੱਡਿਆਂ ਭਾਗਾਂ ਵਾਲੀ।[35]

ਐਸ.ਐਸ. ਅਸ਼ੋਕ ਲਿਖਦੇ ਹਨ — ਇਹ ਦੋਵੇਂ ਭਾਗਾਂ ਵਾਲੇ ਜੀਅ ਸ੍ਰੀ ਸੰਤੋਖ ਦਾਸ ਤੇ ਬੀਬੀ ਕੈਸੋ ਜਾਂ ਕਰਮਾਦੇਵੀ ਸ੍ਰੀ ਰਵਿਦਾਸ ਦੇ ਪਿਤਾ ਤੇ ਮਾਤਾ ਸਨ।[36] ਬਰਕਤ ਸਿੰਘ ਆਨੰਦ ਪਿਤਾ ਦਾ ਨਾਂ ਸੰਤੋਖਾ ਅਤੇ ਮਾਤਾ ਦਾ ਨਾਂ ਕੈਸਾ ਦੱਸਦੇ ਹਨ।[37] ਡਾ. ਧਰਮਪਾਲ ਸਿੰਗਲ ਅਨੁਸਾਰ, "ਆਦਿ ਧਰਮ ਮਿਸ਼ਨ" ਵਾਲੇ ਵੀ ਇਸ ਗੱਲ ਨੂੰ ਮੰਨਦੇ ਹਨ।[38] ਸ੍ਰੀ. ਕੇ.ਐਨ. ਉਪਾਧਿਆਇ ਭਵਿਸ਼ ਪੁਰਾਣ ਦੇ ਆਧਾਰ ਤੇ ਆਪਦੇ ਪਿਤਾ ਦਾ ਨਾਮ ਮਾਨਦਾਸ ਪਰ 'ਰਵਿਦਾਸ ਰਮਾਇਣ' ਵਿਚ ਰਾਹੂ ਤੇ ਰਘੂ ਨਾਮ ਲਿਖਿਆ। ਆਪਦੀ ਮਾਤਾ ਦਾ ਨਾਂ ਕਰਮਾਦੇਵੀ ਅਤੇ ਕਈ ਦੂਸਰੇ ਧੁਰਬਿਨੀਆਂ ਲਿਖਦੇ ਹਨ।[39] ਡਾ. ਧਰਮਪਾਲ ਮੈਨੀ ਆਪਣੀ ਖੋਜ ਦੌਰਾਨ ਇਸ ਸਿੱਟੇ ਤੇ ਪਹੁੰਚਦੇ ਹਨ।

"ਭਵਿਸ਼ਪੁਰਾਣ ਅਨੁਸਾਰ ਇਨ੍ਹਾਂ ਦੇ ਪਿਤਾ ਦਾ ਨਾਮ 'ਮਾਨਦਾਸ' ਦੱਸਿਆ ਗਿਆ ਹੈ। ਗੁਜਰਾਤੀ ਸਾਹਿਤ ਵਿਚ ਇਹੋ ਜਿਹੇ ਸੰਦਰਭ ਵਿਚ ਰੈਦਾਸ-ਪੁਰਾਣ ਵਿਚ ਇਕ ਕਥਾ ਦਿੱਤੀ ਗਈ ਹੈ ਜਿਸ ਵਿਚ ਇਹ ਵਿਸ਼ਵਾਸ ਪ੍ਰਗਟ ਕੀਤਾ ਗਿਆ

ਹੈ ਕਿ ਰੈਦਾਸ ਦਾ ਜਨਮ ਮਾਤਾ ਦੇ ਹੱਥ ਦੇ ਫਫੋਲੇ ਤੋਂ ਹੋਇਆ ਸੀ। ਇਸ ਗ੍ਰੰਥ ਵਿਚ ਰੈਦਾਸ ਦੀ ਮਾਤਾ ਦਾ ਨਾਂ 'ਭਗਵਤੀ' ਦਿੱਤਾ ਗਿਆ ਹੈ। 'ਰੈਦਾਸ ਰਮਾਇਣ' ਨਾਮ ਦੇ ਸੰਪ੍ਰਦਾਇ ਗ੍ਰੰਥ ਵਿਚ ਰੈਦਾਸ ਦੇ ਪੁਰਖਿਆਂ ਦਾ ਸੰਖੇਪ ਹਾਲ ਦਰਜ ਹੈ। ਇਥੋਂ ਹੀ ਪਤਾ ਚਲਦਾ ਹੈ ਕਿ ਰੈਦਾਸ ਦੇ ਪਿਤਾ ਦਾ ਨਾਮ ਰਾਹੂ ਸੀ ਅਤੇ ਉਸਦੀ ਮਾਤਾ 'ਕਰਮਾ' ਸੀ। ਰਵਿਦਾਸ ਜੀ ਦੀ ਦਾਦੀ ਦਾ ਨਾਂ ਚਤੁਰ ਕੌਰ ਸੀ। --- ਰੈਦਾਸ ਦੀਆਂ ਗੱਦੀਆਂ ਦੇ ਵਾਰਿਸਾਂ ਤੇ ਅਖਿਲ ਭਾਰਤੀ ਰਵਿਦਾਸੀ ਮਹਾਂ ਸਭਾ ਦੇ ਮੈਂਬਰਾਂ, ਵਿਚ ਇਹ ਪ੍ਰਚਲਿਤ ਹੈ ਕਿ ਰੈਦਾਸ ਦੇ ਪਿਤਾ ਦਾ ਨਾਮ 'ਰਘੁ' ਤੋਂ ਹੀ 'ਰਾਹੂ' ਕਰ ਦਿਤਾ ਗਿਆ ਹੋਵੇ। ਸੋਧ ਲਈ ਤੇ ਲੋਕ ਪ੍ਰਚਲਨ ਨੂੰ ਧਿਆਨ ਵਿਚ ਰਖ ਕੇ ਅਸੀਂ ਰੈਦਾਸ ਦੇ ਪਿਤਾ ਦਾ ਨਾਮ ਰਘੂ ਹੀ ਮੰਨਾਂਗੇ। --- ਸੰਤ ਕਵੀ ਦੀ ਮਾਂ ਦਾ ਨਾਂ ਕਰਮਾਦੇਵੀ ਸੀ। ਰੈਦਾਸ ਸੰਪਰਦਾਇ ਵਾਰਿਸਾਂ ਵਿਚ ਵੀ ਇਨ੍ਹਾਂ ਦੋਵਾਂ ਨਾਵਾਂ ਤੇ ਮੱਤਭੇਦ ਹੈ।"[40]

ਦਰਸ਼ਨ ਸਿੰਘ ਨੇ 'ਵਰਿਆਮ ਸਿੰਘ' ਨੂੰ ਸਾਹਮਣੇ ਰੱਖ ਕੇ ਪਿਤਾ ਦਾ ਨਾਂ ਸੰਤੋਖਾ ਤੇ ਮਾਤਾ ਦਾ ਨਾਂ ਕਲਸੀ ਦੱਸਿਆ।[41] ਡਾ. ਧਰਮਪਾਲ ਸਿੰਗਲ ਲਿਖਦੇ ਹਨ:-

ਸਾਡਾ ਵਿਚਾਰ ਹੈ ਕਿ ਰਾਹੂ ਤੇ ਰੁਹੂ, ਰਘੂ ਦੇ ਹੀ ਅਪਭ੍ਰੰਸ਼ ਰੂਪ ਹਨ ਅਤੇ ਸਮੇਂ ਤੇ ਜ਼ਬਾਨ ਦੀ ਦੂਰੀ ਨੇ ਇਹ ਕਈ ਨਾਂ ਪ੍ਰਚਲਿਤ ਕਰ ਦਿੱਤੇ ਹਨ ਜਿਵੇਂ ਕਿ ਖ਼ੁਦ ਗੁਰੂ ਰਵਿਦਾਸ ਦੇ ਮਾਮਲੇ ਵਿਚ ਵੇਖਿਆ ਗਿਆ ਹੈ। ਰਵਿਦਾਸ ਦੇ ਪਿਤਾ ਦਾ ਅਸਲ ਨਾਮ ਰਘੂ ਤੇ ਮਾਤਾ ਦਾ ਕਰਮਾਦੇਵੀ ਮੰਨਣਾ ਵਧੇਰੇ ਯੋਗ ਹੈ ਕਿਉਂ ਕਿ ਇਸਦੀ ਗਵਾਹੀ ਸਭ ਤੋਂ ਪੁਰਾਣੇ ਗ੍ਰੰਥ ਤੋਂ ਵੀ ਮਿਲਦੀ ਹੈ ਅਤੇ ਸੰਤ ਕਰਮਦਾਸ ਵੀ ਇਸਦੀ ਪੁਸ਼ਟੀ ਕਰਦੇ ਹਨ। ਪਰੰਪਰਾ ਤੇ ਸੰਪ੍ਰਦਾਇ ਪ੍ਰਚਲਨ ਤੋਂ ਵੀ ਇਹ ਨਾਮ ਵਧੇਰੇ ਠੀਕ ਜਾਪਦੇ ਹਨ।[42]

ਅੰਤ ਵਿਚ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਆਪਦੇ ਪਿਤਾ ਦਾ ਨਾਮ ਰਾਘਵ(ਰਘੂ) ਅਤੇ ਮਾਤਾ ਦਾ ਨਾਂ ਕਰਮਾਦੇਵੀ ਮੰਨਣਾ ਵਧੇਰੇ ਯੋਗ ਹੈ ।

ਇਸਦੀ ਪੁਸ਼ਟੀ 'ਰਵਿਦਾਸ ਰਮਾਇਣ' ਗ੍ਰੰਥ ਤੋਂ ਵੀ ਹੁੰਦੀ ਹੈ। ਪੰਜਾਬ ਦੀਆਂ ਸਾਖੀਆਂ ਦੇ ਸਾਰੇ ਲੇਖਕਾਂ ਨੇ ਸੰਤੋਖਾ ਅਤੇ ਕਲਸੀ ਨਾਮ ਲਿਖੇ ਹਨ ਜਿਨ੍ਹਾਂ ਦਾ ਕੋਈ ਆਧਾਰ ਨਹੀਂ ਮਿਲਦਾ ਸਭ ਬਿਨ੍ਹਾਂ ਆਧਾਰ ਦੇ ਹੈ।

## ਕਿੱਤਾ ਅਤੇ ਜਾਤ

ਪ੍ਰਾਚੀਨ ਸਮੇਂ ਵਿਚ ਕੰਮ ਦੇ ਆਧਾਰ ਤੇ ਜਾਤ ਪਛਾਣੀ ਜਾਂਦੀ ਸੀ। ਹਰ ਪਰਿਵਾਰ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਕੰਮ ਕਰਦਾ। ਰਵਿਦਾਸ ਚਮਾਰ ਜਾਤ ਨਾਲ ਸੰਬੰਧਤ ਹੋਣ ਕਰਕੇ ਚਮੜਾ ਰੰਗਣ, ਵੇਚਣ, ਜੁੱਤੀਆਂ ਗੰਢਣ ਅਤੇ ਬਣਾਉਣ ਦਾ ਕੰਮ ਕਰਦੇ। ਉਨ੍ਹਾਂ ਦੇ ਵੱਡੇ ਵਡੇਰੇ ਢੋਰ ਢੋਣ, ਚਮੜੇ ਦੇ ਔਜ਼ਾਰ ਹੱਲ ਤੇ ਰੱਥ ਦੇ ਬੈਲ ਹੱਕਣ ਲਈ ਪੁਰਾਣੀਆਂ ਜਾਂ ਛਾਂਟੇ, ਚਮੜੇ ਦੇ ਔਜ਼ਾਰ ਕਾਠੀਆਂ, ਲਗਾਮਾਂ ਜਾਂ ਤਾਹਰੂ ਆਦਿ ਦੀ ਮੁਰੰਮਤ ਦਾ ਕੰਮ ਕਰਦੇ 'ਹੱਥ ਕਾਰ ਵੱਲ ਤੇ ਚਿੱਤ ਯਾਰ ਵੱਲ' ਦੇ ਕਥਨ ਦੀ ਤਰ੍ਹਾਂ ਆਪ ਜੁੱਤੀਆਂ ਗੰਢਣ ਦਾ ਕੰਮ ਕਰਦੇ ਤੇ ਪਰਮਾਤਮਾ ਨੂੰ ਹਰ ਵਕਤ ਹਿਰਦੇ ਵਿਚ ਵਸਾਈ ਰੱਖਦੇ। ਧਰਮ ਕਰਮ ਕਰਦੇ, ਰੋਜ਼ਾਨਾ ਢੋਰ ਢੋਣ ਦਾ ਕੰਮ ਕਰਦੇ ਪਰ ਮਾਇਆ ਨੂੰ ਮੋਹ ਨਾ ਕਰਦੇ, ਸਾਧੂਆਂ ਦੀ ਸੰਗਤ ਵਿਚ ਰਹਿੰਦਿਆਂ ਹੋਇਆ ਆਪ ਭਗਵਾਨ ਦੇ ਦਰਸ਼ਨ ਕਰਨ ਵਿਚ ਸਫਲ ਹੋਏ। ਬਰਕਤ ਸਿੰਘ ਲਿਖਦੇ ਹਨ:-

ਸਾਧੂ ਸੰਤ ਭਿਖਾਰੀ ਕੋਈ ਆਵੈ ਚਲ ਦੁਆਰੇ
ਜੋੜੇ ਮੁਫਤ ਉਨ੍ਹਾਂ ਨੂੰ ਦੇ ਕੇ ਹਰਿ ਦਾ ਸ਼ੁਕਰ ਗੁਜ਼ਾਰੇ।[43]

ਰਵਿਦਾਸ ਜਾਤ ਨੂੰ ਜਨਮ ਤੋਂ ਨਹੀਂ ਕਰਮ ਤੋਂ ਮੰਨਦੇ ਸਨ। ਉਨ੍ਹਾਂ ਨੇ ਆਪਣੇ ਪਿਤ੍ਰੀ ਪੇਸ਼ੇ ਨੂੰ ਅਪਣਾਇਆ ਭਾਵੇਂ ਇਸ ਪੇਸ਼ੇ ਨੂੰ ਉਸ ਸਮੇਂ ਜ਼ਿਆਦਾ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ ਫੇਰ ਵੀ ਆਪਨੇ ਆਪਣੀ ਜਾਤ ਜਾਂ ਪੇਸ਼ੇ ਨੂੰ ਛੁਪਾਉਣ ਦਾ ਯਤਨ ਨਹੀਂ ਕੀਤਾ। ਉਨ੍ਹਾਂ ਨੇ ਬਾਣੀ ਵਿਚ ਨੀਵੀਂ ਜਾਤ ਨੂੰ ਸਵਿਕਾਰਿਆ। ਜਿਸ ਤਰ੍ਹਾਂ ਕਬੀਰ ਨੇ ਆਪਣੀ ਜਾਤ ਬਾਰੇ ਦੱਸਿਆ ਹੈ ਕਿ ਲੋਕ ਤਾਂ ਮੇਰੀ ਜਾਤ ਤੇ

ਹੱਸਦੇ ਹਨ ਪਰ ਮੈਂ ਇਸ ਜਾਤ ਦੇ ਬਲਿਹਾਰ ਜਾਂਦਾ ਹਾਂ ਜਿਸ ਵਿਚ ਜਨਮ ਲੈ ਕੇ ਮੈਂ ਪਰਮਾਤਮਾ ਦਾ ਨਾਮ ਸਿਮਰਿਆ ਹੈ:-

ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੇ ਹਾਰੁ।
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰ।

ਗੁਰੂ ਰਾਮਦਾਸ ਨੇ ਕਿਹਾ ਕਿ ਭਗਤ ਹਰਿ ਕੀਰਤੀ ਗਾਉਣ ਵਾਲੇ ਮਹਾਪੁਰਸ਼ ਸਨ ਜਿਨ੍ਹਾਂ ਨੂੰ ਚਾਰੇ ਵਰਣ ਝੁਕ ਕੇ ਨਮਸਕਾਰਾਂ ਕਰਦੇ ਤੇ ਇੰਜ ਉਹ ਆਪਣੀ ਨਵੀਂ ਜਾਤ ਨੂੰ ਉਤਮਤਾ ਬਖਸ਼ ਗਏ:-

ਰਵਿਦਾਸ ਚਮਾਰ ਉਸਤਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤਿ ਉਤਮ ਭਇਆ,
ਚਾਰਿ ਵਰਨ ਪਏ ਪਗਿ ਆਇ।[44]

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਲਿਖਦੇ ਹਨ -"ਰਵਿਦਾਸ ਨੇ ਆਪਣੀ ਬਾਣੀ ਵਿਚ ਖ਼ੁਦ ਨੂੰ ਵਾਰ ਵਾਰ ਚਮਾਰ ਕਿਹਾ ਹੈ। ਇਹ ਜਾਤ ਨੂੰ ਜਨਮ ਤੋਂ ਨਾ ਮੰਨ ਕੇ ਕਰਮ ਤੋਂ ਮੰਨਦੇ ਸਨ ਇਹੋ ਵੈਦਿਕ ਵਿਚਾਰਧਾਰਾ ਹੈ ਜਿਸਦੇ ਰਵਿਦਾਸ ਕੱਟੜ ਅਨੁਯਾਈ ਸਨ"[45] ਰਵਿਦਾਸ ਦੇ ਗੁਰੂ ਰਾਮਾਨੰਦ ਦੀ ਉਕਤੀ:-

ਜਾਤ ਪਾਤ ਪੂਛੇ ਨ ਕੋਇ
ਹਰਿ ਕੋ ਭਜੈ ਸੋ ਹਰਿ ਕਾ ਹੋਇ।

ਅਨੁਸਾਰ ਰਵਿਦਾਸ ਨੇ ਈਸ਼ਵਰ ਦੀ ਭਗਤੀ ਅਤੇ ਸੱਚੀ ਸਾਧਨਾ ਨਾਲ ਦੱਸਿਆ ਕਿ ਭਗਵਾਨ ਕਿਸੇ ਵਿਸ਼ੇਸ ਵਰਗ ਜਾਂ ਜਾਤ ਦੀ ਸੰਪੱਤੀ ਨਹੀਂ। ਰਵਿਦਾਸ ਕਹਿਣ ਨੂੰ ਤਾਂ ਚਮਾਰ ਜਾਤ ਜਨਮੇ ਪਰ ਉਨ੍ਹਾਂ ਦੇ ਕਰਮ ਨੂੰ ਜਾਂ ਜਾਤ ਨੂੰ ਕਿਸੇ ਵਿਸ਼ੇਸ ਵਰਗ ਨਾਲ ਨਹੀਂ ਜੋੜਿਆ ਜਾ ਸਕਦਾ। ਅੱਜ ਦੇ ਯੁੱਗ ਵਿਚ ਚਮਾਰ ਸ਼ਬਦ ਦੇ ਅਰਥ

ਬਦਲ ਰਹੇ ਜਿਸਨੂੰ ਜੀਵਾਤਮਾ ਦਾ ਪ੍ਰਤੀਕ ਮੰਨਣਾ ਚਾਹੀਦਾ ਹੈ ਜਦੋਂ ਉਹ ਵਾਰ ਵਾਰ ਆਪਣੇ ਚਮਾਰ ਹੋਣ ਦਾ ਢੰਡੋਰਾ ਪਿੱਟਦੇ ਹਨ ਤਾਂ ਇਹ ਉਨ੍ਹਾਂ ਦਾ ਸਾਹਿਤਕ ਉਪਕਰਮ ਸਮਝਣਾ ਚਾਹੀਦਾ ਹੈ। ਉਨ੍ਹਾਂ ਉਸ ਜਾਤ ਨੂੰ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਆਪ ਦੀ ਬਾਣੀ ਵਿਚ ਆਪਣੇ ਜਾਤ ਅਤੇ ਪੇਸ਼ੇ ਦਾ ਜਿਕਰ ਆਉਂਦਾ ਹੈ:-

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ
ਰਾਜਾ ਰਾਮ ਕੀ ਸੇਵ ਨ ਕੀਨੀ, ਕਹਿ ਰਵਿਦਾਸ ਚਮਾਰਾ।[46]

ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ।
ਮੇਰਾ ਕਰਮ ਕੁਟਿਲਤਾ ਜਨਮ ਕੁਭਾਂਤੀ।
ਰਾਮ ਗੁਸਈਆ ਮੈਂ ਜਨ ਤੇਰਾ।
ਮੋਹਿ ਨ ਬਿਸਾਰਹੁ ਮੈ ਜਨ ਤੇਰਾ।[47]

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ, ਓਛਾ ਜਨਮ ਹਮਾਰਾ।
ਤੁਮ ਸਰਨਾਗਤਿ ਰਾਜਾ ਰਾਮਚੰਦ, ਕਹਿ ਰਵਿਦਾਸ ਚਮਾਰਾ।[48]

ਮੇਰੀ ਕੁਚੀਲ ਜਾਤਿ ਕੁਚੀਲੀ ਮੇ ਬਾਸ, ਭਗਤਿ ਹੇਤ ਹਰਿਚਰਨਨਿਵਾਸ।
ਚਾਰਿਉਂ ਬੇਦ ਕੀਆ ਸੰਜਿਤ, ਜਨ ਰਵਿਦਾਸ ਕਰੈ ਡੰਡੌਤ।[49]

ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰ।
ਰਿਦੈ ਰਾਮ ਗੋਬਿੰਦ ਗੁਨ ਸਾਰੰ।
ਮੇਰੀ ਜਾਤ ਕੁਟਬਾਢਲਾ ਢੋਰ ਢੋਵੰਤਾ।
ਨਿਤਹਿ ਬਨਾਰਸੀ ਆਸ ਪਾਸਾ।[50]

ਕਹੈ ਰਵਿਦਾਸ ਸੁਨਿ ਕੇਸਵੈ, ਅੰਤਹਕਰਨ ਬਿਚਾਰ।
ਤੁਮਰੀ ਭਗਤਿ ਕੇ ਕਾਰਨੇ, ਫਿਰ ਹਵੈ ਹੌਂ ਚਮਾਰ।[51]

ਕਹੈ ਰਵਿਦਾਸ ਸੁਨਿ ਕੇਸਵੈ, ਅੰਤਹਕਰਨ ਬਿਚਾਰ।
ਤੁਮਰੀ ਭਗਤਿ ਕੇ ਕਾਰਨੇ, ਫਿਰ ਹਵੈ ਹੌਂ ਚਮਾਰ।[51]

ਪਰ ਲੇਖਕਾਂ ਦੀ ਖੋਜ ਪੜਤਾਲ ਸਾਬਤ ਕਰ ਚੁੱਕਿਆ ਹੈ ਕਿ ਆਪ ਜਨਮ ਤੋਂ ਹੀ ਚਮਾਰ ਸਨ। ਉਨ੍ਹਾਂ ਦੀ ਜਾਤ ਬਾਰੇ ਉਨ੍ਹਾਂ ਦੀ ਬਾਣੀ ਵਿਚ ਪ੍ਰਮਾਣ ਮਿਲਦੇ ਹਨ:-

> ਐਸੀ ਮੇਰੀ ਜਾਤਿ ਬਿਖਿਆਤ ਚਮਾਰੰ।
> ਹਿਰਦੈ ਰਾਮ ਗੋਬਿੰਦ ਗੁਣ ਸਾਰੰ।[56]

ਡਾ. ਧਰਮਪਾਲ ਸਿੰਗਲ ਲਿਖਦੇ ਹਨ," ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਰਵਿਦਾਸ ਚਮਾਰ ਜਾਤ ਨਾਲ ਸੰਬੰਧਿਤ ਉਹ ਕਰਮਯੋਗੀ ਸਨ ਜਿਨ੍ਹਾਂ ਦੇ ਪ੍ਰਭੂ ਮਿਲਾਪ ਸਦਕਾ ਸਾਰੇ ਵਰਣ ਉਨ੍ਹਾਂ ਦੇ ਚਰਨੀ ਆ ਲੱਗੇ। ਉਨ੍ਹਾਂ ਦੀ ਮਹਾਨਤਾ ਇਸੇ ਗੱਲ ਵਿਚ ਹੈ ਕਿ ਬ੍ਰਾਹਮਣਾਂ ਦੀ ਮਹਾਨਗਰੀ ਤੇ ਮੁਕਤੀ ਧਾਮ ਕਾਸ਼ੀ ਵਿਚ ਉਚ ਵਰਗ ਦੇ ਤਿਰਸਕਾਰ ਤੇ ਅਪਮਾਨ ਦਾ ਨਿਰੰਤਰ ਸ਼ਿਕਾਰ ਹੋਏ ਤਾਂ ਵੀ ਉਨ੍ਹਾਂ ਨੇ ਕਿਧਰੇ ਆਪਣੀ ਜਾਤ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ।"[57]

ਉਪਰੋਕਤ ਚਰਚਾ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਆਪ ਜਾਤ ਦੇ ਚਮਾਰ ਸਨ। ਕਵੀ ਅਨੰਤਦਾਸ ਭਗਤੀ ਤੋਂ ਬਿਨ੍ਹਾਂ ਹਰ ਇਨਸਾਨ ਨੂੰ ਸੂਦਰ ਕਹਿੰਦੇ ਹਨ:-

> ਭਗਤਿ ਬਿਨਾ ਸਭ ਹੀ ਜਗ ਸੂਦਾ।
>
> ਵੇਦ ਪੁਰਾਨ ਕਹੈ ਵਿਹੁ ਬਾਨੀ, ਭਗਤਿ ਬਸਿ ਹੈ ਸਾਰੰਗ ਪਾਨੀ।

ਆਪ ਜਾਤਪਾਤ, ਊਚ ਨੀਚ ਤੋਂ ਉਪਰ ਉੱਠਕੇ ਭਗਤੀ ਨੂੰ ਅਹਿਮੀਅਤ ਦਿੰਦੇ ਹਨ। ਗੁਰੂ ਰਵਿਦਾਸ ਸਾਰੀ ਉਮਰ ਹੱਥੀ ਕਿਰਤ ਕਰਦੇ ਰਹੇ। ਆਪ ਮਿਹਨਤ ਮੁਸ਼ੱਕਤ ਵਿਚ ਵਿਸ਼ਵਾਸ ਰੱਖਦੇ ਸਨ। ਹਿੰਸਾ ਤੇ ਜੀਵ ਹੱਤਿਆ ਨੂੰ ਪਾਪ ਸਮਝਦੇ ਸਨ ਆਪਣੇ ਜੱਦੀ ਕੰਮ ਲਈ ਵੀ ਆਪ ਚਮੜਾ ਸਿੱਧਾ ਮੰਡੀ ਵਿਚੋਂ ਹੀ ਖਰੀਦ ਕੇ ਲਿਆਉਂਦੇ ਸਨ।

ਹਮ ਅਪਰਾਧੀ ਨੀਚ ਘਰਿ ਜਨਮੈ, ਕੁਟੰਬ ਲੋਕ ਕਰੈ ਹਾਂਸਾ ਰੇ।
ਕਹੈ ਰਵਿਦਾਸ ਰਾਮ ਜਪਿ ਰਸਨਾ, ਕਾਟੈਂ ਜਮ ਕੀ ਫਾਸੀ ਰੇ।[52]

ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ, ਨਿਤਹਿ ਬਨਾਰਸੀ ਆਸ ਪਾਸਾ।
ਅਬ ਬਿਪ੍ਰ ਪਰਧਾਨ ਤਿਹ ਕਰਹਿ ਡੰਡੌਤ, ਤੇਰੇ ਨਾਮ ਸਰਣਾਇ
ਰੈਦਾਸਾਨੁਦਾਸਾ।[53]

ਸੰਤ ਟੇਕ ਨਾਥ ਤਾਂ ਰੋਹਿਤਦਾਸ ਚਮਾਰ ਸਭ ਕੁਝ ਜਾਣੈ, ਕਠੋਰੇ ਰਹਿਣਾ ਦੇਖ, ਰਾਹ ਦੇ ਨੱਚਣ ਲੱਗ ਜਾਂਦੇ ਹਨ। ਸੰਤ ਛੋਟੇ ਸੁੰਦਰਦਾਸ ਨੇ ਤਾਂ ਰਵਿਦਾਸ ਨੂੰ ਸਾਧ ਸੂਰਾ ਦੀ ਉਪਾਧੀ ਦਿੰਦੇ ਹੋਏ ਕਿਹਾ ਕਿ:-

ਜਨ ਰਵਿਦਾਸ ਸਾਧ ਸੂਰਾ ਤਨ।
ਬਿਪ੍ਰਨ ਮਾਰ ਮਰਾਈ ਹੈ।

ਕੁਝ ਲਿਖਾਰੀਆਂ ਅਨੁਸਾਰ ਆਪਦੇ ਪਿਤਾ ਜਾਤ ਦੇ ਚਮਾਰ ਨਹੀਂ ਸਗੋਂ ਰੱਜੇ ਪੁੱਜੇ ਵਪਾਰੀ ਸਨ ਪਰ ਬਚਪਨ ਤੋਂ ਹੀ ਆਪ ਕੰਮਕਾਜ ਵੱਲ ਧਿਆਨ ਨਹੀਂ ਸਨ ਦਿੰਦੇ। ਇਸ ਲਈ ਪਿਤਾ ਨੇ ਘਰੋਂ ਕੱਢ ਦਿੱਤਾ ਤੇ ਆਪਨੇ ਉਪਜੀਵਕਾ ਲਈ ਜੁੱਤੀਆਂ ਗੰਢਣ ਦਾ ਕੰਮ ਅਪਣਾਇਆ।[54]

ਗਿਆਨੀ ਬਿਸ਼ਨ ਸਿੰਘ ਲਿਖਦੇ ਹਨ ਕਿ ਮਾਂ ਬਾਪ ਅਮੀਰ ਸਨ ਪਰ ਆਪ ਸਭ ਕੁਝ ਸਾਧਾਂ ਸੰਤਾਂ ਨੂੰ ਦੇ ਦਿੰਦੇ ਸਨ ਇਸ ਗੱਲ ਤੋਂ ਮਾਪੇ ਦੁਖੀ ਸਨ ਤੇ ਵਿਆਹ ਉਪਰੰਤ ਮਾਪਿਆਂ ਨੇ ਆਪਨੂੰ ਘਰੋਂ ਕੱਢ ਦਿੱਤਾ।[55]

ਇਨ੍ਹਾਂ ਦੇ ਚਮਾਰ ਜਾਤ ਨਾਲ ਸੰਬੰਧਿਤ ਹੋਣ ਬਾਬਤ ਕੁਝ ਨਹੀਂ ਲਿਖਿਆ ਸਗੋਂ ਘਰੋਂ ਕੱਢੇ ਜਾਣ ਕਰਕੇ ਜੁੱਤੀਆਂ ਗੰਢ ਕੇ ਗੁਜ਼ਾਰਾ ਕਰਨ ਦੀ ਗੱਲ ਕੀਤੀ ਹੈ ਪਰ ਇਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਕ ਵਪਾਰੀ ਦਾ ਪੁੱਤਰ ਜੀਵਨ ਨਿਰਬਾਹ ਲਈ ਚਮਾਰ ਬਣ ਜਾਵੇ। ਹਾਂ ਇਨ੍ਹਾਂ ਦੇ ਪਿਤਾ ਚਮੜੇ ਦੇ ਵਪਾਰੀ ਹੋ ਸਕਦੇ ਸਨ

ਮਿਹਨਤ ਦੀ ਕਮਾਈ ਕਰਦੇ ਹੋਏ ਐਸੇ ਰੱਬ ਦਾ ਫੁਰਮਾਉਂਦੇ:-

ਜੋਧੇ ਰਾਮ ਜੋਤ ਲੈ ਆਵੈ, ਤਾਂ ਮੈਂ ਪਨਹੀ ਅਧਿਕ ਬਨਾਵੈਂ।
ਟੂਟੇ ਫਾਟੇ ਜਰਵਾ ਜੋਰੈ, ਮਜਦੂਰੀ ਕਰੈ ਕਾਹੂ ਨ ਨਿਹੋਰੈ।[53]

ਆਪ ਦਾ ਕਿੱਤਾ ਜੁੱਤੀਆਂ ਗੰਢਣਾ ਤੇ ਬਣਾਉਣਾ ਸੀ। ਇਹ ਆਪਣੀ ਕਮਾਈ ਸਾਰ ਹੋਣ ਤੋਂ ਵੀ ਸਿੱਧ ਹੁੰਦਾ ਹੈ ਜਿਸ ਪਿਛੇ 'ਰੈਦਾਸ ਪਰਚਈ' ਦੇ ਲੇਖਕ ਅਨੰਤਦਾਸ ਦੀ ਗਵਾਹੀ ਵੀ ਕਰਦੀ ਹੈ।

## ਗੁਰੂ

ਕਿਸੇ ਵੀ ਜੀਵਾਤਮਾ ਨੂੰ ਭਵਸਾਗਰ ਪਾਰ ਉਤਰਨ ਲਈ ਪ੍ਰੇਰਨਾ ਲੈਣ ਦੀ ਲੋੜ ਪੈਂਦੀ ਹੈ ਭਾਵ ਗੁਰੂ ਧਾਰਨ ਕਰਨਾ ਪੈਂਦਾ ਹੈ। ਗੁਰੂ ਸਾਨੂੰ ਪਰਮਾਤਮਾ ਤੱਕ ਪਹੁੰਚਣ ਦਾ ਰਸਤਾ ਦੱਸਦਾ ਹੈ ਸਾਡੇ ਮੈਲਨੇ ਵਿਚਾਰਾਂ ਤੋਂ ਮੁਕਤੀ ਦਿਵਾਉਂਦਾ ਹੈ। ਸਾਡੇ ਵਿਚ ਪਰਮਾਤਮਾ ਨੂੰ ਮਿਲਣ ਲਈ ਉਤਸੁਕਤਾ ਪੈਦਾ ਕਰਦਾ ਹੈ। ਅੱਜ ਤੱਕ ਸਾਡੇ ਜਿੰਨ੍ਹੇ ਵੀ ਰਿਸ਼ੀ, ਮੁਨੀ, ਪੀਰ-ਫਕੀਰ, ਸੰਤ-ਮਹਾਤਮਾ ਹੋਏ ਸਭ ਨੇ ਇਸ ਪਰੰਪਰਾ ਨੂੰ ਮੰਨਿਆ, ਪੁਰਾਤਨ ਗ੍ਰੰਥ 'ਭਗਤਮਾਲ' ਵਿਚ ਰਾਮਾਨੰਦ ਦੇ ਬਾਰ੍ਹਾਂ ਚੇਲੇ ਗਿਣੇ ਗਏ ਹਨ ਜਿਨ੍ਹਾਂ ਵਿਚੋਂ ਰਵਿਦਾਸ ਵੀ ਇਕ ਸਨ। ਪੰਡਤ ਰਾਮ ਚੰਦਰ ਸ਼ੁਕਲ ਚੇਲਿਆਂ ਦੇ ਨਾਮ ਇਸ ਪ੍ਰਕਾਰ ਦੱਸਦੇ ਹਨ- ਅਨੰਤਾਨੰਦ, ਸੁਖਾਨੰਦ, ਸੁਰਸੁਰਾਨੰਦ, ਨਰਹਰਿ ਆਨੰਦ, ਭਾਵਾਨੰਦ, ਪੀਪਾ, ਕਬੀਰ, ਸੇਨ, ਧੰਨਾ, ਰੈਦਾਸ, ਪਦਮਾਵਤੀ ਅਤੇ ਸੁਰਸਰੀ। ਰਵਿਦਾਸ ਵੈਸ਼ਨਵ ਮੱਤ ਦੇ ਆਰਾਧੀਆ ਰਾਮਾਨੰਦ ਦੇ ਚੇਲੇ ਅਤੇ ਕਬੀਰ ਦੇ ਸਮਕਾਲੀ ਸਨ। ਰਵਿਦਾਸ ਦੀ ਗੁਰੂ-ਪਰੰਪਰਾ ਇਉਂ ਹੈ:-

ਸ੍ਰੀ ਰਾਮਾਨੁਜ
|
ਸ੍ਰੀ ਦੇਵਾ ਨੰਦ
|
ਸ੍ਰੀ ਹਰਿਆ ਨੰਦ

|

ਸ੍ਰੀ ਰਾਮਾਨੰਦ

|

ਭਗਤ ਰਵਿਦਾਸ

ਰੂਹਾਨੀ ਦੁਨੀਆਂ ਵਿਚ ਗੁਰੂ ਦੀ ਮਹੱਤਾ ਤੋਂ ਸਭ ਹੀ ਜਾਣੂ ਹਨ। ਸੁਆਮੀ ਰਾਮਾਨੰਦ ਆਪਣੇ ਵੇਲੇ ਦੇ ਪਹੁੰਚੇ ਹੋਏ ਮਹਾਤਮਾ ਸਨ ਜੋ ਇਸ ਗੱਲ ਦੇ ਹਾਮੀ ਸਨ ਕਿ ਜਾਤ-ਪਾਤ ਕੁਝ ਨਹੀਂ ਹੁੰਦੀ। ਪ੍ਰਭੂ ਦੇ ਦਰਬਾਰ ਵਿਚ ਤਾਂ ਕੀਮਤ (ਹਰਿ ਦੇ ਭਜਨ) ਦੀ ਹੀ ਪੈਂਦੀ ਹੈ ਅਤੇ "ਜਾਤ ਪਾਤ ਪੂਛੈ ਨਹਿ ਕੋਇ, ਹਰਿ ਕੋ ਭਜੈ ਸੋ ਹਰਿ ਕਾ ਹੋਇ" ਦਾ ਸਿਧਾਂਤ ਲੈ ਕੇ ਆਮ ਜਨਤਾ ਵਿਚ ਪ੍ਰਚਾਰ ਕਰਦੇ ਸਨ। ਉਨ੍ਹਾਂ ਦੇ ਸ਼ਿਸ਼ਾਂ ਵਿਚੋਂ ਕਬੀਰ, ਰਵਿਦਾਸ, ਸੈਨ, ਧੰਨਾ ਆਦਿ ਬਾਰ੍ਹਾਂ ਸ਼ਿਸ਼ਾਂ ਵਿਚੋਂ ਗਿਣੇ ਜਾਂਦੇ ਹਨ। ਜਨਮ ਵੇਲੇ ਹੀ ਬਾਲਕ ਰਵਿਦਾਸ ਦੁੱਧ ਨਹੀਂ ਚੁੰਘਦੇ ਸਨ। ਜਿਸ ਵੇਲੇ ਸੁਆਮੀ ਰਾਮਾਨੰਦ ਘਰ ਪਧਾਰੇ ਤਾਂ ਸਿਰਫ ਬਾਲਕ ਨੇ ਹੀ ਦੁੱਧ ਪੀਣਾ ਸ਼ੁਰੂ ਕੀਤਾ ਸਗੋਂ ਗੁਰੂ ਧਾਰਿਆ ਵੀ ਸਹੀ।[59] 'ਅਥ ਰੈਦਾਸ ਪਰਚਈ' ਵਿਚ ਆਪਣੇ ਗੁਰੂ ਬਾਰੇ ਬਿਆਨ ਕੀਤਾ ਗਿਆ ਹੈ —

ਹਰਿ ਕੋ ਕਥਾ ਕਹੀ ਸਮਝਾਈ। ਜੋ ਪਾਛੈ ਤੇ ਹੋਤੀ ਆਈ।
ਅਰਧ ਰਾਤਿ ਭਈ ਅਕਾਸ਼ੈ ਬਾਨੀ। ਤਬ ਰਾਮਾਨੰਦ ਮਨ ਮਹਿ ਜਾਨੀ।
ਚਮਰਾ ਕੇ ਘਰਿ ਡੇਰਾ ਜਾਇਆ, ਸੋ ਮੇਰਾ ਜਨ ਸੋਤਰਿ ਆਇਆ।
ਕ੍ਰਿਪਾਵੰਤ ਹੈ ਦਰਸ਼ਨ ਦੇਹੁ। ਬਾਲਕ ਮਰਤ ਰਾਖਿ ਤੁਮ ਲੇਹੁ।[60]

ਪ੍ਰਿਆਦਾਸ ਲਿਖਦੇ ਹਨ ਕਿ ਰਾਮਾਨੰਦ ਨੇ ਰਵਿਦਾਸ ਨੂੰ ਰਾਮ ਨਾਮ ਦੀ ਦੀਖਿਆ ਦਿਤੀ ਤੇ ਰਵਿਦਾਸ ਸੰਤ ਰਵਿਦਾਸ ਬਣ ਗਏ ਪਰ ਆਪ ਕਬੀਰ ਦੀ ਤਰ੍ਹਾਂ ਨਿਰਗੁਣਵਾਦੀ ਈਸ਼ਵਰ ਨੂੰ ਮੰਨਣ ਵਾਲੇ ਸਨ। ਸਵਾਮੀ ਦੇ ਸ਼ਿਸ਼ ਨਿਰਗੁਣਵਾਦੀ ਈਸ਼ਵਰ ਨੂੰ ਮੰਨਣ ਵਾਲੇ ਸਨ। ਸਵਾਮੀ ਦੇ ਸ਼ਿਸ਼ ਨਿਰਗੁਣਵਾਦੀ ਈਸ਼ਵਰ ਨੂੰ ਮੰਨਣ ਵਾਲੇ ਸਨ। ਸਵਾਮੀ ਦੇ ਸ਼ਿਸ਼ ਸਰਗੁਣਵਾਦੀ ਵੀ ਸਨ ਤੇ ਨਿਰਗੁਣਵਾਦੀ ਵੀ ਕਿਉਂ ਕਿ ਰਾਮਾਨੰਦ ਦੋਨਾਂ ਦਾ ਸਮਰਥਨ ਕਰਦੇ ਸਨ। ਅਨੰਤਦਾਸ ਦੀ 'ਕਬੀਰ ਪਰਚਈ' ਅਨੁਸਾਰ ਰਵਿਦਾਸ

ਕਬੀਰ ਨੂੰ ਆਪਣੇ ਗੁਰੂ ਵੱਜੋਂ ਮੰਨਦੇ ਸਨ:—

ਤਬ ਰੈਦਾਸ ਵਿਚਾਰੀ ਬਾਤਾ
ਗੁਰੂ ਸਮਾਨ ਕਬੀਰ ਬਹੁ ਭਰਾਤਾ।

ਅਨੰਤਦਾਸ 'ਭਗਤ ਰਤਨਾਵਲੀ' ਵਿਚ ਰਵਿਦਾਸ ਨੂੰ ਕਬੀਰ ਦੇ ਨਾਲ ਹੀ ਰਾਮਾਨੰਦ ਦਾ ਸ਼ਿਸ਼ ਸਵੀਕਾਰ ਕਰਦੇ ਹਨ। ਸ੍ਰੀ ਕੇ.ਐਨ. ਉਪਾਧਿਆਇ ਲਿਖਦੇ ਹਨ — ਇਹ ਸੰਭਵ ਹੈ ਕਿ ਰਵਿਦਾਸ ਰਾਮਾਨੰਦ ਨੂੰ ਆਪਣੀ ਪਹਿਲੀ ਉਮਰ ਵਿਚ ਮਿਲੇ ਹੋਣ ਅਤੇ ਉਨ੍ਹਾਂ ਦਾ ਆਪਣੇ ਗੁਰੂ ਦੀ ਤਰ੍ਹਾਂ ਸਤਿਕਾਰ ਕੀਤਾ ਹੋਵੇ।[61] ਆਚਾਰੀਆ ਪਰਸ਼ੂ ਰਾਮ ਚਤੁਰਵੇਦੀ ਲਿਖਦੇ ਹਨ:—

(ੳ) ਭਵਿਸ਼ ਪੁਰਾਣ ਵਿਚ ਲਿਖਿਆ ਹੈ ਕਿ ਮਾਨਦਾਸ ਚਮਾਰ ਪੁੱਤਰ ਰੈਦਾਸ ਨੇ ਕਾਸ਼ੀ ਵਿਚ ਰਾਮ ਭਗਤ ਕਬੀਰ ਸ਼ਾਸਤਾਰਥ ਵਿਚ ਹਰਾਇਆ ਸੀ ਪਰ ਆਪ ਸੰਸਕਾਰਵਾਦੀਆਂ ਤੋਂ ਹਾਰ ਗਏ ਜਿਸਤੋਂ ਉਪਰੰਤ ਇਨ੍ਹਾਂ ਨੇ ਸੁਆਮੀ ਰਾਮਾਨੰਦ ਦਾ ਸ਼ਿਸ਼ਤਵ ਗ੍ਰਹਿਣ ਕਰ ਲਿਆ।[62]

(ਅ) ਰਵਿਦਾਸ ਗੁਰੂ ਪਰੰਪਰਾ ਵਿਚ ਰਾਮਾਨੰਦ ਅਤੇ ਉਸਤੋਂ ਵੀ ਪੂਰਬ ਰਾਮਾਨੁਜ ਦਾ ਨਾਮ ਲਿਆ ਜਾਂਦਾ ਹੈ। ਵਿਦਵਾਨ ਇਸ ਸੰਬੰਧੀ ਇਕਮੱਤ ਨਹੀਂ ਜਾਪਦੇ ਕਿ ਰਵਿਦਾਸ ਰਾਮਾਨੰਦ ਦੇ ਸ਼ਿਸ਼ ਸਨ। ਕਈਆਂ ਨੇ ਇਸ ਸੰਬੰਧੀ ਸੰਦੇਹ ਪ੍ਰਗਟ ਕੀਤਾ ਹੈ।[63]

(ੲ) ਰਾਮਾਨੰਦ ਦੇ ਬਾਰ੍ਹਾਂ ਸ਼ਿਸ਼ਾਂ ਵਿਚ ਰੈਦਾਸ ਵੀ ਮੰਨੇ ਜਾਂਦੇ ਹਨ ਇਉਂ ਜਾਪਦਾ ਹੈ ਕਿ ਆਪ ਕਬੀਰ ਤੋਂ ਬਹੁਤ ਚਿਰ ਬਾਅਦ ਰਾਮਾਨੰਦ ਦੇ ਸ਼ਿਸ਼ ਹੋਏ ਕਿਉਂਕਿ ਆਪਨੇ ਇਕ ਪਦ ਵਿਚ ਕਬੀਰ ਅਤੇ ਸੈਨ ਨਾਈ ਦੋਹਾਂ ਦੇ ਤਰਨ ਦਾ ਜ਼ਿਕਰ ਕੀਤਾ ਹੈ।[64]

(ਸ) ਨਿਸ਼ਚੇ ਹੀ ਉਨ੍ਹਾਂ ਦਾ ਜਨਮ ਬਨਾਰਸ ਨਿਵਾਸ ਹੋਣ ਕਾਰਨ ਹੀ ਸੁਆਮੀ ਰਾਮਾਨੰਦ ਦੇ ਮਹੱਤਵ ਤੋਂ ਪਰੇਰਿਤ ਹੋ ਕੇ ਉਨ੍ਹਾਂ ਦੇ ਸ਼ਿਸ਼ ਹੋ ਗਏ ਹੋਣਗੇ।[65]

(ਹ) ਰਾਮਾਨੰਦ ਦੇ ਪ੍ਰਮੁੱਖ ਸ਼ਿਸ਼ਾਂ ਵਿਚੋਂ ਇਕ ਰਵਿਦਾਸ ਵੀ ਸੀ।[56] ਕਈ ਵਿਦਵਾਨਾਂ ਨੂੰ ਰਾਮਾਨੰਦ ਦੇ ਗੁਰੂ ਹੋਣ ਬਾਰੇ ਭੁਲੇਖਾ ਹੈ। ਡਾ. ਪਦਮ ਅਨੁਸਾਰ —" ਜਦ ਤੱਕ ਕੋਈ ਠੋਸ ਪ੍ਰਮਾਣ ਨਾ ਮਿਲ ਜਾਵੇ ਤਦ ਤੱਕ ਪਰਮਾਤਮਾ ਨੂੰ ਹੀ ਇਨ੍ਹਾਂ ਦਾ ਗੁਰੂ ਮੰਨਣਾ ਚਾਹੀਦਾ ਹੈ।[57]

ਦਰਸ਼ਨ ਸਿੰਘ ਤੇ ਦੇਵਿੰਦਰ ਵਿਦਿਆਰਥੀ 'ਪਰਮਾਨੰਦ' ਨੂੰ ਇਨ੍ਹਾਂ ਦਾ ਗੁਰੂ ਮੰਨਦੇ ਹਨ ਵਿਦਿਆਰਥੀ ਅਨੁਸਾਰ — ਇਕ ਥਾਂ ਤੇ 'ਪਰਮਾਨੰਦ' ਦੀ ਵਰਤੋਂ ਇਸ ਪ੍ਰਕਾਰ ਕੀਤੀ ਗਈ ਹੈ ਕਿ ਉਸਦੇ 'ਗੁਰੂ ਨਾਮ' ਹੋਣ ਦਾ ਅਨੁਮਾਨ ਕੀਤਾ ਜਾ ਸਕਦਾ ਹੈ।[58]

ਰਵਿਦਾਸ ਦਾਸ ਉਦਾਸ ਤਜੁ ਭ੍ਰਮ
ਤਪਨ ਤਪੁ ਗੁਰ ਗਿਆਨ।
ਭਗਤ ਜਨ ਭੈ ਹਰਨ
ਪਰਮਾਨੰਦ ਕਰਹੁ ਪਛਾਨ।।[59]

ਡਾ. ਪਦਮ ਨੇ ਨਵੀਂ ਪ੍ਰਾਪਤ ਬਾਣੀ ਨੂੰ ਨਾ ਹੀ ਪੜ੍ਹਿਆ ਹੈ ਤੇ ਨਾ ਬਹੁਤੀ ਖੋਜ ਕੀਤੀ ਹੈ। ਦਰਸ਼ਨ ਸਿੰਘ ਤੇ ਦੇਵਿੰਦਰ ਵਿਦਿਆਰਥੀ ਬਾਣੀ ਨੂੰ ਸਮਝਣ ਵਿਚ ਨਾਕਾਮ-ਯਾਬ ਰਹੇ ਭਗਵਾਨ ਨੂੰ ਸੰਬੋਧਿਤ ਸ਼ਬਦ ਨੂੰ 'ਪਰਮਾਨੰਦ' ਗੁਰੂ ਦਾ ਨਾਮ ਦੇ ਦਿਤਾ ਬਾਣੀ ਦੀ ਇਕ ਤੁੱਕ ਨੂੰ ਲੈ ਕੇ ਉਨ੍ਹਾਂ ਦਾ ਗੁਰੂ ਨਿਰਧਾਰਿਤ ਕਰਨਾ ਠੀਕ ਗੱਲ ਨਹੀਂ।

ਇਕ ਪੱਖ ਰਾਮਾਨੰਦ ਨੂੰ ਗੁਰੂ ਮੰਨਦਾ ਤੇ ਕੁਝ ਪਰਮਾਨੰਦ ਨੂੰ। ਪਰਮਾਨੰਦ ਰਵਿਦਾਸ ਤੋਂ ਮਗਰੋਂ ਹੋਇਆ ਇਤਿਹਾਸਿਕ ਤੌਰ ਤੇ ਅਸੀਂ ਕਿਵੇਂ ਉਨ੍ਹਾਂ ਨੂੰ ਰਵਿਦਾਸ ਦਾ ਗੁਰੂ ਮੰਨ ਸਕਦੇ ਹਾਂ। ਮਗਰੋਂ ਆਉਣ ਵਾਲਾ ਇਨਸਾਨ ਕਿਵੇਂ ਉਨ੍ਹਾਂ ਦਾ ਗੁਰੂ ਹੋ ਸਕਦਾ ਹੈ।

ਡਾ. ਧਰਮਪਾਲ ਸੈਣੀ, ਭਾਈ ਜੋਧ ਸਿੰਘ, ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਮੈਕਾਲਿਫ, ਹਜਾਰੀ ਪ੍ਰਸਾਦ ਦ੍ਵਿਵੇਦੀ ਸਾਰੇ ਰਾਮਾਨੰਦ ਨੂੰ ਆਪਦਾ ਗੁਰੂ ਮੰਨਦੇ ਹਨ। ਰਵਿਦਾਸ ਬਾਣੀ ਵਿਚੋਂ ਇਸਦਾ ਹਵਾਲਾ ਮਿਲਦਾ ਹੈ:—

ਮਾਯਾ ਮੋਹਿਲਾ ਕਾਨ੍ਹ, ਮੈਂ ਜਨ ਸੇਵਕ ਤੇਰਾ।
ਸੰਸਾਰ ਪ੍ਰੀਤ ਹੈ ਦਯਾਕੁਲ ਰਾਮਾਨੰਦਾ, ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਵਿੰਦਾ
'ਰਵਿਦਾਸ' ਬਿਨਵੈ ਕਰ ਜੋਰੀ ਅਵਿਗਤ ਨਾਥ ਕਵਨ ਗਤਿ ਮੋਰੀ।[70]

ਅਨਿਕ ਬਾਰੁ ਜੰਮੇ ਅਰੁ ਮਰਿਐ, ਫੁਨਿ ਹੈ ਭ੍ਰਮਿ ਨ ਪਰਿ ਹੈ
ਪਤਰਿ ਨਾਵ ਖੇਵਟਿਆ ਗੁਰੂ ਰਾਮਾ, ਨਾਮ ਲੇਤ ਹੀ ਤਰਿ ਹੈ।[71]

ਦਾਸ ਰਵਿਦਾਸ ਯਹ ਕਾਲ ਦਯਾਕੁਲ ਭਯੋ,
ਤ੍ਰਾਹਿ ਤ੍ਰਾਹਿ ਗੁਰੂ ਰਾਮਾ ਆਨੰਦਨ ਮੋਰੇ।[72]

ਜਬ ਰਾਮ ਨਾਮ ਕਹਿ ਗਾਵੈਗਾ,
ਰਰੰਕਾਰ ਰਹਿਤ ਸਬਹਿਨ ਮੈਂ, ਅੰਤਰ ਮੇਲ ਮਿਲਾਵੈਗਾ।[73]

ਅਨੇਕ ਅਧਮ ਜੀਵ ਨਾਵੇਂ ਗੁਨਿ ਉਧਰੈ,
ਪਤਿਤ ਪਾਵਨ ਭਏ ਪਰਸਿ ਸਾਰੰ।
ਭਣਤ 'ਰਵਿਦਾਸ' ਰਰੰਕਾਰ ਗੁਣ ਗਾਵਤ,
ਸੰਤ ਸਾਧੂ ਭਏ ਸਹਿਜ ਪਾਰੰ।[74]

ਡਾ. ਧਰਮਪਾਲ ਸਿੰਗਲ ਲਿਖਦੇ ਹਨ — ਗੁਰੂ ਰਾਮਾਨੰਦ ਤੋਂ 'ਰੰ ਰਾਮਾਇ ਨਮ: 'ਅਤੇ ਰਾਮ ਨਾਮ ਦਾ ਗੁਰੂ ਮੰਤਰ ਲੈਣ ਤੇ ਪਾਰ ਪਾਉਣ ਦਾ ਜਿਕਰ ਵੀ ਕਈ ਥਾਂ ਤੇ ਆਇਆ। ਗੁਰੂ ਮੰਤਰ ਦੀ ਇਕ ਅਜਿਹੀ ਵਿਸ਼ੇਸ਼ ਮਹੱਤਾ ਹੈ ਜਿਸਨੂੰ ਕੋਈ ਹੀ ਸਮਝ ਸਕਦੈ। ਰਵਿਦਾਸ ਨੂੰ ਗੁਰੂ ਮੰਤਰ ਆਪਣੇ ਗੁਰੂ ਰਾਮਾਨੰਦ ਤੋਂ ਪ੍ਰਾਪਤ ਹੋਇਆ।[75]

ਰੰ ਰਾਮ ਮੋਹਿੰ ਗੁਰੂ ਰਾਮਾ ਦੀਨਹੋਂ, ਨਾਹਿ ਇਹ ਮੰਤਰ ਵਿਸਾਰਉਂ
ਕਹੈ 'ਰਵਿਦਾਸ' ਰਰੰਕਾਰ ਜਪਤਹਿੰ, ਭੈ ਸਾਗਰ ਤਰਿ ਜਾਉਂ।[76]

ਰੇ ਪਾਯੋ ਰੰ ਰਾਮ ਅਮੀ ਰਸ।
ਰਸ ਜਿਨਿ ਮਗਨ ਹ੍ਵੈ ਰਹਿਯਾ, ਰਰੰਕਾਰ ਰਾਖੈ ਨਿਤ ਰਸਨਾ।
ਇਹ ਰਸ ਪੀਵ ਰਾਮ ਰਸ ਬੂਝੈ, ਆਪੁ ਮਗਨ ਰਹਿਵੈ ਦਿਨ ਰੈਨਾ।
ਲੋਕ ਰਸ ਲਾਗਿ ਬਿਖੈ ਬਿਖ ਦੇਤੀ, ਭਣੈਂ ਰਾਮ ਭੌਜਲ ਨਹੀ ਬਹਨਾ

ਅਭਿਅੰਤਰ ਭਜੈ ਨਿਤ ਅਵਿਰਤ, ਸ੍ਰਿਹਿ ਕੁਪਾਇ ਅੰਤਰਿ ਭੈ ਤਰਨਾ।[77]

ਇਨ੍ਹਾਂ ਬਾਰੇ ਬੀ.ਪੀ.ਸ਼ਰਮਾ ਲਿਖਦੇ ਹਨ — " ਰਾਂ ਰਾਮਾਯ ਨਮ:" ਅਤੇ " ਸ੍ਰੀ ਰਾਮਾਯ ਨਮ:" ਛੇ ਅੱਖਰੀ ਇਨ੍ਹਾਂ(ਰਾਮਾਨੰਦ) ਦਾ ਮੂਲ ਮੰਤਰ ਹੈ ਇਸ ਪਿਛੋਂ "ਸ੍ਰੀ ਰਾਮ ਚੰਦਰਚਰਣੌਂ ਸ਼ਰਣ ਪ੍ਰਪਦਯੇ " ਆਵਾਹਨ ਹੁੰਦਾ ਹੈ। ਇਸ ਛੇ ਅੱਖਰੀ ਮੰਤਰ ਦਾ ਰਾਮਾਨੰਦੀ ਸੰਪ੍ਰਦਾਇ ਵਿਚ ਬਹੁਤ ਮਹੱਤਵ ਹੈ, ਵੈਸੇ ਮੰਤਰਾਂ ਵਿਚ ਜਿੰਨੀ ਮਹੱਤਾ 'ਓਮ' ਦੀ ਹੈ ਇਸ ਨਾਲੋਂ ਵੀ ਕਿਤੇ ਵਧ ਹੋ 'ਰਾਂ' ਨੂੰ ਮਹੱਤਵ ਦਿਤਾ ਗਿਆ ਹੈ ਇਸਦਾ ਕਾਰਨ ਸ਼ਾਇਦ ਇਸ ਸੰਪ੍ਰਦਾਇ ਉਤੇ ਤਾਂਤ੍ਰਿਕ ਵਿਦਿਆ ਦਾ ਪ੍ਰਭਾਵ ਪ੍ਰਤੀਤ ਹੁੰਦਾ ਹੈ।

ਹੁਣ ਤਕ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਰਵਿਦਾਸ ਦੇ ਗੁਰੂ ਰਾਮਾਨੰਦ ਹੀ ਸਨ। ਇਸ ਪਿਛੇ 'ਭਵਿਸ਼ ਪੁਰਾਣ' ਅਤੇ ਭਗਤਮਾਲ ਦੀ ਗਵਾਹੀ ਕੰਮ ਕਰਦੀ ਹੈ। ਬਾਣੀ ਦੀ ਅੰਦਰਲੀ ਗਵਾਹੀ ਤੋਂ ਵੀ ਇਨ੍ਹਾਂ ਦੇ ਗੁਰੂ ਹੋਣ ਦੇ ਪ੍ਰਮਾਣ ਮਿਲਦੇ ਹਨ।

## ਸਿੱਖੀ ਸੇਵਕੀ

ਰਵਿਦਾਸ ਦੇ ਗੁਰੂ ਦੀ ਤਰ੍ਹਾਂ ਖੁਦ ਰਵਿਦਾਸ ਦੇ ਗੁਰੂ ਹੋਣ ਬਾਰੇ ਵੀ ਸ਼ੱਕ ਪੈਦਾ ਹੁੰਦਾ ਹੈ ਕਿ ਆਪਦੇ ਸ਼ਿਸ਼ ਕਿਹੜੇ ਸਨ ਜਿਨ੍ਹਾਂ ਨੂੰ ਆਪਨੇ ਗੁਰੂ ਦੀਖਿਆ ਦਿੱਤੀ। ਕਈ ਲੇਖਕ ਆਪਨੂੰ ਗੁਰੂ ਨਹੀਂ ਮੰਨਦੇ ਉਨ੍ਹਾਂ ਨੂੰ ਗੁਰੂ ਕਹਿਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹਨ ਪਰ ਹੁਣ ਤਕ ਦੀ ਖੋਜ ਉਪਰੰਤ ਇਹ ਸਿੱਧ ਹੋ ਚੁੱਕਾ ਹੈ ਕਿ ਆਪ ਗੁਰੂ ਤਾਂ ਸਨ ਹੀ ਸਗੋਂ ਆਪਦੇ ਸ਼ਿਸ਼ਾਂ ਦਾ ਜ਼ਿਕਰ ਵੀ ਮਿਲਦਾ ਹੈ। ਜਿਨ੍ਹਾਂ ਵਿਚੋਂ ਮਹਾਰਾਣੀ ਝਾਲੀ ਬਾਈ, ਮਹਾਰਾਣਾ ਸਾਂਗਾ, ਪਰਮਭਗਤ ਮੀਰਾ, ਰੀਵਾ ਨਰੇਸ਼ ਵੀਰਦੇਵ ਸਿੰਘ ਬਘੇਲਾ ਆਦਿ ਨੂੰ ਗੁਰੂ ਰਵਿਦਾਸ ਦੇ ਸ਼ਿਸ਼ ਮੰਨਿਆ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਚਿਤੌੜ ਦੀ ਰਾਣੀ ਝਾਲੀ ਜੋ ਦਾਨ, ਧਰਮ ਅਤੇ ਸਤਿਸੰਗ ਵਿਚ ਵਿਸ਼ਵਾਸ ਰੱਖਦੀ ਆਪਣੇ ਗੁਰੂ ਦੀ ਤਲਾਸ਼ ਵਿਚ ਭਟਕ ਰਹੀ ਸੀ।

ਉਸਨੇ ਇਕ ਭਗਤ ਨੂੰ ਬੁਲਾ ਕੇ ਪੁੱਛਿਆ ਕਿ ਉਹ ਚੌਹਾਂ ਦਿਸ਼ਾਵਾਂ ਵੱਲ ਧਿਆਨ ਲਾ ਕੇ ਦੱਸੇ ਕਿ ਉਹ ਕਿਥੇ ਜਾ ਕੇ ਕਿਹੜੇ ਗੁਰੂ ਕੋਲੋਂ ਦੀਖਿਆ ਲਵੇ। ਉਸਨੇ ਕਿਹਾ ਕਿ ਕਾਸ਼ੀ ਨਗਰ ਵਿਚ ਰੈਦਾਸ ਨਾਮ ਦਾ ਭਗਤ ਹੈ ਜੇ ਮੈਂ ਉਸਨੂੰ ਚਮਾਰ ਕਹਿੰਦਾ ਹਾਂ ਤਾਂ ਮੈਨੂੰ ਸ਼ਰਮ ਆਉਂਦੀ ਹੈ। ਰਾਣੀ ਨੇ ਰਵਿਦਾਸ ਦਾ ਪਤਾ ਲੱਭਿਆ। ਆਪ ਕਾਸ਼ੀ ਚਲੀ ਗਈ ਅਤੇ ਦੀਖਿਆ ਲੈ ਲਈ। ਇਸ ਗੱਲ ਦੀ ਗਵਾਹੀ ਸਾਨੂੰ 'ਰੈਦਾਸ ਪਰਚਈ' ਗ੍ਰੰਥ ਦੇ ਦੋਹਿਆਂ ਵਿਚੋਂ ਮਿਲਦੀ ਹੈ।[78] ਮਹਾਰਾਣੀ ਝਾਲੀ ਦੇ ਗੁਰੂ ਧਾਰਨ ਕਰਨ ਤੇ ਬ੍ਰਾਹਮਣਾਂ ਨੇ ਈਰਖਾ ਕੀਤਾ। ਰਾਜੇ ਕੋਲ ਸ਼ਿਕਾਇਤ ਉਪਰੰਤ ਰਵਿਦਾਸ ਨੂੰ ਮਿਲੇ ਤੇ ਆਪਣੇ ਜਾਤਪਾਤ ਤੋਂ ਉਪਰ ਉੱਠਕੇ ਭਗਤੀ ਨੂੰ ਅਹਿਮੀਅਤ ਦਿੱਤੀ। ਅਜਿਹੇ ਹੀ ਭਾਵ ਇਸ ਸ਼ਬਦ ਵਿਚੋਂ ਨਜ਼ਰ ਆਉਂਦੇ ਹਨ:-

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ।
ਰੇ ਚਿਤ ਚੇਤਿ ਅਚੇਤ। ਕਾਹੇ ਨ ਬਾਲਮੀਕਹਿ ਦੇਖ
ਕਿਸ ਜਾਤ ਤੇ ਕਿਹ ਪਦਹਿ ਅਮਰਿਉ
ਰਾਮ ਭਗਤਿ ਬਿਸੇਖ।
ਸੁਆਨ ਸਤ੍ਰ ਅਜਾਤ ਸਭ ਤੇ ਕ੍ਰਿਸ਼ਨ ਲਾਵੈ ਹੇਤੁ
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ਼।[79]

ਆਪਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਰਾਜਾ ਆਪਦਾ ਸ਼ਿਸ਼ ਬਣ ਗਿਆ। ਰਾਣੀ ਨੇ ਆਪਨੂੰ ਚਿਤੌੜ ਬੁਲਾਇਆ। ਆਪਨੇ ਮੀਰਾ ਭੋਜ ਦੇ ਵਿਆਹ ਸਮੇਂ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ।

ਪੰਦਰਹਾ ਸੈ ਤਿਹੱਤਰੈ ਬੈਸਾਖੀ। ਜਨ ਦੂਦਾ ਭਯੇ ਚਿਤੌਰੈ ਸਾਖੀ।
ਬਾਲਿ ਮੀਰਾ ਸੰਗਿ ਕਰਿ ਲੀਨ੍ਹਾ, ਕੁੰਭ ਦਿਵਾਲੈ ਮਹੋਛਾ ਕੀਨ੍ਹਾ।139।

ਦੋਹਾ– ਮੀਰਾ ਭੋਜ ਪਰਣਯ ਭਯੋ ਰਹੈ ਮਹੋਛੇ ਰੰਗ।
ਮਨ ਭਰ ਰੈਦਾਸ ਆਸ਼ਿਸ ਦਯੋ, ਭਯੇ ਵਿਸ਼ਨ ਜਨ ਇਕ ਰੰਗ।190।।

ਚਿਤੌੜ ਦੀ ਮੀਰਾ ਬਾਈ ਨੇ ਆਪਣੀ ਸੱਸ ਰਾਣੀ ਝਾਲੀ ਅਤੇ ਪਤੀ ਨਾਲ ਸੰਤ ਰਵਿਦਾਸ ਤੋਂ ਗੁਰੂ ਦੀਖਿਆ ਲਈ।[80]

ਪ੍ਰਿਯਾਦਾਸ ਨੇ ਰਾਣੀ ਝਾਲੀ ਨੂੰ ਉਨ੍ਹਾਂ ਦੀ ਸਿਸ ਮੰਨਿਆ ਪਰ ਮੀਰਾ ਨੂੰ ਉਨ੍ਹਾਂ ਦੀ ਸਿਸ ਨਹੀਂ ਲਿਖਿਆ।[81]

ਮੀਰਾ ਬਾਈ[82] ਬਾਰੇ ਪੁਸਤਕ ਛਪ ਕੇ ਸਾਡੇ ਸਾਹਮਣੇ ਆਈ ਹੈ ਜਿਸ ਵਿਚ ਮੀਰਾ ਅਤੇ ਰਾਣੀ ਝਾਲੀ ਬਾਰੇ ਇਸ ਤਰ੍ਹਾਂ ਬਿਆਨ ਕੀਤਾ।" ਮੀਰਾ ਦੇ ਗੁਰੂ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹੈ। ਨਾਭਾਦਾਸ ਨੇ ਆਪਣੀ 'ਭਗਤਮਾਲ' ਵਿਚ ਸੰਤ ਰਵਿਦਾਸ ਨੂੰ ਰਾਮਾਨੰਦ (1239–1410)[83] ਦਾ ਸਿਸ ਮੰਨਿਆ ਹੈ।"

'ਭਗਤਮਾਲ' ਵਿਚ ਸਿਰਫ ਇਕ ਥਾਂ ਹੀ ਐਸਾ ਵਰਨਣ ਆਉਂਦਾ ਹੈ। ਜਿਸ ਵਿਚ ਰਾਮਾਨੰਦ ਦੇ ਸਿਸਾਂ ਦੇ ਨਾਂ ਦਿੱਤੇ ਗਏ ਹਨ, ਇਨ੍ਹਾਂ ਵਿਚ ਰਵਿਦਾਸ ਦਾ ਵੀ ਨਾਮ ਹੈ।

ਸੰਤ ਪਰੰਪਰਾ ਅਨੁਸਾਰ ਰਵਿਦਾਸ ਜਾਂ ਰੈਦਾਸ, ਕਬੀਰ(1399–1518 ਈ.) ਦੇ ਸਿੱਖ ਸਨ। ਰਵਿਦਾਸ ਦੇ ਜੀਵਨ ਤੇ ਵਿਦਵਾਨ ਅਜੇ ਵੀ ਖੋਜ ਕਰ ਰਹੇ ਹਨ ਤਾਂ ਵੀ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਮੀਰਾ ਦੇ ਜੀਵਨ ਦੇ ਪਹਿਲੇ 34 ਜਾਂ 42 ਵਰ੍ਹਿਆਂ ਤੱਕ ਉਸਦੇ ਸਮਕਾਲੀ ਸਨ। - - - ਮੀਰਾ ਨੇ ਕੁਝ ਪਦਾਂ ਵਿਚ ਆਪਣੇ ਗੁਰੂ ਰਵਿਦਾਸ ਦਾ ਜਿਕਰ ਕੀਤਾ ਹੈ:–

ਨਹਿ ਮੈਂ ਪੀਹਰ ਸਾਸਰੇ, ਨਹਿ ਪਿਯਾ ਜੀ ਰੀ ਸਾਥ।
ਮੀਰਾ ਨੇ ਗੋਬਿੰਦ ਮਿਲਯਾ ਜੀ, ਗੁਰੂ ਮਿਲਿਆ ਰੈਦਾਸ।[84]

ਰਵਿਦਾਸ ਵਰਗੇ ਸੰਤ ਗੁਰੂ ਦੇ ਰੂਪ ਵਿਚ ਮਿਲ ਗਏ ਮੈਂ ਉਨ੍ਹਾਂ ਦੇ ਦਿੱਤੇ ਨਾਮ ਨੂੰ ਕਦੇ ਨਹੀਂ ਛੱਡਾਂਗੀ:–

ਗੁਰੂ ਮਿਲਯਾ ਮਾਨੋ ਰੈਦਾਸ: ਨਾਮ ਨਹੀ ਛੋਡੂੰ।[35]

ਔਰ ਇਸੇ ਕਿਤਾਬ ਵਿਚ ਮੀਰਾ ਦੀ ਚਿਤੌੜ ਯਾਤਰਾ ਅਤੇ ਰਵਿਦਾਸ ਨਾਲ ਸੰਬੰਧਾਂ ਦਾ ਜਿਕਰ ਮਿਲਦਾ ਹੈ:-

(1) ਸਾਧੂ ਸੰਤਾਂ ਨਾਲ ਲਗਾਤਾਰ ਉਠਣਾ ਬੈਠਣਾ ਅਤੇ ਸ਼ੂਦਰ ਗੁਰੂ ਸੰਤ ਰਵਿਦਾਸ ਦੀ ਭਗਤੀ ਅਤੇ ਬੰਦਨਾਂ ਨੇ ਪੰਡਤਾਂ, ਪਰੋਹਿਤਾਂ ਅਤੇ ਚਿਤੌੜ ਰਾਜ-ਦਰਬਾਰ ਦੇ ਕੱਟੜ ਪੰਥੀਆਂ ਦੇ ਗੁੱਸੇ ਨੂੰ ਭੜਕਾ ਦਿੱਤਾ।

(2) ਆਪਣੇ ਗੁਰੂ ਨਾਲ ਮੀਰਾ ਦਾ ਸੰਪਰਕ ਬਹੁਤਾ ਲੰਮਾਂ ਨਹੀਂ ਰਹਿ ਸਕਿਆ ਸ਼ਾਇਦ ਆਪਣੇ ਜੀਵਨ ਕਾਲ ਵਿਚ ਸਿਰਫ ਤਿੰਨ ਜਾਂ ਚਾਰ ਵਾਰ ਹੀ ਉਹ ਉਨ੍ਹਾਂ ਦੀ ਸੰਗਤ ਵਿਚ ਰਹਿ ਸਕੀ। ਇਸ ਤਰ੍ਹਾਂ ਉਸਦਾ ਬਹੁਤਾ ਜੀਵਨ ਆਪਣੇ ਪਿਆਰੇ ਗੁਰੂ ਦੇ ਵਿਯੋਗ ਵਿਚ ਹੀ ਬੀਤਿਆ।

(3) ਆਪਣੀ ਚਿਤੌੜ ਯਾਤਰਾ ਸਮੇਂ ਰਵਿਦਾਸ ਨੀਚੀ ਜਾਤ ਦੇ ਲੋਕਾਂ ਲਈ ਰਾਖਵੀਂ ਵੱਖਰੀ ਬਸਤੀ ਵਿਚ ਠਹਿਰਦੇ ਹੁੰਦੇ ਸੀ --- ਕਿਹਾ ਜਾਂਦਾ ਹੈ ਕਿ ਮੀਰਾ ਇਕ ਨੀਚ ਜਾਤੀ ਦੀ ਸਾਧਾਰਨ ਦਾਸੀ ਦੇ ਕੱਪੜੇ ਪਾ ਕੇ ਆਪਣੇ ਮਹਿਲ ਤੋਂ ਚੁਪਚਾਪ ਆਪਣੇ ਗੁਰੂ ਦੇ ਦਰਸ਼ਨਾ ਲਈ ਜਾਂਦੀ ਸੀ।

(4) ਜਦ ਤੱਕ ਰਵਿਦਾਸ ਚਿਤੌੜ ਵਿਚ ਰਹੇ, ਉਹ ਹਰ ਰੋਜ ਉਨ੍ਹਾਂ ਦੇ ਦਰਸ਼ਨਾਂ ਲਈ ਜਾਂਦੀ ਸੀ।

ਡਾ. ਧਰਮਪਾਲ ਸਿੰਗਲ ਲਿਖਦੇ ਹਨ ਕਿ ਮੀਰਾ ਨੂੰ ਅਧਿਆਤਮਿਕ ਟੀਚੇ ਦੀ ਪ੍ਰਾਪਤੀ ਗੁਰੂ ਰਵਿਦਾਸ ਦੀ ਕ੍ਰਿਪਾ ਨਾਲ ਹੋਈ। ਉਹ ਭਟਕਦੀ ਰਹੀ ਪਰ ਉਸਦੀ ਰੂਹ ਨੂੰ ਸ਼ਾਂਤੀ ਉਦੋਂ ਮਿਲੀ ਜਦੋਂ ਰਵਿਦਾਸ ਨਾਲ ਮੀਰਾ ਦਾ ਮਿਲਾਪ ਹੋਇਆ ਤੇ ਉਸਦੀ ਸੁਰਤ ਨੂੰ ਪ੍ਰਭੂ ਦੀ ਨਿਸ਼ਾਨੀ ਬਖਸ਼ੀ ਤੇ ਰੂਹਾਨੀ ਮੰਡਲਾਂ ਵਿਚ ਪ੍ਰੀਤਮ ਨਾਲ ਮਿਲੀ ਤੇ ਫੇਰ ਮੇਰੀ ਪੀੜ ਨੂੰ ਰਾਹਤ ਮਿਲੀ।[36]

ਖੋਜਤ ਫਿਰੂੰ ਭੇਦ ਵਾ ਘਰ ਕੋ, ਕੋਈ ਨ ਕਰਤ ਬਖਾਨੀ।

ਰੈਦਾਸ ਸੰਤ ਮਿਲੇ ਮੋਹਿ ਸਤਿਗੁਰ, ਦੀਨੀ ਸੁਰਤ ਸਹਦਾਨੀ।
ਮੈ ਮਿਲੀ ਜਾਯ ਪਾਯ ਪਿਯ ਅਪਨਾ, ਤਬ ਮੇਰੀ ਪੀੜ ਬੁਝਾਨੀ।[87]

ਗੁਰੂ ਰੈਦਾਸ ਮਿਲੇ ਮੋਹਿ ਪੂਰੇ, ਧੁਰ ਸੇ ਕਲਮ ਭਿੜੀ।
ਸਤਗੁਰੂ ਸੈਨ ਜਬ ਆ ਕੇ, ਜੋਤ ਮੇ ਜੋਤ ਰਲੀ।[88]

ਗੁਰੂ ਮਿਲਿਆ ਰੈਦਾਸ ਜੀ, ਦੀਨੀ ਪਿਆਰ ਕੀ ਗੁਟਕੀ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ ਪਰੰਪਰਾ ਤੋਂ ਰਾਣੀ ਝਾਲੀ ਅਤੇ ਮੀਰਾਬਾਈ ਨੂੰ ਰਵਿਦਾਸ ਦੀ ਸ਼ਿਸ਼ ਮੰਨਿਆ ਹੈ। ਡਾ. ਕੇ.ਐਨ. ਉਪਾਧਿਆਇ ਲਿਖਦੇ ਹਨ — ਪਰੰਪਰਾ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਬੁਖਾਰਾ ( Bokhara ) ਦਾ ਰਾਜਾ ਕਬੀਰ ਦਾ ਚੇਲਾ ਸੀ। ਰਾਜਾ ਪੀਪਾ, ਰਾਣੀ ਝਾਲੀ ਅਤੇ ਰਾਜ ਕੁਮਾਰੀ ਮੀਰਾ ਬਾਈ ਰਵਿਦਾਸ ਦੇ ਚੇਲਿਆਂ ਵਿਚੋਂ ਹਨ।

ਡਾ. ਬੀ.ਪੀ. ਸ਼ਰਮਾ ਅਨੁਸਾਰ, " ਮੇਰੀ ਇਸ ਰਚਨਾ ਦੇ ਨਾਇਕ ਸੰਤ ਰੈਦਾਸ ਐਸੇ ਮਹਿਮਾਸ਼ਾਲੀ ਯੋਗੀ, ਤਪਸਵੀ, ਰਾਮ ਭਗਤ ਅਤੇ ਸਮਾਜ ਸੁਧਾਰਕ ਸੁਆਮੀ ਰਾਮਾਨੰਦ ਦੇ ਪ੍ਰਮੁੱਖ ਸ਼ਿਸ਼ ਸਨ। ਸੁਆਮੀ ਰਾਮਾਨੰਦ ਨੇ ਆਪਣੇ ਬਾਰ੍ਹਾਂ ਸ਼ਿਸ਼ਾਂ ਨੂੰ, ਦੁਵਾਦਸ਼ਾਦਿਤਯ, ਸੰਬੋਧਨ ਕੀਤਾ ਹੈ। ਦਵਾਦਸ਼ਅਦਿਤਯ ਤੋਂ ਭਾਵ ਬਾਰ੍ਹਾਂ ਸੂਰਜ। ਬਾਰ੍ਹਾਂ ਦੇ ਬਾਰ੍ਹਾਂ ਸ਼ਿਸ਼ ਚਮਕਦੇ ਸੂਰਜ ਬਨ। ਸੰਮਤ 1584 ਚੇਤ ਮਹੀਨੇ ਵਿਚ ਰਵਿਦਾਸ ਦਾ ਚਿਤੌੜ ਵਿਚ ਹੀ ਸਰੀਰ ਅੰਤ ਹੋ ਜਾਣ ਤੇ ਇਨ੍ਹਾਂ ਦੀਆਂ ਸ਼ਿਸ਼ਾਂ ਰਾਣੀ ਝਾਲੀ ਅਤੇ ਮੀਰਾ ਨੇ ਰਾਣਾ ਸਾਂਗਾ ਦੀ ਆਗਿਆ ਨਾਲ ਚਿਤੌੜਗੜ੍ਹ ਵਿਚ ਕੁੰਭਸਿਆਮ ਮੰਦਰ ਦੇ ਵਿਹੜੇ ਵਿਚ ਰੈਦਾਸ ਦੀ ਯਾਦਗਾਰ 'ਰੈਦਾਸ ਛੱਤਰੀ' ਦਾ ਨਿਰਮਾਣ ਕਰਵਾਇਆ ਜਿਹੜਾ ਅੱਜ ਵੀ ਉਸੇ ਮਾਣ ਨਾਲ ਕਾਇਮ ਹੈ। ਰਾਣਾ ਪਰਿਵਾਰ ਵਲੋਂ ਉਸਾਰੀ 'ਰੈਦਾਸ ਛੱਤਰੀ' ਇਕ ਚਮਾਰ ਘਰ ਵਿਚ ਪੈਦਾ ਹੋਣ ਵਾਲੇ ਸੰਤ ਕਵੀ ਲਈ ਸਭ ਤੋਂ ਉੱਚਾ ਸਨਮਾਨ ਹੈ ਕਿਉਂਕਿ ਚਿਤੌੜ ਕਿਲ੍ਹੇ ਦੀ ਰਖਿਆ ਕਰਦਿਆਂ, ਕਈ ਯੁੱਧਾਂ ਵਿਚ ਆਪਣੀ ਜਾਨ ਦੀ ਬਾਜ਼ੀ ਲਾਉਣ ਵਾਲੇ ਬਾਦਲ ਅਤੇ ਜੈਮਲ ਛੱਤਾ ਵਰਗੇ ਸੂਰਮਿਆਂ ਦੀਆਂ ਯਾਦਗਾਰੀ ਛੱਤਰੀਆਂ ਚਿਤੌੜ ਗੜ੍ਹ ਦੇ ਸੱਤ ਪ੍ਰਵੇਸ਼ ਤੇ ਬਣੀਆਂ ਹੋਈਆਂ ਹਨ।"[91]

ਸਾਰੇ ਵਿਦਵਾਨ ਆਪਣੇ ਆਪਣੇ ਵਿਚਾਰ ਪੇਸ਼ ਕਰਦੇ ਹਨ ਪਰ ਇਕ ਗੱਲ ਸਾਮ੍ਹਣੇ ਆਉਂਦੀ ਹੈ ਕਿ ਰਾਣੀ ਝਾਲੀ, ਰਾਣਾ ਸਾਂਗਾ ਅਤੇ ਮੀਰਾਂ ਬਾਈ ਰਵਿਦਾਸ ਦੇ ਸ਼ਿਸ਼ ਸਨ। ਹੋ ਸਕਦਾ ਹੈ ਆਮ ਜਨਤਾ ਵਿਚੋਂ ਵੀ ਕਈ ਇਨ੍ਹਾਂ ਦੇ ਚੇਲੇ ਬਣੇ ਹੋਣ ਕਿਉਂ ਕਿ ਜਿਸ ਸ਼ਹਿਰ ਜਾਂ ਨਗਰ ਦਾ ਰਾਜਾ ਰਾਣੀ ਕਿਸੇ ਨੂੰ ਗੁਰੂ ਸਵੀਕਾਰ ਕਰ ਲੈਣ ਤਾਂ ਪਰਜਾ ਆਪਣੇ ਆਪ ਰਾਜੇ ਦੇ ਪਿਛੇ ਲਗਦੀ ਹੈ। ਬਾਕੀ ਇਨ੍ਹਾਂ ਪਿਛੇ ਅਨੰਤਦਾਸ ਜੋ 'ਰੈਦਾਸ ਪਰਚਈ' ਦੇ ਲੇਖਕ ਹਨ ਦੀ ਗਵਾਹੀ ਕੰਮ ਕਰਦੀ ਹੈ। ਸ੍ਰੀ ਅਨੰਤਦਾਸ ਦੀ ਪਰਚਈ ਤੋਂ ਹੋਰ ਲਿਖੇ ਤੱਥ ਸਾਹਮਣੇ ਆਉਂਦੇ ਹਨ।

ਵੇਲੇ ਦੇ ਰਾਜੇ ਮਹਾਰਾਜੇ ਜਿਵੇਂ ਰੀਵਾਂ-ਨਰੇਸ਼, ਵੀਰ ਸਿੰਘ ਦੇਵ ਬਘੇਲਾ, ਚਿਤੌੜ ਦਾ ਮਹਾਰਾਣਾ ਕੁੰਭਾ ਅਤੇ ਰਾਣੀ ਝਾਲੀ ਬਾਈ ਤੇ ਕਾਸ਼ੀ ਨਰੇਸ਼ ਆਪਦੇ ਭਗਤ ਸੇਵਕਾਂ ਵਿਚੋਂ ਹਨ ਇਹ ਪੁਸਤਕ ਸਭ ਤੋਂ ਪੁਰਾਣੀ ਹੋਣ ਕਰਕੇ ਵਿਸ਼ਵਾਸਯੋਗ ਹੈ।[92]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਮਹਾਰਾਣੀ ਝਾਲੀ ਬਾਈ, ਰਾਣਾ ਸਾਂਗਾ, ਮੀਰਾਬਾਈ, ਰੀਵਾਨਰੇਸ਼, ਵੀਰ ਸਿੰਘ ਦੇਵ ਬਘੇਲਾ ਤੇ ਕਾਸ਼ੀਨਰੇਸ਼, ਆਪਦੇ ਚੇਲਿਆਂ ਵਿਚੋਂ ਸਨ।

## ਮੌਤ

ਗੁਰੂ ਰਵਿਦਾਸ ਦੇ ਅਕਾਲ ਚਲਾਣੇ ਦਾ ਜ਼ਿਕਰ ਕਰਦੇ ਹੋਏ ਸਾਰੇ ਵਿਦਵਾਨ ਅਲੱਗ ਅਲੱਗ ਰਾਇ ਦਿੰਦੇ ਹਨ। ਬਹੁਤੇ ਵਿਦਵਾਨ ਉਨ੍ਹਾਂ ਦੇ ਅਕਾਲ ਚਲਾਣੇ ਦਾ ਸਮਾਂ 1584 ਸੰਮਤ ਮੰਨਦੇ ਹੋਏ 151 ਵਰ੍ਹੇ ਦੀ ਉਮਰ ਦੱਸਦੇ ਹਨ। ਅਨੰਤਦਾਸ ਆਪਦਾ ਦੇਹ ਤਿਆਗ ਕਰਨ ਦਾ ਸਮਾਂ 1584 ਸੰਮਤ ਮੰਨਦੇ ਹਨ।[93]

ਪੰਦ੍ਰਹ ਸੈ ਚਊ ਅਸੀ, ਚੀਤੌਰੇ ਭਈ ਭੀਰ।
ਜਰ ਜਰ ਦੇਹ ਕੰਚਨ ਭਈ ਰਵਿ ਰਵਿ ਮਿਲਯੋ ਸਰੀਰ।।127।।

ਆਪ ਇਨ੍ਹਾਂ ਦੀ ਮਿਰਤੂ ਚਿਤੌੜ ਵਿਚ ਹੋਈ ਮੰਨਦੇ ਹਨ। ਰਾਣੀ ਝਾਲੀ ਦੇ ਸੱਦੇ ਤੇ ਆਪਦਾ ਚਿਤੌੜ ਵਿਚ ਜਾਣਾ, ਬਾਗ਼ ਵਿਚ ਰੁਕਣਾ, ਰਾਣੀ ਝਾਲੀ ਵਲੋਂ ਆਪਦਾ ਸਵਾਗਤ ਕਰਨਾ, ਬ੍ਰਹਮ ਭੋਜ ਸਮੇਂ ਬ੍ਰਾਹਮਣਾ ਵਿਚ ਇਕ ਇਕ ਰਵਿਦਾਸ ਦਾ ਬੈਠਾ ਹੋਣਾ ਤੇ ਬ੍ਰਾਹਮਣਾ ਦਾ ਆਪ ਅੱਗੇ ਸਿਰ ਝੁਕਾਉਣਾ ਆਦਿ 'ਰੈਦਾਸ ਪਰਚਈ' ਵਿਚ ਸ਼ਾਮਲ ਹੈ:-

ਜਨ ਰੈਦਾਸ ਧਯਾਨੁ ਮਨੁ ਦੀਨੋ। ਧਰਿ ਧਯਾਨ ਬਦੇਹ ਤਨ ਕੀਨੋ ।
ਸਬੈ ਬਿਪ੍ਰ ਹਰਸੈ ਮਨ ਮਹਿ। ਹੋਣਹਾਰ ਗਤਿ ਸਮਝਿ ਨਾਂਹਿ।।197।।
ਕਰਨ ਹਾਰ ਕਾ ਕਾ ਨਹੀ ਕਰਈ। ਮਾਨ ਸਬੈ ਵਿਪ੍ਰਨ ਕਾ ਹਰਈ।
ਦ੍ਰਪਨ ਖੇਲ ਬਹੁਤ ਹੀ ਛਾਇਓ। ਸੋ ਬਦੇਹ ਜਨ ਜਬ ਹੀ ਟਾਇਓ।।198।।
ਸਬਹਿ ਕੈ ਬੀਚ ਜੋਮਨ ਬੈਠਾ। ਇਨਿ ਵਾਪੈ ਉਨਿ ਵਾਪੈ ਜੇਠਾ।
ਸਬ ਕੋ ਅਚਰਜ ਭਯੋ ਤਮਾਸ਼ਾ, ਜੇਤੇ ਵਿਪ੍ਰ ਤੇਤੇ ਰੈਦਾਸਾ।।199।।
ਤਬ ਹੀ ਖੇਲ ਡੇਰਾ ਕੂੰ ਧਾਜੇ। ਜਨ ਰੈਦਾਸ ਤਹਾਂ ਪੁਨਿ ਪਾਜੇ।
ਧਨਿ ਧਨਿ ਕਰਿ ਬੋਲੈ ਸਬ ਕੋਈ, ਤਬ ਹੀ ਵਿਪ੍ਰ ਰਾਖੇ ਮੁਖ ਗੋਈ।।120।।
ਸਬਹਨਿ ਕੈ ਮਨ ਉਪਜੀ ਲਾਜਾ। ਸਾਧ ਸਤਾਯੋ ਕਿਯੋ ਅਕਾਜਾ।
ਜੋ ਵੈ ਕੋਪ ਕਰੈ ਹਮ ਊਪਰਿ। ਤੌਂ ਅਬ ਹੀ ਜਾਹਿ ਸਕਲ ਜਰਿ ਬਰਿ।।201।।
ਹਮ ਅਪਰਾਧੀ ਵੇ ਜਨ ਪੂਰਾ, ਉਨ ਕੈ ਸਾਹਿਬ ਰਹਤ ਹਜੂਰਾ।
ਉਹੈ ਸੰਤ ਹਮ ਐਸੇ ਪਾਪੀ। ਭਗਤਨ ਸੋ ਕਰਿ ਐਸੋ ਧਾਪੀ।।202।।

ਇਹ ਗ੍ਰੰਥ ਸਭ ਤੋਂ ਪੁਰਾਣਾ ਹੈ ਇਸ ਵਿਚਲੇ ਨਾਂ, ਘਟਨਾਵਾਂ, ਤਾਰੀਖਾਂ ਸਭ ਸੱਚੇ ਹਨ ਇਹ ਗ੍ਰੰਥ ਆਪਦੇ ਮਰਨ ਤੋਂ ਕੁਝ ਵਰ੍ਹੇ ਮਗਰੋਂ ਲਿਖਿਆ ਗਿਆ। ਅਨੰਤਦਾਸ ਦੀ ਇਸ ਪ੍ਰਕ੍ਰਿਤ ਕਥਾ ਦਾ ਇਕ ਇਕ ਅੱਖਰ ਸੱਚ ਹੈ:-

ਅਖਰ ਘੱਟੇ ਛੂਟੇ ਨਾਂਹਿ। ਮਾਨੂੰ ਸਾਧ ਅਸਾਧ ਰਿਸਾਹੀ।
ਕੋਟਿ ਜਨਮਾਂਤਰ ਜੀਵੈ ਕੋਉ। ਰਸਨਾ ਕੋਟਿਕ ਪਾਵੈ ਸੋਉ।।219।।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਅਤੇ ਡਾ. ਧਰਮਪਾਲ ਸਿੰਗਲ ਆਪਣੀ ਮਿਰਤੂ 1584 ਸੰਮਤ ਵਿਚ 151 ਵਰ੍ਹੇ ਦੀ ਮੰਨਦੇ ਹਨ। ਡਾ. ਬੀ.ਪੀ.ਸ਼ਰਮਾ, ਡਾ. ਧਰਮਪਾਲ ਮੈਣੀ ਜਨਮ 1433 ਸੰਮਤ ਮੰਨਦੇ ਹਨ ਪਰ 151 ਵਰ੍ਹੇ ਦੀ ਉਮਰ ਹੋਣ ਵਿਚ ਉਨ੍ਹਾਂ ਨੂੰ ਸ਼ੱਕ ਹੈ। ਡਾ. ਧਰਮਪਾਲ ਮੈਣੀ ਲਿਖਦੇ ਹਨ -" ਇਸੇ ਦਿਨ ਦੇਸ਼ ਭਰ ਵਿਚ ਉਨ੍ਹਾਂ ਦੀ ਜਨਮ ਮਿਤੀ ਵੀ ਮਨਾਈ ਜਾਂਦੀ ਹੈ ਇਸ ਲਈ ਹੋਰ ਤਕੜੇ ਸਬੂਤ ਦੀ ਘਾਟ ਵਿਚ ਸਾਨੂੰ 1433 ਦੀ ਮਾਘ ਪੂਰਨਿਆ ਮੰਨ ਲੈਣ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਉਨ੍ਹਾਂ ਦੀ ਮਿਰਤੂ ਤਾਰੀਖ ਸੰਮਤ 1584 ਬਹੁਤੀ ਵਿਸ਼ਵਾਸਯੋਗ ਨਹੀਂ ਜਾਪਦੀ ਜਿਵੇਂ ਉਨ੍ਹਾਂ ਦੀ ਉਮਰ 151 ਵਰ੍ਹੇ ਬਣਦੀ ਹੈ, ਜੋ ਬਹੁਤੀ ਮੁਮਕਿਨ ਨਹੀਂ । ਦੂਜਾ ਰਵਿਦਾਸ ਦੇ ਕਬੀਰ ਤੋਂ ਛੋਟਾ ਹੋਣ ਦੀ ਗੱਲ ਵਿਚ ਵੀ ਕੁਝ ਤੱਥ ਜਾਪਦੈ । ਇਸ ਲਈ ਉਨ੍ਹਾਂ ਦਾ ਜਨਮ ਸੰਮਤ 1456 ਦੇ ਨੇੜੇ ਤੇੜੇ ਮੰਨ ਲਿਆ ਜਾਵੇ ਤਾਂ ਰਾਮਾਨੰਦ ਦੇ ਸ਼ਿਸ਼ ਹੋਣ ਵਿਚ ਕਬੀਰ ਨਾਲੋਂ ਕੁਝ ਛੋਟਾ ਅਤੇ ਸਮਕਾਲੀ ਹੋਣ ਵਿਚ ਲਗਭਗ 128 ਵਰ੍ਹੇ ਦੀ ਉਮਰ ਭੋਗਣ ਵਿਚ ਬਹੁਤੇ ਇਤਰਾਜ਼ ਦੀ ਗੁੰਜਾਇਸ਼ ਨਹੀਂ ਰਹਿੰਦੀ[94] ਡਾ. ਧਰਮਪਾਲ ਸਿੰਗਲ ਲਿਖਦੇ ਹਨ, " ਗੁਰੂ ਰਵਿਦਾਸ ਜੀ ਵਰਗੇ ਪੁੱਜੇ ਹੋਏ ਮਹਾਤਮਾ ਬ੍ਰਹਮ ਗਿਆਨੀ, ਜਪੀ-ਤਪੀ, ਸੰਜਮੀ ਤੇ ਸਬਰ ਸੰਤੋਖ ਦਾ ਗੁਰਮੁਖੀ ਜੀਵਨ ਜਿਊਣ ਵਾਲੇ ਸੰਤ ਗੁਰੂ ਲਈ ਡੇਢ ਸੌ ਸਾਲ ਦਾ ਜੀਵਨ ਕੋਈ ਬਹੁਤਾ ਨਹੀਂ ਹੈ ਜਦਕਿ ਅੱਜ ਕਲ ਵੀ ਦੁਨਿਆਵੀ ਲੋੜਾਂ ਤੇ ਗਰਜਾਂ ਦੇ ਮਾਰੇ ਕਾਮੀ ਕੁਟਿਲ ਵਾਤਾਵਰਣ ਵਿਚ ਰਹਿੰਦੇ ਸਧਾਰਣ ਗ੍ਰਿਹਸਥ ਜੀਵਨ ਜੀਉਂਦੇ ਕਈ ਬੰਦੇ 120-125 ਵਰ੍ਹੇ ਤੱਕ ਦੀ ਆਯੂ ਦੀ ਗੱਲ ਲੈ ਕੇ ਬਹੁਤ ਸਾਰੇ ਵਿਦਵਾਨਾਂ ਨੇ ਇਸ ਉੱਤੇ ਸ਼ੰਕਾ ਪ੍ਰਗਟ ਕੀਤੀ ਹੈ ਹਾਲਾਂਕਿ ਉਨ੍ਹਾਂ ਨੇ ਆਪਣੀ ਖੋਜ ਮੁਤਾਬਿਕ ਵੀ ਇਨ੍ਹਾਂ ਦੋਵਾਂ ਤਿਥੀਆਂ ਨੂੰ ਮੰਨਿਆ ਹੈ ਪ੍ਰੰਤੂ ਮਨੁੱਖ ਹਿਰਦਾ ਸ਼ੰਕਾਸ਼ੀਲ ਹੈ ਅਤੇ ਉਹ ਹਰ ਮਹਾਂਪੁਰਸ਼, ਪਾਰਬ੍ਰਹਮ ਨਾਲ ਇਕਮਿਕ ਹੋ ਚੁੱਕੀ ਆਤਮਾ ਅਤੇ ਸਵੈ-ਪ੍ਰਕਾਸ਼ ਰੂਪ ਗੁਰੂ ਵਿਅਕਤੀ ਨੂੰ ਵੀ ਆਪਣੇ ਹੀ ਗੁਣ ਸੁਭਾਉ ਅਨੁਸਾਰ ਤੋਲਣ ਤੇ ਪਰਖਣ ਦਾ ਦੁਰਸਾਹਸ ਕਰਦਾ ਹੈ। ਇਸੇ ਲਈ ਸਾਡੇ ਕਈ ਵਿਦਵਾਨਾਂ ਦਾ ਏਨੀ ਉਮਰ ਮੰਨਣ ਨੂੰ ਜੀਅ ਨਹੀਂ ਕਰਦਾ, ਕਈ ਖੋਜ ਸਾਧਕ ਵਿਰੋਧੀ ਫ਼ਿਰਕੇ ਦਾ ਝੂਠਾ ਆਸਰਾ ਲੈ ਕੇ ਆਪੋ ਆਪਣੇ ਅਰਥ ਲਾਉਂਦੇ ਹਨ।[95]

ਸੋਹਣ ਸਿੰਘ ਜੋਸ਼, ਪ੍ਰੋ. ਪ੍ਰਕਾਸ਼ ਸਿੰਘ, ਸ੍ਰੀ ਭੁਵਨੇਸ਼ਵਰਨਾਥ ਮਿਸ਼੍ਰ 'ਮਾਧਵ'

ਡਾ. ਰਾਜਕੁਮਾਰ, ਹਿੰਦੀ ਸਾਹਿਤ ਕੋਸ਼ (ਭਾਗ ਦੋ) ਅਤੇ ਡਾ. ਪਦਮ ਗੁਰਚਰਨ ਸਿੰਘ (1496 ਈ. ਵਿਚ) ਸਾਰੇ ਆਪਦੀ ਉਮਰ 126 ਵਰ੍ਹੇ ਦੀ ਮੰਨਦੇ ਹਨ।

ਸ੍ਰੀ ਕੇ.ਐਨ.ਉਪਾਧਿਆਇ ਲਿਖਦੇ ਹਨ- ਕਈ ਹੋਰਾਂ ਦਾ ਵਿਚਾਰ ਹੈ ਕਿ ਰਵਿਦਾਸ ਆਪਣੇ ਆਖਰੀ ਸਾਲਾਂ ਵਿਚ ਬਨਾਰਸ ਵਿਚ ਰਹੇ ਅਤੇ 1540 ਏ.ਡੀ. ਵਿਚ 126 ਸਾਲ ਦੀ ਉਮਰ ਵਿਚ ਕੁਦਰਤੀ ਮੌਤ ਮਰੇ।

ਡਾ. ਬੀ.ਪੀ.ਸ਼ਰਮਾ ਆਪਦੀ ਮਿਰਤੂ 1584 ਵਿਚ ਵਿਸਾਖੀ ਵਾਲੇ ਦਿਨ ਚਿਤੌੜਗੜ੍ਹ, ਹੇਠਾਂ ਗਾਂਭੀਰੀ ਨਦੀ ਕੰਢੇ ਹੋਈ ਮੰਨਦੇ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਆਪਦੀ ਮਿਰਤੂ 1584 ਸੰਮਤ ਵਿਚ 151 ਵਰ੍ਹੇ ਦੀ ਉਮਰ ਵਿਚ ਹੋਈ ਇਸ ਪਿਛੇ 'ਰੈਦਾਸ ਪਰਚਈ' ਦੇ ਲੇਖਕ ਅਨੰਤਦਾਸ ਦੀ ਗਵਾਹੀ ਕੰਮ ਕਰਦੀ ਹੈ।

ਉਪਰੋਕਤ ਅਧਿਐਨ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਰਵਿਦਾਸ ਦਾ ਜਨਮ 1433 ਸੰਮਤ ਜਾਂ 1376 ਈ. ਨੂੰ ਮਾਘ ਪੂਰਨਿਮਾ ਵਾਲੇ ਦਿਨ ਐਤਵਾਰ ਨੂੰ ਕਾਸ਼ੀ ਦੇ ਨੇੜੇ 'ਮੰਡੂਆਡੀਹ' ਗ੍ਰਾਮ ਵਿਚ ਹੋਇਆ ਜੋ ਬਨਾਰਸ ਵਿਚ ਹੈ। ਆਪਦੇ ਪਿਤਾ ਦਾ ਨਾਂ ਰਾਘਵ ਅਤੇ ਮਾਤਾ ਦਾ ਨਾਂ ਕਰਮਾਦੇਵੀ ਸੀ ਜੋ ਚਮਾਰ ਜਾਤ ਨਾਲ ਸੰਬੰਧਤ ਸਨ। ਆਪਨੇ ਗੁਰੂ ਰਾਮਾਨੰਦ ਦਾ ਸ਼ਿਸ਼ਤਵ ਗ੍ਰਹਿਣ ਕੀਤਾ ਤੇ ਪ੍ਰਚਾਰ ਕਰਦੇ ਹੋਏ 1584 ਸੰਮਤ ਨੂੰ 151 ਵਰ੍ਹੇ ਦੀ ਉਮਰ ਭੋਗ ਕੇ ਪਰਲੋਕ ਸਿਧਾਰ ਗਏ। ਇਨ੍ਹਾਂ ਗੱਲਾਂ ਪਿਛੇ 'ਰੈਦਾਸ ਪਰਚਈ' ਭਗਤਮਾਲ ਅਤੇ ਰਵਿਦਾਸ ਬਾਣੀ ਦੀ ਅੰਦਰਲੀ ਗਵਾਹੀ ਕੰਮ ਕਰਦੀ ਹੈ।

## ਹਵਾਲੇ ਤੇ ਟਿਪਣੀਆਂ

1. ਮੈਕਸਆਰਥਰ ਮੈਕਾਲਫੇ, ਦੀ ਸਿੱਖ ਰਿਲੀਜਨ, ਪੰਨਾ- 316.
2. ਪ੍ਰੋ. ਰਾਜ ਕੁਮਾਰ ਵਰਮਾ, ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਪੰਨਾ-224.
3. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 18.
4. ਪਰਸੂਰਾਮ ਚਤੁਰਵੇਦੀ, ਹਿੰਦੀ ਸਾਹਿਤਯ ਕਾ ਵ੍ਰਿਹਤ ਇਤਿਹਾਸ, ਪੰਨਾ- 144.
5. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ- 72.
6. " ਯੁੱਗ ਪ੍ਰਵਰਤਕ ਸੰਤ ਗੁਰੂ ਰਵਿਦਾਸ, ਪੰਨਾ- 88-89.
7. -ਉਹੀ- ਪੰਨਾ- 88-89.
8. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਦੂਜੀ ਛਾਪ, ਪੰਨਾ- 768.
9. ਕੇ.ਐਨ. ਉਪਾਧਿਆਇ, ਗੁਰੂ ਰਵਿਦਾਸ ਜੀਵਨ ਤੇ ਸਿੱਖਿਆਵਾਂ,
10. ਦਰਸ਼ਨ ਸਿੰਘ, ਦੇ ਸਟੱਡੀ ਆਫ ਭਗਤ ਰਵਿਦਾਸ, ਪੰਨਾ-
11. ਡਾ. ਬੀ.ਪੀ. ਸ਼ਰਮਾ ਮੀਰਾਂ ਦਾ ਜਨਮ ਸੰਮਤ 1561 ਜਾਂ 1504 ਈ. ਮੰਨਦੇ ਹਨ।
12. ਉਨ੍ਹਾਂ ਨੇ ਮੀਰਾ ਪਦਾਵਲੀ ਵਿਚੋਂ ਜੋ ਮੀਰਾਂ ਬ੍ਰਿਹਤ ਪਦਾਵਲੀ ਮੀਰਾ ਸੁਧਾ ਸਿੰਧੂ, ਮੱਧਕਾਲੀਨ ਪ੍ਰੇਮ ਸਾਧਨਾ ਅਤੇ ਮੀਰਾਂਬਾਈ ਕੀ ਸ਼ਬਦਾਵਲੀ ਆਦਿ ਸਾਹਿਤ ਦੇ ਭਰਪੂਰ ਹਵਾਲੇ ਦਿੱਤੇ ਹਨ ਜਿਨ੍ਹਾਂ ਵਿਚ ਆਪਣੇ ਗੁਰੂ ਰਵਿਦਾਸ ਬਾਰੇ ਸਪੱਸ਼ਟ ਸੰਕੇਤ ਕਰਦੀ ਹੈ।
13. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 20-21.
14. ਡਾ. ਸ਼ਿਵ ਦੱਤ ਸ਼ਰਮਾ, ਭਾਰਤੀਯ ਜੀਵਨ ਦਰਸ਼ਨ ਔਰ ਗੁਰੂ ਰਵਿਦਾਸ(ਸ਼ੋਧ-ਪੱਤਰ), ਪੰਨਾ- 15.
15. ਡਾ. ਧਰਮਪਾਲ ਸੈਣੀ, 'ਰੈਦਾਸ, ਭਾਰਤੀ ਸਾਹਿਤਯ ਅਕਾਦਮੀ ਦਿਲੀ, 1979, ਪੰਨਾ-15.
16. ਡਬਲਯੂ ਬ੍ਰਿਗਸ, ਦੀ ਚਮਾਰਸ
17. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, , ਪੰਨਾ- 768.
18. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ,ਦਰਸ਼ਨ, ਭੂਮਿਕਾ, ਪੰਨਾ- 64.
19. ਡਾ. ਬੀ.ਪੀ. ਸ਼ਰਮਾ, ਸੰਤ ਗੁਰੂ ਰਵਿਦਾਸ ਬਾਣੀ, ਸੂਰਯ ਪ੍ਰਕਾਸ਼ਨ, ਨਵੀਂ ਦਿੱਲੀ।
20. Near Kashi(Banaras) is the place called Mandur where a family live in purity, A child was born in this Mandur village and he was given the auspicious name Ravidas.
---(Ravidas Ramayana).

21. ਵੀ.ਕੇ.ਸੇਠੀ, ਦੀ ਕੋਵਾਰੇਨ ਲਵ, ਪੰਨਾ- 819.
22. ਦਰਸ਼ਨ ਸਿੰਘ, ਗੁਰੂ ਰਵਿਦਾਸ ਐਂਡ ਹਿਜ਼ ਟਾਈਮਜ਼, ਪੰਨਾ- 5.
23. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 29.
24. ਅਨੰਤਦਾਸ ਵੈਸ਼ਨਵ, ਰੈਦਾਸ ਪਰਚਈ, ਪੰਨਾ- 29.
25. ਰਾਗ ਮਲਾਰ ਆਦਿ ਗ੍ਰੰਥ ਪੰਨਾ- 1293.
26. ਰਾਗ ਮਾਰੂ, ਬਾਣੀ, ਪੰਨਾ- 24.
27. ਰਾਗ ਆਸਾ ਆ. ਗ੍ਰੰ. ਪੰਨਾ- 486.
28. ਦਰਸ਼ਨ ਸਿੰਘ, ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼,
29. ਇਸ ਨਾਮ ਲਈ ਆਚਾਰੀਆ ਨੇ ਭਵਿਸ਼ ਪੁਰਾਣ ਦਾ ਹਵਾਲਾ ਦਿੱਤਾ ਹੈ,
"ਮਾਨਦਾਸਸਚ ਤਾਨਸੋ ਰੈਦਾਸ ਇਤਿ ਵਿਸ਼ਰੁਤ" ਖੰਡ 41, ਅਧਿਆਇ 18, ਸਲੋਕ, 15.
30. ਕੇ.ਐਨ.ਉਪਾਧਿਆਇ, ਗੁਰੂ ਰਵਿਦਾਸ ਜੀਵਨ ਤੇ ਸਿੱਖਿਆਵਾਂ, ਪੰਨਾ- 13.
31. ਸੰਤ ਦਰਬਾਰੀ ਸ੍ਰੀ ਸਮਨਾ ਦਾਸ, ਗੁਰੂ ਰਵਿਦਾਸ ਪ੍ਰਕਾਸ਼, ਪੰਨਾ- 3.
32. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਭਗਤ ਰਵਿਦਾਸ ਅਤੇ ਉਨ੍ਹਾਂ ਦੀ ਬਾਣੀ
33. " , ਰਵਿਦਾਸ ਦਰਸ਼ਨ, ਪੰਨਾ- 64.
34. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਦੂਜੀ ਛਾਪ
35. ਗੁਰਮੁਖ ਸਿੰਘ, ਭਗਤ ਰਵਿਦਾਸ ਅਤੇ ਉਨ੍ਹਾਂ ਦੀ ਬਾਣੀ, ਪ੍ਰਕਾਸ਼ਕ ਲਾਹੌਰ ਬੁੱਕ ਸ਼ਾਪ।
36. ਐਸ.ਐਸ.ਅਸ਼ੋਕ, ਗੁਰੂ ਰਵਿਦਾਸ ਵਾਰਤਾ, ਪਹਿਲਾ ਐਡੀਸ਼ਨ, 1985, ਪੰਨਾ-9.
37. ਬਰਕਤ ਸਿੰਘ ਆਨੰਦ, ਰਵਿਦਾਸ ਜਨਮਸਾਖੀ।
38. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 28.
39. ਕੇ.ਐਨ.ਉਪਾਧਿਆਇ, ਗੁਰੂ ਰਵਿਦਾਸ ਲਾਈਫ ਐਂਡ ਟੀਚਿੰਗਜ਼, ਪੰਨਾ- 64.
40. ਡਾ. ਧਰਮਪਾਲ ਮੈਣੀ, ਰੈਦਾਸ, ਪੰਨਾ- 17-18.
41. ਦਰਸ਼ਨ ਸਿੰਘ, ਏ ਸਟੱਡੀ ਆਫ ਭਗਤ ਰਵਿਦਾਸ, ਪੰਨਾ- 33.
42. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ,
43. ਗੁਰਮੁਖ ਸਿੰਘ, ਭਗਤ ਰਵਿਦਾਸ ਜੀ ਅਤੇ ਉਹਨਾਂ ਦੀ ਬਾਣੀ, ਪ੍ਰਕਾਸ਼ਕ ਲਾਹੌਰ ਬੁੱਕ ਸ਼ਾਪ, ਲੁਧਿਆਣਾ।
44. ਗੁਰੂ ਗ੍ਰੰਥ ਸਾਹਿਬ, ਸੂਹੀ ਮ:4, ਘਰ 6, ਪੰਨਾ- 133.

45. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ- 55.

46. ਰਾਗ ਆਸਾ ਆ. ਗ੍ਰੰ. 486.

47. ਰਾਗ ਗਉੜੀ ਆ.ਗ੍ਰੰ. 345.

48. ਰਾਗ ਸੋਰਠਿ, ਬਾਣੀ, ਪੰਨਾ- 659.

49. ਰਾਗ ਭੈਰੋ, ਬਾਣੀ, ਪੰਨਾ- 23.

50. ਰਾਗ ਮਲਾਰ, ਬਾਣੀ, ਪੰਨਾ- 54.

51. ਰਾਗ ਧਨਾਸਰੀ ਬਿਰਹੜਾ, ਬਾਣੀ, ਪੰਨਾ- 21.

52. ਰਾਗ ਬਿਲਾਵਲੁ,ਦੁਪਦਾ, ਬਾਣੀ, ਪੰਨਾ- 47.

53. ਰਾਗ ਮਲਾਰ ਆ.ਗ੍ਰੰ. 1293.

54. ਜੈ.ਐਸ.ਸੇਠੀ, ਭਗਤ ਰਵਿਦਾਸ ਸੰਤ ਸਿਪਾਹੀ, ਫਰਵਰੀ 1958.

55. ਗਿਆਨੀ ਬਿਸ਼ਨ ਸਿੰਘ, ਭਗਤਮਾਲ, ਪ੍ਰਕਾਸ਼ਕ ਜਵਾਹਰ ਸਿੰਘ ਕ੍ਰਿਪਾਲ ਸਿੰਘ, ਪੰਨਾ-152.

56. ਰਾਗ ਭੈਰੋ, ਬਾਣੀ, ਪੰਨਾ- 24.

57. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 30.

58. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ. ਦਲਿਤ ਵੈਲਫੇਅਰ ਐਸੋਸੀਏਸ਼ਨ, ਪੰਨ-23.

59. ਧਰਮਪਾਲ ਸਿੰਗਲ(ਸੰਪਾ.), ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 18.

60. -ਉਹੀ- ,ਪੰਨਾ- 51.

61. ਕੇ.ਐਨ.ਉਪਾਧਿਆਇ, ਗੁਰੂ ਰਵਿਦਾਸ ਜੀਵਨ ਤੇ ਸਿਖਿਆਵਾਂ, ਪੰਨਾ- 19.

62. ਆਚਾਰੀਆ ਪਰਸ਼ੂਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 240.
ਡਾ. ਬੀ.ਪੀ. ਸ਼ਰਮਾ, ਸੰਤ ਗੁਰੂ ਰਵਿਦਾਸ, ਪੰਨਾ- 20 ਤੇ ਇਸ ਕਥਨ ਦਾ ਉਲੇਖ ਕੀਤਾ ਹੈ।

63. ਡਾ. ਮਨਮੋਹਣ ਸਿੰਘ, ਗੁਰੂ ਰਵਿਦਾਸ ਜੀਵਨ ਤੇ ਰਚਨਾ, ਪੰਨਾ- 9.

64. ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਸੰਮਤ 2015,ਵਿਕ ਵਿਕ੍ਰਮੀ,ਪੰਨਾ- 75.

65. ਡਾ. ਗੋਬਿੰਦ ਤ੍ਰਿਗੁਣਾਇਤ, ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ,ਪੰਨਾ- 33.

66. ਡਾ. ਗਣਪਤਿ ਚੰਦਰ ਗੁਪਤ, ਹਿੰਦੀ ਸਾਹਿਤਯ ਕਾ ਵਿਗਿਆਨਿਕ ਇਤਿਹਾਸ, ਪੰਨਾ-208.

67. ਡਾ. ਪਦਮ ਗੁਰਚਰਨ ਸਿੰਘ, ਸੰਤ ਰਵਿਦਾਸ:ਵਿਚਾਰਕ ਔਰ ਕਵੀ,ਪੰਨਾ- 33.

68. ਡਾ. ਦੇਵਿੰਦਰ ਵਿਦਿਆਰਥੀ, ਪੰਜਾਬੀ ਦੁਨੀਆ, ਪੰਨਾ- 59.

69. ਰਾਗ ਕਾਨੜਾ, ਬਾਣੀ, ਪੰਨਾ- 66.
70. ਰਾਗ ਕਾਨੜਾ, ਬਾਣੀ, ਪੰਨਾ- 66.
71. ਰਾਗ ਸੂਹੀ, ਬਾਣੀ, ਪੰਨਾ- 19.
72. ਰਾਗ ਧਨਾਸਰੀ-ਬ੍ਰਿਹੜਾ, ਬਾਣੀ, ਪੰਨਾ- 20.
73. ਰਾਗ ਸੋਰਠਿ, ਬਾਣੀ, ਪੰਨਾ- 41.
74. ਰਾਗ ਭੈਰੋਂ, ਬਾਣੀ ਪੰਨਾ- 24.
75. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 36.
76. ਰਾਗ ਸੋਰਠਿ, ਬਾਣੀ, ਪੰਨਾ- 64.
77. ਰਾਗ ਗਉੜੀ, ਬਾਣੀ, ਪੰਨਾ- 70.
78. ਸੰਤ ਗੁਰੂ ਰਵਿਦਾਸ ਬਾਣੀ, ਪੰਨਾ- 49.
79. ਰਾਗ ਕੇਦਾਰਾ, ਬਾਣੀ, ਪੰਨਾ- 36.
80. ਡਾ. ਬੀ.ਪੀ. ਸ਼ਰਮਾ, ਸੰਤ ਗੁਰੂ ਰਵਿਦਾਸ ਬਾਣੀ,
81. ਰਤਨਾਵੰਦਰ ਵੀਰਕ ਸੋਧ ਸੰਸਥਾਨ, ਸੰਤ ਰਵਿਦਾਸ, ਪੰਨਾ- 24.
82. ਵਰਿੰਦ੍ਰ ਕੁਮਾਰ ਸੇਠੀ, ਮੀਰਾ: ਪ੍ਰੇਮ ਦੀਵਾਨੀ, ਜੀਵਨੀ, ਉਪਦੇਸ਼ ਅਤੇ ਬਾਣੀ, ਪੰਕਜ ਸੰਸਕਰਣ, 1981.
83. ਕਈ ਇਨ੍ਹਾਂ ਦਾ ਜੀਵਨ ਕਾਲ 1328—1442 ਤੇ ਕਈ 1366-1437 ਈ. ਮੰਨਦੇ ਹਨ
84. ਮੀਰਾ ਬ੍ਰਿਹਤ ਪਦਾਵਲੀ, ਭਾਗ, ਪੰਨਾ- 20.
85. ਮੀਰਾ ਸੁਧਾ ਸਿੰਧੂ, ਪਦ 35, ਪੰਨਾ- 181.
86. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 38.
87. ਮੀਰਾ ਬ੍ਰਿਹਤ ਪਦਾਵਲੀ, ਪੰਨਾ- 207.
88. ਮੀਰਾ ਬਾਈ ਕੀ ਪਦਾਵਲੀ, ਪੰਨਾ- 207.
89. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ- 70.
90. ਕੇ.ਐਨ. ਉਪਾਧਿਆਇ, ਗੁਰੂ ਰਵਿਦਾਸ ਜੀਵਨ ਤੇ ਸਿਖਿਆਵਾਂ,
91. ਡਾ. ਧਰਮਪਾਲ ਸਿੰਗਲ(ਸੰਪਾ.) ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰ. 22.
92. ਰੈਦਾਸ ਪਰਚਈ, 1645 ਵਿਕਰਮੀ, ਪਦ 217.
93. ਡਾ. ਧਰਮਪਾਲ ਮੈਣੀ, ਰੈਦਾਸ, ਪੰਨਾ- 15.
94. ਡਾ. ਧਰਮਪਾਲ ਸਿੰਗਲ (ਸੰਪਾ.), ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰ. 10.
95. ਡਾ. ਪਦਮ ਗੁਰਚਰਨ ਸਿੰਘ, ਸੰਤ ਰਵਿਦਾਸ—ਵਿਚਾਰਕ ਔਰ ਕਵੀ ।

# ਅਧਿਆਇ ਤੀਜਾ

## ਜੀਵਨ ਮੁੱਲ

## ਜੀਵਨ ਮੁੱਲ

ਜੀਵਨ ਮੁੱਲ ਮਨੁੱਖੀ ਜੀਵਨ ਨੂੰ ਜੀਊਣ ਦੀ ਜਾਚ ਦੱਸਣ ਵਾਲੇ ਉਹ ਬਿੰਦੂ ਹਨ ਜਿਨ੍ਹਾਂ ਰਾਹੀਂ ਅਸੀਂ ਕਿਸੇ ਵੀ ਮਹਾਂਪੁਰਸ਼ ਦੇ ਵਿਚਾਰਾਂ ਦੀ ਡੂੰਘਾਈ ਵਿਚ ਜਾ ਕੇ ਪਹਿਚਾਣ ਕਰ ਸਕਦੇ ਹਾਂ। ਇਸ ਕੰਮ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਵਿਚਾਰ ਕਰਨਾ ਪਵੇਗਾ ਕਿ ਜੀਵਨ ਮੁੱਲ ਕੀ ਹਨ ਅਤੇ ਭਾਰਤੀ ਤੇ ਪੱਛਮੀ ਵਿਦਵਾਨਾਂ ਨੇ ਇਨ੍ਹਾਂ ਦੇ ਕੀ ਕੀ ਲੱਛਣ ਦੱਸੇ ਹਨ ।

### ਜੀਵਨ ਮੁੱਲ

ਆਧੁਨਿਕ ਸਮਾਜ ਦੇ ਸਾਹਿਤ ਅਤੇ ਵਿਚਾਰ ਜਗਤ ਵਿਚ ਮਨੁੱਖੀ ਮੁੱਲਾਂ ਦਾ ਵਿਸ਼ਾ ਬਹੁ-ਚਰਚਿਤ ਹੈ। ਵੀਹਵੀਂ ਸਦੀ ਵਿਚ ਮੁੱਲ ਸਿਧਾਂਤ, ਮੁੱਲ ਪ੍ਰਣਾਲੀ ਅਤੇ ਮੁਲੰਕਣ ਪ੍ਰਕਿਰਿਆ ਤੇ ਬਹੁਤ ਅਧਿਐਨ ਹੋਇਆ ਹੈ ਅਤੇ ਮਣਾਂ-ਮੂੰਹੀ ਸਾਹਿਤ ਰਚਿਆ ਗਿਆ ਹੈ। ਅੱਜ ਮੁੱਲ ਵਿਵੇਚਣ ਨੂੰ ਇਕ ਦਰਸ਼ਨ ਦੀ ਤਰ੍ਹਾਂ ਲਿਆ ਜਾਂਦਾ ਹੈ। ਮਨੁੱਖੀ ਜੀਵਨ ਦੀ ਅਧਿਆਤਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਸਥਿਤੀ ਸੋਸਾਇਟੀ ਦੀ ਮੂਲ ਧੁਰੀ ਜੀਵਨ ਮੁੱਲਾਂ ਦੇ ਦੁਆਲੇ ਘੁੰਮਦੀ ਹੈ।

ਜੀਵਨ ਮੁੱਲ ਮਨੁੱਖੀ ਵਿਕਾਸ ਦੀ ਪ੍ਰਕਿਰਿਆ ਵਿਚ ਅਹਿਮ ਰੋਲ ਅਦਾ ਕਰਦੇ ਹਨ। ਜਿਵੇਂ ਸਾਹਿਤ, ਸਾਇੰਸ ਆਦਿ ਦਾ ਅਧਿਐਨ ਵਿਅਕਤੀ ਦੇ ਮਾਨਸਿਕ, ਸਰੀਰਕ ਤੇ ਅਧਿਆਤਮਿਕ ਵਿਅਕਤਿਤ੍ਵ ਦੇ ਵਿਕਾਸ ਦਾ ਆਧਾਰ ਹੈ ਜਿਸਤੋਂ ਬਿਨਾ ਵਿਕਸਿਤ ਅਤੇ ਪੂਰਨ ਮਨੁੱਖ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।[1] ਵੱਖ ਵੱਖਰੇ ਕਬੀਲੇ, ਜਾਤਾਂ ਅਤੇ ਸਮੂਹ ਸਮਾਜ ਦਾ ਖਾਸਾ ਹਨ ਅਤੇ ਮਨੁੱਖੀ ਰਿਸ਼ਤਿਆਂ ਤੇ ਸਮਾਜਿਕ ਵਰਤਾਰਿਆਂ ਵਿਚ ਚੰਗੇ-ਬੁਰੇ, ਠੀਕ-ਗਲਤ, ਪਵਿੱਤਰ-ਅਪਵਿੱਤਰ ਦਾ ਨਿਖੇੜ ਮੁੱਲਾਂ ਤੇ ਕੇਂਦਰਿਤ ਹੈ ਭਾਵੇਂ ਮੁੱਲ ਸ਼ਬਦ ਸਾਡੇ ਸਾਹਮਣੇ, ਦੂਸਰੀਆਂ ਚੀਜਾਂ ਜਿਹੜੀਆਂ ਦੇਖੀਆਂ ਜਾ ਸਕਦੀਆਂ ਹਨ ਜਾਂ ਛੋਹ ਜਾਣ ਨਾਲ ਮਹਿਸੂਸ ਕੀਤੀਆਂ ਜਾ ਸਕਦੀਆਂ

ਹਨ ਦੀ ਤਰ੍ਹਾਂ ਨਹੀਂ ਹੈ। ਇਹ ਇਕ ਅਮੂਰਤ, ਸਮਝਣ ਅਤੇ ਅਨੁਭਵ ਕਰਨ ਦੀ ਅਨੁਭੂਤੀ ਹੈ। ਅਸੀਂ ਮੇਜ, ਪੱਖਾ, ਹਵਾ ਅਤੇ ਧੁੱਪ ਨੂੰ ਦੇਖ ਸਕਦੇ ਹਾਂ ਪਰ ਸਾਹਸ, ਪ੍ਰੇਮ, ਕ੍ਰੋਧ ਆਦਿ ਦੀ ਸਿਰਫ ਅਨੁਭੂਤੀ ਹੀ ਕਰ ਸਕਦੇ ਹਾਂ ਫੇਰ ਵੀ ਇਸ ਅਨੁਭੂਤੀ ਵਿਚੋਂ ਇਨ੍ਹਾਂ ਚੀਜਾਂ ਦਾ ਖਾਸਾ ਵਰਤਾਰਾ ਵਿਧਾਨ ਜਾਂ ਪ੍ਰਗਟਾ ਉਪਜਦਾ ਹੈ।

" ਮੁੱਲਾਂ ਦੀ ਆਪਣੇ ਸੁਤੰਤਰ ਰੂਪ ਵਿਚ ਦੂਜੀਆਂ ਚੀਜਾਂ ਦੀ ਤਰ੍ਹਾਂ ਕੋਈ ਹੋਂਦ ਨਹੀਂ ਉਨ੍ਹਾਂ ਨੂੰ ਅਨੁਭਵ ਕਰਨ ਲਈ ਸਾਨੂੰ ਕੋਈ ਬੌਧਿਕ-ਆਧਾਰ ਦੇਣਾ ਪੈਂਦਾ ਹੈ। ਅਸੀਂ ਨੇਕੀ ਅਤੇ ਸੁੰਦਰਤਾ ਨੂੰ ਭਾਵ ਰੂਪ ਵਿਚ ਨਹੀਂ ਜਾਣ ਸਕਦੇ।"[2]

ਮਾਨਵ ਮੁੱਲਾਂ ਦਾ ਚਾਹੇ ਉਹ ਕਿਸੇ ਵੀ ਜੀਵਨ ਖੇਤਰ ਨਾਲ ਸੰਬੰਧਿਤ ਹੋਣ ਦਾ ਮਨੁੱਖ ਦੇ ਜੀਵਨ ਨਾਲ ਗਹਿਰਾ ਸੰਬੰਧ ਹੈ। ਮੁੱਲ ਭਾਵੇਂ ਆਰਥਿਕ, ਸਮਾਜਿਕ, ਧਾਰਮਿਕ ਜਾਂ ਨੈਤਿਕ ਹੋਣ ਉਹ ਮਨੁੱਖੀ ਚਿਤਨ ਦੀ ਸੰਵੇਦਨਾ ਨਾਲ ਜਿੰਜੇ ਰਹੇ ਹੁੰਦੇ ਹਨ ਅਤੇ ਆਪਣੀ ਦੇਣ ਕਾਰਨ ਜੀਵਨ ਮੁੱਲ ਹੀ ਕਹਾਉਂਦੇ ਹਨ ਕਿਉਂਕਿ ਸਾਰੇ ਮੁੱਲ ਮਨੁੱਖੀ ਜੀਵਨ ਲਈ ਮਨੁੱਖ ਦੁਆਰਾ ਸਿਰਜੇ ਜਾਂਦੇ ਹਨ।[3]

ਜਿਹੜੇ ਮੁੱਲ ਮਨੁੱਖ ਦੀ ਅੰਤਰੀਵ ਸੰਵੇਦਨਾ ਦੇ ਨੇੜੇ ਹੁੰਦੇ ਹਨ ਉਨ੍ਹਾਂ ਵਿਚ ਜੀਵ ਪ੍ਰਤੀ ਉਦਾਰਤਾ ਦੀ ਗਹਿਰਾਈ ਹੁੰਦੀ ਹੈ। ਇਨ੍ਹਾਂ ਮੁੱਲਾਂ ਦੀ ਮਾਨਤਾ ਦਾ ਅਰਥ ਹੈ ਮਨੁੱਖਤਾ ਦੀ ਮਾਨਤਾ।[4]

ਜੀਵ ਆਪਣੀ ਆਂਤਰਿਕ ਪ੍ਰਾਕ੍ਰਿਤਕ ਖਿੱਚ ਕਾਰਨ ਆਪਣੇ ਪਰਿਵਾਰ, ਕਬੀਲੇ ਵਿਚ ਰਹਿਣਾ ਪਸੰਦ ਕਰਦਾ ਹੈ। ਪਰ ਮਨੁੱਖ ਦਾ ਪ੍ਰਯੋਜਨ ਇਥੇ ਹੀ ਖਤਮ ਨਹੀਂ ਹੋ ਜਾਂਦਾ ਕਿਉਂਕਿ ਉਹ ਬੋਲਣ ਵਾਲੇ ਪਸ਼ੂ ਦੇ ਨਾਲ ਨਾਲ ਸਮਾਜਿਕ ਜੀਵ ਵੀ ਹੈ ਇਸ ਲਈ ਉਹ ਸਮਾਜ ਵਿਚ ਦੂਸਰੇ ਸਾਥੀਆਂ ਨਾਲ ਰਹਿਣਾ ਚਾਹੁੰਦਾ ਹੈ। ਆਦਮੀ ਨੂੰ ਮੁੱਲ ਸਿਰਜਿਕ ਪਸ਼ੂ ਵੀ ਕਿਹਾ ਜਾ ਸਕਦਾ ਹੈ ਅਰਸਤੂ ਅਨੁਸਾਰ ਮਨੁੱਖ ਗੱਲਾਂ ਕਰਨ ਵਾਲਾ ਪਸ਼ੂ ਹੈ। ਰਾਧਾ ਕਮਲ ਮੁਕਰਜੀ ਅਨੁਸਾਰ ਮਨੁੱਖ ਮੁੱਲਾਂ ਦੀ ਤਲਾਸ਼ ਕਰਨ ਵਾਲਾ ਪਸ਼ੂ ਹੈ[5] ਅਤੇ ਬ੍ਰੂਡਨ ਆਦਮੀ ਨੂੰ ਰਾਜਨੈਤਿਕ ਪਸ਼ੂ ਕਹਿੰਦਾ ਹੈ।

ਮੁੱਲ ਸਮਾਜਿਕ ਹੋਣ ਦੇ ਨਾਲ ਨਾਲ ਆਪਣੀ ਸੰਸਕ੍ਰਿਤੀ ਨਾਲ ਵੀ ਪੂਰੀ ਤਰ੍ਹਾਂ ਜੁੜੇ ਹੋਏ ਹੁੰਦੇ ਹਨ। ਮਨੁੱਖੀ ਸੱਭਿਅਤਾ ਦੇ ਵਿਕਾਸ ਦੀ ਕਹਾਣੀ ਪ੍ਰਾਕ੍ਰਿਤਕ ਪ੍ਰਵੇਸ਼ ਦੇ ਪ੍ਰਭਾਵ ਦੇ ਘਟਨ ਦੀ ਕਹਾਣੀ ਅਤੇ ਸਾਂਸਕ੍ਰਿਤਕ ਪ੍ਰਵੇਸ਼ ਦੇ ਵਧਣ ਦੀ ਕਹਾਣੀ ਹੈ ਕਿਉਂ ਕਿ ਸੰਸਕ੍ਰਿਤੀ ਹੀ ਮਨੁੱਖ ਨੂੰ ਪਸ਼ੂ ਤੋਂ ਅਲੱਗ ਕਰਦੀ ਹੈ।

ਇਸ ਲਈ ਮਨੁੱਖ ਨੂੰ ਸਮਾਜਿਕ ਪਸ਼ੂ ਨਾ ਕਹਿ ਕੇ ਸਾਂਸਕ੍ਰਿਤਕ ਪਸ਼ੂ ਕਹਿਣਾ ਚਾਹੀਦਾ ਹੈ[6]। ਸਾਂਸਕ੍ਰਿਤਕ ਪੰਪਰਾਵਾਂ ਉਹ ਆਧਾਰ ਭੂਮੀ ਹੈ ਜਿਸਦੇ ਉੱਤੇ ਮੁੱਲ ਰੂਪੀ ਫੁੱਲ ਖਿੜਦੇ ਹਨ ਅਤੇ ਪ੍ਰਫੁਲਿਤ ਹੁੰਦੇ ਹਨ। ਮੁੱਲ ਅਸਲ ਵਿਚ ਸੱਚ, ਨੇਕੀ, ਠੀਕ ਅਤੇ ਮਹੱਤਾ ਦੇ ਪ੍ਰਤੀ ਅਣਜਾਣੇ ਵਿਚ ਬਣੀਆਂ ਪਰੰਪਰਾਗਤ ਮਾਨਤਾਵਾਂ ਹੁੰਦੀਆਂ ਹਨ। ਹਰ ਇਕ ਸੰਸਕ੍ਰਿਤੀ ਦੇ ਕੇਂਦਰ ਵਿਚ ਹਰ ਸਮੇਂ ਮੁੱਲਾਂ ਦਾ ਇਕ ਸਮੂਹ ਵਿਦਵਾਨ ਰਹਿੰਦਾ ਹੈ। ਇਸ ਲਈ ਕਿਸੇ ਵੀ ਸੰਸਕ੍ਰਿਤੀ ਦੀ ਪ੍ਰਮੁੱਖ ਵਿਸ਼ੇਸਤਾ ਉਸਦੇ ਆਧਾਰ-ਭੂਤ ਮੁੱਲਾਂ ਦਾ ਪ੍ਰਤੀਬਿੰਬ ਹੁੰਦੀ ਹੈ।[7]

ਮੁੱਲਾਂ ਦਾ ਸੰਬੰਧ ਕਿਉਂਕਿ ਉਸਦੇ ਵਿਵਹਾਰ ਅਤੇ ਚਿੰਤਨ ਨਾਲ ਹੈ ਅਤੇ ਇਨ੍ਹਾਂ ਦੁਆਰਾ ਹੀ ਸਮਾਜ ਵਿਚ ਉਸਨੂੰ ਮਾਨਤਾ ਪ੍ਰਾਪਤ ਹੁੰਦੀ ਹੈ। " ਮੁੱਲ ਸਮਾਜ ਵਿਚ ਪ੍ਰਭਾਵ ਖੋਜਣ ਦੇ ਸਾਂਸਕ੍ਰਿਤਕ ਮਾਧਿਅਮ ਹਨ।"[8]

ਮੁੱਲ ਆਪਣੀ ਆਰੰਭਿਕ ਅਵਸਥਾ ਵਿਚ ਇੱਛਾ ਅਵਸ਼ਕਤਾ, ਰੁਮਾਂਚ ਅਤੇ ਰੁਚੀ ਦੇ ਰੂਪ ਵਿਚ ਹੀ ਪ੍ਰਗਟ ਹੁੰਦੇ ਹਨ ਪਰ ਉਨ੍ਹਾਂ ਨੂੰ ਮਹੱਤਵ ਤੇ ਪ੍ਰਤਿਸ਼ਠਾ ਸਮਾਜਿਕ ਮਾਨਤਾ ਦੁਆਰਾ ਪ੍ਰਾਪਤ ਹੁੰਦੀ ਹੈ।

ਅਜੋਕਾ ਮਨੁੱਖੀ ਸੰਸਾਰ ਇਕ ਹੱਦ ਤੱਕ ਮਨੁੱਖ ਦੁਆਰਾ ਹੀ ਉਸਾਰਿਆ ਸੰਸਾਰ ਹੈ। ਸੋਚ-ਸਮਝ ਵਿਧਾਨ ਅਨੁਸਾਰ ਉਹ ਕਲਪਣਾ ਕਰ ਸਕਣ ਤੇ ਉਸਨੂੰ ਸਾਕਾਰ ਕਰ ਸਕਣ ਦੇ ਸਮਰਥ ਹੈ। ਉਹ ਆਪਣੀ ਸਿਰਜਨਾਤਮਿਕ ਸ਼ਕਤੀ ਦੁਆਰਾ ਵਸਤੂਆਂ ਅਤੇ ਮੁੱਲਾਂ ਨੂੰ ਸਿਰਜਦਾ ਹੈ। ਇਸ ਤਰ੍ਹਾਂ ਸਮੇਂ ਸਥਿਤੀ ਅਨੁਸਾਰ ਉਹ ਇਕ ਵੱਖਰਾ ਮੁੱਲ-ਵਿਧਾਨ ਨਿਸ਼ਚਿਤ ਕਰਦਾ ਹੈ ਅਤੇ ਆਪਣੇ ਲੋੜ ਪ੍ਰਬੰਧ ਦੀ ਸੁਵਿਧਾ ਅਨੁਸਾਰ ਉਸ

ਵਿਚ ਰੱਦੋ-ਬਦਲ ਕਰਦਾ ਹੈ। ਇਸ ਲਈ ਮਨੁੱਖੀ ਸੱਚ ਹੀ ਮੁੱਲਾਂ ਦਾ ਸੱਚ ਹੈ।[9]

" ਮੁੱਲ ਸਮਾਜਿਕ ਪਰਵੇਸ਼ ਵਿਚ ਜਨਮਦੇ ਹਨ ਅਤੇ ਆਪਣੇ ਸਥਾਈ ਹੋਂਦ ਲਈ ਸੰਘਰਸ਼ ਕਰਦੇ ਹਨ ਅਣਉਪਯੋਗੀ ਹੋਣ ਤੇ ਉਨ੍ਹਾਂ ਦਾ ਸਥਾਨ ਨਵੇਂ ਮੁੱਲ ਲੈ ਲੈਂਦੇ ਹਨ। ਵਾਸਤਵ ਵਿਚ ਹਰ ਸਮਾਜ ਦਾ ਸੰਚਾਰਣ ਮੁੱਲਾਂ ਅਤੇ ਨਿਯਮਾਂ ਦੇ ਸਮੂਹ ਦੁਆਰਾ ਹੁੰਦਾ ਹੈ।"[10]

ਮਨੁੱਖ ਸੰਵੇਦਨਾਵਾਂ ਅਤੇ ਪ੍ਰਵਿਰਤੀਆਂ ਦੇ ਸੰਸਾਰ ਵਿਚ ਜਨਮ ਲੈਂਦਾ ਹੈ ਅਤੇ ਅਰਥਾਂ ਤੇ ਮੁੱਲਾਂ ਦੇ ਸੰਸਾਰ ਵਿਚ ਵਿਕਸਿਤ ਹੁੰਦਾ ਹੈ।[11]

ਮਨੁੱਖ ਦੀ ਇਹ ਸੁਭਾਵਿਕ ਵਿਸ਼ੇਸਤਾ ਹੈ ਕਿ ਜੋ ਕੁਝ ਉਹ ਜਾਣਦਾ ਹੈ ਜਾਂ ਅਨੁਭਵ ਕਰਦਾ ਹੈ ਉਹ ਦੂਸਰਿਆਂ ਨਾਲ ਸਾਂਝਾ ਕਰਦਾ ਹੈ ਉਸਦੀ ਹਮਾਇਤ ਚਾਹੁੰਦਾ ਹੈ। ਇਸ ਤਰ੍ਹਾਂ ਜੀਵਨ ਮੁੱਲ ਪ੍ਰਬੰਧ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਪਹਿਲਾਂ ਇਹ ਕਿ ਮਨੁੱਖ ਨੇ ਕਿਸੇ ਵਿਸ਼ੇਸ ਪਰਸਿਥਿਤੀ ਵਿਚ ਅਨੁਭਵ ਪ੍ਰਾਪਤ ਕੀਤਾ ਅਤੇ ਦੂਸਰਾ ਇਹ ਕਿ ਮਨੁੱਖ ਨੇ ਉਸ ਅਨੁਭਵ ਬਾਰੇ ਕੀ ਨਿਰਣੈ ਲਿਆ ਅਥਵਾ ਉਸ ਅਨੁਭਵ ਨੂੰ ਕਿਵੇਂ ਸੰਚਾਲਿਤ ਕਰਨਾ ਚਾਹਿਆ ਅਤੇ ਕੀਤਾ। ਇਸ ਲਈ ਮੁੱਲ-ਵਿਧਾਨ ਅਤੇ ਮੁੱਲ-ਨਿਰਣੇ ਮਨੁੱਖ ਦੀ ਜਾਗਰਿਕਤਾ ਦਾ ਸੂਚਕ ਹੈ ਤੇ ਜੀਣ ਪ੍ਰਵਿਰਤੀ ਦਾ ਅੰਗ ਕਿਹਾ ਜਾ ਸਕਦਾ ਹੈ ਇਸਨੂੰ ਉਸਦੇ ਸਮਾਜਿਕ ਅਤੇ ਸਾਂਸਕ੍ਰਿਤਕ ਵਿਕਾਸ ਦਾ ਲੱਛਣ ਵੀ ਕਿਹਾ ਜਾ ਸਕਦਾ ਹੈ।

ਭਾਰਤੀਯ ਦਾਰਸ਼ਨਿਕਾਂ ਨੇ ਮਨੁੱਖੀ ਜੀਵਨ ਨੂੰ ਚਾਰ ਪੁਰਸ਼ਾਰਥਾਂ ਵਿਚ ਵੰਡਿਆ ਹੈ। ਇਹ ਚਾਰ ਧਰਮ, ਅਰਥ, ਕਾਮ, ਮੋਕਸ਼ ਹਨ। ਇਨ੍ਹਾਂ ਮੁੱਲਾਂ ਨੂੰ ਦਾਰਸ਼ਨਿਕਾਂ ਨੇ ਮਨੁੱਖੀ ਜੀਵਨ ਦੀ ਸਫਲਤਾ ਅਤੇ ਵਿਕਾਸ ਦਾ ਪ੍ਰਤੀਕ ਮੰਨਿਆ ਹੈ। ਅਸਲ ਵਿਚ ਇਹ ਚਾਰੇ ਪੁਰਸ਼ਾਰਥ(ਧਰਮ, ਅਰਥ, ਕਾਮ,ਮੋਕਸ਼) ਸਰੀਰ,ਮਨ, ਬੁੱਧੀ ਅਤੇ ਆਤਮਾ ਦੇ ਪਾਲਣਹਾਰੇ ਲੱਛਣ ਮੰਨੇ ਗਏ ਹਨ। (1) ਅਰਥ ਮਨੁੱਖੀ ਜੀਵਨ ਲਈ ਧਨ ਇਕੱਠਾ ਕਰਨ ਤੇ ਸੁਖ-ਸੁਵਿਧਾਵਾਂ ਭੋਗਣ ਦੀ ਪ੍ਰਵਿਰਤੀ, (2) ਧਰਮ ਵਿਵੇਕ ਪੂਰਣ ਕਰਤੱਵ ਪਾਲਣ, (3) ਕਾਮ ਭੋਗ ਵਾਸ਼ਨਾ, ਸੁਭਾਵਿਕ ਪ੍ਰਵਿਰਤੀਆਂ ਤੇ ਸੰਸਾਰਿਕ ਲਾਲਸਾਵਾਂ, (4) ਮੋਕਸ਼ ਮਨੁੱਖ ਦੀ ਅਧਿਆਤਮਿਕ ਤੇ ਮੁਕਤ ਅਵਸਥਾ ਦਾ ਪ੍ਰਤੀਕ ਹੈ।[12]

ਮਨੁੱਖੀ ਪ੍ਰਵਿਰਤੀਆਂ ਨੂੰ ਮਨੁੱਖੀ ਜੀਵਨ ਵਿਚ ਸੁਚਾਰੂ ਰੂਪ ਵਿਚ ਪ੍ਰਵਰਤਿਤ ਕਰਕੇ, ਮਨੁੱਖੀ ਸਮਾਜਿਕ ਵਿਕਾਸ ਵਿਚ ਯੋਗਦਾਨ ਪਾਉਣ ਦੇ ਸਮਰਥ ਬਣਾਉਣ ਲਈ ਮਨੁੱਖ ਹਮੇਸ਼ਾ ਯਤਨਸ਼ੀਲ ਰਿਹਾ। " ਮਨੁੱਖ ਦਾ ਸਭ ਤੋਂ ਪਹਿਲਾ ਪੁਰਸ਼ਾਰਥ ਮਨੁੱਖੀ ਪ੍ਰਵਿਰਤੀਆਂ ਦਾ ਵਾਸਤਵਿਕ ਨਕਸ਼ ਹੈ। ਕਿਸੇ ਅਭੀਸ਼ਟ(ਮਨ-ਇੱਛਤ) ਵਸਤੂ ਦਾ ਮਨੁੱਖੀ ਹਿੱਤ ਅਥਵਾ ਠੀਕ ਠੀਕ ਪੁਰਸ਼ਾਰਥ ਬਨਣ ਲਈ ਉਸ ਵਿਚ ਦੋ ਲੱਛਣਾਂ ਦੀ ਵਿਸ਼ੇਸ਼ ਰੂਪ ਵਿਚ ਜਰੂਰਤ ਹੈ ਇਕ ਤਾਂ ਇਹ ਕਿ ਉਸਦਾ ਮੁੱਲ ਸਰੂਪਤ ਹੋਣਾ ਚਾਹੀਦਾ ਹੈ ਅਤੇ ਉਸਦੀ ਰਮਣੀਅਤਾ ਉਸਦੇ ਆਪਣੇ ਗੁਣ ਦੇ ਕਾਰਨ ਹੋਣੀ ਚਾਹੀਦੀ ਹੈ। ਦੂਸਰਾ ਉਸ ਵਿਚ ਇਹ ਸਮਰਥਾ ਹੋਣੀ ਚਾਹੀਦੀ ਹੈ ਕਿ ਇਹ ਸਮੁੱਚੇ ਜੀਵਨ ਨੂੰ ਸਾਰਥਿਕ ਬਣਾ ਸਕੇ।"[13] ਇਸ ਤਰ੍ਹਾਂ ਮੁੱਲ ਦੇ ਦੋ ਅਰਥ ਹੋ ਜਾਂਦੇ ਹਨ :–

(1) ਪਰਮਾਰਥ ਰੂਪ
(2) ਪੁਰਸ਼ਾਰਥ ਰੂਪ

ਪਰਮਾਰਥ ਪਰਮਾਤਮਾ ਰੂਪ ਹੈ ਜਿਸ ਵਿਚ ਵਾਸਤਵਿਕਤਾ ਅਤੇ ਨੇਕੀ ਆਪਣੇ ਉਚਤਮ ਰੂਪ ਵਿਚ ਹਮੇਸ਼ਾ ਸੰਚਲਿਤ ਰਹਿੰਦੀ ਹੈ। ਪੁਰਸ਼ਾਰਥ ਸੁੱਖ ਦਾ ਰੂਪ ਹੈ ਅਤੇ ਸੁੱਖ ਮਨੁੱਖ ਦੀ ਸਹਿਜ ਪ੍ਰਵਿਰਤੀ ਜਾਂ ਸੰਭਾਵਨਾ ਨੂੰ ਅਸਲੀ ਜਾਮਾ ਪਹਿਨਾਉਣ ਦਾ ਆਹਰ ਹੈ ਅੰਤ ਪਰਮਾਰਥ ਅਤੇ ਪੁਰਸ਼ਾਰਥ ਦੇ ਸੁਮੇਲ ਨੂੰ ਮੁੱਲ ਕਿਹਾ ਜਾਂਦਾ ਹੈ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮੁੱਲ ਮਨੁੱਖ ਅੰਤਰੀਵ ਦੇ, ਦੁਨਿਆਵੀ ਵਰਤਾਰਿਆਂ ਨਾਲ ਸੁਮੇਲ ਕਾਰਨ ਹੀ ਉਤਪੰਨ ਹੁੰਦੇ ਹਨ ਤੇ ਸਮਾਜਿਕ ਪ੍ਰਵੇਸ਼ ਵਿਚ ਹੀ ਸੰਘਰਸ਼ ਕਰਦੇ ਹਨ। ਜੀਵਨ ਮੁੱਲ ਸਮਾਜ, ਸੰਸਕ੍ਰਿਤੀ ਦੀ ਲੋੜ ਅਨੁਸਾਰ ਸਮੇਂ ਸਮੇਂ ਤੇ ਬੇਲੋੜੇ ਹੋ ਜਾਣ ਕਾਰਨ ਆਪਣਾ ਅਸਤਿਤਵ ਖੋਹ ਦਿੰਦੇ ਹਨ ਤੇ ਉਨ੍ਹਾਂ ਦੀ ਥਾਂ ਤੇ ਜੋਸਾਇਟੀ ਸਮਾਜ ਦੇ ਅਨੁਕੂਲ ਨਵੇਂ ਮੁੱਲ ਉਨ੍ਹਾਂ ਦੀ ਥਾਂ ਲੈਂਦੇ ਹਨ।

## ਪਰਿਭਾਸ਼ਾ

ਮੁੱਲ ਸ਼ਬਦ ਬਹੁ-ਅਰਥੀ ਸ਼ਬਦ ਹੈ। ਮੁੱਲ ਸ਼ਬਦ ਆਪਣੇ ਆਪ ਵਿਚ ਪੂਰੀ

ਤਰ੍ਹਾਂ ਸਪੱਸ਼ਟ ਨਹੀਂ ਹੈ ਇਸ ਲਈ ਇਸਦੀ ਨਿਸ਼ਚਿਤ ਪਰਿਭਾਸ਼ਾ ਦੇਣੀ ਸੰਭਵ ਪ੍ਰਤੀਤ ਨਹੀਂ ਹੁੰਦੀ। ਵੱਖ ਵੱਖ ਵਿਦਵਾਨਾਂ ਨੇ ਇਸਨੂੰ ਜੀਣ-ਜਾਚ ਦੇ ਵੱਖੋ-ਵੱਖਰੇ ਸੰਦਰਭਾਂ ਦੇ ਅਨੁਰੂਪ ਆਂਕਿਆ ਹੈ ਅਤੇ ਇਸਦੇ ਉਸਦੇ ਸੰਦਰਭ ਵਿਚ ਅਰਥ ਲਏ ਹਨ। ਇਹ ਸ਼ਬਦ ਮਨੁੱਖ ਦੇ ਬਹੁ-ਪਰਤੀ ਜੀਵਨ ਵਰਤਾਰਿਆਂ, ਸੋਚਾਂ, ਸ਼ੌਕਾਂ, ਝੁਕਾਵਾਂ, ਚਾਹਤਾਂ ਅਤੇ ਅੰਤਰੀਵ ਅਧਿਆਤਮਿਕ ,ਅੰਤਰਮੁੱਖਤਾ ਤੇ ਅੰਤਰੀਵ ਸ਼ਾਂਤੀ ਨਾਲ ਜੁੜਿਆ ਹੋਇਆ ਹੈ।

'ਸ਼ਬਦ ਕੋਸ਼' ਵਿਚ ਮੁੱਲ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ "ਸ੍ਰੇਸ਼ਟ ਉਪਯੋਗੀ ਤੇ ਵਾਂਛਿਤ ਹੋਣ ਦੀ ਵਿਸ਼ੇਸ਼ਤਾ ਜਾਂ ਸਥਿਤੀ ਹੀ ਮੁੱਲ ਹੈ।"[14]

ਪਰੰਤੂ ਮਨੁੱਖੀ ਜੀਵਨ ਦੇ ਲਈ ਕੀ ਸ੍ਰੇਸ਼ਟ ਉਪਯੋਗੀ ਤੇ ਵਾਂਛਨੀਯ(ਲੋੜੀਂਦਾ) ਹੈ ਅਤੇ ਕੀ ਹੋਣਾ ਚਾਹੀਦਾ ਹੈ ਇਹ ਇਕ ਅਤਿਅੰਤ ਵਿਵਾਦ ਪੂਰਨ ਵਿਸ਼ਾ ਹੈ। ਇਸਦਾ ਅਧਿਐਨ ਮੁੱਢ ਕਦੀਮ ਤੋਂ ਹੁਣ ਤਕ ਵਿਦਵਾਨ ਕਰਦੇ ਹਨ।

ਮੁੱਲ ਦਾ ਅੰਗਰੇਜ਼ੀ ਪਰਯਾਯ ( Value ) ਹੈ। ਜੋ ਲੈਟਿਨ ਦੇ 'Valere' ਸ਼ਬਦ ਤੋਂ ਬਣਿਆ ਹੈ ਜਿਸਦਾ ਅਰਥ, ਚੰਗਾ, ਸਮਰਥ ਅਤੇ ਸ਼ਕਤੀਸ਼ਾਲੀ ਹੁੰਦਾ ਹੈ।[15] ਸਪਸ਼ੱਟ ਤੌਰ ਤੇ ਮੁੱਲ ਦਾ ਅਰਥ ਮੂਲ ਧਾਤੂ ਅਨੁਸਾਰ ਹੀ ਲਿਆ ਜਾਂਦਾ ਹੈ ਜਿਸਦਾ ਸ਼ਾਬਦਿਕ ਅਰਥ ਮਜ਼ਦੂਰੀ, ਕੀਮਤ ਜਾਂ ਦਾਮ ਹੈ।[16]

ਮੁੱਲ ਸ਼ਬਦ ਨੂੰ ਆਰਥਿਕ ਸੰਬੰਧ ਵਿਚ ਕਿਸੇ ਵਸਤੂ ਦੀ ਸਾਰਥਕਤਾ ਦੇ ਬਰਾਬਰ ਦੀ ਕੀਮਤ ਜਾਂ ਉਸਦੀ ਉਪਯੋਗਿਤਾ ਦੀ ਕੀਮਤ ਮਿਥਦੇ ਹਾਂ ਇਸ ਤਰ੍ਹਾਂ ਵਸਤੂ, ਵਸਤੂ ਨਾ ਰਹਿ ਕੇ, ਮਨੁੱਖੀ ਸੰਤੁਸ਼ਟੀ ਦੇ ਅਨੁਪਾਤ ਵਿਚ ਹੀ ਕੀਮਤ ਮਿਥੀ ਜਾਂਦੀ ਹੈ। ਵਸਤੂ ਦਾ ਮੁੱਲ, ਮੁੱਲ ਨਾ ਰਹਿ ਕੇ ਮਨੁੱਖੀ ਸੰਤੁਸ਼ਟੀ ਦੀ ਮਾਤਰਾ ਦਾ ਮੁੱਲ ਬਣ ਜਾਂਦਾ ਹੈ। ਇਸ ਵਸਤੂ ਦਾ ਆਪਣਾ ਕੋਈ ਅਸਤਿਤਵ ਨਹੀਂ ਰਹਿੰਦਾ ਉਸਦਾ ਅਸਤਿਤਵ ਮਨੁੱਖੀ ਉਪਯੋਗਿਤਾ ਤੇ ਨਿਰਭਰ ਕਰਦਾ ਹੈ।

'ਮੁੱਲ' ਸ਼ਬਦ ਮੂਲ ਰੂਪ ਵਿਚ ਅਰਥ-ਸ਼ਾਸਤਰ ਦਾ ਸ਼ਬਦ ਹੈ ਅਤੇ ਇਸ ਵਿਚ ਮੁੱਲ ਤੋਂ ਅਰਥ ਵਸਤੂ ਦੀ ਕੀਮਤ ਤੋਂ ਲਿਆ ਜਾਂਦਾ ਹੈ। ਲਿਲੀ ਵਿਲੀਅਮ 'ਮੁੱਲ' ਸ਼ਬਦ ਨੂੰ ਚੀਜ਼ ਦੇ ਗੁਣ ਅਨੁਸਾਰ ਮਨੁੱਖੀ ਲੋੜ ਪੂਰਤੀ ਅਤੇ ਉਸਦੀ ਦੂਸਰੀਆਂ ਚੀਜ਼ਾਂ ਦੇ ਮੁਕਾਬਲੇ ਵਿਚ ਬਦਲਾਅ ਪਿੱਛੋਂ ਕੀਮਤ ਦੇ ਅਰਥਾਂ ਵਜੋਂ ਲੈਂਦਾ ਹੈ।[17]

ਅਰਥ ਸ਼ਾਸਤਰ ਨਿਯਮਾਂ ਅਨੁਸਾਰ ਕਿਸੇ ਵਸਤੂ ਦੀ ਜਿੰਨੀ ਜ਼ਿਆਦਾ ਮੰਗ ਹੋਵੇਗੀ ਪ੍ਰਾਪਤੀ ਉੱਨੀ ਹੀ ਔਖੀ ਹੋਵੇਗੀ। ਉਸ ਵਸਤੂ ਦੀ ਕੀਮਤ ਅਨੁਪਾਤਿਕ ਨਿਯਮ ਅਨੁਸਾਰ ਜ਼ਿਆਦਾ ਹੋਵੇਗੀ ਜਾਂ ਜਿੰਨੀ ਵਸਤੂ ਦੀ ਉਪਯੋਗਿਤਾ ਤੇ ਜਰੂਰਤ ਹੋਵੇਗੀ ਉਸਦੀ ਕੀਮਤ ਵੀ ਦੂਸਰੀਆਂ ਵਸਤੂਆਂ ਦੇ ਮੁਕਾਬਲੇ ਉਸੇ ਅਨੁਪਾਤ ਵਿਚ ਵਧ ਹੋਵੇਗੀ । ਸਾਂਸਕ੍ਰਿਤਕ ਸੰਦਰਭ ਵਿਚ ਮੁੱਲਾਂ ਦਾ ਅਰਥ ਅਸੀਂ ਨੈਤਿਕ ਤੌਰ ਤੇ ਲੈ ਸਕਦੇ ਹਾਂ ਕਿਉਂਕਿ ਸਾਂਸਕ੍ਰਿਤਕ ਮੁੱਲ ਵਿਧਾਨ, ਨੈਤਿਕਤਾ ਤੇ ਜ਼ੋਰ ਦਿੰਦਾ ਹੈ ਤੇ ਚੰਗੇਰੀ ਜ਼ਿੰਦਗੀ ਨਈ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਇਸ ਤਰ੍ਹਾਂ ਨਹੀਂ ਆਦਿ ਮਾਪਦੰਡ ਸਥਾਪਿਤ ਕਰਦਾ ਹੈ।

" ਮੁੱਲ ਉਹ ਸਾਂਸਕ੍ਰਿਤਕ ਧਾਰਨਾ ਹੈ ਅਥਵਾ ਮਾਪਦੰਡ ਹੈ ਜਿਸਦੇ ਦੁਆਰਾ ਵਸਤੂਆਂ ਜਾਂ ਗੁਣਾਂ ਦੀ ਪਰਸਪਰ ਤੁਲਨਾ ਕੀਤੀ ਜਾਂਦੀ ਹੈ ਜਿਵੇਂ ਉਚਿੱਤ ਜਾਂ ਅਨੁਚਿਤ ਚੰਗਾ ਜਾਂ ਬੁਰਾ ਅਤੇ ਠੀਕ ਜਾਂ ਗਲਤ ਦਾ ਨਿਰਣੈ ਕੀਤਾ ਜਾਂਦਾ ਹੈ।"[18]

ਕਈ ਵਿਦਵਾਨਾਂ ਨੇ ਸੰਸਕ੍ਰਿਤੀ ਨੂੰ ਮੁੱਲ ਮੰਨਿਆ ਹੈ ,"ਸੰਸਕ੍ਰਿਤੀ ਉਨ੍ਹਾਂ ਕ੍ਰਿਆਵਾਂ ਨੂੰ ਕਹਿੰਦੇ ਹਨ ਜਿਹੜੀਆਂ ਸਾਨੂੰ ਆਪਣੇ ਵਿਚ ਹੀ ਮੁੱਲਵਾਨ, ਮਹੱਤਵਪੂਰਣ ਲਗਦੀਆਂ ਹਨ।"[19]

ਇਥੇ ਇਸਦਾ ਮਤਲਬ ਇਸ ਤਰ੍ਹਾਂ ਲਿਆ ਗਿਆ ਲਗਦਾ ਹੈ ਜਿਵੇਂ ਸੰਸਕ੍ਰਿਤੀ ਜਿਹੜੇ ਮੁੱਲ ਅਤੇ ਆਦਰਸ਼ ਆਪਣੇ ਲੋਕਾਂ ਨੂੰ ਵਿਰਾਸਤ ਵਿਚ ਦਿੰਦੀ ਹੈ ਉਹ ਸੰਸਕ੍ਰਿਤੀ ਵਿਚ ਹੀ ਸਮਾਏ ਹੋਏ ਹੁੰਦੇ ਹਨ। ਇਸ ਰੂਪ ਵਿਚ ਅਸੀਂ ਸੰਸਕ੍ਰਿਤੀ ਨੂੰ ਉਚੇਰੇ ਮੁੱਲ ਵਜੋਂ ਲੈ ਸਕਦੇ ਹਾਂ।

ਜੀਵਨ ਮੁੱਲਾਂ ਦੀ ਦ੍ਰਿਸ਼ਟੀ ਤੋਂ ਮੁੱਲ ਦੀ ਜਦ ਵਿਆਖਿਆ ਕੀਤੀ ਜਾਵੇ ਤਾਂ ਇਸਦੇ ਤਿੰਨ ਅਰਥ ਦਿਤੇ ਜਾ ਸਕਦੇ ਹਨ:-

(1) ਕੀਮਤ ਦੇ ਸੰਦਰਭ ਵਿਚ ਮੁੱਲ

(2) ਲੋੜ ਦੇ ਸੰਦਰਭ ਵਿਚ ਮੁੱਲ

(3) ਮੰਤਵ ਪੂਰਤੀ ਦੇ ਸੰਦਰਭ ਵਿਚ ਮੁੱਲ

ਕੁਦਰਤੀ ਵਸਤੂਆਂ ਅਤੇ ਮਨੁੱਖ ਵਲੋਂ ਬਣਾਈਆਂ ਵਸਤੂਆਂ ਇਸ ਲਈ ਆਪਣਾ ਵਿਸ਼ੇਸ ਮੁੱਲ ਰਖਦੀਆਂ ਹਨ ਅਤੇ ਉਸਦੀਆਂ ਇਛਾਵਾਂ ਦੀ ਪੂਰਤੀ ਕਰਦੀਆਂ ਹਨ। ਅਰਬਨ ਨੇ ਮੁੱਲ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ " ਮੁੱਲ ਉਹ ਹੈ ਜਿਹੜਾ ਮਨੁੱਖ ਦੀ ਇੱਛਾ-ਪੂਰਤੀ ਕਰਦਾ ਹੈ।"[20]

ਮੁੱਲ ਵਿਅਕਤੀ ਅਤੇ ਪਾਰੀਭਕ ਸਥਿਤੀ ਦੇ ਵਿਚ ਦਾ ਉਹ ਰਿਸ਼ਤਾ ਅਤੇ ਅਨੁਭਵ ਹੈ ਜੋ ਮਹੱਤਵ ਅਤੇ ਠੀਕ ਨੂੰ ਪ੍ਰਗਟ ਕਰਦਾ ਹੈ। ਮਾਨਵਿਕੀ ਪ੍ਰਮਾਣਿਕ ਕੋਸ਼ ਦੇ ਦਰਸ਼ਨ ਖੰਡ ਵਿਚ ਮੁੱਲ ਨੂੰ ਸੱਤਾ ਦਾ ਮਹੱਤਵ ਦੱਸਿਆ ਹੈ।[21] ਮੁੱਲ ਦੇ ਵਿਸ਼ੇ ਵਿਚ ਦੋ ਅੱਲੱਗ ਅਲੱਗ ਦ੍ਰਿਸ਼ਟੀਕੋਣ ਹਨ।

(1) ਮੁੱਲ ਇਕ ਆਮ ਸਮੂਹਿਕ ਅਤੇ ਅਮੂਰਤ ਗੁਣ ਹੈ ਜਿਹੜਾ ਵਸਤੂਆਂ ਵਿਚ ਜਰੂਰੀ ਹੈ। ਵਸਤੂਆਂ ਆਪਣੇ ਆਪ ਵਿਚ ਮੁੱਲਵਾਨ ਜਾਂ ਮੁੱਲਹੀਨ ਹੁੰਦੀਆਂ ਹਨ। ਮੁੱਲ ਕਿਸੇ ਵਿਸ਼ੇਸ ਪ੍ਰਕਾਰ ਦਾ ਹੋਵੇ ਇਹ ਜਰੂਰੀ ਨਹੀਂ।

(2) ਹਰ ਇਕ ਮੁੱਲ ਜੀਵਨ ਦੇ ਕਿਸੇ ਵਿਸ਼ੇਸ ਖੇਤਰ ਜਾਂ ਪਹਿਲੂ ਨਾਲ ਸੰਬੰਧਤ ਹੈ। ਕਿਸੇ ਕੰਮ ਤੱਥ ਜਾਂ ਸਤ੍ਹਾਂ ਦੇ ਸੰਬੰਧ ਵਿਚ ਕਹਿ ਸਕਦੇ ਹਾਂ ਕਿ ਇਸਦਾ ਆਰਥਿਕ, ਕਲਾਤਮਿਕ ਜਾਂ ਸਮਾਜਿਕ ਮੁੱਲ ਕੀ ਹੈ ? ਕੇਵਲ ਇਹ ਕਹਿਣਾ ਕਿ " ਵਸਤੂ ਵਿਚ ਮੁੱਲ ਹੈ ਕੋਈ ਅਰਥ ਨਹੀਂ ਰਖਦਾ " ਇਸ ਲਈ ਵਸਤੂ ਦੀ ਵਿਸ਼ਿਸਟਤਾ ਵਿਚ ਮੁੱਲ ਹੈ ਅਤੇ ਮਨੁੱਖ ਦੇ ਸੰਦਰਭ ਵਿਚ ਹੀ ਉਸਦੀ ਹੋਂਦ ਹੈ ਵਿਅਕਤਿਤ੍ਵ ਅਨੁਭੂਤੀ ਹੀ ਮੁੱਲਾਂ ਦਾ ਆਧਾਰ ਹੈ। ਕੁਝ ਵਿਦਵਾਨਾਂ ਅਨੁਸਾਰ " ਮੁੱਲ ਸਦਾ ਅਨੁਭਵ ਹੁੰਦਾ ਹੈ ਵਸਤੂ ਜਾਂ ਵਿਸ਼ਾ ਨਹੀਂ।"[22]

ਮੁੱਲ ਮਨੁੱਖੀ ਮਾਨਸਿਕ ਜਗਤ ਦੀ ਸਿਰਜਣੀ ਹਨ। ਇੱਛਾ ਅਵੱਸ਼ਕਤਾ ਅਤੇ ਰੁਚੀ ਇਸ ਦੀਆਂ ਪ੍ਰੇਰਨਾਵਾਂ ਹਨ। ਅਰਬਨ ਅਨੁਸਾਰ " ਮੁੱਲ ਉਹੀ ਵਸਤੂ ਜਿਹੜੀ ਅੰਤਿਮ ਰੂਪ ਵਿਚ ਜਮਾਂਦਰੂ ਦ੍ਰਿਸ਼ਟੀ ਤੋਂ ਮੁੱਲਵਾਨ ਹੋਵੇ ਅਤੇ ਜਿਹੜੀ ਵਿਅਕਤੀ ਨੂੰ ਸਵੈ-ਵਿਕਾਸ ਅਤੇ ਆਤਮ-ਸਿੱਧੀ ਵੱਲ ਲੈ ਕੇ ਜਾਂਦੀ ਹੋਵੇ।"[23]

ਮੁੱਲ ਆਪਣੇ ਆਪ ਵਿਚ ਪ੍ਰਯੋਜਕ ਵਿਚਾਰ ਹੈ ਜਿਹੜਾ ਕਿਸੇ ਵਸਤੂ ਦੁਆਰਾ ਨਿਰਧਾਰਿਤ ਹੁੰਦਾ ਹੈ ਅਤੇ ਮਨੁੱਖ ਦੀ ਸੰਤੁਸ਼ਟੀ ਦਾ ਵਿਸ਼ਾ ਬਣਦਾ ਹੈ। ਇਸ ਲਈ ਵਿਅਕਤਿਤੂ ਅਨੁਭੂਤੀ ਤੇ ਵਸਤੂ, ਮੁੱਲ ਦੇ ਜਰੂਰੀ ਅੰਗ ਹਨ। "ਜਿਹੜੀ ਵਸਤੂ ਮਨੁੱਖੀ ਮਨ ਵਿਚ ਖੇੜਾ, ਪ੍ਰੇਰਨਾ, ਸਾਰਥਕਤਾ, ਭਰਪੂਰਤਾ, ਸੰਤੁਸ਼ਟਤਾ ਦੀ ਅਨੁਭੂਤੀ ਕਰਨ ਵਿਚ ਸਮਰੱਥ ਹੁੰਦੀ ਹੈ, ਉਹੀ ਮੁੱਲਵਾਨ ਪ੍ਰਤੀਤ ਹੋਣ ਲਗਦੀ ਹੈ।"[24]

ਪ੍ਰੰਤੂ ਇਥੇ ਇਹ ਸੁਆਲ ਪੈਦਾ ਹੁੰਦਾ ਹੈ ਕਿ "ਮੁੱਲ ਸਾਰਥਤਾ" ਵਸਤੂ ਵਿਚ ਹੁੰਦੀ ਹੈ ਜਾਂ ਮਨੁੱਖੀ ਮਨ ਵਿਚ ਇਸ ਸੰਬੰਧੀ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਆਂਤਰਿਕ ਮੁੱਲ ਵਸਤੂ ਵਿਚ ਨਹੀਂ ਹੁੰਦੇ ਸਗੋਂ ਮਨੁੱਖੀ ਇਛਾਵਾਂ ਦੀ ਪੂਰਤੀ ਤੇ ਆਧਾਰਿਤ ਹੁੰਦੇ ਹਨ।

" ਸਾਨੂੰ ਮੁੱਲਵਾਨ ਵਸਤੂ ਵਿਚ ਨਹੀਂ ਬਲਕਿ ਉਸ ਵਿਚ ਉਪਜੀਆਂ ਅਦਭੁਤ ਇੱਛਾਵਾਂ ਅਤੇ ਪੂਰਤੀ ਦੇ ਰੂਪ ਵਿਚ ਦੇਖਣਾ ਪਏਗਾ।[25]

" ਮੂੱਲ ਵਾਸਤੀ ਭਾਵ ਹੈ " ਅੰਤਿਮ ਵਿਸ਼ਲੇਸ਼ਣ ਅਨੁਸਾਰ ਇਹ ਮਨ ਦੀ ਵਸਤੂ ਹੈ ਜਿਸਦਾ ਸੰਬੰਧ ਚੰਗੇਰੇ ਜੀਵਨ ਦੇ ਵਿਸ਼ੇ ਵਿਚ ਲੋਕਾਂ ਦੀ ਕਲਪਨਾ ਅਤੇ ਆਦਰਸ਼ ਦ੍ਰਿਸ਼ਟੀ ਨਾਲ ਹੈ। ਉਹ ਚੰਗੇਰਾ ਜੀਵਨ ਜਿਹੜਾ ਉਹ ਆਪਣੇ ਲਈ ਤੇ ਆਪਣੇ ਸਾਥੀਆਂ ਲਈ ਉਚਿੱਤ ਤੇ ਉਪਯੋਗੀ ਸਮਝਦੇ ਹਨ।"[26]

ਪ੍ਰੋ. ਕੁਰਟ ਬੇਅਰ ਮੁੱਲ ਦੀ ਪਰਿਭਾਸ਼ਾ/ਵਿਆਖਿਆ ਪ੍ਰਵਿਰਤੀਆਂ, ਮਨੋਭਾਵਾਂ, ਇੱਛਾਵਾਂ ਆਦਿ ਦੇ ਆਧਾਰ ਤੋਂ ਵੱਖਰੀ ਤਰ੍ਹਾਂ ਕਰਦਾ ਹੈ। ਉਹ ਮੁੱਲ ਨੂੰ " ਕਿਸੇ ਘਟਨਾ

ਜਾਂ ਵਾਰਦਾਤ ਦੇ ਹੱਕ ਜਾਂ ਵਿਰੋਧ ਵਿਚ ਖੜਦਾ ਇਕ ਅਜਿਹਾ ਵਿਉਂਤ-ਬੱਧ, ਬੇ-ਤਰਤੀਬ ਰਵੱਈਆ ਸਮਝਦਾ ਹੈ ਜਿਸਦਾ ਲਾਭ ਜਾਂ ਨੁਕਸਾਨ ਕਿਸੇ ਵਰਗ ਸੰਸਥਾ ਜਾਂ ਵਿਅਕਤੀ ਨੂੰ ਹੁੰਦਾ ਹੈ।"[27]

ਇਸ ਤਰ੍ਹਾਂ ਉਹ ਮੁੱਲ ਨੂੰ ਅਵਰਤਾਉਂ ਦੇ ਫਟਾ ਮੁੱਲ ਦੇ ਰੋਸ਼ਨ ਹੋਣ ਅਤੇ ਵਿਚਾਰ ਯੋਗ, ਮੰਨਣ ਯੋਗ ਤੇ ਰਿਣਨ ਯੋਗ ਮੰਨਦਾ ਹੈ ਅਤੇ ਪ੍ਰਵਿਰਤੀਆਂ, ਮਨੋਭਾਵਾਂ ਨੂੰ ਘੱਟ ਵਿਕਸਿਤ ਵਰਤਾਰਿਆਂ, ਢੰਗਾਂ, ਤੌਰ ਤਰੀਕਿਆਂ ਅਤੇ ਵੱਧ ਤੋਂ ਵੱਧ ਹੋਰ ਹੋਰ ਪ੍ਰਾਪਤ ਕਰਨ ਦੀ ਲਾਲਸਾ ਆਦਿ ਤੋਂ ਵੱਖਰੀ ਤਰ੍ਹਾਂ ਲੈਂਦਾ ਹੈ। ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਕਿਹੜੇ ਵਾਜਬ ਵਰਤਾਰੇ ਦਾ ਫਟਾ ਸਾਨੂੰ ਦੱਸਣ ਯੋਗ ਹੋਵੇਗਾ ਕਿ ਕਿਸ ਵਿਅਕਤੀ ਗਰੁੱਪ ਜਾਂ ਸੰਸਥਾ ਲੇ ਸਹੀ ਤੌਰ ਤੇ ਸੰਬੰਧਿਤ ਮੁੱਲ ਸਮੇਂ ਵਿਸ਼ੇਸ਼ ਦੇ ਸੰਦਰਭ ਵਿਚ ਕਿੰਨਾ ਤੰਦਰੁਸਤ, ਤਾਕਤਵਰ ਹੈ।[28]

ਮੁੱਲ ਵਿਸ਼ੇਸ਼ਣ ਹੈ ਜਿਹੜਾ ਵਿਆਪਕ ਅਰਥਾਂ ਵਿਚ ਕਿਸੇ ਵਸਤੂ ਦੀ ਵਿਸ਼ੇਸ਼ਤਾ ਗੁਣ ਅਥਵਾ ਲੱਛਣ ਦਾ ਨਾਮ ਹੈ ਇਹ ਉਨ੍ਹਾਂ ਸ਼ਬਦਾਂ ਦੇ ਸਮਾਨ ਹੀ ਹੈ ਜਿਨ੍ਹਾਂ ਨਾਲ ਮੁੱਲ ਸ਼ਬਦ ਦਾ ਪ੍ਰਯੋਗ ਵਸਤੂਆਂ ਦੀ ਕਿਸੇ ਸ਼੍ਰੇਣੀ ਲਈ ਕੀਤਾ ਜਾਂਦਾ ਹੈ ਤਦ ਉਹ ਭਾਵਵਾਚਕ ਸੰਗਿਆ ਦੇ ਰੂਪ ਵਿਚ ਹੁੰਦਾ ਹੈ ਜਿਵੇਂ ਚੰਗਿਆਈ, ਭਲਾਈ ਅਤੇ ਸ੍ਰੇਸ਼ਟਾ ਆਦਿ।[29]

"ਪ੍ਰੰਤੂ ਸਿਰਫ ਵਿਸ਼ੇਸ਼ਣ ਜਾਂ ਗੁਣ ਦੇ ਰੂਪ ਵਿਚ ਮੁੱਲ ਦੀ ਆਪਣੀ ਕੋਈ ਹੋਂਦ ਨਹੀਂ ਹੈ ਉਸਦੀ ਸੱਤਾ ਲਈ ਜਰੂਰੀ ਹੈ ਕਿ ਉਹ ਕਿਸੇ ਸਥਿਤੀ ਜਾਂ ਮਨੁੱਖ ਦਾ ਮੁੱਲ ਹੁੰਦਾ ਹੈ।"[30]

ਮੁੱਲ ਦੀਆਂ ਕੁਝ ਪਰਿਭਾਸ਼ਾਵਾਂ ਮੂਲ ਰੂਪ ਵਿਚ ਵਿਸ਼ੇ ਦੀ ਸਾਰਥਿਕਤਾ ਹਿੱਤ ਉਨ੍ਹਾਂ ਦੇ ਲੇਖਕਾਂ ਸਮੇਤ ਹੇਠ ਦਿੱਤੀਆਂ ਜਾਂਦੀਆਂ ਹਨ:—

"A thing has or is a value if and when people behave toward it so as to retain or increase their possession of it.[31]

Anything capable of being appreciated (wished for) is a value."[32]

Values are the observe of motives - - - the object quality or condition that satisfies the motivation.[33]

Values are any object of any need.[34]

A desideration or anything desired or chosen by someone, at sometime-oprationally what the respondent says he want.[35]

By a social value we understand any datum having an empirical content accessible to the meaning with regard to which it is or may be an object of activity.[36]

(A Value is) is conception, explicit or implicit, distinctive of an individual or characteristic of a group, of the desirable which influences the selection from available means and ends of action.[37]

Values-- the desirable and states which act as a guide to human endeaver or the most general statements of litigimate ends which guide social action.[38]

The noun 'value' has useally been used to imply some code or standard which protests through time and provides a criterion by which people order their intensive of desiring various desirerata. The extent that people are able to place objects, actions ways of life and so on, on a continum of approval disapproval with some reliablity it appears that their responses to a particular desideratum and functions of culturally accuired values.[39]

Values -- Normative standards by which human beings are in in-fluenced in their choice among the altern-ative courses of action which the preceive.[40]

ਅਧੁਨਿਕ ਸ਼ਾਸਤਰ ਅਤੇ ਮਨੋਵਿਗਿਆਨ ਨੇ ਵੀ 'ਮੁੱਲ' ਸ਼ਬਦ ਨੂੰ ਸਪੱਸ਼ਟ ਕੀਤਾ ਹੈ ਉਸਦੇ ਅਨੁਸਾਰ "ਸਹਜ ਗਿਆਨ ਅਤੇ ਇੱਛਾ ਹੀ ਮੁੱਲਾਂ ਦਾ ਆਧਾਰ ਹੈ।"[41]

ਹੈਨਰੀ ਸਟੂਅਰਟ ਦਾ ਕਥਨ ਹੈ ਕਿ ਮਾਨਵੀ ਮੁੱਲਾਂ ਦਾ ਸਿਧਾਂਤ ਹੀ ਨੈਤਿਕਤਾ ਦਾ ਸਿਧਾਂਤ ਹੈ। " ਨੀਤੀ ਸ਼ਾਸਤਰ ਪ੍ਰਾਥਮਿਕ (ਮੁਢਲੇ) ਰੂਪ ਵਿਚ ਮੁੱਲਾਂ ਦਾ ਅਧਿਐਨ ਕਰਦਾ ਹੈ ਲੇਕਿਨ ਮੁੱਲਾਂ ਅਤੇ ਤੱਥਾਂ ਵਿਚ ਇਹ ਫਰਕ ਹੈ ਕਿ ਮੁੱਲ ਕਿਸੇ ਆਦਰਸ਼ ਦਾ ਵਰਨਣ ਕਰਦੇ ਹਨ ਅਤੇ ਗੁਣਾਤਮਕ ਨਿਰਣੈ ਦਿੰਦੇ ਹਨ ਜਦਕਿ ਤੱਥ ਵਾਸਤਵਿਕ ਦਿਸ਼ਾਵਾਂ ਦਾ ਵਰਨਣ ਕਰਦੇ ਹਨ।[42]

"ਮੁੱਲਾਂ ਦਾ ਵਿਗਿਆਨਿਕ ਅਧਿਐਨ ਅਜੇ ਵੀ ਬੇ-ਤਰਤੀਬ ਅਨੁਸ਼ਾਸਨ ਵਿਚ ਹੈ, ਅਜੇ ਵੀ ਮੁੱਲ ਬਦਲਾਅ ਸੰਬੰਧੀ ਆਉਣ ਵਾਲੇ ਸਮੇਂ ਸੰਦ-ਵਿਗਿਆਨੀਆਂ ਦੀ ਬੁਰੀ ਤਰ੍ਹਾਂ ਘਾਟ ਹੈ।"[43]

ਉਪਰੋਕਤ ਵਿਚਾਰ ਅਤੇ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਵਿਦਵਾਨ ਅਜੇ ਤੱਕ ਸਪੱਸ਼ਟ ਤੌਰ ਤੇ ਇਹ ਨਹੀਂ ਸਮਝ ਸਕੇ, ਮੁੱਲ

ਸਿਸਟਮ ਕੀ ਹੈ, ਮੁੱਲ ਮਨੁੱਖ ਨਾਲ ਅਤੇ ਦੂਸਰੇ ਮੁੱਲਾਂ ਨਾਲ ਕਿਵੇਂ ਤੇ ਕਿੰਨਾ ਸੰਬੰਧਿਤ ਹੈ ਭਾਵੇਂ ਮਨੁੱਖ ਨੇ ਹੀ ਮੁੱਲ ਵਿਧਾਨ ਸਿਰਜਿਆ ਹੈ। ਜ਼ਿੰਦਗੀ ਦੇ ਹਰ ਪੱਖ ਵਿਚ ਮੁੱਲ ਜੀਵਨ ਪ੍ਰਦਰਸ਼ਨ ਕਰਦੇ ਹਨ ਅਸੀਂ ਅਨੁਮਾਨ ਹੀ ਲਾ ਸਕਦੇ ਹਾਂ ਪੱਕੀ ਤਰ੍ਹਾਂ ਨਹੀਂ ਜਾਣਦੇ ਕਿ ਕਿਹੜੇ ਮੁੱਲਾਂ ਵਿਚ ਬਦਲਾਅ ਆਉਣ ਵਾਲਾ ਹੈ ਜਾਂ ਕਿਹੜੇ ਮੁੱਲ ਖਤਮ ਹੋ ਜਾਣਗੇ। ਜੇਕਰ ਅਜਿਹਾ ਹੁੰਦਾ ਤਾਂ ਅਸੀਂ ਮੁੱਲ ਦੀ ਇਕ ਨਿਸ਼ਚਿਤ ਪਰਿਭਾਸ਼ਾ ਕਾਇਮ ਕਰ ਸਕਣ ਵਿਚ ਕਾਮਯਾਬ ਹੁੰਦੇ ਪਰ ਇਸਦਾ ਮਤਲਬ ਕਦਾਚਿਤ ਇਹ ਨਹੀਂ ਕਿ ਮੁੱਲਾਂ ਦੀ ਸਾਰਥਿਕਤਾ ਨਹੀਂ:-

(1) ਮੁੱਲ ਮਨੁੱਖ ਦੁਆਰਾ ਮਨੁੱਖ ਲਈ ਸਿਰਜੇ ਜਾਂਦੇ ਹਨ।

(2) ਮੁੱਲ ਜੀਵਨ ਲਕਸ਼ ਸਨ।

(3) ਮੁੱਲ ਸਮਾਜਿਕ ਪ੍ਰਵੇਸ਼ ਵਿਚ ਜਨਮ ਦੇ ਹਨ ਤੇ ਜਵਾਈ ਅਸਤਿਤਵ ਲਈ ਸੰਘਰਸ਼ ਕਰਦੇ ਹਨ।

(4) ਮੁੱਲ ਵਸਤੂ ਨੂੰ ਵਿਸ਼ਿਸ਼ਟਤਾ ਪ੍ਰਦਾਨ ਕਰਦੇ ਹਨ।

(5) ਮੁੱਲ ਵਿਕਾਸ ਦਾ ਪਰਿਣਾਮ ਸੁੱਖ, ਸੰਤੋਸ਼ ਅਤੇ ਸੰਤੁਸ਼ਟੀ ਵਿਚ ਹੁੰਦਾ ਹੈ।

(6) ਮੁੱਲ ਸਾਂਸਕ੍ਰਿਤਕ ਉਤਰਾਧਿਕਾਰ ਵਜੋਂ ਪ੍ਰਾਪਤ ਹੁੰਦੇ ਹਨ ਅਤੇ ਦੇਸ਼ ਕਾਲ ਅਨੁਸਾਰ ਪਰਿਵਰਤਨਸ਼ੀਲ ਹਨ।

(7) ਮੁੱਲ ਸਿਰਫ ਅਨੁਭੂਤੀ ਨਾ ਹੋ ਕੇ ਅਨੁਭੂਤੀ ਦੇ ਪਦਾਂ ਨੂੰ ਵਿਚਾਰ ਕਰਨ ਅਤੇ ਮੰਨਣ ਵਿਚ ਹੁੰਦਾ ਹੈ।

## ਨਿਕਾਸ, ਵਿਕਾਸ ਅਤੇ ਮਹੱਤਵ

ਉਪਾਅ, ਕਿਰਿਆ ਜਾਂ ਜੁਗਤੀ ਇਸ ਲਈ ਮੁੱਲਵਾਨ ਹੈ ਕਿਉਂ ਕਿ ਉਹ ਸਾਡੇ ਕਿਸੇ ਉਦੇਸ਼ ਜਾਂ ਇੱਛਾ ਸਿੱਧੀ ਵਿਚ ਸਹਾਇਕ ਹੁੰਦੀ ਹੈ ਇਸ ਤਰ੍ਹਾਂ ਮੁੱਲ ਭਵਿੱਖ-ਵਾਚਕ ਹੈ। ਮੁੱਲ ਦਾ ਅਰਥ ਉਸਦੇ ਉਪਯੋਗਤਾ ਮੂਲਕ ਗੁਣ ਕਾਰਨ ਹੈ। ਮੁੱਲ ਇਸ ਤਰ੍ਹਾਂ ਸਾਧਨ ਦੇ ਰੂਪ ਵਿਚ ਆਇਆ ਕਿਉਂ ਕਿ ਉਹ ਲਕਸ਼ ਪ੍ਰਾਪਤੀ ਵਿਚ ਸਹਾਇਕ ਹੈ।

## ਆਵਸ਼ਕਤਾ ਰੂਪ

ਵਸਤੂ ਦਾ ਮੁੱਲ, ਮਨੁੱਖੀ ਇੱਛਾ ਨੂੰ ਸੰਤੁਸ਼ਟ ਅਤੇ ਆਵਸ਼ਕਤਾ ਨੂੰ ਪੂਰਨ ਕਰਦਾ ਹੈ।

## ਆਦਰਸ਼ ਰੂਪ

ਮੁੱਲ ਆਦਰਸ਼ ਪ੍ਰਾਪਤੀ ਦਾ ਸਾਧਨ ਹਨ ਇਨ੍ਹਾਂ ਰਾਹੀਂ ਮਨੁੱਖ ਚੰਗੇਰੇ ਜੀਵਨ ਜੀਣ ਦੀ ਜਾਚ ਸਿੱਖਦਾ ਹੈ ਅਤੇ ਸੰਤੁਸ਼ਟੀ ਪ੍ਰਾਪਤੀ ਲਈ ਅੱਗੇ ਵਧਦਾ ਹੈ।

ਮੁੱਲ ਮਨੁੱਖ ਦੀਆਂ ਸੰਵੇਦਨਾਵਾਂ, ਵਿਚਾਰਾਂ ਅਤੇ ਵਿਸ਼ਵਾਸਾਂ ਤੋਂ ਉਤਪੰਨ ਹੁੰਦੇ ਹਨ ਅਤੇ ਆਚਰਣ ਤੋਂ ਪ੍ਰਗਟ ਹੁੰਦੇ ਹਨ। ਹਰ ਮਨੁੱਖ ਵਿਚ ਪਸ਼ੂ ਅਤੇ ਦੇਵਤਾ ਦੋਵੇਂ ਸਮਾਏ ਹੁੰਦੇ ਹਨ। ਮਨੁੱਖ ਐਨਾ ਉੱਚਾ ਉੱਠ ਸਕਦਾ ਹੈ ਕਿ ਦੇਵਤਾ ਵੀ ਉਸ ਅੱਗੇ ਸਿਰ ਝੁਕਾਵੇ ਅਤੇ ਐਨਾ ਨੀਵਾਂ ਵੀ ਹੋ ਸਕਦਾ ਕਿ ਜਾਨਵਰ ਵੀ ਉਸ ਅੱਗੇ ਆਪਣੇ ਤੋਂ ਸ਼ਰਮਾਵੇ।

ਮੁੱਲ ਸਮਾਜ ਦੁਆਰਾ ਪ੍ਰਵਾਨਿਤ ਉਹ ਇੱਛਾਵਾਂ ਅਤੇ ਲਕਸ਼ ਹਨ ਜਿਹੜੇ ਪ੍ਰਤਿਬੋਧਨਾ ਦਿਸ਼ਾ ਅਤੇ ਸਮਾਜੀਕਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੇ ਹੋਏ ਆਂਤਰਿਕ ਸਰੂਪ ਧਾਰਨ ਕਰਕੇ ਵਰਤਾਉਂ ਅਤੇ ਲਾਲਸਾਵਾਂ ਦੇ ਰੂਪ ਵਿਚ ਪ੍ਰਵਰਤਿਤ ਹੋ ਗਏ।[44]

ਮੁੱਲਾਂ ਦਾ ਸੰਬੰਧ ਮਾਨਵ ਦੇ ਅੰਤਰੀਵ ਚਿੰਤਨ ਅਤੇ ਬਾਹਰੀ ਵਰਤਾਉਂ ਨਾਲ ਹੈ। ਉਹ ਆਪਣਾ ਦਰਸ਼ਨ ਚਿੰਤਨ ਦੇ ਆਧਾਰ ਤੇ ਜੀਵਨ ਬਤੀਤ ਕਰਦਾ ਹੈ ਅਤੇ ਉਸਦੇ ਅਨੁਸਾਰ ਵਿਵਹਾਰ ਕਰਦਾ ਹੈ। ਇਸੇ ਚਿੰਤਨ ਵਿਚੋਂ ਹੀ ਉਤਪਤੀ ਹੁੰਦੀ ਹੈ ਅਤੇ ਵਰਤਾਉ ਨਾਲ ਉਨ੍ਹਾਂ ਨੂੰ ਮਾਨਤਾ ਪ੍ਰਾਪਤ ਹੁੰਦੀ ਹੈ। ਸਮਾਜ ਦੁਆਰਾ ਹੀ ਮੁੱਲਾਂ ਨੂੰ ਅਰਥ ਮਿਲਦਾ ਹੈ।

ਵੈਸੇ ਤਾਂ ਮੁੱਲਾਂ ਸੰਬੰਧੀ ਚਰਚਾ ਵੱਖੋ-ਵੱਖਰੇ ਢੰਗਾਂ ਨਾਲ ਪ੍ਰਾਚੀਨ ਕਾਲ ਤੋਂ

ਹੀ ਚਲਦੀ ਆਈ ਹੈ ਪਰ 'ਮੁੱਲ' ਨਾਮ ਦੇ ਅਧੀਨ ਇਸਦੇ ਅੱਧਿਐਨ ਅਤੇ ਵਿਵੇਚਨ ਦਾ ਆਰੰਭ ਉਨੀਵੀਂ ਸਤਾਬਦੀ ਦੇ ਅੰਤ ਵਿਚ ਹਾਰਟਮੈਨ ਲੂਸੇ (Hartman Latze) ਅਤੇ ਫਰੈਡਰਿਕ ਨਿਤਸ਼ੇ (Fredric Nietshe ) ਦੇ ਪ੍ਰਯੋਗ 1885 ਤੋਂ ਮੰਨਿਆ ਜਾਂਦਾ ਹੈ।[45]

ਲਗਭਗ 70 ਸਾਲ ਪਹਿਲਾਂ ਵੈਬਰ ਨੇ ਮੁੱਲ ਦੀ ਵਿਆਖਿਆ ਕਰਦਿਆਂ ਇਸਨੂੰ "ਸਾਡਾ ਸਾਇੰਸ ਦੀ ਬਿਪਤਾ ਦਾ ਬਦਨਸੀਬ ਬੱਚਾ" ਦੱਸਿਆ ਸੀ ਇਹ ਵਿਆਖਿਆ ਅਜੇ ਵੀ ਉਨੀਂਹੀ ਮੁਨਾਸਿਬ ਹੈ ਜਿੰਨੀ ਮੁੱਲ ਸ਼ਬਦ ਨੇ ਸਮਾਜਿਕ ਸਾਇੰਸ ਦੇ ਖੇਤਰ ਵਿਚ ਅੱਜ ਵੀ ਕਾਇਮ ਰੱਖੀ ਹੋਈ ਹੈ।[46]

ਇਨ੍ਹਾਂ ਦੇ ਵਿਚਾਰਾਂ ਨੇ ਦਰਸ਼ਨ ਜਗਤ ਵਿਚ ਇਕ ਕ੍ਰਾਂਤੀ ਲਿਆ ਦਿੱਤੀ ਤੇ ਮੁੱਲ ਮੀਮਾਂਸਾ ਦੇ ਆਧੁਨਿਕ ਸਰੂਪ ਨੂੰ ਨਿਸ਼ਚਿਤ ਆਧਾਰ ਦਿੱਤਾ ਅਤੇ ਮੁੱਲ ਸਿਧਾਂਤ, ਮੁੱਲ ਪ੍ਰਣਾਲੀ ਆਦਿ ਅਨੇਕਾਂ ਮੁਸ਼ਕਿਲਾਂ ਦਰਸ਼ਨ ਸ਼ਾਸਤਰ ਦਾ ਵਿਸ਼ਾ ਬਣ ਗਈਆਂ। ਕਿਹਾ ਜਾਂਦਾ ਹੈ ਕਿ ਉਨੀਵੀਂ ਸ਼ਤਾਬਦੀ ਦੇ ਅੰਤ ਤੇ ਕੁਛ ਤਰਕਵਾਦੀ ਦਾਰਸ਼ਨਿਕਾਂ ਨੇ ਵਿਗਿਆਨ ਦੀ ਪ੍ਰਗਤੀ ਲਈ ਧਰਮ ਅਤੇ ਦਰਸ਼ਨ ਦੀ ਸੁਰੱਖਿਆ ਦੇ ਲਈ 'ਮੁੱਲ' ਦਾ ਸੋਧ ਅਤੇ ਵਿਵੇਚਨ ਕੀਤਾ।

ਤਰਕਵਾਦੀ ਦਾਰਸ਼ਨਿਕ ਪ੍ਰੋ. ਹਾਂਗਨੈਰ ਨੇ ਕਿਹਾ ਕਿ ਧਰਮ ਹੀ ਮੁੱਲਾਂ ਨੂੰ ਉਤਪੰਨ ਕਰਨ ਵਾਲਾ ਹੈ ਉਨ੍ਹਾਂ ਅਨੁਸਾਰ ਵਿਗਿਆਨ, ਸੱਚ, ਨੀਤੀ ਅਤੇ ਸੁੰਦਰਤਾ ਆਦਿ ਮੁੱਲਾਂ ਤੇ ਵਿਚਾਰ ਨਹੀਂ ਕਰਦਾ।[47]

"ਵਿਗਿਆਨ ਦਾ ਸੰਬੰਧ ਪਦਾਰਥ ਸ਼ਬਦ ਨਾਲ ਹੈ ਅਤੇ ਮੁੱਲ ਦਰਸ਼ਨ ਸ਼ਾਸਤਰ ਦੀ ਸਮੱਗਰੀ ਹੈ ਜਿਸ ਵਿਚ ਉਸਦਾ ਅਰਥ ਕਿਸੇ ਵਸਤੂ ਦੇ ਗੁਣਾਂ ਨੂੰ ਦੇਖਣ ਅਤੇ ਸਮਝਣ ਨਾਲ ਹੁੰਦਾ ਹੈ।"[48] ਰਾਧਾ ਕਮਲ ਮੁਕਰਜੀ ਅਨੁਸਾਰ --

"ਸਹਿਜ ਗਿਆਨ ਅਤੇ ਇੱਛਾ ਹੀ ਮੁੱਲਾਂ ਦਾ ਆਧਾਰ ਹੈ।"[49]

ਮਨੁੱਖੀ ਚਿੰਤਨ ਹੀ ਮੁੱਲਾਂ ਦਾ ਮੁੱਖ ਸਾਧਨ ਹੈ " ਮੁੱਲ ਸਮਾਜਿਕ ਪ੍ਰਵੇਸ਼ ਵਿਚ ਜਨਮਦੇ ਹਨ"[50] ਪਰ ਮਨੁੱਖੀ ਚਿੰਤਨ ਹੀ ਮੁੱਲ ਉਤਪਤੀ ਅਤੇ ਸਥਾਪਤੀ ਦਾ ਸਾਧਨ ਹੈ।

ਇਸ ਲਈ ਮੁੱਲ ਉਤਪਤੀ ਦਾ ਸਰੋਤ ਮਨੁੱਖ ਨੂੰ ਮੰਨਿਆ ਜਾਂਦਾ ਹੈ ਉਸਦਾ ਅਨੁਭਵ ਅਤੇ ਉਸਦੀ ਸੋਚ ਸਮਝ ਉਸਨੂੰ ਦੂਸਰੇ ਜੀਵਾਂ ਤੋਂ ਵੱਖ ਕਰਦੇ ਹਨ। ਇਸੇ ਕਾਰਨ ਉਹ ਵਸਤੂ ਮੁੱਲ ਨਿਰਧਾਰਿਤ ਕਰਨ ਦੇ ਸਮਰੱਥ ਹੋਇਆ ਹੈ। ਮਨੁੱਖੀ ਵਿਕਾਸ ਪ੍ਰਕਿਰਿਆ ਵਿਚ ਮਨੁੱਖ ਦੀ ਮੁੱਲਾਂ ਸੰਬੰਧੀ ਤਲਾਸ਼ ਪ੍ਰਵਿਰਤੀ ਉਸਦੀ ਪ੍ਰਾਕ੍ਰਿਤਕ ਸ੍ਰੇਸ਼ਟਤਾ ਹੈ। ਇਸੇ ਸ੍ਰੇਸ਼ਟਤਾ ਕਾਰਨ ਉਹ ਆਪਣੀਆਂ ਲੋੜਾਂ ਦੀ ਪੂਰਤੀ, ਇਛਾਵਾਂ ਦੀ ਸੰਤੁਸ਼ਟੀ ਅਤੇ ਆਪਣੇ ਸ਼ੌਕ ਪਾਲਣ ਦੇ ਝੁਕਾਅ ਨੂੰ ਤਰਤੀਬ ਦਿੰਦਾ ਹੈ ਅਤੇ ਨਵੇਂ ਮੁੱਲ ਸਿਰਜਦਾ ਹੈ।

" ਮਨੁੱਖ ਦੇ ਸੰਬੰਧ ਵਿਚ ਸਭ ਤੋਂ ਵਿਸ਼ਿਸ਼ਟ ਉਸਦਾ ਵਿਕਾਸ ਪ੍ਰਤੀ ਚੁਸਤਿਆ ਢੰਗ ਵਿਧਾਨ ਅਤੇ ਵੱਧ ਤੋਂ ਵੱਧ ਸ੍ਰੇਸ਼ਟ ਹੋਣ ਲਈ ਵਿਚਾਰ ਜਗਤ ਅਨੁਸਾਰ ਸਾਧਨਾ ਕਰਨ ਦੀ ਸਮਰੱਥਾ ਹੈ।"[51]

ਕੋਈ ਵੀ ਜੀਵ, ਜਿਸ ਦੀਆਂ ਲੋੜਾਂ ਦੀ ਪੂਰਤੀ ਉਸਦੇ ਵਸੀਲਿਆਂ ਰਾਹੀਂ ਨਹੀਂ ਹੁੰਦੀ ਖੁਸ਼ੀ ਖੁਸ਼ੀ ਜਿਉਂ ਨਹੀਂ ਸਕਦਾ— ਇਥੇ ਅਸੀਂ ਪਸ਼ੂ ਤੇ ਦੂਸਰੇ ਜੀਵ-ਜੰਤੂਆਂ ਦੀ ਗੱਲ ਨਹੀਂ ਕਰਾਂਗੇ ਕਿਉਂਕਿ ਉਹ ਸਿਰਫ ਸਰੀਰਕ ਹਾਲਤਾਂ ਤੇ ਹੀ ਨਿਰਭਰ ਕਰਦੇ ਹਨ ਪਰ ਮਨੁੱਖ ਦੀ ਗੱਲ ਇਸ ਕਰਕੇ ਵੱਖਰੀ ਹੈ ਕਿਉਂਕਿ ਉਸਦੇ ਕੋਲ ਹੋਂਦ ਤੋਂ ਬਿਨਾਂ ਸਮਝ ਵੀ ਹੈ ਜਿਸ ਕਾਰਨ ਉਹ ਹਰ ਇਕ ਚੀਜ ਨੂੰ ਜਾਂਚਦਾ ਹੈ।

ਫੇਰ ਵੀ ਸਭ ਲੋਕਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਆਦਤਾਂ ਸਮੇਂ ਅਨੁਸਾਰ ਕੰਮ ਕਰਨ ਦੇ ਢੰਗ, ਰੀਤੀ-ਰਿਵਾਜ ਆਦਿ ਹਮੇਸ਼ਾ ਹੀ ਹੁੰਦੇ ਹਨ। ਇਸ ਤਰ੍ਹਾਂ ਮਨੁੱਖ

ਵਿਵਹਾਰਿਕ ਤੌਰ ਤੇ ਪੂਰੇ ਦਾ ਪੂਰਾ ਦੂਸਰਿਆਂ ਨਾਲ ਜੁੜਿਆ ਹੁੰਦਾ ਹੈ ਅਤੇ ਅੰਤਰ ਤੌਰ ਤੇ ਆਪਣੇ ਚਿੰਤਨ ਵਿਚਾਰ ਜਗਤ ਨਾਲ ਉਸਦਾ ਵਿਵਹਾਰ, ਉਸਦੀ ਸੋਚ-ਸਮਝ ਨਾਲ ਜੁੜਿਆ ਹੋਣ ਕਾਰਨ ਸਮਾਜਿਕ ਵਰਤਾਰਿਆਂ ਵਿਚ ਚੰਗੇਰੇ ਤੇ ਨਰੋਏ ਰੁਝਾਨ ਪੈਦਾ ਕਰਨ ਦੀ ਲਗਾਤਾਰ ਕੋਸ਼ਿਸ਼ ਕਰਦਾ ਰਹਿੰਦਾ ਹੈ, ਕੋਸ਼ਿਸ਼ ਕਰਦਾ ਆਇਆ ਹੈ। ਇਸੇ ਲਈ ਜਿਥੇ ਉਹ ਆਪਣੇ ਸਮਾਜ ਦੇ ਅੰਗ-ਸੰਗ ਰਹਿੰਦਾ ਹੈ । ਇਸ ਸਮਝ-ਸੋਚ ਦੀ ਭੱਠੀ ਦੀ ਸਾਣ ਤੇ ਚੜ੍ਹੀਆਂ ਉਸਦੀਆਂ ਲੋੜਾਂ, ਤਜਰਬਿਆਂ, ਚਾਹਤਾਂ ਅਤੇ ਝੁਕਾਅ ਨੂੰ ਸੰਵਾਰ ਕਰਦੇ ਹਨ ਤੇ ਉਸੇ ਅਨੁਸਾਰ ਸਮਾਜਿਕ ਰਿਸ਼ਤਿਆਂ ਦਾ ਅਨੁਪਾਤਿਕ ਸੰਤੁਲਨ ਵਿਵਹਾਰ ਉਨ੍ਹਾਂ ਨੂੰ ਮਹੱਤਵ ਪ੍ਰਦਾਨ ਕਰਦਾ ਹੈ ਤੇ ਇੱਜਤ ਬਖਸ਼ਦਾ ਹੈ।

ਕੁਦਰਤ ਵਿਚ ਮਨੁੱਖੀ ਜ਼ਿੰਦਗੀ ਦੀ ਦੂਸਰੇ ਜੀਵਾਂ ਤੋਂ ਉੱਚਤਾ ਅਤੇ ਵਡੱਪਣ ਸਹਿਜੇ ਹੀ ਪਹਿਚਾਣਿਆ ਜਾ ਸਕਦਾ ਹੈ। ਮਨੁੱਖ ਦੀ ਸਿਰਫ਼ ਹੋਂਦ[52] ਹੀ ਨਹੀਂ ਸਗੋਂ ਉਸਦੇ ਜੀਣ ਦਾ ਇਕ ਅਰਥ ਹੈ ਉਹ ਆਪਣੇ ਵਿਵੇਕ ਅਨੁਸਾਰ ਇਕ ਹੱਦ ਤੱਕ ਆਪਣੀ ਕਿਸਮਤ ਆਪ ਬਣਾਉਂਦਾ ਹੈ ਅਤੇ ਇਵੇਂ ਹੀ ਮਨੁੱਖੀ ਮੁੱਲਾਂ ਦੀ ਜੀਵਨ ਵਿਕਾਸ ਦੇ ਸੰਦਰਭ ਵਿਚ ਗੱਲ ਤੁਰਦੀ ਹੈ " ਮਨੁੱਖ ਮੁੱਲ ਸਿਰਜਕ ਪਸ਼ੂ ਹੈ।"[53] ਮੁੱਢ ਕਦੀਮ ਤੋਂ ਮਨੁੱਖ ਆਪਣੇ ਆਲੇ ਦੁਆਲੇ ਨੂੰ ਤੱਕਦਾ, ਲੋੜਦਾ, ਲੋੜ ਅਨੁਸਾਰ ਦੂਸਰੇ ਜੀਵਾਂ, ਜਾਨਵਰਾਂ ਤੋਂ ਵਿਕਾਸ ਕਰਦਾ ਆਇਆ ਹੈ। (ਡਾਰਵਿਨ ਦਾ ਸਿਧਾਂਤ) ਪਰ ਮਨੁੱਖ ਕਿਉਂਕਿ ਮਨੁੱਖੀ ਮਨੋਭਾਵ ਸੰਤੁਲਿਤ ਅਤੇ ਸੰਪੂਰਨ ਨਹੀਂ ਹੁੰਦੇ ਤੇ ਭਵਿੱਖ ਨੂੰ ਉੱਜਲਾ ਬਣਾਉਣਾ ਲੋਚਦੇ ਹਨ।[54]

ਅਜੋਕੇ ਸਮੇਂ ਖਾਸ ਕਰਕੇ ਵੀਹਵੀਂ ਸਦੀ ਵਿਚ ਮਨੁੱਖੀ ਕਦਰਾਂ ਕੀਮਤਾਂ ਵਿਚ ਬੜਾ ਬਦਲਾਅ ਆਇਆ ਹੈ। ਪਹਿਲਾ ਜਿਥੇ ਮਨੁੱਖਾ ਮੁੱਲਾਂ ਦੇ ਬਦਲਾਅ ਦੀ ਪ੍ਰਕਿਰਿਆ ਦੀ ਚਾਲ ਬੜੀ ਧੀਮੀ ਸੀ ਉਥੇ ਅੱਜ ਇਨ੍ਹਾਂ ਵਿਚ ਤਬਦੀਲੀ ਦੀ ਰਫ਼ਤਾਰ ਬੜੀ ਤੇਜ਼ ਹੋ ਗਈ ਹੈ ਇਸਦਾ ਕਾਰਨ ਭਾਵੇਂ ਆਰਥਿਕ ਪੈਦਾਵਾਰੀ ਪ੍ਰਬੰਧਾਂ ਵਿਚ ਉੱਨਤੀ ਵਿਗਿਆਨਿਕ ਤਕਨੌਲਜੀ ਕਾਰਨ ਉਪਜੀਆਂ ਪਰਿਸਥਿਤੀਆਂ ਸਮੁੰਦਰੀ, ਆਕਾਸ਼ੀ ਤੇ ਦੂਸਰੇ ਗ੍ਰਹਿਆਂ ਸੰਬੰਧੀ ਜਾਣਕਾਰੀ ਅਤੇ ਉਨ੍ਹਾਂ ਦੀ ਮਨੁੱਖ ਲਈ ਉਪਯੋਗਤਾ ਆਲੇ

540180

ਦੁਆਨੇ ਵਿਚ ਪੈਦਾ ਹੋਈ, ਪਰੂਤਨਤਾ ਜਾਂ ਪ੍ਰਮਾਣੂ ਹਥਿਆਰਾਂ ਦੀ ਹੋਂਦ ਰਹੱਸਵਾਦ ਦੀ ਜਟਿਲਤਾ ਅਤੇ ਧਾਰਮਿਕ ਫਰਾਖਦਿਲੀ ਦਾ ਅਣਹੋਂਦ ਤੋਂ ਬਿਨਾਂ ਆਚਰਣਕ ਮੁੱਲਾਂ ਤੇ ਟੇਕ ਦਾ ਘਟਣਾ ਹੋਵੇ ਜਾਂ ਕੁਝ ਹੋਰ ਪਰ ਮਨੁੱਖੀ ਜੀਵਨ ਦੀ ਇਸ ਤੇਜ ਰਫਤਾਰ ਨੇ ਜਿਥੇ ਨਵੇਂ ਮੁੱਲ ਸਿਰਜੇ ਹਨ ਉਥੇ ਸਮਾਜਿਕ ਸੰਦਰਭ ਵਿਚ ਬੋਦੇ ਹੋ ਚੁੱਕੇ ਮੁੱਲਾਂ ਨੂੰ ਤਿਲਾਂਜਲੀ ਵੀ ਦਿੱਤੀ ਹੈ। ਮੁੱਲ ਵਿਧਾਨ ਵਿਚ ਤਬਦੀਲੀ ਦੇ ਨਾਲ ਟਕਰਾਅ ਦੀ ਸਥਿਤੀ ਪੈਦਾ ਹੋਈ ਜਿਸਦੇ ਫਲਸਰੂਪ ਮਨੁੱਖ ਨੇ ਮੁੱਲ ਪ੍ਰਬੰਧ ਨਿਰਧਾਰਿਤ ਕਰਨ ਅਤੇ ਭਵਿਖ ਲਈ ਮੁੱਲ ਤਬਦੀਲੀ ਤੇ ਅਗਾਊਂ ਹੀ ਸੋਚਣ ਸੰਬੰਧੀ ਤੇ ਇਨ੍ਹਾਂ ਦੀਆਂ ਤਬਦੀਲੀਆਂ ਲਈ ਇਸ ਵਿਸ਼ੇ ਨੂੰ ਕਿੱਤੇ ਪੇਸ਼ੇ ਦੀ ਤਰ੍ਹਾਂ ਅਪਣਾ ਲਿਆ ਹੈ।

ਟਾਫਲਰ ਅਨੁਸਾਰ ਪਿਛਲੇ 300 ਸਾਲਾਂ ਵਿਚ ਮੁੱਲ ਤਬਦੀਲੀਆਂ ਤੇਜੀ ਨਾਲ ਵਧੀਆਂ ਹਨ ਜਿਸ ਕਾਰਨ ਸੋਸਾਇਟੀ ਦੇ ਮੁੱਲ ਪ੍ਰਬੰਧ ਵਿਚ ਵੱਡੀਆਂ ਤਬਦੀਲੀਆਂ ਇਕੋ ਜੀਵਨ ਅਤੇ ਇਸਤੋਂ ਘੱਟ ਸਮੇਂ ਵਿਚ ਘੱਟ ਸਕਦੀਆਂ ਹਨ।[55]

ਇਸ ਸੰਬੰਧ ਵਿਚ ਕੁਰਟ ਵੇਅਰ ਅਤੇ ਨਿਕੋਲਸ ਰੈੱਚਰ ਦੇ ਭਵਿਖ ਦੇ ਮੁੱਲਾਂ ਸੰਬੰਧੀ ਤੇ ਭਵਿੱਖਤ ਮੁੱਲ ਪ੍ਰਬੰਧ ਸੰਬੰਧੀ ਛਪੇ ਆਰਟੀਕਲਜ ਲਏ ਜਾ ਸਕਦੇ ਹਨ। ਹੋਰ ਲੇਖਕ ਜਿਵੇਂ ਥਿਉਡੋਰ ਜੇ ਗਾਰਡਨ ਰੁਲਫ ਹੈਲਮਰ ਅਤੇ ਮਾਰਟਨ ਬਰੋਨਫਿਨ ਬਰੈਨਰ[56] ਆਦਿ ਨੇ ਵੀ ਇਸ ਵਿਸ਼ੇ ਤੇ ਕੰਮ ਕੀਤਾ ਹੈ ਪ੍ਰਸਿੱਧ ਲੇਖਕ ਪੀਟਰ ਨੋਰੀ ਨੇ ਇਸ ਤਰ੍ਹਾਂ ਦਾ ਹੋਵੇਰਾ ਇਕੀਵੀਂ ਸਦੀ ਵਿਚ ਸਾਡਾ ਜੀਵਨ।[57] ਵਿਚ ਸਨਸਨੀ ਖੇਜ ਪ੍ਰਸਤੁਤ ਕੀਤੀ ਹੈ ਉਸਨੇ ਵਿਗਿਆਨਕ ਅਨੁਸੰਧਾਨ ਦੇ ਆਧਾਰ ਤੇ ਬੜੀਆਂ ਹੀ ਅਸਚਰਜਨਕ ਸੰਭਾਵਨਾਵਾਂ ਦਾ ਜਿਕਰ ਕੀਤਾ ਹੈ।

ਵਿਭਿੰਨ ਸ਼ਾਸਤਰਾਂ ਨੇ ਮੁੱਲ ਨੂੰ ਆਪਣੇ ਆਪਣੇ ਵਿਸ਼ਾ ਖੇਤਰ ਅਨੁਸਾਰ ਪਰਿਭਾਸ਼ਿਤ ਕੀਤਾ ਹੈ ਜਿਵੇਂ ਅਰਥ ਸ਼ਾਸਤਰ ਵਿਚ ਮੁੱਲ ਵਸਤੂ ਦੀ ਉਪਯੋਗਤਾ, ਕੀਮਤ, ਦਰਸ਼ਨ ਸ਼ਾਸਤਰ ਵਿਚ ਜੀਵਨ ਦ੍ਰਿਸ਼ਟੀ ਜਾਂ ਜੀਵਨ ਲਕਸ਼, ਸਮਾਜ ਸ਼ਾਸਤਰ ਵਿਚ ਮਾਨਵੀ ਸੰਬੰਧ, ਨੀਤੀ ਸ਼ਾਸਤਰੀ ਵਿਚ ਵਿਵਹਾਰਿਕ ਵਿਸ਼ੇਸਤਾ, ਗੁਣ ਮਨੋ-ਵਿਗਿਆਨ

ਵਿਚ ਸਥਾਈ ਭਾਵ, ਸਾਂਸਕ੍ਰਿਤਕ ਦ੍ਰਿਸ਼ਟੀਕੋਣ ਵਿਚ ਆਦਰਸ਼ ਅਤੇ ਪ੍ਰੰਪਰਿਕ ਮਾਨਤਾ ਤੋਂ ਲਿਆ ਜਾਂਦਾ ਹੈ।

ਮੁੱਲਾਂ ਵਿਚ ਬਦਲਾਅ ਪ੍ਰਕਿਰਿਆ ਦੇ ਪਿਛੇ ਮਨੁੱਖ ਦੇ ਜਾਣ ਵਿਧੀ ਤੇ ਵਰਤਾਰਿਆਂ ਦੇ ਸਮੇਂ ਸਥਿਤੀ ਅਨੁਸਾਰ ਵਾਪਰਨ ਕਾਰਨ ਉਪਜੀਆਂ ਰੁੱਚੀਆਂ ਤੇ ਧਾਰਨਾਵਾਂ ਦਾ ਮਹੱਤਵਪੂਰਨ ਯੋਗਦਾਨ ਹੈ। ਮਨੁੱਖ ਜਿਹੜੀਆਂ ਮਾਨਤਾਵਾਂ ਨੂੰ ਮੰਨਦਾ ਹੈ ਉਨ੍ਹਾਂ ਦੀ ਹੋਂਦ ਲਈ ਕੰਮ ਕਰਦਾ ਹੈ। ਉਹ ਬਹੁਤ ਸਾਰੀਆਂ ਨਵੀਆਂ ਕੀਮਤਾਂ ਨੂੰ ਉਨ੍ਹਾਂ ਦੀ ਉਸਦੇ ਜੀਣ ਪ੍ਰਬੰਧ ਵਿਚ ਸਾਰਥਕਤਾ ਕਾਰਨ ਜੋੜਦਾ, ਮਾਨਤਾ ਦਿੰਦਾ ਹੈ ਤੇ ਕੁਝ ਕੀਮਤਾਂ ਜਿਨ੍ਹਾਂ ਨੂੰ ਉਹ ਪਹਿਲਾਂ ਮੰਨਦਾ ਹੁੰਦਾ ਹੈ ਉਨ੍ਹਾਂ ਦੇ ਨਿਰਾਰਥਕ ਜਾਂ ਉਸਦੇ ਆਪਣੇ ਮਾਨਸਿਕ ਸਾਂਸਕ੍ਰਿਤਕ ਝੁਕਾਵਾਂ ਦੇ ਅਨੁਕੂਲ ਨਾ ਰਹਿ ਜਾਣ ਕਾਰਨ ਉਨ੍ਹਾਂ ਨੂੰ ਛੱਡਦਾ ਹੈ। ਬਹੁਤ ਸਾਰੀਆਂ, ਮਨੁੱਖ ਤੋਂ ਮਨੁੱਖ ਦਾ ਸਫਰ ਕਰਦੀਆਂ ਮਨੁੱਖੀ ਸਮੂਹਾਂ(ਕਬੀਲਿਆਂ, ਜਾਤਾਂ, ਰਾਜਾਂ ਤੇ ਦੇਸ਼ਾਂ) ਦੀਆਂ ਕੀਮਤਾਂ ਬਣਦੀਆਂ ਹਨ, ਬਣੀਆਂ ਹਨ। ਉਹ ਸਾਰੇ ਉਨ੍ਹਾਂ ਮੁੱਲਾਂ ਦੀ ਹੋਂਦ ਬਣਾਈ ਰੱਖਣ ਲਈ ਉਨ੍ਹਾਂ ਦੀ ਮਾਨਤਾ ਸਥਿਤੀ ਮਜਬੂਤ ਕਰਨ ਲਈ ਕੋਸ਼ਿਸ਼ ਕਰਦੇ ਰਹਿੰਦੇ ਹਨ।

ਇਸ ਤਰ੍ਹਾਂ ਕੁਝ ਮੁੱਲ ਇਕ ਸਮੂਹ ਤੋਂ ਦੂਸਰੇ ਤੱਕ ਯੋਜਨਾ-ਬੱਧ ਪ੍ਰਬੰਧ ਤੋਂ ਵਗੈਰ ਹੀ ਮਨੁੱਖਾਂ ਦੁਆਰਾ ਅੱਗੇ ਤੁਰਦੇ ਰਹਿੰਦੇ ਹਨ। ਇਸ ਤਰ੍ਹਾਂ ਮਨੁੱਖੀ ਸਮਾਜ ਦੇ ਸੰਬੰਧ ਵਿਚ ਮਨੁੱਖ ਆਪਣਾ ਆਪਣਾ ਵਰਤਾਰਾ ਵਿਧਾਨ ਉਸਾਰਦਾ ਹੈ ਥੋੜੇ ਟਕਰਾਉ ਕਾਰਨ ਟੁੱਟਦਾ ਭੱਜਦਾ ਤੇ ਤੁਰਦਾ ਹੈ ਇਸ ਟੁੱਟਣ, ਜੁੜਣ ਵਿਚ ਮੁੱਲ ਬਦਲਾਅ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਕਈ ਵਾਰ ਨਾ ਚਾਹੁੰਦਿਆਂ ਹੋਇਆਂ ਵੀ ਉਸਨੂੰ ਸਮਾਜਿਕ ਕਦਰਾਂ-ਕੀਮਤਾਂ ਦੀ ਪੈਰਵੀ ਕਰਨੀ ਪੈਂਦੀ ਹੈ। ਇਸ ਤਰ੍ਹਾਂ ਸੋਸਾਇਟੀ ਵਿਚ ਸਾਂਝੀਆਂ ਆਦਤਾਂ, ਰੀਤੀ-ਰਿਵਾਜਾਂ, ਜ਼ਾਬਤੇ ਅਤੇ ਕਦਰਾਂ-ਕੀਮਤਾਂ ਦੀ ਪੈਰਵੀ ਕਰਨੀ ਪੈਂਦੀ ਹੈ। ਇਸ ਤਰ੍ਹਾਂ ਸੋਸਾਇਟੀ ਵਿਚ ਸਾਂਝੀਆਂ ਆਦਤਾਂ ਰੀਤੀ-ਰਿਵਾਜ, ਜ਼ਾਬਤੇ ਅਤੇ ਕਦਰਾਂ-ਕੀਮਤਾਂ ਸਥਾਪਿਤ ਹੁੰਦੀਆਂ ਹਨ ਜਿਨ੍ਹਾਂ ਨੂੰ ਤੋੜਨ ਤੇ ਮਨੁੱਖ ਨੂੰ ਗਹਿਰੇ ਵਿਰੋਧ ਦੀ ਪੀੜਾ ਭੁਗਤਣੀ ਪੈਂਦੀ ਹੈ।[58]

ਕਿਉਂ ਕਿ ਸਾਡੀ ਪਹਿਲੀ ਰਾਇ ਜਾਂ ਖਿਆਲ ਵਿਅਕਤੀਗਤ ਤਜਰਬੇ ਦੇ ਆਧਾਰ ਤੇ ਬਣਦੇ ਹਨ ਪਰ ਸਮੇਂ ਅਤੇ ਸਮਾਜ ਦੇ ਪ੍ਰਭਾਵ ਅਧੀਨ "ਸਾਡੇ ਨਿਰਣੇ, ਫ਼ੈਸਲੇ, ਸਮਾਜਿਕ ਕਾਇਦੇ ਕਾਨੂੰਨ ਅਤੇ ਦਸਤੂਰ ਦੇ ਵਿਕਾਸ ਅਨੁਸਾਰ ਆਪਣੇ ਆਪ ਬਦਲ ਜਾਂਦੇ ਹਨ।"[59]

ਅਸਲ ਵਿਚ ਅਸੀਂ ਆਪਣੇ ਪਰਿਵਾਰਿਕ ਸੰਬੰਧਿਤ ਜਾਤੀ ਅਤੇ ਪ੍ਰਦੇਸ਼ਿਕ ਲੋੜਾਂ ਦੇ ਸੰਦਰਭ ਵਿਚ ਬਣੇ ਰੀਤੀ-ਰਿਵਾਜਾਂ ਦੇ ਜਾਬਤੇ ਅਧੀਨ ਜਾਣੇ ਜਾਂ ਅਣਜਾਣੇ ਜੀਂਦੇ ਚਲੇ ਜਾਂਦੇ ਹਾਂ। ਜੇਕਰ ਅਸੀਂ ਥੋੜੇ ਸਤਰਕ ਹੋ ਕੇ ਵੇਖੀਏ ਤਾਂ ਸਾਨੂੰ ਸਾਡੇ ਆਲੇ-ਦੁਆਲੇ, ਸਾਡੀਆਂ ਕਦਰਾਂ ਕੀਮਤਾਂ, ਰੀਤੀ-ਰਿਵਾਜ, ਰਹਿਣ-ਸਹਿਣ ਵਿਚ ਜੀਵਨ ਦੇ ਸਨਮੁੱਖ ਆਈਆਂ ਮੁਸ਼ਕਿਲਾਂ ਨਾਲ ਦੋ-ਚਾਰ ਹੁੰਦਿਆਂ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤਕ ਬੜੀਆਂ ਤਬਦੀਲੀਆਂ ਨਜਰ ਆਉਂਦੀਆਂ ਹਨ। ਸਾਡੇ ਵਤੀਰਿਆਂ ਵਿਚ ਬੜਾ ਬਦਲਾਅ ਆਇਆ ਹੁੰਦਾ ਹੈ।

ਬਹੁਤ ਸਾਰੀਆਂ ਕੀਮਤਾਂ ਰੁੱਪ-ਰੁਪੰਤੇ ਇਕ ਦੂਜੇ ਵਿਚ ਰਲਗੱਡ ਹੋ ਕੇ ਮਾਮੂਲੀ ਵੱਖਰੀ ਹਸਤੀ ਬਣਾਉਂਦੀਆਂ ਹਨ ਇਸ ਤਰ੍ਹਾਂ ਆਪ-ਮੁਹਾਰੇ ਵਿਚਰਦੇ ਕੁਦਰਤੀ ਅਤੇ ਸਮਾਜਿਕ ਵਰਤਾਰੇ ਕੁਝ ਮੁੱਲਾਂ ਨੂੰ ਛੱਡਦੇ ਕੁਝ ਇਕ ਨੂੰ ਇਕ ਦੂਸਰੇ ਵਿਚ ਜੁਮੇਲਦੇ ਤੇ ਕੁਝ ਇਕ ਨੂੰ ਨਵਾਂ ਰੂਪ ਦਿੰਦੇ ਚਲਦੇ ਰਹਿੰਦੇ ਹਨ। ਕਦੀ ਕਦੀ ਕਈ ਇਕ ਮੁੱਲ ਵਿਸ਼ੇਸ ਪਰਿਸਥਿਤੀਆਂ ਵਿਚੋਂ ਆਪੋ ਵਿਚ ਇਸ ਤਰ੍ਹਾਂ ਘੁਲ ਮਿਲ ਜਾਂਦੇ ਹਨ ਕਿ ਉਨ੍ਹਾਂ ਦਾ ਨਿਖੇੜ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਰਾਧਾ ਕਮਲ ਮੁਕਰਜੀ ਅਨੁਸਾਰ — " ਨਾ ਸਿਰਫ ਹਿੰਦੂਆਂ, ਬੋਧੀਆਂ ਅਤੇ ਪੱਛਮ ਵਿਚ ਕ੍ਰਿਸ਼ਚੀਅਨਾਂ ਦੇ ਇਤਿਹਾਸ ਵਿਚ ਇਮਾਰਤਸਾਜੀ ਸੰਗ ਤਰਾਸ਼ੀ ਅਤੇ ਪੇਂਟਿੰਗ ਦੇ ਖੇਤਰ ਵਿਚ ਚੰਗੀਆਂ ਪ੍ਰਾਪਤੀਆਂ ਹੋਈਆਂ ਸਗੋਂ ਹੁਣ ਵੀ ਕਈ ਦੇਸ਼ਾਂ ਵਿਚ ਧਰਮ ਅਤੇ ਹੁਨਰ ਇਖਲਾਕੀ, ਸੌਂਦਰਯ ਅਤੇ ਆਤਮਿਕ ਮੁੱਲਾਂ ਦੇ ਰੂਪ ਵਿਚ ਸਮਾਜਿਕ ਵਰਤਾਰਿਆਂ ਅਨੁਸਾਰ ਘੁੱਲ ਮਿਲ ਗਿਆ ਹੈ - - - ਤਦ ਦੁਨਿਆਵੀ ਤੇ ਗੈਰ ਕੁਦਰਤੀ ਕੀਮਤਾਂ ਇਕ ਦੂਜੇ ਵਿਚ ਸਹਿਜੇ ਹੀ ਤਿਲਕ ਜਾਂਦੀਆਂ ਹਨ ਜਿਹੜੀਆਂ ਕਿ ਮਨੁੱਖ ਦੀ ਕੀਮਤ ਪਾਉਣ ਅਤੇ ਤਜਰਬੇ ਦੀ ਸਿਖਰ ਹੁੰਦੀਆਂ ਹਨ।[60]

ਹਰ ਸਮਾਜ ਦੀ ਆਰਥਿਕ ਉਨਤੀ ਸਾਂਸਕ੍ਰਿਤਕ ਸੁੱਚਮਤਾ ਅਤੇ ਧਾਰਮਿਕ ਉੱਚਤਾ ਦੇ ਆਧਾਰ ਤੇ ਉਸਦੀਆਂ ਮੂਲ ਤਬਦੀਲੀਆਂ ਵਾਪਰਦੀਆਂ ਹਨ ਅਤੇ ਪਨਦੀਆਂ ਹਨ ਭਾਵੇਂ ਕਿਸੇ ਵਿਅਕਤੀ ਵਿਸ਼ੇਸ਼ ਦਾ ਇਸ ਵਿਚ ਕੋਈ ਜ਼ਿਆਦਾ ਹੱਥ ਨਹੀਂ ਹੋ ਸਕਦਾ ਫੇਰ ਵੀ ਜੇਕਰ ਹੁਣ ਵਿਦਵਾਨ ਜਾਂ ਵਿਦਵਾਨ ਸੰਸਥਾਵਾਂ ਮੁੱਲਾਂ ਪ੍ਰਤੀ ਯੋਗਦਾਨ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਮਿੱਥ ਲੈਣ ਤੇ ਯੋਜਨਾ-ਬੱਧ ਤਰੀਕੇ ਨਾਲ ਕੰਮ ਕਰਨ ਤਾਂ ਇਸ ਵਿਧਾ ਵਿਚ ਬੜਾ ਕੁਝ ਕੀਤਾ ਜਾ ਸਕਦਾ ਹੈ ਮਸਲਨ ਉਹ ਵਿਦਵਾਨ ਆਪਣੀਆਂ ਕੋਸ਼ਿਸ਼ਾਂ ਨਾਲ ਹੋਰ ਦੂਸਰੇ ਸਮਾਜ ਵਿਗਿਆਨੀਆਂ, ਧਾਰਮਿਕ ਰਹਿਨੁਮਾਵਾਂ, ਨੀਤੀਵਾਨਾਂ ਨੂੰ ਇਸ ਕੰਮ ਲਈ ਆਪੋ ਆਪਣੇ ਖਿੱਤਿਆਂ ਅਤੇ ਇਕੱਠੇ ਹੋ ਕੇ ਸਾਰੇ ਮਨੁੱਖੀ ਖੇਤਰ ਲਈ ਮੁੱਲਾਂ ਦਾ ਵਿਧੀ-ਵਿਧਾਨ ਸਿਰਜਣ ਲਈ ਉਪਰਾਲੇ ਕਰ ਸਕਦੇ ਹਨ ਜਿਹੜਾ ਮਨੁੱਖੀ ਜੀਵਨ ਵਿਚ ਖਤਰਨਾਕ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਉਨ੍ਹਾਂ ਦਾ ਸਮੇਂ, ਸਥਿਤੀ ਅਨੁਸਾਰ ਉਸ ਸੰਸਕ੍ਰਿਤੀ ਨਾਲ ਸੰਬੰਧ ਅਤੇ ਭਵਿਖ ਲਈ ਉਸਦੀ ਸਾਰਥਿਕਤਾ ਪ੍ਰਤੀ ਆਮ ਮਨੁੱਖ ਨੂੰ ਸੁਚੇਤ ਕਰੇ, ਕਰ ਸਕਣ ਦੇ ਸਮਰੱਥ ਹੋਵੇ। ਕਈ ਵਿਦਵਾਨਾਂ ਦੇ ਵਿਚਾਰ ਅਨੁਸਾਰ ਅਤਿ ਮਹੱਤਵਪੂਰਨ, ਬੁਨਿਆਦੀ ਇਤਿਹਾਸਕ ਤਬਦੀਲੀਆਂ ਅਤੇ ਲੋਕ ਚੇਤੰਨਤਾ ਅਤੇ ਸਰਗਰਮੀ ਦੇ ਬੇਅੰਤ ਵਾਧੇ ਸਦਕਾ ਵਿਨਾਸ਼ਵਾਦ ਸਮਾਜ ਵਾਸਤੇ ਇਕ ਖਤਰਾ ਬਣਦਾ ਜਾ ਰਿਹਾ ਹੈ।[61]

ਜਿਵੇਂ ਵਧ ਰਹੀ ਆਬਾਦੀ ਮਨੁੱਖੀ ਸੰਸਾਰ ਲਈ ਭਵਿੱਖ ਵਿਚ ਅਰਾਜਕਤਾ ਪੈਦਾ ਕਰ ਸਕਦੀ ਹੈ। ਜਿਸ ਕਾਰਨ ਖਾਦ ਪਦਾਰਥਾਂ ਦੀ ਥੋੜ ਰਿਹਾਇਸ਼ ਦੀ ਸਮੱਸਿਆ ਤਾਂ ਖੜੀ ਹੋਵੇਗੀ ਨਾਲ ਹੀ ਨਾਲ ਕਬਜ਼ਾ ਪ੍ਰਧਾਨ ਰੁੱਚੀ ਤਹਿਤ ਡਰ ਅਤੇ ਜੰਗ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੁਣ ਸੁਆਲ ਪੈਦਾ ਹੁੰਦਾ ਹੈ ਕਿ ਸਮੱਸਿਆ ਤਾਂ ਹੋ ਸਕਦੀ ਹੈ ਪਰ ਸਮੱਸਿਆ ਦਾ ਸਮਾਧਾਨ ਕੌਣ ਸੌਖੇਰਾ ਉੱਤਰ ਹੋ ਸਕਦਾ ਹੈ ਕਿ ਅਤੀਤ ਵਿਚ ਵੀ ਸਮੱਸਿਆਵਾਂ ਸਨ, ਹੁਣ ਵੀ ਹਨ ਉਨ੍ਹਾਂ ਦਾ ਸਮਾਧਾਨ ਜਾਂ ਉਨ੍ਹਾਂ ਨਾਲ ਲੜਾਈ ਮਨੁੱਖ ਹੀ ਲੜਦਾ ਆਇਆ ਹੈ ਤੇ ਲੜੇਗਾ। ਠੀਕ ਹੈ ਪਰ ਭੂਤਕਾਲ ਅਤੇ ਪੂਰਬ ਵਰਤਮਾਨ ਵਿਚ ਮਨੁੱਖੀ ਪ੍ਰਗਤੀ, ਜੀਵਨ ਪ੍ਰਬੰਧ ਵਿਚ ਵਿਕਾਸ

ਦੀ ਅਨੁਪਾਤਿਕ ਵਾਧ ਦੀ ਦਰ, ਵਰਤਮਾਨ ਅਤੇ ਭਵਿੱਖ ਦੀ ਦਰ ਨਾਲੋਂ, ਕਈ ਦੂਣਾ ਜੇਕਰ ਮੈਂ ਕਹਾਂ ਸੈਂਕੜੇਂ ਗੁਣਾਂ ਘੱਟ ਸੀ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ।

ਇਸ ਲਈ ਜਿਥੇ ਮਨੁੱਖ ਨੇ ਖਾਧ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਮੁੰਦਰ ਵਿਚ ਖੇਤੀ ਸੰਬੰਧੀ ਉਪਰਾਲਾ ਕਰਨਾ ਹੈ ਉਥੇ ਕੀਮਤੀ ਪਨੀਰਿਰ ਦੇ ਨਾਲ ਸਮੁੰਦਰੀ ਤਹਿ ਹੇਠ ਖਜ਼ਾਨਾ ਅਤੇ ਗ੍ਰਹਿਆਂ ਤੇ ਵੀ ਆਬਾਦੀ ਵਸਾਉਣ ਸੰਬੰਧੀ ਵੀ ਸੋਚਣਾ ਹੈ। ਉਸਨੇ ਮਨੁੱਖੀ ਤਬਾਹੀ ਦੇ ਸਮਾਨ ਪਰਮਾਣੂ ਹਥਿਆਰਾਂ ਦੇ ਖਾਤਮੇ ਅਤੇ ਫਿਜ਼ਾ ਪ੍ਰਦੂਸ਼ਨ ਰੋਕਣ ਲਈ ਕੋਸ਼ਿਸ਼ਾਂ ਕਰਨੀਆਂ ਹਨ। ਇਸੇ ਤਰ੍ਹਾਂ ਹੋਰ ਭਵਿੱਖਤ ਸਮੱਸਿਆਵਾਂ ਦਾ ਹੱਲ ਢੂੰਡਣਾ ਹੈ ਅਤੇ ਖੁਸ਼ਹਾਲ ਚੰਗੇਰੀ ਤੇ ਸੰਤੁਲਿਤ ਦੁਨੀਆਂ ਲਈ ਕਾਢਾਂ ਜਿਵੇਂ ਕੰਪਿਊਟਰ, ਰੋਬਟ ਆਦਿ ਤੋਂ ਕਿਵੇਂ ਬੇਹਤਰ ਕੰਮ ਲੈਣਾ ਹੈ ਤੇ ਨਵੀਆਂ ਕਾਢਾਂ ਲਈ ਨਵਾਂ ਸੁਰਤ-ਜਗਤ ਸਿਰਜਣਾ ਹੈ।

ਇਸ ਲਈ ਇਨ੍ਹਾਂ ਪਰਿਸਥਿਤੀਆਂ ਵਿਚ ਨਵਾਂ ਸੁਰਤ ਜਗਤ ਸਿਰਜਣ ਲਈ ਮਨੁੱਖੀ ਸਮੂਹ ਤੇ ਟੇਕ ਨਾ ਰਖ ਕੇ ਇਕ ਵਰਗ ਵਿਸ਼ੇਸ਼ ਜਿਹੜਾ ਮਾਮਲੇ ਦੀ ਨਬਜ਼ ਪਹਿਚਾਨਣ ਦੇ ਯੋਗ ਹੋਵੇ ਉਸ ਵਿਚ ਯੋਗਦਾਨ ਪਾ ਸਕੇ, ਉਸਾਰਨਾ ਪਵੇਗਾ ਜਿਹੜਾ ਮਨੁੱਖੀ ਸਮੱਸਿਆਵਾਂ ਤੇ ਜੀਵਨ ਮੁੱਲਾਂ ਦਾ ਲੇਖਾ ਜੋਖਾ ਕਰੇ ਤੇ ਉਸ ਸੰਬੰਧੀ ਮਨੁੱਖ ਨੂੰ ਸੁਚੇਤ ਕਰਦਾ ਵਾਧੇ ਘਾਟੇ ਦਰਸਾਉਂਦਾ ਅੱਗੇ ਤੁਰੇ।

ਧਰਮ ਦਰਸ਼ਨ ਤੇ ਸਿਖਿਆ ਅਜਿਹੇ ਸਮਾਜਿਕ ਵਿਸ਼ੇ ਹਨ ਜਿਨ੍ਹਾਂ ਦਾ ਸਿੱਧਾ ਸੰਬੰਧ ਮਾਨਵ ਮੁੱਲਾਂ ਨਾਲ ਹੈ ਧਰਮ ਤੇ ਦਰਸ਼ਨ ਜੇਕਰ ਮਾਨਵ ਮੁੱਲਾਂ ਦੇ ਸਿਧਾਂਤਕ ਸਰੂਪ ਨੂੰ ਸਪੱਸ਼ਟ ਕਰਦਾ ਹੈ ਤਾਂ ਸਿਖਿਆ ਉਨ੍ਹਾਂ ਨੂੰ ਵਿਵਹਾਰਿਕ ਅਥਵਾ ਕਿਰਿਆਤਮਕ ਰੂਪ ਦਿੰਦੀ ਹੈ। ਦਰਸ਼ਨ ਜੀਵਨ ਮੁੱਲਾਂ ਦਾ ਗਿਆਨ ਕਰਾਉਂਦਾ ਹੈ ਤਾਂ ਸਿਖਿਆ ਉਨ੍ਹਾਂ ਮੁੱਲਾਂ ਦੇ ਉਦੇਸ਼ ਦੀ ਪ੍ਰਾਪਤੀ ਦਾ ਸਾਧਨ ਦੱਸਦੀ ਹੈ ਵਿਦਿਆ ਅਤੇ ਦਰਸ਼ਨ ਦਾ ਪਰਸਪਰ ਸੰਬੰਧ ਸਮਾਜ ਅਤੇ ਸੰਸਕ੍ਰਿਤੀ ਦੇ ਅਟੁੱਟ ਬੰਧਨ ਹਨ। ਜਿਹੜੇ ਮਾਨਵ ਸੁਭਾਅ ਨੂੰ ਉਸਦੇ ਉਦੇਸ਼ ਅਤੇ ਕਾਰਜ ਤੋਂ ਜਾਣੂ ਕਰਾਉਂਦੇ ਹਨ। ਇਹ ਮਨੁੱਖ ਨੂੰ ਸਮਝਣ-

ਸਮਝਾਉਣ, ਉੱਚਾ ਚੁੱਕਣ ਅਤੇ ਉਸਦੇ ਵਿਅਕਤਿਤ੍ਵ ਦਾ ਵਿਕਾਸ ਕਰਨ ਵਿਚ ਸਹਾਇਤਾ ਕਰਦੇ ਹਨ।

ਹਰ ਸਮਾਜ/ਰਾਸ਼ਟਰ ਦੇ ਆਪਣੇ ਆਦਰਸ਼ ਮਾਨਤਾਵਾਂ ਤੇ ਸਾਂਸਕ੍ਰਿਤਕ ਪੰਪਰਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਮੁੱਲਾਂ ਰਾਹੀਂ ਅਭਿਵਿਅਕਤ ਕੀਤਾ ਜਾਂਦਾ ਹੈ। ਇਨ੍ਹਾਂ ਮੁੱਲਾਂ ਦੇ ਵਿਧਾਨ ਤੋਂ ਹੀ ਨਵੀਂ ਪੀੜ੍ਹੀ ਦੇ ਵਿਅਕਤਿਤ੍ਵ ਦਾ ਵਿਕਾਸ ਹੁੰਦਾ ਹੈ " ਲੋਕਾਂ ਵਿਚ ਪਰਿਵਰਤਨ ਲਿਆਉਣਾ ਸਿਖਿਆ ਦੀ ਇਕ ਮੁੱਖ ਉਪਲਬਧੀ ਹੈ।"[62] ਜੀਵਨ ਦੀ ਤੇਜ਼ੀ ਨਾਲ ਵਧਣ ਕਾਰਨ ਪੁਰਾਣੇ ਮੁੱਲ ਦਿਨ ਅਤੀਤ ਹੋ ਰਹੇ ਹਨ ਅਤੇ ਨਵੇਂ ਮੁੱਲ ਸਥਾਈ ਅਸਤਿਤੱਵ ਗ੍ਰਹਿਣ ਕਰਨ ਤੋਂ ਪਹਿਲਾਂ ਹੀ ਪੁਰਾਣੇ ਹੋ ਜਾਂਦੇ ਹਨ। ਵਿਗਿਆਨਕ ਅਤੇ ਉਦਯੋਗਿਕ ਪ੍ਰਭਾਵ ਨੇ ਪ੍ਰਾਚੀਨ ਮੁੱਲਾਂ ਤੇ ਜ਼ਬਰਦਸਤ ਪ੍ਰਭਾਵ ਕੀਤਾ ਹੈ। ਕੁਝ ਵਿਦਵਾਨਾਂ ਅਨੁਸਾਰ ਮਾਨਵ ਮੁੱਲਾਂ ਦਾ ਪਤਨ ਮੁੱਖ ਤੌਰ ਤੇ ਦੋ ਕਾਰਨਾਂ ਕਰਕੇ ਹੈ।" ਪਹਿਲਾ ਉਦਯੋਗੀਕਰਨ ਦਾ ਵਿਸਤ੍ਰਿਤ ਪਸਾਰ ਅਤੇ ਦੂਜਾ ਸ਼ਹਿਰੀ ਸਭਿਅਤਾ ਦਾ ਵਿਆਪਕ ਵਿਸਥਾਰ।"[63]

ਜਿਥੋਂ ਤਕ ਮੁੱਲ ਵਿਕਾਸ ਕਿਰਿਆ ਦਾ ਸੰਬੰਧ ਹੈ ਇਹ ਮਨੁੱਖ ਦੇ ਨਿੱਜ ਤੋਂ ਸ਼ੁਰੂ ਹੁੰਦੀ ਹੈ। ਮਨੁੱਖ ਦੀਆਂ ਉਸਦੀ ਅਵਸਥਾ ਅਨੁਸਾਰ ਲੋੜਾਂ ਇਸਦਾ ਆਰੰਭਕ ਕਾਰਨ ਬਣਦੀਆਂ ਹਨ ਪੱਛਮੀ ਤੇ ਭਾਰਤੀ ਵਿਚਾਰਵਾਨਾਂ ਨੇ ਆਪਣੇ ਆਪਣੇ ਢੰਗ ਨਾਲ ਮੁੱਲਾਂ ਦਾ ਵਰਗੀਕਰਨ ਕੀਤਾ ਹੈ ਤੇ ਉਨ੍ਹਾਂ ਦੇ ਆਧਾਰ ਮਿਥਨ ਦੀ ਕੋਸ਼ਿਸ਼ ਕੀਤੀ। ਮੁੱਲਾਂ ਦੀ ਵਰਗ ਵੰਡ ਤੇ ਉਨ੍ਹਾਂ ਦੇ ਵਿਚਾਰ ਭਿੰਨ ਭਿੰਨ ਹਨ। ਮੁੱਲ ਵਰਗ ਵੰਡ ਕਰਨੀ ਭਾਵੇਂ ਇੰਨੀ ਸਹਿਜ ਨਹੀਂ ਕਿਉਂਕਿ ਮੁੱਲਾਂ ਦਾ ਆਧਾਰ ਖੇਤਰ ਓਨਾ ਵਿਸ਼ਾਲ ਤੇ ਵਿਆਪਕ ਹੈ ਜਿੰਨਾ ਜੀਵਨ ਦਾ। ਮਨੁੱਖੀ ਜੀਵਨ ਦੀ ਬਿਹਤਰੀ ਲਈ ਮਨੁੱਖ ਵਲੋਂ, ਮਨੁੱਖ ਦੁਆਰਾ, ਮਨੁੱਖ ਲਈ ਜੀਵਨ ਮੁੱਲ ਸਿਰਜੇ ਗਏ। ਇਸ ਲਈ ਅਸੀਂ ਸਮਝਦੇ ਹਾਂ ਕਿ ਮਨੁੱਖੀ ਵਿਕਾਸ ਦੇ ਸੰਦਰਭ ਵਿਚ ਕੀਤੀ ਗਈ ਮੁੱਲ ਵਰਗ ਵੰਡ ਲਈ ਜਾਣੀ ਚਾਹੀਦੀ ਹੈ ਕੁਝ ਵਿਚਾਰਵਾਨਾਂ ਨੇ ਪਰਿਸਥਿਤੀਆਂ ਤੇ ਭੂਗੋਲਿਕ ਆਧਾਰ ਠੀਕ ਮੰਨਿਆ ਹੈ। ਇਸ ਲਈ ਇਸ ਮਸਲੇ ਤੇ ਪਕੜ ਹੋਰ ਮਜ਼ਬੂਤ ਕਰਨ ਲਈ ਅਸੀਂ ਕੁਝ ਕੁ ਮਸ਼ਹੂਰ ਚਿੰਤਕਾਂ ਦੇ ਵਰਗੀਕਰਨ ਦਾ ਜ਼ਿਕਰ ਕਰ ਰਹੇ ਹਾਂ।

ਜੀਵਨ ਵਿਚ ਮੁੱਲਾਂ ਦੀ ਪ੍ਰਕਿਰਤੀ ਤੋਂ ਮਾਰਗਨ[54] ਨੇ ਚਾਰ ਸ਼੍ਰੇਣੀਆਂ ਦੀ ਵੰਡ ਕੀਤੀ ਹੈ:-

1. ਪ੍ਰਕਿਰਤੀਵਾਦ (Naturalism) ਭੌਤਿਕ ਸੁਖ-ਸਾਧਨਾਂ ਦੇ ਮੁੱਲ (Value of obtaining physical comfort)
2. ਸੰਸਕ੍ਰਿਤੀਵਾਦ (Culturalism) ਸਮਾਜਿਕ ਅਨੁਕੂਲਨ ਦਾ ਮੁੱਲ (Value of Social Adaptation)
3. ਮਾਨਵਵਾਦ (Humanism) ਆਤਮ ਨਿਰਭਰਤਾ ਅਤੇ ਆਤਮ ਸਿਧੀ ਦਾ ਮੁੱਲ (Value of self sufficiency and self realisation)
4. ਅਸਤਿਤਵਵਾਦ (Theism) ਆਤਮ ਸਮਰਪਣ ਅਤੇ ਈਸ਼ਵਰ ਪ੍ਰੇਮ ਦਾ ਮੁੱਲ (Value of submission to and love of God)

ਡਬਲਯੂ ਜੀ ਏਵਰੇਟ[65] ਨੇ ਮੁੱਲਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ।

1. ਨਿਮਨ ਮੁੱਲ — 1. ਮਨੋਰੰਜਨਾਤਮਕ — ਨ੍ਰਿਤਾ, ਅਮੋਦ-ਪ੍ਰਮੋਦ
   2. ਸਰੀਰਕ — ਸਵਾਸਥ
   3. ਸਮਾਜਿਕ — ਸੰਘ, ਸੰਸਥਾ
   4. ਸ੍ਰਮ-ਮੂਲਕ — ਆਰਥਿਕ ਅਤੇ ਹੋਰ
2. <u>ਉੱਚ ਮੁਲ</u> — 1. ਬੌਧਿਕ — ਗਿਆਨ, ਸੱਚ
   2. ਸੌਂਦਰਯਮੂਲਕ — ਕਲਾ, ਸਾਹਿਤ
   3. ਵਾਸਤਵਿਕ — ਚੰਗਿਆਈ, ਮਿਠਾਸ
   4. ਧਾਰਮਿਕ — ਪਰਮਾਰਥ ਆਦਿ

ਫਰੈਡਰਿਕ ਪੈਟਕਾ[66] ਨੇ ਮਾਨਵ ਮੁੱਲਾਂ ਦੇ ਛੇ ਭੇਦ ਕੀਤੇ ਸਨ।

1. ਧਾਰਮਿਕ ਮੁੱਲ — Religious values
2. ਸੰਗਿਆਤਮਕ ਮੁੱਲ — cognitive Values
3. ਸੌਂਦਰਯਮੂਲਕ ਮੁੱਲ — Aesthetic Values

4. ਸਮਾਜਿਕ ਮੁੱਲ —— Social Values

5. ਰਾਜਨੀਤਕ ਮੁੱਲ —— Political Values

6. ਆਰਥਿਕ ਮੁੱਲ —— Economic Values

ਰਾਧਾ ਕਮਲ ਮੁਕਰਜੀ[67] ਨੇ ਮੁੱਲਾਂ ਦੇ ਤਿੰਨ ਭੇਦ ਕੀਤੇ ਹਨ।

1. ਜੈਵਿਕ ਜਾਂ ਸਰੀਰਕ ਮੁੱਲ — ਸਵਾਸਥ
2. ਮਨੋਸਮਾਜਿਕ ਮੁੱਲ — ਮਿੱਤਰਤਾ, ਨਿਸ਼ਠਾ ਆਦਿ।
3. ਅਧਿਆਤਮਿਕ ਜਾਂ ਆਦਰਸ਼ਆਤਮਕ — ਪਰਮਾਰਥ ਪ੍ਰੇਮ ਆਦਿ।

ਰੋਹਿੰਦ ਚੰਦਰ ਪਾਂਡੇ[68] ਨੇ ਮੁੱਖ ਦੋ ਭੇਦ ਮੰਨੇ ਹਨ।

1. ਵਿਵਹਾਰਿਕ ਮੁੱਲ
2. ਸਾਤਵਿਕ ਮੁੱਲ

ਨਿਕੋਲਸ ਰੈਸ਼ਰ[69] ਨੇ ਮੁੱਲਾਂ ਦੇ ਦਸ ਭੇਦ ਕੀਤੇ ਹਨ:–

| ਮੁੱਲਾਂ ਦੀ ਸ਼੍ਰੇਣੀ | ਉਦਾਹਰਨ ਮੁੱਲ |
|---|---|
| 1. ਭੌਤਿਕ ਤੇ ਸਰੀਰਕ ਮੁੱਲ — | ਸਵਾਸਥ, ਸੁਵਿਧਾ, ਆਰਮ, ਸਰੀਰਕ ਸੁਰੱਖਿਆ |
| 2. ਆਰਥਿਕ ਮੁੱਲ — | ਆਰਥਿਕ ਸੁਰਖਿਆ, ਉਤਪਾਦਨ ਸ਼ਕਤੀ |
| 3. ਨੈਤਿਕ ਮੁੱਲ — | ਈਮਾਨਦਾਰੀ, ਨਿਆਂ, ਨਿਸ਼ਕਪਟਤਾ ਆਦਿ |
| 4. ਸਮਾਜਿਕ ਮੁੱਲ — | ਸ਼ਿਸ਼ਟਾਚਾਰ, ਸਹਿਯੋਗ, ਦਾਨ ਆਦਿ |
| 5. ਰਾਜਨੀਤਕ ਮੁੱਲ — | ਸੁਤੰਤਰਤਾ, ਨਿਆਂ |
| 6. ਸੌਂਦਰਯ ਸੰਬੰਧੀ ਮੁੱਲ — | ਸੁੰਦਰਤਾ |
| 7. ਧਾਰਮਿਕ ਮੁੱਲ — | ਪਵਿੱਤਰਤਾ, ਨਿਸ਼ਕਪਟਤਾ |
| 8. ਬੌਧਿਕ ਮੁੱਲ — | ਵਿਵੇਕ, ਵਿਚਾਰ-ਸਪੱਸ਼ਟਤਾ |
| 9. ਕੰਮ ਸੰਬੰਧੀ ਮੁੱਲ — | ਸਫਲਤਾ |
| 10. ਭਾਸ-ਭਾਵ ਸੰਬੰਧੀ ਮੁੱਲ — | ਪ੍ਰੇਮ, ਦਯਾ, ਕਰੁਣਾ ਆਦਿ। |

ਰੇਸ਼ਰ ਨੇ ਆਪਣੇ ਨਾਲ ਸੰਬੰਧਿਤ ਮੁੱਲਾਂ ਨੂੰ ਆਰਥਿਕ ਜਾਂ ਧਾਰਮਿਕ ਮੁੱਲ ਕਿਹਾ ਹੈ। ਦੂਸਰੇ ਨਾਲ ਸੰਬੰਧਿਤ ਮੁੱਲਾਂ ਨੂੰ ਸਮਾਜਿਕ ਅਤੇ ਸਹਿਪਾਠੀਆਂ ਨਾਲ ਰੱਖੇ ਸੰਬੰਧ ਹੋਣ ਨੂੰ ਕਿੱਤੇ ਨਾਲ ਜੋੜਿਆ ਹੈ। ਡਾ. ਨਰੇਂਦਰ ਨੇ ਲਕਸ਼ ਦੇ ਆਧਾਰ ਤੇ ਮੁੱਲ ਵੰਡ ਕੀਤੀ ਹੈ।

1. ਆਨੰਦਵਾਦੀ ਮੁੱਲ — ਅਧਿਆਤਮਿਕ, ਸੌਂਦਰਯਮੂਲਕ, ਬੌਧਿਕ, ਰਾਗਾਤਮਕ ਅਤੇ ਸਰੀਰਕ ਮੁੱਲ।
2. ਕਲਿਆਣਕਾਰੀ ਮੁੱਲ — ਸਾਂਸਕ੍ਰਿਤਕ, ਨੈਤਿਕ, ਆਰਥਿਕ ਅਤੇ ਸਮਾਜਿਕ ਮੁੱਲ।

ਮਾਨਵ ਮੁੱਲਾਂ ਰਾਹੀਂ ਮਨੁੱਖ ਦਾ ਵਿਕਾਸ ਹੁੰਦਾ ਹੈ ਉਸ ਵਿਚ ਮਿੱਤਰਤਾ, ਦਯਾ, ਪ੍ਰੇਮ, ਕਰੁਣਾ, ਧੀਰਜ, ਸਹਿਯੋਗ, ਈਮਾਨਦਾਰੀ, ਭਲਾਈ, ਸਾਹਸ, ਜੱਰ, ਸਮਾਨਤਾ ਆਦਿ ਮੁੱਲ ਪੈਦਾ ਹੋ ਜਾਂਦੇ ਹਨ। ਭਵਿੱਖ ਲਈ ਸਾਨੂੰ ਮੁੱਲ ਵਿਧਾਨ ਦਾ ਚੌਖਟਾ ਤਿਆਰ ਕਰਨਾ ਚਾਹੀਦਾ ਹੈ ਇਸੇ ਸੰਬੰਧ ਵਿਚ ਵਿਦਵਾਨਾਂ ਨੇ ਚਰਚਾ ਕੀਤੀ ਹੈ। ਉਨ੍ਹਾਂ ਵਿਚੋਂ ਕੁਝ ਕੁ ਵਿਦਵਾਨਾਂ ਜਿਨ੍ਹਾਂ ਇਸ ਖੇਤਰ ਵਿਚ ਸਲਾਹੁਣ ਯੋਗ ਕੰਮ ਕੀਤਾ ਦੀ ਸੋਚੀ/ਚਿਤਵੀ ਮੁੱਲ ਵਿਧਾਨ ਤਾਲਿਕਾ ਅਸੀਂ ਦੇ ਰਹੇ ਹਾਂ।

ਅਰਬਨ[80] ਮੁੱਲਾਂ ਦੀ ਉਤਪਤੀ ਮੂਲ ਪ੍ਰਵਿਰਤੀ ਤੋਂ ਮੰਨਦਾ ਹੈ। ਇਸ ਲਈ ਉਸਦੀ ਵੰਡ ਦਾ ਆਧਾਰ ਮਨੁੱਖ ਦੀ ਬੁਨਿਆਦੀ ਲੋੜ ਜਾਂ ਇੱਛਾ ਹੈ। ਅਰਬਨ ਨੇ ਮੁੱਲ ਤਾਲਿਕਾ ਇਸ ਪ੍ਰਕਾਰ ਦਿੱਤੀ ਹੈ।

## ਮੁੱਲਾਂ ਦੀ ਤਾਲਿਕਾ

| | ਮੁੱਲ ਪ੍ਰਕਾਰ | ਮੁੱਲ | ਸੰਬੰਧਿਤ ਮੂਲ ਪ੍ਰਵਿਰਤੀ |
|---|---|---|---|
| 1. | ਜੈਵਿਕ (Organic) | ਸਰੀਰਕ (Bodily) | ਭੁੱਖ (Hunger) |
| | | ਆਰਥਿਕ (Economic) | ਕਾਮ ਪ੍ਰਵਿਰਤੀ (Sex) |
| | | ਮਨੋਰੰਜਨਾਤਮਕ (Rcreation) | ਸੰਗ੍ਰਹਿ (Accuisition) |
| | | | ਸਰੀਰ (Bodily) |

| | | |
|---|---|---|
| | | ਕਰਮ (ਕਮ) (Activity and Expression) |
| | | ਖੇਲ ( Play) |
| 2. ਅਤਿ-ਜੈਵਿਕ (HyperOrganic) | ਸਹਿਚਾਰਾਤਮਕ (Association) | ਸਮਾਜਕਤਾ (Gregarious) |
| | | ਸਹਾਨੁਭੂਤੀ (Sympathy) |
| ਸਮਾਜਿਕ (Social) | ਚਰਿੱਤਰ (Character) | ਆਤਮ ਪ੍ਰਕਾਸ਼ਨ (Self assertion) |
| | | ਆਤਮ ਗਿਲਾਨੀ (Self obasement) |
| 3. ਅਤਿ-ਜੈਵਿਕ (Hyper organic) | ਬੌਧਿਕ (Intellectual) | ਕਲਾ ਕ੍ਰਿਤੀ ਅਨੁਕਰਨ (Immitation) |
| | | ਜਿਗਿਆਸਾ (Curiosity) |
| ਅਧਿਆਤਮਿਕ (Spiritual) | ਸੌਂਦਰਯਾਤਮਕ (Aesthetic) | ਸ਼ਰਧਾ, ਆਸਤਿਕਤਾ (Faith) |
| | ਧਾਰਮਿਕ (Religious) | |

ਇਸ ਤਰ੍ਹਾਂ ਅਰਬਨ ਨੇ ਮੁੱਲਾਂ ਨੂੰ ਅੱਠ ਭਾਗਾਂ ਵਿਚ ਵੰਡਿਆ ਹੈ:—

1. ਸਰੀਰ ਸੰਬੰਧੀ ਮੁੱਲ (Bodily Values)
2. ਆਰਥਿਕ ਮੁੱਲ (Economic Values)
3. ਮਨੋਰੰਜਨ ਦੇ ਮੁੱਲ (Value of Recreation)
4. ਸਭਾ ਦੇ ਮੁੱਲ (Value of Association)
5. ਚਰਿੱਤਰ ਸੰਬੰਧੀ ਮੁੱਲ (Character Values)
6. ਸੌਂਦਰਯ ਸੰਬੰਧੀ ਮੁੱਲ (Asthetic Values)
7. ਬੌਧਿਕ ਮੁੱਲ (Intellectual Values)
8. ਧਾਰਮਿਕ ਮੁੱਲ (Religious Values)

ਇਸ ਮੁੱਲ ਵੰਡ ਵਿਚ ਲਗਭਗ ਹਰ ਤਰ੍ਹਾਂ ਦੇ ਮੁੱਲ ਆ ਜਾਂਦੇ ਹਨ। ਰਾਧਾ ਕਮਲ ਮੁਕਰਜੀ[71] ਨੇ ਆਤਮ ਚੇਤਨਾ ਦੇ ਵਿਕਾਸ ਦੀ ਦ੍ਰਿਸ਼ਟੀ ਨੂੰ ਅਵਸਥਾਵਾਂ ਵਿਚ ਵੰਡਿਆ ਹੈ:—

3. ਬਿਰਧ ਅਵਸਥਾ

ਰਾਧਾ ਕਮਲ ਮੁਕਰਜੀ ਵਲੋਂ ਦਿੱਤੀ ਮੁੱਲ ਤਾਲਿਕਾ ਅਸੀਂ ਹੇਠਾਂ ਦੇ ਰਹੇ ਹਾਂ।

## ਮੁੱਲ ਤਾਲਿਕਾ

| ਮੁੱਲ ਜੀਵਨ ਚੱਕਰ Human life Cycle | ਸਮਾਯੋਜਨ ਦੇ ਆਯਾਮ Dimension of Adaptation | ਮੁੱਲ ਆਧਾਰ Organic Values | ਮੁੱਲ ਅਵਸਥਾ Value Stage | ਲਕਸ਼ ਮੁੱਲ Genride Value | ਨੈਤਿਕ ਗੁਣ Moral Values | ਮੁੱਲ ਗੁਣ Cordinal Virtues |
|---|---|---|---|---|---|---|
| 1. ਬਾਲ ਵਿਵਸਥਾ Childhood | ਜੀਵਕ ਸਰੀਰਕ Biophysialcgical | ਪਰਿਵਾਰ Family | ਸਵਾਰਥ ਅਵਸਥਾ Slfish | ਸਵੈ ਕਾਨੂੰਨ Self Regulation | ਪ੍ਰਤੀਭਕ ਸਮਝ Prudence | ਆਸ਼ਾ, ਆਤਮ-ਨਿਰਭਰਤਾ, ਆਚਰਨ ਦੀ ਸਿੱਖਿਆ Hope, Self Comptence, Education of Character. |
| 2. ਕਿਸ਼ੋਰ ਅਵਸਥਾ Addesencence of Youth | ਮਨੋਵਿਗਿਆਨਕ ਅਤੇ ਸਮਾਜਕ Psycho-Social | ਸਮਾਜ Society | ਯਥਾਰਥ ਅਵਸਥਾ Actual | ਆਤਮ ਵਾਸਤਵਿਕੀਕਰਨ Self Actulization | ਸੱਚੀ ਨਿਸ਼ਠਾ Loyality | ਪ੍ਰੇਮ, ਸਮਾਨਤਾ, ਨਿਆਂ Love, Ecuality justice. |
| 3. ਬਿਰਧ ਅਵਸਥਾ Old Age | ਆਦਰਸ਼ਾਤਮਕ, ਅਧਿਆਤਮਿਕ Ideal, Transcedent of cosmic | ਸੰਸਕ੍ਰਿਤੀ Culture | ਪਰਮਾਰਥ ਅਵਸਥਾ Self Trans-cendent | ਸ਼ਰਧਾ ਸਨਮਾਨ Reverence | — | ਦਾਨ, ਦਯਾ, ਸਵਰੂਪ Charity, Compassion, Identy. |

ਸੁਤੰਤਰਤਾ, ਸਮਾਨਤਾ ਅਤੇ ਸੁਹਿਰਦਤਾ ਅਜਿਹੇ ਮੁੱਲ ਹਨ ਜਿਨ੍ਹਾਂ ਨੇ ਆਪਣੇ ਵਿਚ ਅਨੇਕਾਂ ਮੁੱਲਾਂ ਨੂੰ ਸਮਾਇਆ ਹੋਇਆ ਹੈ। ਸੁਤੰਤਰਤਾ ਵਿਚ ਆਤਮ ਨਿਰਭਰਤਾ, ਸਮਾਨਤਾ ਵਿਚ ਨਿਆਂ, ਦੂਸਰੇ ਦਾ ਆਦਰ ਅਤੇ ਸੁਹਿਰਦਤਾ ਵਿਚ ਪ੍ਰੇਮ-ਸਹਿਯੋਗ, ਦਯਾ, ਕਰੁਣਾ ਆਦਿ ਮੁੱਲ ਸ਼ਾਮਲ ਹਨ। ਆਜ਼ਾਦੀ ਮਗਰੋਂ ਇਨ੍ਹਾਂ ਪਰਜਾ-ਤੰਤਰੀ ਮੁੱਲਾਂ ਦਾ ਵਿਕਾਸ ਨਹੀਂ ਹੋਇਆ ਇਸ ਲਈ ਜਰੂਰੀ ਹੈ ਕਿ ਅਜਿਹੇ ਮੁੱਲ ਤੱਤਾਂ ਦੀ ਪਹਿਚਾਣ ਕੀਤੀ ਜਾਵੇ ਤੇ ਉਨ੍ਹਾਂ ਨੂੰ ਸਮੂਹਿਕ ਸਮਾਜਿਕ ਆਧਾਰ ਬਣਾਇਆ ਜਾਵੇ।

ਮਨੁੱਖ ਆਪਣੇ ਸੰਪੂਰਨ ਰੂਪ ਵਿਚ ਭਾਵਨਾ ਤੇ ਵਿਵੇਕ ਦਾ ਸੁੰਦਰ ਸੁਮਿਸ਼ਰਣ ਹੈ ਜਿਸ ਵਿਚ ਭਾਵਨਾਵਾਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਸੰਤੁਲਿਤ ਵਿਅਕਤਿਤ੍ਵ ਲਈ ਭਾਵਨਾ ਨਿਯਮ ਅਨੁਸਾਰ ਉਪਯੋਗ ਸਰੀਰਕ, ਮਾਨਸਿਕ ਤੇ ਬੌਧਿਕ ਸਵਾਸਥ ਲਈ ਜਰੂਰੀ ਹੈ। ਨਰੋਆ ਸਾਹਿਤ ਮਾਨਵ ਮੁੱਲਾਂ ਦਾ ਵਿਕਾਸ ਕਰ ਸਕਦਾ ਹੈ ਨਵੇਂ ਮੁੱਲ ਪੈਦਾ ਕਰਨ ਦੀ ਸਮਰੱਥਾ ਆਪਣੇ ਵਿਚ ਸਮੋਈ ਬੈਠਾ ਰਹਿੰਦਾ ਹੈ।

ਸਿੱਖਿਆ ਦਾ ਪਹਿਲਾ ਕੰਮ ਮਨੁੱਖ ਦਾ ਸਰਬਪੱਖੀ ਵਿਕਾਸ ਕਰਕੇ ਆਦਮੀ ਨੂੰ ਸੰਪੂਰਨ ਮਨੁੱਖ ਬਣਾਉਣਾ ਹੈ। ਸਾਡੀ ਸਿਖਿਆ ਆਦਮੀ ਨੂੰ ਡਾਕਟਰ, ਇੰਜੀਨੀਅਰ ਤਾਂ ਬਣਾਉਂਦੀ ਹੈ ਪਰ ਉਸ ਵਿਚ ਮਨੁੱਖੀ ਗੁਣ ਪ੍ਰੇਮ, ਸੇਵਾ, ਦਯਾ, ਈਮਾਨਦਾਰੀ ਤੇ ਸੱਚ ਦੇ ਮੁੱਲ ਪੈਦਾ ਨਹੀਂ ਕਰਦੀ ਜਿਸ ਕਰਕੇ ਉਹ ਚੰਗਾ ਨਾਗਰਿਕ ਨਹੀਂ ਬਣ ਸਕਦਾ।

ਜੀਣ ਪ੍ਰਕਿਰਿਆ ਦੇ ਸੰਦਰਭ ਵਿਚ ਸਿਖਿਆ ਇਕ ਵਿਆਪਕ ਕਿਰਿਆ ਹੈ ਜਿਸ ਰਾਹੀਂ ਜੀਵਨ ਤੇ ਸਮਾਜ ਦੇ ਅਸਤਿਤਵ ਲਈ ਅਨੇਕ ਮੁੱਲਾਂ ਦਾ ਨਿਰਮਾਣ ਹੁੰਦਾ ਹੈ ਇਕ ਪਾਸੇ ਇਹ ਯਥਾਰਥਵਾਦੀ ਤੇ ਦੂਜੇ ਪਾਸੇ ਆਦਰਸ਼ਵਾਦੀ ਹੁੰਦੀ ਹੈ। ਪਹਿਲੀ ਸਮਾਜ ਦੀਆਂ ਤਤਕਾਲਿਕ ਲੋੜਾਂ ਤੇ ਕਿਰਿਆ ਕਲਾਪਾਂ ਨੂੰ ਪੂਰਾ ਕਰਦੀ ਹੈ ਤੇ ਦੂਜੀ ਵਿਅਕਤੀ ਨੂੰ ਪੂਰਨਤਾ ਪ੍ਰਾਪਤੀ ਲਈ ਸਹਾਇਕ ਸਿੱਧ ਹੁੰਦੀ ਹੈ ਜੋ ਅਤੀਤ ਦੀਆਂ ਪ੍ਰੰਪਰਾਵਾਂ ਆਦਰਸ਼ਾਂ ਤੇ ਮੁੱਲਾਂ ਦੇ ਨਾਲ ਨਾਲ ਵਰਤਮਾਨ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਯਤਨ ਕਰਦੀ ਹੈ ਤੇ ਭਵਿਖ ਲਈ ਜੀਵਨ ਜਾਚ ਦੇ ਆਧਾਰ ਪੈਦਾ ਕਰਦੀ ਹੈ।

ਮਨੁੱਖ ਦਾ ਵਿਕਾਸ ਚਰਿੱਤਰ ਨਿਰਮਾਣ, ਅਧਿਆਤਮਿਕ ਮੁਕਤੀ, ਕਰਤੱਵ ਪਾਲਣ ਅਤੇ ਚੰਗੇ ਨੈਤਿਕ ਨਾਗਰਿਕ ਬਨਣ ਨਾਲ ਹੁੰਦਾ ਹੈ ਪਰ ਅੱਜ ਦੇ ਜ਼ਮਾਨੇ, ਵਿਚ ਮਨੁੱਖ ਪੈਸੇ ਦੇ ਪਿਛੇ ਦੋੜਦਾ ਹੈ। ਮਨੁੱਖੀ ਮਨ ਵਿਚੋਂ ਇਸ ਬੁਰਾਈ ਨੂੰ ਮਾਨਵ ਮੁੱਲਾਂ ਦੇ ਵਿਕਾਸ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਪੁਰਾਣੇ ਮੁੱਲਾਂ ਨੂੰ ਨਵੇਂ ਸੰਦਰਭ ਵਿਚ ਲੈ ਕੇ ਆਉਣਾ ਲਾਜ਼ਮੀ ਹੋ ਗਿਆ ਹੈ। ਇਹ ਵਿਚਾਰ ਉਨ੍ਹਾਂ ਦੇ ਹਨ ਜੋ ਜੀਵਨ ਨੂੰ ਪ੍ਰਾਚੀਨ ਜੀਵਨ ਮੁੱਲਾਂ ਦੀ ਕਸੌਟੀ ਤੋਂ ਪਰਖਣਾ ਚਾਹੁੰਦੇ ਹਨ ਤੇ ਗੁਰੂ-ਸਿਸ਼, ਛੋਟੇ ਵੱਡੇ ਦੇ ਅੰਤਰ ਨੂੰ ਸ਼ਰਧਾ ਪ੍ਰੇਮ ਦੀ ਦ੍ਰਿਸ਼ਟੀ ਤੋਂ ਦਿਖਾਉਣਾ ਚਾਹੁੰਦੇ ਹਨ। ਅਨੁਸ਼ਾਸਨ ਹੀਣਤਾ ਦਾ ਵਿਰੋਧ ਕਰਦੇ ਹਨ ਤੇ ਨਵੇਂ ਮੁੱਲਾਂ ਨੂੰ ਜ਼ਿਆਦਾ ਅਹਿਮੀਅਤ ਨਹੀਂ ਦਿੰਦੇ।

ਮੁੱਲਾਂ ਵਿਚ ਆਸਥਾ ਸਮਾਜ ਦੀ ਉੱਨਤੀ ਦਾ ਪ੍ਰਤੀਕ ਹੈ। ਸਮਾਜਿਕ ਪਤਨ ਦਾ ਪਹਿਲਾ ਚਿੰਨ੍ਹ ਮੁੱਲਾਂ, ਆਦਰਸ਼ਾਂ ਵਿਚ ਮਨੁੱਖ ਦੀ ਆਸਥਾ ਦਾ ਨਾ ਹੋਣਾ ਹੈ। ਪਤਨ ਉਦੋਂ ਹੁੰਦਾ ਹੈ ਜਦੋਂ ਲੋਕ ਸਵਾਰਥ, ਨਿੱਜੀ ਸੁੱਖ, ਸਫਲਤਾ ਤੇ ਇੱਛਾ ਨੂੰ ਪਹਿਲ ਦਿੰਦੇ ਹਨ। ਦੂਸਰਾ ਚਿੰਨ੍ਹ ਉਹ ਹੈ ਜਦੋਂ ਮਨੁੱਖ ਆਪਣੇ ਸਵਾਰਥ ਲਈ ਲੋਕਾਂ ਨਾਲ ਬੇਈਮਾਨੀ ਕਰਦਾ ਹੈ ਜਾਂ ਵਾਸ਼ਨਾਵਾਂ ਦਾ ਸ਼ਿਕਾਰ ਹੁੰਦਾ ਹੈ। ਭੌਤਿਕਵਾਦ, ਸੁਖਵਾਦੀ ਅਤੇ ਵਿਸ਼ਲੇਸ਼ਨਾਤਮਕ ਦ੍ਰਿਸ਼ਟੀਕੋਣ ਸਤ੍ਹਾ ਦਾ ਦੁਰਉਪਯੋਗ ਮਨੁੱਖੀ ਦੁਰਦਸ਼ਾ ਦਾ ਤੀਸਰਾ ਚਿੰਨ੍ਹ ਹੈ। ਇਹ ਤਿੰਨੇ ਚਿੰਨ੍ਹ (ਸਮਾਜਿਕ ,ਰਾਨੈਤਿਕ,ਧਾਰਮਿਕ) ਸਮਾਜ ਵਿਚ ਮਨੁੱਖੀ ਦ੍ਰਿਸ਼ਟੀ ਤੋਂ ਸਪੱਸ਼ਟ ਨਜ਼ਰ ਆ ਰਹੇ ਹਨ। ਜੀਵਨ ਦੇ ਹਰ ਪਹਿਲੂ ਵਿਚੋਂ ਇਹ ਦੋਸ਼ ਤਦ ਹੀ ਦੂਰ ਹੋ ਸਕਦੇ ਹਨ ਜੇਕਰ ਮੁੱਲਾਂ ਨੂੰ ਉਨ੍ਹਾਂ ਦਾ ਉਚਿਤ ਸਥਾਨ ਮਿਲੇਗਾ। ਸਰੀਰਕ, ਮਾਨਸਿਕ, ਬੌਧਿਕ ਵਿਕਾਸ ਲਈ ਕ੍ਰਾਂਤੀਕਾਰੀ ਪਰਿਵਰਤਨ ਕੀਤੇ ਜਾਣੇ ਚਾਹੀਦੇ ਹਨ।

ਮਾਨਵ ਮੁੱਲਾਂ ਦਾ ਸੰਸਕ੍ਰਿਤੀ, ਸਮਾਜ, ਸਾਹਿਤ ਅਤੇ ਸਿੱਖਿਆ ਦਾ ਗੂੜ੍ਹਾ ਸੰਬੰਧ ਹੈ। ਸੰਸਕ੍ਰਿਤੀ ਮਾਨਵ ਮੁੱਲਾਂ ਦਾ ਸਰੋਤ ਹੈ ਤੇ ਸਮਾਜ ਉਨ੍ਹਾਂ ਦੀ ਪ੍ਰਤਿਸ਼ਠਾ ਕਰਦਾ ਹੈ। ਜੇ ਸਾਹਿਤ ਵਿਆਖਿਆ ਕਰਦਾ ਹੈ ਤਾਂ ਸਿਖਿਆ ਉਨ੍ਹਾਂ ਦੇ ਵਿਕਾਸ ਦਾ ਸਾਧਨ ਹੈ। ਸਾਹਿਤ ਦਾ ਅਰਥ ਹੈ ਕਿ ਉਹ ਕਲਿਆਣ ਦਾ ਆਧਾਰ ਬਣੇ ਕਿਉਂਕਿ ਮਨੁੱਖ ਦੇ ਵਿਅਕਤਿਤ੍ਵ ਨੂੰ ਉੱਚਾ ਉਠਾਉਣਾ ਹੈ। ਤੇ ਵਿਅਕਤਿਤ੍ਵ ਦਾ ਲੱਛਣ ਸਾਰੇ ਮੁੱਲਾਂ ਨਾਲ ਭਰਪੂਰ ਹੋਣਾ ਹੈ।

ਭੌਤਿਕਵਾਦੀ ਦ੍ਰਿਸ਼ਟੀਕੋਣ ਤੇ ਵਿਗਿਆਨਕ ਪ੍ਰਗਤੀ ਨੇ ਜਿਥੇ ਜੀਵਨ ਲਈ ਪਦਾਰਥ ਸੁਖ-ਸੁਵਿਧਾ ਤੇ ਆਰਾਮ ਉਪਲੱਬਧ ਕੀਤੇ ਹਨ ਉਥੇ ਪ੍ਰਾਪਤੀ ਭੁੱਖ ਨੇ ਮਨੁੱਖੀ ਜੀਵਨ ਵਿਚ ਭ੍ਰਿਸ਼ਟਾਚਾਰ ,ਦੁਰਾਚਾਰ ਤੇ ਅਾਚਾਰ ਹੀਣਤਾ ਪੈਦਾ ਕੀਤੀ ਹੈ। ਅਜੋਕੀ ਸਿਖਿਆ ਮਾਨਵ ਪ੍ਰੇਮ ਤੇ ਲੋਕ ਕਲਿਆਣ ਦੀ ਭਾਵਨਾ ਪੈਦਾ ਕਰਨ ਦੇ ਅਸਮਰਥ ਹੈ। ਸਮਾਜਿਕ, ਧਾਰਮਿਕ ਤੇ ਰਾਜਨੈਤਿਕ ਖੇਤਰਾਂ ਵਿਚ ਮੁੱਲਾਂ ਪ੍ਰਤੀ ਅਨਾਦਰ ਦੀ ਰੁਚੀ ਨੇ ਮਨੁੱਖੀ ਸਾਂਝੀਵਾਲਤਾ ਤੇ ਭਾਈਚਾਰੇ ਦੇ ਜੀਵਨ ਨੂੰ ਸੰਕਟਮਈ ਸਥਿਤੀ ਵਿਚ ਲਿਆ ਖੜਾ ਕੀਤਾ ਹੈ। ਜਿਸ ਕਾਰਨ ਜੀਵਨ ਦੇ ਹਰ ਖੇਤਰ ਵਿਚ ਮੁੱਲਾਂ ਪ੍ਰਤੀ ਖਾਲੀਪਨ ਦੀ ਸਥਿਤੀ ਉਤਪੰਨ ਹੋ ਗਈ ਹੈ। ਇਸ ਕਾਰਨ ਸਮਾਜਿਕ ਤੇ ਰਾਜਨੈਤਿਕ ਬੁਰਾਈਆਂ ਪੂਰੇ ਜੋਬਨ ਤੇ ਹਨ। ਹਰ ਤਰਫ ਚੋਰ-ਬਾਜ਼ਾਰੀ, ਰਿਸ਼ਵਤ ਖੋਰੀ,ਲੁਟ-ਖਸੁਟ ਦਾ ਵਾਤਾਵਰਨ ਪਸਰਿਆ ਹੋਇਆ ਹੈ। ਸਿਖਿਆ ;ਸਾਹਿਤ ਦਾ ਜੀਵਨ ਮੁੱਲਾਂ ਨਾਲ ਸਿੱਧਾ ਸੰਬੰਧ ਹੋਣ ਕਾਰਨ ਸਿਖਿਆ ਨੂੰ ਅਰਥ ਭਰਪੂਰ ਬਣਾਉਣਾ ਤੇ ਮੁੱਲ ਭਰਪੂਰ ਨਰੋਆ ਸਾਹਿਤ ਰਚਿਆ ਜਾਣਾ ਜਰੂਰੀ ਹੋ ਗਿਆ ਹੈ। ਜੀਵਨ ਮੁੱਲਾਂ ਵਿਚ ਮਨੁੱਖੀ ਆਸਥਾ ਜਗਾਉਣ ਲਈ ਇਹ ਜਰੂਰੀ ਹੈ ਕਿਉਂਕਿ ਮਾਨਵ ਮੁੱਲ ਨਕਸ਼ ਪ੍ਰਾਪਤੀ ਦਾ ਸਾਧਨ ਹਨ ਤੇ ਚੰਗੇਰਾ ਸਾਹਿਤ ਭਾਵਾਂ ਨੂੰ ਜਗਾਉਣ, ਰੂਪਾਂਤਰਿਤ ਕਰਨ ਤੇ ਉਨ੍ਹਾਂ ਨੂੰ ਤ੍ਰਿਪਤ ਕਰਨ ਦੇ ਸਮਰੱਥ ਹੁੰਦਾ ਹੈ।

ਉਪਰੋਕਤ ਚਰਚਾ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਮੁੱਲ ਮਨੁੱਖੀ ਜੀਵਨ ਲਈ ਮਨੁੱਖ ਦੁਆਰਾ ਸਿਰਜੇ ਜਾਂਦੇ ਹਨ। ਜੀਵਨ ਮੁੱਲਾਂ ਰਾਹੀਂ ਮਨੁੱਖ ਚੰਗੇ-ਬੁਰੇ, ਠੀਕ-ਗਲਤ, ਨੈਤਿਕ-ਅਨੈਤਿਕ ਅਤੇ ਪਵਿੱਤਰ-ਅਪਵਿੱਤਰ ਦੀ ਪਛਾਣ ਕਰ ਸਕਣ ਦੇ ਕਾਬਲ ਹੁੰਦਾ ਹੈ ਤੇ ਉਨ੍ਹਾਂ ਦਾ ਨਿਖੇੜ ਕਰ ਸਕਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮੁੱਲ ਉਹ ਬਿੰਦੂ ਹਨ ਜਿਹੜੇ ਮਨੁੱਖੀ ਜੀਵਨ ਨੂੰ ਚੰਗੇਰਾ, ਨਰੋਆ ਤੇ ਹੋਣੀਆਂ ਭਰਪੂਰ ਬਣਾਉਣ ਲਈ ਸੇਧ ਦਿੰਦੇ ਹਨ।

ਮਨੁੱਖੀ ਵਿਕਾਸ ਦੇ ਨਾਲ ਨਾਲ ਜੀਵਨ ਪ੍ਰਕਿਰਿਆ ਚਲਣ-ਚੱਕਰ ਦੇ ਅਧੀਨ ਮਨੁੱਖ ਦੁਆਰਾ ਜਿਹੜੀਆਂ ਅਨੇਕਾਂ ਮਾਨਤਾਵਾਂ ਸਿਰਜੀਆਂ ਗਈਆਂ ਅਤੇ ਉਨ੍ਹਾਂ ਵਿਚੋਂ ਜਿਹੜੀਆਂ ਸਥਾਪਿਤ ਹੋ ਗਈਆਂ ਉਹੀ ਜੀਵਨ ਮੁੱਲ ਕਹਾਈਆਂ। ਮਨੁੱਖੀ

ਅੰਤਰੀਵ ਦੇ ਆਪਣੇ ਵਿਵੇਕ ਅਨੁਸਾਰ ਜੀਵਨ ਵਰਤਾਰਿਆਂ ਦੇ ਸੰਬੰਧ ਵਿਚੋਂ ਮੁੱਲ ਉਪਜਦੇ ਹਨ ਤੇ ਸਮਾਜਿਕ ਪ੍ਰਵੇਸ਼ ਵਿਚ ਸੰਘਰਸ਼ ਕਰਦੇ ਆਪਣੀ ਹੋਂਦ ਸਥਾਪਿਤ ਕਰਦੇ ਹਨ ਅਤੇ ਸਥਾਪਿਤ ਹੋਏ ਮੁੱਲ ਉਸ ਸਮਾਜ ਸੰਸਕ੍ਰਿਤੀ ਦੇ ਗੌਰਵ ਦਾ ਪ੍ਰਤੀਕ ਹੁੰਦੇ ਹਨ। ਮਾਨਵ ਵਿਵੇਕ ਜੀਵਨ ਮੁੱਲਾਂ ਦੀ ਪ੍ਰਿਸ਼ਠ ਭੂਮੀ ਹੈ। ਮੁੱਲਾਂ ਦਾ ਸ੍ਰਿਸ਼ਟਾ ਹੈ। ਮੁੱਲਾਂ ਦਾ ਸਰੂਪ ਵਿਅਕਤੀ। ਵਸਤੂ ਦੀ ਸਥਿਤੀ ਉਸਦੀਆਂ ਲੋੜਾਂ ਅਤੇ ਉਸਦੇ ਵਿਵੇਕ ਮੰਥਨ ਦੇ ਸਿੱਟਿਆਂ ਦੀ ਉਪਲਬਧੀ ਹੈ।

ਸੋ ਅਸੀਂ ਸਮਝਦੇ ਹਾਂ ਕਿ ਉਚੇਰੇ ਮੁੱਲਾਂ ਵਿਚ ਵਸਤੂ ਦੀ ਵਿਅਕਤੀ ਪ੍ਰਤੀ ਲੋੜ ਉਸਦੇ ਮਨੋਰੰਜਨ, ਉਸਦੀ ਸਾਰਥਿਕਤਾ ਤੋਂ ਬਿਨਾ ਉਸਦੀਆਂ ਭਵਿਖਮੁਖੀ ਇੱਛਾਵਾਂ ਦੀ ਪੂਰਤੀ ਹੁੰਦੀ ਹੈ ਕਿਉਂਕਿ ਮਨੁੱਖੀ ਵਿਵੇਕ ਜਿਥੇ ਭੂਤ ਦਾ ਅਧਿਐਨ ਕਰਦਾ ਹੈ ਉਥੇ ਵਰਤਮਾਨ ਦਾ ਆਲੋਚਕ ਵੀ ਹੈ। ਵਕਤ ਅਨੁਸਾਰ ਮੁੱਲ ਸਰੀਰਕ, ਸਮਾਜਿਕ ਤੇ ਆਰਥਿਕ ਆਧਾਰ ਭੂਮੀ ਤਿਆਰ ਕਰਦੇ ਮਨੁੱਖੀ ਜੀਵਨ ਦੀ ਚਕਾ-ਚੌਂਧ ਨਾਲ ਜਾ ਜੁੜੇ — ਇਥੇ ਮੁੱਲ ਭੌਤਿਕਵਾਦੀ ਆਧਾਰ ਅਪਣਾਉਂਦੇ ਤੇ ਫੇਰ ਉਨ੍ਹਾਂ ਨੂੰ ਤਿਆਗਦੇ ਮਨੁੱਖੀ ਵਿਗਿਆਨ ਨਾਲ ਸੋਢਾ ਮੇਲ ਕੇ ਆਪਣਾ ਰਸਤਾ ਅਖ਼ਤਿਆਰ ਕਰਦੇ ਦਿਖਾਈ ਦਿੰਦੇ ਹਨ।

ਅਸੀਂ ਦੇਖਿਆ ਹੈ ਕਿ ਕਿਸੇ ਵੀ ਸਮਾਜ, ਸੰਸਕ੍ਰਿਤੀ ਦੇ ਗੌਰਵ ਦਾ ਆਧਾਰ ਉਸਦੇ ਜੀਵਨ ਮੁੱਲ ਹੁੰਦੇ ਹਨ ਆਰੰਭਕ ਕਾਲ ਵਿਚ ਮਨੁੱਖੀ ਲੋੜਾਂ ਤੇ ਆਧਾਰਿਤ ਮੁੱਲਾਂ ਦੀ ਮਹੱਤਾ ਰਹੀ— ਜਿਵੇਂ ਸਰੀਰਕ ਮੁੱਲ ਅਸੀਂ ਸੋਚਦੇ ਹਾਂ ਕਿ ਲੋੜ ਦਾ ਸੰਬੰਧ ਸਰੀਰ ਨਾਲ ਹੈ ਪਰ ਜਦੋਂ ਵਿਵੇਕ ਨਾਂ ਦੀ ਚੀਜ਼ ਨੇ ਮਨੁੱਖੀ ਜੀਵਨ ਵਿਚ ਵਿਸ਼ੇਸ਼ਤਾ ਪ੍ਰਾਪਤ ਕਰ ਲਈ ਤਾਂ ਸਰੀਰਕ ਮੁੱਲ ਨਿਗੂਣੇ ਦਿਖਾਈ ਦੇਣ ਲੱਗੇ।

ਮਨੁੱਖ ਲਈ ਕੀ ਸ੍ਰੇਸ਼ਟ ਹੈ, ਮਨੁੱਖ ਦੇ ਵਿਕਾਸ ਲਈ ਕੀ ਲੋੜੀਂਦਾ ਹੈ ਤੇ ਉਸਦੀ ਭਲਾਈ ਲਈ ਕੀ ਹੋਣਾ ਚਾਹੀਦਾ ਹੈ ਦੱਸਣ ਵਾਲੇ ਜੀਵਨ ਮੁੱਲ ਸ੍ਰੇਸ਼ਟ ਹਨ। ਅਜੋਕੇ ਬਹੁਤੇ ਵਿਚਾਰਵਾਨਾਂ ਅਨੁਸਾਰ ਅੱਜ ਦਾ ਸੰਸਾਰ ਵਿਅਕਤੀ ਦੁਆਰਾ ਸਿਰਜਿਤ

ਹੈ। ਇਕ ਸਮੇਂ ਕਲਪਨਾਮਈ ਸੰਸਾਰ ਦੇ ਸੁਪਨੇ ਬੁਨਣ ਵਾਲੇ ਵਿਦਵਾਨਾਂ ਨੇ ਕਲਪਨਾ ਨੂੰ ਭਵਿੱਖ ਵਿਚ ਵਾਸਤਵਿਕਤਾ ਦੇ ਰੂਪ ਵਿਚ ਚਿਤਵਿਆ ਹੋਵੇ ਸਪੱਸ਼ਟ ਹੀ ਹੈ ਕਿ ਸਾਰੀਆਂ ਕਲਪਨਾਵਾਂ ਸਾਕਾਰ ਨਹੀਂ ਹੋਇਆ ਕਰਦੀਆਂ ਪਰ ਸੈਂਕੜੇ ਸਾਲਾਂ ਦੀਆਂ ਵਿਚਾਰਵਾਨ ਕਲਪਨਾਵਾਂ ਨੇ ਵਾਸਤਵਿਕਤਾ ਦਾ ਰੂਪ ਧਾਰਿਆ। ਯਥਾਰਥ ਸਾਡੇ ਸਾਹਮਣੇ ਹੈ ਤੇ ਇਹੀ ਮੁੱਲਾਂ ਦਾ ਆਧਾਰ ਭੂਮੀ ਹੈ।

ਜੀਵਨ ਮੁੱਲਾਂ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਮਿਥਣ ਵਿਚ ਵਿਦਵਾਨ ਇਕ ਦੂਸਰੇ ਨਾਲ ਸਹਿਮਤ ਨਹੀਂ ਹੋ ਸਕੇ ਕਿਉਂਕਿ ਜੀਵਨ ਮੁੱਲ-ਆਧਾਰ ਵੀ ਜ਼ਿੰਦਗੀ ਜਿੰਨ੍ਹਾਂ ਹੀ ਵਿਸ਼ਾਲ ਹੈ ਜਿਸ ਕਾਰਨ ਇਹ ਮਨੁੱਖੀ ਸੋਚ-ਸ਼ਬਦ ਦੀ ਪਕੜ ਵਿਚ ਨਹੀਂ ਆ ਸਕਿਆ ਫੇਰ ਵੀ ਅਸੀਂ ਸਮਝਦੇ ਹਾਂ ਕਿ ਮੁੱਲ ਨੂੰ ਮਨੁੱਖ ਦੀ ਇੱਛਾ ਪੂਰਤੀ, ਚਾਹਤ, ਪ੍ਰਾਪਤੀ, ਸੰਤੁਸ਼ਟੀ, ਮਹੱਤਵ, ਲੋੜ, ਤਰਜੀਹ, ਲਾਲਸਾ, ਸਾਰਥਿਕਤਾ ਆਦਿ ਦੇ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ ਕਿਉਂ ਕਿ:-

1. ਮੁੱਲ ਉਹ ਤਰਾਜ਼ੂ ਹਨ ਜਿਸ ਦੁਆਰਾ ਕਿਸੇ ਚੀਜ਼ ਦੀ ਸਾਰਥਿਕਤਾ ਦਾ ਬੋਧ ਹੁੰਦਾ ਹੈ।
2. ਮੁੱਲ ਉਹ ਬਿੰਦੂ ਹਨ ਜਿਹੜੇ ਠੀਕ-ਗਲਤ, ਬੁਰੇ-ਭਲੇ, ਨੈਤਿਕ-ਅਨੈਤਿਕ ਦਾ ਨਿਖੇੜ ਕਰਨ ਦੀ ਸਮਰਥਾ ਪ੍ਰਦਾਨ ਕਰਦੇ ਹਨ।
3. ਮੁੱਲ ਚੰਗੇਰੇ ਜੀਵਨ-ਜਾਚ ਪ੍ਰਬੰਧ ਦੇ ਸੂਤਰਧਾਰ ਹਨ।
4. ਮੁੱਲ ਸਮਾਜਿਕ ਪ੍ਰਵੇਸ਼ ਵਿਚ ਮਨੁੱਖ ਦਾ ਪੱਥ ਪ੍ਰਦਰਸ਼ਨ ਕਰਦੇ ਹਨ।
5. ਮੁੱਲ ਮਨੁੱਖ ਲਈ ਮਨੁੱਖ ਦੁਆਰਾ ਸਿਰਜੇ ਜਾਂਦੇ ਹਨ।

ਜਿਵੇਂ ਮਨੁੱਖ ਆਪਣੀ ਅੰਤਰੀਵ ਸੋਚ ਸਮਝ ਨਾਲ ਜੁੜਿਆ ਹੁੰਦਾ ਹੈ ਉਵੇਂ ਉਹ ਵਿਵਹਾਰਿਕ ਰੂਪ ਵਿਚ ਪੂਰੇ ਦਾ ਪੂਰਾ ਸਮਾਜ ਵਿਚ ਵਿਚਰਦਾ ਹੈ। ਇਸ ਤਰ੍ਹਾਂ ਸਮੇਂ, ਸਥਾਨ ਤੇ ਸਮਾਜਿਕ ਤਬਦੀਲੀਆਂ ਦਾ ਮਨੁੱਖੀ ਜੀਵਨ ਪ੍ਰਬੰਧ ਤੇ ਗੂੜ੍ਹਾ ਅਸਰ ਪੈਂਦਾ ਹੈ ਅਨੇਕੀ ਭੌਤਿਕ ਤਰੱਕੀ, ਵਿਗਿਆਨਕ ਕਾਢਾਂ, ਉਦਯੋਗ, ਪੈਦਾਵਾਰੀ ਸਾਧਨ ਅਤੇ ਸਮੁੰਦਰੀ ਆਕਾਸ਼ੀ ਪ੍ਰਾਪਤੀਆਂ ਨੇ ਮਨੁੱਖੀ ਜੀਵਨ ਵਿਚ ਅਨੇਕਾਂ ਤਬਦੀਲੀਆਂ ਲਿਆਂਦੀਆਂ। ਇਸ ਲਈ ਲਾਜ਼ਮੀ ਹੀ ਮਨੁੱਖੀ ਮੁੱਲ ਪ੍ਰਬੰਧ ਵਿਚ ਤਬਦੀਲੀਆਂ ਆਈਆਂ।

ਇਸ ਤੇਜ਼ ਰਫ਼ਤਾਰ ਬਦਲਾਅ ਨੇ ਜਿਥੇ ਕਈ ਨਵੇਂ ਮੁੱਲ ਸਿਰਜੇ ਉਥੇ ਸਮਾਜਿਕ ਸੰਦਰਭ ਵਿਚ ਹੋਏ ਹੋ ਚੁੱਕੇ ਮੁੱਲਾਂ ਨੂੰ ਤਿਲਾਂਜਲੀ ਵੀ ਦਿੱਤੀ ਤੇ ਬਹੁਤ ਸਾਰੇ ਮੁੱਲ ਸਮੇਂ ਸਮੇਂ ਸਿਰ ਰੁਪ-ਰੁਪਾਂਤੇ ਇਕ ਦੂਜੇ ਵਿਚ ਰਲਗੱਡ ਹੋ ਕੇ ਨਵੀਂ ਵੱਖਰੀ ਹਸਤੀ ਬਣਾਉਂਦੇ ਹਨ ਤੇ ਉਨ੍ਹਾਂ ਦਾ ਨਿਖੇੜ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਜ਼ਿੰਦਗੀ ਜਿਸ ਤੇਜ਼ੀ ਨਾਲ ਬਦਲ ਰਹੀ ਹੈ। ਦਹਾਕਿਆਂ ਵਿਚ ਹੀ ਪਹਿਲੀਆਂ ਸਦੀਆਂ ਜਿੰਨੀਆਂ ਤਬਦੀਲੀਆਂ ਆਈਆਂ ਹਨ, ਇਸ ਲਈ ਜੀਵਨ ਮੁੱਲਾਂ ਵਿਚ ਵੀ ਉਸੇ ਅਨੁਪਾਤ ਵਿਚ ਤਬਦੀਲੀਆਂ ਦਾ ਆਉਣਾ ਲਾਜ਼ਮੀ ਹੈ। ਇਸ ਲਈ ਜਿਵੇਂ ਅਸੀਂ ਉਪਰ ਸੁਝਾਅ ਦਿੱਤਾ ਹੈ ਕਿ ਮਨੁੱਖੀ ਜੀਵਨ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਤੇ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ, ਕੁਦਰਤੀ ਸ਼ਕਤੀਆਂ ਤੇ ਵਿਗਿਆਨਕ ਕਾਢਾਂ ਨੂੰ ਮਨੁੱਖੀ ਬਿਹਤਰੀ ਅਤੇ ਖੁਸ਼ਹਾਲ ਜ਼ਿੰਦਗੀ ਲਈ ਵਰਤਣ ਲਈ ਨਵਾਂ ਜੁਰਤ-ਜਰਤ ਪ੍ਰਬੰਧ ਉਸਾਰਨਾ ਲੋੜੀਦਾ ਹੈ। ਇਸ ਲਈ ਅਸੀਂ ਅਜਿਹਾ ਜੁਰਤ-ਜਰਤ ਸਿਰਜਣ ਲਈ ਮਨੁੱਖੀ ਸਮੂਹ ਅਤੇ ਸਰਕਾਰੀ ਪ੍ਰਬੰਧਾਂ ਤੇ ਟੇਕ ਨਾ ਰੱਖ ਕੇ ਇਕ ਵਰਗ ਵਿਸ਼ੇਸ਼ ਜਾਂ ਜੀਵਨ ਦੇ ਵੱਖਰੇ ਵੱਖਰੇ ਖੇਤਰਾਂ ਵਿਚ ਨਿਪੁੰਨ ਵਿਅਕਤੀ ਵਰਗ ਸਿਰਜਣੇ ਹੋਣਗੇ ਜਿਹੜੇ ਆਪਣੇ ਆਪਣੇ ਖੇਤਰ ਦੇ ਮੁੱਲਾਂ ਦਾ ਲੇਖਾ ਜੋਖਾ ਕਰਨ ਦੇ ਸਮਰੱਥ ਹੋਣ ਦੇ ਨਾਲ ਨਾਲ ਭਵਿੱਖ-ਮੁੱਖੀ ਮੁੱਲਾਂ ਦੀ ਸਿਰਜਣਾ ਲਈ ਆਪਣੇ ਸੁਝਾਅ ਮਨੁੱਖ ਨੂੰ ਦਿੰਦੇ ਰਹਿਣ। ਇਕ ਤੇ ਸੁਝਾਅ ਦੇ ਕੇ ਅਸੀਂ ਆਪਣੀ ਗੱਲ ਨੂੰ ਇਥੇ ਹੀ ਖਤਮ ਕਰਦੇ ਹਾਂ।

ਮਨੁੱਖੀ ਸਮੱਸਿਆਵਾਂ ਜਿਹੜੀਆਂ ਪੈਦਾ ਹੋ ਸਕਦੀਆਂ ਹਨ ਵਿਚ ਅਸੀਂ ਮਨੁੱਖੀ ਆਬਾਦੀ ਕਾਰਨ ਉਪਜੀਆਂ ਜਾਂ ਉਪਜਣ ਵਾਲੀਆਂ ਮੁਸ਼ਕਿਲਾਂ, ਖਾਦ ਪਦਾਰਥਾਂ ਦੀ ਕਮੀ ਅਤੇ ਮਨੁੱਖੀ ਰਿਹਾਇਸ਼ ਦੀ ਸਮੱਸਿਆ ਲੈ ਸਕਦੇ ਹਾਂ। ਕੁਦਰਤੀ ਸ਼ਕਤੀਆਂ, ਗ੍ਰਹਿਆਂ,ਖਲਾਅ ਅਤੇ ਸਮੁੰਦਰ ਦੀ ਮਨੁੱਖੀ ਹਿੱਤ ਲਈ ਚੰਗੇਰੀ ਵਰਤੋਂ ਦੀ ਗੱਲ ਵੀ ਲਈ ਜਾ ਸਕਦੀ ਹੈ। ਇਸੇ ਸੰਦਰਭ ਵਿਚ ਕੰਪਿਊਟਰ ,ਰੋਬਟ ਅਤੇ ਹੋਰ ਵਿਗਿਆਨਕ ਕਾਢਾਂ ਤੋਂ ਜੀਵਨ ਪ੍ਰਤੀ ਚੰਗੇਰੇ ਯੋਗਦਾਨ ਦੀ ਗੱਲ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਇਸੇ ਤਰ੍ਹਾਂ ਪ੍ਰਮਾਣੂ ਜੰਗ ਦੇ ਛੁਟਕਾਰੇ ਦੀ ਗੱਲ ਵੀ ਲਈ ਜਾ ਸਕਦੀ ਹੈ। ਪ੍ਰਦੂਸ਼ਣ ਜਾਂ ਅਜਿਹੇ ਹੋਰ ਕਾਰਨਾਂ ਕਾਰਨ ਸੌਰ ਮੰਡਲ ਵਿਚ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਵੀ ਇਸ ਵਿਚ ਲਿਆ ਜਾ ਸਕਦਾ ਹੈ।

## ਟਿੱਪਣੀਆਂ ਤੇ ਹਵਾਲੇ

1. Buhlar Chaclatte, Values in Psycho the reply Preface by Stainbrook Edvard J.The Free Press of Glencc,1962.
2. Roubiezek, Paul, Ethical Values in age of Science, Carbrige University Press U.S.A. 1969,P.220-21,
3. ਡਾ. ਜਗਤਾਰ ਗੁਪਤ, ਨਵੀਂ ਕਵਿਤਾ ਸਰੂਪ ਅਤੇ ਸਮੱਸਿਆਵਾਂ, ਦੂਜਾ ਸੰਸਕਰਣ,1971, ਪੰਨਾ- 12-13.
4. Tayler Henry asbern, Human Values And Varieties,P.20.
5. Radha Kamal Mukerjee, The Social Structure of Values, P. 2.
6. ਤੁਲਸੀ ਬਿਨੋਦਿਦ, ਪਰਿਵੇਸ਼ ਮਨ ਅਤੇ ਸਾਹਿਤਯ, ਪੰਨਾ- 31-36.
7. Young K.S.Mack R.W. Sociclogy and Social life, American book N.V.,P.70.
8. Geld Shimith .W. , Under Standing Human Society, P.80.
9. Hovard Becker, Through Values to Social Interpretation,P.6.
10. Young K.Sc Mack,R.W. Eocivlogy and Social life, P.85.
11. Mum Ford Levis, The trains for motion of Mav, P-20.
12. ਰਾਜਪਾਲ ਹੁਕਮ ਚੰਦ, ਆਧੁਨਿਕ ਕਾਵਿ ਮੇਂ ਨਵੀਨ ਜੀਵਨ ਮੁੱਲ,ਪੰਨਾ- 17.
13. ਪਾਂਡੇ ਗੋਵਿੰਦ ਚੰਦਰ, ਮੁੱਲ-ਮੀਮਾਂਸਾ, ਪਹਿਲਾ ਸੰਸਕਰਣ,ਪੰਨਾ- 16.
14. Webster's , New Collegiate Dictionary Spring field,1961.
15. Pertidge, Eric, Crgins A Short Etymclogical Dictionary of Modern English, P.760.
16. ਸ਼ਰਮਾ ਦੁਆਰਕਾ ਪ੍ਰਸਾਦ ਤਥਾ ਪੰਡਤ ਤਾਰਨੀਸ਼, ਸੰਪੂਰਨ ਸੰਸਕ੍ਰਿਤ ਸ਼ਬਦਾਰਥ ਕੌਸਤੁਭ, ਪੰਨਾ- 734.
17. Lilie William, Introduction of Ethics, London Mehuen,1948.
18. Johnson H.M. ,Sociclogy, A Systematic Introduction's Routledge's Keganpaul Lodnon(1960) P. 49.

19. ਡਾ. ਦੇਵ ਰਾਜ, ਸੰਸਕ੍ਰਿਤੀ ਦਾ ਦਾਰਸ਼ਨਿਕ, ਪ੍ਰਕਾਸ਼ਨ ਬਿਊਰੋ ਸੂਚਨਾ ਵਿਭਾਗ, 1957, ਪੰਨਾ- 157.

20. Urban W.M., Fundamental of Ethics, P. 16.

21. Lovis H.Duglas and John C.Kenyon, Man is society Pub-- American Book New York, P.63.

22. ਹਵਾਲਾ- ਗੁਪਤ ਜਗਦੀਸ਼, ਨਵੀਂ ਕਵਿਤਾ ਸਰੂਪ ਤੇ ਸਮੱਸਿਆਵਾਂ, ਪੰਨਾ- 11.

23. Urban W.M., Fundamental of Ethics, P. 17-18.

24. ਗੁਪਤ ਜਗਦੀਸ਼, ਨਵੀਂ ਕਵਿਤਾ, ਸਰੂਪ ਅਤੇ ਸਮੱਸਿਆਵਾਂ, ਪੰਨਾ- 12.

25. Parker Re Witt.H., The Analysis of Value, P.21.

26. Rescher, Nichalas, Introduction of Value Theory, P.4.

27. " A Value, essesicially, as an atttude for or against an event of phenomennon based on a belief that its benefies or panalizes some." individual group or institution.

28. Alvin Taffler, Value impact forecaster, A Profession fof the Future.

29. Devey, John, The field of Value: Value A Comperatve Induity, New York, P.66.

30. Hall, W.Evert, What is Value 'A Essay inphilocophical Analsis Routledge and Kegan Paul Ltd.London, P.248.

31. Lundberg George, Science, Scientists and Values, Social Forces, P. 373-379.

32. Burgess Ernest W. , Values and Sociological Research ,Social Problems, P. 16-20-

33. Richard T.Lapierre's , Social Change New York M.C.Grav-Hill 1965,P.253.

34. Becker Hovard, Supreme Values and Socilogist, P.155,172. Through , Values to Social Interpretation(Durham)1950.

35. Dodd Stuart, How to measure Values, P.163,168.

36. Znahiecki Florian, Should Sociologists be also Pholosphers of Values, P-84.

37. Kluckhohn, Clyde, Values and Value orientations in the Theory of Action, P.388,433.

38. Neil J.Smelser, Theory of Collective beharicus,1963.

39. William Catton,Jr. A Theory of Values, American Sociological Review,P.310,317.

40. Jacob's Philip E, Functions of Values in policy processe- P. 28,34.

41. Mukerjee R.K. The Social Structure of Values,P.77.

42. Mayer F Ph.Ress, Ethics and Modern World,P.323. ਦੁਆਰਾ — ਜੈਰੀ ਸ਼ਾਸਤਰੀ, ਨੀਤੀ ਸ਼ਾਸਤਰ, ਪੰਨਾ- 550.

43. Nichalas Rescher, Values And the Future, Edited by- Kurt Baier and Nichalas Rescher,P.108.

44. R.K.Mukerjee, The frontiers of Social Science,P.23.

45. Callier's, Encyclopedia, Collier & sons Corporation, P.163.

46. Alvin Taffler, Value impact for-Caster ,A Profession of the Future,P. 3.

47. Jaseph Meeable, A Rational Encyclopedia,P.6.

48. The Encyclopedia of Philosphy, No. 8.

49. Radha Kamal Mukerjee, The Social Structure of Values, P.7.

50. Young K.Maw R.W. Edciclogy and Social life,P. 85.

51. Herrick, The Evalution of Human Nature, Quoted by R.K. Mukerjee in Book 'Dimensions of Values.'

52. Emile Durheim, The Social Shaping of Human needs ,Edited by Edgar F.Bergatta Henry,J.mayer.

53. Through- Values to Social Interpretation, Chapter-7.

54. John ELDF Boodin, Organisation of Values of Social mind, P. 2.

55. Alvin Toffler, Value impact Forcastor, A Profession of the Future.

56. Kurt Baier of Nicholas Rescher-- Values and the Future.

Thedere J.Gordon -- The Future and the Ideas in conflict.

Rescher Michdas --- A Questionaire Study of American Values by 2000 A.D.

Alaf Helmer-- Simulating the Values of the Future.

Martin Bronfevbrenner-- Economic Consecuenses of Technology-cal Change.

57. ਪੀਟਰ ਨੈਰੀ, ਦੈਨਿਕ ਪੰਜਾਬ ਕੇਸਰੀ, 15,10,89.

58. Radha Kamal Mukerjee, The Social Structure of Values,1965.

59. John Elof Boodin, Social Mind, Organisation of Values , P. 278.

60. Radha Kamal Mukerjee, The Social Structure of Values,P.54.

61. Y.Segenov, P.Landesman, Minilism Today, P-6.

62. Frankel Jack, Helpil Students think and Value Englewood Cliffs, New Jersy,P-2.

63. Bersodi Ralph, The Education of the whole man,P.20.

64. Lowe C. Marshal, Value Orientations -An Ethical Dilemnia Amar,P.687-693.

65. Averett W.G., Moral Values, P-29.

66. Patka Frederick, Value and existence studeis in Philosophic Anthropology, P.96-97.

67. Radha Kamal Mukerjee, The Midensions of Values, P.20.

68. ਪਾਂਡੇ ਗੋਵਿੰਦਚੰਦਰ, ਮੁੱਲ ਮਮਾਂਸਾ, ਪੰਨਾ- 1[illegible]9.

69. Rescher Nicholas, Introduction to Value Theory, P.14, 18,19.

70. Urban W.M. , Fundamental & Ethics, Henry Half Co. New York, P.-169.

71. Radha Kamal Mukerjee, The Dimensions of Values, P. 20.

---

# ਚੋਥਾ - ਅਧਿਆਇ

## ਭਾਰਤੀ ਜੀਵਨ ਮੁੱਲ

## ਭਾਰਤੀ ਜੀਵਨ ਮੁੱਲ

ਜਿਥੇ ਜੀਵਨ ਮੁੱਲ ਕਿਸੇ ਸੰਸਕ੍ਰਿਤੀ ਵਲੋਂ ਸਮੇਂ ਅਤੇ ਸਥਿਤੀ ਦੇ ਸੰਦਰਭ ਵਿਚ ਸਿਰਜੇ ਜਾਂਦੇ ਹਨ ਉਥੇ ਉਹੀ ਜੀਵਨ-ਮੁੱਲ ਉਸੇ ਸੰਸਕ੍ਰਿਤੀ ਦਾ ਆਧਾਰ ਮਿਥਦੇ ਹਨ। ਇਸ ਲਈ ਜਿੰਨੇ ਉਚੇਰੇ ਮੁੱਲ ਜਿਸ ਸੰਸਕ੍ਰਿਤੀ ਦੇ ਹੁੰਦੇ ਹਨ ਉਨੀ ਹੀ ਉਚੇਰੀ ਉਹ ਸੰਸਕ੍ਰਿਤੀ ਮੰਨੀ ਜਾਂਦੀ ਹੈ। ਇਸ ਲਈ ਸੰਸਕ੍ਰਿਤੀ ਅਤੇ ਜੀਵਨ ਮੁੱਲ ਕੁਝ ਸਮੇਂ ਦੇ ਜੀਵਨ ਦੇ ਸੰਬੰਧ ਵਿਚ ਇਕ ਦੂਜੇ ਦੇ ਪੂਰਕ ਹੁੰਦੇ ਹਨ। ਇਸ ਕਸੌਟੀ ਤੇ ਜਦੋਂ ਅਸੀਂ ਵੈਦਿਕ ਸੰਸਕ੍ਰਿਤੀ ਨੂੰ ਪਰਖਦੇ ਹਾਂ ਤਾਂ ਸਹਿਜੇ ਹੀ ਇਸ ਦੀ ਉੱਚਤਾ ਦਾ ਅਹਿਸਾਸ ਹੁੰਦਾ ਹੈ।

ਇਸ ਸਾਂਸਕ੍ਰਿਤਕ ਯੁੱਗ ਵਿਚ ਜੀਵਨ ਦੇ ਹਰ ਪੱਖ ਵਿਚ ਭਰਪੂਰਤਾ ਸੀ। ਲੋਕਾਂ ਦਾ ਜੀਵਨ ਜਿਥੇ ਧਾਰਮਿਕ ਅਕੀਦੇ ਤਹਿਤ ਵਿਸ਼ਵਾਸ, ਪੂਜਾ, ਸਿਮਰਨ, ਸਚਾਈ, ਸੌਂਦਰਯ ਆਦਿ ਮੁੱਲਾਂ ਦਾ ਧਾਰਨੀ ਸੀ ਉਥੇ ਸਮਾਜਿਕ ਖੇਤਰ ਵਿਚ ਸਹਿਨਸ਼ੀਲਤਾ, ਸਹਿਹੋਂਦ, ਸਹਿਯੋਗ, ਸਮਾਨਤਾ, ਬਜ਼ੁਰਗਾਂ ਅਤੇ ਇਸਤਰੀ ਸਤਿਕਾਰ ਆਦਿ ਅਤੇ ਸਮੂਹਿਕ ਜੀਵਨ ਵਿਚ ਬਹਾਦਰੀ, ਕਿਰਤ ਕਰਨੀ, ਸੰਜਮ, ਦਾਨ, ਪਵਿੱਤਰਤਾ, ਨਿਮਰਤਾ, ਨਿਆਂ ਆਦਿ ਜੀਵਨ ਮੁੱਲਾਂ ਦੀ ਪ੍ਰਧਾਨਤਾ ਸੀ। ਇਸੇ ਤਰ੍ਹਾਂ ਬੁੱਧ ਅਤੇ ਜੈਨ ਮੱਤ ਦੇ ਪ੍ਰਭਾਵ ਕਾਰਨ ਅਹਿੰਸਾ, ਸ਼ੁਧਤਾ, ਦਯਾ, ਕਰੁਣਾ, ਉਦਾਰਤਾ, ਤਿਆਗ ਆਦਿ ਮੁੱਲਾਂ ਨੂੰ ਅਹਿਮੀਅਤ ਦਿੱਤੀ ਜਾਣ ਲੱਗੀ।

ਇਸ ਲਈ ਇਸੇ ਵਿਉਂਤ ਪ੍ਰਕਰਨ ਦੇ ਅਨੁਸਾਰ ਅਸੀਂ ਅਗਲੇ ਪੰਨਿਆਂ ਵਿਚ ਉਸ ਸਮੇਂ ਦੇ ਮਨੁੱਖੀ ਜੀਵਨ ਨੂੰ ਵਾਚਣ ਦਾ ਯਤਨ ਕੀਤਾ ਹੈ ਅਤੇ ਇਸਨੂੰ ਆਪਣੀ ਸੌਖ ਲਈ ਪੂਰਬ ਵੈਦਿਕ ਕਾਲ, ਵੈਦਿਕ ਕਾਲ, ਉੱਤਰ ਵੈਦਿਕ ਕਾਲ, ਬੁੱਧ ਅਤੇ ਜੈਨ ਕਾਲ ਵਿਚ ਵੰਡਿਆ ਹੈ।

### 1. ਪੂਰਬ ਵੈਦਿਕ ਕਾਲ ਦੇ ਜੀਵਨ ਮੁੱਲ

ਪੂਰਬ ਵੈਦਿਕ ਕਾਲ ਦੀ ਜੀਵਨ ਮੁੱਲਾਂ ਦੀ ਗੱਲ ਕਰਨ ਵਿਚ ਵਿਦਵਾਨਾਂ

ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਪਹਿਲਾਂ ਮਨੁੱਖ ਜਿਹੜਾ ਕਿ ਨਛੱਤਰ ਵਿਗਿਆਨੀ ਮਕੈਨਕੋਵ ਦੇ ਅਨੁਸਾਰ ਪੰਜ ਲੱਖ[1] ਸਾਲ ਪਹਿਲਾਂ ਇਸ ਧਰਤੀ ਤੇ ਹੋਂਦ ਵਿਚ ਆਇਆ ਤੇ ਜੀਵ ਵਿਕਾਸ ਅਤੇ ਧਾਰਮਿਕ-ਸਾਹਿਤ ਸੰਬੰਧੀ ਮਨੁੱਖ ਕੋਲ ਗੁਜ਼ਰਦਾ ਕੋਈ ਇਤਿਹਾਸ ਨਹੀਂ ਹੈ ਉਪਰੋਕਤ ਨਛੱਤਰ ਵਿਗਿਆਨੀ ਅਨੁਸਾਰ ਜਿਸਨੂੰ ਕੁਝ ਕੁ ਵਿਦਵਾਨਾਂ[2] ਨੇ ਥੋੜ੍ਹੇ ਫਰਕ ਨਾਲ ਮੰਨ ਲਿਆ ਹੈ ਕਿ ਮਨੁੱਖ ਅੱਜ ਦੇ ਆਪਣੇ ਰੂਪ ਵਿਚ ਲਗਭਗ ਇਕ ਲੱਖ ਚਾਰ ਹਜ਼ਾਰ ਸਾਲ ਪਹਿਲਾਂ ਮੌਜੂਦ ਸੀ।

ਧਰਤੀ ਉਪਰ ਮਨੁੱਖ ਦੀ ਕਹਾਣੀ ਪੁਰਾਣੇ ਸਮੇਂ ਤੋਂ ਆਰੰਭ ਹੋਈ ਹੈ। ਸਾਰੀ ਧਰਤੀ ਅਤੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਦੋ ਪ੍ਰਕਾਰ ਦੇ ਮੱਤ ਹਨ:-

1. ਭੂਮੰਡਲ ਅਤੇ ਇਸਦੇ ਦਾ ਮਨੁੱਖ ਅਨਾਦਿ ਅਤੇ ਅਨੰਤ ਹੈ ਕੁਝ ਵਿਦਵਾਨ ਕਹਿੰਦੇ ਹਨ ਕਿ ਤਾਕਤਵਰ ਅਦ੍ਰਿਸ਼ਟ ਸ਼ਕਤੀ ਨੇ ਇਕੋ ਸਮੇਂ ਪ੍ਰਿਥਵੀ, ਸ੍ਰਿਸ਼ਟੀ ਅਤੇ ਮਨੁੱਖ ਦਾ ਨਿਰਮਾਣ ਕੀਤਾ।

2. ਵਿਗਿਆਨੀਆਂ ਦਾ ਮੱਤ ਹੈ ਕਿ ਕਰੋੜਾਂ ਸਾਲ ਪਹਿਲਾਂ ਇਹ ਪ੍ਰਿਥਵੀ ਅੱਗ ਦਾ ਗੋਲਾ ਸੀ ਜਿਸ ਕਾਰਨ ਇਸਤੇ ਕਿਸੇ ਜੀਵ ਦੇ ਰਹਿਣ ਜਾਂ ਹੋਣ ਦਾ ਮਤਲਬ ਪੈਦਾ ਨਹੀਂ ਹੁੰਦਾ ਸੀ ਪਰ ਹੌਲੀ ਹੌਲੀ ਧਰਤੀ ਦੀ ਉਪਰਲੀ ਧਰਾਤਲ ਤੇ ਪਰਿਵਰਤਨ ਆਏ ਤੇ ਇਹ ਜੀਵਾਂ ਦੇ ਰਹਿਣ ਯੋਗ ਬਣ ਗਈ।[3]

ਪਰ ਵੈਦਿਕ ਕਾਲ ਦੇ ਜੀਵਨ ਮੁੱਲਾਂ ਦਾ ਲੇਖਾ-ਜੋਖਾ ਕਰਨ ਲਈ ਸਾਨੂੰ ਜਿਥੇ ਭੂਗੋਲਿਕ ਪਰਿਸਥਿਤੀਆਂ ਦਾ ਧਿਆਨ ਰੱਖਣਾ ਪੈਂਦਾ ਹੈ ਉਥੇ ਮਨੁੱਖੀ ਵਿਕਾਸ ਨੂੰ ਕਾਲ ਵੰਡ ਦੇ ਅਨੁਸਾਰ ਵੰਡਣਾ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਬਹੁਤੇ ਵਿਦਵਾਨਾਂ ਨੇ ਇਸ ਸਮੇਂ ਦੇ ਜੀਵਨ ਵਿਕਾਸ ਦੀ ਕਾਲ ਵੰਡ ਕੀਤੀ ਹੈ।

## ਭੂਗੋਲਿਕ ਸਥਿਤੀ

ਭੂ-ਵਿਗਿਆਨੀਆਂ ਅਨੁਸਾਰ ਲਗਭਗ ਦੋ ਅਰਬ ਸਾਲ ਪਹਿਲਾਂ ਸੂਰਜ ਤੋਂ ਅਲੱਗ ਹੋਈ। ਇਹ ਧਰਤੀ ਆਪਣੇ ਪਹਿਲੇ ਰੂਪ ਵਿਚ ਅੱਗ ਦਾ ਗੋਲਾ ਸੀ। ਜਿਹੜਾ ਹੌਲੀ ਹੌਲੀ ਠੰਢਾ ਹੋ ਕੇ ਚਟਾਨਾਂ ਦਾ ਰੂਪ ਧਾਰਨ ਕਰ ਗਿਆ। ਚਟਾਨਾਂ ਦੀਆਂ ਹੇਠਲੀਆਂ ਤੈਹਾਂ

ਵਿਚ ਜੀਵਨ ਦਾ ਕੋਈ ਵੀ ਨਿਸ਼ਾਨ ਨਹੀਂ ਹੈ ਪਰ ਹੇਠਲੀਆਂ ਤੈਹਾਂ ਵਿਚ ਜੀਵਨ ਹੋਣ ਦੇ ਨਿਸ਼ਾਨ ਮਿਲਦੇ ਹਨ। ਇਹੋ ਅਨੁਪਾਤ ਅਨੁਸਾਰ ਤੈਹਾਂ ਦੇ ਨਾਂ ਰੱਖੇ ਗਏ ਹਨ।

"ਜਾਪਦਾ ਇਹ ਧਰਤੀ ਸੂਰਜ ਦੇ ਦੂਜੇ ਗ੍ਰਹਿਆਂ ਵਾਂਗੂੰ --- ਦੋ ਅਰਬ ਸਾਲ ਪਹਿਲਾਂ ਉਸਤੋਂ ਵੱਖ ਹੋ ਕੇ ਉਸਦੇ ਦੁਆਲੇ ਘੁੰਮਣ ਲੱਗੀ --- ਹੌਲੀ ਹੌਲੀ ਇਸਦੇ ਬਾਹਰ ਦਾ ਭਾਗ ਠੰਢਾ ਹੋਣ ਤੇ ਪੇਪੜੀ ਜੰਮਣ ਲੱਗੀ ਜਿਸ ਤੋਂ ਇਹ ਚਾਂਆਂ ਚਟਾਨਾਂ ਬਣੀਆਂ। ਜਿਨ੍ਹਾਂ ਦੇ ਟੋਇਆਂ ਵਿਚ ਪਾਣੀ ਜਮ੍ਹਾਂ ਹੋਣ ਲੱਗਾ ਧਰਤੀ ਦਾ ਛਿਲਕਾ ਹੁਣ 22 ਤੋਂ 25 ਮੀਲ ਮੋਟਾ ਜਾਂ ਹੋਇਆ ਹੈ। ----- ਜਿਹੜੇ ਜੀਵਾਂ ਦੇ ਪਿੰਜਰ ਚਟਾਨਾਂ ਵਿਚ ਦਬ ਜਾਂਦੇ ਹਨ ਉਹ ਸੁੱਕ ਕੇ ਚਟਾਨ ਹੋ ਜਾਂਦੇ ਹਨ ਪਰ ਉਨ੍ਹਾਂ ਦਾ ਰੂਪ ਉਸੇ ਤਰ੍ਹਾਂ ਬਣਿਆ ਰਹਿੰਦਾ ਹੈ। ਇਹੋ ਜਿਹੇ ਪੱਥਰ ਬਣੇ ਜੀਵਾਂ ਨੂੰ ਜੀਵਾਸ਼ਮ (Fossil) ਆਖਦੇ ਹਾਂ। ਪ੍ਰਿਥਵੀ ਦੀ ਉਪਰ ਵਾਲੀ ਤਹਿ ਵਿਚ ਵੱਖ ਵੱਖ ਪ੍ਰਕਾਰ ਦੇ ਜੀਵਾਸ਼ਮ ਪਾਏ ਜਾਂਦੇ ਹਨ।"[4]

ਇਸ ਤਰ੍ਹਾਂ ਜੀਵਨ ਵਿਕਾਸ ਦੇ ਦੂਸਰੇ ਦੌਰ ਵਿਚ ਅਸੀਂ ਭਾਰਤ ਨੂੰ ਜਲਵਾਯੂ ਦੇ ਆਧਾਰ ਤੇ ਲੈਂਦੇ ਹਾਂ " ਪਹਿਲੇ ਲੰਬੇ ਅਰਸੇ ਤੱਕ ਭਿੱਜਿਆ ਮੌਸਮ ਰਿਹਾ ਜੋ ਕੰਕਰ (ਲੈਟਰਾਈਟ) ਦੇ ਅਨੁਕੂਲ ਰਿਹਾ ਉਸਦੇ ਬਾਅਦ ਸੋਕੇ ਦਾ ਮੌਸਮ ਆਇਆ --- ਉਸਦੇ ਬਾਅਦ ਭਿਆਨਕ ਵਰਖਾ ਦੀ ਅਵਸਥਾ ਆਈ ਜਿਸਦੇ ਕਾਰਨ ਪ੍ਰਾਚੀਨ ਪੁਰਜ਼ਾਂ ਦੇ ਪਿੰਜਰ ਹੁਣ ਤਾਂ ਨਦੀਆਂ ਦੇ ਕੰਕਰਾਂ ਦੇ ਨਾਲ ਵਹਿ ਗਏ ਅਤੇ ਕੁਝ ਨਦੀਆਂ ਦੇ ਮਲਵੇ ਵਾਲੀ ਤਹਿ ਵਿਚ ਜਮ੍ਹਾਂ ਹੋ ਗਏ।"[5]

ਅਸੀਂ ਦੇਖਦੇ ਹਾਂ ਕਿ ਲੰਬੇ ਸਮੇਂ ਤੱਕ ਹੌਲੀ ਹੌਲੀ ਆਦਿ ਮਾਨਵ ਵਿਕਾਸ ਕਰਕੇ ਜੰਗਲੀ ਜੀਵਨ ਤੋਂ ਅਜੋਕੇ ਜੀਵਨ ਵੱਲ ਵਧਿਆ। ਵਰਖਾ ਕਾਲ ਵਿਚ ਭਿੱਜੇ ਮੌਸਮ ਵਾਲੀਆਂ ਥਾਵਾਂ ਨੂੰ ਛੱਡ ਕੇ ਲੋਕ ਸੋਕੇ ਵਾਲੀਆਂ ਥਾਵਾਂ ਵਿਚ ਚਲੇ ਜਾਂਦੇ ਸਨ ਅਤੇ ਮੌਸਮ ਠੀਕ ਹੋਣ ਤੇ ਫੇਰ ਉਥੇ ਆ ਕੇ ਰਹਿੰਦਾ ਸੀ। ਇਸ ਤਰ੍ਹਾਂ ਦੇ ਭਿੱਜੇ ਅਤੇ ਸੁੱਕੇ ਮੌਸਮਾਂ ਦੇ ਦੋਹਰੇ ਚੱਕਰ ਵਿਚ ਜਲਵਾਯੂ ਦੀਆਂ ਖ਼ਾਸ ਪਰਸਥਿਤੀਆਂ ਨਾਲ ਸੰਘਰਸ਼ ਕਰਦਾ ਮਨੁੱਖ ਔਜ਼ਾਰ ਬਣਾਉਣ ਦੀ ਸਥਿਤੀ ਵਿਚ ਪਹੁੰਚਿਆ।

"ਨਰਮਦਾ ਨਦੀ ਅਤੇ ਇਸਦੀਆਂ ਸ਼ਾਖਾਵਾਂ ਦੇ ਇਲਾਕੇ ਤੋਂ ਇਸ ਤਰ੍ਹਾਂ ਮਾਲੂਮ ਹੁੰਦਾ ਹੈ ਕਿ ਨਦੀ ਦੀਆਂ ਇਨ੍ਹਾਂ ਘਾਟੀਆਂ ਵਿਚ ਸੋਕਾ ਕਾਲ ਵਿਚ ਲੋਕ ਨਿਵਾਸ ਕਰਦੇ ਸਨ ਅਤੇ ਵਰਖਾ ਕਾਲ ਵਿਚ ਉਹ ਉਥੋਂ ਚਲੇ ਜਾਂਦੇ ਸਨ।"[5]

## ਕਾਲ-ਵੰਡ

ਪੂਰਬ ਵੈਦਿਕ ਕਾਲ ਦੇ ਲੰਬੇ ਸਮੇਂ ਨੂੰ ਵਿਦਵਾਨਾਂ ਨੇ ਆਮ ਤੌਰ ਤੇ ਦੋ ਭਾਗਾਂ ਪੂਰਬ ਪਛਾਣ ਯੁੱਗ ਅਤੇ ਉੱਤਰ ਪਛਾਣ ਯੁੱਗ ਵਿਚ ਵੰਡਿਆ ਹੈ। ਕਈਆਂ ਵਿਦਵਾਨਾਂ ਨੇ ਮੱਧ ਪਛਾਣ ਯੁੱਗ ਸਮੇਤ ਇਸਦੇ ਤਿੰਨ ਭਾਗ ਮੰਨੇ ਹਨ। ਅਸੀਂ ਸਮਝਦੇ ਹਾਂ ਕਿ ਮੱਧ ਪਛਾਣ ਯੁੱਗ ਸਿਰਫ ਪੂਰਬ ਪਛਾਣ ਯੁੱਗ ਅਤੇ ਉੱਤਰ ਪਛਾਣ ਯੁੱਗ ਨੂੰ ਹੀ ਜੋੜਦਾ ਹੈ ਇਸ ਲਈ ਦੋ ਰੂਪਾਂ ਦੀ ਕਾਲ ਵੰਡ ਹੀ ਠੀਕ ਹੈ:-

1. ਪੂਰਬ ਪਛਾਣ ਯੁੱਗ
2. ਉੱਤਰ ਪਛਾਣ ਯੁੱਗ

ਵਿਦਵਾਨਾਂ ਦੀ ਧਾਰਨਾ ਹੈ ਕਿ ਭਾਰਤ ਵਿਚ ਮਾਨਵ ਸੱਭਿਅਤਾ ਆਰੀਆਂ ਦੇ ਆਉਣ ਨਾਲ ਹੀ ਸ਼ੁਰੂ ਹੋਈ ਪਰੰਤੂ 1863 ਈ. ਵਿਚ ਬਰੂਸ ਫੁਟ ਨੂੰ ਮਦਰਾਸ ਦੇ ਕੋਲ ਪੂਰਬ ਪਛਾਣ ਕਾਲ ਦੀ ਸੱਭਿਅਤਾ ਦੇ ਕਈ ਸਥਾਨ ਮਿਲੇ ਜਿਸਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿਚ ਆਦਿ ਮਾਨਵ ਦਾ ਹੁੰਦੈ ਅਤੇ ਸੱਭਿਅਤਾ ਦਾ ਵਿਕਾਸ ਪੂਰਬ ਪਛਾਣ, ਉੱਤਰ ਪਛਾਣ ਅਤੇ ਧਾਤੂ ਯੁੱਗਾਂ ਵਿਚੋਂ ਹੋਇਆ।

### 1. <u>ਪੂਰਬ ਪਛਾਣ ਯੁੱਗ</u> (The Palaeolithic Age)

ਪੂਰਬ ਇਤਿਹਾਸਕ ਕਾਲ (Pre-hirtoric Period) ਦੇ ਪਹਿਲੇ ਭਾਗ ਨੂੰ ਪਛਾਣ ਕਾਲ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਕਾਲ ਵਿਚ ਮਨੁੱਖ ਪੱਥਰ ਦੇ ਹਥਿਆਰ ਵਰਤਦਾ ਸੀ। ਪੂਰਬ ਪਛਾਣ ਕਾਲ ਵਿਚ ਉਸਦੇ ਹਥਿਆਰ ਅਤਿਅੰਤ ਸਾਦੇ ਅਤੇ ਭੱਦੇ ਸਨ। ਇਨ੍ਹਾਂ ਦੇ ਚਿੰਨ੍ਹ ਪੰਜਾਬ ,ਰਾਜਸਥਾਨ,ਗੁਜਰਾਤ,

ਮੱਧ ਭਾਰਤ, ਕਰਨਾਟਕ, ਮੈਸੂਰ, ਦੱਖਣ ਭਾਰਤ, ਬਿਹਾਰ, ਆਸਾਮ ਅਤੇ ਬੰਗਾਲ ਵਿਚੋਂ ਮਿਲੇ। ਗੰਗਾ ਜਮਨਾ ਦੇ ਮੈਦਾਨਾਂ ਵਿਚ ਇਸਦਾ ਕੋਈ ਚਿੰਨ੍ਹ ਨਹੀਂ ਮਿਲਿਆ। ਇਸ ਸਮੇਂ ਦੇ ਲੋਕਾਂ ਦਾ ਖਾਣ-ਪੀਣ, ਰਹਿਣ ਸਹਿਣ ਦਾ ਢੰਗ ਬਹੁਤਾ ਵਿਕਾਸ ਨਹੀਂ ਕਰ ਸਕਿਆ ਸੀ ਤੇ ਉਹ ਕੁਦਰਤੀ ਸਾਧਨਾਂ ਤੇ ਹੀ ਆਧਾਰਿਤ ਸਨ।

1. ਨਿਵਾਸ ਸਥਾਨ, ਭੋਜਨ ਅਤੇ ਕਪੜਾ

ਇਸ ਯੁੱਗ ਵਿਚ ਮਨੁੱਖ ਜੰਗਲੀ ਪਸ਼ੂਆਂ ਦੀ ਤਰ੍ਹਾਂ ਇਧਰ-ਉਧਰ ਘੁੰਮਦਾ, ਗਰਮੀ, ਸਰਦੀ ਅਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਦਰਖੱਤਾਂ ਅਤੇ ਗੁਫਾਵਾਂ ਵਿਚ ਰਹਿੰਦਾ, ਕੱਚਾ ਮਾਸ, ਕੱਦੂ, ਮੱਛੀ, ਸੱਪ, ਫਲ, ਫੁੱਲ ਅਤੇ ਕੰਦਮੂਲ ਖਾ ਕੇ, ਛੋਟੇ ਪਸ਼ੂ ਪੰਛੀਆਂ ਦਾ ਸ਼ਿਕਾਰ ਕਰਕੇ ਆਪਣਾ ਗੁਜ਼ਾਰਾ ਕਰਦਾ ਸੀ। ਸ਼ੁਰੂ ਵਿਚ ਮਨੁੱਖ ਨੰਗਾ ਘੁੰਮਦਾ ਪਰ ਹੌਲੀ ਹੌਲੀ ਉਸ ਨੇ ਪਸ਼ੂਆਂ ਦੀ ਖੱਲ ਅਤੇ ਦਰਖੱਤਾਂ ਦੇ ਪੱਤਿਆਂ ਨਾਲ ਆਪਣਾ ਸਰੀਰ ਢੱਕਣਾ ਸ਼ੁਰੂ ਕਰ ਦਿੱਤਾ।

2. ਹਥਿਆਰ

ਪਸ਼ੂਆਂ ਦੇ ਸ਼ਿਕਾਰ, ਫਲ ਜੜ੍ਹਾਂ ਨੂੰ ਵੱਢਣ ਕੱਟਣ ਚੀਰਨ ਫਾੜਨ ਲਈ ਪੱਥਰ ਦੇ ਹਥਿਆਰ ਸਨ। ਇਹ ਹਥਿਆਰ ਬੇ-ਤਰਤੀਬੇ, ਭੱਦੇ ਤੇ ਭਾਰੀ ਸਨ। ਇਨ੍ਹਾਂ ਵਿਚ ਭਾਲਾ, ਬਰਛੀ, ਕੁਲਹਾੜੀ, ਚਾਕੂ ਆਦਿ ਮੁੱਖ ਸਨ।

3. ਧਰਮ

ਇਸ ਸਮੇਂ ਧਾਰਮਿਕ ਭਾਵਨਾਵਾਂ ਦਾ ਜਨਮ ਨਹੀਂ ਸੀ ਹੋਇਆ ਨਾ ਦੇਵੀ-ਦੇਵਤਿਆਂ ਦੀ ਪੂਜਾ ਹੁੰਦੀ ਸੀ ਮਨੁੱਖ ਨੂੰ ਆਪਣੀ ਸਾਂਭ-ਸੰਭਾਲ ਦਾ ਗਿਆਨ ਨਹੀਂ ਸੀ ਇਥੋਂ ਤੱਕ ਕੇ ਮੁਰਦਿਆਂ ਦੀਆਂ ਲੋਥਾਂ ਵੀ ਸਾਂਭਣ ਖੁਣੋ ਪਸ਼ੂ ਪੰਛੀ ਹੀ ਖਾ ਜਾਂਦੇ ਸਨ।

4. ਸਮਾਜਿਕ ਸੰਗਠਨ

ਪਹਿਲਾ ਮਨੁੱਖ ਇਕੱਲਾ ਰਹਿੰਦਾ ਪਰ ਪਸ਼ੂਆਂ ਦੇ ਸ਼ਿਕਾਰ ਨਾਲ ਉਸ ਵਿਚ ਬੁੱਧੀ ਆਈ। ਮਨੁੱਖ ਨੇ ਝੀਲਾਂ,ਨਦੀਆਂ ਅਤੇ ਤਲਾਬਾਂ ਦੇ ਕੋਲ ਝੌਂਪੜੀਆਂ ਬਣਾ ਕੇ ਇਕੱਠੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਕੱਠੇ ਰਹਿਣ ਕਾਰਨ ਉਹ ਜੰਗਲੀ ਖੂੰਖਾਰ ਜਾਨਵਰਾਂ ਅਤੇ ਕੁਦਰਤੀ ਕਰੋਪੀਆਂ ਤੋਂ ਬਚਣ ਲਈ ਪਹਿਲਾਂ ਨਾਲੋਂ ਸੁਰੱਖਿਅਤ ਹੋ ਗਿਆ।

5. ਨਿਵਾਸੀ

ਇਸ ਕਾਲ ਵਿਚ ਲੋਕ ਅਸੱਭਿਆ ਅਤੇ ਅਗਿਆਨੀ ਸਨ, ਖੇਤੀ ਕਰਨਾ, ਅੱਗ ਮਚਾਉਣੀ ਇਨ੍ਹਾਂ ਨੂੰ ਨਹੀਂ ਆਉਂਦੀ ਸੀ। ਇਨ੍ਹਾਂ ਦੇ ਕੱਦ ਛੋਟੇ, ਰੰਗ ਕਾਲੇ, ਨੱਕ ਚਪਟੇ ਅਤੇ ਵਾਲ ਘੁੰਘਰਾਲੇ ਹੁੰਦੇ ਸਨ। ਇਨ੍ਹਾਂ ਦੀ ਮੂਲ ਜਾਤ ਹੈਮਟਿਕ ਨੈਗਰੋਇਡ ਸਨ ਜਿਨ੍ਹਾਂ ਦੇ ਵੰਸ਼ ਅੱਜ ਵੀ ਅੰਡੇਮਾਨ ਦੀਪ ਵਿਚ ਮਿਲਦੇ ਹਨ।

ਇਸ ਕਾਲ ਵਿਚ ਸੁਰੱਖਿਆ, ਸੰਗਠਨ, ਏਕਤਾ, ਸਫ਼ਾਈ, ਇਸ਼ਨਾਨ, ਸਹਿਯੋਗ, ਸਹਿਹੋਂਦ ਅਤੇ ਜੌਨ ਪ੍ਰੇਮ ਵਰਗੇ ਮੁੱਲਾਂ ਦੀ ਸਿਰਜਣਾ ਵੱਲ ਵਧਿਆ ਜਾ ਚੁੱਕਿਆ ਸੀ।

**2** ਉੱਤਰ ਪਛਾਣ ਯੁੱਗ

ਪੂਰਬ ਪਛਾਣ ਕਾਲ ਦਾ ਮਨੁੱਖ ਸਮੇਂ ਦੇ ਅਨੁਸਾਰ ਹੌਲੀ ਹੌਲੀ ਵਿਕਾਸ ਦਿਸ਼ਾ ਵੱਲ ਵਧਿਆ ਅਤੇ ਉਸਨੇ ਨਵੇਂ ਯੁੱਗ ਵਿਚ ਪ੍ਰਵੇਸ਼ ਕੀਤਾ ਜਿਸਨੂੰ ਉੱਤਰ ਪਛਾਣ ਯੁੱਗ ਕਿਹਾ ਜਾਂਦਾ ਹੈ। ਇਸ ਸਮੇਂ ਪੱਥਰ ਦੇ ਹਥਿਆਰ ਸਾਫ, ਸੁੰਦਰ, ਚਮਕੀਲੇ ਸਨ। ਵਿਦਵਾਨਾਂ ਦਾ ਮੱਤ ਹੈ ਕਿ ਇਹ ਕਾਲ ਅੱਜ ਤੋਂ ਲਗਭਗ 20 ਹਜ਼ਾਰ ਸਾਲ ਪਹਿਲਾਂ ਤੋਂ ਲੈ ਕੇ ਲਗਭਗ 6 ਹਜ਼ਾਰ ਸਾਲ ਪੂਰਬ ਤੱਕ ਰਿਹਾ। ਇਹ ਸੱਭਿਅਤਾ ਭਾਰਤ ਵਰਸ਼ ਵਿਚ ਵਿਆਪਕ ਸੀ ਇਸਦੇ ਚਿੰਨ੍ਹ ਮਦਰਾਸ, ਮੈਸੂਰ, ਹੈਦਰਾਬਾਦ, ਮੱਧ-ਭਾਰਤ,

ਗੁਜਰਾਤ ਕਸ਼ਮੀਰ, ਬੰਗਾਲ, ਨਾਗਪੁਰ ਅਤੇ ਉੜੀਸਾ ਵਿਚ ਪ੍ਰਾਪਤ ਹੋਏ ਸਨ।

1. ਭੋਜਨ ਕਪੜਾ ਅਤੇ ਮਕਾਨ

ਮਨੁੱਖ ਨਿਸ਼ਚਿਤ ਸਥਾਨ ਤੇ ਰਹਿਣ ਲੱਗਾ ਉਹ ਦਰੱਖਤਾਂ ਦੇ ਪੱਤਿਆਂ, ਟਾਹਣੀਆਂ ,ਮਿੱਟੀ ਅਤੇ ਪੱਥਰ ਦੇ ਘਰ ਬਣਾ ਕੇ ਛੋਟੇ ਛੋਟੇ ਪਿੰਡਾਂ ਵਿਚ ਰਹਿੰਦੇ ਸਨ। ਉਨ੍ਹਾਂ ਨੇ ਅੱਗ ਮਚਾਉਣੀ ਸਿੱਖ ਲਈ ਸੀ। ਉਹ ਪੱਕਿਆ ਮਾਸ, ਕਣਕ, ਕੰਦਮੂਲ, ਫਲ, ਦੁੱਧ ਦਹੀ ਖਾਂਦੇ। ਇਸ ਸਮੇਂ ਮਨੁੱਖ ਨੇ ਕਪਾਹ ਉਗਾਉਣੀ, ਸੂਤ ਕੱਤਣਾ ਅਤੇ ਕਪੜਾ ਬੁਨਣਾ ਸਿੱਖ ਲਿਆ। ਉਸਨੇ ਪਸ਼ੂਆਂ ਦੀ ਉੱਨ ਦੇ ਸੂਤੀ ਅਤੇ ਊਨੀ ਕਪੜੇ ਵਰਤਣੇ ਸ਼ੁਰੂ ਕਰ ਦਿੱਤੇ। ਮਰਦ ਅਤੇ ਔਰਤਾਂ ਗਹਿਣੇ ਪਾਉਂਦੇ ਸਨ ਅਤੇ ਵਾਲ ਸੰਵਾਰਦੇ ਸਨ। ਉਨ੍ਹਾਂ ਨੇ ਸਰੀਰ ਦੀ ਸਾਂਭ ਤੇ ਸ਼ਿੰਗਾਰ ਦਾ ਵੱਲ ਪ੍ਰਾਪਤ ਕਰ ਲਿਆ ਸੀ।

2. ਹਥਿਆਰ

ਇਸ ਕਾਲ ਵਿਚ ਪਹੁੰਚਦਿਆਂ-ਪਹੁੰਚਦਿਆਂ ਮਨੁੱਖ ਦੇ ਹਥਿਆਰ ਬੜੇ ਤੇਜ ਨੁਕੀਲੇ ਤੇ ਪਾਲਿਸ਼ ਵਾਲੇ ਚਮਕੀਲੇ ਹੋ ਗਏ ਸਨ ਹੁਣ ਹਥਿਆਰਾਂ ਵਿਚ ਲਕੜੀ ਅਤੇ ਹੱਡੀ ਆਦਿ ਦੇ ਦਸਤੇ ਲਗਾਏ ਜਾਂਦੇ ਸਨ। ਧਨੁਸ਼ਬਾਣ, ਬਰਛੀ, ਕੁਲਹਾੜੀ ਅਤੇ ਭਾਲੇ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਸੀ ਇਸਦੇ ਬਗੈਰ ਹਲ ਅਤੇ ਪਹੀਏ ਵੀ ਬਣਾਏ ਜਾਣ ਲੱਗੇ ਸਨ।

3. ਕਿੱਤਾ

ਇਸ ਕਾਲ ਵਿਚ ਮਨੁੱਖ ਨੇ ਖੇਤੀ ਅਤੇ ਪਸ਼ੂ ਪਾਲਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਹ ਕਣਕ, ਜੌਂ, ਬਾਜਰਾ, ਮੱਕੀ,ਕਪਾਹ, ਸਬਜ਼ੀਆਂ ਅਤੇ ਫਲਾਂ ਦੀ ਖੇਤੀ ਕਰਦੇ। ਗਾਂ, ਬੈਲ, ਭੇਡ, ਬੱਕਰੀ, ਘੋੜਾ ਆਦਿ ਪਸ਼ੂ ਪਾਲਦੇ ਅਤੇ ਇਨ੍ਹਾਂ ਦਾ ਵਿਉਪਾਰ ਕਰਦੇ ਸਨ।

ਉਹ ਰੰਗ-ਬਰੰਗੇ ਬੇਲ ਬੂਟੇ ,ਮਿੱਟੀ ਦੇ ਬਰਤਨ, ਰੂੰ, ਉੱਨ ਦੇ ਕਪੜੇ ਬਣਾਉਂਦੇ। ਸਾਮਾਨ ਢੋਣ ਲਈ ਅਤੇ ਸਵਾਰੀ ਕਰਨ ਲਈ ਪਸ਼ੂਆਂ ਅਤੇ ਬੈਲਗੱਡੀਆਂ ਦੀ ਵਰਤੋਂ ਕਰਦੇ ਸਨ।

4. ਰਾਜਨੈਤਿਕ ਸੰਗਠਨ

ਘਰਾਂ ਦੇ ਨਿਰਮਾਣ, ਖੇਤੀਬਾੜੀ ਅਤੇ ਹੋਰ ਕਿੱਤਿਆਂ ਦੇ ਕਾਰਨ ਸਮਾਜਿਕ ਸੰਗਠਨ ਦੀਆਂ ਭਾਵਨਾਵਾਂ ਜਨਮ ਲੈਣ ਲੱਗੀਆਂ। ਮਨੁੱਖ ਕਬੀਲੇ ਅਤੇ ਪਰਿਵਾਰਾਂ ਵਿਚ ਰਹਿਣ ਲੱਗੇ। ਇਸ ਨਾਲ ਸਮਾਜ ਦਾ ਉਤਪਤੀ ਹੋਈ ਉਸਦੇ ਕਈ ਵਰਗ ਬਣੇ, ਗਰੀਬ ਅਤੇ ਅਮੀਰ ਦੀ ਭਾਵਨਾ ਨੇ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਬਣਾ ਲਈ। ਹਰ ਕਬੀਲੇ ਦੀ ਉੱਨਤੀ ਦਾ ਖਿਆਲ ਉਥੋਂ ਦਾ ਸਰਦਾਰ ਕਰਦਾ ਅਤੇ ਲੜਾਈ ਝਗੜੇ ਵੇਲੇ ਫੈਸਲਾ ਕਰਵਾਉਂਦਾ ਸੀ।

5. ਕਲਾ

ਭਵਨ ਨਿਰਮਾਣ ਕਲਾ, ਚਿੱਤਰ ਕਲਾ, ਅਨੇਕ ਸਥਾਨਾਂ ਤੇ ਪਰਬਤਾਂ ਵਿਚੋਂ ਇਸ ਯੁੱਗ ਦੇ ਕਈ ਰੇਖਾ-ਚਿੱਤਰ ਮਿਲੇ। ਇਨ੍ਹਾਂ ਵਿਚ ਮਨੁੱਖ ਅਤੇ ਪਸ਼ੂਆਂ ਦੇ ਚਿੱਤਰ ਮਿਲੇ ਕਿਤੇ ਕਿਤੇ ਇਨ੍ਹਾਂ ਵਿੱਚ ਰੰਗਾਂ ਦਾ ਪ੍ਰਯੋਗ ਕੀਤਾ ਹੋਇਆ ਮਿਲਦਾ ਹੈ।

6. ਧਰਮ

ਇਸ ਯੁੱਗ ਵਿਚ ਮਨੁੱਖ ਅੰਦਰ ਧਾਰਮਿਕ ਭਾਵਨਾਵਾਂ ਦਾ ਵਿਕਾਸ ਹੋਇਆ। ਉਨ੍ਹਾਂ ਦਾ ਵਿਚਾਰ ਸੀ ਕਿ ਦਰਖਤਾਂ ਅਤੇ ਚਟਾਨਾਂ ਵਿਚ ਦੇਵੀ-ਦੇਵਤੇ ਰਹਿੰਦੇ ਹਨ ਇਸ ਲਈ ਉਹ ਇਨ੍ਹਾਂ ਦੀ ਪੂਜਾ ਕਰਦੇ ਸਨ। ਇਨ੍ਹਾਂ ਨੂੰ ਪ੍ਰਸੰਨ ਕਰਨ ਲਈ ਬਲੀ ਦਿੰਦੇ। ਉਹ ਪਿੱਤਰਾਂ ਦੀ ਪੂਜਾ ਕਰਦੇ ਉਨ੍ਹਾਂ ਦੀਆਂ ਸਮਾਧੀਆਂ ਬਣਾਉਂਦੇ। ਮਰੇ ਹੋਏ ਸਰੀਰਾਂ ਨੂੰ ਜਲਾਉਂਦੇ ਅਤੇ ਧਰਤੀ ਵਿਚ ਦੱਬਦੇ ਸਨ।

ਦੇਵੀ ਦੇਵਤਿਆਂ ਦੀ ਹੋਂਦ ਮੰਨ ਕੇ ਜਾਦਿਆਸਾ ਅਤੇ ਵਿਸ਼ਵਾਸ ਵਰਗੇ ਮੁੱਲ ਸਿਰਜੇ ਜਾ ਚੁੱਕੇ ਸਨ। ਦਸਤਕਾਰੀ ਆਦਿ ਕਾਰਨ ਸੌਂਦਰਯ, ਉਤਪਾਦਨ ਯੋਗਤਾ, ਸਵਾਸਥ, ਪ੍ਰੇਮ ਅਤੇ ਮਨੋਰੰਜਨ ਵਰਗੇ ਮੁੱਲ ਹੋਂਦ ਵਿਚ ਆ ਰਹੇ ਸਨ।

3. ਧਾਤੂ ਕਾਲMetal Age.

ਉੱਤਰ ਪਸ਼ਾਣ ਯੁੱਗ ਤੋਂ ਬਾਅਦ ਧਾਤੂ ਕਾਲ ਸ਼ੁਰੂ ਹੋਇਆ। ਇਤਿਹਾਸਕਾਰਾਂ ਨੇ ਇਸਨੂੰ ਦੋ ਭਾਗਾਂ ਵਿਚ ਵੰਡਿਆ ਹੈ।

. ਕਾਂਸੇ ਦਾ ਕਾਲ ਜਾਂ ਤਾਂਬੇ ਦਾ ਕਾਲ

2. ਲੋਹੇ ਦਾ ਕਾਲ ਜਾਂ ਲੋਹ ਕਾਲ

1. ਕਾਂਸੇ ਦਾ ਕਾਲ ਅਥਵਾ ਤਾਮਰਕਾਲ(ਤਾਂਬੇ ਦਾ ਕਾਲ)

ਮਨੁੱਖ ਨੇ ਹੌਲੀ ਹੌਲੀ ਧਾਤੂਆਂ ਦਾ ਪ੍ਰਯੋਗ ਕਰਨਾ ਸਿੱਖ ਲਿਆ। ਪਹਿਲਾ ਤਾਂਬੇ ਨੂੰ ਲੱਭਿਆ ਉਸਤੋਂ ਬਾਅਦ ਕਾਂਸੇ ਦੇ ਸੁੰਦਰ, ਸੁਡੌਲ ਅਤੇ ਪੱਕੇ ਹਥਿਆਰ ਬਣਾਏ। ਤਾਂਬੇ ਦੀ ਖੋਜ 4000 ਈ. ਪੂਰਬ ਦੇ ਲਗਭਗ ਕਰ ਲਈ ਗਈ ਸੀ। ਉੱਤਰੀ ਭਾਰਤ ਵਿਚ ਇਹ ਕਾਲ ਚਲਦਾ ਰਿਹਾ ਜਦੋਂ ਕਿ ਦੱਖਣ ਭਾਰਤ ਵਿਚ ਪਸ਼ਾਣ ਯੁੱਗ ਦੇ ਪਸ਼ਚਾਤ ਲੋਹਯੁਗ ਸ਼ੁਰੂ ਹੋਇਆ।

ਹੁਣ ਮਨੁਖ ਨੇ ਪੱਥਰ ਦੀ ਥਾਂ ਤੇ ਤਾਂਬੇ, ਕਾਂਸੇ ਦੀਆਂ ਕੁਲਹਾੜੀਆਂ, ਤਲਵਾਰਾਂ ਅਤੇ ਭਾਲੇ ਬਣਾਉਣੇ ਸ਼ੁਰੂ ਕੀਤੇ। ਇਹ ਤੇਜ਼, ਸੁੰਦਰ ਤੇ ਸਥਾਈ ਹੁੰਦੇ ਸਨ। ਘਰ ਦੇ ਬਰਤਨ ਵੀ ਧਾਤਾਂ ਦੇ ਬਨਣ ਲੱਗ ਪਏ ਸਨ।

ਇਸ ਯੁੱਗ ਵਿਚ ਮਾਸ ਦੀ ਵਰਤੋਂ ਘੱਟ ਗਈ ਸੀ ਹੁਣ ਉਹ ਕਣਕ, ਜੌਂ, ਦੁੱਧ ਤੋਂ ਬਣੀਆਂ ਚੀਜ਼ਾਂ ਦੀ ਵਰਤੋਂ ਕਰਨ ਲੱਗੇ। ਮਰਦ ਇਸਤਰੀਆਂ ਸੋਨੇ, ਚਾਂਦੀ ਦੇ ਗਹਿਣੇ

ਪਾਉਂਦੇ। ਮਕਾਨ ਮਿੱਟੀ ਦੀ ਜਗ੍ਹਾਂ ਇੱਟਾਂ ਦੇ ਬਨਣੇ ਸ਼ੁਰੂ ਹੋ ਗਏ। ਉਨ੍ਹਾਂ ਵਿਚ ਖਿੜਕੀਆਂ, ਰੋਸ਼ਨਦਾਨ ਰੱਖੇ ਜਾਣ ਲੱਗੇ। ਸਾਰੇ ਸੰਸਾਰ ਵਿਚ ਨਦੀਆਂ ਕੰਢੇ ਉਪਜਾਊ ਘਾਟੀਆਂ ਵਿਚ, ਸਿੰਧੂ ਘਾਟੀ ਸਭਿਅਤਾ, ਮਿਸਰ ਦੀ ਸਭਿਅਤਾ ਅਤੇ ਮੈਸੋਪੋਟੇਮੀਆ ਦੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਬਹੁਤ ਵਿਕਾਸ ਹੋਇਆ।

2. ਲੋਹੇ ਦਾ ਕਾਲ

ਉੱਤਰੀ ਭਾਰਤ ਵਿਚ ਕਾਂਸੇ ਦੇ ਯੁੱਗ ਤੋਂ ਬਾਅਦ ਦੱਖਣ ਭਾਰਤ ਵਿਚ ਪਾਸ਼ਾਣ ਯੁੱਗ ਦੇ ਬਾਅਦ ਹੀ ਲੋਹ ਯੁੱਗ ਸ਼ੁਰੂ ਹੋਇਆ। ਇਸ ਕਾਲ ਵਿਚ ਤਾਂਬੇ ਦਾ ਸਥਾਨ ਲੋਹੇ ਨੇ ਲੈ ਲਿਆ। ਲੋਹੇ ਤੋਂ ਕੁਲਹਾੜੀ, ਬਰਛਾ, ਭਾਲਾ, ਤਲਵਾਰ ਆਦਿ ਬਣਾਏ ਜਾਂਦੇ। ਇਸ ਯੁੱਗ ਵਿਚ ਲੇਖਨ-ਕਲਾ, ਭਵਨ ਨਿਰਮਾਣ ਕਲਾ ਅਤੇ ਚਿੱਤਰਕਾਰੀ ਦਾ ਵਿਕਾਸ ਹੋਇਆ। ਮਨੁੱਖ ਨੇ ਜੀਵਨ ਦੀਆਂ ਅਨੇਕ ਸੁਵਿਧਾਵਾਂ ਪ੍ਰਾਪਤ ਕੀਤੀਆਂ ਅਤੇ ਪਰਿਣਾਮ ਸਵਰੂਪ ਸਭਿਅਤਾ ਅਤੇ ਸੰਸਕ੍ਰਿਤੀ ਦੀ ਗਤੀ ਅਤੇ ਵਿਕਾਸ ਵਿਚ ਵਾਧਾ ਹੋਇਆ।[7]

ਇਸ ਤਰ੍ਹਾਂ ਆਦਿ ਮਨੁੱਖ ਨੇ ਪੀੜ੍ਹੀ ਦਰ ਪੀੜ੍ਹੀ ਖਾਣਪੀਣ, ਰਹਿਣ-ਸਹਿਣ, ਖੇਤੀ, ਉਦਯੋਗ ਅਤੇ ਵਪਾਰ ਵਿਚ ਤਰੱਕੀ ਕੀਤੀ। ਮਾਨਵ ਦੀ ਪਹਿਚਾਣ ਉਸ ਸਮੇਂ ਵਰਤੀਆਂ ਜਾਂਦੀਆਂ ਵਸਤੂਆਂ ਤੋਂ ਹੁੰਦੀ ਹੈ। ਲੋਕ ਇਕੱਠੇ ਰਹਿੰਦੇ ਉਨ੍ਹਾਂ ਦੀ ਭਾਸ਼ਾ ਆਪਸ ਵਿਚ ਮਿਲਦੀ ਜੁਲਦੀ ਸੀ ਸਭਿਅਤਾ ਦੇ ਵਿਕਾਸ ਵਿਚ ਨਦੀਆਂ ਦੀਆਂ ਘਾਟੀਆਂ ਦਾ ਬਹੁਤ ਵੱਡਾ ਹੱਥ ਰਿਹਾ ਹੈ। ਇਨ੍ਹਾਂ ਵਿਚ ਮਾਨਵ ਸਭਿਅਤਾ ਵਧੀ ਫੁੱਲੀ ਨੀਲ ਨਦੀ ਵਿਚ ਮਿਸਰ ਦੀ ਸਭਿਅਤਾ ਅਤੇ ਸਿੰਧੂ ਘਾਟੀ ਵਿਚ ਸਿੰਧੂ ਸਭਿਅਤਾ ਦੇ ਉਦਾਹਰਣ ਮਿਲਦੇ ਹਨ। ਪੂਰਬ ਇਤਿਹਾਸਕ ਕਾਲ ਵਿਚ ਸੰਸਕ੍ਰਿਤੀ ਦੇ ਪ੍ਰਾਰੰਭਕ ਚਰਣ ਸਿੰਧੂ ਸਭਿਅਤਾ ਵਿਚੋਂ ਮਿਲਦੇ ਹਨ।

ਇਸ ਸਭਿਅਤਾ ਦੇ ਮੁੱਖ ਕੇਂਦਰ ਹੜੱਪਾ ਅਤੇ ਮਹਿੰਜੋਦੜੋ ਸਨ। ਹੜੱਪਾ ਪੰਜਾਬ ਵਿਚ ਮਿੰਟਗੁਮਰੀ ਜਿਲੇ ਦੇ ਲੋਹਾਰ ਪਿੰਡ ਵਿਚ 100 ਮੀਲ ਦੀ ਦੂਰੀ ਤੇ ਸਥਿਤ ਹੈ। ਮਹਿੰਜੋਦੜੋ ਹੜੱਪਾ ਤੋਂ 400 ਮੀਲ ਦੀ ਦੂਰੀ 'ਤੇ ਸਿੰਧ ਦੇ ਲੜਕਾਨਾ ਜਿਲੇ ਵਿਚ

ਸ਼ਹਿਰ ਹੈ। ਮਹਿੰਜੋਦੜੋ ਦਾ ਅਰਥ ਹੈ "ਮੁਰਦਿਆਂ ਦਾ ਟਿੱਲਾ" ਇਸ ਥਾਆਂ ਸੱਤ ਤੈਹਾਂ ਤੋਂ ਪਤਾ ਲਗਦਾ ਹੈ ਕਿ ਇਹ ਨਗਰ ਸੱਤ ਵਾਰ ਵਸਿਆ ਅਤੇ ਸੱਤ ਵਾਰ ਉਜੜਿਆ। ਹੜੱਪਾ ਉੱਤਰੀ ਪ੍ਰਦੇਸ਼ ਅਤੇ ਮਹਿੰਜੋਦੜੋ ਦੱਖਣੀ ਪ੍ਰਦੇਸ਼ ਦੀ ਰਾਜਧਾਨੀ ਸਨ।[8]

ਇਸ ਪ੍ਰਾਚੀਨ ਸਭਿਅਤਾ ਦੇ ਚਿੰਨ੍ਹ ਨਾਲ ( Naal ) ਰੋਪੜ, ਬਲੋਚਿਸਤਾਨ, ਉੱਤਰ ਪੱਛਮੀ ਸੀਮਾ ਪ੍ਰਾਂਤ, ਕੁਲੀ, ਪੰਜਾਬ, ਸਿੰਧ, ਕੁਰੂਕਸ਼ੇਤਰ, ਰਾਜਸਥਾਨ ਅਤੇ ਗੰਗਾ ਨਦੀ ਦੇ ਉੱਤਰੀ ਭਾਗ ਤੱਕ ਫੈਲੇ ਹੋਏ ਸਨ। ਨਾਲ( Naal ) ਤੋਂ ਕੁਝ ਅਜਿਹੀਆਂ ਆਕ੍ਰਿਤੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਰੇਖਾਵਾਂ ਦੀ ਸਜਾਵਟ ਅਤੇ ਇਕ ਸ਼ਿਕਾਰੀ ਪੰਛੀ ਦਾ ਆਕ੍ਰਿਤੀ ਪ੍ਰਧਾਨ ਹੈ। ਕੁਲੀ ਵਿਚੋਂ ਸ਼ੇਰ, ਬੈਲ, ਮੱਛੀ, ਹਿਰਨ ਅਤੇ ਪਿੱਪਲ ਦੇ ਪੱਤੇ ਦੀਆਂ ਆਕ੍ਰਿਤੀਆਂ ਮਿਲੀਆਂ ਹਨ। ਕੁਲੀ ਤੋਂ ਇਸਤਰੀ ਦੀ ਮਿੱਟੀ ਦੀ ਮੂਰਤੀ ਅਤੇ ਕੁੰਭ ਵਾਲੇ ਸਾਂਢ, ਬੱਕਰੇ ਅਤੇ ਬਿੱਲੀ ਦੀ ਆਕ੍ਰਿਤੀ ਮਿਲੀ। ਜਾਨ ਮਾਰਸ਼ਲ, ਬੈਨਰਜੀ, ਦਯਾਰਾਮ ਸਾਹਨੀ ਆਦਿ ਅਧਿਕਾਰੀਆਂ ਨੇ ਹੜੱਪਾ ਅਤੇ ਮਹਿੰਜੋਦੜੋ ਸਥਾਨਾਂ ਨੂੰ ਖੋਦ ਕੇ ਬਹੁਤ ਸਾਰੇ ਬਰਤਨ, ਮਕਾਨ, ਮੰਦਰ, ਤਾਲਾਬ, ਇਸ਼ਨਾਨਘਰ ਅਤੇ ਸ਼ਹਿਰ ਲੱਭੇ ਜੋ ਉੱਚੇ ਦਰਜੇ ਦੀ ਸਭਿਅਤਾ ਦਾ ਨਮੂਨਾ ਪੇਸ਼ ਕਰਦੇ ਹਨ। ਮਿਸਰ ਬੈਬਲੋਨੀਆਂ ਦੀ ਸਭਿਅਤਾ ਨਾਲ ਤੁਲਨਾ ਕਰਨ ਤੇ ਪਤਾ ਲਗਦਾ ਹੈ ਕਿ ਪੁਰਾਣੇ ਸਮੇਂ ਵਿਚ ਵੀ ਹਿੰਦੁਸਤਾਨ ਵਿਚ ਉਨ੍ਹਾਂ ਦੇ ਮੁਕਾਬਲੇ ਜੀਵਨ ਦੇ ਸੁੱਖਾਂ ਦਾ ਚੰਗਾ ਪ੍ਰਬੰਧ ਸੀ। ਹੜੱਪਾ ਵਿਚ 150 ਤੋਂ ਜ਼ਿਆਦਾ ਮਿੱਟੀ ਦੀਆਂ ਮੁਹਰਾਂ ਮਿਲੀਆਂ ਜਿਨ੍ਹਾਂ ਤੇ ਤਰ੍ਹਾਂ ਤਰ੍ਹਾਂ ਦੇ ਚਿੱਤਰ ਬਣੇ ਹੋਏ ਸਨ। ਇਨ੍ਹਾਂ ਚਿੱਤਰਾਂ ਅਤੇ ਬਾਕੀ ਚੀਜਾਂ ਦੇ ਅਧਿਐਨ ਤੋਂ 6 ਸੱਤ ਹਜ਼ਾਰ ਸਾਲ ਪੁਰਾਣੇ ਜੀਵਨ ਦੇ ਵਿਸ਼ੇ ਵਿਚ ਬਹੁਤ ਗੱਲਾਂ ਦਾ ਪਤਾ ਲਗਦਾ ਹੈ।[9]

ਇਸ ਸਭਿਅਤਾ ਤੋਂ ਪ੍ਰਾਪਤ ਵਸਤੂਆਂ ਅਤੇ ਲੋਕਾਂ ਦੇ ਰਹਿਣ ਸਹਿਣ, ਖਾਣ-ਪਾਣ, ਜੀਵਕਾ ਚਲਾਉਣ ਲਈ ਕਿਤਿਆਂ ਕਲਾਵਾਂ ਆਦਿ ਨੂੰ ਮੂੱਲ ਸੰਦਰਭ ਵਿਚ ਅਸੀਂ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ: —

1. ਸਮਾਜਿਕ ਮੁੱਲ
2. ਆਰਥਿਕ ਮੁੱਲ
3. ਧਾਰਮਿਕ ਮੁੱਲ
4. ਰਾਜਨੈਤਿਕ ਮੁੱਲ

1. ਸਮਾਜਿਕ ਮੁੱਲ

ਇਸ ਸੱਭਿਅਤਾ ਵਿਚ ਵਰਣ ਪ੍ਰਥਾ ਦਾ ਅਭਾਵ ਸੀ। ਸਮਾਜ ਦੇ ਲੋਕ ਪਰਿਵਾਰਾਂ ਵਿਚ ਰਹਿੰਦੇ। ਉਨ੍ਹਾਂ ਦਾ ਜੀਵਨ ਕਾਫੀ ਉੱਨਤ ਅਤੇ ਸ਼ਾਂਤਮਈ ਸੀ। ਇਹ ਲੋਕ ਯੁੱਧ ਪ੍ਰੇਮੀ ਸਨ। ਨਾਰੀਆਂ ਦੀਆਂ ਮੂਰਤੀਆਂ ਦੀ ਅਧਿਕਤਾ ਤੋਂ ਪਤਾ ਲਗਦਾ ਹੈ ਕਿ ਸਮਾਜ ਮਾਤਰੀ ਪ੍ਰਧਾਨ ਸੀ। ਸਮਾਜ ਨੂੰ ਕੰਮ ਦੇ ਆਧਾਰ ਤੇ ਚਾਰ ਭਾਗਾਂ ਵਿਚ ਵੰਡਿਆ ਗਿਆ ਸੀ।(1) ਵਿਦਵਾਨ, (2) ਯੋਧਾ, (3) ਸੈਨਿਕ, (4) ਰਾਜ-ਅਧਿਕਾਰੀ । ਪ੍ਰੋ. ਐਸ. ਆਰ ਸ਼ਰਮਾ ਦਾ ਕਹਿਣਾ ਹੈ ਕਿ " ਸਿੰਧ ਵਾਸੀਆਂ ਦੀ ਸਮਾਜਿਕ ਵਿਵਸਥਾ ਮਿਸਰ ਅਤੇ ਬੈਬੀਲੋਨ ਦੇ ਲੋਕਾਂ ਦੀ ਸਮਾਜਿਕ ਵਿਵਸਥਾ ਤੋਂ ਕਿਤੇ ਉੱਤਮ ਸੀ।[10]

1. ਭੋਜਨ

ਇਹ ਲੋਕ ਕਣਕ, ਜੌਂ, ਖਜੂਰ, ਦੁੱਧ, ਫਲ ਅਤੇ ਸ਼ਬਜ਼ੀਆਂ ਦਾ ਪ੍ਰਯੋਗ ਕਰਦੇ ਸਨ। ਮੱਛੀ, ਸੂਰ, ਕਛੂਆ, ਭੇਡ, ਘੜਿਆਲ ਆਦਿ ਦਾ ਮਾਸ ਖਾਂਦੇ ਸਨ। ਇਸਦਾ ਪ੍ਰਮਾਣ ਜਾਨਵਰਾਂ ਦੀਆਂ ਹੱਡੀਆਂ, ਘਰਾਂ, ਨਾਲੀਆਂ ਅਤੇ ਸੜਕਾਂ ਤੇ ਪਈਆਂ ਹੋਣ ਤੋਂ ਮਿਲਦਾ ਹੈ।

2. ਕਪੜਾ

ਮਹਿੰਜੋਦੜੋ ਅਤੇ ਹੜੱਪਾ ਤੋਂ ਪ੍ਰਾਪਤ ਮੂਰਤੀਆਂ ਤੋਂ ਪਤਾ ਲਗਦਾ ਹੈ ਕਿ ਲੋਕ ਸੂਤੀ, ਊਨੀ, ਰੇਸ਼ਮੀ ਕਪੜੇ ਪਾਉਂਦੇ। ਮਰਦਾਂ, ਔਰਤਾਂ ਦੇ ਕਪੜਿਆਂ ਵਿਚ ਜ਼ਿਆਦਾ ਫਰਕ ਨਹੀਂ ਸੀ। ਮਰਦ ਜ਼ਿਆਦਾ ਧੋਤੀ, ਦੁਸ਼ਾਲਾ ਪਾਉਂਦੇ ਜੋ ਖੱਬੇ ਮੋਢੇ ਦੇ ਉਪਰ ਤੇ ਸੱਜੇ ਮੋਢੇ ਦੇ ਥੱਲੇ ਆ ਜਾਂਦਾ। ਇਸਤਰੀਆਂ ਸਿਰ ਤੇ ਕਪੜਾ ਪਹਿਨਦੀਆਂ ਜੋ ਸਿਰ

ਦੇ ਪਿਛੇ ਪੱਖੇ ਦੀ ਤਰਾਂ ਉਠਿਆ ਹੁੰਦਾ ਸੀ। ਕਈ ਪੁਰਸ਼ ਮੁੱਛਾਂ ਰੱਖਦੇ ਅਤੇ ਕਈ ਦਾੜ੍ਹੀ ਰੱਖਦੇ, ਵਾਲਾਂ ਨੂੰ ਮੱਥੇ ਤੋਂ ਉਪਰ ਲਿਜਾ ਕੇ ਪਿਛੇ ਜੂੜ ਬਣਾਉਂਦੇ ਸਨ। ਇਕ ਇਸਤਰੀ ਦੀ ਮੂਰਤੀ ਮਿਲੀ ਹੈ ਜਿਸਦੇ ਵਾਲ ਖੁੱਲੇ ਹਨ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਸਧਾਰਣ ਰੀਤੀ ਸੀ ਜਾਂ ਨਹੀਂ।

3. <u>ਗਹਿਣੇ</u>

ਇਸਤਰੀ ਪੁਰਸ਼ ਦੋਨੋਂ ਹੀ ਗਹਿਣੇ ਪਾਉਂਦੇ ਸਨ ਕਈ ਗਹਿਣੇ ਅਜਿਹੇ ਸਨ ਜਿਨ੍ਹਾਂ ਨੂੰ ਮਰਦ ਇਸਤਰੀ ਦੋਨੋਂ ਹੀ ਪਹਿਨਦੇ ਜਿਵੇਂ ਅੰਗੂਠੀਆਂ, ਬਾਜੂਬੰਦ, ਕੜੇ, ਕੰਗਣ, ਹਾਰ, ਕੁੰਡਲ, ਵਾਲੀਆਂ ਆਦਿ। ਇਸਤਰੀਆਂ ਕੰਨਾਂ ਵਿਚ ਵਾਲੀਆਂ, ਹੱਥ ਵਿਚ ਚੂੜੀਆਂ ਕਮਰ ਤੇ ਕਰਧਨੀ, ਪੈਰਾਂ ਵਿਚ ਪਾਇਲ ਪਾਉਂਦੀਆਂ ਸਨ। ਅਮੀਰ ਲੋਕ ਸੋਨੇ, ਚਾਂਦੀ, ਹਾਥੀ ਦੰਦ ਦੇ ਗਹਿਣੇ ਪਾਉਂਦੇ ਜਦ ਕਿ ਗਰੀਬ ਸਿੱਪ, ਕੌਡੀ, ਹੱਡੀਆਂ, ਘੋਗੇ ਆਦਿ ਤੋਂ ਬਣੇ ਗਹਿਣਿਆਂ ਨਾਲ ਸੰਤੋਸ਼ ਕਰਦੇ। ਵੈਸ਼ਯ ਦੀ ਮੂਰਤੀ ਮਿਲੀ ਹੈ ਜੋ ਬਿਲਕੁਲ ਨੰਗੀ ਹੈ।

4. <u>ਸ਼ਿੰਗਾਰ</u>

ਸਿੰਧੂ ਸਭਿਅਤਾ ਦੇ ਨਿਵਾਸੀ ਸ਼ਿੰਗਾਰ ਦੇ ਪ੍ਰੇਮੀ ਸਨ ਕੁਝ ਮਨੁੱਖ ਛੋਟੀਆਂ ਛੋਟੀਆਂ ਮੁੱਛਾਂ ਅਤੇ ਦਾੜ੍ਹੀ ਰੱਖਦੇ। ਕੁਝ ਬਿਲਕੁਲ ਕਟਾ ਦਿੰਦੇ, ਕੁਝ ਸਿਰ ਦੇ ਵਾਲ ਲੰਬੇ ਅਤੇ ਕੁਝ ਛੋਟੇ ਰੱਖਦੇ। ਵਾਲਾਂ ਨੂੰ ਕੰਘੀ ਪਿਛੇ ਵੱਲ ਨੂੰ ਕੀਤੀ ਜਾਂਦੀ। ਇਸਤਰੀਆਂ ਲੰਬੇ ਵਾਲ ਰਖਦੀਆਂ, ਚੀਰ ਕੱਢਦੀਆਂ, ਜੂੜਾ ਬਣਾਉਂਦੀਆਂ, ਮੱਥੇ ਤੇ ਚੋਟੀਬੰਦ ਦਾ ਫੀਤਾ ਲਾਉਂਦੀਆਂ, ਦਰਪਣ, ਕੰਘੀ, ਕੱਜਲ, ਸੁਰਮਾ ਸਿੰਦੂਰ ਪਾਉਂਦੀਆਂ। ਦਰਪਣ ਤੇ ਕੰਘੀਆਂ ਕਾਂਸੀ ਦੀ ਦੀਆਂ ਬਣੀਆਂ ਹੁੰਦੀਆਂ ਸਨ। ਖੁਦਾਈ ਨਾਲ ਹਾਥੀ ਦੰਦ, ਧਾਤੂ ਅਤੇ ਮਿੱਟੀ ਦੇ ਬਣੇ ਸ਼ਿੰਗਾਰਦਾਨ ਮਿਲਦੇ ਹਨ ਜਿਨ੍ਹਾਂ ਵਿਚ ਇਸਤਰੀਆਂ ਸ਼ਿੰਗਾਰ ਦੀਆਂ ਚੀਜ਼ਾਂ ਰੱਖਦੀਆਂ ਸਨ।

5. <u>ਮਨੋਰੰਜਨ</u>

ਇਹ ਲੋਕ ਜੂਆ ਅਤੇ ਸ਼ਤਰੰਜ ਖੇਡਦੇ ਸਨ। ਮੱਛੀ ਫੜਨਾ, ਸ਼ਿਕਾਰ

ਖੇਡਣਾ,ਪਸ਼ੂ ਪੰਛੀਆਂ ਦੇ ਯੁੱਧ ਕਰਾਉਣੇ ਮਨੋਰੰਜਨ ਦੇ ਸਾਧਨ ਸਨ। ਪਹੀਏਦਾਰ ਛੋਟੀ ਛੋਟੀ ਗੱਡੀਆਂ ,ਪੁਰਸ਼ਾਂ, ਪਸ਼ੂ-ਪੰਛੀ, ਸੀਟੀਆਂ, ਚਿੜੀਆਂ ਦੇ ਪ੍ਰਮੁੱਖ ਖਿਡੌਣੇ ਸਨ। ਖਿਡੌਣੇ ਮਿੱਟੀ, ਕਾਂਸੇ, ਤਾਂਬੇ ਅਤੇ ਪਿੱਤਲ ਦੇ ਬਣਾਕੇ ਉੱਪਰ ਰੰਗ ਕੀਤਾ ਜਾਂਦਾ ਸੀ।

6. <u>ਗੱਡੀਆਂ</u>

ਅਮੀਰਾਂ ਕੋਲ ਦੋ ਪਹੀਆ ਵਾਲੀਆਂ ਗੱਡੀਆਂ ਸਨ। ਉਪਰ ਛੱਤ ਅਤੇ ਅੱਗੇ ਚਲਾਉਣ ਵਾਲਾ ਬੈਠਾ ਹੁੰਦਾ ਸੀ। ਹੜੱਪਾ ਵਿਚ ਕਾਂਸੀ ਦੀ ਗੱਡੀ ਦਾ ਨਮੂਨਾ ਮਿਲਿਆ ਹੈ। ਮਿਸਰ ਤੋਂ ਬਹੁਤ ਪੁਰਾਣਾ ਅਤੇ ਸੰਸਾਰ ਵਿਚ ਗੱਡੀ ਦਾ ਸਭ ਤੋਂ ਪੁਰਾਣਾ ਢਾਂਚਾ ਹੈ।

7. <u>ਹਥਿਆਰ</u>

ਹਥਿਆਰ ਤਾਂਬੇ, ਕਾਂਸੀ ਦੇ ਬਣਾਏ ਜਾਂਦੇ ਪਰ ਲੋਹੇ ਦੀ ਬਣੀ ਕੋਈ ਚੀਜ ਨਹੀਂ ਮਿਲਦਾ। ਹਥਿਆਰਾਂ ਵਿਚ ਤੀਰ ਕਮਾਨ, ਭਾਲਾ, ਕੁਹਾੜੀ, ਬਰਛੀ, ਚਾਕੂ ਆਦਿ ਆਉਂਦੇ ਹਨ। ਇਨ੍ਹਾਂ ਦਾ ਪ੍ਰਯੋਗ ਸ਼ਿਕਾਰ ਲਈ ਕੀਤਾ ਜਾਂਦਾ ਸੀ ਹਮਲਿਆਂ ਲਈ ਨਹੀਂ। ਤਾਂਬੇ ਅਤੇ ਸ਼ੀਸੇ ਦੀਆਂ ਬਣੀਆਂ ਚੀਜਾਂ ਮਿਲਦੀਆਂ ਹਨ। ਤਾਂਬਾ ਸ਼ਾਇਦ ਬਲੋਚਿਸਤਾਨ ਵਰਤਮਾਨ ਰਾਜਪੂਤਾਨਾਂ ਅਤੇ ਉੱਤਰ ਅਫ਼ਗਾਨਿਸਤਾਨ ਤੋਂ ਆਉਂਦਾ ਸੀ। ਡਾ. ਮੁਕਰਜੀ ਦਾ ਕਥਨ ਹੈ — "ਮਾਰੂ ਅਤੇ ਰਖਿਅਕ ਹਥਿਆਰਾਂ ਦੀਆਂ ਖੋਜਾਂ ਦੀ ਸਰਲਤਾ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਮੋਹਿੰਜੋਦੜੋ ਦੇ ਲੋਕ ਹਮਲਿਆਂ ਦੇ ਡਰਾਂ ਤੋਂ ਜ਼ਿਆਦਾ ਫ਼ੌਜਦਾਰੀ ਜਾਂ ਮੁਸੀਬਤ ਵਿਚ ਨਹੀਂ ਸਨ।[11]

8. <u>ਰੋਜਾਨਾ ਵਰਤੋਂ ਦੀਆਂ ਚੀਜਾਂ(ਉਪਯੋਗੀ ਵਸਤੂਆਂ)</u>

ਘੜੇ ਕਲਸ਼ ,ਥਾਲੀਆਂ, ਰੁਕਾਬੀਆਂ, ਗਿਲਾਸ, ਲੋਟੇ, ਕਟੋਰੇ, ਚਮਚੇ, ਪਿਆਲੇ ਆਦਿ ਸਾਰੇ ਬਰਤਨ ਸੋਨੇ, ਚਾਂਦੀ, ਕਾਂਸੇ, ਤਾਂਬੇ ਅਤੇ ਮਿੱਟੀ ਦੇ ਬਣੇ ਹੁੰਦੇ

ਸਨ। ਬਰਤਨਾਂ ਉਪਰ ਪਸ਼ੂ-ਪੰਛੀਆਂ ਦੇ ਚਿੱਤਰ ਬਣਾਏ ਜਾਂਦੇ ਸਨ। ਤੱਕੜੀ, ਜੂਆ, ਕੰਘੇ, ਚਾਕ, ਕੁਲਹਾੜੀ ਫੈਸ਼, ਮੱਛੀ ਫੜਨ ਲਈ ਕਾਂਟੇ ਹੁੰਦੇ ਸਨ। ਫਰਨੀਚਰ, ਚਾਰਪਾਈ, ਲੱਕੜੀ ਦਾ ਹੁੰਦਾ ਸੀ। ਲੈਂਪ ਤਾਂਬੇ ਜਾਂ ਮਿੱਟੀ ਦੇ ਬਣੇ ਹੁੰਦੇ ਸਨ ਸ਼ਾਇਦ ਇਹ ਲੋਕ ਮੋਮਬੱਤੀ ਦਾ ਵਰਤੋਂ ਵੀ ਕਰਦੇ ਸਨ।

9. ਨਗਰ

ਨਗਰ ਵਰਗਾਕਾਰ ਅਤੇ ਆਇਤਾਕਾਰ ਹੁੰਦੇ ਸਨ। ਇਨ੍ਹਾਂ ਦੀ ਰਖਿਆ ਲਈ ਨਗਰ ਦੇ ਆਲੇ-ਦੁਆਲੇ ਵਾੜ ਕੀਤੀ ਜਾਂਦੀ। ਸੜਕਾਂ ਚੌੜੀਆਂ, ਖੁਲ੍ਹੀਆਂ ਹੁੰਦੀਆਂ ਸਨ। ਇਕ ਦੂਜੇ ਨੂੰ ਸਮਕੋਣ ਤੇ ਕੱਟਦੀਆਂ ਸਨ। ਮੈਕੇ ਅਨੁਸਾਰ — ਸੜਕਾਂ ਇਸ ਤਰ੍ਹਾਂ ਬਣੀਆਂ ਹੁੰਦੀਆਂ ਸਨ ਕਿ ਹਵਾ ਆਪਣੇ ਆਪ ਇਨ੍ਹਾਂ ਨੂੰ ਸਾਫ ਕਰਦੀ। ਇਹ ਚੌਰਾਹੇ ਬਣਾਉਂਦੀਆਂ ਹੋਈਆਂ ਪੂਰਬ ਤੋਂ ਪੱਛਮ ਵੱਲ ਅਤੇ ਉੱਤਰ ਤੋਂ ਦੱਖਣ ਵੱਲ ਜਾਂਦੀਆਂ। ਸੜਕਾਂ ਤੋਂ ਨਗਰ ਖੰਡਾਂ ਅਤੇ ਮੁਹੱਲਿਆਂ ਵਿਚ ਵੰਡਿਆ ਜਾਂਦਾ। ਸੜਕਾਂ ਤੇ ਕੂੜਾ-ਕਰਕਟ ਨਹੀਂ ਸੁਟਿਆ ਜਾਂਦਾ ਸੀ। ਨਾਗਰਿਕਾਂ ਦੇ ਜੀਵਨ ਨੂੰ ਸੁੱਖੀ ਬਣਾਉਣ ਲਈ ਨਗਰ ਦੀ ਸਫਾਈ ਵੱਲ ਪੂਰਾ ਧਿਆਨ ਦਿੱਤਾ ਜਾਂਦਾ। ਯਾਤਰੀਆਂ ਲਈ ਸਰਾਵਾਂ ਬਣਾਈਆਂ ਹੋਈਆਂ ਸਨ ਅਤੇ ਪਹਿਰੇ ਦਾ ਪੂਰਾ ਪ੍ਰਬੰਧ ਸੀ।

10. ਮਕਾਨ

ਮਕਾਨ ਸੜਕਾਂ ਦੇ ਦੋਵੇਂ ਪਾਸੇ ਬਣਾਏ ਜਾਂਦੇ ਇਹ ਪੱਕੀਆਂ ਇੱਟਾਂ, ਚੂਨੇ ਅਤੇ ਗਾਰੇ ਦੇ ਬਣਦੇ। ਛੋਟੇ ਵੱਡੇ ਦੋਨੋਂ ਤਰ੍ਹਾਂ ਦੇ ਮਕਾਨ ਬਣਦੇ। ਛੋਟੇ ਵਿਚ 4–5 ਕਮਰੇ ਅਤੇ ਵੱਡੇ ਵਿਚ 30 ਕਮਰੇ ਵੀ ਹੁੰਦੇ ਸਨ। ਮਕਾਨਾਂ ਦੀਆਂ ਨੀਹਾਂ ਗਹਿਰੀਆਂ, ਦੀਵਾਰਾਂ ਮੋਟੀਆਂ ਅਤੇ ਚੌੜੀਆਂ ਹੁੰਦੀਆਂ ਸਨ। ਰੌਸ਼ਨੀ, ਹਵਾ, ਧੁੱਪ ਲਈ ਖਿੜਕੀਆਂ ਅਤੇ ਰੋਸ਼ਨਦਾਨ ਹੁੰਦੇ ਸਨ। ਇਕ ਭਵਨ ਮਿਲਿਆ ਜੋ ਉੱਤਰ ਤੋਂ ਦੱਖਣ ਵੱਲ 158 ਫੁੱਟ ਹੈ ਅਤੇ ਪੂਰਬ ਤੋਂ ਪੱਛਮ ਵੱਲ 135 ਫੁੱਟ ਹੈ। ਇਸਦੇ ਦੋਨੋ ਪਾਸੇ ਸਮਕੋਣ ਕਮਰੇ ਅਤੇ ਦਲਾਨ ਹਨ। ਨਹਾਉਣ ਲਈ ਇਸ਼ਨਾਨ ਘਰ, ਫਰਸ਼ ਇੱਟਾਂ ਦੇ ਬਣੇ ਹੋਏ ਹਨ। ਇਹ 180 ਫੁੱਟ ਲੰਬਾ

ਅਤੇ 108 ਫੁੱਟ ਚੌੜਾ ਹੈ। ਤਲਾਬ 39 ਫੁੱਟ ਲੰਬਾ 23 ਫੁੱਟ ਚੌੜਾ ਅਤੇ 8 ਫੁੱਟ ਗਹਿਰਾ ਹੈ। ਚਾਰੇ ਪਾਸੇ ਵਰਾਂਡੇ ਅਤੇ ਪਿਛੇ ਕਮਰੇ ਬਣੇ ਹੋਏ ਹਨ। ਹਜ਼ਾਰਾਂ ਸਾਲ ਬੀਤਣ ਤੇ ਵੀ ਦ੍ਰਿੜ੍ਹਤਾ ਉਸੇ ਤਰ੍ਹਾਂ ਕਾਇਮ ਹੈ। ਡਾ. ਮੁਕਰਜੀ ਇਸ ਬਾਰੇ ਲਿਖਦੇ ਹਨ — ਇਸ ਤਰ੍ਹਾਂ ਦੇ ਬਣਾਏ ਗਏ ਤੈਰਾਕੀ ਵਿਸ਼ਾਲ ਘਰਾਂ ਤੋਂ ਉਨ੍ਹਾਂ ਦਿਨਾਂ ਦਾ ਕਲਾਕਾਰੀ ਦੀ ਝਲਕ ਮਿਲਦੀ ਹੈ।[12]

11. ਨਾਲੀਆਂ

ਗੰਦਾ ਪਾਣੀ ਬਾਹਰ ਕੱਢਣ ਲਈ ਨਾਲੀਆਂ ਸਨ। ਛੱਤ ਦਾ ਪਾਣੀ ਨਾਲੀਆਂ ਰਾਹੀਂ ਬਾਹਰ ਜਾਂਦਾ ਇਹ ਮਿੱਟੀ, ਚੂਨੇ ਅਤੇ ਸੀਮੈਂਟ ਦੀਆਂ ਬਣੀਆਂ ਹੁੰਦੀਆਂ ਸਨ। ਉਪਰੋਂ ਇੱਟਾਂ ਨਾਲ ਢੱਕ ਦਿੱਤਾ ਜਾਂਦਾ ਸੀ ਜੋ ਸਫਾਈ ਕਰਨ ਵੇਲੇ ਚੱਕ ਦਿੱਤੀਆਂ ਜਾਂਦੀਆਂ ਸਨ। ਕੂੜਾ ਸੁੱਟਣ ਲਈ ਵਿਸ਼ੇਸ਼ ਜਗ੍ਹਾ ਸੀ। ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਨਿਵਾਸੀ ਸਫਾਈ ਅਤੇ ਸਵਾਸਥ ਦੇ ਨਿਯਮਾਂ ਤੋਂ ਜਾਣੂ ਸਨ।

12. ਸੰਸਕਾਰ

ਮਹਿੰਜੋਦੜੋ ਅਤੇ ਹੜੱਪਾ ਦੀ ਖੁਦਾਈ ਤੋਂ ਪਤਾ ਚਲਦਾ ਹੈ ਕਿ ਲੋਕ ਮਰੇ ਹੋਏ ਸਰੀਰ ਨੂੰ ਜਲਾ ਕੇ ਉਸਦੀ ਸਵਾਹ ਨੂੰ ਘੜੀਆਂ ਵਿਚ ਪਾ ਕੇ ਦਬਾ ਦਿੰਦੇ ਜਾਂ ਸਰੀਰ ਨੂੰ ਖੁਲ੍ਹੀ ਜਗ੍ਹਾਂ ਤੇ ਸੁੱਟ ਦਿੰਦੇ। ਜਦੋਂ ਪਸ਼ੂ ਪੰਛੀ ਮਾਸ ਖਾ ਲੈਂਦੇ ਤਾਂ ਉਨ੍ਹਾਂ ਹੱਡੀਆਂ ਨੂੰ ਦਬਾ ਦਿੱਤਾ ਜਾਂਦਾ। ਸਰੀਰ ਨਾਲ ਕਈ ਹੋਰ ਚੀਜ਼ਾਂ ਵੀ ਰੱਖੀਆਂ ਜਾਂਦੀਆਂ।

2. ਆਰਥਿਕ ਮੁੱਲ

ਸਿੰਧੂ ਘਾਟੀ ਦੀ ਸੱਭਿਅਤਾ ਤੋਂ ਮਿਲੀ ਸਮੱਗਰੀ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਲੋਕਾਂ ਦਾ ਆਰਥਿਕ ਜੀਵਨ ਸੁੱਖੀ ਅਤੇ ਖੁਸ਼ਹਾਲ ਹੁੰਦਾ ਸੀ।

1. ਖੇਤੀਬਾੜੀ

ਖੇਤੀਬਾੜੀ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਸੀ ਪਾਣੀ ਹੋਣ ਕਰਕੇ ਭੂਮੀ ਉਪਜਾਊ ਹੁੰਦੀ ਸੀ। ਉਹ ਕਣਕ, ਜੌਂ, ਕਪਾਹ ਤਿੱਲ, ਤੇਲ, ਮਟਰ ਆਦਿ ਦੀ ਖੇਤੀ ਕਰਦੇ। ਉਹ ਖਜੂਰ, ਕੇਲਾ, ਨਾਰੀਅਲ, ਤਰਬੂਜ਼, ਅਨਾਰ, ਨਿੰਬੂ ਆਦਿ ਫਲ ਵੀ ਪੈਦਾ ਕਰਦੇ ਅੰਨ ਇਕੱਠਾ ਕਰਨ ਲਈ ਅੰਨ-ਭੰਡਾਰ ਹੁੰਦੇ ਸਨ। ਇਹ ਲੋਕ ਬੈਲਗੱਡੀਆਂ ਦੀ ਵਰਤੋਂ ਵੀ ਕਰਦੇ।

## 2. ਪਸ਼ੂ ਪਾਲਣ

ਉਹ ਬੈਲ, ਗਾਂ, ਮੱਝ, ਭੇਡ, ਬੱਕਰੀ, ਕੁੱਤਾ ਹਾਥੀ, ਊਠ, ਖਰਗੋਸ਼, ਮੋਰ, ਗੈਂਡਾ ਆਦਿ ਪਸ਼ੂਆਂ ਤੋਂ ਜਾਣੂ ਸਨ। ਬੈਲ ਦਾ ਧਾਰਮਿਕ ਮਹੱਤਵ ਸੀ। ਮਾਸਾਹਾਰੀ ਹੋਣ ਕਾਰਨ ਉਹਪਸ਼ੂਆਂ ਦਾ ਸ਼ਿਕਾਰ ਕਰਦੇ ਅਤੇ ਉਨ੍ਹਾਂ ਦੀਆਂ ਹੱਡੀਆਂ ਅਤੇ ਖੱਲ ਤੋਂ ਚਮੜੇ ਦੀਆਂ ਚੀਜ਼ਾਂ ਬਣਾਉਂਦੇ।

## 3. ਉਦਯੋਗ-ਧੰਦੇ

ਮਿੱਟੀ, ਧਾਤੂ ਅਤੇ ਪੱਥਰ ਤੋਂ ਵੱਖੋ ਵੱਖਰੀਆਂ ਚੀਜ਼ਾਂ ਦਾ ਨਿਰਮਾਣ ਕਰਦੇ। ਕਾਰੀਗਰਾਂ ਵਿਚ ਘੁਮਿਆਰ, ਸੁਨਿਆਰ, ਲੁਹਾਰ, ਹਾਥੀਦੰਦ ਦੇ ਸ਼ਿਲਪੀ, ਸੰਗਤਰਾਸ਼ ਬੁਨਕਰ ਮੁੱਖ ਸਨ। ਘੁਮਿਆਰ ਮਿੱਟੀ ਦੇ ਬਰਤਨ, ਸੁਨਿਆਰੇ ਸੋਨੇ, ਚਾਂਦੀ ਦੇ ਗਹਿਣੇ ਬਣਾਉਂਦੇ। ਕਪੜਾ ਬਣਾਉਣਾ, ਰੰਗਾਉਣਾ, ਕਤਾਉਣਾ ਇਨ੍ਹਾਂ ਦਾ ਪ੍ਰਸਿੱਧ ਉਦਯੋਗ ਸੀ। ਚੰਨ੍ਹੂਦੜੋ ਵਿਚ ਮਾਲਾ ਦੇ ਮਣਕਿਆਂ ਦਾ ਨਿਰਮਾਣ ਹੋਇਆ ਮਿਲਦਾ। ਧਾਤੂਆਂ ਦੇ ਨਾਲ ਨਾਲ ਸੰਖ, ਸੀਪ, ਘੋਗਾ, ਹਾਥੀਦੰਦ ਦੇ ਕੰਮ ਲਈ ਲੋਕ ਬੜੇ ਪ੍ਰਸਿੱਧ ਸਨ।

## 4. ਵਪਾਰ

ਮਹਿੰਜੋਦੜੋ ਅਤੇ ਹੜੱਪਾ ਵਪਾਰ ਦੇ ਵੱਡੇ ਕੇਂਦਰ ਸਨ ਇਨ੍ਹਾਂ ਨਗਰਾਂ ਵਿਚੋਂ ਛੋਟੇ ਵੱਡੇ ਵੱਟੇ ਮਿਲੇ ਹਨ। ਛੋਟਿਆਂ ਵੱਟਿਆਂ ਦੀ ਵਰਤੋਂ ਜੌਹਰੀ ਕਰਦੇ ਸਨ। ਇਨ੍ਹਾਂ ਦੇ ਵਿਉਪਾਰਿਕ ਸੰਬੰਧ ਹੋਰ ਦੇਸ਼ਾਂ ਜਿਵੇਂ ਸੁਮੇਰੀਆਂ, ਮਿਸਰ ਅਤੇ ਕ੍ਰੀਟ ਦੇਸ਼ ਆਦਿ ਨਾਲ ਸਨ। ਦੂਸਰੇ ਦੇਸ਼ਾਂ ਤੋਂ ਟੀਨ, ਤਾਮਰ ਅਤੇ ਬਹੁਮੁੱਲੇ ਰਤਨ ਮੰਗਵਾਏ ਜਾਂਦੇ ਸਨ।

ਵਿਉਪਾਰ ਜਲ ਅਤੇ ਥਲ ਦੋਨਾਂ ਮਾਰਗਾਂ ਰਾਹੀਂ ਹੁੰਦਾ ਸੀ।

### 3. ਧਾਰਮਿਕ ਮੁੱਲ

ਸਿੰਧੂ ਘਾਟੀ ਦੇ ਲੋਕਾਂ ਦੇ ਧਰਮ ਦਾ ਅਨੁਮਾਨ ਉਥੋਂ ਪ੍ਰਾਪਤ ਮੁਹਰਾਂ, ਮੂਰਤੀਆਂ ਆਦਿ ਤੋਂ ਲਗਾਇਆ ਜਾ ਸਕਦਾ ਹੈ। ਮਾਰਸ਼ਲ ਦਾ ਮੱਤ ਹੈ ਕਿ ਅੱਜ ਵੀ ਹਿੰਦੂ ਧਰਮ ਵਿਚ ਪ੍ਰਚਲਿਤ ਅਨੇਕ ਗੱਲਾਂ ਉਨ੍ਹਾਂ ਦੇ ਧਰਮ ਵਿਚ ਵਿਦਵਾਨ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਈਸ਼ਵਰ ਸ੍ਰਿਸ਼ਟੀ ਦਾ ਰਚਨਹਾਰਾ ਹੈ ਇਸ ਸ਼ਕਤੀ ਦੇ ਦੋ ਰੂਪ ਇਕ ਪਰਮ ਪੁਰਸ਼ ਦੂਸਰਾ ਪਰਮ ਨਾਰੀ। ਇਨ੍ਹਾਂ ਸ਼ਕਤੀਆਂ ਦੀ ਉਹ ਪੂਜਾ ਕਰਦੇ।

#### 1. ਪਰਮ ਪੁਰਸ਼ ਦੀ ਪੂਜਾ

ਖੁਦਾਈ ਤੋਂ ਇਕ ਮੋਹਰ ਮਿਲੀ ਉਪਰ ਇਕ ਸ਼ਕਲ ਯੋਗ ਸਮਾਧੀ ਦੀ ਅਵਸਥਾ ਵਿਚ ਹੈ। ਉਸਦੇ ਤਿੰਨ ਮੂੰਹ, ਸਿਰ ਤੇ ਤ੍ਰਿਸ਼ੂਲ, ਖੱਬੇ ਪਾਸੇ ਹਾਥੀ, ਸੱਜੇ ਪਾਸੇ ਗੈਂਡਾ ਅਤੇ ਮੱਝਾਂ ਅਤੇ ਥੱਲੇ ਹਿਰਨ ਦਾ ਚਿੱਤਰ ਬਣਿਆ ਹੈ। ਮਾਰਸ਼ਲ ਨੇ ਇਸਨੂੰ ਸ਼ਿਵ-ਪਸ਼ੂਪਤੀ ਕਿਹਾ ਹੈ ਕਿਉਂਕਿ ਸ਼ਿਵ ਨੂੰ ਹੀ ਪਸ਼ੂਪਤੀ ਯੋਗੀਸ਼ਵਰ, ਤ੍ਰਿਮੁੱਖੀ, ਤ੍ਰਿਨੇਤਰ ਅਤੇ ਤ੍ਰਿਸ਼ੂਲਧਾਰੀ ਕਿਹਾ ਗਿਆ ਹੈ। ਇਕ ਹੋਰ ਮੋਹਰ ਵਿਚ ਯੋਗੀ ਸਮਾਧੀ ਲਾਈ ਬੈਠਾ ਹੈ ਜਿਸਦੇ ਦੋਨੇ ਪਾਸੇ ਇਕ ਸੱਪ ਅਤੇ ਸਾਹਮਣੇ ਦੋ ਸੱਪ ਬੈਠੇ ਸਨ। ਇਹ ਯੋਗੀ ਵੀ ਸ਼ਿਵ ਦਾ ਰੂਪ ਹੈ। ਇਹ ਲੋਕ ਸ਼ਿਵ ਦੇ ਰੂਪ ਵਿਚ ਪਰਮ ਮਨੁੱਖ ਦੀ ਪੂਜਾ ਕਰਦੇ।

#### 2. ਪਰਮ ਨਾਰੀ ਦੀ ਪੂਜਾ

ਸਿੰਧੂ ਸਭਿਅਤਾ ਮਾਤਰਦੇਵੀ ਦੀ ਪੂਜਾ ਕਰਦੀ ਸੀ। ਉਸ ਸਮੇਂ ਮੂਰਤੀਆਂ ਅਤੇ ਮੋਹਰਾਂ ਤੇ ਚਿੱਤਰ ਅੰਕਿਤ ਹਨ। ਕਮਰ ਤੇ ਕਰਧਨੀ, ਗਲੇ ਵਿਚ ਹਾਰ, ਸਿਰ ਤੇ ਕੁਲਹਾੜੀ ਦੀ ਅਕ੍ਰਿਤੀ ਮਿਲੀ ਹੈ। ਹੜੱਪਾ ਵਿਚ ਇਕ ਚਿੱਤਰ ਵਿਚ ਦੇਵੀ ਦੇ ਗਰਭ ਤੋਂ ਪੌਦਾ ਨਿਕਲਿਆ ਦਿਖਾਇਆ ਗਿਆ ਉਸਦੇ ਸਾਹਮਣੇ ਇਕ ਇਸਤਰੀ ਹੱਥ ਉਪਰ ਕਰਕੇ ਅਤੇ ਪੁਰਸ਼ ਹੱਥ

ਵਿਚ ਛੁਰਾ ਲਈ ਖੜਾ ਹੈ ਇਹ ਚਿੱਤਰ ਮਾਤਰਦੇਵੀ ਦਾ ਹੈ ਜਿਸਦੀ ਬਲੀ ਚੜ੍ਹਾਈ ਜਾ ਰਹੀ ਹੈ। ਮਾਤਰਦੇਵੀ ਦੀਆਂ ਆਕ੍ਰਿਤੀਆਂ ਹੋਰ ਸਭਿਅਤਾਵਾਂ ਦੀ ਖੁਦਾਈ ਤੋਂ ਵੀ ਮਿਲੀਆਂ ਹਨ। ਆਧੁਨਿਕ ਕਾਲ ਵਿਚ ਇਸ ਮਾਤਰਦੇਵੀ ਨੂੰ ਦੁਰਗਾ, ਦੇਵੀ, ਕਾਲੀ, ਚੰਡੀ ਆਦਿ ਨਾਮਾਂ ਨਾਲ ਯਾਦ ਕੀਤਾ ਜਾਂਦਾ ਹੈ।

3. <u>ਪਸ਼ੂ ਪੂਜਾ</u>

ਇਹ ਲੋਕ ਹਾਥੀ, ਗੈਂਡਾ, ਮੱਝਾਂ, ਚੀਤਿਆਂ ਆਦਿ ਦੀ ਉਪਾਸਨਾ ਕਰਦੇ ਸਨ। ਆਰੀਆਂ ਦੇ ਆਉਣ ਨਾਲ ਗਾਂ ਦਾ ਮਹੱਤਵ ਬਹੁਤ ਵਧ ਗਿਆ। ਕਈ ਆਕ੍ਰਿਤੀਆਂ ਅਜਿਹੀਆਂ ਵੀ ਮਿਲੀਆਂ ਹਨ ਜਿਨ੍ਹਾਂ ਦਾ ਅੱਧਾ ਭਾਗ ਪੁਰਸ਼ ਅਤੇ ਅੱਧਾ ਭਾਗ ਪਸ਼ੂ ਜਾਂ ਹਾਥੀ ਅਤੇ ਭਾਰਾ ਭਾਗ ਬੈਲ ਦਾ ਹੈ। ਇਹ ਪਸ਼ੂਆਂ ਦੀ ਪੂਜਾ ਵੀ ਕਰਦੇ ਸਨ। ਇਕ ਨਾਗ ਦੀ ਵੀ ਪੂਜਾ ਕਰਦੇ। ਸਾਂਢ ਨੂੰ ਸ਼ਿਵ ਦਾ ਵਾਹਨ ਸਮਝਿਆ ਜਾਂਦਾ ਸੀ ਅਤੇ ਉਸਦੀ ਪੂਜਾ ਕੀਤੀ ਜਾਂਦੀ ਸੀ।

4. <u>ਦਰੱਖਤ ਪੂਜਾ</u>

ਸਿੰਧੂ ਘਾਟੀ ਵਿਚ ਪਿੱਪਲ, ਨਿੰਮ, ਖਜੂਰ, ਬਬੂਲ ਅਤੇ ਸ਼ੀਸ਼ਮ ਦੀ ਪੂਜਾ ਹੁੰਦੀ ਸੀ। ਮੋਹਰਾਂ ਤੋਂ ਪਿੱਪਲ ਦੇ ਚਿੱਤਰ ਮਿਲੇ ਹਨ। ਪਿੱਪਲ ਦੇ ਦਰਖਤ ਨੂੰ ਉਤਪਤੀ ਅਤੇ ਗਿਆਨ ਦਾ ਸਰੋਤ ਮੰਨਿਆ ਜਾਂਦਾ ਸੀ। ਇਕ ਚਿੱਤਰ ਵਿਚ ਦੋ ਪਿੱਪਲਾਂ ਵਿਚ ਇਕ ਦੇਵਤਾ ਖੜਾ ਦਿਖਾਇਆ ਅਤੇ ਸਾਹਮਣੇ ਇਕ ਵਿਅਕਤੀ ਉਸਦੀ ਪੂਜਾ ਕਰ ਰਿਹਾ ਹੈ। ਕੁਛ ਦਰਖਤਾਂ ਲਈ ਬਲੀ ਦਿੱਤੀ ਜਾਂਦੀ ਸੀ। ਮਹਿੰਜੋਦੜੋ ਦੀ ਇਕ ਮੋਹਰ ਤੇ ਬੈਲ ਦੀ ਅਕ੍ਰਿਤੀ ਹੈ ਜਿਸਦੀ ਰਕਸ਼ਾ ਸੱਪ ਕਰ ਰਿਹਾ ਹੈ ਅਤੇ ਬੈਲ ਇਕ ਦੁਸ਼ਮਣ ਨਾਲ ਲੜ ਰਿਹਾ ਹੈ ਤਾਂ ਕਿ ਉਸਨੂੰ ਪਵਿੱਤਰ ਦਰਖਤ ਦੇ ਨੇੜੇ ਨਾ ਆਉਣ ਦਿੱਤਾ ਜਾਵੇ। ਇਕ ਹੋਰ ਚਿੱਤਰ ਵਿਚ ਬਬੂਲ ਦੇ ਪੇੜ ਦੀ ਰਖਿਆ ਇੱਕ ਬੈਲ ਕਰ ਰਿਹਾ ਹੈ। ਅਜਿਹਾ ਵਿਚਾਰ ਹੈ ਕਿ ਦਰਖਤਾਂ ਨੂੰ ਪਵਿੱਤਰ ਮੰਨ ਕੇ ਲੋਕ ਇਨ੍ਹਾਂ ਦੀ ਪੂਜਾ ਕਰਦੇ। ਹਿੰਦੂ ਧਰਮ ਵਿਚ ਅੱਜ ਵੀ ਦਰਖਤ ਪੂਜਾ ਪ੍ਰਚਲਿਤ ਹੈ।

5. <u>ਜਲ ਪੂਜਾ</u>

ਮੋਹਿੰਜੋਦੜੋ ਵਿਚ ਇਕ ਇਸ਼ਨਾਨਘਰ ਹੈ ਜਿਸਦੇ ਚਾਰੋ ਪਾਸੇ ਬਰਾਂਡੇ ਅਤੇ ਪਿਛੇ ਕਮਰੇ ਹਨ। ਲੋਕ ਪਰਬਾਂ, ਤਿਉਹਾਰਾਂ, ਸ਼ੁਭ ਅਵਸਰਾਂ ਅਤੇ ਸਮੂਹਿਕ ਸਮਾਰੋਹਾਂ ਤੇ ਇਸ਼ਨਾਨ ਕਰਦੇ ਸਨ। ਵਿਦਵਾਨਾਂ ਨੇ ਮੋਹਿੰਜੋਦੜੋ ਦੇ ਇਸ਼ਨਾਨ ਕੁੰਡ ਨੂੰ 'ਜਲ ਦੇਵਤਾ ਦਾ ਮੰਦਰ' ਕਿਹਾ ਹੈ।

6. <u>ਅੰਧ ਵਿਸ਼ਵਾਸ</u>

ਲੋਕ ਭੂਤ-ਪ੍ਰੇਤਾਂ ਵਿਚ ਵਿਸ਼ਵਾਸ ਰੱਖਦੇ ਜਿਸਦਾ ਪਤਾ ਖੁਦਾਈ ਤੋਂ ਪ੍ਰਾਪਤ ਤਾਵੀਜ਼ਾਂ ਤੋਂ ਲਗਦਾ ਹੈ। ਭੂਤ ਪ੍ਰੇਤਾਂ ਦੇ ਦੱਸੇ ਰੋਗ ਅਤੇ ਕਸ਼ਟ ਤੋਂ ਬਚਣ ਲਈ ਉਹ ਜਾਦੂ-ਟੂਣੇ ਕਰਦੇ ਅਤੇ ਤਾਵੀਜ਼ ਪਹਿਨਦੇ ਸਨ।

7. <u>ਹੋਰ ਧਾਰਮਿਕ ਪ੍ਰਭਾਵਾਂ</u>

1. ਮੋਹਰਾਂ ਤੇ ਅੰਕਿਤ ਚਿੱਤਰਾਂ ਤੋਂ ਪਤਾ ਲਗਦਾ ਹੈ ਕਿ ਇਹ ਲੋਕ ਸਾਕਾਰ ਉਪਾਸਨਾ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਮੂਰਤੀ ਪੂਜਾ ਕਰਦੇ ਸਨ।
2. ਲੋਕ ਸੂਰਜ ਦੀ ਪੂਜਾ ਕਰਦੇ।
3. ਮਾਤਰਦੇਵੀ ਦੀ ਮੂਰਤੀ ਕੋਲੋਂ ਦੀਵੇ ਮਿਲੇ ਅਤੇ ਦੋਨੋ ਪਾਸੇ ਦੀਵੇ ਰੱਖਣ ਦੀ ਜਗ੍ਹਾ ਬਣਾਈ ਹੋਈ ਹੈ ਅਨੁਮਾਨ ਹੈ ਉਹ ਲੋਕ ਅਗਨੀ ਪੂਜਾ ਕਰਦੇ ਸਨ ਅਤੇ ਧੂਪ, ਦੀਪ ਆਦਿ ਧਾਰਮਿਕ ਵਿਧੀਆਂ ਵਿਚੋ ਵਿਸ਼ਵਾਸ ਰਖਦੇ ਸਨ।
4. ਇਹ ਲੋਕ ਬਲੀ ਨੂੰ ਧਰਮ ਦਾ ਅੰਗ ਮੰਨਦੇ ਸਨ। ਮਨੁੱਖ ਦੀ ਆਤਮਾ ਦੀ ਸ਼ਾਂਤੀ ਲਈ ਬਕਰੇ ਦੀ ਬਲੀ ਦਿਤੀ ਜਾਂਦੀ ,ਸਮੂਹਿਕ ਬਲੀ ਦੇ ਪ੍ਰਮਾਣ ਵੀ ਮਿਲਦੇ ਹਨ।
5. ਇਹ ਲੋਕ ਯੋਗਆਸਣ, ਸਮਾਧੀ ਅਤੇ ਪ੍ਰਾਣਾਯਾਮ ਵਿਚ ਵਿਸ਼ਵਾਸ ਰਖਦੇ ਸਨ।
6. ਲੋਕ ਸੰਗੀਤ ਅਤੇ ਨ੍ਰਿਤ ਦੁਆਰਾ ਦੇਵੀ-ਦੇਵਤਿਆਂ ਨੂੰ ਖੁਸ਼ ਕਰਦੇ ਸਨ।

ਸਿੰਧੂ ਘਾਟੀ ਦੇ ਨਿਵਾਸੀਆਂ ਦਾ ਧਰਮ ਬਹੁਤ ਵਿਆਪਕ ਸੀ। ਹਿੰਦੂ ਧਰਮ ਤੇ ਇਸਦਾ ਬਹੁਤ ਪ੍ਰਭਾਵ ਪਿਆ। ਸ਼ਿਵ, ਮਾਤਰਦੇਵੀ ਦਰਖੱਤਾਂ, ਪਸ਼ੂਆਂ ਅਤੇ ਮਾਤਰਦੇਵੀ ਦੀ ਪੂਜਾ ਹਿੰਦੂ ਧਰਮ ਨੂੰ ਮਹੱਤਵਪੂਰਣ ਦੇਣ ਹੈ।

## ਰਾਜਨੀਤਕ ਮੁੱਲ

ਪੂਰਬੀ ਬਿਲੋਚਸਤਾਨ ਸਿੰਧ, ਪੰਜਾਬ ਅਤੇ ਕਾਠੀਆਵਾੜ ਤੋਂ ਪ੍ਰਾਪਤ ਇਕ ਭਾਸ਼ਾ, ਇਕੋ ਪ੍ਰਕਾਰ ਦੀਆਂ ਮੂਰਤੀਆਂ ਮਾਪ ਤੋਲ ਅਤੇ ਇਕ ਹੀ ਪ੍ਰਕਾਰ ਦੀ ਭਵਨ ਉਸਾਰੀ ਕਲਾ ਦੇ ਆਧਾਰ ਤੇ ਵਿਦਵਾਨਾਂ ਦਾ ਅਨੁਮਾਨ ਹੈ ਇਹ ਭਾਗ ਇਕ ਹੀ ਸ਼ਾਸਨ ਵਿਵਸਥਾ ਅਧੀਨ ਸੀ। ਮਹਿੰਜੋਦੜੋ ਅਤੇ ਹੜੱਪਾ ਦੋ ਰਾਜਧਾਨੀਆਂ ਸਨ। ਮਹਿੰਜੋਦੜੋ ਦੱਖਣੀ ਸਾਮਰਾਜ ਦੀ ਅਤੇ ਹੜੱਪਾ ਉਤਰੀ ਸਾਮਰਾਜ ਦੀ ਰਾਜਧਾਨੀ ਸੀ। ਡਾ. ਮੈਕੇ ਅਨੁਸਾਰ ਮਹਿੰਜੋਦੜੋ ਵਿਚ ਪ੍ਰਤੀਨਿਧੀ ਸ਼ਾਸਕ ਸ਼ਾਸਨ ਸੰਬੰਧੀ ਸਾਰੇ ਕੰਮ ਕਰਦਾ ਸੀ।

ਇਸ ਕਾਲ ਵਿਚ ਪ੍ਰਸ਼ਾਸਨ ਪ੍ਰਣਾਲੀ ਵੀ ਪ੍ਰਚਲਿਤ ਸੀ ਅਤੇ ਮਹਿੰਜੋਦੜੋ ਅਤੇ ਹੜੱਪਾ ਆਦਿ ਨਗਰਾਂ ਦਾ ਪ੍ਰਬੰਧ ਕਾਰਪੋਰੇਸ਼ਨ ਵਰਗੀ ਸੰਸਥਾ ਦੇ ਹੱਥ ਵਿਚ ਸੀ। ਇਥੇ ਪ੍ਰਸ਼ਾਸਨ ਦੇ ਆਪਣੇ ਭਵਨ ਤੇ ਅੰਨ ਭੰਡਾਰ ਸਨ। ਸ਼ਾਇਦ ਰਾਜਸੀ ਅਧਿਕਾਰੀ ਇਨ੍ਹਾਂ ਭਵਨਾਂ ਵਿਚ ਰਹਿੰਦੇ ਅਤੇ ਪ੍ਰਸ਼ਾਸਨ ਨੂੰ ਸੁਚਾਰੂ ਰੂਪ ਵਿਚ ਚਲਾਉਂਦੇ ਸਨ।

ਉਪਰੋਕਤ ਸਮਾਜਿਕ, ਆਰਥਿਕ, ਰਾਜਨੀਤਕ ਪਰੰਪਰਾਵਾਂ ਤੋਂ ਇਲਾਵਾ ਉਨ੍ਹਾਂ ਲੋਕਾਂ ਦੇ ਕੁਝ ਸ਼ੌਕ ਵੀ ਸਨ ਜੋ ਨਾਲ ਨਾਲ ਉਨ੍ਹਾਂ ਦਾ ਮਨੋਰੰਜਨ ਕਰਦੇ ਸਨ ਤੇ ਨਾਲ ਹੀ ਰੋਟੀ-ਰੋਜ਼ੀ ਦੇ ਸਾਧਨ ਵੀ ਸਨ। ਉਨ੍ਹਾਂ ਲੋਕਾਂ ਦੀ ਕਲਾ ਮੂਰਤੀਆਂ, ਖਿਲੌਣਿਆਂ, ਗਹਿਣਿਆਂ ਵਿਚੋਂ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ। ਸਾਨੂੰ ਪਤਾ ਲਗਦਾ ਹੈ ਕਿ ਉਸ ਸਮੇਂ ਲਲਿਤ ਕਲਾਵਾਂ ਦੀ ਆਪਣੀ ਹੀ ਜਗ੍ਹਾਂ ਸੀ।

## ਲਲਿਤ ਕਲਾਵਾਂ

ਸਿੰਧੂ ਪ੍ਰਦੇਸ਼ ਵਿਚੋਂ ਮਿਲਣ ਵਾਲੀਆਂ ਮੂਰਤੀਆਂ ਮੰਦਿਰਾਂ, ਬਰਤਨਾਂ ਤੋਂ

ਤਤਕਾਲੀਨ ਲਲਿਤ ਕਲਾਵਾਂ ਦਾ ਪਤਾ ਲਗਦਾ ਹੈ, ਉਨ੍ਹਾਂ ਦੀ ਕਲਾ ਕਲਾ ਨਾ ਹੋ ਕੇ ਉਪਯੋਗਤਾ ਲਈ ਸੀ ਉਨ੍ਹਾਂ ਨੇ ਕਲਾ ਦਾ ਪ੍ਰਯੋਗ ਦੈਨਿਕ ਜੀਵਨ ਲਈ ਕੀਤਾ।

1. <u>ਮੂਰਤੀ ਕਲਾ</u>

ਲੋਕਾਂ ਦੀ ਮੂਰਤੀਕਲਾ ਉੱਚਕੋਟੀ ਦੀ ਸੀ। ਮੂਰਤੀਆਂ ਦੋ ਪ੍ਰਕਾਰ ਦੀਆਂ ਸਨ ਇਕ ਧਾਰਮਿਕ ਮੂਰਤੀਆਂ ਸਨ ਜਿਨ੍ਹਾਂ ਵਿਚ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸ਼ਾਮਲ ਹਨ। ਦੂਸਰੇ ਸਧਾਰਨ ਮੂਰਤੀਆਂ ਜਿਨ੍ਹਾਂ ਨਰ-ਨਾਰੀਆਂ, ਪਸ਼ੂ-ਪੰਛੀਆਂ ਦੀਆਂ ਮੂਰਤੀਆਂ ਸ਼ਾਮਲ ਹਨ। ਇਹ ਲੋਕ ਮਿਟੀ ਅਤੇ ਧਾਤੂ ਦੀਆਂ ਮੂਰਤੀਆਂ ਦਾ ਨਿਰਮਾਣ ਕਰਦੇ ਸਨ। ਮਹਿੰਜੋਦੜੋ ਵਿਚ ਮਿੱਟੀ ਦੀ ਬਣੀ ਨਰਤਕੀ ਦੀ ਮੂਰਤੀ ਮਿਲੀ ਪਰੰਤੂ ਇਥੇ ਕਾਂਸੇ ਦੀ ਨਰਤਕੀ ਦੀ ਮੂਰਤੀ ਵੀ ਪ੍ਰਾਪਤ ਹੋਈ ਜੋ ਆਪਣੀ ਵਾਸਤਵਿਕਤਾ ਲਈ ਬੜੀ ਪ੍ਰਸਿੱਧ ਹੈ। ਡਾ. ਤ੍ਰਿਪਾਠੀ ਲਿਖਦੇ ਹਨ —— " ਇਹ ਆਸਨ ਜਾਂਘ ਸੰਦਰਭ ਦੀ ਪ੍ਰਭਾਵਸ਼ੀਲਤਾ ਨਾਲ ਇੰਨ੍ਹਾਂ ਭਰਿਆ ਹੋਇਆ ਹੈ ਕਿ ਇਤਿਹਾਸਕ ਸਮੇਂ ਦੇ ਬੁੱਤਾਂ ਵਿਚੋਂ ਵੀ ਮੁਸ਼ਕਿਲ ਨਾਲ ਹੀ ਕੋਈ ਇਸਦੇ ਸਮਾਨ ਮਿਲਦਾ ਹੈ।"[13]

ਕਲਾ ਦੀ ਦ੍ਰਿਸ਼ਟੀ ਤੋਂ ਹੜੱਪਾ ਵਿਚ ਦੋ ਮੂਰਤੀਆਂ ਮਿਲੀਆਂ ਇਕ ਲਾਲ ਪੱਥਰ ਦੇ ਮਨੁੱਖ ਦਾ ਧੜ ਅਤੇ ਦੂਸਰੀ ਖੱਬੀ ਲੱਤ ਚੁੱਕੇ ਇਕ ਨਰਤਕ ਦੀ ਮੂਰਤੀ ਜੋ ਨਟਰਾਜ ਸ਼ਿਵ ਹੈ। ਦੋਨਾਂ ਦੀ ਗਰਦਨ ਤੇ ਸੁਰਾਖ ਹੈ ਜਿਸ ਤੇ ਸਿਰ ਅਤੇ ਬਾਹਾਂ ਅਲੱਗ ਤੋਂ ਜੋੜੀਆਂ ਜਾ ਸਕਣ। ਮੋਢੇ ਦ੍ਰਿੜ ਅਤੇ ਪੇਟ ਅੱਗੇ ਵੱਲ ਵਧਿਆ ਹੋਇਆ। ਸਾਂਢ, ਕੁੱਤੇ ਆਦਿ ਦੀਆਂ ਮੂਰਤੀਆਂ ਵੀ ਕਲਾ ਦਾ ਵਧੀਆ ਨਮੂਨਾ ਹਨ। ਸਰਲਤਾ, ਸਜੀਵਤਾ, ਸੰਭਾਵਿਕਤਾ ਇਸੇ ਕਲਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ।

2. <u>ਮੋਹਰਾਂ ਦੇ ਨਿਰਮਾਣ ਦੀ ਕਲਾ</u>

ਮੋਹਰਾਂ ਮਿੱਟੀ ,ਹਾਥੀ ਦੰਦ ਅਤੇ ਪੱਥਰ ਤੋਂ ਬਣੀਆਂ ਹੁੰਦੀਆਂ ਸਨ। ਇਨ੍ਹਾਂ ਉੱਤੇ ਬੈਲ, ਮੱਝ, ਹਾਥੀ, ਬਾਰਾਂ ਸਿੰਘਾ, ਆਦਿ ਪਸ਼ੂਆਂ ਦੇ ਚਿੱਤਰ ਬਣਾਏ ਜਾਂਦੇ। ਮੋਹਰਾਂ

ਨੂੰ ਢਾਲਣ, ਇਨ੍ਹਾਂ ਉਤੇ ਦਿਤੇ ਚਿੱਤਰਾਂ ਤੋਂ ਪਤਾ ਲਗਦਾ ਹੈ ਲੋਕ ਨਕਾਸ਼ੀ ਦੀ ਕਲਾ ਵਿਚ ਵੀ ਨਿਪੁੰਨ ਸਨ। ਮੋਹਿੰਜੋਦੜੋ ਦੇ ਨਿਵਾਸੀ ਇਨ੍ਹਾਂ ਨੂੰ ਸਰੀਰ ਤੇ ਤਵੀਤਾਂ ਦੀ ਤਰ੍ਹਾਂ ਧਾਰਨ ਕਰਦੇ ਸਨ।

3. ਮਿੱਟੀ ਦੇ ਬਰਤਨ ਬਣਾਉਣ ਦੀ ਕਲਾ

ਮਿੱਟੀ ਦੇ ਬਰਤਨਾਂ ਨੂੰ ਚਾਕ ਨਾਲ ਬਣਾ ਕੇ ਉੱਤੇ ਚਮਕੀਲਾ ਲੇਪ ਕੀਤਾ ਜਾਂਦਾ ਫੇਰ ਰੋਗਣ ਕਰਨ ਤੋਂ ਬਾਅਦ ਉਪਰ ਪਾਲਿਸ਼ ਕੀਤੀ ਜਾਂਦੀ ਡਾ. ਮੁਕਰਜੀ ਅਨੁਸਾਰ— " ਉਸ ਸਮੇਂ ਦੇ ਚਮਕਦਾਰ ਬਰਤਨ ਆਪਣੀ ਕਿਸਮ ਦੀ ਸੰਸਾਰ 'ਚ ਸਭ ਤੋਂ ਪੁਰਾਣੀ ਉਦਾਹਰਨ ਹਨ।"[14]

4. ਚਿੱਤਰਕਲਾ

ਇਸ ਯੁੱਗ ਵਿਚ ਦੋ ਪ੍ਰਕਾਰ ਦੇ ਚਿੱਤਰ ਹੁੰਦੇ ਸਨ:—

1. ਜਿਆਮਤਕ — ਪਹਿਲੇ ਵਿਚ ਰੇਖਾ ਚਿੱਤਰਾਂ ਦੀ ਅਧਿਕਤਾ ਹੁੰਦੀ ਸੀ।
2. ਪ੍ਰਾਕ੍ਰਿਤਕ — ਦੂਸਰੇ ਵਿਚ ਪਸ਼ੂ-ਪੰਛੀਆਂ, ਬੇਲਾਂ ਅਤੇ ਫੁੱਲਾਂ ਦੀ ਬਹੁਲਤਾ ਸੀ।

ਬਰਤਨਾਂ ਤੇ ਪਸ਼ੂ-ਪੰਛੀਆਂ ਅਤੇ ਪ੍ਰਕਿਰਤੀ ਦੀਆਂ ਵਿਭਿੰਨ ਵਸਤੂਆਂ ਦੇ ਚਿੱਤਰ ਬਣਾਏ ਜਾਂਦੇ। ਇਹ ਚਿੱਤਰ ਉਨ੍ਹਾਂ ਦੀ ਕੁਸ਼ਲਤਾ ਦੇ ਪ੍ਰਤੀਕ ਸਨ।

5. ਲੇਖਨਕਲਾ

ਲਿਪੀ ਦਾ ਵਿਕਾਸ ਇਸ ਸੱਭਿਅਤਾ ਵਿਚ ਜ਼ਿਆਦਾ ਨਹੀਂ ਹੋਇਆ। ਸਥਾਈ ਅਵਸਥਾ ਤੋਂ ਪਤਾ ਲਗਦਾ ਹੈ ਕਿ ਇਹ ਲਿਪੀ ਅੱਜ ਤੱਕ ਪੜ੍ਹੀ ਨਹੀਂ ਗਈ। ਇਸਦੀ ਵਿਸ਼ੇਸ਼ਤਾ ਹੈ ਕਿ ਇਹ ਖੱਬੇ ਤੋਂ ਸੱਜੇ ਸਿੱਧੀਆਂ ਲਾਈਨਾਂ ਵਿਚ ਲਿਖੀ ਗਈ ਹੈ। ਚਿੰਨ੍ਹਾਂ ਤੇ ਕੁਛ ਮਾਤਰਾਵਾਂ ਹਨ। ਜਿਸ ਨਾਲ ਇਕ ਚਿੰਨ ਦੂਜੇ ਨਾਲ ਮਿਲ ਜਾਂਦਾ ਹੈ, ਅੱਜ ਇਸਦੇ ਲਗਭਗ 400 ਚਿੰਨ੍ਹ ਮਿਲੇ ਹਨ। ਇਨ੍ਹਾਂ ਕਲਾਵਾਂ ਤੋਂ ਲੋਕ ਭਵਨ ਨਿਰਮਾਣ ਕਲਾ,

ਧਾਤੂ ਕਲਾ, ਚਿੱਤਰ ,ਬੁਨਣ, ਸੰਗੀਤ, ਨ੍ਰਿਤ ਆਦਿ ਕਲਾਵਾਂ ਤੋਂ ਭਲੀ ਭਾਂਤ ਜਾਣੂ ਸਨ।

ਸਿੰਧੂ ਸਭਿਅਤਾ ਨੇ ਸਾਡੇ ਜੀਵਨ ਤੇ ਬਹੁਤ ਪ੍ਰਭਾਵ ਪਾਇਆ ਭਾਵੇਂ ਅੱਜ ਇਹ ਸਭਿਅਤਾ ਨਸ਼ਟ ਹੋ ਰਹੀ ਪਰ ਇਸ ਸਭਿਅਤਾ ਦੇ ਚਿੰਨ੍ਹ ਸਾਡੀ ਆਮ ਜ਼ਿੰਦਗੀ ਵਿਚੋਂ ਮਿਲਦੇ ਹਨ। ਇਨ੍ਹਾਂ ਨੇ ਜੀਣ ਦਾ ਇਕ ਭੇਦ ਸਾਡੇ ਸਾਹਮਣੇ ਪੇਸ਼ ਕੀਤਾ ਜਿਨ੍ਹਾਂ ਨੂੰ ਅਸੀਂ ਮੁੱਲ ਕਹਿੰਦੇ ਹਾਂ। ਇਨ੍ਹਾਂ ਮੁੱਲਾਂ ਦੀ ਮੌਲਿਕਤਾ ਹਰ ਭਾਰਤੀ ਨਾਗਰਿਕ ਵਿਚੋਂ ਦਿਖਾਈ ਦਿੰਦੀ ਹੈ। ਸਮਾਜਿਕ, ਆਰਥਿਕ,ਰਾਜਨੀਤਿਕ, ਧਾਰਮਿਕ ਮੁੱਲ ਸਾਨੂੰ ਜੀਣ ਦਾ ਸਲੀਕਾ ਦੱਸਦੇ ਹਨ। ਇਨ੍ਹਾਂ ਮੁੱਲਾਂ ਨੇ ਯੁੱਗਾਂ-ਯੁਗਾਂਤਰਾਂ ਤੋਂ ਏਕਤਾ ਦੇ ਭਾਵ ਨੂੰ ਬਣਾਈ ਰੱਖਿਆ । ਪੂਰਬ ਕਾਲ ਦੀਆਂ ਕਲਾਵਾਂ ਨੇ ਸਾਡੇ ਵਿਚ ਸੋਹਜ ਸੁੰਦਰਤਾ ਨੂੰ ਪਹਿਚਾਨਣ ਦਾ ਗੁਣ ਭਰਿਆ ਤੇ ਚੰਗੇ ਨਾਗਰਿਕ ਬਣਨ ਵਿਚ ਸਾਡੀ ਸਹਾਇਤਾ ਕੀਤੀ। ਸਭਿਅਤਾ ਦੀ ਸ੍ਰੇਸ਼ਟਤਾ ਬਾਰੇ ਚਾਈਲਡ ( Chil ) ਲਿਖਦੇ ਹਨ:--

"ਸਭਿਅਤਾ, ਮਨੁੱਖੀ ਜੀਵਨ ਦੀ ਕਿਸੇ ਨਿਸ਼ਚਿਤ ਆਲੇ ਦੁਆਲੇ ਵਲ ਉਸ ਸੰਪੂਰਨ ਅਨੁਕੂਲਨ ਪ੍ਰਕਿਰਿਆ ਦੀ ਸਮਝ ਬੂਝ ਦੀ ਨੁਮਾਇੰਦਗੀ ਕਰਦੀ ਹੈ ਜਿਹੜੀ ਸਾਲਾਂ ਦੇ (ਲਗਾਤਾਰ) ਧੀਰਜਮਈ ਯਤਨਾਂ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਜਿਹੜੀ ਤੁਰੀ ਆਈ ਇਹ ਹੀ ਉਚੇਰੇ ਤੌਰ ਤੇ ਭਾਰਤੀ ਹੈ ਅਤੇ ਆਧੁਨਿਕ ਭਾਰਤੀ ਸਭਿਆਚਾਰ ਦਾ ਆਧਾਰ ਮਿਥਦੀ ਹੈ - - - - - ਮਹਿੰਜੋਦੜੋ ਦੇ ਨਕਸ਼ਾ ਵਿਚੋਂ ਇਤਿਹਾਸਕ ਭਾਰਤ ਦੇ ਹਮੇਸ਼ਾ ਤੋਂ ਉਘੜਦੇ ਲੱਛਣ ਪ੍ਰਗਟ ਹੁੰਦੇ ਹਨ।"[15]

ਪੂਰਬ ਵੈਦਿਕ ਕਾਲ ਦੇ ਜੀਵਨ ਦੇ ਸੰਬੰਧ ਵਿਚ ਉਪਰੋਕਤ ਭੂਗੋਲਿਕ, ਕਾਲਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਸੰਦਰਭ ਵਿਚ ਮਨੁੱਖੀ ਵਿਕਾਸ ਪ੍ਰਕਿਰਿਆ ਦਾ ਅਧਿਐਨ ਕਰਦਿਆਂ ਅਸੀਂ ਦੇਖਿਆ ਹੈ ਕਿ ਮਨੁੱਖ ਨੇ ਬਹੁਤ ਔਖੀਆਂ ਪਰਿਸਥਿਤੀਆਂ ਵਿਚੋਂ ਸੰਘਰਸ਼ ਕਰਕੇ ਅਨੇਕੀ ਪੜਾਅ ਨਿਰਧਾਰਿਤ ਕੀਤੇ ਹੈ।

ਅਸੀਂ ਦੇਖਿਆ ਹੈ ਕਿ ਜਿਹੜਾ ਮਨੁੱਖ ਕੁਦਰਤੀ ਕਰੋਪੀਆਂ ਤੋਂ ਬਚਣ ਲਈ ਥਾਂ ਥਾਂ ਦੌੜਦਾ ਫਿਰਦਾ ਹੈ ਉਸਦੀ ਪੂਜਾ ਕਰਦਾ ਹੈ। ਉਹੀ ਮਨੁੱਖ ਹੁਣ ਇਸ

ਜ਼ਾਹਰ ਹੋ ਰਿਹਾ ਹੈ ਕਿ ਕੁਦਰਤੀ ਸ਼ਕਤੀਆਂ ਜਿਹੜੀਆਂ ਪਹਿਲਾਂ ਉਸਦੇ ਨਾਸ਼ ਦਾ ਕਾਰਨ ਸਨ ਨੂੰ ਉਹ ਆਪਣੇ ਜੀਵਨ ਵਿਚ ਸਹਿਯੋਗ ਲਈ ਵਰਤਦਾ ਹੈ। ਮਨੁੱਖ ਜਿਹੜਾ ਪਹਿਲਾਂ ਮੁੱਲ-ਯੁਕਤ ਜੀਵਨ-ਜਾਚ ਉਸਾਰਨ ਦੇ ਸਮਰੱਥ ਨਹੀਂ ਸੀ ਨੇ ਇਸ ਕਾਲ ਦੇ ਅੰਤ ਤਕ ਪਹੁੰਚਦਿਆਂ-ਪਹੁੰਚਦਿਆਂ ਕਿਵੇਂ ਇਕ ਨਰੋਈ ਸਮਰੱਥ ਸਭਿਅਤਾ ਦੀ ਉਸਾਰੀ ਕੀਤੀ ਅਤੇ ਅਧਿਆਤਮਿਕਤਾ ਸਦਾਚਾਰ, ਰਖਿਆ, ਦਯਾ, ਅਨੁਸ਼ਾਸਨ ਤੇ ਸਹਿਯੋਗ ਆਦਿ ਉਚੇਰੇ ਮੁੱਲ ਸਿਰਜੇ ਇਹ ਸਭ ਕੁਝ ਮਨੁੱਖੀ ਬੁੱਧੀ ਦਾ ਹੀ ਚਮਤਕਾਰ ਹੈ।

## ਵੈਦਿਕ ਕਾਲ ਦੇ ਜੀਵਨ ਮੁੱਲ

ਜਦੋਂ ਅਸੀਂ ਕਿਸੇ ਕਾਲ ਦੇ ਲੋਕਾਂ ਦੇ ਜੀਵਨ ਮੁੱਲਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਉਸ ਕਾਲ ਵਿਚ ਉਨ੍ਹਾਂ ਲੋਕਾਂ ਦੇ ਰਹਿਣ-ਸਹਿਣ, ਰੀਤੀ-ਰਿਵਾਜ,ਮਾਨਤਾਵਾਂ, ਉਦੇਸ਼ਾਂ, ਇਸ਼ਟ ਆਦਿ ਦਾ ਡੂੰਘਾਈ ਵਿਚ ਅਧਿਐਨ ਕਰਨਾ ਜ਼ਰੂਰੀ ਜਾਪਦਾ ਹੈ ਕਿਉਂਕਿ ਮੁੱਲ ਜੀਵਨ ਦਾ ਲਖਸ਼ ਹੋਣ ਦੇ ਨਾਲ ਨਾਲ ਪਰਸਥਿਤੀ ਸੰਦਰਭ ਵਿਚ ਮਨੁੱਖ ਦੁਆਰਾ ਅਪਣਾਏ ਜਾਂਦੇ ਹਨ ਅਤੇ ਲੋੜਾਂ ਅਨੁਸਾਰ ਬਦਲਦੇ ਅਤੇ ਉਪਜਦੇ ਰਹਿੰਦੇ ਹਨ। ਇਸ ਲਈ ਵੈਦਿਕ ਕਾਲ ਦੇ ਮੁੱਲਾਂ ਦਾ ਗੱਲ ਕਰਨ ਲਈ ਲੋਕ ਜੀਵਨ ਤੇ ਸਮੁੱਚੀ ਝਾਤ ਮਾਰਨਾ ਜ਼ਰੂਰੀ ਹੋ ਗਿਆ ਹੈ। ਅਸੀਂ ਇਸ ਕਾਲ ਨੂੰ ਵੇਦਾਂ, ਉਪਨਿਸ਼ਦਾਂ, ਸੂਤਰ ਟੀਕਾਂ, ਦਰਸ਼ਨਾਂ ਦੇ ਨਾਲ ਨਾਲ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਦ੍ਰਿਸ਼ਟੀ ਤੋਂ ਵਾਚਣ ਦਾ ਯਤਨ ਕਰ ਰਹੇ ਹਾਂ ਤਾਂ ਕਿ ਵਿਸ਼ੇ ਦੀ ਸਪੱਸ਼ਟਤਾ ਚੰਗੀ ਤਰ੍ਹਾਂ ਉਘਾੜ ਸਕੀਏ। ਵੈਦਿਕ ਕਾਲ ਵੇਦਾਂ ਦਾ ਕਾਲ ਹੈ ਇਸ ਲਈ ਸੰਖੇਪ ਵਿਚ ਵੇਦਾਂ, ਉਪਨਿਸ਼ਦਾਂ,ਦਰਸ਼ਨਾਂ ਦੀ ਵਿਆਖਿਆ ਹੇਠ ਦੇ ਰਹੇ ਹਾਂ।

ਵੇਦ ਸ਼ਬਦ ਸੰਸਕ੍ਰਿਤ ਦੇ 'ਵਿਦ' ਧਾਤੂ ਤੋਂ ਨਿਕਲਿਆ ,ਜਿਸਦਾ ਅਰਥ ਹੈ 'ਜਾਨਣਾ'। ਵੇਦ ਦਾ ਅਰਥ ਹੈ ਗਿਆਨ ਅਤੇ ਵੇਦਾਂ ਨੂੰ ਅਸੀਂ ਆਰੀਆਂ ਦੇ ਗਿਆਨ ਦਾ ਭੰਡਾਰ ਕਹਿ ਸਕਦੇ ਹਾਂ। ਇਸ ਵਿਚ ਵੇਦ, ਬ੍ਰਾਹਮਣ, ਆਰਣਯਕ, ਉਪਨਿਸ਼ਦ, ਸੂਤਰ, ਵੇਦਾਂਗ, ਉਪਵੇਦ, ਦਰਸ਼ਨ, ਪੁਰਾਣ ਅਤੇ ਧਰਮ ਸ਼ਾਸਤਰ ਆਦਿ ਆਉਂਦੇ ਹਨ। ਵੈਦਿਕ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

(1) ਸਰੂਤੀ (2) ਸਮਰਿਤੀ

ਸਰੂਤੀ ਸਾਹਿਤ ਦਾ ਉਹ ਭਾਗ ਹੈ ਜੋ ਰਿਸ਼ੀਆਂ-ਮੁਨੀਆਂ ਨੇ ਈਸ਼ਵਰ ਤੋਂ ਪ੍ਰਾਪਤ ਕੀਤਾ ਅਤੇ ਆਪਣੀ ਸੰਤਾਨ ਨੂੰ ਮੌਖਿਕ ਰੂਪ ਵਿਚ ਦਿੱਤਾ। ਇਹ ਕਿਸੇ ਦੁਆਰਾ ਲਿਖਿਆ ਨਹੀਂ ਗਿਆ। ਇਸਨੂੰ ਪਵਿੱਤਰ ਅਤੇ ਸ੍ਰੇਸ਼ਟ ਮੰਨਿਆ ਜਾਂਦਾ ਹੈ ਇਸ ਵਿਚ ਚਾਰੇ ਵੇਦ ਆ ਜਾਂਦੇ ਹਨ।

ਸਮਰਿਤੀ ਸਾਹਿਤ ਦਾ ਉਹ ਭਾਗ ਹੈ ਜਿਸਨੂੰ ਰਿਸ਼ੀਆਂ ਨੇ ਆਪਣੇ ਵਿਚਾਰ ਸ਼ਰੁਤੀ ਦੇ ਆਧਾਰ ਤੇ ਲਿਖਿਆ। ਵੇਦਾਂ ਨੂੰ ਛੱਡ ਕੇ ਬਾਕੀ ਸਭ ਗ੍ਰੰਥ ਇਸ ਵਿਚ ਆਉਂਦੇ ਹਨ।

1. <u>ਵੇਦ</u>

ਵੇਦ ਆਰੀਆਂ ਦੀਆਂ ਪੁਰਾਣੀਆਂ ਧਾਰਮਿਕ ਪੁਸਤਕਾਂ ਹਨ। ਇਹ ਲੋਕ ਇਨ੍ਹਾਂ ਨੂੰ ਈਸ਼ਵਰ ਵਲੋਂ ਦਿੱਤਾ ਗਿਆ ਮੰਨਦੇ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਵੇਦ ਆਦਿਕਾਲ ਤੋਂ ਚਲੇ ਆ ਰਹੇ ਹਨ। ਇਨ੍ਹਾਂ ਦੀ ਰਚਨਾ ਕਿਸੇ ਇਕ ਵਿਅਕਤੀ ਨੇ ਨਿਸ਼ਚਿਤ ਸਮੇਂ ਵਿਚ ਨਹੀਂ ਕੀਤੀ। ਵੇਦਾਂ ਦੀ ਸੰਖਿਆ ਚਾਰ ਹੈ।

1. <u>ਰਿਗਵੇਦ</u>

ਰਿਗਵੇਦ ਆਰੀਆਂ ਦਾ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥ ਹੈ ਇਸ ਵਿਚ ਦਸ ਮੰਡਲ ਅਤੇ 1028 ਮੰਤਰ ਹਨ। ਜਿਨ੍ਹਾਂ ਵਿਚ ਭਗਤੀ ਭਾਵ ਦੀ ਪ੍ਰਧਾਨਤਾ ਹੈ। ਧਾਰਮਿਕ ਮਹੱਤਵ ਦੇ ਬਾਵਜੂਦ ਤਤੱਕਾਲੀਨ ਆਰੀਆਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਜੀਵਨ ਦੀ ਜਾਣਕਾਰੀ ਵੀ ਮਿਲਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਵੀ ਇਹ ਗ੍ਰੰਥ ਬਹੁ-ਮੁੱਲਾ ਹੈ।

2. <u>ਯਜੁਰਵੇਦ</u>

ਇਸਦਾ ਕੁਝ ਭਾਗ ਗੱਦ ਅਤੇ ਕੁਝ ਪਦ ਹੈ। ਇਸ ਵਿਚ 40 ਅਧਿਆਇ ਹਨ। ਇਸ ਵਿਚ ਯੱਗਾਂ ਅਤੇ ਹਵਨਾਂ ਪ੍ਰਤੀ ਨਿਯਮ ਹਨ। ਇਹ ਗ੍ਰੰਥ ਕਰਮਕਾਂਡ ਪ੍ਰਧਾਨ

ਹੈ ਇਹ ਆਰੀਆਂ ਦੇ ਭਾਰਤ ਵਿਚ ਆਉਣ ਤੋਂ ਕਾਫ਼ੀ ਸਮਾਂ ਬਾਦ ਲਿਖਿਆ ਗਿਆ।

3. ਸਾਮਵੇਦ

ਇਸਦੇ ਮੂਲ ਮੰਤਰ 75 ਹਨ ਬਾਕੀ ਰਿਗਵੇਦ ਵਿਚੋਂ ਹੀ ਲਏ ਗਏ ਹਨ। ਇਹ ਮੰਤਰ ਯੱਗ, ਹਵਨ ਸਮੇਂ ਸੁਰ-ਤਾਲ ਵਿਚ ਗਾਏ ਜਾਂਦੇ ਹਨ। ਇਹ ਹਿੰਦੂਆਂ ਦੀ ਸੰਗੀਤਕਲਾ ਦਾ ਆਧਾਰ ਮੰਨਿਆ ਜਾਂਦਾ ਹੈ।

4. ਅਥਰਵਵੇਦ

ਇਸਦੀ ਰਚਨਾ ਸਭ ਤੋਂ ਬਾਅਦ ਹੋਈ। ਇਸ ਵਿਚ ਰਿਗਵੇਦ ਅਤੇ ਸਾਮਵੇਦ ਵਿਚੋਂ ਹੀ ਕੁਝ ਮੰਤਰ ਲਏ ਗਏ ਹਨ। ਇਸ ਵਿਚ ਭੂਤ-ਪਰੇਤ ਅਤੇ ਜਾਦੂ-ਟੂਣਿਆਂ ਦੇ ਮੰਤਰ ਹਨ। ਇਸ ਵਿਚ ਰਾਜਨੀਤੀ ਅਤੇ ਸਮਾਜ ਸ਼ਾਸਤਰ ਸੰਬੰਧੀ ਨਿਯਮਾਂ ਦਾ ਵੀ ਵਰਨਣ ਕੀਤਾ ਗਿਆ ਹੈ।

2. ਬ੍ਰਾਹਮਣ ਗ੍ਰੰਥ

ਇਹ ਗ੍ਰੰਥ ਗੱਦ ਵਿਚ ਹੈ। ਇਸ ਵਿਚ ਵੇਦ ਮੰਤਰਾਂ ਦੀ ਵਿਆਖਿਆ ਕੀਤੀ ਗਈ ਹੈ। ਇਹ ਕਰਮਕਾਂਡ ਪ੍ਰਧਾਨ ਹੈ। ਇਸ ਵਿਚ ਕਈ ਰਾਜਿਆਂ ਅਤੇ ਰਿਸ਼ੀਆਂ ਦੀਆਂ ਕਥਾਵਾਂ ਹਨ। ਇਸ ਵਿਚੋਂ ਤਤਕਾਲੀਨ ਇਤਿਹਾਸ ਦੀ ਜਾਣਕਾਰੀ ਅਤੇ ਪ੍ਰਾਚੀਨਕਾਲ ਦੀ ਸਮਾਜਿਕ ਦਸ਼ਾ ਦਾ ਪਤਾ ਲਗਦਾ ਹੈ। ਹਰ ਵੇਦ ਦੇ ਆਪਣੇ ਅਲੱਗ ਬ੍ਰਾਹਮਣ ਹਨ।

3. ਆਰਣਯਕ

ਇਹ ਬ੍ਰਾਹਮਣਾਂ ਦਾ ਹੀ ਭਾਗ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਦੀ ਭਾਸ਼ਾ ਅਤੇ ਸ਼ੈਲੀ ਬ੍ਰਾਹਮਣਾਂ ਨਾਲ ਮਿਲਦੀ ਜੁਲਦੀ ਹੈ। ਇਹ ਵਣਾਂ ਵਿਚ ਰਹਿਣ ਵਾਲੇ ਸਾਧੂਆਂ ਲਈ ਲਿਖੇ ਗਏ ਸਨ ਤਾਂਕਿ ਉਹ ਵੇਦਾਂ ਦੇ ਗੂੜ੍ਹ ਰਹੱਸਮਈ ਅੰਗਾਂ ਨੂੰ ਸਮਝ ਸਕਣ। ਇਨ੍ਹਾਂ ਵਿਚ ਦਾਰਸ਼ਨਿਕ ਸਿਧਾਂਤਾਂ ਅਤੇ ਕਰਮਕਾਂਡ ਦੀਆਂ ਵਿਧੀਆਂ ਦਾ ਵਰਨਣ ਕੀਤਾ ਗਿਆ ਹੈ।

4. ਉਪਨਿਸ਼ਦ

ਇਹ ਗਿਆਨ ਪ੍ਰਧਾਨ ਗ੍ਰੰਥ ਹਨ। ਇਨ੍ਹਾਂ ਵਿੱਚ ਆਤਮਾ ਦੇ ਧਾਰਮਿਕ ਅਤੇ ਅਧਿਆਤਮਕ ਸਿਧਾਂਤਾਂ ਦਾ ਵਰਨਣ ਕੀਤਾ ਗਿਆ ਹੈ। ਇਨ੍ਹਾਂ ਦੀ ਸੰਖਿਆ 108 ਹੈ ਪ੍ਰੰਤੂ ਇਨ੍ਹਾਂ ਵਿਚੋਂ 11 ਜ਼ਿਆਦਾ ਮਹੱਤਵਪੂਰਣ ਹਨ ਜਿਵੇਂ ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਤੈਤਰੀਆਂ, ਐਤਰੇ ਆਦਿ। ਇਸ ਵਿਚ ਆਤਮਾ, ਪਰਮਾਤਮਾ, ਪ੍ਰਕਰਤੀ, ਸ੍ਰਿਸ਼ਟੀ ਆਦਿ ਰਹੱਸ ਅਤੇ ਕਰਮ, ਮੋਕਸ਼, ਮਾਇਆ ਆਦਿ ਸਿਧਾਂਤਾਂ ਦਾ ਵਿਵੇਚਨ ਕੀਤਾ ਗਿਆ ਹੈ। ਇਸ ਵਿਚ ਕਰਮਕਾਂਡ ਦਾ ਵਿਰੋਧ ਕੀਤਾ ਗਿਆ ਹੈ ਅਤੇ ਇਕ ਬ੍ਰਹਮ ਨੂੰ ਮੰਨਿਆ ਗਿਆ ਹੈ ਜੋ ਸਰਵਵਿਆਪੀ ਅਤੇ ਸਰਵ-ਅੰਤਰਜਾਮੀ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਚਿੰਤਨ, ਮਨਨ ਅਤੇ ਤਪ ਤੋਂ ਹੀ ਹੋ ਸਕਦੀ ਹੈ।

5. ਸੂਤਰਗ੍ਰੰਥ

ਇਸਦੀ ਰਚਨਾ 700 ਈ. ਪੂਰਵ 200 ਈ. ਪੂਰਵ ਦੇ ਵਿਚ ਹੋਈ। ਇਸ ਵਿਚ ਵੇਦਾਂ ਦੇ ਵਰਨਣ ਦਾ ਸੰਖੇਪ ਰੂਪ ਦਿੱਤਾ ਗਿਆ ਹੈ। ਥੋੜੇ ਸ਼ਬਦਾਂ ਵਿਚ ਸਾਰੀ ਗੱਲ ਕਹਿ ਦੇਣਾ ਸੂਤਰਾਂ ਦੀ ਵਿਸ਼ੇਸ਼ਤਾ ਹੈ। ਇਹ ਗੱਦ ਅਤੇ ਪਦ ਦੋਨਾਂ ਵਿਚ ਲਿਖੇ ਗਏ ਹਨ। ਸੂਤਰ ਤਿੰਨ ਪ੍ਰਕਾਰ ਦੇ ਹਨ:-

1. ਸੂਤਰ – ਇਸ ਵਿਚ ਯੱਗਾਂ ਦੇ ਨਿਯਮਾਂ ਅਤੇ ਵਿਧੀਆਂ ਦਾ ਗਿਆਨ ਹੁੰਦਾ ਹੈ।
2. ਧਰਮ ਸੂਤਰ – ਇਸ ਵਿਚ ਸਮਾਜਿਕ ਕਰਤੱਵਾਂ ਅਤੇ ਨਿਯਮਾਂ ਦਾ ਵਰਨਣ ਹੁੰਦਾ ਹੈ।
3. ਗ੍ਰਹਿ ਸੂਤਰ– ਇਸ ਵਿਚ ਸਾਰੇ ਜੀਵਨ ਦੇ ਸੰਸਕਾਰਾਂ ਤੇ ਰੋਸ਼ਨੀ ਪਾਈ ਜਾਂਦੀ ਹੈ।

6. ਵੇਦਾਂਗ

ਵੈਦਿਕ ਸਾਹਿਤ ਔਖਾ ਹੋਣ ਕਾਰਨ ਇਸਨੂੰ ਸਮਝਣ ਲਈ ਵੇਦਾਂਗ ਲਿਖੇ ਗਏ। ਇਨ੍ਹਾਂ ਦੀ ਸੰਖਿਆ 6 ਹੈ – ਛੰਦ, ਸਿਖਿਆ, ਵਿਆਕਰਣ ਨਿਰੁਕਤ ਕਲਪ ਅਤੇ ਜੋਤਸ਼। ਪਹਿਲੇ ਚਾਰ ਵੇਦ ਮੰਤਰਾਂ ਦਾ ਸ਼ੁਧ ਉਚਾਰਨ ਕਰਨ ਤੇ ਸਮਝਣ ਵਿਚ ਸਹਾਇਕ ਸਿੱਧ

ਹੁੰਦੇ ਹਨ ਅਤੇ ਜਾਨਾਂ ਦੇ ਜ਼ੋਰ ਅਤੇ ਕਰਾਮਾਤਾਂ ਸੰਬੰਧੀ ਗਿਆਨ ਦਿੱਤੇ ਹਨ।

7. ਛੇ ਦਰਸ਼ਨ

ਹਿੰਦੂਆਂ ਦੇ 6 ਮਹਾਂਰਿਸ਼ੀਆਂ ਦੇ ਉਪਨਿਸ਼ਦਾਂ ਵਿਚ ਵਰਣਿਤ ਦਰਸ਼ਨ ਅਤੇ ਅਧਿਆਤਮਿਕ ਗਿਆਨ ਨੂੰ ਛੇ ਭਾਗਾਂ ਵਿਚ ਵੰਡਿਆ ਹੈ। ਇਸ ਵਿਚ ਉਨ੍ਹਾਂ ਨੇ ਈਸ਼ਵਰ, ਜੀਵ ਅਤੇ ਪ੍ਰਕ੍ਰਿਤੀ ਦੇ ਸੰਬੰਧ ਵਿਚ ਆਪਣੇ ਆਪਣੇ ਸਿਧਾਂਤਾਂ ਦਾ ਪ੍ਰਤਿਪਾਦਨ ਕੀਤਾ ਹੈ।

1. ਪਤੰਜਲੀ ਦਾ ਯੋਗ ਸ਼ਾਸਤਰ— ਇਹ ਪ੍ਰਕ੍ਰਿਤੀ ਆਤਮਾ ਅਤੇ ਪਰਮਾਤਮਾ ਦਾ ਮਹੱਤਵ ਦੱਸਦੇ ਹਨ। ਇਨ੍ਹਾਂ ਦਾ ਮੱਤ ਹੈ ਕਿ ਮੋਕਸ਼ ਪ੍ਰਾਪਤੀ ਲਈ ਯੋਗ ਸਰਵੋਤਮ ਸਾਧਨ ਹੈ।
2. ਕਪਿਲ ਦਾ ਸਾਂਖਯ ਸ਼ਾਸਤਰ— ਇਨਾਂ ਅਨੁਸਾਰ ਪਰਮਾਤਮਾ ਕੁਝ ਵੀ ਨਹੀਂ ਪ੍ਰਕ੍ਰਿਤੀ ਅਤੇ ਆਤਮਾ ਦੇ ਮੇਲ ਨਾਲ ਸੰਸਾਰ ਬਣਿਆ ਹੈ।
3. ਗੋਤਮ ਦਾ ਨਿਆਂਸ਼ਾਸਤਰ— ਗੋਤਮ ਦੇ ਵਿਚਾਰ ਅਨੁਸਾਰ ਠੀਕ ਗਿਆਨ ਹੀ ਈਸ਼ਵਰ ਪ੍ਰਾਪਤੀ ਦਾ ਸਾਧਨ ਹੈ।
4. ਕਣਾਦ ਦਾ ਵੈਸ਼ੇਸ਼ਿਕ ਸ਼ਾਸਤਰ – ਇਨ੍ਹਾਂ ਅਨੁਸਾਰ ਈਸ਼ਵਰ ਨਹੀਂ ਹੈ ਸੰਸਾਰ ਅਣੂਆਂ ਤੋਂ ਬਣਿਆ ਹੈ ਅਤੇ ਇਹ ਨਸ਼ਟ ਨਹੀਂ ਹੋ ਸਕਦਾ।
5. ਜੈਮਿਨੀ ਦਾ ਪੂਰਬ ਮੀਮਾਂਸਾ— ਇਹ ਸ਼ਾਸਤਰ ਕਰਮ ਪ੍ਰਧਾਨ ਹੈ ਇਸ ਵਿਚ ਦੱਸਿਆ ਗਿਆ ਹੈ ਕਿ ਕਰਮ ਮਾਰਗ ਹੀ ਮੁਕਤੀ ਦਾ ਸਾਧਨ ਹੈ।
6. ਵਿਆਸ ਦਾ ਉੱਤਰ ਮੀਮਾਂਸਾ—ਵਿਆਸ ਅਨੁਸਾਰ ਪ੍ਰਕ੍ਰਿਤੀ ਦਾ ਆਪਣਾ ਕੋਈ ਅਸਤਿਤਵ ਨਹੀਂ। ਈਸ਼ਵਰ ਸਰਵ-ਵਿਆਪਕ ਅਤੇ ਸਰਬ ਸ਼ਕਤੀਮਾਨ ਹੈ ਅਤੇ ਉਸਦੀ ਹੀ ਉਪਾਸਨਾ ਤੋਂ ਮੋਕਸ਼ ਮਿਲ ਸਕਦਾ ਹੈ।

8. ਉਪਵੇਦ

ਹਰ ਵੇਦ ਦਾ ਆਪਣਾ ਉਪਵੇਦ ਹੈ:—

ਆਯੁਰਵੇਦ— ਇਹ ਰਿਗਵੇਦ ਦਾ ਉਪਵੇਦ ਹੈ। ਇਸ ਵਿਚ ਔਸ਼ਧੀ ਵਿਗਿਆਨ ਦੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਧਨੁਰਵੇਦ – ਇਹ ਯਜੁਰਵੇਦ ਦਾ ਉਪਵੇਦ ਹੈ ਇਸ ਵਿਚ ਯੁੱਧ ਸ਼ਾਸਤਰ ਤੇ ਰੌਸ਼ਨੀ ਪਾਈ ਗਈ ਹੈ।

ਗੰਧਰਵਵੇਦ – ਇਹ ਸਾਮਵੇਦ ਦਾ ਉਪਵੇਦ ਹੈ। ਨ੍ਰਿਤ, ਵਾਦਨ ਅਤੇ ਸੰਗੀਤ ਇਸਦੇ ਮੁੱਖ ਵਿਸ਼ੇ ਹਨ।

ਸ਼ਿਲਪਵੇਦ– ਇਹ ਅਥਰਵਵੇਦ ਦਾ ਉਪਵੇਦ ਹੈ। ਇਸ ਵਿਚੋਂ ਭਵਨ ਨਿਰਮਾਣ ਅਤੇ ਹੋਰ ਕਲਾਵਾਂ ਦਾ ਗਿਆਨ ਹੁੰਦਾ ਹੈ।

9. ਪੁਰਾਣ

ਇਨ੍ਹਾਂ ਦੀ ਸੰਖਿਆ 18 ਹੈ ਹਰ ਇਕ ਦੇ ਪੰਜ ਭਾਗ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਇਸਦਾ ਪੰਜਵਾਂ ਭਾਗ ਹੀ ਮਹੱਤਵਪੂਰਣ ਹੈ ਕਿਉਂਕਿ ਇਸ ਵਿਚੋਂ ਰਾਜਿਆਂ ਅਤੇ ਉਨ੍ਹਾਂ ਦੇ ਵੰਸ਼ਾਂ ਦਾ ਗਿਆਨ ਮਿਲਦਾ ਹੈ।

10. ਧਰਮ ਸ਼ਾਸਤਰ

ਹਿੰਦੂਆਂ ਦੇ ਕਾਨੂੰਨ ਦੇ ਪ੍ਰਾਚੀਨ ਗ੍ਰੰਥ ਹਨ ਇਸ ਵਿਚ ਮਨੂੰ-ਸਮ੍ਰਿਤੀ, ਵਿਸ਼ਨੂੰ ਸਮ੍ਰਿਤੀ, ਯਾਗਵਲਕਯ ਸਮ੍ਰਿਤੀ, ਨਾਰਦ ਸਮ੍ਰਿਤੀ ਪ੍ਰਸਿੱਧ ਹਨ। ਇਸ ਵਿਚ ਭਾਰਤੀਆਂ ਦੇ ਪ੍ਰਾਚੀਨ ਰਾਜਨੀਤਿਕ ਸਮਾਜਿਕ ਅਤੇ ਧਾਰਮਿਕ ਵਿਵਸਥਾ ਸੰਬੰਧੀ ਕਾਨੂੰਨਾਂ ਦਾ ਵਰਨਣ ਹੈ। ਸਾਰੇ ਧਰਮ ਸ਼ਾਸਤਰਾਂ ਵਿਚ ਵਿਅਕਤੀ, ਸਮਾਜ, ਜਾਤ, ਧਰਮ, ਵਰਣ, ਰਾਜਾ ਦੇ ਕਰਤੱਵ, ਰਾਜਾ ਅਤੇ ਪਰਜਾ ਦੇ ਸੰਬੰਧ ਅਤੇ ਨਿਆਂ– ਵਿਧਾਨ ਆਦਿ ਦੇ ਨਿਯਮਾਂ ਦਾ ਵਿਵੇਚਨ ਕੀਤਾ ਗਿਆ ਹੈ। ਇਨ੍ਹਾਂ ਦਾ ਰਚਨਾ ਕਾਲ ਤੀਸਰੀ ਸਦੀ ਈ. ਪੂਰਬ ਤੋਂ ਪੰਜਵੀਂ ਸਦੀ ਤੱਕ ਮੰਨਿਆ ਗਿਆ ਹੈ। ਇਸ ਵਿਚ ਮਨੂੰ ਸਮ੍ਰਿਤੀ ਸਭ ਤੋਂ ਪ੍ਰਸਿੱਧ ਹੈ। ਮਨੂੰ ਨੇ ਮਨੁੱਖ ਦੇ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਹੈ ਹਰ ਇਕ ਵਿਚ ਮਨੁੱਖ ਦੇ ਕਰਤੱਵਾਂ ਦਾ ਵਰਨਣ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਸਾਰੇ ਧਰਮ ਸ਼ਾਸਤਰ ਮਹੱਤਵਪੂਰਣ ਹਨ ਕਿਉਂ ਕਿ ਇਨ੍ਹਾਂ ਵਿਚ ਹਿੰਦੂਆਂ ਦੇ ਕਾਨੂੰਨ ਅਤੇ ਨਿਆਂ– ਵਿਵਸਥਾ ਦੇ ਵਿਸ਼ੇ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਵੈਦਿਕ ਕਾਲ ਦਾ ਭਾਰਤੀ ਇਤਿਹਾਸ ਦੇ ਸਾਹਿਤ ਵਿੱਚ ਵਿਸ਼ੇਸ਼ ਸਥਾਨ

ਹੈ ਵੈਦਿਕ ਸਾਹਿਤ ਇਤਿਹਾਸਕ ਅਤੇ ਧਾਰਮਿਕ ਦ੍ਰਿਸ਼ਟੀ ਤੋਂ ਮਹੱਤਵਪੂਰਣ ਹੈ। ਵੈਦਿਕ ਕਾਲ ਦੇ ਸਾਹਿਤ ਤੋਂ ਉਸ ਸਮੇਂ ਦੇ ਮੁੱਲਾਂ ਦਾ ਗਿਆਨ ਹੁੰਦਾ ਹੈ ਕਿ ਆਰੀਆਂ ਸਭਿਅਤਾ ਦੇ ਸਨ। ਜਿਨ੍ਹਾਂ ਸਿਧਾਂਤਾਂ, ਆਦਰਸ਼ਾਂ ਅਤੇ ਵਿਚਾਰ ਧਾਰਾਵਾਂ ਦੀ ਵਿਆਖਿਆ ਕੀਤੀ ਗਈ ਹੈ ਉਹ ਧਰਮ ਅਤੇ ਸਰੀਰ ਦੀ ਆਤਮਾ ਹਨ। ਇਸ ਸੱਭਿਅਤਾ ਨੇ ਲੋਕਾਂ ਦੇ ਢੰਗਾਂ ਰਹਿਣ-ਸਹਿਣ, ਖਾਣ-ਪੀਣ, ਪਸ਼ੂ-ਪਾਲਣ, ਵਪਾਰ, ਦੇਵੀ ਦੇਵਤਿਆਂ ਦੀ ਪੂਜਾ, ਈਸ਼ਵਰ ਵਿਚ ਵਿਸ਼ਵਾਸ, ਨਿਆ ਵਿਵਸਥਾ, ਯੁੱਧ ਪ੍ਰਣਾਲੀ ਬਾਰੇ ਹੂੰਘਾਰੀ ਵਿਚ ਜਾਣ ਲਿਆ ਜੋ ਕਿ ਮੁੱਲਾਂ ਦਾ ਰੂਪ ਧਾਰਨ ਕਰ ਗਏ। ਆਰੀਆਂ ਜਾਤ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਜੀਵਨ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਵੈਦਿਕ ਕਾਲ ਦੇ ਮੁੱਲਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ:-

1. ਸਮਾਜਿਕ ਮੁੱਲ (Social Values)
2. ਆਰਥਿਕ ਮੁੱਲ (Economic Values)
3. ਧਾਰਮਿਕ ਮੁੱਲ (Religious Values)
4. ਰਾਜਨੀਤਿਕ ਮੁੱਲ (Political Values)

1. ਸਮਾਜਿਕ ਮੁੱਲ

ਇਨ੍ਹਾਂ ਲੋਕਾਂ ਦਾ ਜੀਵਨ ਉੱਨਤ, ਸ਼ਾਤੀ ਭਰਿਆ ਸੀ। ਉੱਨਤ ਜੀਵਨ ਦੀਆਂ ਜ਼ਿਆਦਾ ਸੁਵਿਧਾਵਾਂ ਉਸ ਸਮੇਂ ਪ੍ਰਾਪਤ ਸਨ। ਲੋਕ ਇਕੱਠੇ ਰਿਹਾ ਕਰਦੇ ਸਨ। ਜਾਤ ਪ੍ਰਥਾ ਨੇ ਜਟਿਲ ਅਤੇ ਸਖ਼ਤੀ ਸੰਸਥਾ ਦਾ ਰੂਪ ਧਾਰਨ ਨਹੀਂ ਸੀ ਕੀਤਾ।

1. ਪਰਿਵਾਰਿਕ ਜੀਵਨ

ਭਾਰਤ ਵਿਚ ਆਉਣ ਤੋਂ ਪਹਿਲਾਂ ਆਰੀਆ ਖ਼ਾਨਾਬਦੋਸ਼ ਸਨ। ਇਥੇ ਆ ਕੇ ਉਨ੍ਹਾਂ ਨੇ ਸਥਾਈ ਰੂਪ ਵਿਚ ਪਿੰਡਾਂ ਵਿਚ ਰਹਿਣਾ ਸ਼ੁਰੂ ਕੀਤਾ। ਉਨ੍ਹਾਂ ਦੇ ਘਰ ਲੱਕੜੀ, ਮਿੱਟੀ, ਘਾਅ-ਫੂਸ ਦੇ ਬਣੇ ਹੁੰਦੇ ਸਨ। ਘਰ ਖੁੱਲ੍ਹੇ, ਸਾਦੇ ਅਤੇ ਹਵਾਦਾਰ ਹੁੰਦੇ ਸਨ। ਕਈ ਪਰਿਵਾਰ ਇਕ ਹੀ ਪਿੰਡ ਵਿਚ ਰਹਿੰਦੇ ਸਨ। ਘਰ ਵਿਚ ਮਾਤਾ-ਪਿਤਾ, ਭਾਈ-ਭੈਣ ਅਤੇ ਬੱਚੇ ਰਹਿੰਦੇ ਸਨ। ਆਰੀਆਂ ਦੀ ਸਭਿਅਤਾ ਵਿਚ ਪਿੱਤਰਸਤਾਤਮਕ ਸੀ। ਉਸਦੀ ਆਗਿਆ ਦਾ ਸਾਰੇ ਪਾਲਣ ਕਰਦੇ ਸਨ। ਉਨ੍ਹਾਂ ਦੀ ਗੱਲ ਨਾ ਮੰਨਣ ਵਾਲੇ ਨੂੰ ਦੰਡ

ਦਿੱਤਾ ਜਾਂਦਾ ਸੀ। ਵਿਧਵਾ ਵਿਆਹ ਪ੍ਰਚਲਤ ਹੁੰਦਾ ਸੀ। ਰਿਗਵੇਦ ਵਿਚ ਉਲੇਖ ਹੈ ਕਿ ਇਕ ਪਿਤਾ ਨੇ ਆਪਣੇ ਪੁੱਤਰ ਨੂੰ ਜ਼ਿਆਦਾ ਖ਼ਰਚ ਕਰਨ ਕਰਕੇ ਅੰਨ੍ਹਾ ਕਰ ਦਿੱਤਾ ਸੀ। ਆਰੀਆਂ ਦਾ ਪਰਿਵਾਰਿਕ ਜੀਵਨ ਸੁੱਖੀ ਅਤੇ ਸ਼ਾਂਤਮਈ ਹੁੰਦਾ ਸੀ।

2. ਭੋਜਨ

ਆਰੀਆ ਦਾ ਭੋਜਨ ਸਾਦਾ ਅਤੇ ਪੌਸ਼ਟਿਕ ਹੁੰਦਾ ਸੀ ਉਹ ਕਣਕ, ਜੌਂ, ਚੌਲ, ਦਾਲਾਂ, ਦੁੱਧ, ਦਹੀਂ, ਘਿਉ, ਫਲ ਅਤੇ ਸਬਜ਼ੀਆਂ ਦਾ ਪ੍ਰਯੋਗ ਕਰਦੇ। ਸੋਮਰਸ ਬੜੇ ਚਾਅ ਨਾਲ ਪੀਂਦੇ ਸਨ। ਸ਼ਰਾਬ ਦਾ ਭੇਟ ਯੱਗਾਂ ਤੇ ਦੇਵਤਿਆਂ ਨੂੰ ਚੜ੍ਹਾਈ ਜਾਂਦੀ ਸੀ। ਕੁਝ ਲੋਕ 'ਸੁਰਾ' ਵਰਗੀ ਨਸ਼ੀਲੀ ਵਸਤੂ ਦਾ ਪ੍ਰਯੋਗ ਕਰਦੇ। ਵੇਦਾਂ ਵਿਚ ਉਲੇਖ ਹੈ ਕ੍ਰੋਧ, ਜੂਆ ਅਤੇ ਸੁਰਾਪਾਨ ਮਨੁੱਖ ਨੂੰ ਪਾਪ ਕਰਨ ਲਈ ਪ੍ਰੇਰਿਤ ਕਰਦੇ ਸਨ।

3. ਕਪੜਾ

ਇਨ੍ਹਾਂ ਦਾ ਪਹਿਰਾਵਾ ਸਾਦਾ ਅਤੇ ਸਰਲ ਸੀ। ਇਹ ਤਿੰਨ ਤਰ੍ਹਾਂ ਦੇ ਕਪੜੇ ਪਾਉਂਦੇ ਸਨ— ਨੀਵੀਂ,ਵਾਸ ਅਤੇ ਅਧਿਵਾਸ ਨੀਵੀਂ ਸਰੀਰ ਦਾ ਹੇਠਲਾ ਭਾਗ, ਵਾਸ ਸਰੀਰ ਦਾ ਮੱਧ ਭਾਗ, ਅਧਿਵਾਸ ਸਿਰ ਦੇ ਉਪਰ ਪਾਇਆ ਜਾਂਦਾ ਸੀ। ਇਹ ਸੂਤੀ, ਊਨੀ ਅਤੇ ਰੇਸ਼ਮੀ ਕਪੜੇ ਪਾਉਂਦੇ। ਇਸਤਰੀ ਮਰਦ ਦੋਵੇਂ ਸੋਨੇ,ਚਾਂਦੀ ਦੇ ਗਹਿਣੇ ਪਾਉਂਦੇ। ਗਹਿਣਿਆਂ ਵਿਚ ਹਾਰ, ਕੁੰਡਲ ,ਕੰਗਣ, ਕਜਰੇ ਆਦਿ ਮੁੱਖ ਸਨ। ਇਸਤਰੀ ਪੁਰਸ਼ ਲੰਬੇ ਲੰਬੇ ਵਾਲ ਰੱਖਦੇ। ਪੁਰਸ਼ ਘੁੰਗਰਾਲੇ ਵਾਲ ਰੱਖਦੇ ਦਾੜ੍ਹੀ ਰੱਖਦੇ ਤੇ ਕਦੇ ਸਾਫ਼ ਵੀ ਕਰ ਦਿੰਦੇ, ਇਸਤਰੀਆਂ ਚੋਟੀ, ਜੂੜਾ ਕਰਦੀਆਂ ਸਨ।

4. ਮਨੋਰੰਜਨ

ਘੋੜਦੌੜ, ਰਥਦੌੜ ਅਤੇ ਸ਼ਿਕਾਰ ਕਰਨਾ ਮਨੋਰੰਜਨ ਦੇ ਮੁੱਖ ਸਾਧਨ ਸਨ। ਆਰੀਆਂ ਬੜੇ ਵੀਰ ਅਤੇ ਯੋਧੇ ਸਨ। ਉਹ ਹਾਥੀ, ਸ਼ੇਰ,ਹਿਰਨ, ਸੂਰ ਆਦਿ ਪਸ਼ੂਆਂ ਦਾ ਸ਼ਿਕਾਰ ਕਰਦੇ ਸਨ। ਇਹ ਨ੍ਰਿਤ ਅਤੇ ਸੰਗੀਤ ਦੇ ਸ਼ੌਕੀਨ ਸਨ। ਉਹ ਵੀਣਾ, ਬੰਸਰੀ,

ਸੰਖ ,ਮਿਰਦੰਗ, ਢੋਲ ਆਦਿ ਦਾ ਪ੍ਰਯੋਗ ਕਰਦੇ ਸਨ। ਆਰੀਆ ਜੂਆ ਵੀ ਖੇਡਦੇ ਸਨ।

5. ਇਸਤਰੀਆਂ ਦੀ ਦਸ਼ਾ

ਇਸਤਰੀ ਦਾ ਸਥਾਨ ਉੱਚਾ ਸੀ ਉਸਦਾ ਆਦਰ ਸਤਿਕਾਰ ਕੀਤਾ ਜਾਂਦਾ ਸੀ ਉਹ ਘਰ ਦੀ ਲੱਛਮੀ ਸਮਝੀ ਜਾਂਦੀ ਸੀ ਅਤੇ ਉਸਨੂੰ ਘਰ ਦੀ ਸਵਾਮਿਨੀ, ਅਰਧਾਂਗਨੀ ਕਿਹਾ ਜਾਂਦਾ ਸੀ। ਉਹ ਪਤੀ ਨਾਲ ਸਮਾਜਿਕ ਕੰਮਾਂ ਵਿਚ ਹਿੱਸਾ ਲੈਂਦੀ ਉਸਦੇ ਬਗੈਰ ਕੋਈ ਵੀ ਧਾਰਮਿਕ ਕੰਮ ਪੂਰਾ ਨਹੀਂ ਸੀ ਹੁੰਦਾ। ਇਸਤਰੀਆਂ ਨੂੰ ਬਾਹਰ ਨਿਕਲਣ ਘੁੰਮਣ-ਫਿਰਨ ਦੀ ਪੂਰੀ ਸੁਤੰਤਰਤਾ ਸੀ। ਉਹ ਆਕਰਸ਼ਕ ਅਤੇ ਸੁੰਦਰ ਕਪੜੇ ਗਹਿਣੇ ਪਾ ਕੇ ਘਰ ਦੇ ਜੱਗਾਂ, ਤਿਉਹਾਰਾਂ ਅਤੇ ਸਮਾਜਿਕ ਸਮਾਰੋਹਾਂ ਅਤੇ ਉਤਸਵਾਂ ਵਿਚ ਸ਼ਾਮਿਲ ਹੁੰਦੀਆਂ ਸਨ। ਉਨ੍ਹਾਂ ਦਾ ਨੈਤਿਕ ਸਤਰ ਬਹੁਤ ਉੱਚਾ ਸੀ, ਉੱਚੀ ਸਿੱਖਿਆ ਪ੍ਰਾਪਤ ਕਰਦੀਆਂ। ਵਿਆਹ ਧਾਰਮਿਕ ਸੰਸਕਾਰ ਅਤੇ ਬੰਧਨ ਮੰਨਿਆ ਜਾਂਦਾ। ਵਿਆਹ ਹੋਣ ਤੇ ਨਵੀਂ ਵਹੂ ਨੂੰ ਉਸਦੇ ਕਰਤੱਵਾਂ ਤੋਂ ਜਾਣੂ ਕਰਾਇਆ ਜਾਂਦਾ। ਲੜਕੇ ਲੜਕੀ ਨੂੰ ਆਪਣਾ ਜੀਵਨ ਸਾਥੀ ਚੁਨਣ ਦੀ ਖੁਲ੍ਹ ਸੀ। ਜਨ ਸਾਧਾਰਨ ਇਕ ਹੀ ਇਸਤਰੀ ਨਾਲ ਵਿਆਹ ਵੀ ਹੋ ਜਾਂਦੇ ਬਾਲ ਵਿਆਹ ਕਰਨ ਦੀ ਆਗਿਆ ਸੀ। ਦਹੇਜ ਪ੍ਰਥਾ ਪ੍ਰਚਲਿਤ ਸੀ ਪਰ ਦਹੇਜ ਤਾਂ ਹੀ ਦਿੱਤਾ ਜਾਂਦਾ ਸੀ ਜੇ ਲੜਕੀ ਵਿਚ ਕੋਈ ਕਮੀ ਹੁੰਦੀ ਸੀ ਸਤੀ ਪ੍ਰਥਾ ਦਾ ਰਿਗਵੇਦ ਵਿਚ ਉਲੇਖ ਨਹੀਂ ਮਿਲਦਾ।

6. ਜਾਤੀ ਪ੍ਰਥਾ

ਪ੍ਰਾਰੰਭਿਕ ਕਾਲ ਵਿਚ ਭਾਰਤੀ ਸਮਾਜ ਦੋ ਭਾਗਾਂ ਵਿਚ ਵੰਡਿਆ ਜਾਂਦਾ ਸੀ। ਆਰੀਆਂ ਅਤੇ ਅਨਾਰੀਆਂ। ਆਰੀਆਂ ਗੋਰੇ ਰੰਗ ਦੇ ਸਨ ਅਨਾਰੀਆਂ ਕਾਲੇ ਦੇ।ਸਰੀਰਕ, ਧਾਰਮਿਕ, ਅਤੇ ਸਾਂਸਕ੍ਰਿਤਕ ਅਸਮਾਨਤਾਵਾਂ ਵੀ ਮਿਲਦੀਆਂ ਸਨ। ਆਰੀਆਂ ਦੇ ਸਮਾਜ ਵਿਚ ਇੰਨ੍ਹਾਂ ਨੂੰ ਦਾਸ ਜਾਂ ਸ਼ੂਦਰ ਕਿਹਾ ਜਾਂਦਾ ਸੀ,। ਆਰੀਆਂ ਨੇ ਆਪਣੇ ਸਮਾਜ ਦੇ ਚਾਰ ਵਰਗ ਬਣਾਏ ਸਨ– ਬ੍ਰਾਹਮਣ ਖੱਤਰੀ, ਵੈਸ਼, ਸ਼ੂਦਰ। ਬ੍ਰਾਹਮਣ ਧਾਰਮਿਕ ਕੰਮ ਕਰਦੇ, ਖੱਤਰੀ ਦੇਸ਼ ਦੀ ਰਕਸ਼ਾ, ਸ਼ਾਸਨ ਦਾ ਭਾਰ ਚੁੱਕਦੇ, ਵਿਉਪਾਰ ਅਤੇ ਖੇਤੀਬਾੜੀ ਦੇ ਕੰਮ ਵੈਸ਼ ਕਰਦੇ। ਸ਼ੂਦਰ ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਕਰਦੇ ਇਕ ਵਰਣ ਵਿਚੋਂ ਦੂਸਰੇ ਵਰਨ ਵਿਚ ਜਾਣਾ ਸੌਖਾ ਸੀ।

ਰਿਗਵੇਦ ਵਿਚ ਕਿਹਾ ਹੈ ਕਿ ਬ੍ਰਾਹਮਣ ਪਰਮ ਪੁਰਸ਼ ਦੇ ਮੁੱਖ ਤੋਂ, ਖੱਤਰੀ ਉਸ ਦੀਆਂ ਭੁਜਾਵਾਂ ਤੋਂ, ਵੈਸ਼ ਉਸਦੀਆਂ ਜੰਘਾਂ ਤੋਂ, ਅਤੇ ਸੂਦਰ ਪੈਰਾਂ ਤੋਂ ਪੈਦਾ ਹੋਇਆ। ਰਿਗਵੇਦ ਵਿਚ ਵਰਗਾਂ ਦੀ ਵੰਡ ਕੰਮ ਦੇ ਆਧਾਰ ਤੇ ਹੁੰਦੀ ਸੀ। ਜਾਤ ਦੇ ਆਧਾਰ ਤੇ ਨਹੀਂ ਅਤੇ ਛੂਆਛਾਤ ਦਾ ਨਾਮ ਤੱਕ ਨਹੀਂ ਸੀ।

ਸਮਾਜਿਕ ਪਰਿਪੇਖ ਵਿਚ ਅਸੀਂ ਦੇਖਿਆ ਹੈ ਕਿ ਇਸ ਕਾਲ ਦੇ ਲੋਕਾਂ ਦਾ ਆਧਾਰ ਕੁਟੰਬ ਸੀ। ਇਸ ਲਈ ਸਮਾਜਿਕ ਮੁੱਲਾਂ ਦੀ ਗੱਲ ਕਰਦਿਆਂ ਸਾਨੂੰ ਇਸਤਰੀ ਮਰਦ ਦੇ ਪਰਿਵਾਰਿਕ ਸੰਬੰਧਾਂ ਅਤੇ ਜਾਤਪਾਤ, ਸਮਾਜਿਕ ਸੰਸਥਾਵਾਂ ਨੂੰ ਧਿਆਨ ਵਿਚ ਰੱਖਣਾ ਪਿਆ ਹੈ। ਜਿਥੇ ਔਰਤ ਮਰਦ ਨੂੰ ਵਿਆਹ ਆਦਿ ਦੇ ਮਾਮਲੇ ਵਿਚ ਸੁਤੰਤਰਤਾ ਸੀ ਉਥੇ ਜਾਤਪਾਤ, ਊਚ-ਨੀਚ ਦਾ ਭੇਦ ਭਾਵ ਵੀ ਸੀ। ਵਿਧਵਾ ਵਿਆਹ ਦੀ ਪ੍ਰਥਾ ਚਾਲੂ ਸੀ। ਆਦਮੀ ਅਨੇਕ ਪਤਨੀਆਂ ਰਖ ਸਕਦਾ ਸੀ। ਬਾਲ ਵਿਆਹ ਦੀ ਪੱਧਤੀ ਹੋਂਦ ਵਿਚ ਨਹੀਂ ਸੀ ਆਈ। ਵਿਧਵਾ ਲਈ ਸਤੀ ਹੋਣ ਦਾ ਕੋਈ ਵਿਧਾਨ ਨਹੀਂ ਸੀ। ਉਹ ਦੂਸਰਾ ਵਿਆਹ ਜੋ ਆਮ ਤੌਰ ਤੇ ਉਸਦੇ ਦੇਵਰ ਨਾਲ ਹੁੰਦਾ ਸੀ ਕਰ ਸਕਦੀ ਸੀ। ਪੁੱਤਰ ਨਾ ਹੋਣ ਦੀ ਸੂਰਤ ਵਿਚ ਪੁੱਤਰ ਗੋਦ ਲੈਣ ਦੀ ਪਰੰਪਰਾ ਪ੍ਰਚਲਿਤ ਸੀ।

ਕਬੀਲੇ ਦੀ ਆਪਣੀ ਸਮਾਜਿਕ ਬਣਤਰ ਅਤੇ ਰੀਤੀ-ਰਿਵਾਜਾਂ ਦਾ ਪਾਲਣ ਕਰਨਾ ਸਮੂਹਿਕ ਰੱਖਿਆ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣਾ ਜ਼ਰੂਰੀ ਸਮਝਿਆ ਜਾਂਦਾ ਸੀ। ਇਸ ਇਸ ਲਈ ਇਸ ਕਾਲ ਦੇ ਸਮਾਜਿਕ ਮੁੱਲਾਂ ਵਿਚ ਸਹਿਣਸ਼ੀਲਤਾ, ਦੇਸ਼ ਪ੍ਰੇਮ, ਵੀਰਤਾ, ਪਵਿੱਤਰਤਾ, ਕਰਤੱਵ ਅਤੇ ਸਮੂਹਿਕ ਸਹਿਹੋਂਦ ਆਦਿ ਉਚੇਰੇ ਮੁੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੇ ਹਨ।

## 2. ਆਰਥਿਕ ਮੁੱਲ

ਆਰਥਿਕ ਮੁੱਲਾਂ ਅਧੀਨ ਉਨ੍ਹਾਂ ਲੋਕਾਂ ਦੀ ਰੋਟੀ ਰੋਜ਼ੀ, ਧਨ ਸੰਬੰਧੀ ਕੋਸ਼ਿਸ਼ਾਂ ਅਤੇ ਸਾਧਨ ਆ ਜਾਂਦੇ ਹਨ:-

### 1. ਖੇਤੀਬਾੜੀ

ਆਰੀਆ ਸੱਭਿਅਤਾ ਗ੍ਰਾਮੀਣ ਸੱਭਿਅਤਾ ਸੀ। ਲੋਕ ਪਿੰਡਾਂ ਵਿਚ ਰਹਿੰਦੇ

ਸਨ ,ਉਨ੍ਹਾਂ ਦਾ ਮੁੱਖ ਕੰਮ ਖੇਤੀਬਾੜੀ ਸੀ। ਜ਼ਮੀਨ ਦੋ ਭਾਗਾਂ ਵਿਚ ਵੰਡੀ ਹੋਈ ਸੀ ਉਰਵਰਾ ਅਤੇ ਖਲਾਅ- ਉਰਵਰਾ ਖੇਤੀ ਲਈ ਤੇ ਖਲਾਅ ਤੇ ਘਾਹ ਉੱਗਦਾ ਸੀ। ਇਹ ਜ਼ਮੀਨ ਸਭ ਦੀ ਸਾਂਝੀ ਹੁੰਦੀ ਸੀ ਉਹ ਇਸ ਵਿਚ ਪਸ਼ੂ ਚਰਾਉਂਦੇ ਸਨ। ਆਰੀਆ ਕਣਕ, ਜੌਂ, ਧਾਨ, ਦਾਲਾਂ, ਕਪਾਹ, ਤੇਲ ਦੇ ਬੀਜਾਂ ਆਦਿ ਦੀ ਖੇਤੀ ਕਰਦੇ ਸਨ। ਕਿਸਾਨ ਵਰਖਾ ਦੇ ਪਾਣੀ ਤੇ ਨਿਰਭਰ ਕਰਦੇ ਸਨ ਪਰ ਨਾਲ ਹੀ ਖੂਹ ਅਤੇ ਨਹਿਰਾਂ ਤੋਂ ਪਾਣੀ ਲੈ ਲਿਆ ਜਾਂਦਾ ਸੀ। ਆਰੀਆ ਖੇਤੀਬਾੜੀ ਦੀਆਂ ਸਭ ਵਿਧੀਆਂ ਤੋਂ ਜਾਣੂ ਸਨ। ਭੂਮੀ ਬੈਲ ਅਤੇ ਹਲ ਦੀ ਸਹਾਇਤਾ ਨਾਲ ਵਾਹੀ ਜਾਂਦੀ ਸੀ।

2. ਵਪਾਰ

ਵਪਾਰ ਵਸਤੂਆਂ ਦੀ ਅਦਲਾ ਬਦਲੀ ਦਾ ਹੁੰਦਾ ਸੀ ਚੀਜ਼ਾਂ ਦਾ ਮੁੱਲ ਗਾਵਾਂ ਦੇ ਰੂਪ ਵਿਚ ਨਿਸ਼ਚਿਤ ਕੀਤਾ ਜਾਂਦਾ ਸੀ। ਨਿਸ਼ਕ ਨਾਮ ਦਾ ਸਿੱਕਾ ਵੀ ਪ੍ਰਚਲਿਤ ਸੀ। ਵਪਾਰ ਜਲ ਅਤੇ ਥਲ ਦੋਨਾਂ ਮਾਰਗਾਂ ਤੋਂ ਕੀਤਾ ਜਾਂਦਾ ਸੀ। ਅਨਾਜ ,ਦਾਲਾਂ,ਕਪੜਾ ਅਤੇ ਚਮੜੇ ਦੀਆਂ ਚੀਜ਼ਾਂ ਦਾ ਵਪਾਰ ਜ਼ਿਆਦਾ ਹੁੰਦਾ ਸੀ।

3. ਪਸ਼ੂ ਪਾਲਣ

ਪਸ਼ੂਆਂ ਨੂੰ ਪਾਲਣਾ ਆਰੀਆਂ ਦਾ ਮੁੱਖ ਧੰਦਾ ਸੀ। ਉਹ ਗਾਂ, ਘੋੜਾ, ਬੈਲ, ਮੱਝ, ਭੇਡ, ਬੱਕਰੀ, ਕੁੱਤਾ, ਸੂਰ ਆਦਿ ਪਸ਼ੂ ਪਾਲਦੇ ਸਨ। ਗਾਂ ਨੂੰ ਪਵਿੱਤਰ ਮੰਨ ਕੇ ਉਸਦੀ ਪੂਜਾ ਕੀਤੀ ਜਾਂਦੀ ਸੀ। ਉਹ ਗਾਂ ਦੇ ਦੁੱਧ ਤੋਂ ਅਨੇਕ ਤਰ੍ਹਾਂ ਦੇ ਪਦਾਰਥ ਬਣਾਉਂਦੇ ਘੋੜਾ, ਘੋੜਦੌੜ ਅਤੇ ਰਥ ਖਿੱਚਣ ਦੇ ਕੰਮ ਆਉਂਦਾ।

4. ਹੋਰ ਕਿੱਤੇ

ਲੋਕਾਂ ਦੇ ਉਦਯੋਗ ਬਹੁਤ ਉੱਨਤ ਸਨ। ਉਹ ਕਪੜਾ ਬੁਣਦੇ, ਚਮੜਾ ਰੰਗਦੇ, ਗਹਿਣੇ ਬਣਾਉਂਦੇ ਸਨ। ਖੇਤੀ ਲਈ ਹਲ ਯੁੱਧ ਲਈ ਰੱਥਾਂ ਦਾ ਨਿਰਮਾਣ ਕਰਦੇ ਸਨ। ਘੁਮਿਆਰ ਮਿੱਟੀ ਦੇ ਬਰਤਨ ਅਤੇ ਸੁਨਿਆਰ ਗਹਿਣੇ ਬਣਾਉਂਦੇ, ਲੁਹਾਰ ਲੋਹੇ ਦੇ ਸ਼ਾਸਤਰ, ਕੁਝ ਨਰ-ਨਾਰੀਆਂ ਕਪੜੇ ਸਿਊਣ ਅਤੇ ਚਟਾਈ ਬਣਾਉਣ ਦਾ ਕੰਮ ਕਰਦੇ। ਕੁਝ ਲੋਕ

ਚਿਕਿਤਸਾ ਦਾ ਕੰਮ ਕਰਦੇ। ਉਹ ਜੜ੍ਹੀ ਬੂਟੀਆਂ ਤੋਂ ਅਨੇਕ ਔਸ਼ਧੀਆਂ ਤਿਆਰ ਕਰਕੇ ਅਲੱਗ ਅਲੱਗ ਰੋਗਾਂ ਦਾ ਇਲਾਜ ਕਰਦੇ। ਆਰੀਆਂ ਦੇ ਉਦਯੋਗਾਂ ਦੇ ਵਿਸ਼ੇ ਵਿਚ ਮਹੱਤਵ-ਪੂਰਨ ਗੱਲ ਸੀ ਕਿ ਉਨ੍ਹਾਂ ਦੇ ਸਮਾਜ ਵਿਚ ਕਿਸੇ ਵੀ ਕਿੱਤੇ ਨੂੰ ਨੀਵਾਂ ਨਹੀਂ ਮੰਨਿਆ ਜਾਂਦਾ ਸੀ ਅਤੇ ਉਸਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਿਆ ਜਾਂਦਾ ਸੀ।[16]

ਇਸ ਕਾਲ ਦੇ ਲੋਕ ਆਰਥਿਕ ਤੌਰ ਤੇ ਸਮਰੱਥ ਦਿਖਾਈ ਦਿੰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਰੋਜ਼ੀ-ਰੋਟੀ ਦੇ ਮੁੱਖ ਧੰਦਿਆਂ ਪਸ਼ੂ ਪਾਲਣ ਅਤੇ ਖੇਤੀਬਾੜੀ ਦੇ ਨਾਲ ਨਾਲ ਸ਼ਿਲਪ ਵਿਚ ਵੀ ਚੰਗੀ ਤਰੱਕੀ ਕਰ ਲਈ ਸੀ। ਇਸ ਨਾਲ ਉਨ੍ਹਾਂ ਦੀ ਉਪਜੀਵਕਾ ਦੇ ਸਾਧਨਾਂ ਵਿਚ ਵਿਭਿੰਨਤਾ ਆਈ। ਇਸ ਤਰ੍ਹਾਂ ਤਰਖਾਣ, ਲੁਹਾਰ, ਘੁਮਾਰ, ਸੁਨਿਆਰ ਆਦਿ ਕਿੱਤਿਆਂ ਨਾਲ ਸੰਬੰਧਿਤ ਵਰਗ ਹੋਂਦ ਵਿਚ ਆਏ ਜਿਨ੍ਹਾਂ ਕਾਰਨ ਵੱਖਰੀ ਕਿਸਮ ਦਾ ਆਰਥਿਕ ਮੁੱਲ-ਯੁਕਤ ਪ੍ਰਬੰਧ ਹੋਂਦ ਵਿਚ ਆਇਆ।

ਜੂਆ ਖੇਡਣ ਦੀ ਬੁਰੀ ਪ੍ਰਥਾ ਚਾਲੂ ਸੀ। ਕਰਜ਼ਾ ਲੈਣ ਦੇਣ ਦਾ ਰਿਵਾਜ ਸੀ ਕਈ ਵਾਰ ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਦਾਸ ਬਣਨਾ ਪੈਂਦਾ ਸੀ। ਇਸ ਪ੍ਰਬੰਧ ਵਿਚ ਜਾਇਦਾਦ ਰੱਖਣ, ਬਿਨ੍ਹਾਂ ਭੇਦਭਾਵ ਕੀਤਾ ਅਪਣਾਉਣ ਦੀ ਸੁਤੰਤਰਤਾ, ਇਸਤਰੀਆਂ ਦਾ ਆਰਥਿਕ ਖੇਤਰ ਵਿਚ ਕੰਮ ਕਰਨ ਦਾ ਅਧਿਕਾਰ (ਕੱਤਣਾ, ਰੰਗਣਾ, ਬੁਣਨਾ, ਕਢਾਈ ਆਦਿ), ਪਸ਼ੂਆਂ ਪ੍ਰਤੀ ਦਿਆਲਤਾ, ਇਮਾਨਦਾਰੀ, ਅਮਾਨਤ, ਵਿਸ਼ਵਾਸ, ਸੁਖ-ਸੁਵਿਧਾ ਅਤੇ ਧਨ ਆਦਿ ਮੁੱਲ ਪ੍ਰਧਾਨ ਰਹੇ।

## 3. ਧਾਰਮਿਕ ਮੁੱਲ

### 1. ਪ੍ਰਕਿਰਤੀ ਅਤੇ ਪ੍ਰਾਕ੍ਰਿਤਕ ਦੇਵੀ ਦੇਵਤਿਆਂ ਦੀ ਪੂਜਾ

ਪ੍ਰਕਿਰਤੀ ਨੂੰ ਦੈਵੀ ਸ਼ਕਤੀ ਮੰਨ ਕੇ ਉਸਦੀ ਵਿਚਿੱਤਰ ਸੁੰਦਰ, ਭਿਆਨਕ ਅਤੇ ਰਹੱਸਮਈ ਵਸਤੂਆਂ ਦੇ ਵਿਭਿੰਨ ਸਰੂਪਾਂ ਨੂੰ ਸਵੀਕਾਰ ਕੀਤਾ ਅਤੇ ਇਨ੍ਹਾਂ ਨੂੰ ਦੇਵੀ ਦੇਵਤੇ ਮੰਨ ਕੇ ਉਪਾਸਨਾ ਕਰ ਦਿੱਤੀ। ਆਰੀਆਂ ਬਹੁ-ਦੇਵਤਾਵਾਦੀ ਸਨ। ਦੇਵਤਾ ਸ਼ਕਤੀ

ਦੇ ਪ੍ਰਤੀਕ ਸਨ। ਆਰੀਆ ਨੇ ਉਨ੍ਹਾਂ ਦਾ ਮਾਨਵੀਕਰਣ ਕਰ ਲਿਆ। ਆਰੀਆਂ ਦੇਵੀ ਦੇਵਤਿਆਂ ਦੀ ਸੰਖਿਆ 33 ਸੀ। ਇਨ੍ਹਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ:-

1. ਸਵਰਗ ਵਿਚ ਰਹਿਣ ਵਾਲੇ ਜਿਵੇਂ ਸੂਰਜ, ਮਿਤਰ, ਵਿਸ਼ਣੂ, ਊਸ਼ਾ ਆਦਿ।
2. ਅੰਤਰਿਕਸ਼ ਨਿਵਾਸ। ਜਿਵੇਂ ਇੰਦਰ, ਹਵਾ, ਰੁਦਰ ਆਦਿ।
3. ਪ੍ਰਿਥਵੀ ਨਿਵਾਸੀ ਜਿਵੇਂ ਪ੍ਰਿਥਵੀ, ਸੋਮ, ਅਗਨੀ, ਸਰਸਵਤੀ ਆਦਿ।

ਵਰੁਣ ਦੇਵਤਿਆਂ ਵਿਚ ਸਰਬ ਸ੍ਰੇਸ਼ਠ ਮੰਨਿਆ ਜਾਂਦਾ ਸੀ। ਆਕਾਸ਼ ਅਤੇ ਪ੍ਰਿਥਵੀ ਦੀਆਂ ਸਾਰੀਆਂ ਵਸਤੂਆਂ ਵਿਚ ਉਨ੍ਹਾਂ ਦਾ ਵਾਸ ਮੰਨਿਆ ਜਾਂਦਾ ਹੈ ਉਹ ਸੱਚ ਅਤੇ ਨੈਤਿਕਤਾ ਦਾ ਪ੍ਰਤੀਕ ਸੀ। ਉਹ ਆਕਾਸ਼ ਅਤੇ ਪ੍ਰਿਥਵੀ ਦੀਆਂ ਸਾਰੀਆਂ ਵਸਤੂਆਂ ਵਿਚ ਵਾਸ ਕਰਦਾ ਸੀ। ਉਹ ਸੱਚ ਅਤੇ ਨੈਤਿਕਤਾ ਦਾ ਪ੍ਰਤੀਕ ਸੀ। ਇਸਨੂੰ ਆਕਾਸ਼ ਪ੍ਰਿਥਵੀ ਅਤੇ ਸੂਰਜ ਦਾ ਨਿਰਮਾਤਾ ਸਮਝਿਆ ਜਾਂਦਾ ਸੀ (ਰਿਗਵੇਦ) ਵਿਚ ਖਿਮਾਂ ਜਾਚਨਾ (ਮਾਫੀ ਮੰਗਣਾ) ਸੰਬੰਧੀ ਅਨੇਕ ਮੰਤਰ ਹਨ:-

> "ਵਰੁਣ ਦੇਵ ਜੀ ਸਾਨੂੰ ਸਾਡੇ ਪਿੱਤਰਾਂ ਅਤੇ ਖੁਦ ਦੇ ਕੀਤੇ ਪਾਪਾਂ ਤੋਂ ਛੁਟਕਾਰਾ ਦਿਵਾਉ।"[17]

ਵਰੁਣ ਤੋਂ ਬਾਅਦ ਇੰਦਰ ਦਾ ਸਥਾਨ ਆਉਂਦਾ। ਉਹ ਆਂਧੀ ਤੂਫਾਨ, ਬਿਜਲੀ ਅਤੇ ਵਰਖਾ ਦਾ ਦੇਵਤਾ ਸੀ ਇਸਦੀ ਉਸਤਤ ਬਾਰੇ ਰਿਗਵੇਦ ਵਿਚ 250 ਰਚਨਾਵਾਂ ਹਨ। ਵਰਖਾ ਪ੍ਰਾਪਤੀ ਲਈ ਆਰੀਆਂ ਉਸਦੀ ਉਸਤਤ ਅਤੇ ਯੱਗ ਕਰਦੇ। ਰਿਗਵੇਦ ਦੇ ਇਕ ਸੂਕਤ ਵਿਚ ਆਉਂਦਾ ਹੈ:-

> "ਹੇ ਇੰਦਰ ਤੁਸੀਂ ਵਜਰਧਾਰਣ ਹੋ ਤੁਸੀਂ ਵਰਖਾ ਕਰਕੇ ਸਾਡੇ ਤੇ ਅਪਾਰ ਕ੍ਰਿਪਾ ਕੀਤੀ ਹੈ। ਸਾਡੀ ਪ੍ਰਾਰਥਨਾ ਨੂੰ ਕਦੇ ਵੀ ਅਸਵੀਕਾਰ ਨਾ ਕਰਨਾ।"[18]

ਇਕ ਹੋਰ ਸੂਕਤ ਵਿਚ ਵਰਨਣ ਇਸ ਪ੍ਰਕਾਰ ਮਿਲਦਾ ਹੈ:-

> "ਹੇ ਇੰਦਰ ਸਾਡੇ ਕੋਲ ਲੜਨ ਲਈ ਬਹੁਤ ਸ਼ਕਤੀ ਹੈ ਕਿਉਂਕਿ ਤੁਸੀਂ ਮੇਰੇ ਰਖਸ਼ਕ ਹੋ। ਅਸੀਂ ਤੁਹਾਡੀ ਸਹਾਇਤਾ ਨਾਲ ਦੁਸ਼ਮਣ ਤੇ ਜਿੱਤ ਪ੍ਰਾਪਤ ਕਰ ਲਵਾਂਗੇ।"[19]

ਵਾਯੂਮੰਡਲ ਦੇ ਦੇਵਤਿਆਂ ਵਿਚ ਹਵਾ, ਮਰੁਤ ਅਤੇ ਰੁਦਰ ਜ਼ਿਆਦਾ ਮਹਾਨ ਸਨ। ਪ੍ਰਿਥਵੀ ਨਿਵਾਸੀ ਦੇਵਤਿਆਂ ਵਿਚ ਅਗਨੀ, ਸੋਮ ਅਤੇ ਸਰਸਵਤੀ ਪ੍ਰਮੁੱਖ ਸਨ। ਆਰੀਆਂ ਅੱਗ ਦੀ ਪੂਜਾ ਇਸ ਲਈ ਕਰਦੇ ਸਨ ਕਿ ਅੱਗ ਭਗਤਾਂ ਦੁਆਰਾ ਦਿੱਤੀ ਗਈ ਆਹੂਤੀ ਨੂੰ ਦੇਵਤਿਆਂ ਤੱਕ ਪਹੁੰਚਾਉਂਦੀ ਸੀ। ਸੋਮਰਸ ਤੋਂ ਆਨੰਦ, ਉਲਾਸ ਸਫੂਰਤੀ ਪ੍ਰਾਪਤ ਹੁੰਦੇ ਸਨ। ਉਨ੍ਹਾਂ ਨੇ ਇਸਨੂੰ ਦੇਵਤਾ ਦਾ ਰੂਪ ਦੇ ਦਿੱਤਾ। ਦੇਵੀਆਂ ਵਿਚ ਊਸ਼ਾ ਦਾ ਸਥਾਨ ਪ੍ਰਮੁੱਖ ਸੀ।

2. ਮੰਤਰ ਧਿਆਨ ਯੱਗ ਅਤੇ ਬਲੀ

ਆਰੀਆ ਨੇ ਮੰਦਰ, ਨਾ ਹੀ ਮੂਰਤੀਆਂ ਬਣਾਈਆਂ। ਉਹ ਖੁੱਲ੍ਹੀ ਹਵਾ ਵਿਚ ਮੰਤਰਾਂ ਦਾ ਉਚਾਰਨ ਕਰਦੇ। ਅੱਗ ਬਾਲ ਕੇ ਉਸ ਵਿਚ ਘਿਉ, ਦੁੱਧ, ਸੋਮਰਸ ਦੀ ਆਹੂਤੀ ਪਾਉਂਦੇ। ਆਰੀਆ ਯੱਗ ਆਪ ਹੀ ਕਰਦੇ ਕੋਈ ਪੰਡਤ ਜਾਂ ਪ੍ਰੋਹਤ ਨਹੀਂ ਸੀ ਹੁੰਦਾ। ਯੱਗਾਂ ਵਿਚ ਕਈ ਕਈ ਪਸ਼ੂ ਬਲੀ ਵੀ ਦਿੱਤੀ ਜਾਂਦੀ ਉਨ੍ਹਾਂ ਦੀ ਧਾਰਨਾ ਸੀ ਕਿ ਦੇਵਤੇ ਯੱਗ ਕਰਨ। ਉਪਾਸਨਾ ਕਰਨ ਅਤੇ ਉਪਹਾਰ ਦੇਣ ਨਾਲ ਪ੍ਰਸੰਨ ਹੁੰਦੇ ਹਨ ਅਤੇ ਸੁੱਖ ਪ੍ਰਦਾਨ ਕਰਦੇ ਹਨ।

3. ਦਰਸ਼ਨ

ਆਰੀਆਂ ਦੇ ਵਿਚਾਰਾਂ ਦੀ ਗੱਲ ਕਰਨ ਤੇ ਪਤਾ ਲੱਗਦਾ ਹੈ ਕਿ ਆਰੀਆਂ ਨਿਰਾਸ਼ਾਵਾਦੀ ਸਨ। ਉਹ ਸੰਸਾਰਿਕ ਜੀਵਨ ਨੂੰ ਪਸੰਦ ਕਰਦੇ। ਉਹ ਪਰਮਾਤਮਾ ਨੂੰ ਪਾਉਣ ਲਈ ਨਹੀਂ ਸਨ ਭਟਕਦੇ। ਉਹ ਗ੍ਰਿਹਸਥ ਆਸ਼ਰਮ ਵਿਚ ਰਹਿ ਕੇ ਦੇਵਤਿਆਂ ਦੀ ਉਪਾਸਨਾ ਕਰਦੇ। ਚੰਗੇ ਗੁਣਾਂ ਅਤੇ ਨੈਤਿਕਤਾ ਤੇ ਜ਼ੋਰ ਦਿੰਦੇ। ਉਹ ਮੰਨਦੇ ਸਨ ਕਿ ਆਤਮਾ ਅਤੇ ਮੌਤ ਦੇ ਬਾਅਦ ਪਿੱਤਰਲੋਕ ਵਿਚ ਚਲੀ ਜਾਂਦੀ ਹੈ। ਉਹ ਪੁਨਰਜਨਮ ਵਿਚ ਵਿਸ਼ਵਾਸ ਰੱਖਦੇ ਸਨ।

4. ਇਕ-ਈਸ਼ਵਰ ਦੀ ਪੂਜਾ

ਆਰੀਆ ਪ੍ਰਕਿਰਤੀ ਦੇ ਅਨੇਕ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਹੋਏ ਵੀ ਇਕ ਈਸ਼ਵਰ ਤੇ ਭਰੋਸਾ ਕਰਦੇ ਸਨ। ਉਸਨੂੰ ਹੀ ਸਾਰੇ ਦੇਵੀ-ਦੇਵਤਿਆਂ ਦੀ ਸ਼ਕਤੀ ਦਾ

ਸਰੋਤ ਮੰਨਦੇ ਸਨ। ਰਿਗਵੇਦ ਵਿਚ ਈਸ਼ਵਰ ਨੂੰ ਸਰਬ ਸ਼ਕਤੀਮਾਨ —ਸਰਬਵਿਆਪੀ ਅਤੇ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਕਿਹਾ ਗਿਆ ਹੈ ਉਸੇ ਈਸ਼ਵਰ ਨੂੰ ਕਦੇ ਇੰਦਰ ਕਦੇ ਵਰੁਣ ਅਤੇ ਕਦੀ ਅਗਨੀ ਕਹਿ ਦਿੰਦੇ ਹਨ। ਰਿਗਵੇਦ ਵਿਚ ਲਿਖਿਆ ਹੈ ਕਿ ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਉਹ ਅਨੇਕ ਦੇਵਤਿਆਂ ਦੇ ਨਾਮ ਨਾਲ ਪ੍ਰਸਿੱਧ ਹੁੰਦੇ ਹੋਏ ਵੀ ਇਕ ਹੈ।

ਉਪਰੋਕਤ ਵਿਚਾਰਾਂ ਤੋਂ ਅਸੀਂ ਸਿੱਟੇ ਤੇ ਪਹੁੰਚਦੇ ਹਾਂ ਕਿ ਵੈਦਿਕ ਕਾਲ ਵਿਚ ਲੋਕਾਂ ਨੇ ਜੀਵਨ ਮੁੱਲਾਂ /ਆਦਰਸ਼ਾਂ ਨੂੰ ਪ੍ਰਤੀਕਾਤਮਕ ਤੌਰ ਤੇ ਦੇਵਤੇ ਮੰਨਦਿਆਂ ਹੋਇਆਂ ਪੂਜਿਆ। ਇਸ ਤਰ੍ਹਾਂ ਹਰ ਇਕ ਦੇਵਤਾ ਵਿਸ਼ਿਸ਼ਟ ਜੀਵਨ ਵਿਚ ਚੰਗਿਆਈਆਂ ਦਾ ਚਿੰਨ੍ਹ ਬਣ ਗਿਆ ਜੇਕਰ ਦੇਵ ਸ਼ਬਦ ਦੇ ਅਰਥਾਂ ਨੂੰ ਲਿਆ ਜਾਵੇ ਤਾਂ ਚਾਨਣ ਦੇਣ ਵਾਲਾ ਦੀਪਕ ਨਿਕਲਦਾ ਹੈ। ਇਸਨੂੰ ਪ੍ਰਕਿਰਤੀ ਦੇ ਰੂਪ ਵਿਚ ਸੁੰਦਰਤਾ ਨੂੰ ਪ੍ਰਤੀਬਿੰਬਤ ਹੋਣ ਵਾਲਾ ਮੰਨਦਿਆਂ ਉਸ ਕਾਲ ਵਿਚ ਇੰਦਰ, ਅਗਨੀ, ਵਰੁਣ, ਸੂਰਜ, ਹਵਾ, ਬੱਦਲ, ਸਰਸਵਤੀ, ਜਲ ਆਦਿ ਦੇਵੀ ਦੇਵਤਿਆਂ ਦੀ ਪੂਜਾ ਉਨ੍ਹਾਂ ਦੇ ਗੁਣਾਂ ਅਤੇ ਮਨੁੱਖੀ ਜੀਵਨ ਲਈ ਕਿਸੇ ਨ ਕਿਸੇ ਤਰ੍ਹਾਂ ਸਹਾਇਕ ਹੋਣ ਕਾਰਨ ਕੀਤੀ ਜਾਂਦੀ ਸੀ।

4. ਰਾਜਨੀਤਿਕ ਮੁੱਲ

ਆਰੀਆ ਦੇ ਜੀਵਨ ਦਾ ਆਧਾਰ ਕੁਟੰਬ ਸੀ। ਕੁਟੰਬ ਮਿਲ ਕੇ ਇਕ ਪਿੰਡ ਵਿਚ ਰਹਿੰਦੇ ਸਨ। ਸਾਰੇ ਲੋਕਾਂ ਨੂੰ ਕਾਬੂ ਕਰਨ ਲਈ ਇਕ ਰਾਜਾ ਹੁੰਦਾ ਸੀ। ਰਿਗਵੇਦ ਕਾਲ ਵਿੱਚ ਅਨੇਕ ਛੋਟੇ ਛੋਟੇ ਰਾਜ ਸਨ। ਜਿਸ ਵਿਚ ਪਰਸਪਰ ਯੁੱਧ ਹੁੰਦੇ ਰਹਿੰਦੇ ਸਨ। ਇਸ ਕਾਲ ਵਿਚ ਸਾਰੇ ਆਰੀਆ ਦੇਸ਼ ਵਿਚ ਰਾਜਨੀਤਿਕ ਏਕਤਾ ਸਥਾਪਿਤ ਨਹੀਂ ਹੋਈ ਸੀ।

1. <u>ਰਾਜਾ ਅਤੇ ਉਸਦੇ ਕਰਤੱਵ</u>

ਰਿਗਵੈਦਿਕ ਕਾਲ ਵਿਚ ਸ਼ਾਸਨ ਰਾਜਨੀਤਿਕ ਰਾਜਾ ਦਾ ਪਦ ਪੈਤ੍ਰਿਕ ਸੀ ਪਰ ਰਾਜਾ ਦੇ ਕੋਈ ਨਾ ਹੋਣ ਤੇ ਹੋਰ ਰਾਜੇ ਨੂੰ ਗੱਦੀ ਤੇ ਬਿਠਾਇਆ ਜਾ ਸਕਦਾ ਸੀ। ਰਾਜ ਸੱਤਾ ਨੂੰ ਕਾਇਮ ਰੱਖਣ ਲਈ ਉਸਨੂੰ ਜਨਤਾ ਦੀ ਆਗਿਆ ਲੈਣੀ ਪੈਂਦੀ ਸੀ। ਰਾਜ ਲੈਣ ਸਮੇਂ ਉਸਨੂੰ ਸਹੁੰ ਚੁਕਣੀ ਪੈਂਦੀ ਸੀ ਕਿ —ਜੇ ਮੈਂ ਹਿਤ ਦੇ ਵਿਰੁੱਧ ਕੰਮ ਕਰਾਂ ਤਾਂ ਮੇਰੇ

ਜਨਮ ਮਰਨ ਦੇ ਸਾਰੇ ਕਰਮ ਹੋ ਜਾਣ ਮੈਂ ਆਪਣੇ ਜੀਵਨ ਅਤੇ ਸੰਤਾਨ ਤੋਂ ਵੀ ਵੰਚਿਤ ਹੋ ਜਾਵਾਂ।

ਲੋਕਹਿੱਤ ਦੀ ਭਾਵਨਾ ਸਭ ਤੋਂ ਉਪਰ ਹੁੰਦੀ ਸੀ। ਰਾਜਾ ਆਪਣੀ ਪਰਜਾ ਅਤੇ ਰਾਜ ਦੀ ਰਖਿਆ ਕਰਦਾ ਸੀ। ਰਾਜ ਵਿਚ ਸ਼ਾਂਤੀ ਰੱਖਣਾ ਅਤੇ ਸ਼ਾਂਤੀ ਦੇ ਸਮੇਂ ਸਮਾਜਿਕ ਅਤੇ ਧਾਰਮਿਕ ਉਤਸਵਾਂ ਵਿਚ ਜਨਤਾ ਦਾ ਪ੍ਰਤੀਨਿਧੱਤਵ ਕਰਨਾ ਅਤੇ ਨਿਆਂ ਕਰਨਾ ਉਸਦੇ ਮੁੱਖ ਕਰਤੱਵ ਸਨ। ਰਾਜਾ ਚਰਿੱਤਰਵਾਨ ਅਤੇ ਧਰਮਾਤਮਾ ਹੁੰਦਾ ਸੀ। ਉਹ ਪਰਜਾ ਦਾ ਭੌਤਿਕ ਅਤੇ ਨੈਤਿਕ ਉਨਤੀ ਲਈ ਯਤਨ ਕਰਦਾ। ਉਹ ਸੁੰਦਰ ਕਪੜੇ ਪਾਉਂਦਾ ਅਤੇ ਸ਼ਾਨਦਾਰ ਮਹਿਲਾਂ ਵਿਚ ਰਹਿੰਦਾ।

## 2. ਸਭਾ ਅਤੇ ਸਮਿਤੀ

ਰਾਜਾ ਦੇ ਸ਼ਾਸਨ ਸੰਬੰਧੀ ਕੰਮਾਂ ਲਈ ਸਭਾ ਅਤੇ ਸਮਿਤੀ ਨਾਮ ਦੀਆਂ ਦੋ ਰਾਜਨੀਤਿਕ ਸੰਸਥਾਵਾਂ ਸਨ। ਇਹਨਾਂ ਦੇ ਸਰੂਪ ਅਤੇ ਸੰਗਠਨ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਜ਼ਿਮਰ( Zimmer ) ਦੇ ਵਿਚਾਰ ਅਨੁਸਾਰ ਸਭਾ ਕੇਵਲ ਪਿੰਡ ਦੇ ਲੋਕਾਂ ਦਾ ਸੰਘ ਸੀ ਜਦੋਂ ਕਿ ਸਮਿਤੀ ਵਿਚ ਰਾਜ ਦੇ ਮੈਂਬਰ ਇਕੱਠੇ ਹੁੰਦੇ ਸਨ ਅਤੇ ਰਾਜਾ ਵੀ ਇਸ ਵਿਚ ਭਾਗ ਲੈਂਦਾ ਸੀ। ਕੈਥ( Keith) ਅਨੁਸਾਰ ਸਮਿਤੀ ਸਾਰੇ ਕਬੀਲੇ ਦੀ ਪ੍ਰਤੀਨਿਧ ਸੀ ਜਦੋਂ ਕਿ ਸਭਾ ਉਸ ਸਥਾਨ ਦਾ ਨਾਮ ਸੀ ਜਿਥੇ ਸਮਿਤੀ ਦੇ ਅਧਿਵੇਸ਼ਨ ਹੁੰਦੇ ਸਨ। ਪ੍ਰਸਿੱਧ ਭਾਰਤੀ ਲੇਖਕ ਡਾ. ਕੇ.ਪੀ.ਜਾਇਸਵਾਲ[20] (Dr. K.P.Jayasval ਡਾ. ਆਰ.ਸੀ. ਮਜੂਮਦਾਰ[21] ਅਤੇ ਡਾ. ਤ੍ਰਿਪਾਠੀ ਇਸ ਮੱਤ ਨਾਲ ਸਹਿਮਤ ਹਨ ਜੋ ਲੁਡਵਿਗ( Ludving ) ਨੇ ਪੇਸ਼ ਕੀਤਾ ਹੈ ਕਿ ਸਮਿਤੀ ਰਾਜ ਦੀ ਸਾਰੀ ਪਰਜਾ ਦੀ ਸੰਸਥਾ ਸੀ ਅਤੇ ਸਭਾ ਕੇਵਲ ਥੋੜਿਆਂ ਬੰਦਿਆਂ ਦੀ ਸੰਸਥਾ ਸੀ ਜਿਸ ਵਿਚ ਕੇਵਲ ਯੋਗ ਅਤੇ ਮਹਾਨ ਨਾਗਰਿਕ ਅਤੇ ਪ੍ਰਮੁੱਖ ਰਾਜ-ਅਧਿਕਾਰੀ ਹੀ ਬੁਲਾਏ ਜਾਂਦੇ ਸਨ।

ਸਭਾ ਦਾ ਪ੍ਰਧਾਨ ਸਭਾਪਤੀ ਕਹਾਉਂਦਾ ਸੀ ਸਭਾ ਵਿਚ ਵਿਚਾਰ ਕਰਨ ਦੀ ਖੁਲ੍ਹ ਹੁੰਦੀ ਸੀ ਅਤੇ ਸਭ ਪ੍ਰਸਤਾਵ ਬਹੁਮੱਤ ਵਿਚ ਪਾਸ ਹੁੰਦੇ ਸਨ। ਸਮਿਤੀ ਪੂਰੇ ਕਬੀਲੇ ਦੀ ਪ੍ਰਤੀਨਿਧ ਹੁੰਦੀ ਸੀ ਇਸ ਵਿਚ ਰਾਜਨੀਤਿਕ ਅਤੇ ਸ਼ਾਸਨ ਸੰਬੰਧੀ ਵਿਸ਼ਿਆਂ ਤੇ ਵਾਦ-ਵਿਵਾਦ ਹੁੰਦਾ ਸੀ। ਗੱਦੀ ਤੇ ਬੈਠਣ ਸਮੇਂ ਰਾਜਾ ਨੂੰ ਸਮਿਤੀ ਦੇ ਸਾਹਮਣੇ ਸਹੁੰ ਲੈਣ

ਪੈਂਦੀ ਸੀ। ਦੁਸ਼ਟ ਸ਼ਾਸਕ ਨੂੰ ਹਟਾਉਣ ਲਈ ਪ੍ਰਸਤਾਵ ਸਮਿਤੀ ਵਿਚ ਪਾਸ ਕੀਤਾ ਜਾਂਦਾ ਸੀ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਦੋਨੋਂ ਸੰਸਥਾਵਾਂ ਦਾ ਬੜਾ ਮਹੱਤਵ ਸੀ। ਉਹ ਰਾਜਾ ਦੀਆਂ ਸ਼ਕਤੀਆਂ ਤੇ ਧਿਆਨ ਰਖਦੀਆਂ ਸਨ।

3. ਨਿਆਂ-ਵਿਵਸਥਾ

ਰਾਜਾ ਸਰਵ ਉੱਚ ਨਿਆਂਧੀਸ਼ ਹੁੰਦਾ ਸੀ। ਚੋਰੀ, ਡਕੈਤੀ, ਪਸ਼ੂਆਂ ਦੀ ਚੋਰੀ ਆਦਿ ਮੁੱਖ ਅਪਰਾਧ ਸਨ। ਅਪਰਾਧੀ ਨੂੰ ਸਜ਼ਾ ਦਿੱਤੀ ਜਾਂਦੀ ਸੀ। ਰਿਣ ਨਾ ਦੇਣ ਵਾਲੇ ਵਿਅਕਤੀ ਨੂੰ ਰਿਣਦਾਤਾ ਦਾ ਦਾਸ ਬਣਨਾ ਪੈਂਦਾ ਸੀ। ਉੱਚ ਸ਼੍ਰੇਣੀ ਦੇ ਵਿਅਕਤੀ ਦੀ ਹੱਤਿਆ ਕਰਨ ਤੇ 400 ਗਾਵਾਂ ਦੰਡ ਦੇ ਰੂਪ ਵਿਚ ਅਪਰਾਧੀ ਨੂੰ ਮਿਰਤਕ ਦੇ ਸੰਬੰਧੀਆਂ ਨੂੰ ਦੇਣੀਆਂ ਪੈਂਦੀਆਂ ਸਨ। ਨਿਰਦੋਸ਼ ਸਿੱਧ ਕਰਨ ਲਈ ਅਗਨੀ ਅਤੇ ਜਲ ਪ੍ਰੀਖਿਆ ਪ੍ਰਚੱਲਿਤ ਸਨ। ਛੋਟੇ ਛੋਟੇ ਫੌਜਦਾਰੀ ਅਤੇ ਦੀਵਾਨੀ ਝਗੜਿਆਂ ਦਾ ਫੈਸਲਾ ਗ੍ਰਾਮ ਪੰਚਾਇਤਾਂ ਕਰਦੀਆਂ ਸਨ।

4. ਯੁੱਧ ਪ੍ਰਣਾਲੀ

ਆਰੀਆ ਬੜੇ ਯੁੱਧਪ੍ਰਿਯ ਸਨ ਅਤੇ ਰਾਜਨੀਤਿਕ ਜੀਵਨ ਵਿਚ ਯੁੱਧ ਦਾ ਬੜਾ ਮਹੱਤਵਪੂਰਨ ਸਥਾਨ ਸੀ। ਉਨ੍ਹਾਂ ਨੇ ਭਾਰਤ ਦੇ ਅਨਾਰੀਆਂ ਨਾਲ ਯੁੱਧ ਕੀਤੇ। ਉਨ੍ਹਾਂ ਦੀ ਕੋਈ ਸਥਾਈ ਸੈਨਾ ਨਹੀਂ ਸੀ ਪਰੰਤੂ ਲੋੜ ਪੈਣ ਤੇ ਸਾਰੇ ਲੋਕ ਯੁੱਧ ਵਿਚ ਭਾਗ ਲੈਂਦੇ ਸਨ। ਯੁੱਧ ਦਾ ਰਾਜਾ ਆਪ ਨੇਤਾ ਹੁੰਦਾ ਸੀ। ਸੈਨਿਕ ਪੈਦਲ ਲੜਦੇ ਸਨ ਜਦ ਕਿ ਰਾਜਾ, ਮੰਤਰੀ ਅਤੇ ਸਰਦਾਰ ਰਥਾਂ ਤੇ ਲੜਦੇ ਸਨ। ਯੁੱਧ ਵਿਚ ਧਨੁਸ਼ ਬਾਣ, ਤਲਵਾਰ, ਭਾਲੇ, ਕੁਹਾੜੀਆਂ, ਬਰਛੇ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਸੀ। ਆਰੀਆਂ ਦੀ ਯੁੱਧ ਵਿਚ ਅਤੇ ਸੁੱਤੇ ਹੋਏ ਦੁਸ਼ਮਣ ਤੇ ਵਾਰ ਨਹੀਂ ਕੀਤਾ ਜਾਂਦਾ ਸੀ ਅਤੇ ਛਲ ਕਪਟ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਸੀ।

5. ਪਦ-ਅਧਿਕਾਰੀ

ਸ਼ਾਸਨ ਨੂੰ ਠੀਕ ਢੰਗ ਨਾਲ ਚਲਾਉਣ ਲਈ ਪਦਅਧਿਕਾਰੀ ਹੁੰਦੇ ਸਨ। ਇਨ੍ਹਾਂ ਵਿਚ ਪਰੋਹਿਤ, ਸੈਨਾਨੀ ਅਤੇ ਪਦਅਧਿਕਾਰੀ ਅਤੇ ਗ੍ਰਾਮਣੀ ਅਧਿਕਾਰੀਆਂ ਦਾ ਉਲੇਖ ਮਿਲਦਾ

ਵਿਚ ਮਿਲਦਾ ਹੈ। ਪਰੋਹਿਤ ਦਾ ਪਦ ਮਹੱਤਵਪੂਰਨ ਸੀ। ਉਹ ਰਾਜਾ ਦੇ ਸਾਰੇ ਕੰਮ ਕਰਦਾ ਸੀ। ਪਰੋਹਿਤ ਰਾਜ ਦੀ ਭੌਤਿਕ, ਅਧਿਆਤਮਿਕ ਅਤੇ ਪਾਰਲੌਕਿਕ ਉੱਨਤੀ ਦੇ ਲਈ ਯਤਨਸ਼ੀਲ ਰਹਿੰਦਾ ਸੀ। ਪਰੋਹਿਤ ਦਾ ਪਦ ਪੈਤ੍ਰਿਕ ਸੀ। ਰਾਜਾ ਦਾ ਦੂਸਰਾ ਪ੍ਰਮੁੱਖ ਅਧਿਕਾਰੀ ਸੈਨਾਨੀ ਸੀ ਜੋ ਸੈਨਾ ਦਾ ਸੈਨਾਪਤੀ ਹੁੰਦਾ ਸੀ ਜੋ ਯੁੱਧ ਵਿਚ ਸੈਨਾ ਦਾ ਸੰਚਾਲਨ ਕਰਦਾ ਸੀ। ਤੀਸਰਾ ਅਧਿਕਾਰੀ ਗ੍ਰਾਮ ਦਾ ਮੁੱਖੀਆ ਹੁੰਦਾ ਸੀ। ਯੁੱਧ ਦੇ ਸਮੇਂ ਉਹ ਰਾਜਾ ਦੀ ਸੈਨਿਕ ਸਹਾਇਤਾ ਵੀ ਕਰਦਾ ਸੀ।

ਆਰੀਆਂ ਦੇ ਇਸ ਕਾਲ ਵਿਚ ਇਕ ਸੰਤੁਲਿਤ ਰਾਜਨੀਤਕ ਪ੍ਰਣਾਲੀ ਹੋਂਦ ਵਿਚ ਆ ਚੁੱਕੀ ਸੀ ਜਿਸਦੇ ਅਧੀਨ ਰਾਜ ਪ੍ਰਬੰਧ ਸੁਚਾਰੂ ਰੂਪ ਵਿਚ ਚਲਦਾ ਸੀ। ਸ਼ਾਸਨ ਵਿਚ ਅਨੁਸ਼ਾਸਨ ਸੀ ਤੇ ਅਨੁਸ਼ਾਸਨ ਹੇਠ ਅਧਿਕਾਰਾਂ ਪ੍ਰਤੀ ਜਾਗਰਿਕ ਸੀ। ਇਸ ਸੰਬੰਧ ਵਿਚ ਜਨ ਸਮੂਹਾਂ ਦਾ ਮੁੱਖੀ ਜਿਵੇ ਰਾਜਾ ਹੁੰਦਾ ਸੀ ਉਸਦੇ ਨਿਯੰਤਰਣ ਰੱਖਣ ਅਤੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਲਈ ਸੰਮਤੀ ਅਤੇ ਸਭਾ ਨਾਂ ਦੀਆਂ ਦੋ ਸੰਸਥਾਵਾਂ ਹੁੰਦੀਆਂ ਸਨ ਜਿਸਤੋਂ ਬਿਨ੍ਹਾਂ ਬਾਕੀ ਰਤਨੀ ਅਤੇ ਮੁੱਖ ਅਧਿਕਾਰੀ ਵੀ ਹੁੰਦੇ ਸਨ।

ਇਸ ਕਾਲ ਵਿਚ ਰਾਜਨੀਤਕ ਚੇਤਨਾ ਦੇ ਉਭਾਰ ਕਾਰਨ ਅਨੁਸ਼ਾਸਨ, ਨਿਆਂ, ਕਰਤੱਵ, ਭਾਵਨਾ, ਦੇਸ਼ ਪ੍ਰੇਮ, ਗਿਆਨ, ਸੁਤੰਤਰਤਾ, ਰਖਿਆ, ਕਲਾ ਨਿਪੁੰਨੀ, ਜਿੰਮੇਦਾਰੀ ਦੀ ਭਾਵਨਾ, ਸਾਹਸ, ਨਿਡਰਤਾ, ਜਨ-ਕਲਿਆਣ ਆਦਿ ਮੁੱਲ ਸਥਾਪਿਤ ਹੋਏ।

ਇਸ ਸੰਬੰਧ ਵਿਚ ਅਸੀਂ ਦੇਖਦੇ ਹਾਂ ਕਿ ਮਾਨਵ ਸੰਸਾਰ ਲਈ ਵੈਦਿਕ ਕਾਲ ਦੀ ਦੇਣ ਬੜੀ ਮਹੱਤਵਪੂਰਨ ਰਹੀ ਹੈ। ਇਸ ਕਾਲ ਦੇ ਸਾਹਿਤ ਅਤੇ ਇਤਿਹਾਸ ਦਾ ਮਨੁੱਖੀ ਮੁੱਲ ਵਿਕਾਸ ਤੋਂ ਸੰਬੰਧ ਬੜਾ ਗੌਰਵਮਈ ਹੈ। ਇਕ ਪ੍ਰਾਚੀਨ ਸੰਸਕ੍ਰਿਤੀ ਦਾ ਉਸਦੇ ਵਿਸ਼ਵਾਸਾਂ, ਸਿਧਾਂਤਾਂ, ਆਦਰਸ਼ਾਂ, ਵਿਚਾਰਧਾਰਾਵਾਂ ਦਾ ਗਿਆਨ ਸਾਨੂੰ ਵੈਦਿਕ ਸਾਹਿਤ ਤੋਂ ਪ੍ਰਾਪਤ ਹੁੰਦਾ ਹੈ ਅਤੇ ਵੇਦ ਉਸ ਸਭਿਅਤਾ ਦੇ ਜਾਣੇ ਲਈ ਇਕੋ ਇਕ ਸਰੋਤ ਹਨ। ਵੈਦਿਕ ਕਾਲ ਦੇ ਜੀਵਨ ਮੁੱਲਾਂ ਨੇ ਹਜ਼ਾਰਾਂ ਸਾਲਾਂ ਤੱਕ ਮਨੁੱਖੀ ਜੀਵਨ ਦਾ ਮਾਰਗ ਦਰਸ਼ਨ ਕੀਤਾ ਅਤੇ ਇਕ ਸੰਤੁਲਿਤ ਸੁਚਾਰੂ, ਸਵੱਛ, ਸ਼ਾਂਤ ਜੀਵਨ ਜਾਚ ਪ੍ਰਬੰਧ ਸਿਰਜਿਆ ਜਿਸ ਦੀ ਵਿਆਖਿਆ ਅਸੀਂ ਉਪਰ ਕਰ ਆਏ ਹਾਂ।

## ਉੱਤਰ ਵੈਦਿਕ ਕਾਲ ਦੇ ਜੀਵਨ ਮੁੱਲ

ਉੱਤਰ ਵੈਦਿਕ ਕਾਲ ਦੀ ਸੱਭਿਅਤਾ ਰਿਗਵੇਦ ਤੋਂ ਕਈ ਸੌ ਸਾਲ ਪਿਛੋਂ ਦੀ ਆਰੀਆਂ ਸੱਭਿਅਤਾ ਹੈ। ਇਸ ਸੱਭਿਅਤਾ ਬਾਰੇ ਜਾਣਕਾਰੀ ਸਾਨੂੰ ਆਰੀਆਂ ਦੇ ਧਾਰਮਿਕ ਗ੍ਰੰਥਾਂ ਤੋਂ ਮਿਲਦੀ ਹੈ ਜੋ ਰਿਗਵੇਦ ਦੇ ਪਿਛੋਂ ਲਿਖੇ ਗਏ ਹਨ ਜਿਵੇਂ ਸਾਮਵੇਦ, ਯਜੁਰਵੇਦ, ਅਥਰਵਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਸੂਤਰ ਗ੍ਰੰਥ, ਆਰਣਯਕ, ਪੁਰਾਣ, ਧਰਮ ਸ਼ਾਸਤਰ ਆਦਿ। ਇਸ ਕਾਲ ਵਿਚ ਜਿਹੜੀ ਨਵੀਂ ਸੰਸਕ੍ਰਿਤੀ ਦਾ ਜਨਮ ਹੋਇਆ ਉਹ ਰਿਗਵੇਦ ਸੰਸਕ੍ਰਿਤੀ ਤੋਂ ਵੱਖਰੀ ਸੀ ਤੇ ਇਸਦਾ ਕੇਂਦਰ ਪੰਜਾਬ ਨਾ ਹੋ ਕੇ ਕੁਰੂਕਸ਼ੇਤਰ ਸੀ। ਉਪਰੋਕਤ ਗ੍ਰੰਥਾਂ ਤੋਂ ਸਾਨੂੰ ਆਰੀਆਂ ਦੇ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੈਤਿਕ ਖੇਤਰਾਂ ਵਿਚ ਸਿਰਜੇ ਗਏ ਮੁੱਲਾਂ ਦਾ ਪਤਾ ਲਗਦਾ ਹੈ। ਡਾ. ਆਰ.ਸੀ. ਮਜੂਮਦਾਰ ਅਤੇ ਡਾ. ਆਰ.ਐਸ. ਤ੍ਰਿਪਾਠੀ ਨੇ ਉੱਤਰ ਵੈਦਿਕ ਕਾਲ ਦੀ ਸੱਭਿਅਤਾ ਦਾ ਸਮਾਂ 600 ਈ. ਪੂਰਬ ਤੱਕ ਦੱਸਿਆ ਹੈ।[22]

ਇਸ ਸਮੇਂ ਦੇ ਜੀਵਨ ਪ੍ਰਬੰਧ ਤੇ ਜੀਵਨ ਸਾਰ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ।

### 1. ਧਾਰਮਿਕ ਮੁੱਲ

ਰਿਗਵੈਦਿਕ ਕਾਲ ਵਿਚ ਆਰੀਆਂ ਦਾ ਧਰਮ ਬੜਾ ਸਰਲ ਅਤੇ ਆਡੰਬਰ ਰਹਿਤ ਸੀ। ਉੱਤਰ ਵੈਦਿਕ ਕਾਲ ਵਿਚ ਹਿੰਦੂ ਧਰਮ ਬੜਾ ਉਲਝਣਦਾਰ ਅਤੇ ਆਡੰਬਰਮਈ ਬਣ ਗਿਆ ਧਾਰਮਿਕ ਜੀਵਨ ਵਿਚ ਸਭ ਤੋਂ ਜ਼ਿਆਦਾ ਬਦਲਾਉ ਆਇਆ।

### 1. ਬ੍ਰਾਹਮਣਾਂ ਦੀ ਪ੍ਰਧਾਨਤਾ

ਯੱਗਾਂ ਦੇ ਮਹੱਤਾ ਵੱਧਣ ਨਾਲ ਬ੍ਰਾਹਮਣਾਂ ਦੀ ਪ੍ਰਧਾਨਤਾ ਹੋ ਗਈ। ਬ੍ਰਾਹਮਣ ਬਗੈਰ ਯੱਗ ਸੰਪੂਰਨ ਨਹੀਂ ਹੁੰਦੇ ਸਨ ਇਸ ਕਰਕੇ ਲੋਕ ਉਨ੍ਹਾਂ ਦਾ ਸਤਿਕਾਰ ਕਰਨ ਲੱਗੇ। ਡਾ. ਤ੍ਰਿਪਾਠੀ ਲਿਖਦੇ ਹਨ।[23]

ਇਸ ਕਾਲ ਵਿਚ ਬ੍ਰਾਹਮਣਾਂ ਦੀ ਮਹੱਤਾ ਇੰਨੀ ਵਧ ਗਈ ਕਿ ਲੋਕ ਉਨ੍ਹਾਂ ਨੂੰ ਦੇਵਤਾ ਸਮਾਨ ਸਮਝਣ ਲੱਗੇ। ਯੱਗ ਕਈ ਕਈ ਮਹੀਨੇ ਚਲਦੇ ਰਹਿੰਦੇ, ਕਈ ਯੱਗਾਂ ਵਿਚ 16-17 ਪਰੋਹਿਤ ਭਾਗ ਲੈਂਦੇ ਸਨ। ਇਹ ਯੱਗ ਬਹੁਤ ਖਰਚੀਲੇ ਸਨ ਤੇ ਆਮ ਜਨਤਾ ਦੀ ਸਮਝ ਤੋਂ ਉਪਰ ਸਨ ਯੱਗ ਵਿਚ ਘਿਉ, ਚਾਵਲ, ਸੋਮਰਸ ਦੇ ਨਾਲ ਪਸ਼ੂ ਬਲੀ ਵੀ ਦਿੱਤੀ

ਜਾਣ ਲੱਗੀ ਸੀ। ਬ੍ਰਾਹਮਣ ਧਰਮ ਦੇ ਠੇਕੇਦਾਰ ਬਣ ਗਏ ਅਤੇ ਪ੍ਰਿਥਵੀ ਤੇ ਉਨ੍ਹਾਂ ਨੂੰ ਦੇਵਤੇ ਸਮਝਿਆ ਜਾਣ ਲੱਗਾ।

## 2. ਅੰਧ-ਵਿਸ਼ਵਾਸ ਅਤੇ ਜਾਦੂ-ਟੂਣੇ

ਲੋਕ ਭੂਤ-ਪ੍ਰੇਤਾਂ ਉੱਤੇ ਵਿਸ਼ਵਾਸ ਕਰਨ ਲੱਗੇ। ਜਾਦੂ-ਟੂਣਿਆਂ ਨਾਲ ਉਨ੍ਹਾਂ ਨੂੰ ਕਾਬੂ ਵਿਚ ਰੱਖਣ ਦੇ ਢੰਗ ਅਪਣਾਏ ਗਏ। ਅਥਰਵਵੇਦ ਵਿਚ ਭੂਤ-ਪ੍ਰੇਤਾਂ ਤੋਂ ਰਖਿਆ ਕਰਨ ਹਿਤ ਮੰਤਰਾਂ ਦਾ ਉਲੇਖ ਮਿਲਦਾ ਹੈ। ਇਨ੍ਹਾਂ ਮੰਤਰਾਂ ਨੂੰ ਪੜ੍ਹ ਕੇ ਰੋਗਾਂ ਦਾ ਇਲਾਜ ਕੀਤਾ ਜਾਂਦਾ ਸੀ।

## 3. ਨਵੇਂ ਦੇਵਤੇ (ਸ਼ਿਵ-ਬ੍ਰਹਮਾ-ਵਿਸ਼ਨੂੰ)

ਰਿਗਵੈਦਿਕ ਕਾਲ ਵਿਚ ਵਰੁਣ, ਇੰਦਰ, ਸੂਰਜ ਆਦਿ ਦੇਵਤਿਆਂ ਦੀ ਪੂਜਾ ਪ੍ਰਚਲਿਤ ਸੀ ਪਰ ਉੱਤਰ ਵੈਦਿਕ ਕਾਲ ਵਿਚ ਇਨ੍ਹਾਂ ਦੇਵਤਿਆਂ ਦਾ ਮਹੱਤਵ ਘੱਟ ਗਿਆ ਅਤੇ ਉਨ੍ਹਾਂ ਦੀ ਥਾਂ ਤੇ ਸ਼ਿਵ, ਬ੍ਰਹਮਾ ਅਤੇ ਵਿਸ਼ਨੂੰ ਦੇਵਤਿਆਂ ਦੀ ਪੂਜਾ ਹੋਣ ਲੱਗੀ। ਰੁਦਰ ਇਸ ਕਾਲ ਵਿਚ ਕਾਫ਼ੀ ਪ੍ਰਸਿੱਧ ਹੋਇਆ ਉਸਨੂੰ ਸ਼ਿਵ ਦਾ ਨਾਂ ਦਿੱਤਾ ਗਿਆ। ਵਿਸ਼ਨੂੰ ਜੋ ਰਿਗਵੈਦਿਕ ਕਾਲ ਵਿਚ ਸੂਰਜ ਦੇਵਤਾ ਦਾ ਰੂਪ ਮੰਨਿਆ ਜਾਂਦਾ ਸੀ। ਬ੍ਰਹਸਪਤੀ ਬ੍ਰਹਮਾ ਦੇ ਨਾਂ ਨਾਲ 'ਤ੍ਰਿਮੂਰਤੀ' ਵਿਚੋਂ ਇਕ ਮੰਨਿਆ ਜਾਣ ਲੱਗਾ। ਇਨ੍ਹਾਂ ਤਿੰਨ੍ਹਾਂ ਦੇਵਤਿਆਂ ਦੀ ਪੂਜਾ ਨੇ ਆਰੀਆਂ ਦੇ ਧਾਰਮਿਕ ਜੀਵਨ ਵਿਚ ਮੁੱਖ ਸਥਾਨ ਪ੍ਰਾਪਤ ਕਰ ਲਿਆ।

## 4. ਯੱਗ ਅਤੇ ਬਲੀ ਦੀ ਮਹੱਤਤਾ

ਇਸ ਕਾਲ ਵਿਚ ਯੱਗ ਕਰਨ ਤੇ ਕਾਫ਼ੀ ਜ਼ੋਰ ਦਿੱਤਾ ਗਿਆ। ਯੱਗ ਸਾਲ-ਸਾਲ ਭਰ ਚਲਦੇ ਰਹਿੰਦੇ ਜਿਨ੍ਹਾਂ ਤੇ ਬਹੁਤ ਖਰਚਾ ਹੁੰਦਾ। ਯੱਗਾਂ ਵਿਚ ਪਸ਼ੂਆਂ ਦੀਆਂ ਬਲੀਆਂ ਵੀ ਦਿੱਤੀਆਂ ਜਾਂਦੀਆਂ ਸਨ। ਰਾਜਸੂਯ, ਵਾਜਪੇਯ ਅਤੇ 'ਅਸ਼ਵਮੇਧ ਵਰਗੇ ਯੱਗ ਸਿਰਫ ਰਾਜੇ; ਮਹਾਰਾਜੇ ਹੀ ਕਰਦੇ ਸਨ। ਸਮਰਾਟ 'ਅਸ਼ਵਮੇਧ ਯੱਗ' ਕਰਦੇ ਜਿਸ ਵਿਚ ਘੋੜੇ ਦੀ ਬਲੀ ਦਿੱਤੀ ਜਾਂਦੀ। ਕੁਝ ਇਤਿਹਾਸਕਾਰਾਂ ਅਨੁਸਾਰ ਇਸ ਕਾਲ ਵਿਚ 'ਪੁਰਸ਼ਮੇਧ ਯੱਗ' ਵੀ ਹੁੰਦੇ ਸਨ। ਜਿਨ੍ਹਾਂ ਵਿਚ ਆਦਮੀ ਦੀ ਬਲੀ ਦਿੱਤੀ ਜਾਂਦੀ ਸੀ। ਉੱਤਰ ਵੈਦਿਕ ਕਾਲ ਦੇ ਯੱਗਾਂ ਦੀ ਆਲੋਚਨਾ ਡਾ. ਤ੍ਰਿਪਾਠੀ ਨੇ ਕੀਤੀ ਹੂਬ ਲਿਖਦੇ ਹਨ।[24]

"ਮੁਕਦੀ ਗੱਲ ਇਹ ਹੈ ਕਿ ਬ੍ਰਾਹਮਣਾਂ ਵਿਚ ਯੱਗ ਦਾ ਇੰਨਾ ਮਹੱਤਵ ਹੋ ਜਾਂਦਾ ਕਿ ਇਹ ਇਕ ਉਦੇਸ਼ ਦਾ ਸਾਧਨ ਨਾ ਰਹਿ ਕੇ ਆਪ ਹੀ ਉਦੇਸ਼ ਬਣ ਗਿਆ।

5. ਆਵਾਗਵਣ, ਮੋਕਸ਼ ਅਤੇ ਕਰਮ ਸਿਧਾਂਤ

ਆਵਾਗਵਣ ਵਿਚ ਇਹ ਗੱਲ ਪ੍ਰਚਲਿਤ ਸੀ ਕਿ ਮਨੁੱਖ ਮੌਤ ਤੋਂ ਬਾਅਦ ਕਿਸੇ ਨਾ ਕਿਸੇ ਰੂਪ ਵਿਚ ਜਨਮ ਲੈਂਦਾ ਹੈ ਅਤੇ ਜਨਮ ਤੇ ਮੌਤ ਦੇ ਚੱਕਰ ਤੋਂ ਆਤਮਾ ਨੂੰ ਛੁਟਕਾਰਾ ਦਵਾਉਣਾ ਅਰਥਾਤ ਮੋਕਸ਼ ਦੀ ਪ੍ਰਾਪਤੀ ਮਨੁੱਖ ਦਾ ਆਖਰੀ ਉਦੇਸ਼ ਹੈ। ਕਰਮ ਸਿਧਾਂਤ ਵਿਚ ਮਨੁੱਖ ਦੇ ਕਰਮਾਂ ਅਨੁਸਾਰ ਉਸਦਾ ਭਵਿਖ ਬਣਦਾ ਹੈ। ਛਾਂਦੋਗਯ ਉਪਨਿਸ਼ਦ ਵਿਚ ਜੋ ਮਨੁੱਖ ਇਸ ਜੀਵਨ ਵਿਚ ਬ੍ਰਹਮ ਗਿਆਨ ਪ੍ਰਾਪਤ ਕਰ ਲੈਂਦਾ ਹੈ ਉਹ ਮੌਤ ਪਿਛੋਂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ ਉਸਨੂੰ ਦੁਆਰਾ ਜਨਮ ਨਹੀਂ ਲੈਣਾ ਪੈਂਦਾ। ਜੋ ਮਨੁੱਖ ਚੰਗੇ ਕਰਮ ਤਾਂ ਕਰਦਾ ਹੈ ਪਰ ਬ੍ਰਹਮ-ਗਿਆਨ ਤੋਂ ਵਾਂਝਾ ਰਹਿੰਦਾ ਹੈ ਉਸਨੂੰ ਚੰਦਰ ਲੋਕਾਂ ਵਿਚ ਰਹਿ ਕੇ ਦੁਆਰਾ ਮਨੁੱਖ ਦਾ ਜਨਮ ਲੈਣਾ ਪੈਂਦਾ ਤੇ ਜੋ ਮਨੁੱਖ ਬੁਰੇ ਕਰਮ ਕਰਦਾ ਉਸਨੂੰ ਪਸ਼ੂਆਂ ਦੇ ਰੂਪ ਵਿਚ ਵਾਰ ਵਾਰ ਜਨਮ ਲੈਣਾ ਪੈਂਦਾ ਹੈ।

6. ਤਪ

ਸੰਤਾਂ ਦੇ ਵਧਣ ਨਾਲ ਲੋਕ ਤਪ ਵਿਚ ਰੁੱਚੀ ਲੈਣ ਲੱਗੇ। ਲੋਕਾਂ ਦਾ ਵਿਸ਼ਵਾਸ ਸੀ ਕਿ ਸਰੀਰ ਨੂੰ ਕਸ਼ਟ ਦੇਣ ਤੋਂ ਬਿਨ੍ਹਾਂ ਮਨ ਨੂੰ ਵੱਸ ਵਿਚ ਨਹੀਂ ਕੀਤਾ ਜਾ ਸਕਦਾ। ਇਸ ਲਈ ਸਰੀਰ ਨੂੰ ਕਈ ਪ੍ਰਕਾਰ ਦੇ ਕਸ਼ਟ ਦਿੱਤੇ ਜਾਂਦੇ। ਜਿਸ ਤਰ੍ਹਾਂ ਬਹੁਤ ਘੱਟ ਖਾਣਾ, ਗਰਮੀਆਂ ਵਿਚ ਧੁੱਪੇ ਖੜੇ ਰਹਿਣਾ ਅਤੇ ਸਰਦੀਆਂ ਵਿਚ ਠੰਡੀ ਥਾਂ ਤੇ ਬੈਠਣਾ ਆਦਿ ਧਾਰਮਿਕ ਕਿਰਿਆਵਾਂ ਸਮਝੀਆਂ ਜਾਣ ਲੱਗੀਆਂ।

7. ਦਾਰਸ਼ਨਿਕਤਾ

ਦਾਰਸ਼ਨਿਕ ਵਿਚਾਰਾਂ ਅਨੁਸਾਰ ਬ੍ਰਹਮ, ਸੰਸਾਰ ਅਤੇ ਆਤਮਾ ਦਾ ਗੂੜ੍ਹਾ ਸੰਬੰਧ ਹੈ। ਆਤਮ-ਗਿਆਨ ਨੂੰ ਬ੍ਰਹਮ ਗਿਆਨ ਦਾ ਸਾਧਨ ਮੰਨਿਆ ਗਿਆ ਹੈ ਜਿਸ ਵਿਅਕਤੀ ਨੂੰ ਆਤਮ

ਅਤੇ ਬ੍ਰਹਮਾ ਦਾ ਗਿਆਨ ਹੋ ਜਾਵੇ ਉਹ ਜਨਮ ਮਰਨ ਦੇ ਚੱਕਰ ਤੋਂ ਛੁੱਟ ਜਾਂਦਾ ਹੈ। ਅਧਿਆਤ-ਮਿਕਤਾ ਅਤੇ ਦਾਰਸ਼ਨਿਕਤਾ ਬਾਰੇ ਬਹੁਤ ਥੋੜੇ ਲੋਕ ਗਿਆਨ ਰੱਖਦੇ ਸਨ। ਜਨ ਸਾਧਾਰਨ ਹੁਣ ਵੀ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ ਅਤੇ ਯੱਗ ਕਰਕੇ ਆਪਣੀ ਧਾਰਮਿਕ ਭਾਵਨਾਵਾਂ ਨੂੰ ਸੰਤੁਸ਼ਟ ਕਰ ਲੈਂਦੇ ਸਨ। ਉਪਨਿਸ਼ਦਾਂ ਵਿਚ ਅਜਿਹੇ ਧਾਰਮਿਕ ਵਿਚਾਰ ਦਿੱਤੇ ਗਏ ਹਨ ਜਿਨ੍ਹਾਂ ਨੂੰ ਸੰਸਾਰ ਦੇ ਅਧਿਆਤਮਿਕ ਸਾਹਿਤ ਵਿਚ ਉੱਚਾ ਸਥਾਨ ਪ੍ਰਾਪਤ ਹੈ।

ਇਸ ਕਾਲ ਵਿਚ ਧਾਰਮਿਕ ਰਸਮਾਂ-ਰਿਵਾਜਾਂ ਨੇ ਪਹਿਲੀ ਸਾਦਗੀ ਅਤੇ ਸਰਲਤਾ ਤਿਆਗ ਦਿੱਤੀ ਸੀ ਅਤੇ ਧਾਰਮਿਕ ਰੀਤੀ ਰਿਵਾਜ ਅਤਿਅੰਤ ਗੁੰਝਲਦਾਰ ਹੋ ਗਏ ਸਨ। ਇਸਦਾ ਕਾਰਨ ਰਾਜਾਂ ਦਾ ਵਿਸਥਾਰ ਹੋਣਾ ਅਤੇ ਬ੍ਰਾਹਮਣ ਵਰਗ ਦਾ ਸਮਾਜ ਵਿਚ ਪ੍ਰਧਾਨਤਾ ਹੋਣਾ ਸੀ। ਰਸਮ-ਰਿਵਾਜ ਬਹੁਤ ਗੁੰਝਲਦਾਰ ਅਤੇ ਖਰਚੀਲੇ ਹੋ ਗਏ ਸਨ ਕਿ ਬ੍ਰਾਹਮਣਾਂ ਤੋਂ ਬਿਨ੍ਹਾਂ ਇਨ੍ਹਾਂ ਦਾ ਸੰਪੂਰਨ ਹੋਣਾ ਮੁਸ਼ਕਿਲ ਹੋ ਗਿਆ ਸੀ। ਇਸ ਤਰ੍ਹਾਂ ਅੰਧ-ਵਿਸ਼ਵਾਸ ਵਧਿਆ ਅਤੇ ਇਸ ਯੁੱਗ ਵਿਚ ਕਈ ਨਵੇਂ ਦੇਵੀ-ਦੇਵਤੇ ਪੈਦਾ ਹੋਏ ਜਿਨ੍ਹਾਂ ਨੂੰ ਖੁਸ਼ ਕਰਨ ਲਈ ਯੱਗ ਰਚਾਏ ਜਾਂਦੇ ਅਤੇ ਬਲੀ ਦੇਣ ਦੀ ਪ੍ਰਥਾ ਪ੍ਰਚਲਿਤ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਧਾਰਮਿਕ ਖੇਤਰ ਵਿਚ ਯੱਗਾਂ ਆਦਿ ਦੀ ਬਹੁਤਾਤ ਕਾਰਨ, ਤੱਪ ਕਰਨ ਦੀ ਮਹੱਤਤਾ ਵਿਚ ਵਾਧਾ ਹੋਇਆ ਤੇ ਮਨੁੱਖ ਦੀ ਸਰੀਰਕ ਕਸ਼ਟ ਸਹਿਣ ਕਰਦਿਆਂ ਮੋਕਸ਼ ਪ੍ਰਾਪਤੀ ਦੀ ਚਾਹਤ ਨੇ ਤਿਆਗ ਅਤੇ ਕਰਮ ਵਰਗੇ ਜੀਵਨ ਮੁੱਲਾਂ ਦੀ ਸਿਰਜਣਾ ਕੀਤੀ।

## 2. ਆਰਥਿਕ ਮੁੱਲ

ਉੱਤਰ ਵੈਦਿਕ ਕਾਲ ਵਿਚ ਲੋਕ ਆਪਣਾ ਰੋਟੀ ਰੋਜ਼ੀ ਕਮਾਉਣ ਲਈ ਖੇਤੀ, ਪਸ਼ੂ ਪਾਲਣ, ਵਪਾਰ ਆਦਿ ਕਿੱਤੇ ਕਰਦੇ ਸਨ।

### 1. ਖੇਤੀ

ਇਸ ਕਾਲ ਵਿਚ ਖੇਤੀ ਨੇ ਕਾਫੀ ਉਨਤੀ ਕਰ ਲਈ ਸੀ। ਲੋਕ ਗੰਗਾ ਜਮਨਾ ਦੀ ਉਪਜਾਊ ਭੂਮੀ ਵਿਚ ਰਹਿੰਦੇ ਸਨ। ਇਸ ਕਰਕੇ ਉਹ ਆਪਣੀ ਮਿਹਨਤ ਨਾਲ

ਜੌਂ, ਕਣਕ, ਚੌਲ, ਤਿੱਲ, ਮੂੰਗੀ, ਮਾਂਹ ਅਤੇ ਕਪਾਹ ਦੀ ਖੇਤੀ ਕਰਦੇ। ਆਮ ਲੋਕਾਂ ਦੇ ਹੱਲ ਬਲਦਾਂ ਦੀ ਜੋੜੀ ਨਾਲ ਜੋਤੇ ਜਾਂਦੇ ਪਰ ਕਈ ਹਲ ਅਜਿਹੇ ਸਨ ਜਿਨ੍ਹਾਂ ਨੂੰ ਖਿੱਚਣ ਲਈ 6 ਤੋਂ 24 ਬੈਲ ਵੀ ਜੋੜ ਲਏ ਜਾਂਦੇ ਸਨ। ਗੋਹੇ ਦੀ ਖਾਦ ਜ਼ਮੀਨ ਤੇ ਪਾਈ ਜਾਂਦੀ। ਸਿੰਚਾਈ ਮੀਂਹ, ਖੂਹਾਂ ਦੇ ਪਾਣੀ ਅਤੇ ਨਹਿਰਾਂ ਦੇ ਪਾਣੀ ਨਾਲ ਕੀਤੀ ਜਾਂਦੀ ਸੀ। ਜ਼ਿਆਦਾ ਮੀਂਹ ਅਤੇ ਟਿੱਡੀ ਦਲ ਆਦਿ ਤੋਂ ਫ਼ਸਲਾਂ ਦੇ **ਬਚਾਅ** ਜ਼ਮੀਨ ਨੂੰ ਵਿਅਕਤੀਗਤ ਸੰਪਤੀ ਕਿਹਾ ਜਾਂਦਾ ਸੀ ਪਰ ਹੌਲੀ ਹੌਲੀ ਕਿਸਾਨਾਂ ਦੀ ਥਾਂ ਜ਼ਿਮੀਂਦਾਰ ਭੂਮੀ ਦੇ ਮਾਲਕ ਬਣ ਗਏ। ਨੌਕਰਾਂ ਦਾ ਜ਼ਿਕਰ ਅਥਰਵਵੇਦ ਵਿਚ ਆਉਂਦਾ ਹੈ।

2. <u>ਪਸ਼ੂ-ਪਾਲਣ</u>

ਪਸ਼ੂ ਪਾਲਣ ਦਾ ਪੇਸ਼ਾ ਬਹੁਤ ਲੋਕਪ੍ਰਿਅ ਸੀ ਲੋਕ ਘਰਾਂ ਵਿਚ ਪਸ਼ੂ ਰੱਖਦੇ। ਉਹਨਾਂ ਨੂੰ ਇਹ ਆਪਣਾ ਧਨ ਮੰਨਦੇ ਸਨ। ਆਰੀਆਂ ਗਾਂ, ਬਲਦ, ਮੱਝ, ਘੋੜਾ, ਊਠ, ਕੁੱਤਾ, ਹਾਥੀ ਆਦਿ ਪਸ਼ੂ ਪਾਲਦੇ। ਗਾਂ ਅਤੇ ਬਲਦ ਦਾ ਬਹੁਤ ਮਹੱਤਵ ਸੀ। ਗਊ-ਹੱਤਿਆ ਨਹੀਂ ਕੀਤੀ ਜਾਂਦੀ ਸੀ ਨਾ ਗਾਂ ਦਾ ਮਾਸ ਖਾਧਾ ਜਾਂਦਾ ਸੀ। ਯਜੁਰਵੇਦ ਵਿਚ ਹਾਥੀ ਪਾਲਣ ਦਾ ਉਲੇਖ ਆਉਂਦਾ ਹੈ।

3. <u>ਵਪਾਰ</u>

ਰਿਗ ਕਾਲ ਵਿਚ ਅੰਦਰੂਨੀ ਅਤੇ ਵਿਦੇਸ਼ੀ ਵਪਾਰ ਵਿਚ ਕਾਫ਼ੀ ਉਨਤੀ ਹੋਈ। ਜਲ ਅਤੇ ਥਲ ਦੋਨਾਂ ਮਾਰਗਾਂ ਤੋਂ ਵਪਾਰ ਕੀਤਾ ਜਾਂਦਾ। ਆਰੀਆਂ ਨੂੰ ਸਮੁੰਦਰ ਦਾ ਗਿਆਨ ਸੀ ਉਹ ਕਿਸ਼ਤੀਆਂ ਅਤੇ ਜਹਾਜ਼ਾਂ ਦਾ ਪ੍ਰਯੋਗ ਕਰਦੇ। ਰਿਗ ਕਾਲ ਦੇ ਸਾਹਿਤ ਵਿਚ 100 ਪਤਵਾਰਾਂ ਵਾਲੇ ਜਹਾਜ਼ਾਂ ਦਾ ਵਰਨਣ ਆਉਂਦਾ ਹੈ। 'ਨਿਸ਼ਕ' 'ਸ਼ਤਮਾਨ' ਅਤੇ 'ਕ੍ਰਿਸ਼ਨਲ' ਦੇ ਨਾਂ ਦੇ ਸਿੱਕੇ ਪ੍ਰਚਲਿਤ ਸਨ। ਰਿਗ ਕਾਲ ਵਿਚ ਵਪਾਰੀਆਂ ਦੇ ਸੰਘ ਅਰਥਾਤ 'ਸ਼੍ਰੇਣੀਆਂ' ਬਣ ਗਏ ਸਨ। ਵੇਦਾਂ ਵਿਚ ਕਾਸ਼ੀ, ਕੌਸ਼ਾਂਬੀ, ਵਿਦੇਹ ਆਦਿ ਵੱਡੇ ਵੱਡੇ ਨਗਰਾਂ ਦਾ ਜ਼ਿਕਰ ਆਉਂਦਾ ਹੈ ਜੋ ਵਪਾਰ ਦੇ ਕੇਂਦਰ ਬਣ ਗਏ ਸਨ।

4. <u>ਖਣਿਜ ਪਦਾਰਥ</u>

ਉੱਤਰ ਵੈਦਿਕ ਕਾਲ ਦੇ ਵੇਦਾਂ ਵਿਚ ਖਣਿਜ ਪਦਾਰਥਾਂ ਦਾ ਉਲੇਖ ਮਿਲਦਾ ਹੈ।

ਜਿਸ ਤਰ੍ਹਾਂ ਸੋਨਾ, ਚਾਂਦੀ, ਸ਼ੀਸ਼ਾ, ਤਾਂਬਾ, ਲੋਹਾ ਆਦਿ। ਇਸ ਤੋਂ ਸਪੱਸ਼ਟ ਹੈ ਕਿ ਲੋਕ ਬਹੁਤ ਸਾਰੀਆਂ ਧਾਤੂਆਂ ਦੀ ਵਰਤੋਂ ਕਰਦੇ ਸਨ।

5. ਨਗਰਾਂ ਦਾ ਉਦੈ

ਰਿਗਵੈਦਿਕ ਆਰੀਆ ਪਿੰਡਾਂ ਵਿਚ ਰਹਿੰਦੇ ਸਨ ਕੁਝ ਥੋੜੇ ਦਾ ਪਤਾ ਲਗਦੇ ਪਰ ਇਸ ਕਾਲ ਵਿਚ ਅਯੋਧਿਆ, ਹਸਤਨਾਪੁਰ, ਮਥੁਰਾ, ਇੰਦਰਪ੍ਰਸਥ ਆਦਿ ਦੀ ਸਥਾਪਨਾ ਹੋ ਚੁਕੀ ਸੀ ਜੋ ਵਪਾਰ ਦੇ ਵੱਡੇ ਕੇਂਦਰ ਸਨ।

5. ਪੇਸ਼ਿਆਂ ਦੀ ਬਹੁਲਤਾ

ਰਿਗਵੇਦ ਵਿਚ ਕਿਸਾਨ, ਜੁਲਾਹੇ, ਵਪਾਰੀ, ਲੁਹਾਰ, ਸੁਨਿਆਰ, ਤਰਖਾਣ ਅਤੇ ਵੈਦ ਆਦਿ ਪੇਸ਼ਾਵਰਾਂ ਦੇ ਨਾਂ ਆਉਂਦੇ ਹਨ ਪਰ ਉੱਤਰ ਵੈਦਿਕ ਕਾਲ ਵਿਚ ਗਡਰੀਏ, ਸਾਰਥੀ, ਰਥਕਾਰ, ਮਾਲਾਕਾਰ, ਰੰਗਸਾਜ਼, ਕਸਾਈ, ਰਸੋਈਏ, ਸ਼ਿਕਾਰੀ, ਧਾਤੂਕਾਰ, ਜੌਹਰੀਕਾਰ, ਨਾਈ, ਜੋਤਸ਼ੀ ਆਦਿ ਦਾ ਜ਼ਿਕਰ ਆਉਂਦਾ ਹੈ। ਧਾਤੂਆਂ ਦਾ ਪੇਸ਼ਾ ਕਰਦਾ ਸੀ।

ਉੱਤਰ ਵੈਦਿਕ ਕਾਲ ਦੇ ਸਮੇਂ ਤੱਕ ਪਹੁੰਚਦੇ-ਪਹੁੰਚਦੇ ਸਮਾਜ ਦੇ ਵਿਚਾਰਾਂ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ ਅਤੇ ਇਸਨੇ ਕੁਦਰਤੀ ਸ਼ਕਤੀਆਂ ਨੂੰ ਆਪਣੇ ਹੱਥ ਵਿਚ ਲੈਣਾ ਸ਼ੁਰੂ ਕਰ ਦਿੱਤਾ ਜਿਸਦੇ ਕਾਰਨ ਪੂਰਵ ਵੈਦਿਕ ਕਾਲ ਨਾਲੋਂ ਸਮਾਜ ਦੀ ਆਰਥਿਕ ਸਥਿਤੀ ਜ਼ਰੂਰੀ ਹੋ ਗਈ। ਸੁਭਾਵਕ ਹੀ ਸਮਾਜ ਨੇ ਲੋੜਾਂ ਲਈ ਕੁਦਰਤੀ ਪਾਣੀ ਨੂੰ ਕਈ ਤਰ੍ਹਾਂ ਵਰਤਣਾ ਸ਼ੁਰੂ ਕਰ ਦਿੱਤਾ ਸੀ। ਇਸੇ ਤਰ੍ਹਾਂ ਇਸ ਰੁੱਤ ਵਿਚ ਭੂਗੋਲਿਕ ਪੇਸ਼ਿਆਂ ਅਤੇ ਵਪਾਰ ਨੇ ਪਹਿਲਾਂ ਨਾਲੋਂ ਜ਼ਿਆਦਾ ਤਰੱਕੀ ਕਰ ਲਈ ਸੀ ਅਤੇ ਸਮਾਜ ਨੇ ਸਿੱਕੇ ਦਾ ਵਰਤੋਂ ਸ਼ੁਰੂ ਕਰ ਦਿੱਤਾ ਸੀ। ਚੰਗੇ ਜੀਵਨ ਲਈ ਸੁਚੱਜੇ ਜੀਵਨ ਮੁੱਲ ਅਤੇ ਵਧੀਆ ਜੀਵਨ ਜਾਚ ਦਾ ਵਿਧਾਨ ਨਿਸ਼ਚਿਤ ਕੀਤਾ ਸੀ।

3. ਰਾਜਨੈਤਕ ਮੁੱਲ

ਜਦੋਂ ਅਸੀਂ ਸਪਤ ਸਿੰਧੂ ਸਭਿਅਤਾ ਦੀ ਗੱਲ ਕਰਦੇ ਹਾਂ ਤਾਂ ਇਸ ਰੂਪ ਸਾਮਾਂ ਜੋ ਜਨ ਸਮੂਹ ਲੋਕ ਲੋਕੀ ਇਕੱਠੇ ਇਤਿਹਾਸ ਦੀ ਪ੍ਰਾਪਤੀ ਕਰਦੇ ਸੀ। ਕਬੀਲੇ, ਗੋਤ ਆਦਿ

ਦੇ ਬਣੇ ਹਥਿਆਰ ਜਿਹੜੇ ਮਨੁੱਖ ਦੇ ਬਚਾਅ ਅਤੇ ਉਸਦੀਆਂ ਜੀਵਨ ਲੋੜਾਂ ਵਿਚ ਸਹਾਈ ਹੁੰਦੇ ਸਨ। ਇਸਤੋਂ ਮਗਰੋਂ ਆਰੀਆ ਦੇ ਕਬੀਲੇ ਲੋਹੇ ਦੀਆਂ ਕੁਹਾੜੀਆਂ ਨਾਲ ਜੰਗਲ ਦੀ ਕਟਾਈ ਅਤੇ ਸਫਾਈ ਕਰਕੇ ਰਹਿਣ ਲੱਗੇ ਅਤੇ ਇਨ੍ਹਾਂ ਕਬੀਲਿਆਂ ਵਲੋਂ ਛੋਟੇ ਛੋਟੇ ਰਾਜ ਸਥਾਪਤ ਕੀਤੇ ਗਏ। ਇਸ ਬਿਖਰੇ ਸਮੇਂ ਵਿਚ ਸਮੂਹਿਕ ਤੌਰ ਤੇ ਰਾਜਨੀਤਿਕ ਮੁੱਲਾਂ ਦੀ ਗੱਲ ਕਰਨਾ ਸਚਾਈ ਤੋਂ ਲਾਂਭੇ ਜਾਣਾ ਹੈ ਕਿਉਂਕਿ ਕੋਈ ਰਾਜਨੀਤਿਕ ਆਧਾਰ ਉਦੋਂ ਤੱਕ ਪੈਦਾ ਨਹੀਂ ਹੋ ਸਕਿਆ ਸੀ। ਹੌਲੀ ਹੌਲੀ ਆਰੀਆ ਲੋਕ ਹਿਮਾਲਿਆ ਪਰਬਤ ਤੋਂ ਲੈ ਕੇ ਸਿੰਧ ਨਦੀ ਤਕ ਫੈਲ ਗਏ ਸਨ ਤਦ ਹੀ ਆਰੀਆਂ ਵਿਚ ਰਾਜਨੀਤਿਕ ਪ੍ਰਬੰਧ ਦੀ ਪ੍ਰਥਾ ਸ਼ੁਰੂ ਹੋਈ ਜਿਹੜੀ ਕਿ ਰਾਜਿਆਂ ਰਾਹੀਂ ਸੰਗਠਿਤ ਕੀਤੀ ਜਾਂਦੀ ਸੀ। ਇਸ ਕਾਲ ਵਿਚ ਕੁਰੂ, ਪੰਚਾਲ, ਕਾਸ਼ੀ, ਕੋਸ਼ਲ ਵਿਦੇਹ ਆਦਿ ਸ਼ਕਤੀਸ਼ਾਲੀ ਤੇ ਵਿਸ਼ਾਲ ਰਾਜ ਹੋਂਦ ਵਿਚ ਆਏ। ਕੋਸ਼ਲ, ਕਾਸ਼ੀ ਅਤੇ ਵਿਦੇਹ ਉੱਤਰ ਵੈਦਿਕ ਕਾਲ ਦੀ ਸਭਿਅਤਾ ਦੇ ਕੇਂਦਰ ਮੰਨੇ ਜਾਂਦੇ ਸਨ। ਇਸਤੋਂ ਬਿਨ੍ਹਾਂ ਮਗਧ, ਅੰਗ ਅਤੇ ਗੰਧਾਰ ਵੀ ਪ੍ਰਸਿੱਧ ਰਾਜ ਸਨ।

## 1. ਰਾਜੇ ਦੇ ਕਰਤੱਵ ਤੇ ਸ਼ਕਤੀ

ਰਾਜਾ ਬਾਹਰੀ ਦੁਸ਼ਮਣਾਂ ਤੋਂ ਰਾਜ ਅਤੇ ਰਾਜ ਦੇ ਲੋਕਾਂ ਦੀ ਰਖਿਆ ਲਈ ਯੁੱਧ ਕਰਦਾ ਅਤੇ ਸੈਨਾ ਦਾ ਲੜਾਈ ਵਿਚ ਸੈਨਾਪਤੀ ਆਮ ਤੌਰ ਤੇ ਆਪ ਹੀ ਬਣਦਾ ਸੀ। ਉਹ ਰਾਜ ਵਿਚ ਸ਼ਾਂਤੀ ਬਣਾਈ ਰੱਖਣ ਅਤੇ ਧਾਰਮਿਕ ਰਹੁਰੀਤਾਂ ਵਿਚ ਰਾਜ ਦੀ ਪ੍ਰਤੀਨਿਧਤਾ ਕਰਦਾ ਸੀ ਅਤੇ ਲੋਕਾਂ ਨੂੰ ਨਿਆਂ ਦਿੰਦਾ ਸੀ।

## 2. ਰਾਜਾ ਦਾ ਚਰਿੱਤਰਵਾਨ ਹੋਣਾ

ਧਰਮਾਤਮਾ ਹੋਣਾ ਅਤੇ ਲੋਕ ਹਿਤੈਸ਼ੀ ਹੋਣਾ ਉਸਦੇ ਗੁਣ ਸਮਝੇ ਜਾਂਦੇ ਸਨ। ਉਹ ਪਰਜਾ ਲਈ ਚਾਹੀਦੀਆਂ ਸਹੂਲਤਾਂ ਦੇਣ ਲਈ ਹਮੇਸ਼ਾ ਕਾਰਜਸ਼ੀਲ ਰਹਿੰਦਾ ਸੀ ਭਾਵੇਂ ਰਾਜਾ ਵੰਸ਼ ਵਿਚੋਂ ਰਾਜਾ ਦਾ ਉਤਰਾਧਿਕਾਰੀ ਹੀ ਬਣਦਾ ਸੀ ਭਾਵ ਰਾਜੇ ਪਿਛੋਂ ਉਸਦੇ ਪੁੱਤਰ ਦਾ ਰਾਜਾ ਬਣਨਾ ਆਮਤੌਰ ਤੇ ਨਿਸ਼ਚਿਤ ਸੀ ਪਰ ਦੁਰਾਚਾਰੀ ਰਾਜੇ ਨੂੰ ਹਟਾਏ ਜਾਣ ਦਾ ਜ਼ਿਕਰ ਵੀ ਇਤਿਹਾਸ ਵਿਚ ਦਰਜ ਹੈ। ਰਾਜ ਤਿਲਕ ਸਮੇਂ ਸਹੁੰ ਚੁਕਣ ਦਾ ਮਤਲਬ ਇਹੀ ਹੈ ਕਿ ਰਾਜਾ ਆਪਣੇ ਰਾਜ ਦੇ ਲੋਕਾਂ ਪ੍ਰਤੀ ਵਫ਼ਾਦਾਰੀ ਦੀ ਅਭਿਵਿਅਕਤੀ ਕਰਦਾ ਸੀ। ਵਕਤ ਦੇ ਨਾਲ ਨਾਲ ਵੱਡੇ ਰਾਜ ਬਣ ਜਾਣ ਕਾਰਣ ਰਾਜੇ ਦੀਆਂ ਸ਼ਕਤੀਆਂ ਵਿਚ ਵੀ ਵਾਧਾ ਹੋ ਗਿਆ। ਇਸ ਤਰ੍ਹਾਂ, ਰਾਜੇ ਸਮਰਾਟ

ਅਤੇ ਚੱਕਰਵਰਤੀ ਬਣ ਗਏ। ਡਾ. ਆਰ.ਸੀ.ਮਜੂਮਦਾਰ ਅਨੁਸਾਰ – ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਉਸ ਸਮੇਂ ਪੂਰਨ ਤਾਨਾਸ਼ਾਹੀ - - - - ਸਿਧਾਂਤਕ ਜਾਂ ਵਿਵਹਾਰਿਕ ਰੂਪ ਵਿਚ ਕਾਇਮ ਸੀ।[25]

3. ਸਭਾ ਅਤੇ ਸੰਮਤੀ

ਅਥਰਵਵੇਦ ਵਿਚ ਸਭਾ ਅਤੇ ਸੰਮਤੀ ਨੂੰ "ਪ੍ਰਜਾਪਤੀ ਦੀਆਂ ਦੋ ਸਮਾਨ ਬੇਟੀਆਂ" ਕਿਹਾ ਗਿਆ ਹੈ। ਇਸਦਾ ਮਤਲਬ ਹੈ ਕਿ ਸਭਾ ਅਤੇ ਸੰਮਤੀ ਵੈਦ ਯੁੱਗ ਤੋਂ ਚਲਦੀਆਂ ਆ ਰਹੀਆਂ ਸਭਾਵਾਂ ਸਨ ਜਿਹੜੀਆਂ ਰਾਜੇ ਨੂੰ ਰਾਜ ਭਾਗ ਚਲਾਉਣ ਵਿਚ ਸਹਾਇਤਾ ਕਰਦੀਆਂ ਸਨ। ਇਸਤੋਂ ਇਨ੍ਹਾਂ ਖਜਾਨਚੀ, ਸਾਰਥੀ, ਦੁਆਰਪਾਲ, ਜੁਵਰਾਜ ਆਦਿ ਪਦ-ਅਧਿਕਾਰੀ ਪ੍ਰਸ਼ਾਸਨ ਵਿਚ ਰਾਜਾ ਦੀ ਮਦਦ ਕਰਦੇ ਸਨ। ਰਿਗਵੇਦ ਕਾਲ ਦੀਆਂ ਦੋ ਰਾਜਨੀਤਕ ਸੰਸਥਾਵਾਂ ਜਿਨ੍ਹਾਂ ਨੂੰ ਸਭਾ ਸੰਮਤੀ ਕਿਹਾ ਜਾਂਦਾ ਸੀ ਉਹ ਉੱਤਰ ਵੈਦਿਕ ਕਾਲ ਵਿਚ ਵੀ ਕਾਰਜ ਕਰਦੀਆਂ ਰਹੀਆਂ ਪਰ ਹੁਣ ਉਹ ਪਹਿਲੀਆਂ ਸ਼ਕਤੀਸ਼ਾਲੀ ਨਹੀਂ ਰਹਿ ਗਈਆਂ ਸਨ ਕਿ ਰਾਜਾ ਦੇ ਅਧਿਕਾਰਾਂ ਤੇ ਕਿਸੇ ਕਿਸਮ ਦੀ ਰੋਕ ਲਾ ਸਕਣ।

4. ਰਾਜ-ਅਧਿਕਾਰੀ

ਰਾਜੇ ਦੀ ਸਹਾਇਤਾ ਲਈ ਪਰੋਹਿਤ ਸੈਨਾਨੀ ਅਤੇ ਗ੍ਰਾਮੀਣ ਅਧਿਕਾਰੀਆਂ ਦਾ ਉਲੇਖ ਰਿਗਵੇਦ ਵਿਚ ਮਿਲਦਾ ਹੈ ਸਾਰੇ ਧਾਰਮਿਕ ਕੰਮਾਂ ਵਿਚ ਪਰੋਹਿਤ ਹੀ ਰਾਜਾ ਦਾ ਪ੍ਰਤੀਨਿੱਧ ਹੁੰਦਾ ਸੀ। ਸੈਨਾਨੀ ਸੈਨਾ ਦਾ ਸੈਨਾਪਤੀ ਹੋਣ ਕਾਰਨ ਯੁੱਧਾਂ ਵਿਚ ਸੈਨਾ ਦਾ ਸੰਚਾਲਨ ਕਰਦਾ ਸੀ ਅਤੇ ਪਿੰਡਾਂ ਦਾ ਸਾਰਾ ਪ੍ਰਸ਼ਾਸਨ ਉਸਦੇ ਹੱਥ ਵਿਚ ਸੀ।

5. ਨਿਆਂ-ਪ੍ਰਣਾਲੀ

ਇਸ ਸਮੇਂ ਰਾਜਾਂ ਵਿਚ ਨਿਆਂ-ਪ੍ਰਣਾਲੀ ਸੁਚਾਰੂ ਢੰਗ ਨਾਲ ਕੰਮ ਕਰਦੀ ਸੀ ਭਾਵੇਂ ਰਾਜਾ ਮੁੱਖ ਨਿਆਂਧੀਸ਼ ਸੀ ਫੇਰ ਵੀ ਅਦਾਲਤਾਂ ਵਿਚ ਨਿਆਂਧੀਸ਼ ਮੁਕੱਦਮਿਆਂ ਦਾ ਫੈਸਲਾ ਕਰਦੇ ਸਨ। ਧਾਰਮਿਕ ਮਾਮਲਿਆਂ ਵਿਚ ਨਿਆਂ ਦੇਣ ਲਈ ਆਮ ਤੌਰ

ਤੇ ਪਰੋਹਿਤ ਰਾਜਾ ਦਾ ਸਹਾਇਕ ਹੁੰਦਾ ਸੀ। ਚੋਰੀ, ਡਕੈਤੀ ਠੱਗੀ, ਪਸ਼ੂਆਂ ਦੀ ਚੋਰੀ ਅਤੇ ਹੱਤਿਆ ਆਦਿ ਮੁੱਖ ਅਪਰਾਧ ਸਨ। ਖੱਤਰੀ ਦੀ ਹੱਤਿਆ ਕਰਨ ਵਾਲੇ ਨੂੰ ਇਕ ਹਜ਼ਾਰ ਗਊਆਂ, ਵੈਸ਼ ਦੀ ਹੱਤਿਆ ਲਈ 100 ਗਊਆਂ ਅਤੇ ਸ਼ੂਦਰ ਦੀ ਹੱਤਿਆ ਲਈ 10 ਗਊਆਂ ਮਰਨ ਵਾਲੇ ਦੇ ਪਰਿਵਾਰ ਨੂੰ ਦੇਣੀਆਂ ਪੈਂਦੀਆਂ ਸਨ। ਕਰਜ਼ਾ ਨਾ ਦੇਣ ਵਾਲੇ ਵਿਅਕਤੀ ਨੂੰ ਰਿਣਦਾਤਾ ਦਾ ਦਾਸ ਬਣਨਾ ਪੈਂਦਾ ਸੀ। ਚੋਰੀ ਕਰਨ ਵਾਲੇ ਦੇ ਫੜੇ ਜਾਣ ਤੇ ਉਸਨੂੰ ਮੌਤ ਜਾਂ ਹੱਥ ਪੈਰ ਕੱਟ ਦੇਣ ਦੀ ਸਜ਼ਾ ਦਾ ਵੀ ਵਿਧਾਨ ਸੀ। ਛੋਟੀਆਂ ਚੋਰੀਆਂ ਵਿਚ ਚੋਰੀ ਦਾ ਮਾਲ ਵਾਪਸ ਕਰਨਾ ਅਤੇ ਉਸਨੂੰ ਦਰੱਖਤਾਂ ਜਾਂ ਕਿੱਲਿਆਂ ਨਾਲ ਬੰਨ੍ਹ ਦਿੱਤਾ ਜਾਂਦਾ ਸੀ। ਨਿਰਦੋਸ਼ ਸਿੱਧੀ ਲਈ ਅਗਨੀ ਅਤੇ ਜਲ ਪ੍ਰੀਖਿਆ ਪ੍ਰਚਲਿਤ ਸੀ।

## 6. ਯੁੱਧ-ਪ੍ਰਣਾਲੀ

ਆਰੀਆਂ ਕੋਲ ਉਸ ਸਮੇਂ ਸਥਾਈ ਸੈਨਾ ਨਹੀਂ ਹੁੰਦੀ ਸੀ। ਪਰਜਾ ਦਾ ਇਕ ਵਰਗ ਸੈਨਿਕਾਂ ਦੀ ਤਰ੍ਹਾਂ ਕੰਮ ਕਰਦਾ ਸੀ। ਪਰੋਹਿਤ ਰਾਜੇ ਦੀ ਜਿੱਤ ਲਈ ਪ੍ਰਾਰਥਨਾ ਕਰਨ ਲਈ ਯੁੱਧ ਖੇਤਰ ਵਿਚ ਜਾਂਦਾ ਸੀ। ਰਾਜ ਅਧਿਕਾਰੀ ਰੱਥਾਂ, ਘੋੜਿਆਂ ਤੇ ਅਤੇ ਸੈਨਿਕ ਪੈਦਲ ਲੜਾਈ ਲੜਦੇ ਸਨ। ਲੋੜ ਪੈਣ ਤੇ ਰਾਜ ਦੇ ਸਾਰੇ ਲੋਕ ਯੁੱਧ ਵਿਚ ਭਾਗ ਲੈਂਦੇ ਸਨ। ਕਿਸੇ ਸ਼ਸਤਰਹੀਣ, ਜ਼ਖ਼ਮੀ ਅਤੇ ਸੁੱਤੇ ਹੋਏ ਦੁਸ਼ਮਣ ਤੇ ਹਮਲਾ ਨਹੀਂ ਕੀਤਾ ਜਾਂਦਾ ਸੀ। ਆਮ ਲੋਕਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ ਸੀ।

ਇਸ ਕਾਲ ਦੀ ਰਾਜਨੀਤਿਕ ਜੀਵਨ ਦੇ ਸੰਦਰਭ ਵਿਚ ਇਹੀ ਇਕ ਵਿਸ਼ੇਸ਼ਤਾ ਹੈ ਕਿ ਆਰੀਆ ਲੋਕਾਂ ਨੇ ਸ਼ਕਤੀਸ਼ਾਲੀ ਵੱਡੇ ਅਤੇ ਸਥਾਈ ਰਾਜਾਂ ਦੀ ਸਥਾਪਨਾ ਕੀਤੀ। ਰਾਜਿਆਂ ਨੇ ਹੁਣ ਸਮਰਾਟ, ਵਿਰਾਟ, ਰਾਜਾ–ਧਿਰਾਜ ਅਤੇ ਸਾਰਵ ਭੌਮ ਦੀਆਂ ਉਪਾਧੀਆਂ ਧਾਰਨ ਕਰਨੀਆਂ, ਸ਼ੁਰੂ ਕਰ ਦਿੱਤੀਆਂ। ਛੋਟੇ ਰਾਜਾਂ ਨੂੰ ਜਿੱਤ ਕੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਅਸ਼ਵਮੇਧ ਅਤੇ ਰਾਜਸੂਇ ਯੱਗ ਕਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਯੁੱਗ ਵਿਚ ਸਾਮਰਾਜਵਾਦ ਅਤੇ ਸਾਮੰਤਵਾਦ ਪ੍ਰਚਲਿਤ ਸੀ।[26]

ਇਸ ਯੁੱਗ ਵਿਚ ਪਹੁੰਚਦੇ ਪਹੁੰਚਦੇ ਵਿਸ਼ਾਲ ਰਾਜ ਸਥਾਪਿਤ ਹੋ ਰਹੇ ਸਨ

ਸਨ ਜਿਸਦੇ ਕਾਰਨ ਰਾਜਾ ਦੀ ਸ਼ਕਤੀ ਵਿਚ ਵਾਧਾ ਹੋ ਗਿਆ ਅਤੇ ਉਨ੍ਹਾਂ ਨੂੰ ਸਮਰਾਟ ਵਿਰਾਟ ਰਾਜ ਧਿਰਾਜ ਆਦਿ ਉਪਾਧੀਆਂ ਨਾਲ ਨਿਵਾਜਿਆ ਜਾਂਦਾ ਸੀ। ਨਿਆਂ-ਪ੍ਰਣਾਲੀ ਸੁਚਾਰੂ ਰੂਪ ਵਿਚ ਸਥਾਪਿਤ ਸੀ ਪਰ ਪਰੋਹਿਤ ਵਰਗ ਦਾ ਪ੍ਰਭਾਵ ਵਧ ਚੁਕਿਆ ਸੀ। ਜਿਸ ਕਾਰਨ ਸਭਾ ਸੰਮਤੀ ਵਰਗੀਆਂ ਸੰਸਥਾਵਾਂ ਦਾ ਪ੍ਰਭਾਵ ਘਟ ਗਿਆ ਸੀ। ਇਸ ਕਾਲ ਵਿਚ ਭਾਵੇਂ ਮਨੁੱਖ ਨੇ ਭੌਤਿਕਵਾਦੀ ਤੌਰ ਤੇ ਤਰੱਕੀ ਕਰ ਲਈ ਸੀ ਪਰ ਚੰਗੇਰੇ ਜੀਵਨ ਮੁੱਲ ਸਥਾਪਿਤ ਕਰਨ ਵਿਚ ਇਹ ਯੁੱਗ ਨਾ-ਕਾਮਯਾਬ ਰਿਹਾ ਫੇਰ ਵੀ ਵਿਸ਼ਾਲ ਰਾਜ ਪ੍ਰਬੰਧ ਨਿਰਧਾਰਿਤ ਕਰਨ ਲਈ ਕੀਤੇ ਗਏ ਯਤਨਾਂ ਨੂੰ ਅਸੀਂ ਅੱਖੋਂ ਉਹਲੇ ਨਹੀਂ ਕਰ ਸਕਦੇ।

4. ਸਮਾਜਿਕ ਮੁੱਲ

ਉੱਤਰ ਵੈਦਿਕ ਕਾਲ ਵਿਚ ਆਰੀਆਂ ਦਾ ਸਮਾਜਿਕ ਜੀਵਨ ਕਾਫ਼ੀ ਬਦਲ ਗਿਆ ਸੀ। ਬ੍ਰਾਹਮਣਾਂ ਦਾ ਪ੍ਰਭਾਵ ਪਹਿਲਾਂ ਨਾਲੋਂ ਵਧ ਗਿਆ ਸੀ। ਜਾਤਪਾਤ ਪ੍ਰਥਾ ਗੁੰਝਲਦਾਰ ਹੋ ਰਹੀ ਸੀ। ਇਸਤਰੀਆਂ ਦਾ ਸਮਾਜ ਵਿਚ ਪਹਿਲਾਂ ਵਰਗਾ ਸਨਮਾਨ ਨਹੀਂ ਸੀ ਰਿਹਾ ਅਤੇ ਚਾਰ ਆਸ਼ਰਮ ਸਮਾਜਿਕ ਜੀਵਨ ਦਾ ਆਧਾਰ ਬਣ ਰਹੇ ਸਨ।

1. ਇਸਤਰੀਆਂ ਦੀ ਦਸ਼ਾ

ਉੱਤਰ ਵੈਦਿਕ ਕਾਲ ਵਿਚ ਇਸਤਰੀਆਂ ਦੀ ਦਸ਼ਾ ਪਹਿਲਾਂ ਨਾਲੋਂ ਨੀਵਾਂ ਹੋ ਚੁੱਕੀ ਸੀ ਉਨ੍ਹਾਂ ਦੀ ਉਹ ਇੱਜ਼ਤ ਨਹੀਂ ਸੀ ਰਹੀ ਜੋ ਰਿਗਵੈਦਿਕ ਕਾਲ ਵਿਚ ਸੀ। ਉਹ ਸੰਮਤੀ ਵਿਚ ਨਹੀਂ ਜਾ ਸਕਦੀ ਸੀ। ਉਨ੍ਹਾਂ ਦਾ ਆਚਰਨ ਅਤੇ ਆਦਰਸ਼ ਡਿੱਗ ਚੁੱਕਾ ਸੀ। ਉਹ ਆਪਣੇ ਪਿਤਾ ਦੀ ਜਾਇਦਾਦ ਦਾ ਹਿੱਸਾ ਨਹੀਂ ਸਨ ਵੰਡਾ ਸਕਦੀਆਂ। ਜਿਹੜੀਆਂ ਰਸਮਾਂ ਜੱਗਾਂ ਵਿਚ ਇਸਤਰੀਆਂ ਕਰਦੀਆਂ ਸਨ ਉਹ ਹੁਣ ਬ੍ਰਾਹਮਣ ਕਰਨ ਲੱਗ ਪਏ ਸਨ। ਕੰਨਿਆਂ ਦਾ ਜਨਮ ਦੁੱਖ ਦਾ ਕਾਰਨ ਮੰਨਿਆ ਜਾਂਦਾ ਸੀ। ਪੁੱਤਰ ਨੂੰ ਵੰਸ਼ ਦਾ ਰਖਵਾਲਾ ਮੰਨਿਆ ਜਾਂਦਾ। ਪੁੱਤਰ ਨੂੰ ਪੁੱਤਰੀ ਦੇ ਬਦਲੇ ਚੰਗਾ ਸਮਝਿਆ ਜਾਂਦਾ। ਇਸਤਰੀ ਅਤੇ ਮਰਦ ਵਿਚ ਸਮਾਨਤਾ ਦੀ ਭਾਵਨਾ ਘਟ ਗਈ ਸੀ। ਮਨੂੰ ਅਨੁਸਾਰ— ਇਸਤਰੀ ਨੂੰ ਵਿਆਹ ਤੋਂ ਪਹਿਲਾਂ ਆਪਣੇ ਮਾਤਾ ਪਿਤਾ ਦੀ, ਵਿਆਹ ਤੋਂ ਪਿਛੋਂ ਆਪਣੇ ਪਤੀ ਦੀ ਅਤੇ ਬੁਢਾਪੇ ਵਿਚ ਪੁੱਤਰਾਂ ਦੀ ਆਗਿਆ ਮੰਨਣੀ ਚਾਹੀਦੀ ਹੈ ਅਜਿਹੀ ਪਤਨੀ ਜੋ ਸੰਤਾਨ ਪੈਦਾ ਨਹੀਂ ਕਰ ਸਕਦੀ ਉਸਨੂੰ ਵਿਆਹ

ਦੇ ਅੱਠਵੇਂ ਸਾਲ ਵਿਚ, ਜਿਸਦੇ ਬੱਚੇ ਪੈਦਾ ਹੁੰਦੇ ਸਾਰ ਹੀ ਮਰ ਜਾਣ ਉਸਨੂੰ ਵਿਆਹ ਦੇ ਦਸਵੇਂ ਸਾਲ ਵਿਚ, ਜੋ ਕੇਵਲ ਕੁੜੀਆਂ ਨੂੰ ਜਨਮ ਦੇਵੇ ਉਸਨੂੰ ਗਿਆਰਵੇਂ ਸਾਲ ਵਿਚ ਅਤੇ ਜਿਹੜੀ ਔਰਤ ਝਗੜਾਲੂ ਹੋਵੇ ਉਸਨੂੰ ਤੁਰੰਤ ਛੱਡ ਦੇਣਾ ਚਾਹੀਦਾ ਹੈ।[27]

ਇਸ ਵਿਦਵਾਨ ਅਨੁਸਾਰ ਪਤਨੀ ਨੂੰ ਪਤੀ ਦੀ ਪੂਜਾ ਕਰਨੀ ਚਾਹੀਦੀ ਹੈ ਭਾਵੇਂ ਉਹ ਸ਼ਰਾਬੀ ਅਤੇ ਚਰਿੱਤਰਹੀਨ ਹੀ ਕਿਉਂ ਨਾ ਹੋਵੇ। ਇਸਤਰੀ ਨੂੰ ਪੁਰਸ਼ ਦੀ ਦਾਸੀ ਮੰਨਿਆ ਜਾਣ ਲੱਗਾ। ਇਸੇ ਕਾਲ ਵਿਚ ਬਾਲ ਵਿਆਹ ਪ੍ਰਥਾ ਕਾਇਮ ਹੋਈ। ਵਿਧਵਾ ਵਿਆਹ ਪ੍ਰਚੱਲਿਤ ਸੀ। ਆਮ ਪਰਿਵਾਰਾਂ ਵਿਚ ਇਕ ਪੁਰਸ਼ ਇਕ ਹੀ ਇਸਤਰੀ ਨਾਲ ਵਿਆਹ ਕਰਦਾ ਪਰ ਅਮੀਰ-ਘਰਾਂ, ਰਾਜ-ਘਰਾਣਿਆਂ ਵਿਚ ਇਕ ਤੋਂ ਜ਼ਿਆਦਾ ਵਿਆਹ ਵੀ ਹੁੰਦੇ ਸਨ। ਉੱਚ ਵਰਣ ਦੇ ਪੁਰਸ਼ ਨੀਵੀਂ ਜਾਤ ਦੀ ਲੜਕੀ ਨਾਲ ਵਿਆਹ ਨਹੀਂ ਕਰਾ ਸਕਦੇ ਸਨ ਪਰ ਫੇਰ ਵੀ ਇਸ ਕਾਲ ਵਿਚ ਇਸਤਰੀਆਂ ਦੀ ਸਿੱਖਿਆ, ਸਰੀਰਿਕ ਅਤੇ ਬੌਧਿਕ ਵਿਕਾਸ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਗਾਰਗੀ, ਮੈਤ੍ਰੇਈ, ਵਾਚਾਕਨਾਵੀ ਅਤੇ ਮੈਤਰੇਈ ਆਦਿ ਇਸਤਰੀਆਂ ਦਾ ਨਾਂ ਉਸ ਕਾਲ ਦੇ ਸਾਹਿਤ ਵਿਚ ਆਉਂਦਾ ਹੈ। ਜਨਕ ਦੀ ਸਭਾ ਵਿਚ ਗਾਰਗੀ ਨੇ ਪ੍ਰਸਿੱਧ ਦਾਰਸ਼ਨਿਕ ਯੱਗਵਲਕ ਨਾਲ ਵਾਦ-ਵਿਵਾਦ ਕੀਤਾ ਸੀ। ਇਸਤਰੀਆਂ ਨੂੰ ਸੰਗੀਤ, ਨ੍ਰਿਤ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ।

2. ਰੀਤੀ ਰਿਵਾਜਾਂ ਦਾ ਵਧਣਾ

ਇਸ ਕਾਲ ਵਿਚ ਰੀਤੀ-ਰਿਵਾਜ ਬਹੁਤ ਵਧ ਗਏ ਸਨ। ਗ੍ਰਹਿ-ਸੂਤਰ ਵਿਚ ਜਨਮ ਹੋਣਾ, ਵਿਆਹ ਸੰਬੰਧੀ ਅਤੇ ਮੌਤ ਦੇ ਸੰਬੰਧ ਵਿਚ ਰੀਤੀ-ਰਿਵਾਜ ਬਹੁਤ ਸਨ ਇਨ੍ਹਾਂ ਸਮਿਆਂ ਤੇ ਬ੍ਰਾਹਮਣਾਂ ਦਾ ਪ੍ਰਭਾਵ ਵੀ ਵਧ ਗਿਆ ਸੀ।

3. ਵੱਡੇ ਵੱਡੇ ਸ਼ਹਿਰਾਂ ਦੀ ਸਥਾਪਨਾ—

ਰਿਗਵੈਦਿਕ ਆਰੀਆ ਜ਼ਿਆਦਾਤਰ ਪਿੰਡਾਂ ਵਿਚ ਹੀ ਰਹਿੰਦੇ ਸਨ। ਉਨ੍ਹਾਂ ਨੇ ਨਾਗਰਿਕ ਜੀਵਨ ਨੂੰ ਨਹੀਂ ਸੀ ਅਪਣਾਇਆ, ਗੰਗਾ ਜਮਨਾ ਦੇ ਉਪਜਾਊ ਮੈਦਾਨ ਵਿਚ

ਵੱਸ ਜਾਣ ਤੇ ਆਰੀਆਂ ਨੇ ਵੱਡਿਆਂ ਵੱਡਿਆਂ ਸ਼ਹਿਰਾਂ ਦੀ ਉਸਾਰੀ ਕੀਤੀ ਅਤੇ ਉਨ੍ਹਾਂ ਵਿਚ ਰਹਿਣ ਲੱਗੇ। ਰਾਜਨੀਤਿਕ ਅਤੇ ਸਮਾਜਿਕ ਜੀਵਨ ਦਾ ਕੇਂਦਰ ਇਹ ਸ਼ਹਿਰ ਸਨ।

4. ਭੋਜਨ ਅਤੇ ਕਪੜਾ

ਇਸ ਕਾਲ ਵਿਚ ਲੋਕ ਕਣਕ ਦੀ ਰੋਟੀ, ਚੌਲ, ਜੌਂ, ਦਾਲ, ਦੁੱਧ, ਘਿਉ ਤੋਂ ਬਣੀਆਂ ਚੀਜ਼ਾਂ ਫਲ ਅਤੇ ਪਸ਼ੂਆਂ ਦੇ ਮਾਸ ਦੀ ਵਰਤੋਂ ਕਰਦੇ। ਹੁਣ ਸੋਮਰਸ ਦੀ ਥਾਂ ਮਾਸਰ, ਪੁਰਤਿਕਾ, ਅਨੁਜਨਨੀ ਆਦਿ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਹੋਣ ਲੱਗੀ। ਅਥਰਵਵੇਦ ਵਿਚ ਮਾਸ ਖਾਣ ਨੂੰ ਬੁਰਾ ਦੱਸਿਆ ਹੈ। ਹੋ ਸਕਦਾ ਹੈ ਕੁਝ ਲੋਕ ਮਾਸ ਨਾਂ ਖਾਂਦੇ ਹੋਣ। ਲੋਕ ਸੂਤੀ, ਊਨੀ, ਰੇਸ਼ਮੀ ਕਪੜਾ ਪਾਉਂਦੇ ਅਤੇ ਗਹਿਣਿਆਂ ਦਾ ਪ੍ਰਯੋਗ ਕਰਦੇ। ਕਪੜਾ ਬੁਨਣ ਦੀ ਕਲਾ ਪਹਿਲੇ ਨਾਲੋਂ ਜ਼ਿਆਦਾ ਵਿਕਸਿਤ ਹੋ ਚੁੱਕੀ ਸੀ। ਪਸ਼ੂਆਂ ਦੀਆਂ ਖੱਲਾਂ ਦੇ ਕਪੜੇ ਅਤੇ ਜੁੱਤੀਆਂ ਬਣਾਏ ਜਾਂਦੇ ਸਨ।

5. ਮਨੋਰੰਜਨ

ਇਸ ਕਾਲ ਵਿਚ ਲੋਕ ਰੱਥਾਂ ਦੀਆਂ ਦੌੜਾਂ ਨਾਚ ਅਤੇ ਗਾਣੇ, ਵਾਜਾ, ਢੋਲਕ ਦੇ ਸੰਗੀਤ ਅਤੇ ਜੂਆ ਖੇਡਣ ਆਦਿ ਨੂੰ ਮਨੋਰੰਜਨ ਦੇ ਸਾਧਨ ਮੰਨਦੇ ਸਨ। ਇਸ ਤੋਂ ਇਲਾਵਾ ਮੰਚ ਉੱਤੇ ਨਾਟਕ ਖੇਡੇ ਜਾਂਦੇ ਜਿਨ੍ਹਾਂ ਨਾਲ ਲੋਕਾਂ ਦਾ ਮਨ ਪ੍ਰਸੰਨ ਰਹਿੰਦਾ।

6. ਜਾਤ-ਪ੍ਰਥਾ

ਆਰੀਆਂ ਦੇ ਸਮਾਜ ਵਿਚ ਚਾਰ ਜਾਤੀਆਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦੀ ਵੰਡ ਹੋ ਗਈ ਸੀ। ਆਮ ਲੋਕ ਵੇਦਾਂ ਨੂੰ ਨਹੀਂ ਸਮਝ ਸਕਦੇ ਸਨ ਅਤੇ ਕੁਝ ਲੋਕ ਜਿਨ੍ਹਾਂ ਨੂੰ ਵੇਦਾਂ ਬਾਰੇ ਗਿਆਨ ਸੀ ਉਹ ਬ੍ਰਾਹਮਣ ਅਖਵਾਉਣ ਲੱਗੇ। ਉਹ ਪੂਜਾ-ਪਾਠ, ਯੱਗ, ਕਰਮ-ਕਾਂਡ ਅਤੇ ਪਾਠ ਸੰਬੰਧੀ ਕੰਮ ਕਰਦੇ। ਨਿਪੁੰਨ ਸੈਨਿਕ ਯੁੱਧ ਵਿਚ ਭਾਗ ਲੈਂਦੇ ਰੱਖਿਆ ਅਤੇ ਸ਼ਾਸਨ ਸੰਬੰਧੀ ਕੰਮ ਕਰਦੇ ਉਨ੍ਹਾਂ ਨੂੰ ਖੱਤਰੀ ਕਿਹਾ ਜਾਣ ਲੱਗਾ। ਖੇਤੀ, ਵਪਾਰ ਕਰਨ ਵਾਲੇ ਅਤੇ ਸ਼ਿਲਪੀ ਲੋਕਾਂ ਨੂੰ ਵੈਸ਼ ਕਿਹਾ ਜਾਣ ਲੱਗਾ।

ਇਸ ਕਾਲ ਵਿੱਚ ਜਾਤ ਪ੍ਰਥਾ ਕਰਮ ਦੇ ਆਧਾਰ ਤੇ ਸੀ ਨਾ ਕਿ ਜਨਮ ਦੇ ਆਧਾਰ ਤੇ ਮੰਨੀ ਜਾਣ ਲੱਗੀ। ਪਹਿਲੀਆਂ ਤਿੰਨ ਜਾਤੀਆਂ ਆਪਸ ਵਿਚ ਸਮਾਜਿਕ ਮੇਲ ਜੋਲ ਰਖਦੀਆਂ ਸਨ ਅਤੇ ਆਪਸ ਵਿਚ ਵਿਆਹ ਵੀ ਕੀਤੇ ਜਾਂਦੇ ਸਨ। ਇਸ ਕਾਲ ਵਿਚ ਖੱਤਰੀਆਂ ਨੂੰ ਬ੍ਰਾਹਮਣਾਂ ਦੇ ਸਮਾਨ ਸਮਝਿਆ ਜਾਣ ਲੱਗਿਆ ਕਿਉਂਕਿ ਰਾਜਨੈਤਿਕ ਸ਼ਕਤੀ ਉਨ੍ਹਾਂ ਦੇ ਹੱਥ ਵਿਚ ਸੀ। ਸ਼ੂਦਰਾਂ ਨੂੰ ਸੇਵਕਾਂ ਵਾਂਗ ਸਮਝਿਆ ਜਾਂਦਾ ਪਰ ਉਨ੍ਹਾਂ ਨੂੰ ਨਫਰਤ ਨਹੀਂ ਕੀਤੀ ਜਾਂਦੀ ਸੀ। ਛੂਤਛਾਤ ਦੀ ਭੈੜੀ ਪ੍ਰਥਾ ਅਜੇ ਸਮਾਜ ਵਿਚ ਪ੍ਰਚਲਿਤ ਨਹੀਂ ਹੋਈ ਸੀ।[28]

7. ਚਾਰ ਆਸ਼ਰਮ

ਸਮਾਜਿਕ ਜੀਵਨ ਦੀ ਮੁੱਖ ਵਿਸ਼ੇਸ਼ਤਾ ਚਾਰ ਆਸ਼ਰਮਾਂ ਦਾ ਸਿਧਾਂਤ ਸੀ। ਜਿਸਨੂੰ ਆਸ਼ਰਮ ਧਰਮ ਕਹਿੰਦੇ ਹਨ। ਇਸ ਸਿਧਾਂਤ ਅਨੁਸਾਰ ਮਨੁੱਖ ਦੇ 100 ਸਾਲਾਂ ਦੇ ਜੀਵਨ ਨੂੰ ਚਾਰ ਭਾਗਾਂ 25—25 ਸਾਲ ਵਿਚ ਵੰਡ ਦਿੱਤਾ— ਬ੍ਰਹਮਚਾਰੀਆਂ ਆਸ਼ਰਮ, ਗ੍ਰਿਹਸਤ ਆਸ਼ਰਮ, ਵਾਨਪ੍ਰਸਤ ਅਤੇ ਸੰਨਿਆਸ ਆਸ਼ਰਮ ਹਰ ਆਸ਼ਰਮ ਦੇ ਕੁਝ ਨਿਸ਼ਚਿਤ ਨਿਯਮ ਬਣਾ ਦਿੱਤੇ ਅਤੇ ਲੋਕਾਂ ਨੂੰ ਇਨ੍ਹਾਂ ਨਿਯਮਾਂ ਦੇ ਪਾਲਣ ਲਈ ਕਿਹਾ ਗਿਆ।

ਪਹਿਲੇ ਪੱਚੀ ਸਾਲ 'ਬ੍ਰਹਮਚਾਰੀਆਂ ਆਸ਼ਰਮ' ਅਧੀਨ ਆਉਂਦੇ ਸਨ। ਪੰਜ ਸਾਲ ਦੀ ਉਮਰ ਵਿਚ ਹੀ ਬਾਲਕ ਨੂੰ ਗੁਰੂ ਕੋਲ ਭੇਜਿਆ ਜਾਂਦਾ। ਉਹ ਗੁਰੂ ਘਰ ਵਿਚ ਹੀ ਰਹਿੰਦਾ, ਉਨ੍ਹਾਂ ਦੀ ਸੇਵਾ ਕਰਦਾ, ਆਪਣੇ ਚਰਿੱਤਰ ਨੂੰ ਸ਼ੁੱਧ ਰੱਖਦਾ ਹੋਇਆ ਕਠੋਰ ਜੀਵਨ ਬਤੀਤ ਕਰਦਾ। ਜੀਵਨ ਦੇ ਅਗਲੇ 25 ਸਾਲਾਂ ਵਿਚ 'ਗ੍ਰਿਹਸਤ ਆਸ਼ਰਮ' ਵਿਚ ਆਉਂਦੇ ਸਨ। ਜਿਸ ਸਮੇਂ ਮਨੁੱਖ ਵਿਆਹ ਕਰਵਾਉਂਦਾ, ਸੰਤਾਨ ਪੈਦਾ ਕਰਦਾ, ਕਮਾਈ ਕਰਕੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਦਾ। ਘਰ ਵਿਚ ਪੁੱਤਰ ਦਾ ਜਨਮ ਲੈਣਾ ਜ਼ਰੂਰੀ ਸਮਝਿਆ ਜਾਂਦਾ ਸੀ। ਪੁੱਤਰ ਬਿਨ੍ਹਾਂ ਗਤੀ ਨਹੀਂ ਦੀ ਗੱਲ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਜੇ ਕਿਸੇ ਦੇ ਪੁੱਤਰ ਨਾ ਹੁੰਦਾ ਤਾਂ ਉਹ ਆਪਣੇ ਕਿਸੇ ਰਿਸ਼ਤੇਦਾਰ ਦਾ ਪੁੱਤਰ ਗੋਦ ਲੈ ਲੈਂਦਾ। ਮਨੁੱਖ ਦਾ ਕਰਤੱਵ ਸਮਝਿਆ ਜਾਂਦਾ ਸੀ ਕਿ ਉਹ ਵੇਦ-ਸ਼ਾਸਤਰਾਂ ਦਾ ਪਾਠ ਕਰੇ ਅਤੇ ਧਾਰਮਿਕ ਰੀਤੀ-ਰਿਵਾਜਾਂ ਦੀ ਸਾਵਧਾਨੀ ਨਾਲ ਪਾਲਣਾ ਕਰੇ। ਮਨੁੱਖ ਨੇ ਧਾਰਮਿਕ ,ਨੇਕ ਅਤੇ ਦਾਨੀ ਦੀ ਤਰ੍ਹਾਂ ਰਹਿਣਾ ਹੁੰਦਾ ਸੀ।

'ਗ੍ਰਿਹਸਤ ਆਸ਼ਰਮ' ਤੋਂ ਬਾਅਦ ਅਗਲੇ 25 ਸਾਲ 'ਵਾਣ ਪ੍ਰਸਤ ਆਸ਼ਰਮ' ਵਿਚ ਆਉਂਦੇ ਸਨ। ਇਸ ਸਮੇਂ ਮਨੁੱਖ ਜੰਗਲਾਂ ਵਿਚ ਜਾ ਕੇ ਤਪ ਕਰਦਾ, ਅਧਿਆਤਮਿਕ ਅਤੇ ਫਲਸਫੇ ਸੰਬੰਧੀ ਸਿਖਿਆ ਪ੍ਰਾਪਤ ਕਰਦਾ। ਸੰਸਾਰ ਦਾ ਵਧ ਤੋਂ ਵਧ ਕਲਿਆਣ ਕਰਨ ਬਾਰੇ ਸੋਚਦਾ ਪਰ ਉਹ ਭੋਜਨ ਅਤੇ ਕਪੜਿਆਂ ਲਈ ਦੂਸਰਿਆਂ ਤੇ ਨਿਰਭਰ ਸੀ।

ਜੀਵਨ ਦੇ ਆਖਰੀ 25 ਸਾਲਾਂ ਨੂੰ 'ਸੰਨਿਆਸ ਆਸ਼ਰਮ' ਕਿਹਾ ਜਾਂਦਾ ਸੀ। ਇਸ ਸਮੇਂ ਇਨਸਾਨ ਘਰ ਛੱਡ ਕੇ ਪਤਨੀ ਅਤੇ ਬੱਚਿਆਂ ਨੂੰ ਤਿਆਗ ਕੇ ਜੰਗਲ ਵਿਚ ਜਾ ਕੇ ਮੁਕਤੀ ਲਈ ਤਪ ਕਰਦਾ। ਚੁਟ ਪਾਣੀ ਅਤੇ ਫਲ-ਪੱਤਿਆਂ ਤੇ ਗੁਜ਼ਾਰਾ ਕਰਦਾ। ਆਸ਼ਰਮ ਧਰਮ ਅਨੁਸਾਰ ਜੀਵਨ ਬਤੀਤ ਕਰਨਾ ਇਕ ਮਹਾਨ ਆਦਰਸ਼ ਸਮਝਿਆ ਜਾਂਦਾ ਸੀ। ਇਸ ਆਦਰਸ਼ ਅਨੁਸਾਰ ਕਈ ਲੋਕ ਆਪਣਾ ਜੀਵਨ ਬਤੀਤ ਕਰਦੇ। ਆਸ਼ਰਮ ਵਿਵਸਥਾ ਆਰੀਆਂ ਦੇ ਸਮਾਜ ਦੀ ਅਨੋਖੀ ਵਿਸ਼ੇਸ਼ਤਾ ਸੀ।[29]

ਉੱਤਰ ਵੈਦਿਕ ਕਾਲ ਦੀ ਸਮਾਜਿਕ ਅਵਸਥਾ ਸਪੱਸ਼ਟ ਰੂਪ ਵਿਚ ਜਾਤਪਾਤ ਤੇ ਆਧਾਰਿਤ ਸੀ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਆਪੋ ਆਪਣੇ ਸਮਾਜਿਕ ਬੰਧਨਾਂ ਵਿਚ ਬੱਝੇ ਮਸ਼ੀਨ ਦੀ ਤਰ੍ਹਾਂ ਚਲਦੇ ਦਿਖਾਈ ਦਿੰਦੇ ਸਨ। ਬ੍ਰਾਹਮਣ ਦਾ ਸਨਮਾਨ ਵਧਿਆ ਅਤੇ ਇਸਤਰੀਆਂ ਦੇ ਸਨਮਾਨ ਵਿਚ ਕਮੀ ਆਈ। ਸਮਾਜਿਕ ਰੀਤੀ-ਰਿਵਾਜ ਵਧ ਗਏ। ਵੱਡੇ ਵੱਡੇ ਸ਼ਹਿਰਾਂ ਦੇ ਹੋਂਦ ਵਿਚ ਆਉਣ ਨਾਲ ਆਰਥਿਕ ਤਰੱਕੀ ਕਾਰਨ ਮਨੋਰੰਜਨ ਵਰਗੇ ਮੁੱਲਾਂ ਨੂੰ ਮਹੱਤਾ ਮਿਲਣੀ ਸ਼ੁਰੂ ਹੋ ਗਈ।

ਆਰੀਆ ਲੋਕਾਂ ਦੀ ਇਸ ਕਾਲ ਵਿਚਲੀ ਸਮੁੱਚੀ ਜਿੰਦਗੀ ਦਾ ਅਧਿਐਨ ਇਹ ਦੱਸਦਾ ਹੈ ਕਿ ਇਸ ਕਾਲ ਤੱਕ ਪਹੁੰਚਦਿਆਂ ਪਹੁੰਚਦਿਆਂ ਉਨ੍ਹਾਂ ਨੇ ਜਿੰਦਗੀ ਨੂੰ ਚੰਗੇਰੇ ਰੂਪ ਵਿਚ ਜੀਣ ਲਈ ਜਿੰਦਗੀ ਦੇ ਹਰ ਖੇਤਰ ਜਿਵੇਂ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਪ੍ਰਬੰਧ ਉਸਾਰ ਲਿਆ ਸੀ। ਇਸ ਤਰ੍ਹਾਂ ਹਰ ਖੇਤਰ ਵਿਚ ਲੋੜਾਂ, ਹੱਕਾਂ ਅਤੇ ਫਰਜ਼ਾਂ ਦਾ ਇਕ ਸੰਤੁਲਿਤ ਆਧਾਰ ਸਿਰਜਣ ਵਿਚ ਕਾਮਯਾਬੀ ਪ੍ਰਾਪਤ ਕਰ ਲਈ ਸੀ। ਇਸ ਸਮੇਂ ਦੇ ਸਿਰਜੇ ਗਏ ਜੀਵਨ ਮੁੱਲਾਂ ਨੇ ਅਗਲੇਰੇ ਸਮਿਆਂ ਵਿਚ ਆਉਣ ਵਾਲੀਆਂ ਪੀੜ੍ਹੀਆਂ ਲਈ ਸੋਹਣਾ ਜੀਵਨ ਜੀਣ ਲਈ ਪੱਥ ਪ੍ਰਦਰਸ਼ਨ ਕੀਤਾ।

## ਬੁੱਧ ਮੱਤ ਦੇ ਜੀਵਨ ਮੁੱਲ

ਛੇਵੀਂ ਸਦੀ ਈ. ਪੂਰਬ ਵਿਚ ਭਾਰਤ ਵਿਚ ਕਈ ਧਾਰਮਿਕ ਅੰਦੋਲਨ ਚੱਲੇ, ਜਿਨ੍ਹਾਂ ਦਾ ਉਦੇਸ਼ ਹਿੰਦੂ ਧਰਮ ਦਾ ਸੁਧਾਰ ਕਰਨਾ ਸੀ। ਵੈਦਿਕ ਧਰਮ ਸਮੇਂ ਹਾਲਾਤ ਬਹੁਤ ਉਲਝਣਦਾਰ ਸਨ। ਬ੍ਰਾਹਮਣਾਂ ਦੀ ਪ੍ਰਧਾਨਤਾ, ਕਰਮਕਾਂਡਾਂ, ਖਰਚੀਲੇ ਯੱਗਾਂ ਅਤੇ ਬਲੀਆਂ ਕਾਰਨ ਲੋਕਾਂ ਵਿਚ ਅਸੰਤੋਸ਼ ਦੀ ਭਾਵਨਾ ਪੈਦਾ ਹੋ ਗਈ ਸੀ। ਅਜਿਹੀ ਹਾਲਤ ਵਿਚ ਧਰਮ ਅਤੇ ਸਮਾਜ ਦਾ ਸੁਧਾਰ ਕਰਨ ਲਈ 63 ਨਵੇਂ ਮੱਤਾਂ ਨੇ ਜਨਮ ਲਿਆ। ਇਨ੍ਹਾਂ ਵਿਚੋਂ ਬਹੁਤੇ ਤਾਂ ਛੇਤੀ ਹੀ ਅਲੋਪ ਹੋ ਗਏ ਪਰ ਜੈਨ ਮੱਤ ਤੇ ਬੁਧਮੱਤ ਪ੍ਰਸਿੱਧ ਹੋ ਗਏ। ਜੈਨਮੱਤ ਦੇ ਸੰਸਥਾਪਕ ਮਹਾਵੀਰ ਸਨ ਅਤੇ ਬੁੱਧ ਮੱਤ ਦੇ ਗੋਤਮ ਬੁੱਧ। ਇਹ ਦੋਵੇਂ ਮੱਤ ਮੂਲ ਰੂਪ ਵਿਚ ਵੈਦਿਕ ਧਰਮ ਦੀਆਂ ਹੀ ਸ਼ਾਖਾ ਸਨ। ਜਿਨ੍ਹਾਂ ਵਿਚ ਹਿੰਦੂ ਧਰਮ ਦੇ ਆਡੰਬਰਾਂ ,ਕਰਮਕਾਂਡਾਂ ਅਤੇ ਅੰਧ-ਵਿਸ਼ਵਾਸਾਂ ਦਾ ਖੰਡਨ ਕਰਕੇ ਸਿੱਖਿਆਵਾਂ ਪਹਿਲੂ ਉਤੇ ਜ਼ੋਰ ਦਿੱਤਾ।

ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ —— " ਮਹਾਵੀਰ ਅਤੇ ਗੋਤਮ ਨੇ ਕਿਸੇ ਨਵੇਂ ਤੇ ਨਿਰਾਲੇ ਧਰਮ ਦੀ ਨੀਂਹ ਰੱਖੀ। ਉਨ੍ਹਾਂ ਨੇ ਤਾਂ ਆਪਣੇ ਪ੍ਰਾਚੀਨ ਵੈਦਿਕ ਧਰਮ ਉੱਤੇ ਆਧਾਰਿਤ ਇਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ।"[30]

" ਬੁੱਧ ਅਤੇ ਏਸ਼ੀਆ ਦੇ ਕਈ ਦੂਜੇ ਦੇਸ਼ਾਂ ਦਾ ਧਰਮ ਬਣ ਗਿਆ ਅਤੇ ਅੱਜ ਵੀ ਇਹ ਸੰਸਾਰ ਦੇ ਸਭ ਤੋਂ ਵੱਡੇ ਧਰਮਾਂ ਵਿਚੋਂ ਇਕ ਹੈ।"[31]

ਛੇਵੀਂ ਸਦੀ ਈ. ਪੂਰਬ ਨੇ ਭਾਰਤ ਵਾਸੀਆਂ ਨੂੰ ਇਕ ਸਰਲ ਅਤੇ ਸੁਧ ਧਰਮ ਦਿੱਤਾ ਜਿਸਨੇ ਸੰਸਾਰ ਦੇ ਦੇਸ਼ਾਂ ਦੀ ਸਭਿਅਤਾ ਅਤੇ ਇਤਿਹਾਸ ਤੇ ਡੂੰਘਾ ਪ੍ਰਭਾਵ ਪਾਇਆ। ਬੁੱਧ-ਬੋਧ ਪ੍ਰਾਪਤ, ਜਾਗਰਿਤ ਅਤੇ ਗਿਆਨੀ ਨੂੰ ਹੀ ਜਾਣਦਾ ਸਮਝਦਾ ਹੈ। ਇਸ ਲਈ ਗੋਤਮ ਕੁੱਲ ਵਿਚ 'ਸਿਧਾਰਥ' ਨੂੰ ਬੁੱਧ ਕਹਿੰਦੇ ਹਨ ਜਿਵੇਂ ਬ੍ਰਾਹਮਣ ਧਰਮ ਵਿਚ ਵਿਸ਼ਨੂੰ ਦੇ ਚੌਵੀ ਅਵਤਾਰ ਮੰਨੇ ਜਾਂਦੇ ਹਨ। ਜੈਨ ਧਰਮ ਵਿਚ 24 ਤੀਰਥੰਕਰ ਹੋਏ ਇਸੇ ਤਰ੍ਹਾਂ ਬੁੱਧ ਧਰਮ ਵਿਚ ਚੌਵੀ ਬੁੱਧ ਹੋਏ ਅਜਿਹਾ ਕਿਹਾ ਜਾਂਦਾ ਹੈ ਪਰ ਇਤਿਹਾਸਕ ਤੌਰ ਤੇ ਜਿਨ੍ਹਾਂ ਦਾ ਅਸਤਿਤਵ ਸਿੱਧ ਹੋਇਆ ਉਹ ਗੋਤਮ ਬੁੱਧ ਦਾ ਹੈ।

ਗੌਤਮ ਬੁੱਧ ਗ੍ਰਹਿਸਤ ਜੀਵਨ ਵਿਚ ਗੁਜਰਦੇ ਹੋਏ ਹਰ ਗੱਲ ਨੂੰ ਬਾਰੀਕੀ ਨਾਲ ਲੈਂਦੇ ਸਨ। ਇਕ ਦਿਨ ਆਪ ਨੇ ਇਕ ਬੁੱਢੇ ਆਦਮੀ, ਰੋਗੀ ਅਤੇ ਮੁਰਦੇ ਨੂੰ ਦੇਖਿਆ। ਇਨ੍ਹਾਂ ਘਟਨਾਵਾਂ ਨੇ ਆਪਦੇ ਮਨ ਤੇ ਬਹੁਤ ਅਸਰ ਕੀਤਾ। ਆਪਨੇ ਜ਼ਿੰਦਗੀ ਤੋਂ ਉਦਾਸ ਹੋ ਕੇ ਸੰਨਿਆਸ ਲੈ ਲਿਆ ਆਪਨੂੰ ਜਦੋਂ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਤਾਂ ਆਪਨੇ ਲੋਕਾਂ ਨੂੰ ਉਪਦੇਸ਼ ਦਿੱਤੇ ਜੋ ਉਨ੍ਹਾਂ ਦੀਆਂ ਸਿੱਖਿਆਵਾਂ ਅਖਵਾਉਂਦੇ ਹਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ:-

<u>ਮਹਾਤਮਾ ਬੁੱਧ ਦੀਆਂ ਸਿੱਖਿਆਵਾਂ</u>

ਆਪਨੇ ਲੋਕਾਂ ਨੂੰ ਉੱਚਾ ਸੁੱਚਾ ਗ੍ਰਹਿਸਤ ਅਤੇ ਸਦਾਚਾਰੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਆਪ ਆਰਤਰਨ ਅਤੇ ਰੀਤੀ ਰਸਮ ਕਰਨ ਨਹੀਂ ਮੰਨਦੇ ਸਨ। ਇਨ੍ਹਾਂ ਦੀਆਂ ਸਿੱਖਿਆਵਾਂ ਬਹੁਤ ਸਰਲ ਸਨ। ਇਹ ਧਰਮ ਸ਼ਾਸਤਰਾਂ ਤੇ ਆਧਾਰਿਤ ਨਹੀਂ ਸਨ। ਇਨ੍ਹਾਂ ਨੇ ਮਹਾਤਮਾ ਅਤੇ ਪਰਮਾਤਮਾ ਬਾਰੇ ਗੂੜ੍ਹ ਅਤੇ ਉਲਝਣਦਾਰ ਦਰਸ਼ਨ ਦਾ ਪ੍ਰਚਾਰ ਨਹੀਂ ਕੀਤਾ। ਆਪਨੇ ਲੋਕਾਂ ਦੀ ਬੋਲੀ ਵਿਚ ਸ਼ੁੱਧ ਪਵਿੱਤਰ ਅਤੇ ਸ਼ੁੱਧ ਜੀਵਨ ਬਤੀਤ ਕਰਨ ਦੇ ਨਿਯਮ ਦੱਸੇ। ਆਰ.ਆਰ. ਦਿਵਾਕਰ ਅਨੁਸਾਰ — ਬੁੱਧ ਦੇ ਉਪਦੇਸ਼ਾਂ ਦਾ ਮੂਲ ਆਧਾਰ ਵੇਦ ਅਤੇ ਧਰਮ ਸ਼ਾਸਤਰ ਨਹੀਂ ਸਨ ਸਗੋਂ ਉਨ੍ਹਾਂ ਦੇ ਅੰਦਰੂਨੀ ਅਨੁਭਵ ਸਨ ਜਿਨ੍ਹਾਂ ਨੂੰ ਸਮਝਣਾ ਸਾਧਾਰਣ ਮਨੁੱਖ ਲਈ ਵੀ ਕਠਿਨ ਨਹੀਂ ਸੀ। ਆਪਨੇ ਲੋਕਾਂ ਨੂੰ ਜੀਵਨ ਜਾਚ ਦੱਸਣ ਲਈ ਕੁਝ ਮੁੱਲ ਨਿਰਧਾਰਿਤ ਕੀਤੇ ਜਿਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਹੈ:-

<u>ਚਾਰ ਮੂਲ ਸਚਾਈਆਂ</u>

ਬੁੱਧ ਧਰਮ ਦੇ ਮੁੱਖ ਸਿਧਾਂਤ ਚਾਰ ਆਰੀਆਂ ਸਤਯ ਸਨ। ਆਪਨੇ ਚਾਰ ਸ਼ਬਦ 'ਦੁੱਖ' ਦੁੱਖ ਦੀ ਉਤਪਤੀ ਦਾ ਕਾਰਨ 'ਦੁਖ ਦਾ ਨਾਸ਼' ਅਤੇ ਦੁੱਖ ਨੂੰ ਨਾਸ਼ ਕਰਨ ਦੇ ਸਾਧਨ ਦੱਸੇ।

— ਸੰਸਾਰ ਦੁੱਖਾਂ ਦਾ ਘਰ ਹੈ। ਜਨਮ, ਰੋਗ, ਵਿਛੋੜਾ ਅਤੇ ਮਰਨ ਸੰਸਾਰ ਦੇ ਮਹਾਨ ਦੁੱਖ ਹਨ।

— ਦੁੱਖ ਦਾ ਕਾਰਨ ਤ੍ਰਿਸ਼ਨਾ ਜਾਂ ਲਾਲਸਾ ਹੈ। ਲਾਲਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ — ਦੁੱਖ ਦੀ ਲਾਲਸਾ, ਇਨ੍ਹਾਂ ਲਾਲਸਾਵਾਂ ਦੇ ਪੂਰਾ ਨਾ ਹੋਣ ਨਾਲ ਮਨੁੱਖ ਨੂੰ ਦੁੱਖ ਹੁੰਦਾ ਹੈ।

– ਇੱਛਾਵਾਂ ਦਾ ਨਾਸ਼ ਕਰਨ ਨਾਲ ਹੀ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਉਨ੍ਹਾਂ ਨੇ ਭਿਕਸ਼ੂਆਂ ਨੂੰ ਕਿਹਾ ਸੀ ਹੇ ਭਿਕਸ਼ੂਓ ! ਤ੍ਰਿਸ਼ਨਾ ਦਾ ਪੂਰਾ ਤਿਆਗ ਹੀ ਦੁੱਖ ਨਿਰੋਧ ਹੈ।

– ਚੌਥੀ ਸਚਾਈ ਦੁੱਖ ਨੂੰ ਨਾਸ਼ ਕਰਨ ਦਾ ਅਸਲ ਸਾਧਨ ਅਸ਼ਟ ਮਾਰਗ ਹੈ।

ਜਿਸ ਤਰ੍ਹਾਂ ਆਪਣੇ ਬੁਧ ਰਾਤ ਨੂੰ ਗਿਆਨ ਪ੍ਰਾਪਤ ਕੀਤਾ ਉਸਨੂੰ ਚਾਰ ਸਚਾਈਆਂ ਦਾ ਨਾਂ ਦੇ ਕੇ ਲੋਕਾਂ ਵਿਚ ਪ੍ਰਚਾਰ ਕੀਤਾ ਆਪਣੇ ਲੋਕਾਂ ਨੂੰ ਧਾਰਮਿਕ ਜੀਵਨ ਬਤੀਤ ਕਰਨ ਲਈ ਕੀ ਕਰਨਾ ਚਾਹੀਦਾ ਹੈ ਬਾਰੇ ਜਾਣੂ ਕਰਾਇਆ।

2. <u>ਅਸ਼ਟ ਮਾਰਗ</u>

ਮਹਾਤਮਾ ਬੁੱਧ ਨੇ ਲੋਕਾਂ ਨੂੰ ਅੱਠ ਸਿਧਾਂਤਾਂ ਤੋਂ ਜਾਣੂ ਕਰਾਇਆ ਜਿਸਨੂੰ ਅਸ਼ਟ ਮਾਰਗ ਕਹਿੰਦੇ ਹਨ। ਇਨ੍ਹਾਂ ਸਿਧਾਂਤਾਂ ਨੂੰ ਅਪਣਾਉਣ ਨਾਲ ਮਨੁੱਖ ਦੁਖਾਂ ਤੋਂ ਦੂਰ ਹੋ ਜਾਂਦਾ ਹੈ। ਇੱਛਾਵਾਂ ਦਾ ਤਿਆਗ ਕਰਕੇ ਸ਼ੁਧ ਪਵਿੱਤਰ ਜੀਵਨ ਜਿਊਂਦਾ ਹੈ। ਇਹ ਬੁੱਧ ਦੀਆਂ ਸਿੱਖਿਆਵਾਂ ਦਾ ਸਾਰ ਹਨ। ਜਿਨ੍ਹਾਂ ਦਾ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਹੈ:–

1. <u>ਸੱਚਾ ਵਿਸ਼ਵਾਸ</u>

ਮਨੁੱਖ ਨੂੰ ਸੱਚਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਕਾਮਨਾਵਾਂ ਨੂੰ ਤਿਆਗਣ ਨਾਲ ਦੁੱਖ ਦੂਰ ਹੋ ਸਕਦੇ ਹਨ ਉਸਨੂੰ ਆਪਣੇ ਰਸਤੇ ਤੋਂ ਭਟਕਣਾ ਨਹੀਂ ਚਾਹੀਦਾ । ਸੋਚ-ਸਮਝ ਅਤੇ ਗਿਆਨ ਤੋਂ ਕੰਮ ਲੈਣਾ ਚਾਹੀਦਾ ਹੈ। ਜਿਸ ਨਾਲ ਮਨੁੱਖ ਪਾਪ, ਪੁੰਨ, ਅਨਾਚਾਰ ਅਤੇ ਸਦਾਚਾਰ, ਸੱਚ ਅਤੇ ਝੂਠ ਦੇ ਭੇਦ ਤੋਂ ਜਾਣੂ ਹੁੰਦਾ ਹੈ।

2. <u>ਸੱਚਾ ਵਿਚਾਰ</u>

ਮਨੁੱਖ ਦੇ ਵਿਚਾਰ ਠੀਕ ਹੋਣੇ ਚਾਹੀਦੇ ਹਨ ਉਸਨੂੰ ਕਿਸੇ ਨਾਲ ਝੂਠ ਨਹੀਂ ਬੋਲਣਾ, ਕਿਸੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ, ਸੰਸਾਰਿਕ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਉਸਨੇ ਯੱਗਾਂ, ਬਲੀਆਂ ਵਿਚ ਵਿਸ਼ਵਾਸ ਨਾ ਰੱਖ ਕੇ ਆਪਣੇ ਆਪ ਤੇ ਨਿਰਭਰ ਰਹਿਣਾ ਚਾਹੀਦਾ ਹੈ ਤਾਂ ਉਸਦੇ ਮਨ ਵਿਚ ਸ਼ੁਧ ਵਿਚਾਰ ਆ ਸਕਦੇ ਹਨ।

3. <u>ਸੱਚਾ ਵਚਨ</u>

ਮਨੁੱਖ ਦੇ ਬੋਲ ਪਵਿੱਤਰ ਹੋਣੇ ਚਾਹੀਦੇ ਹਨ ਉਸਦੀ ਭਾਸ਼ਾ ਵਿਚ ਨਿਮਰਤਾ ਤੇ ਮਿਠਾਸ ਦਾ ਹੋਣਾ ਜ਼ਰੂਰੀ ਹੈ ਉਸਨੂੰ ਸੱਚ ਵਚਨ ਕਹਿਣੇ ਚਾਹੀਦੇ ਹਨ ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਕਿਸੇ ਨੂੰ ਬੁਰਾ ਭਲਾ ਕਹਿਣਾ ਚਾਹੀਦਾ ਹੈ।

4. <u>ਸੱਚਾ ਕਰਮ</u>—

ਮਨੁੱਖ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ ਉਸਨੂੰ ਚੋਰੀ, ਨਸ਼ੇ ਵਾਲੀਆਂ ਚੀਜ਼ਾਂ, ਜੀਵ ਹੱਤਿਆ ਅਤੇ ਸੰਸਾਰਿਕ ਭੋਗਾਂ ਤੋਂ ਦੂਰ ਰਹਿ ਕੇ ਦਾਨ, ਅਹਿੰਸਾ, ਪ੍ਰੇਮ ਅਤੇ ਦਿਆਲਤਾ ਨਾਲ ਰਹਿਣਾ ਚਾਹੀਦਾ ਹੈ।

5. <u>ਸੱਚਾ ਰਹਿਣ-ਸਹਿਣ</u>

ਮਨੁੱਖ ਨੂੰ ਆਪਣੀ ਰੋਟੀ ਰੋਜ਼ੀ ਇਮਾਨਦਾਰੀ ਨਾਲ ਕਮਾਉਣੀ ਚਾਹੀਦੀ ਹੈ ਉਸਦਾ ਰਹਿਣ ਸਹਿਣ ਕਲੰਕ ਰਹਿਤ ਹੋਣਾ ਚਾਹੀਦਾ ਹੈ ਅਤੇ ਚੰਗੇ ਕੰਮ ਕਰਨੇ ਚਾਹੀਦੇ ਹਨ।

6. <u>ਸੱਚਾ ਯਤਨ</u>

ਉਸਨੂੰ ਸੱਚੇ ਯਤਨ ਕਰਨੇ ਚਾਹੀਦੇ ਹਨ। ਉਸ ਵਿਚ ਦੂਸਰਿਆਂ ਦੀ ਭਲਾਈ ਕਰਨੀ ਆਪਣੇ ਜੀਵਨ ਨੂੰ ਚੰਗਾ ਆਦਿ ਗੁਣਾਂ ਦਾ ਹੋਣਾ ਜ਼ਰੂਰੀ ਹੈ ਉਸ ਵਿਚ ਇੰਦਰੀਆਂ ਨੂੰ ਕਾਬੂ ਰੱਖਣ, ਬੁਰੀ ਭਾਵਨਾਵਾਂ ਦਾ ਤਿਆਗ ਅਤੇ ਚੰਗੀਆਂ ਗੱਲਾਂ ਨੂੰ ਅਪਣਾਉਣ ਦੀ ਸ਼ਕਤੀ ਦਾ ਹੋਣਾ ਜ਼ਰੂਰੀ ਹੈ।

7. <u>ਸੱਚੀ ਸਮ੍ਰਿਤੀ</u>

ਮਨੁੱਖ ਨੂੰ ਚੰਗੀਆਂ ਗੱਲਾਂ ਨੂੰ ਯਾਦ ਰੱਖਣਾ ਅਤੇ ਬੁਰੀਆਂ ਨੂੰ ਭੁੱਲ ਜਾਣਾ ਚਾਹੀਦਾ ਹੈ। ਮਨ ਵਿਚ ਨੇਕ ਵਿਚਾਰ ਹੋਣੇ ਚਾਹੀਦੇ ਹਨ।

## 2. ਸੱਚਾ ਧਿਆਨ

ਮਨੁੱਖ ਨੂੰ ਸੰਸਾਰਿਕ ਗੱਲਾਂ ਤੋਂ ਦੂਰ ਰਹਿ ਕੇ ਮਨ ਨੂੰ ਇਕਾਗਰ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਵੱਲ ਧਿਆਨ ਲਾਉਣਾ ਚਾਹੀਦਾ ਹੈ।

ਮਹਾਤਮਾ ਬੁੱਧ ਨੇ ਅਸ਼ਟ ਮਾਰਗ ਨੂੰ ਮੱਧ ਮਾਰਗ ਵੀ ਕਿਹਾ ਹੈ ਕਿਉਂਕਿ ਇਹ ਰਸਤਾ ਕਠੋਰ ਤਪੱਸਿਆ ਅਤੇ ਭੋਗ ਵਿਲਾਸ ਦੇ ਵਿਚਕਾਰ ਹੈ। ਨਾ ਤਾਂ ਉਹ ਸੰਸਾਰ ਨੂੰ ਤਿਆਗਣ ਅਤੇ ਨਾ ਹੀ ਐਸ਼ ਇਸ਼ਰਤ ਦੀ ਜ਼ਿੰਦਗੀ ਬਤੀਤ ਕਰਨ ਨੂੰ ਕਹਿੰਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਸੰਸਾਰ ਵਿਚ ਰਹਿ ਕੇ ਅਸ਼ਟ ਮਾਰਗ ਰਾਹੀਂ ਨੈਤਿਕ ਜੀਵਨ ਬਤੀਤ ਕਰਨ ਲਈ ਕਿਹਾ ਜਿਸ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਇਹ ਹਰ ਮਨੁੱਖ ਲਈ ਹੈ ਭਾਵੇਂ ਉਹ ਗ੍ਰਹਿਸਤੀ ਹੈ ਜਾਂ ਭਿਕਸ਼ੂ। ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰਨ ਅਤੇ ਇੰਦਰੀਆਂ ਨੂੰ ਵੱਸ ਕਰਨ ਦਾ ਉਪਦੇਸ਼ ਦਿੱਤਾ ਹੈ।

## 3. ਅਹਿੰਸਾ

ਅਹਿੰਸਾ ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਮੁੱਖ ਸਿਧਾਂਤ ਹੈ। ਬੁੱਧ ਨੇ ਮਨੁੱਖ ਨਾਲ ਪਿਆਰ ਕਰਨ ਲਈ ਕਿਹਾ ਅਤੇ ਜੀਵ ਹੱਤਿਆ ਤੋਂ ਵਰਜਿਤ ਕੀਤਾ ਅਤੇ ਪਸ਼ੂਆਂ ਦੇ ਮਾਸ ਨੂੰ ਖਾਣ ਤੋਂ ਰੋਕਿਆ ਪਰ ਇਨ੍ਹਾਂ ਨੇ ਮਹਾਂਵੀਰ ਸਵਾਮੀ ਦੀ ਤਰ੍ਹਾਂ ਕੀੜੇ, ਪੌਦਿਆਂ ਅਤੇ ਪੱਥਰਾਂ ਵਿਚ ਜਾਨ ਹੈ ਦਾ ਪ੍ਰਚਾਰ ਨਹੀਂ ਕੀਤਾ। ਜੋ ਲੋਕ ਜੀਵ ਹੱਤਿਆ ਕਰਦੇ ਹਨ ਉਨ੍ਹਾਂ ਦੀ ਸਹਾਇਤਾ ਨਹੀਂ ਕਰਨੀ ਚਾਹੀਦੀ ਸਗੋਂ ਅਹਿੰਸਾ, ਦਇਆ ਅਤੇ ਪ੍ਰੇਮ ਦਾ ਵਿਵਹਾਰ ਰੱਖਣਾ ਚਾਹੀਦਾ ਹੈ।

## 4. ਕਰਮ ਸਿਧਾਂਤ

ਆਪਣੇ ਕਰਮਾਂ ਦੇ ਫਲਾਂ ਨੂੰ ਮੰਨਿਆ । ਇਹ ਜਨਮ ਪਿਛਲੇ ਕਰਮਾਂ ਕਰਕੇ ਮਿਲਿਆ, ਇਸ ਜਨਮ ਦੇ ਕਰਮਾਂ ਕਰਕੇ ਭਵਿੱਖ ਨਿਰਧਾਰਿਤ ਹੋਵੇਗਾ ਤੇ ਭਵਿੱਖ ਦੇ ਕਰਮਾਂ ਤੋਂ ਅਗਲਾ ਜਨਮ ਮਿਲੇਗਾ। ਇਹ ਸਿਧਾਂਤ ਕੇਵਲ ਮਨੁੱਖਾਂ ਤੇ ਹੀ ਨਹੀਂ ਪਸ਼ੂਆਂ

ਤੇ ਵੀ ਲਾਗੂ ਹੁੰਦਾ ਹੈ। ਆਪਨੇ ਸ਼ੁਧ ਕਰਮ ਕਰਨ ਦਾ ਸੰਦੇਸ਼ ਦਿੱਤਾ। ਇਨ੍ਹਾਂ ਅਨੁਸਾਰ ਮਨੁੱਖ ਆਪਣੇ ਕਰਮਾਂ ਦਾ ਨਿਰਮਾਤਾ ਆਪ ਹੈ ਉਹ ਜਿਹੋ ਜਿਹੇ ਕਰਮ ਕਰੇਗਾ ਉਸਨੂੰ ਉਹੋ ਜਿਹਾ ਹੀ ਫਲ ਮਿਲੇਗਾ। ਊਚ-ਨੀਚ, ਅਮੀਰ ਗਰੀਬ, ਸਭ ਕਰਮਾਂ ਕਰਕੇ ਹੈ। ਚੰਗੇ ਕਰਮਾਂ ਨਾਲ ਮਨੁੱਖ ਜਨਮ ਮਰਨ ਦੇ ਚੱਕਰ ਤੋਂ ਛੁੱਟ ਜਾਂਦਾ ਹੈ। ਉਨ੍ਹਾਂ ਦਾ ਕਰਮ ਸਿਧਾਂਤ ਉਤੇ ਵਿਸ਼ਵਾਸ ਸਮਾਜ ਸ਼ਾਸਤਰ ਦੇ ਪੱਖ ਤੋਂ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿਉਂਕਿ ਇਸ ਵਿਚ ਮਨੁੱਖ ਦੀ ਜਨਮ ਮਿਤੀ ਨਾਲੋਂ ਉਸਦੇ ਵਿਅਕਤੀਗਤ ਕਾਰਜ ਨੂੰ ਵਧੇਰੇ ਮਹਾਨਤਾ ਦਿੱਤੀ ਗਈ ਹੈ।

5. ਨੈਤਿਕਤਾ

ਮਹਾਤਮਾ ਬੁੱਧ ਨੇ ਨੈਤਿਕਤਾ ਤੇ ਜ਼ੋਰ ਦਿੱਤਾ। ਮਨੁੱਖ ਨੂੰ ਸ਼ੁੱਧ ਚਰਿੱਤਰ ਰੱਖਣਾ ਚਾਹੀਦਾ ਹੈ। ਭੋਗ ਵਿਲਾਸ ਦੇ ਸਾਧਨ, ਨਸ਼ਾ, ਝੂਠ ਬੋਲਣ, ਜੀਵਾਂ ਨੂੰ ਦੁੱਖ ਦੇਣ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਮਨ, ਬਚਨ, ਕਰਮ ਦੀ ਸਚਾਈ ਅਤੇ ਪਵਿੱਤਰਤਾ ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਮੱਤ ਹੈ ਕਿ ਸਦਾਚਾਰ, ਪੂਰਣ ਜੀਵਨ ਮਾਨਸਿਕ ਸ਼ਾਂਤੀ ਲਈ ਜ਼ਰੂਰੀ ਹੈ। ਉਨ੍ਹਾਂ ਦਾ 'ਅਸ਼ਟ ਮਾਰਗ' ਵੀ ਨੈਤਿਕਤਾ ਦੇ ਸਿਧਾਂਤਾਂ ਨਾਲ ਭਰਪੂਰ ਹੈ।

6. ਭਰਾਤਰੀ ਭਾਵ

ਮਹਾਤਮਾ ਬੁੱਧ ਨੇ ਭਰਾਤਰੀ ਭਾਵ ਦੇ ਸਿਧਾਂਤ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਸਭ ਨੂੰ ਭਰਾ ਭਰਾ ਬਣ ਕੇ ਰਹਿਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਇਕ ਦੂਸਰੇ ਨਾਲ ਪ੍ਰੇਮ, ਹਮਦਰਦੀ ਭਰਿਆ ਸਲੂਕ ਕਰਨ ਲਈ ਕਿਹਾ ਉਨ੍ਹਾਂ ਨੇ ਉੱਚੀਆਂ ਅਤੇ ਨੀਵੀਆਂ ਜਾਤੀਆਂ ਦੇ ਲੋਕਾਂ ਨਾਲ ਨਿਮਰਤਾ ਅਤੇ ਉਦਾਰਤਾ ਦਾ ਸਲੂਕ ਕਰਕੇ ਉਦਾਹਰਣ ਉਨ੍ਹਾਂ ਦੇ ਸਾਹਮਣੇ ਰੱਖੀ।

7. ਆਤਮ-ਬੋਧ

ਬੁੱਧ ਨੇ ਸ਼ਰਧਾਲੂਆਂ ਨੂੰ ਆਤਮ ਬੋਧ ਦਾ ਉਪਦੇਸ਼ ਦਿੱਤਾ ਜਿਸਦਾ ਅਰਥ ਹੈ ਆਪਣੇ ਅਨੁਭਵ ਰਾਹੀਂ ਹੀ ਅਧਿਆਤਮਿਕ ਮਾਰਗ ਲੱਭਣਾ। ਉਹ ਅਨੁਭਵ ਦੀ ਕਸਵੱਟੀ ਤੇ ਪੂਰਾ ਉਤਰਨ ਵਾਲੀ ਗੱਲ ਨੂੰ ਮੰਨਿਆ। ਉਹ ਕਹਿੰਦੇ ਸਨ ," ਆਪ ਨੂੰ ਜੇਤੀਆਂ

ਸਿਖਿਆਵਾਂ ਦਾ ਉਦੋਂ ਪਾਲਣ ਕਰਨਾ ਚਾਹੀਦਾ ਹੈ ਜਦੋਂ ਆਪਣਾ ਅਨੁਭਵ ਉਨ੍ਹਾਂ ਦੇ ਠੀਕ ਹੋਣ ਦੀ ਪ੍ਰੋੜ੍ਹਤਾ ਕਰੇ।" ਸ੍ਰੀ ਆਰ.ਆਰ. ਦਿਵਾਕਰ ਲਿਖਦੇ ਹਨ ਕਿ ਬੁੱਧ ਨੇ ਆਤਮ ਦੀਪ ਸਿਧਾਂਤ ਪੇਸ਼ ਕਰਕੇ ਗੁਰੂ ਦੇ ਧਾਰਮਿਕ ਮਹੱਤਵ ਨੂੰ ਸਮਾਪਤ ਕਰ ਦਿੱਤਾ ਅਤੇ ਮਨੁੱਖ ਨੂੰ ਆਪਣੀ ਸਮੱਸਿਆ ਨੂੰ ਹੱਲ ਕਰਨ ਲਈ ਆਤਮ ਵਿਸ਼ਵਾਸ ਅਤੇ ਜ਼ਿੰਮੇਵਾਰੀ ਦੀ ਭਾਵਨਾ ਪ੍ਰਦਾਨ ਕੀਤੀ।

8. <u>ਨਿਰਵਾਣ</u>

ਚੰਗੇ ਕਰਮਾਂ ਨਾਲ ਮਨੁੱਖ ਨਿਰਵਾਣ ਨੂੰ ਪ੍ਰਾਪਤ ਕਰਦਾ ਹੈ। ਉਸਦੀ ਤ੍ਰਿਸ਼ਨਾ ਨਹੀਂ ਰਹਿੰਦੀ ਅਤੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ। ਮਨੁੱਖ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਉਸਨੂੰ ਸ਼ਾਂਤੀ ਮਿਲ ਜਾਂਦੀ ਹੈ। ਨਿਰਵਾਣ ਦੀ ਪ੍ਰਾਪਤੀ ਅਜਿਹੀ ਪ੍ਰਾਪਤੀ ਹੈ ਜਿਸਨੂੰ ਪ੍ਰਾਪਤ ਕਰਨ ਦੇ ਬਾਅਦ ਕੁਝ ਹੋਰ ਇੱਛਾ ਨਹੀਂ ਰਹਿੰਦੀ। ਦੂਸਰੇ ਧਰਮਾਂ ਅਨੁਸਾਰ ਨਿਰਵਾਣ ਮੌਤ ਦੇ ਬਾਅਦ ਪ੍ਰਾਪਤ ਹੁੰਦਾ ਹੈ ਪਰ ਬੁੱਧ ਧਰਮ ਵਿਚ ਨਿਰਵਾਣ ਜੀਵਨ ਵਿਚ ਹੀ ਪ੍ਰਾਪਤ ਹੋ ਜਾਂਦਾ ਹੈ। ਬੁੱਧ ਨੇ ਆਪਣੇ ਇਸੇ ਜੀਵਨ ਵਿਚ ਹੀ ਨਿਰਵਾਣ ਪ੍ਰਾਪਤ ਕਰ ਲਿਆ ਸੀ।

9. <u>ਜਾਤ ਪ੍ਰਥਾ</u>

ਉੱਤਰ ਵੈਦਿਕ ਕਾਲ ਤੋਂ ਹਿੰਦੂਆਂ ਦਾ ਸਮਾਜ ਚਾਰ ਜਾਤੀਆਂ— ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਵਿਚ ਵੰਡਿਆ ਹੋਇਆ ਸੀ। ਮਹਾਤਮਾ ਬੁੱਧ ਨੇ ਜਾਤੀਆਂ ਦੇ ਭੇਦ-ਭਾਵ ਨੂੰ ਖਤਮ ਕੀਤਾ। ਆਪਨੇ ਕਿਹਾ ਜੋ ਮਨੁੱਖ ਪਵਿੱਤਰ ਜੀਵਨ ਬਤੀਤ ਕਰਦਾ ਹੈ ਅਤੇ 'ਅਸ਼ਟ ਮਾਰਗ' ਅਨੁਸਾਰ ਚਲਦਾ ਹੈ ਉਸਨੂੰ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ ਚਾਹੇ ਉਹ ਵੈਸ਼ ਹੋਵੇ ਜਾਂ ਸ਼ੂਦਰ। ਉਨ੍ਹਾਂ ਅਨੁਸਾਰ ਬ੍ਰਾਹਮਣ ਉਹੀ ਹੈ ਜੋ ਚੰਗੇ ਕੰਮ ਕਰਦਾ ਹੈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰਹਿੰਦਾ ਹੈ। ਜੋ ਮਨੁੱਖ ਭੋਗੀ ਬਣਕੇ ਜੀਵਨ ਨਿਰਬਾਹ ਕਰਦਾ ਹੈ ਉਹ ਚੋਰ ਹੈ ਬ੍ਰਾਹਮਣ ਨਹੀਂ। ਉਨ੍ਹਾਂ ਮਨੁੱਖੀ ਸਮਾਨਤਾ ਨੂੰ ਅਹਿਮੀਅਤ ਦਿੱਤੀ। ਜਾਤ-ਪ੍ਰਥਾ ਵਿਚ ਅਭਾਵ ਹੋਣ ਕਾਰਨ ਨੀਵੀਂ ਜਾਤੀਆਂ ਦੇ ਲੋਕਾਂ ਨੇ ਬੁੱਧ ਧਰਮ ਨੂੰ ਅਪਣਾਇਆ।

## 10. ਈਸ਼ਵਰ ਅਤੇ ਆਤਮਾ

ਮਹਾਤਮਾ ਬੁੱਧ ਈਸ਼ਵਰ ਅਤੇ ਆਤਮਾ ਦੇ ਵਿਸ਼ੇ ਵਿਚ ਚੁੱਪ ਰਹੇ ਉਨ੍ਹਾਂ ਨੇ ਕੋਈ ਵਾਦ -ਵਿਵਾਦ ਨਹੀਂ ਕੀਤਾ। ਉਨ੍ਹਾਂ ਨੇ ਈਸ਼ਵਰ ਦੀ ਹੋਂਦ ਨੂੰ ਸਪੱਸ਼ਟ ਰੂਪ ਵਿਚ ਨਹੀਂ ਮੰਨਿਆ ਨਾ ਹੀ ਦੇਵੀ-ਦੇਵਤਿਆਂ ਦੀ ਪੂਜਾ ਵਿਚ ਵਿਸ਼ਵਾਸ ਕਰਦੇ ਸਨ ਪਰ ਉਹ ਇਹ ਜ਼ਰੂਰ ਮੰਨਦੇ ਸਨ ਇਕ ਅਜਿਹੀ ਸ਼ਕਤੀ ਹੈ ਜਿਸ ਨਾਲ ਸੰਸਾਰ ਚਲਦਾ ਹੈ ਇਸਨੂੰ ਉਹ ਪਰਮ ਕਹਿੰਦੇ ਸਨ।

## 11. ਵੇਦ, ਯੱਗ, ਬਲੀ ਅਤੇ ਕਰਮਕਾਂਡ

ਬੁੱਧ ਨੇ ਮੰਤਰਾਂ ਦੇ ਉਚਾਰਨ ਯੱਗ, ਬਲੀ ਦੇਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਯੱਗ ਵਿਚ ਲਕੜੀਆਂ ਬਾਲਣ ਨਾਲ ਸਾਡੇ ਸਰੀਰ ਦੀਆਂ ਵਾਸ਼ਨਾਵਾਂ ਖ਼ਤਮ ਨਹੀਂ ਹੁੰਦੀਆਂ। ਉਹ ਕਹਿੰਦੇ ਸਨ ਕਿ ਆਪਣੇ ਅਨੁਭਵਾਂ ਦੁਆਰਾ ਅਧਿਆਤਮਿਕ ਮਾਰਗ ਦੀ ਖੋਜ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਆਤਮ-ਬੋਧ ਦੇ ਸਿਧਾਂਤ( You must be light to yourself ) ਦਾ ਪ੍ਰਤਪਾਦਨ ਕੀਤਾ।

ਮਹਾਤਮਾ ਬੁੱਧ ਦਾ ਧਰਮ ਕਠੋਰ ਰੀਤਾਂ, ਨਿਯਮਾਂ ਅਤੇ ਪੂਜਾ ਵਿਧੀਆਂ ਦਾ ਸੰਗ੍ਰਹਿ ਨਹੀਂ ਸਗੋਂ ਇਹ ਸ਼ੁੱਧ ਜੀਵਨ ਦਾ ਇਕ ਢੰਗ ਹੈ। ਜਿਸ ਵਿਚ ਵਿਚਾਰ, ਵਚਨ ਅਤੇ ਕਰਮ ਦੀ ਪਵਿੱਤਰਤਾ ਉੱਤੇ ਜ਼ੋਰ ਦਿੱਤਾ ਗਿਆ। ਮਹਾਤਮਾ ਬੁੱਧ ਸੰਸਾਰ ਦੇ ਪਹਿਲੇ ਤਰਕਵਾਦੀ ਸਨ ਜਿਨ੍ਹਾਂ ਨੇ ਕਿਹਾ ਕਿ ਮਨੁੱਖ ਬਿਨ੍ਹਾਂ ਕਿਸੇ ਬਾਹਰਲੀ ਸ਼ਕਤੀ ਦੇ ਆਸਰੇ ਤੋਂ ਆਪਣਾ ਤਾਰਨਹਾਰ ਅਤੇ ਸੁਆਮੀ ਆਪ ਹੀ ਹੈ।

ਬੁੱਧ ਨੇ ਵਿਸ਼ੈ ਵਿਕਾਰਾਂ ਦਾ ਤਿਆਗ ਕਰਕੇ ਮਨ ਨੂੰ ਵਸ ਕਰਨ ਦੀ ਗੱਲ ਕੀਤੀ ਹੈ ਜਦੋਂ ਅਸੀਂ ਆਪਣੇ ਰਸਤੇ ਦੀਆਂ ਰੁਕਾਵਟਾਂ ਭਾਵ ਭਗਤੀ ਤੋਂ ਦੂਰ ਲੈ ਜਾਣ ਵਾਲੇ ਬੰਧਨਾਂ ਤੋਂ ਮੁਕਤ ਹੋ ਜਾਵਾਂਗੇ ਤਾਂ ਸਾਡੇ ਵਿਚ ਨਵੀਂ ਰੂਹ ਆ ਜਾਏਗੀ। ਸਾਡੇ ਮਨ ਵਿਚੋਂ ਹੰਕਾਰ ਦੂਰ ਹੋ ਜਾਵੇਗਾ ਜੋ ਸਾਡੇ ਤਨ ਨੂੰ ਜਲਾ ਕੇ ਰੱਖ ਦਿੰਦਾ ਹੈ। ਭਗਤੀ ਕਰਨ ਨਾਲ ਮਨੁੱਖ ਵਿਚ ਸ਼ੀਤਲਤਾ ਦਾ ਗੁਣ ਆ ਜਾਂਦਾ ਹੈ ਉਹ ਸ਼ਾਂਤ ਰਹਿੰਦਾ ਅਤੇ ਵਰਤ ਰੱਖਦਾ ਹੈ ਪਰ ਉਸਨੂੰ ਇਨ੍ਹਾਂ ਤੇ ਹੰਕਾਰ ਨਹੀਂ ਹੋਣਾ ਚਾਹੀਦਾ ਜੇ ਇਸ ਗੱਲ ਦੇ ਚਿੰਤਨ ਵਿਚ ਡੁੱਬੇ ਰਹਾਂਗੇ ਤਾਂ

ਨੁਕਸਾਨ ਹੋਵੇਗਾ। ਮਨੁੱਖ ਨੂੰ ਕਾਮ ਵਾਸ਼ਨਾ ਤੇ ਕਾਬੂ ਪਾਉਣਾ ਚਾਹੀਦਾ ਹੈ ਇਸ ਤਰ੍ਹਾਂ ਬੁੱਧ ਧਰਮ ਨੇ ਲੋਕਾਂ ਵਿਚ ਸ਼ੀਲਤਾ, ਸਿਖਿਆ, ਸਰਲਤਾ ਆਦਿ ਗੁਣ ਪੈਦਾ ਕਰ ਦਿੱਤੇ ਇਨ੍ਹਾਂ ਮੁੱਲਾਂ ਨੇ ਮਨੁੱਖ ਨੂੰ ਜੀਣ ਦੀ ਜਾਚ ਸਿਖਾਈ। ਬ੍ਰਾਹਮਣ ਧਰਮ ਵਿਚ ਜਿਨ੍ਹਾਂ ਨੂੰ 'ਪੰਜ ਯਮ' ਕਿਹਾ ਗਿਆ ਹੈ ਜੈਨ ਧਰਮ ਵਿਚ ਉਨ੍ਹਾਂ ਨੂੰ 'ਪੰਜ ਵਰਤ' ਕਿਹਾ ਗਿਆ ਹੈ ਇਸੇ ਤਰ੍ਹਾਂ ਬੁੱਧ ਧਰਮ ਵਿਚ 'ਪੰਜ ਸ਼ੀਲ' ਕਿਹਾਏ ਗਏ ਹਨ। ਪੰਜ ਸ਼ੀਲ --- (1) ਹਿੰਸਾ ਨਾ ਕਰਨਾ, (2) ਚੋਰੀ ਨਾ ਕਰਨਾ, (3) ਝੂਠੇ ਭਾਸ਼ਣ ਨਾ ਦੇਣਾ, (4) ਸ਼ਰਾਬ ਨਾ ਪੀਣਾ, (5) (ਬ੍ਰਹਮਚਰਜ) ਆਪਣਾ ਧਰਮ ਪਾਲਣਾ।

ਇਨ੍ਹਾਂ ਪੰਜ ਸ਼ੀਲਾਂ ਵਿਚ ਹੋਰ ਗੁਣ ਮਿਲਾ ਕੇ 'ਅਸ਼ਟਾਂਗ ਸ਼ੀਲ' ਪੇਸ਼ ਕੀਤੇ। ਜਿਹਨਾਂ ਦੁਆਰਾ ਤਿੰਨ ਉਪਦੇਸ਼ ਇਸ ਪ੍ਰਕਾਰ ਦਿੱਤੇ ਗਏ। (1) ਰਾਤ ਨੂੰ ਭੋਜਨ ਨਾ ਕਰਨਾ, (2) ਪੁਸ਼ਪ ਦਾ ਹਾਰ ਧਾਰਨ ਨਾ ਕਰਨਾ, (3) ਜ਼ਮੀਨ ਤੇ ਚਟਾਈ ਵਿਛਾ ਕੇ ਸੌਣਾ।

ਇਸ ਤਰ੍ਹਾਂ ਬੁੱਧ ਨੇ ਲੋਕਾਂ ਨੂੰ ਇਨ੍ਹਾਂ ਜੀਵਨ ਮੁੱਲਾਂ ਤੋਂ ਜਾਣੂ ਕਰਵਾਇਆ ਜੋ ਬੁੱਧ ਧਰਮ ਦੇ ਜੀਵਨ ਮੁੱਲ ਬਣ ਗਏ। ਬੁੱਧ ਨੇ ਲੋਕਾਂ ਨੂੰ ਦਾਨ ਕਰਨ, ਆਪਣੀ ਇਛਾ ਨੂੰ ਸੀਮਿਤ ਕਰਨ, ਕਿਸੇ ਵਲੋਂ ਕੀਤੀ ਗ਼ਲਤੀ ਨੂੰ ਮਾਫ਼ ਕਰਨ, ਭਗਵਾਨ ਵੱਲ ਧਿਆਨ ਲਗਾਉਣ, ਗਿਆਨ ਪ੍ਰਾਪਤ ਕਰਨ ਆਦਿ ਦੀਆਂ ਪ੍ਰੇਰਨਾਵਾਂ ਦਿੱਤੀਆਂ। ਉਨ੍ਹਾਂ ਨੇ ਲੋਕਾਂ ਵਿਚ ਮਿੱਤਰਤਾ, ਕਰੁਣਾ ਆਦਿ ਗੁਣ ਪੈਦਾ ਕੀਤੇ।

ਬੁੱਧ ਨੇ ਲੋਕਾਂ ਨੂੰ ਸਰਲ, ਸਿੱਧਾ ਸਾਦਾ ਅਤੇ ਪਵਿੱਤਰ ਜੀਣ ਦੀ ਸਿਖਿਆ ਦਿੱਤੀ। ਲੋਕਾਂ ਵਿਚ ਨੈਤਿਕ ਆਚਰਣ ਆਉਣ ਨਾਲ ਉਨ੍ਹਾਂ ਦਾ ਸਦਾਚਾਰਕ ਪੱਧਰ ਵੀ ਉੱਚਾ ਹੋ ਗਿਆ। ਮਨੁੱਖ ਵਿਚ ਲੋਕ ਸੇਵਾ ਦੀ ਭਾਵਨਾ ਨੇ ਮਨੁੱਖ ਨੂੰ ਬੁਲੰਦੀ ਤੇ ਪਹੁੰਚਾ ਦਿੱਤਾ। ਆਚਰਣਾਂ ਦੀ ਪਾਲਣਾ ਕਰਨ ਨਾਲ ਮਨੁੱਖ ਵਿਚ ਉਤਸ਼ਾਹ ਅਤੇ ਦ੍ਰਿੜਤਾ ਦਾ ਗੁਣ ਵੀ ਪੈਦਾ ਹੋ ਗਿਆ। ਇਸ ਧਰਮ ਨੇ ਲੋਕਾਂ ਨੂੰ ਸੋਚਣ ਦੀ ਆਜ਼ਾਦੀ ਦਿੱਤੀ ਜੋ ਬ੍ਰਾਹਮਣ ਧਰਮ ਦੇ ਪਾਬੰਦੀਆਂ ਨਾਲ ਬੱਝੀ ਹੋਈ ਸੀ। ਕੋਈ ਭੇਦ ਭਾਵ ਨਾ ਹੋਣ ਕਰਕੇ ਲੋਕ ਇਸ ਧਰਮ ਵਿਚ ਆਏ ਉਨ੍ਹਾਂ ਵਿਚ ਸੁਤੰਤਰ ਵਿਚਾਰ ਪੇਸ਼ ਕਰਨ ਦਾ ਗੁਣ ਪੈਦਾ ਹੋਇਆ।[32]

ਉਪਰੋਕਤ ਵਿਚਾਰਾਂ ਨੂੰ ਸਮੇਟਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਬੁੱਧ ਧਰਮ ਨੇ ਵਿਅਕਤੀ ਨੂੰ ਸੁਤੰਤਰ ਵਿਚਾਰ ਦਿੱਤੇ। ਇਹ ਵਿਚਾਰ ਉਨ੍ਹਾਂ ਦੀਆਂ ਸਿਖਿਆਵਾਂ ਵਿਚੋਂ ਉਤਪੰਨ ਹੋਏ। ਆਪ ਦੀਆਂ ਸਿਖਿਆਵਾਂ ਨਾਲ ਮਨੁੱਖ ਵਿਚ ਕਈ ਮੁੱਲ ਉਤਪੰਨ ਹੋਏ ਜਿਵੇਂ ਮਿਤਰਤਾ, ਕਰੁਣਾ, ਉਦਾਰਤਾ, ਸਹਿਣਸ਼ੀਲਤਾ, ਲੋਕ ਸੇਵਾ, ਸਮਾਨਤਾ, ਪਿਆਰ, ਪਵਿੱਤਰਤਾ, ਅਹਿੰਸਾ, ਸੱਚ ਬੋਲਣਾ, ਚੰਗਾ ਵਿਹਾਰ, ਨੈਤਿਕਤਾ, ਸਦਾਚਾਰ, ਦਾਨ, ਸ਼ੀਲਤਾ ਆਦਿ।

ਬੁੱਧ ਦੀਆਂ ਸਿਖਿਆਵਾਂ ਸਰਲ ਅਤੇ ਮਨੁੱਖੀ ਅਨੁਭਵ ਤੇ ਆਧਾਰਿਤ ਸਨ। ਆਪਣੇ ਚਾਰ ਆਰੀਆ ਸਤਿ, ਅਸ਼ਟ ਮਾਰਗ, ਦੁੱਖ ਤ੍ਰਿਸ਼ਨਾ, ਸਦਾਚਾਰ ਆਦਿ ਵਿਸ਼ੇ ਸਨ ਜਿਹੜੇ ਆਮ ਮਨੁੱਖ ਦੀ ਸਮਝ ਤੋਂ ਬਾਹਰ ਨਹੀਂ ਸਨ। ਡਾ. ਪੀ.ਵੀ. ਬਾਪਤ ਅਨੁਸਾਰ— ਬੁੱਧ ਧਰਮ ਦੇ ਮੂਲ ਸਿਧਾਂਤ ਮੱਧ ਮਾਰਗ ਨੇ ਇਸਨੂੰ ਹਰਮਨ ਪਿਆਰਾ ਹੋਣ ਵਿਚ ਵਿਸ਼ੇਸ਼ ਸਹਾਇਤਾ ਦਿੱਤਾ ਕਿਉਂਕਿ ਜਨ-ਸਾਧਾਰਨ ਲਈ ਇਸ ਨੂੰ ਅਮਲੀ ਰੂਪ ਵਿਚ ਅਪਣਾਉਣਾ ਕਠਨ ਨਹੀਂ ਸੀ।[33]

## ਜੈਨ ਮੱਤ ਦੇ ਜੀਵਨ ਮੁੱਲ

ਵੈਦਿਕ, ਜੈਨ ਅਤੇ ਬੁੱਧ ਧਰਮ ਇਕ ਹੀ ਹਿੰਦੂ ਧਰਮ ਦੀਆਂ ਤਿੰਨ ਸ਼ਾਖਾਵਾਂ ਸਨ ਤਿੰਨਾਂ ਦੇ ਮਿਲਣ ਨਾਲ ਹਿੰਦੁਸਤਾਨ ਦੇ ਪ੍ਰਾਚੀਨ ਧਰਮ ਦਾ ਸਰੂਪ ਬਣਦਾ ਹੈ। ਪ੍ਰਾਚੀਨ ਹਿੰਦੁਸਤਾਨ ਵਿਚ ਬਹੁਤ ਮਹਾਤਮਾ ਐਸੇ ਹੋਏ ਜਿਨ੍ਹਾਂ ਨੇ ਆਪਣੇ ਮਨ, ਸਰੀਰ ਅਤੇ ਇੰਦ੍ਰਿਆਂ ਨੂੰ ਜਿੱਤ ਲਿਆ। ਉਨ੍ਹਾਂ ਨੂੰ ਮਾਨ ਦੀ ਦ੍ਰਿਸ਼ਟੀ ਨਾਲ 'ਜਿਨ' ਨਾਮ ਦਿੱਤਾ ਗਿਆ ਅਤੇ ਉਨ੍ਹਾਂ ਦੇ ਧਰਮ ਦੇ ਅਨੁਯਾਈ ਜੈਨ ਕਹਾਉਣ ਲੱਗੇ। ਇਨ੍ਹਾਂ ਮਹਾਤਮਾ ਨੇ ਆਪਣੇ ਜੀਵਨ ਅਤੇ ਉਪਦੇਸ਼ ਨਾਲ ਬਹੁਤ ਜੀਵਾਂ ਨੂੰ ਤਾਰਿਆ। ਇਸ ਕਰਕੇ ਇਨ੍ਹਾਂ ਨੂੰ ਤੀਰਥੰਕਰ ਕਿਹਾ ਜਾਣ ਲੱਗਾ। 'ਤੀਰਥ' ਦਾ ਮਤਲਬ ਘਾਟ, ਕਿਨਾਰਾ—ਨਦੀ ਤੋਂ ਪਾਰ ਜਾਣ ਵਾਲਾ ਸਥਾਨ ਜੈਨ ਸ਼ਾਸਨ ਸੰਸਾਰ ਰੂਪੀ ਨਦੀ ਤੋਂ ਪਾਰ ਉਤਰਨ ਵਾਲਾ ਘਾਟ ਅਤੇ ਉਸਨੂੰ ਬਣਾਉਣ ਵਾਲਿਆਂ ਨੂੰ 'ਤੀਰਥੰਕਰ' ਕਿਹਾ ਗਿਆ। ਜੈਨ ਧਰਮ ਵਿਚ 24 ਤੀਰਥੰਕਰ ਹੋਏ ਸਭ ਤੋਂ ਪਹਿਲੇ ਰਿਸ਼ਭ ਦੇਵ ਸਨ ਜੋ

ਸ਼ਾਹੀ ਘਰਾਣੇ ਨਾਲ ਸੰਬੰਧ ਰਖਦੇ ਸਨ। ਜੈਨ ਸ਼ਾਸਤਰਾਂ ਦਾ ਕਥਨ ਹੈ ਕਿ ਇਨ੍ਹਾਂ ਦੇ ਸਮੇਂ ਮਨੁੱਖ ਨੂੰ ਹਜਾਮਤ ਕਰਨ, ਵਿਆਹ ਵਰਗੇ ਸਾਧਾਰਨ ਕੰਮਾਂ ਦਾ ਵੀ ਗਿਆਨ ਨਹੀਂ ਸੀ।

ਰਿਸ਼ਭ ਦੇਵ ਨੇ ਸਿੰਘਾਸਨ ਤੇ ਬੈਠ ਕੇ ਲੋਕਾਂ ਨੂੰ ਲਿਖਣ, ਗਣਿਤ, ਪਾਕਸ਼ਾਸਤਰ ਬਾਰੇ ਸਿਖਿਆ ਦਿੱਤੀ ਅਤੇ ਵਿਆਹ ਦੀ ਸੰਸਥਾ ਕਾਇਮ ਕੀਤੀ। ਆਪਣੇ ਪੁੱਤਰ ਨੂੰ ਰਾਜਗੱਦੀ ਦੇ ਕੇ ਆਪਨੇ ਤਿਆਗ ਲੈ ਲਿਆ। ਆਪ ਦੀ ਮੌਤ ਪਿਛੋਂ 23 ਹੋਰ ਤੀਰਥੰਕਰ ਹੋਏ। ਇਨ੍ਹਾਂ 24 ਤੀਰਥੰਕਰਾਂ ਦੇ ਨਾਮ ਇਸ ਪ੍ਰਕਾਰ ਹਨ — ਰਿਸ਼ਭਦੇਵ, ਅਜੀਤਨਾਥ, ਸੰਭਵਨਾਥ, ਅਭਿਨੰਦਨ ਸਵਾਮੀ, ਸੁਮਿਤਨਾਥ, ਪਦਮਪ੍ਰਭ, ਸੁਪਾਸ਼ਰਵਨਾਥ, ਚੰਦਰ ਪ੍ਰਭ, ਸੁਵਿਧਨਾਥ (ਪੁਸ਼ਪਦੰਤ) ਸ਼ੀਤਲਨਾਥ, ਸ਼੍ਰੇਯਾਂਸਨਾਥ, ਵਾਸੂਪੂਜਯ ਸਵਾਮੀ, ਵਿਮਲਨਾਥ, ਅਨੰਤਨਾਥ, ਧਰਮਨਾਥ, ਸ਼ਾਂਤੀਨਾਥ, ਕੁੰਥੂਨਾਥ, ਅਰੁਨਾਥ, ਮਲਿਨਾਥ, ਮੁਨਿਸੁਵ੍ਰਤ ਸਵਾਮੀ, ਨੇਮੀਨਾਥ, ਪਾਰਸ਼ਵ ਨਾਥ ਅਤੇ ਮਹਾਵੀਰ ਸਵਾਮੀ।[34]

ਜੈਨ ਧਰਮ ਦੇ 23ਵੇਂ ਤੀਰਥੰਕਰ ਪਾਰਸ਼ਵ ਨਾਥ ਕਾਸ਼ੀ ਦੇ ਅਸ਼ਵਸੇਨ ਰਾਜਾ ਦੇ ਪੁੱਤਰ ਸਨ। 30 ਸਾਲਾਂ ਤੱਕ ਗ੍ਰਿਹਸਤ ਜੀਵਨ ਜੀਊਣ ਪਿਛੋਂ ਆਪਨੇ ਘਰ ਛੱਡ ਦਿੱਤਾ ਅਤੇ ਤਪੱਸਿਆ ਕਰਨ ਲੱਗੇ। 83 ਦਿਨ ਦੀ ਘੋਰ ਤਪੱਸਿਆ ਤੋਂ ਬਾਅਦ 84 ਵੇਂ ਦਿਨ ਉਨ੍ਹਾਂ ਨੂੰ ਸੱਚਾ ਗਿਆਨ ਪ੍ਰਾਪਤ ਹੋਇਆ। ਜਿਸਨੂੰ 'ਕੇਵਲਯ' ਕਿਹਾ ਜਾਂਦਾ ਹੈ। ਉਨ੍ਹਾਂ ਨੇ ਬਹੁਤ ਲੋਕਾਂ ਨੂੰ ਉਪਦੇਸ਼ ਦਿੱਤੇ। ਉਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਸਾਦਾ ਤੇ ਪਵਿੱਤਰ ਜੀਵਨ ਬਿਤਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੇ ਮੁੱਖ ਉਪਦੇਸ਼ ਚਾਰ ਸਨ ਜਿਨ੍ਹਾਂ ਨੂੰ ਅਸੀਂ ਜੀਵਨ ਮੁੱਲਾਂ ਦਾ ਨਾਂ ਦਿੰਦੇ ਹਾਂ:—

(1) ਜੀਵ ਦੀ ਹਿੰਸਿਆ ਨਾ ਕਰੋ

(2) ਝੂਠ ਨਾ ਬੋਲੋ

(3) ਚੋਰੀ ਨਾ ਕਰੋ

(4) ਆਪਣੇ ਕੋਲ ਕੋਈ ਸੰਪੱਤੀ ਨਾ ਰਖੋ

ਇਨ੍ਹਾਂ ਨੇ ਲੋਕਾਂ ਨੂੰ ਕਠੋਰ ਜੀਵਨ ਜੀਊਣ ਦੀ ਪ੍ਰੇਰਨਾ ਨਹੀਂ ਦਿੱਤੀ। ਵਿਆਹ ਕਰਾਉਣ, ਕਪੜੇ ਪਾਉਣ ਦੀ ਆਗਿਆ ਆਪਨੇ ਦਿੱਤੀ ਪਰ 24 ਵੇਂ ਤੀਰਥੰਕਰ ਮਹਾਵੀਰ ਸਵਾਮੀ ਨੇ ਲੋਕਾਂ ਨੂੰ ਕਠੋਰ ਤਪ ਕਰਨ, ਨੰਗੇ ਰਹਿਣ ਅਤੇ ਅਸੁਵਿਧਾਈਆਂ ਜੀਵਨ ਬਿਤਾਉਣ ਦਾ ਉਪਦੇਸ਼ ਦਿੱਤਾ। ਇਨ੍ਹਾਂ ਨੂੰ ਜੈਨ ਧਰਮ ਦਾ ਵਾਸਤਵਿਕ ਮੋਢੀ ਸਮਝਿਆ ਜਾਂਦਾ ਹੈ।

ਇਨ੍ਹਾਂ ਦਾ ਅਸਲੀ ਨਾਂ ਵਰਧਮਾਨ ਸੀ ਪਰ ਉਨ੍ਹਾਂ ਨੂੰ ਮਹਾਂਵੀਰ ਅਤੇ ਜਿਨ੍ਹਾਂ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਦਾ ਜਨਮ 599 ਈ. ਪੂ. ਵੈਸ਼ਾਲੀ ਕੋਲ ਕੁੰਡਗ੍ਰਾਮ ਵਿਚ ਹੋਇਆ ਜੋ ਬਿਹਾਰ ਦੇ ਅਧੁਨਿਕ ਜ਼ਿਲ੍ਹੇ ਮੁਜ਼ੱਫਰਪੁਰ ਵਿਚ ਹੈ। ਆਪ ਬਚਪਨ ਤੋਂ ਹੀ ਯੋਗ, ਧੀਰ ਅਤੇ ਸਾਹਸੀ ਸਨ " ਇਨ੍ਹਾਂ ਦੇ ਮਾਤਾ ਪਿਤਾ ਭਗਵਾਨ ਪਾਰਸ਼ਵ ਨਾਥ ਦੀ ਪਰੰਪਰਾ ਦੇ ਅਨੁਯਾਈ ਸਨ; ਇਸ ਲਈ ਉਨ੍ਹਾਂ ਦਾ ਪਾਲਣ ਪੋਸ਼ਣ ਅਹਿੰਸਾ, ਦਯਾ, ਕਰੁਣਾ ਅਤੇ ਸੰਜਮਸ਼ੀਲਤਾ ਦੇ ਵਾਤਾਵਰਣ ਵਿਚ ਹੋਇਆ।[35]

ਮਾਤਾ ਪਿਤਾ ਦੇ ਦੇਹਾਂਤ ਪਿਛੋਂ ਘਰ ਤਿਆਗ ਕੇ ਕਈ ਸਾਲ ਤਪ ਕਰਕੇ ਆਪਣੇ ਸਰੀਰ ਨੂੰ ਕਸ਼ਟ ਦਿੱਤਾ। ਮਹੀਨਿਆਂ ਤੱਕ ਉਹ ਭੁੱਖੇ ਪਿਆਸੇ ਰਹਿੰਦੇ ਅਤੇ ਕਦੇ ਕਦੇ ਥੋੜ੍ਹਾ ਜਿਹਾ ਭੋਜਨ ਖਾ ਲੈਂਦੇ। ਉਹ ਕਪੜਿਆਂ ਦੇ ਬਿਨ੍ਹਾਂ ਨੰਗੇ ਘੁੰਮਦੇ ਫਿਰਦੇ ਸਨ। 42 ਸਾਲਾਂ ਦੀ ਉਮਰ ਵਿਚ ਕਸ਼ਟ ਸਹਾਰਨ ਪਿਛੋਂ ਆਪਣੇ ਉਦੇਸ਼ ਵਿਚ ਸਫਲ ਹੋਏ। ਬਾਰ੍ਹਾਂ ਸਾਲ ਪੰਜ ਮਹੀਨੇ ਅਤੇ ਪੰਦਰਾਂ ਦਿਨ ਕਠੋਰ ਤਪ ਕਰਨ ਤੋਂ ਪਿਛੋਂ ਰਸਵਾਂ ਦੇ ਦਿਨ ਗਿਆਨ ਪ੍ਰਾਪਤੀ ਹੋਈ ,ਜੈਨੀਆਂ ਅਨੁਸਾਰ ----

ਉਨ੍ਹਾਂ ਨੂੰ ਮਨੁੱਖ ਅਤੇ ਦੇਵਤਾ, ਜਨਮ ਅਤੇ ਮਰਨ ਇਸ ਸੰਸਾਰ ਅਤੇ ਅਗਲੇ ਸੰਸਾਰ ਦਾ ਸਭ ਤੋਂ ਉੱਚਾ ਗਿਆਨ ਪ੍ਰਾਪਤ ਹੋ ਗਿਆ। ਹੁਣ ਉਹ 'ਜਿਨ' ਜੇਤੂ ਅਤੇ ਮਹਾਂਵੀਰ ਦੇ ਨਾਵਾਂ ਨਾਲ ਪੁਕਾਰੇ ਜਾਣ ਲੱਗੇ। ਆਪ ਸਾਹਸ, ਹਿੰਮਤ, ਚੰਗੇ ਆਚਰਨ ਦੇ ਧਾਰਨੀ ਸਨ। ਆਪਨੇ ਲੋਕਾਂ ਨੂੰ ਉਪਦੇਸ਼ ਦਿੱਤੇ। ਇਨ੍ਹਾਂ ਦੀਆਂ ਸਿਖਿਆਵਾਂ ਦਾ ਉਦੇਸ਼ ਧਰਮ ਸੁਧਾਰ ਸੀ ਜੋ ਸਰਲ ਅਤੇ ਸਪੱਸ਼ਟ ਸਨ। ਆਪਨੇ ਸਰੀਰ ਨੂੰ ਕਸ਼ਟ ਦੇਣ ਤੇ ਜ਼ੋਰ ਦਿੱਤਾ। ਉਸ ਸਮੇਂ ਹਿੰਦੂ ਧਰਮ ਵਿਚ ਬ੍ਰਾਹਮਣਾਂ ਦੀ ਪ੍ਰਧਾਨਤਾ ਸੀ। ਉਨ੍ਹਾਂ ਨੇ ਸਮਾਜ ਵਿਚ ਝੂਠੇ ਰੀਤੀ-ਰਿਵਾਜਾਂ ਨੂੰ ਫੈਲਾਇਆ ਹੋਇਆ ਸੀ ਜਿਨ੍ਹਾਂ ਦਾ ਆਪਨੇ ਵਿਰੋਧ ਕੀਤਾ ਅਤੇ ਲੋਕਾਂ ਨੂੰ ਸ਼ੁਧ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ। ਲੋਕਾਂ ਨੂੰ ਦਿੱਤੀਆਂ ਸਿਖਿਆਵਾਂ ਦਾ ਜ਼ਿਕਰ ਇਸ ਪ੍ਰਕਾਰ ਹੈ ਜਿਨ੍ਹਾਂ ਨੂੰ ਸਿਧਾਂਤ ਵੀ ਕਿਹਾ ਜਾਂਦਾ ਹੈ। ਇਹ ਸਿਖਿਆਵਾਂ ਅਤੇ ਸਿਧਾਂਤ ਹੀ ਮਨੁੱਖ ਨੂੰ ਰਸਤਾ ਦਖਾਉਂਦੇ ਸਨ।

## ਸਿਖਿਆਵਾਂ

ਮਹਾਂਵੀਰ ਸਵਾਮੀ ਨੇ ਸੁਚੱਜੀ ਜੀਵਨ ਜਾਚ ਲਈ ਕੁਝ ਨਿਯਮ ਬਣਾ ਦਿੱਤੇ

ਇਨ੍ਹਾਂ ਨਿਯਮਾਂ ਦਾ ਪਾਲਣ ਆਪਣੇ ਹਰ ਭਿਸ਼ੂ ਨੂੰ ਕਰਨਾ ਪੈਂਦਾ। ਉਹ ਨਾ ਕੋਈ ਕਿੱਤਾ ਕਰ ਸਕਦੇ ਸਨ ਤੇ ਨਾ ਹੀ ਸੰਪੱਤੀ ਰੱਖ ਸਕਦੇ, ਉਹ ਸੁਗੰਧਿਤ ਤੇਲ ਵੀ ਵਰਤੋਂ ਨਹੀਂ ਸਨ ਕਰ ਸਕਦੇ। ਉਹ ਨਾ ਜੁੱਤੀ ਪਾ ਸਕਦੇ ਸਨ ਤੇ ਨਾ ਹੀ ਉਪਰ ਛੱਤਰੀ ਲੈ ਸਕਦੇ ਸਨ। ਸੱਚ ਬੋਲਣਾ, ਸੰਜਮ ਨਾਲ ਰਹਿਣਾ ਉਨ੍ਹਾਂ ਲਈ ਜ਼ਰੂਰੀ ਸੀ। ਉਨ੍ਹਾਂ ਨੂੰ ਮਨ ਵਚਨ ਅਤੇ ਕਰਮ ਨਾਲ ਅਹਿੰਸਾ ਦਾ ਪਾਲਣ ਕਰਨਾ ਪੈਂਦਾ। ਸਦਾਚਾਰ ਉਪਰ ਜ਼ੋਰ ਦਿੱਤਾ ਜਾਂਦਾ ਲੇਕਿਨ ਹਰ ਇਨਸਾਨ ਸਾਰੀਆਂ ਗੱਲਾਂ ਦਾ ਤਿਆਗ ਨਹੀਂ ਸੀ ਕਰ ਸਕਦਾ ਇਸ ਲਈ ਆਪਣੇ ਸੰਘ ਵਿਚ ਚਾਰ ਪ੍ਰਕਾਰ ਦੇ ਮੈਂਬਰ ਹੋ ਗਏ। ਭਿਕਸ਼ੂ-ਭਿਕਸ਼ਣੀ, ਸ਼੍ਰਾਵਕ-ਸ਼੍ਰਾਵਿਕਾ। ਭਿਕਸ਼ੂ ਭਿਕਸ਼ਣੀ ਤਾਂ ਸੰਸਾਰ ਤਿਆਗ ਦਿੰਦੇ ਪਰ ਸ਼੍ਰਾਵਕ, ਸ਼੍ਰਾਵਿਕਾ ਗ੍ਰਹਿਸਤ ਜੀਵਨ ਦਾ ਪਾਲਣ ਕਰਦੇ ਹੋਏ ਸੰਘ ਦੇ ਮੈਂਬਰ ਬਣੇ ਰਹਿੰਦੇ। ਹਰ ਇਨਸਾਨ ਲਈ ਜੈਨ ਧਰਮ ਵਿਚ ਆਉਣ ਦੀ ਖੁਲ੍ਹ ਸੀ। ਊਚ-ਨੀਚ ਦਾ ਭੇਦ ਭਾਵ ਨਹੀਂ ਸੀ। ਮਹਾਂਵੀਰ ਸਵਾਮੀ ਵਲੋਂ ਦਿੱਤੀਆਂ ਸਿਖਿਆਵਾਂ ਦਾ ਜ਼ਿਕਰ ਇਸ ਪ੍ਰਕਾਰ ਹੈ।

1. ਨਿਰਵਾਣ (ਤ੍ਰਿਰਤਨ)

ਜੈਨ ਧਰਮ ਅਨੁਸਾਰ ਮੁਕਤੀ ਪ੍ਰਾਪਤ ਕਰਨਾ ਜੀਵਨ ਦਾ ਪਹਿਲਾ ਕੰਮ ਹੈ। ਮੁਕਤੀ ਪ੍ਰਾਪਤ ਕਰਨ ਨਾਲ ਮਨੁੱਖ ਜਨਮ-ਮਰਨ ਦੇ ਚੱਕਰ ਵਿਚੋਂ ਛੁੱਟ ਕੇ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਮੁਕਤੀ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਤ੍ਰਿਰਤਨ ਦਾ ਸਿਧਾਂਤ ਬਣਾਇਆ। ਹਰ ਮਨੁੱਖ ਨੂੰ ਆਤਮਾ ਦੀ ਸ਼ਾਂਤੀ ਲਈ ਤਿੰਨ ਸਿਧਾਂਤਾਂ ਨੂੰ ਅਪਨਾਉਣ ਤੇ ਜ਼ੋਰ ਦਿੱਤਾ ਤੇ ਉਹ ਤਿੰਨ ਸਿਧਾਂਤ ਇਸ ਪ੍ਰਕਾਰ ਸਨ ਜਿਨ੍ਹਾਂ ਨੂੰ ਜੈਨਮੱਤ ਦੇ ਤ੍ਰਿਰਤਨ ਸਮਝਿਆ ਜਾਂਦਾ ਸੀ -

(1) ਸੱਚਾ ਵਿਸ਼ਵਾਸ
(2) ਸੱਚਾ ਗਿਆਨ
(3) ਸੱਚਾ ਕਰਮ

ਸੱਚਾ ਵਿਸ਼ਵਾਸ ਵਿਚ ਮਨੁੱਖ ਨੂੰ ਜੈਨ ਧਰਮ ਦੇ 24 ਤੀਰਥੰਕਰਾਂ ਉਤੇ ਪੱਕਾ ਵਿਸ਼ਵਾਸ ਅਤੇ ਸ਼ਰਧਾ ਰੱਖਣੀ ਪੈਂਦੀ ਸੀ। ਸੱਚਾ ਗਿਆਨ ਵਿਚ ਮਨੁੱਖ ਨੂੰ ਗਿਆਨ ਹੋਣਾ ਜ਼ਰੂਰੀ ਸੀ ਉਸਨੂੰ ਆਡੰਬਰਾਂ ਅਤੇ ਧਰਮ ਪ੍ਰਤੀ ਵਿਰੋਧੀ ਗੱਲਾਂ ਵਿਚ ਸਮਾਂ ਨਹੀਂ ਗਵਾਉਣਾ ਚਾਹੀਦਾ ਸੀ।

ਸੱਚ ਕਰਮ ਵਿਚ ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਸੀ ਉਸਨੂੰ ਅਹਿੰਸਾ, ਸਚਾਈ ਅਤੇ ਬ੍ਰਹਮਚਾਰੀਜ ਦਾ ਪਾਲਣ ਕਰਨਾ ਪੈਂਦਾ ਸੀ।

## 2. ਅਹਿੰਸਾ

ਅਹਿੰਸਾ ਅਰਥਾਤ ਜੀਵ ਹੱਤਿਆ ਨਾ ਕਰਨਾ ਜੈਨ ਧਰਮ ਦਾ ਮੂਲ ਸਿਧਾਂਤ ਹੈ।[36] ਮਹਾਂਵੀਰ ਨੇ ਮਨੁੱਖ ਨੂੰ ਮਨ, ਵਚਨ ਕਰਮ ਤੋਂ ਕਿਸੇ ਵੀ ਵਿਅਕਤੀ, ਪਸ਼ੂ-ਪੰਛੀ, ਪੌਦੇ, ਦਰੱਖਤ, ਭੂਤ, ਜੀਵ ਆਦਿ ਨੂੰ ਮਾਰਨ ਤੋਂ ਵਰਜਿਤ ਕੀਤਾ ਹੈ ਉਨ੍ਹਾਂ ਅਨੁਸਾਰ ਹਰ ਚੀਜ਼ ਵਿਚ ਆਤਮਾ ਹੈ ਅਤੇ ਉਹ ਮਨੁੱਖ ਦੀ ਤਰ੍ਹਾਂ ਹੀ ਦੁੱਖ ਅਨੁਭਵ ਕਰਦੀ ਹੈ। ਉਨ੍ਹਾਂ ਦੇ ਚੇਲੇ ਮੂੰਹ ਤੇ ਪੱਟੀ ਬੰਨ ਕੇ ਰਖਦੇ ਹਨ, ਨੰਗੇ ਪੈਰ ਚਲਦੇ ਹਨ ਅਤੇ ਪਾਣੀ ਨੂੰ ਛਾਣ ਕੇ ਪੀਂਦੇ ਹਨ ਤਾਂ ਕਿ ਉਨ੍ਹਾਂ ਕੋਲੋਂ ਕਿਸੇ ਜੀਵ ਦੀ ਹੱਤਿਆ ਨਾ ਹੋਵੇ। ਮਿਸਿਜ਼ ਐਸ.ਸਟੀਵਨਸਨ ਦੇ ਕਥਨ ਅਨੁਸਾਰ —" ਜੈਨ ਧਰਮ ਦਾ ਕੇਂਦਰੀ ਸਿਧਾਂਤ ਉਨ੍ਹਾਂ ਜੀਵ ਦੀ ਰੱਖਿਆ ਕਰਨਾ ਨਹੀਂ ਜਿਨ੍ਹਾਂ ਕਿ ਜੀਵਨ ਹੱਤਿਆ ਤੋਂ ਪਰਹੇਜ਼ ਕਰਨਾ ਹੈ।"[37]

## 3. ਘੋਰ ਤਪੱਸਿਆ

ਗਿਆਨ ਅਤੇ ਮੁਕਤੀ ਦੀ ਪ੍ਰਾਪਤੀ ਲਈ ਜੈਨ ਧਰਮ ਵਿਚ ਤਪੱਸਿਆ ਉਤੇ ਜ਼ੋਰ ਦਿੱਤਾ ਗਿਆ ਹੈ। ਉਹ ਸਰੀਰ ਨੂੰ ਦੁੱਖ ਦੇ ਕੇ ਸੰਪੱਤੀ, ਸੰਸਾਰ, ਪਰਿਵਾਰ ਦਾ ਤਿਆਗ ਕਰਕੇ ਜੰਗਲਾਂ ਵਿਚ ਜਾ ਕੇ ਕਠੋਰ ਤਪ ਕਰਨ ਦੀ ਸਿੱਖਿਆ ਦਿੰਦੇ। ਉਨ੍ਹਾਂ ਦੇ ਵਿਚਾਰ ਅਨੁਸਾਰ ਮਨੁੱਖ ਦੇ ਜੀਵਨ ਦੇ ਦੋ ਪਹਿਲੂ—ਭੌਤਿਕ ਅਤੇ ਅਧਿਆਤਮਿਕ ਸਨ। ਇਕ ਨਸ਼ਟ ਹੋਣ ਵਾਲਾ ਤੇ ਦੂਸਰਾ ਅਮਰ ਰਹਿਣ ਵਾਲਾ। ਇਸੇ ਲਈ ਮਹਾਂਵੀਰ ਸਵਾਮੀ ਨੇ ਆਪ 12½ ਸਾਲਾਂ ਤੱਕ ਜੰਗਲਾਂ ਵਿਚ ਕਠੋਰ ਤਪ ਕੀਤਾ, ਭੁੱਖੇ ਪਿਆਸੇ ਅਤੇ ਨੰਗੇ ਰਹਿ ਕੇ ਸਮਾਂ ਬਤੀਤ ਕੀਤਾ ਇਸੇ ਕਰਕੇ ਉਨ੍ਹਾਂ ਦੇ ਸ਼ਿਸ਼ ਤਪ, ਵਰਤ, ਨੰਗੇ ਰਹਿਣ, ਅਹਿੰਸਾ, ਦਾਨ ਤੇ ਤਿਆਗ ਨੂੰ ਅਹਿਮੀਅਤ ਦਿੰਦੇ ਹਨ।

## 4. ਸ਼ੁਧ ਆਚਰਨ

ਮਹਾਂਵੀਰ ਸਵਾਮੀ ਨੇ ਸਾਰਿਆਂ ਨੂੰ ਪਿਆਰ ਕਰਨ ਅਹਿੰਸਾ ਦੀ ਪਾਲਣਾ

ਕਰਨ, ਸੱਚ ਬੋਲਣ, ਸੰਜਮ ਭਰੇ ਜੀਵਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਮਨੁੱਖ ਨੂੰ ਝੂਠ, ਚੋਰੀ, ਠੱਗੀਆਂ, ਚੁਗਲੀ, ਧੋਖੇਬਾਜ਼ੀ, ਕ੍ਰੋਧ, ਅਭਿਮਾਨ, ਅਹਿੰਸਾ ਆਦਿ ਤੋਂ ਦੂਰ ਰਹਿਣ ਲਈ ਕਿਹਾ। ਆਪਨੇ ਉੱਚਾ ਨੈਤਿਕ ਜੀਵਨ ਜੀਊਣ ਦੀ ਸਿਖਿਆ ਦਿੱਤੀ। ਸ਼ੁਧ ਆਚਰਨ ਦੇ ਵਿਚ ਆਪਦਾ ਕਥਨ ਹੈ ਕਿ — ਜੋ ਚਰਿੱਤਰ ਦੇ ਗੁਣਾਂ ਨਾਲ ਭਰਪੂਰ ਹੈ, ਜੋ ਸੰਜਮ ਦੀ ਪਾਲਣਾ ਕਰਦਾ ਹੈ ਅਤੇ ਜਿਸਨੇ ਕਰਮਾਂ ਦਾ ਨਾਸ਼ ਕਰ ਦਿੱਤਾ ਹੈ, ਉਹ ਉਤਮ ਮੋਕਸ਼ ਨੂੰ ਪ੍ਰਾਪਤ ਕਰਦਾ ਹੈ। ਉਹ ਮਨੁੱਖ ਨੂੰ ਪਾਪੀ ਤੋਂ ਨਹੀਂ ਪਾਪ ਤੋਂ ਘ੍ਰਿਣਾ ਕਰਨ ਲਈ ਕਹਿੰਦੇ ਰਹੇ। ਉਨ੍ਹਾਂ ਨੇ ਉਚ ਵੈਸ਼ਾਲੀ ਦੇ ਇਕ ਅਮੀਰ ਵਿਅਕਤੀ ਦੇ ਘਰ ਵੇਸ਼ਵਾ ਵਲੋਂ ਤਿਆਰ ਕੀਤਾ ਭੋਜਨ ਖਾਧਾ।

5. ਆਵਾਗਵਨ ਅਤੇ ਕਰਮ ਸਿਧਾਂਤ

ਆਵਾਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨ ਲਈ ਚੰਗੇ ਕਰਮਾਂ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਸਿਧਾਂਤਾਂ ਅਨੁਸਾਰ ਮਨੁੱਖ ਦੇ ਚੰਗੇ ਬੁਰੇ ਕਰਮਾਂ ਕਰਕੇ ਹੀ ਵੱਖ ਵੱਖ ਜਨਮਾਂ ਵਿਚ ਦੇਹਾ ਬਦਲਦੀ ਹੈ। ਮਹਾਂਵੀਰ ਨੇ ਮੁਕਤੀ ਨੂੰ 'ਨਿਰਵਾਣ' ਦਾ ਨਾਂ ਦਿੱਤਾ ਜਿਸਦਾ ਅਰਥ ਹੈ 'ਅਨੰਤਗਿਆਨ' ਪਦ ਦੀ ਪ੍ਰਾਪਤੀ।

6. ਜਾਤੀ ਪ੍ਰਥਾ ਵਿੱਚ ਅਵਿਸ਼ਵਾਸ

ਜੈਨ ਧਰਮ ਵਿਚ ਵਰਨ ਅਤੇ ਜਾਤ-ਭੇਦ ਲਈ ਕੋਈ ਥਾਂ ਨਹੀਂ ਸਭ ਵਿਅਕਤੀ ਬਰਾਬਰ ਹਨ ਕੋਈ ਊਚ ਨੀਚ ਨਹੀਂ। ਕਰਮ ਤੋਂ ਬ੍ਰਾਹਮਣ, ਵੈਸ਼, ਖੱਤਰੀ ਅਤੇ ਸ਼ੂਦਰ ਦੀ ਪਹਿਚਾਣ ਹੁੰਦੀ ਹੈ ਮਹਾਂਵੀਰ ਨੇ ਜਾਤ ਪ੍ਰਾਪਤ ਅਤੇ ਅਭਿਮਾਨ ਨੂੰ ਪਾਪ ਮੰਨਿਆ ਹੈ।

7. ਯੱਗਾਂ ਅਤੇ ਝੂਠੇ ਰੀਤੀ ਰਿਵਾਜਾਂ ਵਿਚ ਅਵਿਸ਼ਵਾਸ

ਆਪ ਨੇ ਯੱਗਾਂ ਅਤੇ ਝੂਠੇ ਰੀਤੀ ਰਿਵਾਜਾਂ ਦਾ ਖੰਡਨ ਕੀਤਾ। ਬ੍ਰਾਹਮਣ ਯੱਗਾਂ ਉੱਤੇ ਜੋਰ ਦਿੰਦੇ ਅਤੇ ਪਸ਼ੂਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਆਪਨੇ ਵੈਦਿਕ ਕਿਰਿਆ, ਹਿੰਸਾਤਮਕ ਯੱਗਾਂ, ਦੇਵੀ-ਦੇਵਤਿਆਂ, ਕਰਮਕਾਂਡ ਅਤੇ ਬ੍ਰਾਹਮਣਾਂ ਦੇ ਪ੍ਰਭੁਤਵ ਦਾ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਇਨ੍ਹਾਂ ਪਾਪਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ।

8. ਵੇਦਾਂ ਅਤੇ ਸੰਸਕ੍ਰਿਤ ਦੀ ਪਵਿੱਤਰਤਾ ਵਿਚ ਅਵਿਸ਼ਵਾਸ

ਵੇਦਾਂ ਦਾ ਹਿੰਦੂ ਧਰਮ ਵਿਚ ਬੋਲਬਾਲਾ ਸੀ ਇਨ੍ਹਾਂ ਨੂੰ ਪਵਿੱਤਰ ਸਮਝਿਆ ਜਾਂਦਾ ਅਤੇ ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਸੀ ਪਰ ਆਪਨੇ ਵੇਦਾਂ ਵਿਚ ਵਿਸ਼ਵਾਸ ਨਹੀਂ ਕੀਤਾ ਅਤੇ ਨਾ ਹੀ ਸੰਸਕ੍ਰਿਤ ਨੂੰ ਪਵਿੱਤਰ ਧਾਰਮਿਕ ਭਾਸ਼ਾ ਮੰਨਿਆ ਹੈ। ਆਪਨੇ ਲੋਕਾਂ ਦੀ ਆਮ ਬੋਲੀ ਵਿਚ ਜੋ ਉਨ੍ਹਾਂ ਦੇ ਸਮਝ ਆ ਸਕੇ ਪ੍ਰਚਾਰ ਕੀਤਾ।

9. ਰੱਬ ਵਿਚ ਅਵਿਸ਼ਵਾਸ

ਮਹਾਵੀਰ ਰੱਬ ਵਿਚ ਬਿਲਕੁਲ ਵਿਸ਼ਵਾਸ ਨਹੀਂ ਕਰਦਾ। ਉਨ੍ਹਾਂ ਨੇ ਹਿੰਦੂ ਧਰਮ ਵਿਚ ਪ੍ਰਚਲਿਤ ਵਿਚਾਰ ਕਿ ਈਸ਼ਵਰ ਨੇ ਸੰਸਾਰ ਦੀ ਰਚਨਾ ਕੀਤੀ ਹੈ ਨੂੰ ਸਵੀਕਾਰ ਨਹੀਂ ਕੀਤਾ। ਉਹ ਆਪਣੇ ਭਾਗਾਂ ਦਾ ਨਿਰਮਾਤਾ ਜੀਵ ਆਪ ਹੀ ਹੈ ਮੰਨਦੇ ਸਨ ਇਸ ਲਈ ਉਹ ਦੇਵੀ-ਦੇਵਤਿਆਂ ਦੀ ਪੂਜਾ ਨੂੰ ਵਿਅਰਥ ਮੰਨਦੇ ਹਨ। ਉਨ੍ਹਾਂ ਦੇ ਵਿਚਾਰ ਵਿਚ ਮਨੁੱਖ ਦੀ ਆਤਮਾ ਵਿਚ ਹੀ ਪੂਰਨ ਸ਼ਕਤੀ ਮੌਜੂਦ ਹੈ।[30]

10. ਆਤਮਾ ਅਤੇ ਪ੍ਰਕਿਰਤੀ

ਜੈਨ ਧਰਮ ਅਨੇਕਤਾਵਾਦੀ ਹੈ। ਇਸ ਧਰਮ ਦੇ ਅਨੁਸਾਰ ਸੰਸਾਰ ਵਿਚ ਉਨ੍ਹੀਆਂ ਹੀ ਆਤਮਾਵਾਂ ਹਨ ਜਿਨੇ ਵਿਅਕਤੀ ਹਨ। ਆਤਮਾ ਨੂੰ ਪੂਰਨ ਅਤੇ ਨਿਰਵਿਕਾਰ ਮੰਨਦੇ ਹਨ। ਇਹ ਪ੍ਰਕਿਰਤੀ ਅਤੇ ਆਤਮਾ ਨੂੰ ਅਲੱਗ ਅਲੱਗ ਮੰਨਦੇ ਹਨ। ਪ੍ਰਿਥਵੀ ਅਨਾਦਿ ਅਤੇ ਅਨੰਤ ਹੈ ਜਿਸਦਾ ਨਿਰਮਾਣ ਅਨਸ਼ਵਰ ਤੱਤਾਂ ਤੋਂ ਹੋਇਆ। ਜੈਨੀਆਂ ਦਾ ਮੱਤ ਹੈ ਕਿ ਮਨੁੱਖ ਦਾ ਵਿਅਕਤਿਤ੍ਵ ਭੌਤਿਕ ਅਤੇ ਅਧਿਆਤਮਿਕ ਦੋ ਤੱਤਾਂ ਤੋਂ ਬਣਿਆ ਹੈ। ਉਨ੍ਹਾਂ ਦਾ ਵੇਦਾਂਤ ਦੇ ਅਦਵੈਤਵਾਦ ਤੇ ਵਿਸ਼ਵਾਸ ਨਹੀਂ ਹੈ।

ਮਹਾਵੀਰ ਸਵਾਮੀ ਨੇ ਉਪਰੋਕਤ ਸਿੱਖਿਆਵਾਂ ਰਾਹੀਂ ਲੋਕਾਂ ਨੂੰ ਜੀਵਨ ਬਤੀਤ ਕਰਨ ਲਈ ਕਿਹਾ। ਆਪ ਦੀਆਂ ਸਿੱਖਿਆਵਾਂ ਨੂੰ ਪੜ੍ਹ ਕੇ ਮਨੁੱਖ ਆਮ ਜਿੰਦਗੀ ਦੇ ਕਈ ਮੁੱਲਾਂ ਤੋਂ ਜਾਣੂ

ਹੁੰਦਾ ਹੈ। ਉਹ ਸਾਦੀ ਤੇ ਸਰਲ ਜ਼ਿੰਦਗੀ ਬਤਾਉਣ ਲਈ ਪ੍ਰੇਰਿਤ ਹੁੰਦਾ ਹੈ। ਉਨ੍ਹਾਂ ਨੇ ਆਮ ਬੋਲੀ ਰਾਹੀਂ ਉਪਦੇਸ਼ ਦਿੱਤੇ ਕਿਉਂਕਿ ਵੇਦਾਂ ਦੀ ਭਾਸ਼ਾ ਬਹੁਤ ਗੂੜ੍ਹ ਸੀ। ਲੋਕਾਂ ਦੀ ਸਮਝ ਤੋਂ ਬਹੁਤ ਉਪਰ ਸੀ ਲੋਕਾਂ ਨੂੰ ਵੇਦਾਂ ਵਿਚਲੇ ਅਮਲਾਂ ਤੋਂ ਜਾਣੂ ਕਰਾਉਂਦਿਆਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਰੱਜਾ ਬਣਾਉਣ ਵਿਚ ਸਹਾਇਕ ਸਿੱਧ ਹੋਏ। ਮਹਾਵੀਰ ਦੇ ਚੰਗੇ ਆਚਰਨ, ਸਚਾਈ ਅਤੇ ਮਿੱਠੀ ਬਾਣੀ ਵਿਚਲੇ ਗੁਣਾਂ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਜੋ ਇਨ੍ਹਾਂ ਦੇ ਵਿਚਲੇ ਗੁਣਾਂ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਜੋ ਇਨ੍ਹਾਂ ਦੇ ਚੇਲੇ ਬਣੇ ਉਨ੍ਹਾਂ ਵਿਚ ਇਨ੍ਹਾਂ ਗੁਣਾਂ ਦਾ ਆਉਣਾ ਸੁਭਾਵਿਕ ਸੀ। ਇਸ ਤਰ੍ਹਾਂ ਸੱਚ ਬੋਲਣ, ਚੰਗੇ ਆਚਰਨ ਦੇ ਗੁਣ ਉਸ ਸਮੇਂ ਦੇ ਲੋਕਾਂ ਦੇ ਜੀਵਨ ਮੂਲ ਬਣ ਗਏ। ਲੋਕਾਂ ਦਾ ਚੰਗਾ ਚਰਿੱਤਰ ਤਾਂ ਹੀ ਸੰਭਵ ਸੀ ਜੇ ਉਨ੍ਹਾਂ ਨੂੰ ਗਿਆਨ ਹੁੰਦਾ। ਮਨੁੱਖ ਦਾ ਕਿਹੋ ਜਿਹਾ ਹੋਣਾ ਚਾਹੀਦਾ ਹੈ — ਇਸ ਸੰਬੰਧੀ ਜੈਨ ਧਰਮ ਸ਼ਾਸਤਰਾਂ ਵਿੱਚ ਬਹੁਤ ਚੰਗੀ ਤਰ੍ਹਾਂ ਵਰਨਣ ਕੀਤਾ ਗਿਆ ਹੈ। ਚਰਿੱਤਰ ਦੇ ਕੁਝ ਨਿਯਮ ਜਤੀਆਂ ਦੇ ਲਈ ਹਨ ਅਤੇ ਕੁਝ ਗ੍ਰਹਿਸਤ ਦੇ ਲਈ ਹੈ। ਦੋਨੋਂ ਬਹੁਤ ਮਿਲਦੇ-ਜੁਲਦੇ ਹਨ ਪਰ ਗ੍ਰਹਿਸਤ ਦੀ ਬਜਾਏ ਜਤੀਆਂ ਦਾ ਜੀਵਨ ਨਿਆਰਾ ਜਿਹਾ ਹੈ ਜਤੀ ਧਰਮ ਅਤੇ ਗ੍ਰਹਿਸਤ ਧਰਮ ਦੇ ਕਈ ਮੂਲ ਅਜਿਹੇ ਸਨ ਜਿਨ੍ਹਾਂ ਨੂੰ ਹਰ ਵਿਅਕਤੀ ਅਪਣਾ ਸਕਦਾ ਸੀ।

ਜਤੀ ਧਰਮ ਵਿਚ ਇਨਸਾਨ ਨੂੰ ਸ਼ਾਂਤੀ ਰੱਖਣ ਦੀ ਪ੍ਰੇਰਨਾ ਦਿੱਤੀ ਗਈ ਹੈ ਕਿਉਂਕਿ ਸ਼ਾਂਤੀ ਅਜਿਹਾ ਮੂਲ ਹੈ ਜਿਹੜਾ ਇਨਸਾਨ ਨੂੰ ਕ੍ਰੋਧ ਵਿਚ ਨਹੀਂ ਆਉਣ ਦਿੰਦਾ। ਕ੍ਰੋਧ ਵਿਚ ਆਉਣ ਨਾਲ ਇਨਸਾਨ ਆਪਣੇ ਹੋਸ਼-ਹਵਾਸ ਖੋ ਬੈਠਦਾ ਹੈ ਅਤੇ ਕਈ ਗਲਤ ਗੱਲਾਂ ਕਰ ਲੈਂਦਾ ਹੈ ਪਰ ਜੇ ਮਨੁੱਖ ਦਾ ਮਨ ਸ਼ਾਂਤ ਹੋਵੇ ਉਸ ਕੋਲੋਂ ਕੋਈ ਅਜਿਹੀ ਗਲਤੀ ਨਹੀਂ ਹੁੰਦੀ ਜਿਸ ਨਾਲ ਕਿਸੇ ਦਾ ਦਿਲ ਦੁੱਖੀ ਹੋਵੇ। ਇਸ ਤਰ੍ਹਾਂ ਸ਼ਾਂਤੀ ਇਕ ਅਜਿਹਾ ਮੂਲ ਹੈ ਜੋ ਇਨਸਾਨ ਨੂੰ ਹਮੇਸ਼ਾ ਖੁਸ਼ ਰੱਖਦਾ ਹੈ।

— ਕਿਸੇ ਵਲੋਂ ਕੀਤੀ ਗਈ ਗਲਤੀ ਮਾਫ਼ ਕਰਨਾ ਸਭ ਤੋਂ ਵੱਡੀ ਗੱਲ ਹੈ ਉਨ੍ਹਾਂ ਨੇ ਮਾਫ਼ ਕਰਨ ਦਾ ਮਾਦਾ ਪੈਦਾ ਕਰਨ ਦੀ ਗੱਲ ਕੀਤੀ।

— ਮਿੱਠਾ ਬੋਲਣ ਲਈ ਅਤੇ ਕੋਮਲਤਾ ਦਾ ਵਿਵਹਾਰ ਕਰਨ ਲਈ ਕਿਹਾ।

— ਸਿੱਧਾ-ਸਾਦਾ ਨਿਸ਼ਕਪਟ ਜੀਵਨ ਜੀਉਣਾ ਚਾਹੀਦਾ

— ਕਿਸੇ ਪ੍ਰਕਾਰ ਦਾ ਲਾਲਚ ਨਹੀਂ ਕਰਨਾ ਚਾਹੀਦਾ

— ਤਪ ਕਰਕੇ ਇੱਛਾਵਾਂ ਨੂੰ ਮਾਰ ਲੈਣਾ ਚਾਹੀਦਾ

— ਸੰਜਮ ਨਾਲ ਇੰਦਰੀਆਂ ਨੂੰ ਵੱਸ ਕਰਨਾ ਚਾਹੀਦਾ

— ਹਮੇਸ਼ਾ ਸੱਚ ਬੋਲਣਾ ਚਾਹੀਦਾ

— ਪਵਿੱਤਰਤਾ ਭਰਿਆ ਜੀਵਨ ਬਿਤਾਉਣਾ ਚਾਹੀਦਾ
— ਮਮਤਾ ਨੂੰ ਤਿਆਗ ਦੇਣਾ ਚਾਹੀਦਾ
— ਬ੍ਰਹਮਚਰਜ ਬਣ ਕੇ ਰਹਿਣਾ ਚਾਹੀਦਾ
— ਸਭ ਨਾਲ ਮਿੱਤਰਤਾ ਦਾ ਵਿਵਹਾਰ ਕਰਨਾ ਚਾਹੀਦਾ
— ਆਪਣੇ ਤੋਂ ਵੱਡਿਆਂ ਦੀ ਇੱਜ਼ਤ ਕਰਨੀ ਚਾਹੀਦੀ
— ਕਰੁਣਾ, ਦਯਾ ਨਾਲ ਦੁੱਖੀ ਜੀਵਾਂ ਨੂੰ ਸੁੱਖ ਦੇਣਾ ਚਾਹੀਦਾ
— ਜੀਵ ਜੰਤੂ ਪੈਰਾਂ ਹੇਠ ਆ ਕੇ ਨਾ ਕੁਚਲੇ ਜਾਣ ਇਸ ਲਈ ਵੇਖ ਕੇ ਹੀ ਕਦਮ ਰੱਖਣਾ ਚਾਹੀਦਾ।
— ਭਿਖਿਆ ਇਸ ਪ੍ਰਕਾਰ ਮੰਗਣੀ ਚਾਹੀਦੀ ਹੈ ਜਿਸ ਵਿਚ ਕੋਈ ਦੋਸ਼ ਨਜ਼ਰ ਨਾ ਆਵੇ।
— ਹਿੰਸਾ ਨਾ ਕਰਨਾ ਤੇ ਨਾ ਕਰਾਉਣਾ ਜੇ ਕੋਈ ਹਿੰਸਾ ਕਰਦਾ ਹੈ ਤਾਂ ਉਸਦਾ ਤਿਆਗ ਕਰਨਾ ਚਾਹੀਦਾ ਹੈ।
— ਆਪਣੀ ਇਸਤਰੀ ਨਾਲ ਹੀ ਪ੍ਰੇਮ ਕਰਨਾ।

ਮਹਾਵੀਰ ਦੀਆਂ ਸਿਖਿਆਵਾਂ ਨੇ ਲੋਕਾਂ ਵਿਚ ਉਪਰੋਕਤ ਗੁਣਾਂ ਨੂੰ ਭਰਨ ਦਾ ਯਤਨ ਕੀਤਾ। ਅੰਤਰੀਵ ਅਨੁਭਵ ਸਾਹਿਤ ਤੇ ਕਲਾ ਨਾਲ ਜੁੜਿਆ ਹੋਇਆ ਇਸ ਵਿਚ ਕਲਪਨਾ ਨਹੀਂ ਹੁੰਦੀ ਬਾਹਰਮੁੱਖੀ ਵਾਧਰ ਇਹਦਾ ਜਵਾਬ ਹੁੰਦਾ ਹੈ। ਬੇਹਤਰ ਕਦਰਾਂ-ਕੀਮਤਾਂ ਲਈ ਸੰਘਰਸ਼ ਲਗਾਤਾਰ ਜਾਰੀ ਹੈ। ਜੇਕਰ ਸੰਘਰਸ਼ ਜੋ ਇਤਿਹਾਸਕ ਨਾ ਹੋਵੇ ਤਾਂ ਨਵੇਂ ਮੁੱਲ ਸਾਹਮਣੇ ਆਉਂਦੇ ਹਨ। ਮਹਾਵੀਰ ਨੇ ਆਪਣੇ ਧਰਮ ਵਿਚੋਂ ਇਤਿਹਾਸਕ ਮੁੱਲਾਂ ਨੂੰ ਵੱਖਰਾ ਕਰਕੇ ਨਵੇਂ ਮੁੱਲ ਸਾਡੇ ਸਾਹਮਣੇ ਰੱਖੇ।

ਮੁੱਲ ਕੋਈ ਆਸਮਾਨੀ ਚੀਜ਼ ਨਹੀਂ ਇਹ ਤਾਂ ਮਨੁੱਖ ਦੇ ਜਨਮ ਤੋਂ ਹੈ ਤੇ ਕੁਦਰਤੀਆਂ ਲੋੜਾਂ ਨਾਲ ਵਧਦੇ ਗਏ। ਇਹਨਾਂ ਲੋੜਾਂ ਤੋਂ ਉਤਪੰਨ ਹੋਈ ਜਿੰਦਗੀ ਜਿਊਣ ਦੀ ਚਾਹਤ ਤੇ ਵਰਤਾਰੇ ਨੇ ਮਾਨਵ ਮੁੱਲਾਂ ਦਾ ਵਿਕਾਸ ਕੀਤਾ। ਚੰਗੀ ਜਿੰਦਗੀ ਜੀਣ ਲਈ ਜਿਹੜੀਆਂ ਗੱਲਾਂ ਨਿਰਧਾਰਿਤ ਕੀਤੀਆਂ ਉਹ ਮਾਨਵ ਮੁੱਲ ਹੈ ਮੋਕਸ਼ ਧਰਮ ਆਦਿ। ਮਨੁੱਖ ਦਾ ਮੋਕਸ਼ ਪ੍ਰਾਪਤ ਕਰਨਾ ਜੀਵਨ ਮੁੱਲ ਹੈ ਪਰ ਅਜੇ ਤੱਕ ਉਹ ਇਸ ਮੁੱਲ ਦਾ ਤਿਆਗ ਕਰ ਰਿਹਾ ਹੈ। ਮੋਕਸ਼ ਵਿਚ ਲੋਕਾਂ ਨਾਲ ਕੋਈ ਰੱਲ ਨਹੀਂ ਹੁੰਦੀ ਇਸ ਵਿਚ ਮਨੁੱਖ ਆਪਣੇ ਨਾਲ ਜੁੜਦਾ ਹੈ ਜਿਵੇਂ ਉਹ ਅੰਤਰੀਵ ਹੋ ਜਾਂਦਾ ਹੈ। ਅੱਜ ਦੀ ਜਿੰਦਗੀ ਐਨੀ ਰੁੱਲ ਗਈ ਹੈ ਕਿ ਜੀਣ ਲਈ ਰੋਟੀ ਦਾ ਆਪਣੀ ਕਿਰਤਾ ਖੋਹਿਆ ਹੋਇਆ ਹੈ ਚਾਹੇ ਇਹ ਥਹੁਤਾ ਹੋਵੇ ਜਾਂ ਥੋੜਾ। ਵਿਰਕ ਜੀਵਨ ਦੇ ਸੰਦਰਭ ਵਿਚ ਧਰਤੀ ਤੇ ਹਰ ਕੋਨੇ ਤੇ ਜੀਂਦੇ ਮਨੁੱਖ ਦੀਆਂ ਪੁਰਾਣੀਆਂ ਕੀਮਤਾਂ

ਟੁੱਟ ਰਹੀਆਂ ਤੇ ਨਵੇਂ ਮੁੱਲ ਆਪਣੀ ਸਥਾਪਨਾ ਕਰ ਰਹੇ ਹਨ।

ਪੂਰਬ ਵੈਦਿਕ ਕਾਲ, ਵੈਦਿਕ ਕਾਲ, ਉੱਤਰ ਵੈਦਿਕ, ਬੁੱਧ ਕਾਲ ਅਤੇ ਜੈਨ ਕਾਲ ਦੇ ਸਮੁੱਚੇ ਅਧਿਐਨ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਇਸ ਕਾਲ ਦੀਆਂ ਕਦਰਾਂ ਕੀਮਤਾਂ, ਜੀਵਨ ਮੁੱਲ ਅਤਿਅੰਤ ਗੌਰਵਪੂਰਣ ਰਹੇ ਹਨ। ਅਸੀਂ ਇਸਦੀ ਸਮੂਹਿਕਤਾ ਵਿਚੋਂ ਇਤਿਹਾਸਕ, ਧਾਰਮਿਕ ਅਤੇ ਸਮਾਜਿਕ ਸੰਦਰਭ ਵਿਚ ਮਨੁੱਖੀ ਪ੍ਰਾਪਤੀਆਂ ਦਾ ਜ਼ਿਕਰ ਉਪਰ ਕਰ ਚੁੱਕੇ ਹਾਂ। ਭਾਰਤੀ ਸੰਸਕ੍ਰਿਤੀ ਦੀ ਪ੍ਰਾਚੀਨਤਾ ਇਸਦੀ ਇਕ ਵਿਸ਼ੇਸ਼ ਵਿਸ਼ੇਸ਼ਤਾ ਹੈ। ਇਸ ਸੰਸਕ੍ਰਿਤੀ ਵਿਚ ਕਈ ਜਾਤੀਆਂ ਮੱਤਾਂ ਦਾ ਸੁਮੇਲ ਹੋਇਆ।

ਇਸ ਤਰ੍ਹਾਂ ਇਹ ਸਮਨਵੈ ਪ੍ਰਕਿਰਿਆ ਅਮਲ ਕਈ ਜਾਤਾਂ ਮੱਤਾਂ ਦੀਆਂ ਸਾਂਝੀਆਂ ਉਚੇਰੀਆਂ ਕਦਰਾਂ-ਕੀਮਤਾਂ ਤੇ ਜੀਵਨ ਮੁੱਲਾਂ ਦੀ ਸਾਂਝੀ ਸੰਸਕ੍ਰਿਤੀ ਬਣ ਗਈ ਤੇ ਇਸ ਸੰਸਕ੍ਰਿਤੀ ਵਿਚ ਸਥਾਪਿਤ ਹੋਏ ਮੁੱਲ ਅਜੇ ਤੱਕ ਆਪਣਾ ਮਹੱਤਵ ਬਰਕਰਾਰ ਰੱਖ ਰਹੇ ਹਨ। ਇਨ੍ਹਾਂ ਵਿਚੋਂ ਕੁਝ ਜੀਵਨ ਮੁੱਲਾਂ ਦਾ ਜ਼ਿਕਰ ਬੇਲੋੜਾ ਨਹੀਂ ਜਾਪੇਗਾ ਜਿਵੇਂ ਸੰਸਕ੍ਰਿਤੀ ਨੇ ਸਤਯਮ-ਸ਼ਿਵਮ-ਸੁੰਦਰਮ ਸਿਧਾਂਤ ਵਜੋਂ ਪ੍ਰਾਪਤ ਕੀਤਾ ਉਥੇ ਮਹਾਤਮਾ ਬੁੱਧ ਅਤੇ ਵਰਧਮਾਨ ਨੇ ਸੱਚ ਅਤੇ ਅਹਿੰਸਾ ਦਾ ਉਪਦੇਸ਼ ਦਿੱਤਾ। ਇਸੇ ਸੰਸਕ੍ਰਿਤੀ ਨੇ ਕਰਮ, ਨਿਸ਼ਠਾ, ਸਹਿਣਸ਼ੀਲਤਾ, ਅਨੁਕੂਲਤਾ, ਗ੍ਰਹਿਣਸ਼ੀਲਤਾ, ਸੰਚਰਨਸ਼ੀਲਤਾ, ਸਮਨਵੈ, ਸੁਤੰਤਰਤਾ, ਸੇਵਾ ਭਾਵਨਾ, ਦਇਆ, ਦੇਸ਼ ਪ੍ਰੇਮ ਆਦਿ ਮੁੱਲ ਅਨੇਕਾਂ ਸੰਸਕ੍ਰਿਤੀ ਨੂੰ ਦਿੱਤੇ। ਭਾਰਤੀ ਸੰਸਕ੍ਰਿਤੀ ਦੀ ਅਧਿਆਤਮਿਕਤਾ ਹੀ ਅੱਜ ਸੰਸਾਰ ਨੂੰ ਜਿਹੜਾ ਬਾਰੂਦ ਦੇ ਢੇਰ ਤੇ ਬੈਠਾ ਹੈ ਬਚਾਅ ਸਕਣ ਲਈ ਇਕ ਮਾਤਰ ਪ੍ਰਕਾਸ਼ ਦੀ ਕਿਰਨ ਨਜ਼ਰ ਆਉਂਦੀ ਹੈ।

---

## ਟਿੱਪਣੀਆਂ ਤੇ ਹਵਾਲੇ

1. ਡਾ. ਐਰ.ਰਾਰਡਨ (ਅਨੁ. ਵਿਰੇਂਦਰ ਕੁਮਾਰ ਸਿਨਹਾ) ਭਾਰਤੀਜ ਸੰਸਕ੍ਰਿਤੀ ਕੀ ਪ੍ਰਾਗੈਤਹਾਸਿਕ ਪ੍ਰਿਸ਼ਠ ਭੂਮੀ, ਪੰਨਾ- 1.
2. ਜੈਚੰਦਰ ਵਿਦਿਆਲੰਕਾਰ (ਅਨੁ. ਗੁਰਬਚਨ ਸਿੰਘ ਸੇਠੀ), ਪ੍ਰਾਚੀਨ ਪੰਜਾਬ ਅਤੇ ਉਸਦਾ ਆਲਾ ਦੁਆਲਾ, ਪੰਨਾ- 17.
3. ਕੇ. ਜੈਨਾਥ, ਪ੍ਰਾਚੀਨ ਪੰਜਾਬ ਅਤੇ ਉਸਦਾ ਆਲਾ ਦੁਆਲਾ, ਪੰਨਾ- 15.
5. ਡਾ. ਐਰ.ਰਾਰਡਨ, ਭਾਰਤੀਜ ਸੰਸਕ੍ਰਿਤੀ ਕੀ ਪ੍ਰਾਗੈਤਹਾਸਿਕ ਪ੍ਰਿਸ਼ਠ ਭੂਮੀ, ਪੰਨਾ-4-5.
6. -ਉਹੀ- ਪੰਨਾ- 17.
7. ਕੇ. ਡੀ. ਨਾਥ, ਪ੍ਰਾਚੀਨ ਭਾਰਤ ਕਾ ਇਤਿਹਾਸ ਏਵਮ ਸੰਸਕ੍ਰਿਤੀ, ਪੰਨਾ- 42.
8. -ਉਹੀ- ,ਪੰਨਾ- 46.
9. ਡਾ. ਬੈਣੀ ਪ੍ਰਸਾਦ, ਹਿੰਦੁਸਤਾਨ ਕੀ ਪੁਰਾਣੀ ਸਭਿਅਤਾ, ਪੰਨਾ- 20,21.
10. S.R.Sharma, India as I see her,P.21.
11. Dr. R.K.Mukerjee, Hindu Civilization, Part-I,P.21.
12. -Ibid- P.17.
13. Dr. Tripathi, The History of Culture of Indian People, Vol.1,Chapter-IX.
14. Dr. R.K.Mukerjee, Hindu Civilization, Part I P.21.
15. Childe, New Light on the mart Ancient East,P.184,183.
16. Dr. R.S.Tripathi, History of Ancient India,P.35.
17. " O Varuna, deliver us from the sins of our fathers
    Dilever us from the sins committed in our person."
    --Rigveda.
18. " O, Bestower of all our good, thou givest rain by
    overcing the clouds, Thou hast never refused our prayer."
    --Rigveda.
19. "O,Indra, We are well armed because we are protected
    by thyself? We shall conquer the enemy with your help."
    --Rigveda.

20. Dr. K.P.Jayaswal, The Hindu Plicy.

21. Dr. R.C.Majumdar, The Vedic Age.

22. ਇਸ ਸਭਿਅਤਾ ਦਾ ਕਾਲ 1200 ਈ. ਪੂਰਬ ਤੋਂ 600 ਈ. ਪੂਰਬ ਮੰਨਿਆ ਜਾਂਦਾ ਹੈ।

23. Dr. R.S. Tripathi, History of Ancient India, P.52-53.

24. - Ibid- P. 52-53.

25. Dr. R.C.Majumdar, Andient India, P.77.

26. Dr. R.S. Tripathi, History of Andient India, P.49.

27. ਐਸ.ਐਨ. ਸੀਕਰੀ, ਏ.ਸੀ.ਅਰੋੜਾ, ਭਾਰਤੀ ਇਤਿਹਾਸ ਦਾ ਪ੍ਰਾਚੀਨ ਕਾਲ, ਪੰਨਾ- 8.

28. V.M.Apte, The Vedic Age, P.456.

29. R.C.Majumdar, Ancient India, P.87.

30. Dr. S.Racha Krishan, 2500 Years of Buddhism, P.1.

31. ਐਸ. ਐਨ.ਸੀਕਰੀ, ਏ.ਸੀ.ਅਰੋੜਾ, ਭਾਰਤੀ ਇਤਿਹਾਸ ਦਾ ਪ੍ਰਾਚੀਨ ਕਾਲ, ਪੰਨਾ- 138.

32. -ਉਹੀ- ਪੰਨਾ- 179,181,183.

33. -ਉਹੀ-, ਪੰਨਾ- 174.

34. ਆਨੰਦਕਿਸ਼ੋਰ [illegible] [illegible], ਧਰਮ ਦਰਸ਼ਨ, [illegible] ਪ੍ਰਕਾਸ਼ਨ, ਪੰਨਾ- 39-50.

35. ਮੁਨੀ ਸੁਸ਼ੀਲ ਕੁਮਾਰ, ਜੈਨ ਧਰਮ, ਪੰਨਾ- 25,28.

36. P.K.Shah, Jaina Dharma Nirupan, P.33.

37. Mrs. S. Stevenson, The Heart of Jainism, P.116.

38. Dr. S.Radha Krishanan, Indian Philosophy, P.331.

# ਅਧਿਆਇ ਪੰਜਵਾਂ

## ਸਮਕਾਲੀਨ ਭਾਰਤੀ ਕਵਿਤ੍ਰੀਆਂ ਦੀ ਹੋਰ ਸਾਹਿਤਕਾਰਾਂ

## ਨਾਲ ਤੁਲਨਾ

## ਮੱਧਕਾਲੀਨ ਭਾਰਤੀ ਕਦਰਾਂ ਕੀਮਤਾਂ ਦੀ ਹੋਰ ਸਭਿਆਚਾਰਾਂ ਨਾਲ ਤੁਲਨਾ

ਧਰਮ ਦੇ ਸੰਬੰਧ ਵਿਚ ਜਦੋਂ ਅਸੀਂ ਤੁਲਨਾਤਮਕ ਅਧਿਐਨ ਦੀ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਉਨ੍ਹਾਂ ਧਰਮਾਂ ਜਿਨ੍ਹਾਂ ਦੇ ਦਰਸ਼ਨ ਦੇ ਸੰਬੰਧ ਵਿਚ ਅਸੀ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰ ਕਰ ਰਹੇ ਹੁੰਦੇ ਹਾਂ ਦੀਆਂ ਸਮਾਨਤਾਵਾਂ, ਵਿਰੋਧਤਾਈਆਂ ਅਤੇ ਵਿਲੱਖਣਤਾ ਦਾ ਲੇਖਾ ਜੋਖਾ ਕਰਦੇ ਹਾਂ ਭਾਵੇਂ ਅਸੀਂ ਇਸ ਪ੍ਰਕਾਰ ਨੂੰ ਸਮਾਲੋਚਨਾ ਕਹਿ ਲੈਂਦੇ ਹਾਂ ਪਰ ਫੇਰ ਵੀ ਇਸ ਸਾਰੇ ਵਿਗਿਆਨਕ ਵਿਚਾਰ ਮੰਥਨ ਵਿਚ ਨਾ ਚਾਹੁੰਦਿਆਂ ਵੀ ਕਿਸੇ ਇਕ ਧਰਮ ਜਾਂ ਦੂਸਰੇ ਧਰਮ ਦੇ ਸੰਬੰਧ ਵਿਚ ਆਲੋਚਨਾ ਦਾ ਅੰਸ਼ ਸ਼ਾਮਲ ਹੋ ਜਾਂਦਾ ਹੈ। ਇਹ ਧਰਮ ਦੇ ਸੰਬੰਧ ਵਿਚ ਵਿਚਾਰ ਕਰਨ ਦੀ ਇਕ ਵਿਸ਼ਿਸ਼ਟ ਪੱਧਤੀ ਹੈ।

"ਤੁਲਨਾਤਮਕ ਪੱਧਤੀ ਦਾ ਉਪਯੋਗ ਗਿਆਨ ਦੇ ਕਈ ਖੇਤਰਾਂ ਜਿਵੇਂ ਸਰੀਰ ਸ਼ਾਸਤਰ ਅਤੇ ਮਨੋਵਿਗਿਆਨ, ਭਾਸ਼ਾ ਵਿਗਿਆਨ ਅਤੇ ਕਾਨੂੰਨ ਵਿਚ ਬੜੀ ਸਪੱਸ਼ਟਤਾ, ਸਰਲਤਾ ਨਾਲ ਕੀਤਾ ਗਿਆ ਹੈ ਧਰਮ ਦਾ ਵਿਗਿਆਨਕ ਅਧਿਐਨ ਧਰਮ ਨਵੀਂ ਹੀ ਸੰਕਟ ਸਮਝਿਆ ਜਾਂਦਾ ਹੈ।"[1]

ਤੁਲਨਾਤਮਕ ਧਰਮ ਵਿਗਿਆਨ ਦੇ ਸੰਬੰਧ ਵਿਚ ਫ਼੍ਰੈਡਰਿਕ ਮੈਕਸਮੂਲਰ ਨੇ ਆਪਣੇ ਪੰਜਾਹ ਪੂਰਬੀ ਧਰਮ ਪੁਸਤਕਾਂ ਦੇ ਖੰਡਾਂ ਅਤੇ ਵਿਖਿਆਨਾਂ ਨੂੰ "ਸੰਸਾਰ ਦੇ ਪ੍ਰਮੁੱਖ ਧਰਮਾਂ ਦੇ ਤੁਲਨਾਤਮਕ ਅਧਿਐਨ ਦੀ ਇਕ ਭੂਮਿਕਾ" ਕਿਹਾ ਹੈ।[2]

ਤੁਲਨਾਤਮਕ ਧਰਮ ਸਾਨੂੰ ਦੱਸਦਾ ਹੈ ਕਿ ਸਾਰੇ ਧਰਮਾਂ ਦਾ ਕੋਈ ਨ ਕੋਈ ਇਤਿਹਾਸ ਹੁੰਦਾ ਹੈ ਅਤੇ ਇਨ੍ਹਾਂ ਵਿਚੋਂ ਕੋਈ ਧਰਮ ਅੰਤਿਮ ਜਾਂ ਪੂਰਨ ਨਹੀਂ। ਧਰਮ ਇਕ ਗਤੀ ਹੈ ਇਕ ਵਿਕਾਸ ਅਤੇ ਸਭ ਸੱਚੇ ਵਿਕਾਸਾਂ ਵਿਚ ਨਵੇਂ ਪੁਰਾਣੇ ਦੇ ਉੱਤੇ ਟਿਕਿਆ ਹੁੰਦਾ ਹੈ। ਹਰ ਧਰਮ ਵਿਚ ਪੁਰਾਤਨਤਾ ਦੀ ਝਲਕ ਹੁੰਦੀ ਹੈ।

ਤੁਲਨਾਤਮਕ ਧਰਮ ਇਹ ਮੰਨਦਾ ਹੈ ਕਿ ਸਾਡੇ ਸਭ ਧਰਮਾਂ ਦਾ ਕੁਝ ਨਾ ਕੁਝ ਮੁੱਲ ਹੈ। ਤੁਲਨਾਤਮਕ ਅਧਿਐਨ ਦੀ ਪੱਧਤੀ ਰਾਹੀਂ ਸਾਡੇ ਸਾਹਮਣੇ ਸਾਰੇ ਧਰਮਾਂ ਦੀ ਮੂਲ ਵਿਵਸਥਾ ਨਿੱਖਰਦੀ ਹੈ ਜਿਹੜੀ ਮਨੁੱਖ ਨੂੰ ਆਪਣੇ ਭਵਿੱਖ ਪ੍ਰਤੀ ਸਹੀ ਰਾਹ ਚੁਣਨ ਦੇ ਸਮਰੱਥ ਬਣਾਉਂਦੀ ਹੈ।

ਤੁਲਨਾਤਮਕ ਅਧਿਐਨ ਦੁਆਰਾ ਅਸੀਂ ਸਾਰੇ ਧਰਮਾਂ ਦੇ ਮੁੱਲਾਂ ਦਾ ਸਮੇਂ ਦੀ ਅਜੋਕੀ ਸਥਿਤੀ ਦੇ ਸੰਦਰਭ ਵਿਚ ਮਿਸ਼ਰਨ ਕਰਨ ਦੇ ਯੋਗ ਹੋ ਸਕਦੇ ਹਾਂ ਹੁਣ ਜਦਕਿ ਸੰਸਾਰ ਭਾਵੇਂ ਧਾਰਮਿਕ ਪੱਖ ਤੋਂ ਇਕ ਇਕਾਈ ਦਾ ਰੂਪ ਧਾਰਨ ਨਹੀਂ ਵੀ ਕਰ ਸਕਿਆ ਪਰ ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਕਿਸੇ ਇਕ ਧਰਮ ਦੀਆਂ ਮੁੱਲਵਾਨ ਕੀਮਤਾਂ ਨੂੰ ਦੁਰਕਾਰਿਆ ਹੋਵੇ ਸਗੋਂ ਵਿਗਿਆਨਕ ਪਹੁੰਚ ਨੇ ਸਾਰੇ ਧਰਮਾਂ ਦੇ ਮੁੱਲਾਂ ਨੂੰ ਡੂੰਘੀ ਤਰ੍ਹਾਂ ਇਕ ਦੂਜੇ ਦੇ ਨੇੜੇ ਕਰ ਦਿੱਤਾ ਹੈ ਤੇ ਹਰ ਧਰਮ ਦੇ ਵਿਦਵਾਨ ਇਹ ਸਮਝਣ ਲੱਗ ਪਏ ਹਨ ਕਿ ਸਾਰੇ ਧਰਮਾਂ ਵਿਚ ਸਾਂਝ ਦੇ ਆਸਾਰ ਪੈਦਾ ਹੋ ਰਹੇ ਹਨ।

" ਪੂਰਬ ਅਤੇ ਪੱਛਮ ਦੇ ਵੱਖੋ-ਵੱਖਰੇ ਧਰਮਾਂ ਦੇ ਵਿਅਕਤੀਆਂ ਨੂੰ ਆਪਣੇ ਚਿੱਤ ਦਰਸ਼ਨ ਤੇ ਅੰਤਰ-ਦ੍ਰਿਸ਼ਟੀਆਂ ਆਸ਼ਾਵਾਂ ਅਤੇ ਅਸੰਕਾਵਾਂ, ਯੋਜਨਾਵਾਂ ਅਤੇ ਲਕਸ਼ਾਂ ਨੂੰ ਸਾਂਝਾ ਕਰ ਲੈਣਾ ਪਵੇਗਾ। ਤੁਲਨਾਤਮਕ ਧਰਮ ਉਨ੍ਹਾਂ ਧਰਮਾਂ ਦੇ ਵਿਚਕਾਰ --- ਜਿਹੜੇ ਵੱਖੋ ਵੱਖ ਨਹੀਂ ਰਹਿ ਰਹੇ। ਸੁਤੰਤਰ ਤਾਲੇਦਾਰੀ ਦੇ ਇਸ ਆਦਰਸ਼ ਨੂੰ ਅੱਗੇ ਵਧਾਉਣ ਵਿਚ ਸਾਡੀ ਮਦਦ ਕਰ ਸਕਦਾ ਹੈ।"[3]

" ਮੇਰਾ ਮੱਤ ਹੈ ਕਿ ਸੰਸਾਰ ਦੇ ਮਹਾਨ ਧਰਮਾਂ ਵਿਚੋਂ ਹਰ ਇਕ ਦੈਵੀ ਤੱਤ ਵਿਦਮਾਨ ਹੈ।" ਸਾਰੇ ਧਰਮ ਅਸਪਸ਼ਟ ਭਾਸ਼ਾ ਵਰਤਦੇ ਹਨ ਸਾਡਾ ਆਪਣਾ ਧਰਮ ਵੀ ਉਨੀ ਹੀ। ਇਸ ਤਰ੍ਹਾਂ ਦਾ ਹੈ ਜਿਨ੍ਹਾਂ ਕਿ ਬ੍ਰਾਹਮਣਾਂ ਦਾ ਧਰਮ, ਉਨ੍ਹਾਂ ਸਾਰਿਆਂ ਦੇ ਅਰਥ ਸਮਝਣੇ ਪੈਣਗੇ।"[4]

ਜੇਕਰ ਮਨੁੱਖ ਧਰਮ ਦੇ ਵਰਤਮਾਨ ਰੂਪ ਤੋਂ ਸੰਤੁਸ਼ਟੀ ਪ੍ਰਾਪਤ ਨਹੀਂ ਕਰਦਾ ਤਾਂ ਉਹ ਸਾਰੇ ਧਰਮਾਂ ਦੇ ਵਿਗਿਆਨਿਕ ਅਧਿਐਨ ਉਪਰੰਤ ਮਨੁੱਖੀ ਜੀਵਨ ਸਾਂਚ ਵਿਚ ਉਚੇਰੇ ਜੀਵਨ ਮੁੱਲਾਂ ਨੂੰ ਸ਼ਾਮਲ ਕਰ ਸਕਦਾ ਹੈ ਜਿਹੜੇ ਭਵਿੱਖਮੁਖੀ ਹੋਣ ਦਾ ਅਹਿਸਾਸ ਪ੍ਰਦਰਸ਼ਿਤ ਕਰਦੇ ਹੋਣ। ਮਨੁੱਖ ਦੂਸਰੇ ਧਰਮ ਦੀ ਗੱਲ ਦੇ ਜਿਕਰ ਤੋਂ ਘਟਾ ਕੇ ਕੀਤਾ ਗਿਆ ਹੋਵੇ ਜਾਂ ਉਸਦੇ ਮੇਰੇ ਵਿਚ ਗੌਣ ਕੀਤਿਆ ਗਿਆ ਹੋਵੇ ਤਾਂ ਉਸਦੇ ਮਨ ਤੇ ਸੱਟ ਵੱਜਦੀ ਹੈ ਫੇਰ ਵੀ ਇਸ ਪੱਧਤੀ ਤੇ ਚਲਦਿਆਂ ਬਿਨਾਂ ਪੱਖਪਾਤ ਧਰਮਾਂ ਦਾ ਵਿਸ਼ਲੇਸ਼ਣ ਅਜੋਕੇ ਮਨੁੱਖ ਲਈ ਲਾਭਦਾਇਕ ਸਾਬਤ ਹੋਵੇਗਾ ਕਿਉਂਕਿ ਕੋਈ ਵੀ ਧਰਮ ਵਿਆਪਕ ਸਚਾਈ ਤੋਂ ਉਪਰ ਨਹੀਂ

ਹੋ ਸਕਦਾ ਹਰ ਧਰਮ ਵਿਚ ਗੁਣ ਤੇ ਔਗੁਣ ਹੋਣ ਦੀ ਗੱਲ ਅੱਜ ਦਾ ਮਨੁੱਖ ਸਹਿਜੇ ਹੀ ਮੰਨ ਸਕਣ ਦੇ ਕਾਬਲ ਹੋ ਸਕਦਾ ਹੈ।

ਮਿੱਤਰ (ਈਰਾਨੀ ਸੂਰਜ ਦੇਵਤਾ) ਧਰਮ ਅਤੇ ਈਸਾਈਅਤ ਦੋਨੋਂ ਇਕ ਦੂਜੇ ਨਾਲ ਮਿਲਦੇ ਜੁਲਦੇ ਸਨ। ਈਸਾ ਦੀ ਤਰ੍ਹਾਂ ਮਿੱਤਰ ਵੀ, ਈਸ਼ਵਰ ਤੇ ਮਨੁੱਖ ਦੇ ਵਿਚਕਾਰ ਸੀ, ਜਿਸਦੀ ਮੁਕਤੀ ਬਲੀਦਾਨ ਦੁਆਰਾ ਨਿਸ਼ਚਿਤ ਹੋਈ ਹੈ। ਮਿੱਤਰ ਦੇ ਅਨੁਆਈ ਨੈਤਕ ਵਿਧਾਨ ਵਿਚ ਅਤੇ ਭਵਿੱਖਮੁੱਖੀ ਜੀਵਨ ਵਿਚ ਉਨ੍ਹਾਂ ਹੀ ਵਿਸ਼ਵਾਸ ਕਰਦੇ ਸਨ ਜਿੰਨਾ ਕਿ ਈਸਾਈ।

ਅਨੇਕ ਆਦਮ ਧਰਮਾਂ ਵਿਚ ਦੇਵਤਾ ਦੇ ਬਲੀਦਾਨ ਬਾਰੇ ਵਿਸ਼ਵਾਸ ਪ੍ਰਚਲਿਤ ਹਨ। ਜਦੋਂ ਕਿਸੇ ਕਬੀਲੇ ਦਾ ਦੇਵਤਾ ਪਸ਼ੂ ਹੁੰਦਾ ਸੀ ਤਾਂ ਸ਼ਰਧਾਲੂ ਭਗਤਾਂ ਦੁਆਰਾ ਸਰੀਰ ਦਾ ਪ੍ਰਸਾਦ ਭੋਜ ਵਾਸਤਵਿਕ ਹੁੰਦਾ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਸ ਪਸ਼ੂ, ਉਸ ਵੀਰ ਨਾਇਕ ਅਥਵਾ ਉਸ ਦੇਵਤਾ ਨੂੰ ਖਾਣ ਨਾਲ ਭਗਤਾਂ ਵਿਚ ਉਸਦੇ ਉਚਿਤ ਗੁਣ ਆ ਜਾਂਦੇ ਹਨ। ਇਸ ਤਰ੍ਹਾਂ ਬਲੀਦਾਨ ਅਤੇ ਪ੍ਰਸਾਦ ਭੋਜ ਦੀਆਂ ਪ੍ਰਥਾਵਾਂ (ਜਿਹੜੀਆਂ ਈਸਾਈਅਤ ਦਾ ਮੂਲ ਆਧਾਰ ਹਨ) ਪ੍ਰਚਲਿਤ ਸਨ। ਧਾਰਮਿਕ ਵਿਚਾਰਾਂ ਦੇ ਇਤਿਹਾਸਕ ਉਦੈ ਦੀ ਖੋਜ ਉਨ੍ਹਾਂ ਦੇ ਮੁੱਲਾਂ ਦੇ ਆਲੋਚਨਾਤਮਕ ਨਿਰਧਾਰਨ ਤੋਂ ਬਿਲਕੁਲ ਵੱਖਰੀ ਵਸਤੂ ਹੈ। ਸਾਨੂੰ ਅੰਧਕਾਰਪੂਰਨ ਸਥਾਨਾਂ ਤੋਂ ਵੀ ਅਧਿਆਤਮਿਕ ਪ੍ਰਕਾਸ਼ ਪ੍ਰਾਪਤ ਹੋ ਸਕਦਾ ਹੈ।

ਜਦੋਂ ਅਸੀਂ ਕਿਸੇ ਵਿਸ਼ੇਸ਼ ਧਰਮ ਦਾ ਤੇ ਸੰਸਾਰ ਦੇ ਸਾਰੇ ਮੁੱਖ ਧਰਮਾਂ, ਸੰਸਕ੍ਰਿਤੀਆਂ ਦਾ ਅਧਿਐਨ ਕਰਦੇ ਹਾਂ ਉਸਦੇ ਮੁੱਖ ਕਾਰਨ ਨਜ਼ਰ ਆਉਂਦੇ ਹਨ ਕਿ ਅਸੀਂ ਆਪਣੇ ਧਰਮ ਨੂੰ ਦੂਸਰੇ ਧਰਮਾਂ ਦੇ ਮੁਕਾਬਲੇ ਵਿਚ ਜਮੇਂ, ਸਥਿਤੀ ਅਨੁਸਾਰ ਠੀਕ ਅਤੇ ਗਲਤ ਦੇ ਆਧਾਰ ਤੇ ਵਾਰਸ ਦਾ ਉਪਰਾਲਾ ਕਰਦੇ ਹਾਂ। ਇਸ ਵਿਧੀ ਅਨੁਸਾਰ ਭਾਵੇਂ ਸਾਡਾ ਆਪਣੇ ਧਰਮ ਵਿਚ ਕਿੰਨਾ ਵੀ ਨਿਸ਼ਚਾ ਕਿਉਂ ਨਾ ਹੋਵੇ ਫੇਰ ਵੀ ਜਦੋਂ ਦੂਸਰੇ ਧਰਮਾਂ ਦਾ ਨੇਕ ਜੀਵਨ ਮੁੱਲ ਸਾਨੂੰ ਚੰਗਾ ਲੱਗਦਾ ਹੈ ਤਾਂ ਅਸੀਂ ਉਸਨੂੰ ਅਪਨਾਉਣ ਦੀ ਕੋਸ਼ਿਸ਼ ਕਰਦੇ ਹਾਂ। ਦੂਜੀ ਵਿਧੀ ਅਨੁਸਾਰ ਵਿਗਿਆਨਿਕ, ਜਥਾਰਥਿਕ ਦ੍ਰਿਸ਼ਟੀਕੋਣ ਨੂੰ ਅਪਣਾਉਂਦਿਆਂ ਆਪਣੇ ਧਰਮ ਅਤੇ ਦੂਸਰੇ ਧਰਮਾਂ ਦੇ ਆਧਾਰ ਤੇ ਗੁਣਾਂ ਦਾ ਮੁਲਾਂਕਣ ਕਰਦੇ ਹਾਂ ਅਤੇ ਧਰਮਾਂ ਦੇ ਮੁੱਲਾਂ ਨੂੰ ਇਕੋ ਸੰਦਰਭ ਵਿਚ ਮਾਪਦੇ, ਗ੍ਰਹਿਣ ਯੋਗ ਮੁੱਲਾਂ ਨੂੰ ਅਪਣਾਉਂਦੇ, ਅਵਿਗਿਆਨਕ ਮੁੱਲਾਂ ਨੂੰ ਨਕਾਰਦੇ ਹਾਂ।

ਇੰਜ ਵਿਗਿਆਨਕ ਦ੍ਰਿਸ਼ਟੀ ਸਾਨੂੰ ਅਜੋਕੇ ਸੰਦਰਭ ਵਿਚ ਕੀ ਠੀਕ ਹੈ, ਕੀ ਗ਼ਲਤ ਹੈ ਬਾਬਤ ਜਾਣੂ ਕਰਾ ਦਿੰਦੀ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਆਪਣੇ ਸਾਂਸਕ੍ਰਿਤਕ, ਭਾਵਆਤਮਕ ਲਗਾਊ ਕਾਰਨ ਸੰਬੰਧਤ ਰੀਤੀ ਰਿਵਾਜ, ਮੁੱਲਾਂ ਨਾਲੋਂ ਟੁੱਟ ਸਕੀਏ ਜਾਂ ਨਾ।

ਜਦੋਂ ਅਸੀਂ ਪੂਰਬੀ ਅਤੇ ਪੱਛਮੀ ਸਭਿਆਤਾਵਾਂ ਦੇ ਤੁਲਨਾਤਮਕ ਅਧਿਐਨ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸੰਸਾਰ ਸੰਸਕ੍ਰਿਤੀਆਂ ਨੂੰ ਵਿਦਵਾਨਾਂ ਵਲੋਂ ਦੋ ਭਾਗਾਂ ਵਿਚ ਵੰਡਿਆ ਗਿਆ ਹੈ ਇਕ ਨੂੰ ਪੂਰਬੀ ਸਭਿਅਤਾ ਅਤੇ ਦੂਸਰੇ ਭਾਗ ਨੂੰ ਪੱਛਮੀ ਸਭਿਅਤਾ। ਪੂਰਬੀ ਭਾਗ ਵਿਚ ਤੁਰਕੀ, ਪਰਸ਼ੀਆ, ਮਿਸਰ, ਭਾਰਤ ਅਤੇ ਚੀਨ ਤੇ ਪੱਛਮੀ ਭਾਗ ਵਿਚ ਜਾਂ ਤਾਂ ਯੂਰਪ ਅਤੇ ਜਾਂ ਯੂਰਪ ਅਤੇ ਅਮਰੀਕਾ ਦੋਨਾਂ ਨੂੰ ਹੀ ਸ਼ਾਮਲ ਕੀਤਾ ਗਿਆ।[5]

ਕੁਝ ਸੰਬੰਧੀ ਕਿਹਾ ਗਿਆ ਹੈ ਕਿ ਕੁਝ ਪੱਛਮੀਆਂ ਲਈ ਪੂਰਬੀ ਅਤੇ ਪੂਰਬੀਆਂ ਲਈ ਪੱਛਮੀ ਹੈ। ਜਿਨ੍ਹਾਂ ਭਾਗਾਂ ਦੀ ਵੰਡ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਹੈ। ਕੁਝ ਇਤਿਹਾਸਕ ਹਨ। ਕੁਝ ਵਿਗਿਆਨਿਕ ਅਤੇ ਭੌਤਿਕਵਾਦੀ ਪ੍ਰਾਪਤੀਆਂ ਵਿਚ ਪੂਰਬੀ ਸਭਿਆਤਾਵਾਂ ਨੂੰ ਚਕਾ-ਚੌਂਧ ਕਰਦੇ ਹਨ ਅਤੇ ਇਸੇ ਕਾਰਨ ਆਪਣੀ ਪ੍ਰਭੂਸਤਾ ਕਾਇਮ ਕਰਦੇ ਹਾਂ ---- ਪ੍ਰੋ, ਵਿਲੀਅਮ ਤੇ ਹੋਰ ਵਿਦਵਾਨ ਇਸ ਸਭਿਅਤਾ ਨੂੰ ਨਵੀਨ, ਸਭਿਅਤਾ ਗੋਰੀ ਸਭਿਅਤਾ ਅਤੇ ਪੱਛਮੀ ਸਭਿਅਤਾ ਦਾ ਨਾਂ ਦਿੰਦੇ ਹਨ।

ਸੋਵੀਅਤ ਰੂਸ ਅਤੇ ਅਮਰੀਕਾ ਦੇ ਪੂਰਬ ਜਾਂ ਪੱਛਮ ਵਿਚ ਹੋਣ ਸੰਬੰਧੀ ਸ਼ੰਕੇ ਉਤਪੰਨ ਹੁੰਦੇ ਹਨ। ਅਜੋਕੀ ਪਰਸਥਿਤੀ ਵਿਚ ਅਮਰੀਕਾ ਨੂੰ ਯੂਰਪ ਤੋਂ ਕਿਸੇ ਵੀ ਤਰ੍ਹਾਂ ਵੱਖ ਨਹੀਂ ਸਮਝਿਆ ਜਾ ਸਕਦਾ ਫੇਰ ਵੀ ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਪੂਰਬ ਅਤੇ ਪੱਛਮ ਦੀਆਂ ਹੱਦਾਂ ਨਿਰਧਾਰਿਤ ਕਰਨੀਆਂ ਸੰਭਵ ਨਹੀਂ ਹਨ।

" ਪੂਰਬ ਅਤੇ ਪੱਛਮ ਇਸ ਤਰ੍ਹਾਂ ਦੇ ਸ਼ਬਦ ਹਨ ਜਿਨ੍ਹਾਂ ਦੀ ਠੀਕ ਠੀਕ ਪਰਿਭਾਸ਼ਾ ਸੰਭਵ ਨਹੀਂ ਹੈ --- ਅੱਜ ਦਾ ਅਮਰੀਕਾ ਯੂਰਪ ਦੀ ਹੀ ਸ਼ਾਖਾ ਹੈ। ਅਮਰੀਕਾ ਨੇ ਯੂਰਪ ਦੀਆਂ ਪ੍ਰੰਪਰਾਵਾਂ ਪ੍ਰਾਪਤ ਕੀਤੀਆਂ ਹਨ ਅਤੇ ਦੂਸਰੇ ਧਾਰਮਿਕ ਵਿਸ਼ਵਾਸਾਂ, ਚਰਿੱਤਰ ਅਤੇ ਆਦਰਸ਼ਵਾਦਿਤਾ ਕਾਨੂੰਨ ਪ੍ਰਣਾਲੀਆਂ ਅਤੇ ਸਰਕਾਰੀ ਢਾਂਚੇ, ਕਲਾ ਅਤੇ ਵਿਗਿਆਨ ਨੂੰ ਅਪਣਾ ਲਿਆ ਹੈ। ਅਮਰੀਕੀਆਂ ਨੂੰ ਛੱਡ ਵੀ ਦੇਈਏ ਤਾਂ ਅਸੀਂ ਨਿਸ਼ਚਿਤ ਰੂਪ ਵਿਚ

ਨਹੀਂ ਕਹਿ ਸਕਦੇ ਕਿ ਯੂਰਪ ਕਿਥੋਂ ਸ਼ੁਰੂ ਹੁੰਦਾ ਹੈ ਤੇ ਏਸ਼ੀਆ ਕਿਥੇ ਸਮਾਪਤ --- ਦੱਖਣ ਵਿਚ ਇਹ ਪੱਛਮ ਏਸ਼ੀਆ ਅਤੇ ਪੂਰਬੀ ਅਫਰੀਕਾ ਨਾਲ ਮਿਲਿਆ ਹੈ ਅਤੇ ਉੱਤਰ ਵਿਚ ਏਸ਼ੀਆਈ ਭੂਖੰਡ ਨਾਲ ਸੰਯੁਕਤ ਹੈ। ਯੂਰਪ ਦੇ ਨਾਲ ਭੂਗੋਲਿਕ ਸੀਮਾਵਾਂ ਦੇ ਆਧਾਰ ਤੇ ਏਸ਼ੀਆ ਦੀ ਵੰਡ ਮੁਸਲਮਾਨ ਦੇਸ਼, ਮੱਧ ਪੂਰਬ ਇੰਡੋਨੇਸ਼ੀਆ ਅਤੇ ਚੀਨ, ਜਾਪਾਨ, ਇੰਡੋਚੀਨ ਵਿਚ ਕੀਤਾ ਗਿਆ ਹੈ।[6]

5000 ਸਾਲ ਦਾ ਲਿਖਿਆ ਇਤਿਹਾਸ ਥੋੜੇ ਸਮੇਂ ਦਾ ਹੈ। ਏਨਾਂ ਸਾਰੀਆਂ ਸੰਸਕ੍ਰਿਤੀਆਂ ਦਾ ਅਲੱਗ ਅਲੱਗ ਵਿਅਕਤਿਤਵ ਸੀ। ਅਫਗਾਨ ਮੁਸਲਮਾਨ ਅਤੇ ਫਿਲਪੀਨੋ ਕੈਥੋਲਿਕ ਜਾਂ ਚੀਨੀ ਤਾਓਵਾਦੀਆਂ ਅਤੇ ਲੰਕਾ ਵਾਸੀ ਬੁੱਧ ਵਿਚ ਕੋਈ ਸਮਾਨਤਾ ਨਹੀਂ ਹੈ। ਫਰਾਂਸ, ਜਰਮਨੀ, ਸਪੇਨ ਅਤੇ ਸਕੈਂਡੇਨੇਵੀਆਂ ਦੇ ਸਮਾਨ ਚੀਨ, ਜਪਾਨ ਅਤੇ ਭਾਰਤ ਦਾ ਆਪਣਾ ਆਪਣਾ ਅਲੱਗ ਸਾਂਸਕ੍ਰਿਤਕ ਵਿਕਾਸ ਹੋਇਆ ਅਤੇ ਪੱਛਮੀ ਜਾਂ ਪੂਰਬੀ ਸੰਸਕ੍ਰਿਤੀ ਕਹਿਣ ਦਾ ਕੋਈ ਅਰਥ ਨਹੀਂ ਕਿਉਂਕਿ ਸਮਾਨ ਆਦਰਸ਼ ਦੇ ਬਾਵਜੂਦ ਵੀ ਅਨੇਕ ਉਪਵਿਭਾਗ ਰਹੇ ਹਨ।

ਈਸਾ ਪੂਰਵ 800 ਤੋਂ ਈ. ਪੂਰਵ 200 ਤੱਕ ਜਿਸਨੂੰ ਪ੍ਰੋ. ਕਾਰਲ ਜੈਸਪਰਸ ਨੇ ਕੇਂਦਰੀ ਯੁੱਗ ਕਿਹਾ ਹੈ। ਸੰਸਾਰ ਦੇ ਤਿੰਨ ਵਿਭਿੰਨ ਭਾਗਾਂ -- ਭੂ ਮੱਧ ਸਾਗਰ ਦਾ ਪ੍ਰਦੇਸ਼, ਚੀਨ ਅਤੇ ਭਾਰਤ ਵਿਚ ਦਰਸ਼ਨ ਅਤੇ ਧਰਮਾਂ ਦਾ ਵਿਕਾਸ ਹੋਇਆ। ਇਨ੍ਹਾਂ ਵਿਚਾਰ ਪ੍ਰਣਾਲੀਆਂ ਨੇ ਸਾਰੇ ਅਤੇ ਧਰਮ ਦਾ ਚਿੰਤਨ ਕੀਤਾ ਅਤੇ ਵਿਅਕਤੀਗਤ ਸੁਤੰਤਰਤਾ ਦੀ ਬੁਨਦੇ ਸੰਦੇਸ਼ਾਂ ਦੀ ਪ੍ਰਾਪਤੀ ਕੀਤੀ। ਜਦ ਇਹ ਭੂਖੰਡ ਇਕ ਭੌਤਿਕ ਪ੍ਰਭੂਤੀ ਸਮਾਨ ਪਰਿਸਥਿਤੀਆਂ ਅਨੇਕ ਛੋਟੇ ਛੋਟੇ ਰਾਜਾਂ ਦੀ ਸੁਤੰਤਰ ਸ਼ਕਤੀ ਦੇ ਕਾਰਨ ਹੋਈ। ਰਾਜਨੈਤਿਕ ਏਕਤਾ ਸਥਾਪਿਤ ਕਰਨ ਦੇ ਯਤਨ ਕੀਤੇ ਗਏ। ਸਮਾਨਅੰਤਰ ਅਧਿਆਤਮਿਕ ਵਿਕਾਸ ਅਸਲ ਵਿਚ ਮਾਨਵਤਾ ਦੀ ਮੂਲਭੂਤ ਏਕਤਾ ਦਾ ਹੀ ਪ੍ਰਮਾਣ ਹੈ। ਲਗਭਗ 1500 ਸਾਲਾਂ ਤੱਕ ਇਨ੍ਹਾਂ ਸੰਸਕ੍ਰਿਤੀਆਂ ਦਾ ਸਮਾਨਅੰਤਰ ਵਿਕਾਸ ਹੁੰਦਾ ਰਿਹਾ ਫੇਰ ਵਿਗਿਆਨਕ ਅਤੇ ਤਾਂਤਰਿਕ ਉਪਲੱਬਧੀਆਂ ਨੇ ਪੱਛਮੀ ਦੇਸ਼ਾਂ ਵਿਚ ਵਿਸ਼ਾਲ ਪਰਿਵਰਤਨ ਲਿਆ ਦਿੱਤਾ ਅਤੇ ਸੰਸਕ੍ਰਿਤੀਆਂ ਦੀ ਭਿੰਨਤਾ ਸਪੱਸ਼ਟ ਹੋ ਗਈ।

ਖਗੋਲ ਸਾਹਿਤਾਂ ਦਾ ਅਨੁਮਾਨ ਹੈ ਕਿ ਭੌਤਿਕ ਸੰਸਾਰ ਦਾ ਆਰੰਭ 4 ਜਾਂ 5 ਅਰਬ ਸਾਲ ਪਹਿਲਾਂ ਹੋਇਆ ਸੀ। ਸੂਰਜੋਂ ਪਹਿਲਾਂ ਨਾ ਤਾਰੇ ਸਨ ਨਾ ਹੀ ਪ੍ਰਮਾਣੂ। ਧਰਤੀ ਦਾ ਜਨਮ ਲਗਭਗ ਤਿੰਨ ਅਰਬ ਸਾਲ ਪਹਿਲਾਂ ਹੋਇਆ ਸੀ ਜੋ ਫੇਰ ਜਮਾਵਾਂ ਗੈਸਾਂ ਸੀ

ਤਥਾ ਸਤਨਧਾਰੀ ਜੰਤੂ ਪੈਦਾ ਹੋਏ। ਆਦਮੀ ਇਸ ਜਗ੍ਹਾਂ ਤੇ ਲਗਭਗ ਪੰਜ ਲੱਖ ਸਾਲ ਪਹਿਲਾਂ ਆਇਆ। ਉਹ ਦੂਸਰੇ ਪ੍ਰਾਣੀਆਂ ਤੋਂ ਵੱਖਰਾ ਉਪਰ ਪ੍ਰਾਣੀ ਸੀ। ਉਹ ਆਪਣੇ ਸਾਰਿਆਂ ਤੋਂ ਨੇੜੇ ਦੇ ਰਿਸ਼ਤੇਦਾਰਾਂ ਵਨ-ਮਾਨਸਾਂ ਤੋਂ ਵੀ ਭਿੰਨ ਸੀ ਕਿਉਂਕਿ ਉਸਨੇ ਰੁੱਖਾਂ ਤੇ ਰਹਿਣਾ ਛੱਡ ਕੇ ਪੈਰਾਂ ਨਾਲ ਚੱਲਣਾ ਸ਼ੁਰੂ ਕਰ ਦਿੱਤਾ - - - - ਸਿੱਧਾ ਖੜਾ ਰਹਿਣ ਕਾਰਨ ਸਾਹ ਦੀ ਕਿਰਿਆ ਨੂੰ ਨਿਯੰਤਰਣ ਵਿਚ ਰੱਖਣ ਲੱਗਿਆ। ਫਲਤ ਬਾਣੀ ਦਾ ਵਿਕਾਸ ਹੋਇਆ ਜੋ ਆਦਮੀ ਅਤੇ ਦੂਸਰੇ ਜਾਨਵਰਾਂ ਵਿਚ ਸਭ ਤੋਂ ਵੱਡਾ ਫਰਕ ਹੈ। ਆਦਮੀ ਦੇ ਦਿਮਾਗ ਦਾ ਅਕਾਰ ਤੇ ਗੁਣ। ਤਰਕ ਰਹਿਤ ਜੀਵਨ ਦੇ ਅੰਧਕਾਰ ਚੋਂ ਬਾਹਰ ਨਿਕਲ ਆਇਆ ਅਤੇ ਪ੍ਰਸ਼ਨ ਕਰਨ ਲੱਗਾ ਕਿਉਂ ਵਿਚਾਰ ਸਮਰਥਾ ਨਾਲ ਮਨੁੱਖ ਨੇ ਹਥਿਆਰ ਬਣਾਉਣੇ ਸ਼ੁਰੂ ਕੀਤੇ ਕਲਾਤਮਕ ਸਮਰਥਾ ਦੇ ਨਮੂਨੇ ਸਿਪੀਆਂ, ਘੋਗੇ, ਨਕਾਸ਼ੀਦਾਰ ਨੀਰਣ, ਹਾਥੀ ਦੰਦ ਦੀਆਂ ਨੱਕ ਚੀਜਾਂ ਕਿੰਨੀਆਂ ਸਾਨੂੰ ਅੱਜ ਵੀ ਮਿਲਦੀਆਂ ਹਨ।

ਅਸਚਰਜ ਭਰੀਆਂ ਵਸਤੂਆਂ ਤਾਂ ਅਨੇਕ ਹਨ ਕਿੰਤੂ ਆਦਮੀ ਦੇ ਬੱਚੇ ਤੋਂ ਵਧੀਆ ਅਦਭੁੱਤ, ਵਿਲੱਖਣ ਕੋਈ ਨਹੀਂ ਹੈ।[7] ਨਿਉਥਲਿਕ ਯੁੱਗ ਵਿਚ ਕ੍ਰਾਂਤੀ ਹੋਈ, ਨਿਉਥਲਿਕ ਕ੍ਰਾਂਤੀ ਦਾ ਅਰਥ ਹੈ ਪ੍ਰਕਿਰਤੀ ਦੇ ਪ੍ਰਤੀ ਇਕ ਨਵਾਂ ਅਕਾਰਮਕਿਕ ਦ੍ਰਿਸ਼ਟੀਕੋਣ। ਇਸ ਯੁੱਗ ਦੇ ਲੋਕਾਂ ਨੇ ਪ੍ਰਕਿਰਤੀ-ਪ੍ਰਦਾਨ ਚੀਜਾਂ ਨੂੰ ਚੁਪ-ਚਾਪ ਸਵੀਕਾਰ ਨਾ ਕਰਕੇ ਆਪਣੀ ਜਰੂਰਤ ਅਨੁਸਾਰ ਉਨ੍ਹਾਂ ਨੂੰ ਬਦਲਣਾ ਵੀ ਸ਼ੁਰੂ - - - - ਜਿਵੇਂ ਮਿੱਟੀ ਦੇ ਬਰਤਨ, ਇੱਟਾਂ, ਕਪੜੇ ਆਦਿ ਦਾ ਨਿਰਮਾਣ ਕੀਤਾ ਉਨ੍ਹਾਂ ਨੇ ਘੋੜੇ ਬਣਾਏ, ਉਹ ਪਸ਼ੂ ਪਾਲਣ ਕਰਨ, ਘਰ ਬਣਾਉਣ ਜਲਵਾਯੂ ਪਰਿਵਰਤਨ ਤੋਂ ਆਪਣੀ ਰੱਖਿਆ ਲਈ ਜੁੱਤੀ ਜਾਂ ਉਨੀ ਕਪੜੇ ਬੁਣਕੇ ਜਾਂ ਚਮੜਾ ਸਿਉਂਕੇ ਪਹਿਨਣ ਦੇ ਬਸਤਰ ਬਣਾਉਣ ਲੱਗੇ ਆਪਣੇ ਆਪ ਨੂੰ ਅਨੁਸ਼ਾਸਿਤ ਕਰਕੇ ਉਨ੍ਹਾਂ ਨੇ ਸਥਾਈ ਸਮੁਦਾਇ ਦੀ ਨੀਂਹ ਧਰੀ। ਖਾਦ ਉਤਪਾਦਨ ਸਭਿਅਤਾ ਦੀ ਲੋੜੀਂਦੀ ਸ਼ਰਤ ਹੈ ਅਤੇ ਪ੍ਰਾਪਤ ਪ੍ਰਮਾਣਾਂ ਤੋਂ ਪਤਾ ਚਲਦਾ ਹੈ ਕਿ ਇਸਦਾ ਆਰੰਭ ਮਿਸਰ ਮੱਧ ਪੂਰਬ ਵਿਚ ਯੂਰਪ ਦੇ ਕਿਸੇ ਥਾਂ ਤੇ ਲਗਭਗ 2000 ਸਾਲ ਪਹਿਲਾਂ ਹੋ ਚੁਕਿਆ ਸੀ। ਅਨਾਜ ਦੀ ਖੇਤੀ ਤੇ ਪਸ਼ੂ-ਪਾਲਣ - - - ਜਨ ਸੰਖਿਆ ਤੇ ਜੀ ਨਾਲ ਵਧੀ। ਇਸ ਨਾਲ ਨਵੀਂ ਅਰਥ ਵਿਵਸਥਾ ਦਾ ਜਨਮ ਹੋਇਆ। ਜਾਨਵਰਾਂ ਦੁਆਰਾ ਖਿੱਚੇ ਜਾਣ ਵਾਲੇ ਹਲ ਦਾ ਪ੍ਰਯੋਗ ,ਨਦੀਆਂ ਚੋਂ ਨਹਿਰਾਂ ਕੱਢ ਕੇ ਜਮੀਨ ਦੀ ਸਿੰਜਾਈ ਕਰਨਾ - - - ਇਨ੍ਹਾਂ ਸਾਰਿਆਂ ਕਾਰਨ ਨਵੇਂ ਸ਼ਿਲਪ ਦਾ ਆਰੰਭ ਹੋਇਆ। "ਸੰਭਾਵਨਾ ਇਸ ਗੱਲ ਦੀ ਹੈ ਕਿ ਯੂਰਪ ਵਿਚ ਨਿਉਥਲਿਕ ਅਰਥ ਸ਼ਾਸਤਰ ਦਾ ਪ੍ਰਵੇਸ਼ ਨਿਕਟ ਪੂਰਬ ਤੋਂ ਹੋਇਆ ਸੀ।"[8]

ਸਮਾਜਿਕ ਜਾਂ ਸਹਿਯੋਗੀ ਜੀਵਨ ਤੇ ਪ੍ਰਵਿਰਤੀਆਂ ਦਾ ਨਹੀਂ ਬਲਕਿ ਅਰਥ

ਅਤੇ ਉਦੇਸ਼ ਦਾ ਪ੍ਰਭਾਵ ਪੈਂਦਾ ਹੈ। ਇਸੇ ਮਾਨਸਿਕ ਯਥਾਰਥ ਕਾਰਨ ਫ਼ਿਰ ਮਾਨਵ-ਸਮਾਜ ਬਣ ਜਾਂਦਾ ਹੈ। ਭਾਸ਼ਾ ਅਤੇ ਸੰਕੇਤਾਂ ਤਥਾ ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਰਾਹੀਂ ਇਹੋ ਯਥਾਰਥ ਪ੍ਰਗਟ ਹੁੰਦਾ ਹੈ।

ਕਿਸੇ ਇਤਿਹਾਸਕ ਸੰਸਕ੍ਰਿਤੀ ਦੀ ਗੱਲ ਕਰਨ ਦਾ ਅਰਥ ਹੈ। ਉਸਨੂੰ ਜੀਵਤ ਰੱਖਣ ਵਾਲੇ ਮੁੱਲਾਂ ਅਤੇ ਵਿਸ਼ਵਾਸਾਂ ਦੀ ਗੱਲ ਕਰਨਾ ਕੇਵਲ ਹਿੰਦੂ ਭਾਰਤ, ਬੁੱਧ-ਏਸ਼ੀਆ, ਪੱਛਮੀ ਈਸਾਈ ਸਾਮਰਾਜ ਜਾਂ ਮੁਸਲਮਾਨ ਸਮਾਜ ਵਰਗੇ ਨਾਵਾਂ ਤੋਂ ਹੀ ਮਾਲੂਮ ਹੁੰਦਾ ਹੈ ਕਿ ਹਰ ਇਕ ਸਮਾਜ ਦੀਆਂ ਆਧਾਰ ਸ਼ਿਲਾਵਾਂ ਅਧਿਆਤਮਿਕ ਪ੍ਰੰਪਰਾਵਾਂ ਹਨ।

ਬੋਲੀਆਂ ਦੀ ਸਮਾਨਤਾ ਤੋਂ ਭਾਵੇਂ ਅਸੀਂ ਇਹ ਨਾਂ ਵੀ ਮੰਨੀਏ ਕਿ ਇਹ ਬੋਲੀਆਂ ਕਿਸੇ ਯੁੱਗ ਵਿਚ ਕਿਸੇ ਥਾਂ ਤੇ ਵੱਸੇ ਦੇ ਨਿਵਾਸੀਆਂ ਵਲੋਂ ਬੋਲੀਆਂ ਜਾਂਦੀਆਂ ਸਨ। ਬੋਲੀਆਂ ਤੋਂ ਉਪਜੀਆਂ ਬੋਲੀਆਂ ਜਾਂ ਵੱਖ-ਵੱਖ ਥਾਵਾਂ ਤੇ ਰਹਿੰਦੇ ਵੱਖ ਵੱਖਰੇ ਨਿਵਾਸੀਆਂ ਦੀਆਂ ਬੋਲੀਆਂ ਤੋਂ ਨਿਕਲੀਆਂ ਹਨ ਕਿਉਂਕਿ ਅਸੀਂ ਉਨ੍ਹਾਂ ਮੂਲ ਬੋਲੀਆਂ ਜਾਂ ਬੋਲੀ ਬਾਰੇ ਕੁਝ ਕਹਿ ਸਕਣ ਦੇ ਪ੍ਰਮਾਣ ਪੇਸ਼ ਨਹੀਂ ਕਰ ਸਕਦੇ ਪਰ ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਪ੍ਰਾਚੀਨ ਕਾਲ ਵਿਚ ਵੱਖ-ਵੱਖ ਕਬੀਲਿਆਂ ਦੇ ਨਿਵਾਸੀਆਂ, ਜਿਨ੍ਹਾਂ ਦੀ ਜਾਤ, ਰਾਜ ਤਾਂ ਵੱਖ ਵੱਖਰੇ ਸਨ ਪਰ ਉਨ੍ਹਾਂ ਵਿਚ ਆਪਸੀ ਸੰਪਰਕ ਇਸ ਹੱਦ ਤੱਕ ਵਧ ਚੁਕਿਆ ਸੀ ਕਿ ਉਨ੍ਹਾਂ ਇਕ ਦੂਸਰੇ ਦੇ ਰਹਿਣ ਸਹਿਣ, ਰੀਤੀ-ਰਿਵਾਜਾਂ, ਪੂਜਾ ਵਿਧਾਂ ਤੇ ਇਕ ਦੂਸਰੇ ਦੀਆਂ ਬੋਲੀਆਂ ਦੇ ਸ਼ਬਦ ਉਚਾਰਨ ਆਦਿ ਨੂੰ ਵੀ ਆਪਣੇ ਵਿਚ ਗ੍ਰਹਿਣ ਕਰ ਲਏ ਸਨ।[9]

ਵੈਦਿਕ ਭਾਰਤੀ ਅਤੇ ਰੋਮਨੀ ਯੂਨਾਨੀ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਮਨੁੱਖੀ ਮੁੱਲਾਂ ਵਾਲੀ ਆਪਣੇ ਸਮੇਂ ਦੀਆਂ ਨੈਤਿਕ ਕਦਰਾਂ ਕੀਮਤਾਂ ਦੀ ਇਕ ਨਿਯਮ ਬੱਧ ਜੀਵਨ-ਜਾਚ ਉਨ੍ਹਾਂ ਅਪਣਾਈ ਹੋਈ ਸੀ ਤੇ ਇਹ ਇਕ ਸੰਸਕ੍ਰਿਤੀ ਤੋਂ ਅੱਗੇ ਵੱਧ ਕੇ ਸਮਾਜਿਕ ਰੀਤੀ-ਰਿਵਾਜਾਂ ਨੂੰ ਪੱਕੇ ਤੌਰ ਤੇ ਮੰਨਣੀਆਂ ਉਚੇਰੀਆਂ ਸਚਿਆਰਤਾਵਾਂ ਦੇ ਨਿਰਮਾਣ ਵਿਚ ਰੁਝੀਆਂ ਹੋਈਆਂ ਸਨ। ਇਨ੍ਹਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਜਿਵੇਂ ਪਹੀਏ ਦੀ ਵਰਤੋਂ ਤੋਂ ਪਤਾ ਲਗਦਾ ਹੈ ਕਿ ਬੈਲਗੱਡੀਆਂ ਰਾਹੀਂ ਉਹ ਸਮਾਨ ਆਦਿ ਢੋਏ ਸਨ। ਨਦੀਆਂ ਵਿਚ ਕਿਸ਼ਤੀਆਂ ਰਾਹੀਂ ਆਵਾਜਾਈ ਅਤੇ ਸਮਾਨ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਣ ਦੀ ਵਿਧੀ ਵੀ ਉਨ੍ਹਾਂ ਅਪਣਾਈ ਹੋਈ ਸੀ। ਘੋੜ ਸਵਾਰੀ ਅਤੇ ਪਸ਼ੂ ਪਾਲਣ ਤੇ ਖੇਤੀਬਾੜੀ ਨੂੰ ਉਨ੍ਹਾਂ ਨੇ ਕੰਮ ਦੇ ਤੌਰ ਤੇ ਅਪਣਾਇਆ ਹੋਇਆ ਸੀ। ਸੂਤ ਅਤੇ ਉੱਨ ਦੇ ਕਪੜੇ

ਬੁਣਨ, ਸੀਣ ਦੀ ਮੁਹਾਰਤ ਉਨ੍ਹਾਂ ਨੇ ਪਾ ਲਈ ਸੀ। ਬਹੁ-ਦੇਵਵਾਦ ਦੀ ਪੂਜਾ ਹੁੰਦੀ ਸੀ।

" ਉਸ ਸਮੇਂ ਉਹ(ਵੈਦਿਕ ਭਾਰਤੀ ਅਤੇ ਹੋਮਰੀ ਯੂਨਾਨੀ। ਸਮਾਜਿਕ ਵਿਕਾਸ ਦੀ ਲਗਭਗ ਸਮਾਨ ਅਵਸਥਾ ਤੱਕ ਪਹੁੰਚ ਚੁੱਕੇ ਸਨ। ਖੇਤੀਬਾੜੀ, ਸ਼ਿਕਾਰ ਅਤੇ ਮੱਛੀ ਪਕੜਨ ਦੀਆਂ ਕਲਾਵਾਂ ਦਾ ਗਿਆਨ ਦੋਨਾਂ ਨੂੰ ਸੀ। ਘੋੜੇ ਦਾ ਸਮਾਜਿਕ ਮਹੱਤਵ ਸੀ। ਪਹੀਏ ,ਪਹੀਏ ਦੀ ਨਾਭੀ, ਧੁਰੀ, ਜੂਲਾਂ ਆਦਿ ਸ਼ਬਦਾਂ ਤੋਂ ਪਤਾ ਚਲਦਾ ਹੈ ਕਿ ਪਹੀਏ ਵਾਲੀਆਂ ਗੱਡੀਆਂ ਦੀ ਵਰਤੋਂ ਹੁੰਦੀ ਸੀ ਬੇੜੀਆਂ ਅਤੇ ਕਿਸ਼ਤੀਆਂ ਦੁਆਰਾ ਜਲ ਪ੍ਰਵਾਹਿਤ ਪ੍ਰਚੱਲਤ ਸਨ। ਉੱਨ ਕੱਤੀ ਬੁਣੀ ਜਾਂਦੀ ਸੀ ---- ਤਾਂਬੇ ਦਾ ਗਿਆਨ ਸੀ। ਕਬੀਲੇ ਪਿਤਾ ਦੀ ਵੰਸ਼-ਪਰੰਪਰਾ ਵਿਚ ਚਲਦੇ ਸਨ। ਸ਼ਾਸਨ ਸਰਦਾਰਾਂ ਅਤੇ ਰਾਜਿਆਂ ਦੇ ਹੱਥ ਸੀ। ਅਕਸਰ ਸੁਰਖਿਆ ਦੇ ਵਿਚਾਰ ਕਾਰਨ ਪਿੰਡਾਂ ਨੂੰ ਚਾਰ-ਦੀਵਾਰੀ ਨਾਲ ਘੇਰ ਦਿੱਤਾ ਜਾਂਦਾ ਸੀ। ---- ਵੇਦ ਅਤੇ ਹੋਮਰ ਦੋਨਾਂ ਵਿਚ ਆਕਾਸ਼ ਦੇ ਪਿਤਾ ਦੀ ਪੂਜਾ ਸਧਾਰਨ ਗੱਲ ਸੀ। ਵੈਦਿਕ, ਹਿੰਦੂ, ਪ੍ਰਕਿਰਤੀ ਦਾ ਨਿਯਮ ਯੂਨਾਨੀ(ਡਾਈਕ) ਵਿਚ ਵਿਦਮਾਨ ਹੈ। ਯੂਨਾਨੀਆਂ ਦੀ ਓਲਿੰਪਸ ਪਰਮਾਤਮਾ ਨੂੰ ਇਸ ਸੰਸਾਰ ਵਿਚ ਲੋਜਣ ਦੀ ਸੀ। ਉਨ੍ਹਾਂ ਦੇ ਧਰਮ ਵਿਚ ਪ੍ਰਕਿਰਤੀ ਦੀਆਂ ਅਤਿਅੰਤ ਮਹੱਤਵਪੂਰਨ ਸ਼ਕਤੀਆਂ ਅਤੇ ਘਟਨਾਵਾਂ ਨੂੰ ਜੀਵਤ ਦੀ ਤਰ੍ਹਾਂ ਮੰਨ ਕੇ, ਦੇਵਤਿਆਂ ਦੇ ਰੂਪ ਵਿਚ ਪੂਜਾ ਹੁੰਦੀ ਸੀ।[10]

ਸਪੱਸ਼ਟ ਹੈ ਕਿ ਭਾਰਤੀ ਅਤੇ ਯੂਨਾਨੀ ਲੋਕਾਂ ਵਿਚ ਕਦੇ ਨਾ ਕਦੇ ਜ਼ਰੂਰ ਹੀ ਸੰਪਰਕ ਰਿਹਾ ਹੋਵੇਗਾ ਭਾਵੇਂ ਇਸਦਾ ਗਿਆਨ ਲੰਬੇ ਸਮੇਂ ਅਤੇ ਦੂਰੀ ਕਾਰਨ ਲੁਪਤ ਹੋ ਗਿਆ ਹੋਵੇਗਾ ਤੇ ਇਸ ਮਗਰੋਂ ਇਹ ਦੋਵੇਂ ਮਹਾਨ ਜਾਤੀਆਂ ਭਾਰਤੀ ਸਮਾਜ ਦੇ ਅਜੀਬ ਅਜਨਬੀਆਂ ਵਾਂਗੂੰ ਮਿਲੀਆਂ। ਯੂਨਾਨੀ ਲੋਕ ਮਿਸਰੀ ਅਸੀਰੀਆਈ, ਫਾਰਸੀ ਅਤੇ ਹਿਬਰੂ ਸਭਿਆਤਾਵਾਂ ਦੇ ਲੋਕਾਂ ਨੂੰ 'ਬਰਬਰ' ਮੰਨਦੇ ਸਨ। ਇਥੋਂ ਤਕ ਕਿ ਪਹਿਲਾ ਪਹਿਲਾਂ ਸਿਕੰਦਰ ਵੀ ਅਰਸਤੂ ਦੀ ਤਰ੍ਹਾਂ ਏਸ਼ੀਆਈਆਂ ਨੂੰ ਸਿਰਫ ਦਾਸ ਬਣਨ ਦੇ ਯੋਗ ਹੀ ਸਮਝਦਾ ਸੀ।[11]

ਯੂਨਾਨੀ ਤਰਕਵਾਦੀ ਸਨ ਅਤੇ ਹਰ ਚੀਜ਼ ਨੂੰ ਨਿਰੋਲ ਵਿਵੇਕ ਅਤੇ ਤਰਕ ਦੀ ਸਾਣ ਤੇ ਚਾੜ੍ਹ ਕੇ ਉਸਦਾ ਨਿਰਣਾ ਲੈਂਦੇ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੂੰ ਦੂਸਰੀਆਂ ਦੇ ਲੋਕ ਪਾਗਲ ਨਜ਼ਰ ਆਉਂਦੇ ਸਨ। ਜਿਨ੍ਹਾਂ ਬਾਬਤ ਉਹ ਬਹੁਤ ਕੁਝ ਜਾਣਦੇ ਹੀ ਨਹੀਂ ਸਨ ਜਿਨ੍ਹਾਂ ਤੋਂ ਉਨ੍ਹਾਂ ਨੇ ਬਹੁਤ ਕੁਝ ਪ੍ਰਾਪਤ ਕੀਤਾ ਅਤੇ ਉਸਨੂੰ ਉਸਤੋਂ ਵਧੀਆ ਬਣਾਇਆ ਅਤੇ ਆਪਣੇ ਜੀਵਨ ਵਿਚ ਅਪਣਾਇਆ। ਉਨਾਂ ਨੇ ਵਿਗਿਆਨ ਦੀ ਥਾਂ ਤਰਕ ਨੂੰ ਮਹੱਤਵ

ਪ੍ਰਦਾਨ ਕੀਤਾ। ਇਸੇ ਅਧੀਨ ਉਨ੍ਹਾਂ ਮਾਨਸਿਕ ਸ਼ਕਤੀਆਂ ਦਾ ਵਿਕਾਸ ਕੀਤਾ ਤੇ ਉਨ੍ਹਾਂ ਨੂੰ ਉਪਯੋਗਿਤਾ ਦੇ ਸੰਦਰਭ ਵਿਚ ਪ੍ਰਵਰਤਿਤ ਕੀਤਾ। ਯੂਨਾਨੀ ਵਿਦਵਾਨਾਂ ਨੇ ਸ੍ਰਿਸ਼ਟੀ ਅਤੇ ਪ੍ਰਕਿਰਤੀ ਦੀ ਵਿਆਖਿਆ ਕੀਤੀ ਤੇ ਕਿਹਾ ਕਿ ਬ੍ਰਹਿਮੰਡ ਨਿਯਮ ਬੱਧ ਹੈ।

ਥੇਲਜ਼ ਨੇ ਪਾਣੀ, ਹਵਾ ਜਾਂ ਰਾਖ ਤੱਤਾਂ ਦੇ ਸਿਧਾਂਤ ਰਾਹੀਂ ਸੰਸਾਰ ਦੀ ਵਿਆਖਿਆ ਕੀਤੀ।

ਹੇਰਾ ਕਲਾਈਟਸ ਨੇ ਕਿਹਾ ਕਿ ਇਹ ਸੰਸਾਰ ਨਾ ਕਿਸੇ ਪਰਮਾਤਮਾ ਨੇ ਬਣਾਇਆ ਤੇ ਨਾ ਹੀ ਆਦਮੀ ਦੁਆਰਾ ਉਸਾਰਿਆ ਗਿਆ ਹੈ ਸਗੋਂ ਇਹ ਹਮੇਸ਼ਾ ਇਕ (ਜਿਊਂਦੀ) ਜਗਦੀ ਅੱਗ ਸੀ, ਹੈ ਅਤੇ ਰਹੇਗੀ। ਉਸਨੇ ਜੀਵਨ ਦੇ ਪਹਿਲੇ ਅਤੇ ਅਖੀਰਲੇ ਕਣ ਨੂੰ ਨਿਰੰਤਰ ਕ੍ਰਮਵਾਰ ਇਕ ਦੂਜੇ ਦੀ ਥਾਂ ਲੈਣ ਦੇ ਪੂਰਕ ਮੰਨਿਆ। ਪਾਈਥਾ ਗੋਰਸ ਨੇ ਪ੍ਰਕ੍ਰਿਤੀ ਦੇ ਮੇਲ ਜੋੜ ਦੀ ਗੱਲ ਕਰਦਿਆਂ ਆਪਣੇ ਤਰਕਵਾਦੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜੀਵਨ ਦੇ ਹਰ ਇਕ ਪੱਖ ਸੰਬੰਧੀ ਆਪਣੇ ਵਿਚਾਰ ਅੰਕਿਤ ਕੀਤੇ।

ਜੇਕਰ ਅਸੀਂ ਯੂਨਾਨੀਆਂ ਦੀ ਤਰਕ ਪ੍ਰਧਾਨਤਾ ਦਾ ਭੌਤਿਕ ਸੰਦਰਭ ਵਿਚ ਅਧਿਐਨ ਕਰਦੇ ਹਾਂ ਤਾਂ ਸਾਡੀ ਸਮਝ ਵਿਚ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਵਿਗਿਆਨ ਦਾ ਕਾਰਨ ਸੰਭਵਤਾ ਉਨ੍ਹਾਂ ਦਾ ਤਰਕਵਾਦੀ ਰੁਝਾਨ ਸਰੂਪ ਹੀ ਸੀ ਜੋ ਭੌਤਿਕਵਾਦੀ ਦ੍ਰਿਸ਼ਟੀ ਦਾ ਉਪਜਣਹਾਰਾ ਸਾਬਤ ਹੁੰਦਾ ਹੈ। ਜਿਸ ਕਾਰਨ ਦੂਸਰੀਆਂ ਜਾਤੀਆਂ ਵਾਂਗ ਕਰਦੇ ਪੂਰਬੀ ਅਧਿਆਤਮਵਾਦੀ ਮਾਨਤਾਵਾਂ ਤੋਂ ਛੁਟਕਾਰਾ ਪਾ ਕੇ ਯੂਰਪੀ ਜਾਤੀਆਂ ਨੇ ਭੌਤਿਕਵਾਦੀ ਦ੍ਰਿਸ਼ਟੀਕੋਣ ਅਪਣਾਇਆ।

ਭਾਰਤ ਹੀ ਇਕ ਐਸਾ ਦੇਸ਼ ਹੈ ਜਿਹੜਾ ਪੂਰਬ ਦਾ ਪ੍ਰਤੀਕ ਹੈ ਯੂਨਾਨ ਅਤੇ ਰੋਮ ਪੱਛਮ ਦੀ ਭਾਵਨਾ ਦੇ ਪ੍ਰਤੀਕ ਹਨ। ਜੀਵਤ ਧਰਮਾਂ ਵਿਚ ਕੋਈ ਵੀ ਐਸਾ ਨਹੀਂ ਹੈ ਜਿਸਦਾ ਜਨਮ ਪੱਛਮ ਵਿਚ ਹੋਇਆ ਹੋਵੇ ਉਹ ਸਾਰੇ ਦੇ ਸਾਰੇ ਭਾਰਤ ਈਰਾਨ ਜਾਂ ਫਲਸਤੀਨ ਵਿਚ ਪਲੇ ਹਨ। ਉਨ੍ਹਾਂ ਵਿਚੋਂ ਕੁਝ ਪੱਛਮ ਵੱਲ ਫੈਲ ਗਏ। ਇਸ ਤਰ੍ਹਾਂ ਈਸਾਈਅਤ ਇਕ ਧਰਮ ਹੈ ਜਿਸਦੀ ਕਲਮ ਪੱਛਮ ਵਿਚ ਲੈ ਜਾ ਕੇ ਲਗਾ ਦਿੱਤੀ ਗਈ।

ਜਿਥੇ ਇਸਨੇ ਆਪਣਾ ਸਵਰੂਪ ਆਪਣਾ ਲਿਆ ਜਿਹੜੀ ਪੱਛਮੀ ਮਨ ਦੀ ਵਿਸ਼ੇਸਤਾ ਹੈ। ਹਿੰਦੂ ਧਰਮ ਅਤੇ ਬੁੱਧ ਧਰਮ ਪੂਰਬ ਵਿਚ ਹੀ ਰਹੇ। ਹਿੰਦੂ ਧਰਮ ਤੇ ਬੁੱਧ ਧਰਮ ਨੂੰ ਪੂਰਬੀ ਧਰਮਾਂ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ ਕਿਉਂਕਿ ਇਹ ਦੋਨੋਂ ਹੀ ਉਦੈ ਅਤੇ ਵਿਕਾਸ ਦੀ ਦ੍ਰਿਸ਼ਟੀ ਤੋਂ ਪੂਰਬੀ ਹੈ ਅਤੇ ਈਸਾਈਅਤ ਨੂੰ ਪੱਛਮੀ ਧਰਮ ਦਾ ਪ੍ਰਤੀਕ ਸਮਝਿਆ ਜਾ ਸਕਦਾ ਹੈ।

ਮੋਟੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਪੂਰਬੀ ਵਿਚਾਰਧਾਰਾ ਦਾ ਮੁੱਖ ਤੱਤ ਉਸਦਾ ਚਿੰਤਨਸ਼ੀਲ ਅੰਤਰ ਗਿਆਨ ਪ੍ਰਤੀ ਝੁਕਾਅ ਹੈ। ਤਰਕ ਸ਼ਾਸਤਰ ਦੀ ਪ੍ਰਵਿਰਤੀ ਹੁੰਦੀ ਹੈ ਕਿ ਇਕ ਵਸਤੂ ਦੀ ਅਲੱਗ ਅਲੱਗ ਰੂਪ ਵਿਚ ਪਹਿਚਾਣ ਕਰ ਲਈ ਜਾਵੇ ਸੱਚ ਇਕ ਅਜਿਹੀ ਚੀਜ ਹੈ ਜਿਸਨੂੰ ਜੀਵਨ ਵਿਚ ਵਾਸਤਵਿਕ ਰੂਪ ਵਿਚ ਉਤਾਰਿਆ ਜਾਂਦਾ ਹੈ ਕੇਵਲ ਦ੍ਰਿਸ਼ਟੀ ਨਾਲ ਹਿਰਦੇਮਾਨ ਨਹੀਂ ਕੀਤਾ ਜਾਂਦਾ ਅਤੇ ਫੇਰ ਵਿਚਾਰ ਕਰਨ, ਸਿਧ ਕਰਨ ਅਤੇ ਦੂਜਰੇ ਨੂੰ ਸਮਝਾਉਣ ਲਈ ਤਰਕ ਦੀ ਲੋੜ ਪੈਂਦੀ ਹੈ। ਪੂਰਬ ਦਾ ਵਿਸ਼ਵਾਸ ਹੈ ਕਿ ਅਜਿਹੀ ਵਾਸਤਵਿਕਤਾ ਮੌਜੂਦ ਹੈ ਜਿਸਨੂੰ ਸਪੱਸ਼ਟ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ ਉਥੇ ਪੱਛਮ ਸਪੱਸ਼ਟਤਾ ਚਾਹੁੰਦਾ ਹੈ ਅਤੇ ਰਹੱਸ ਤੋਂ ਸੰਕੋਚ ਕਰਦਾ ਹੈ। ਜੋ ਕੁਝ ਵਿਅਕਤ ਕੀਤਾ ਜਾ ਸਕੇ ਤੇ ਸਾਡੀਆਂ ਤੱਤਕਾਲੀਨ ਲੋੜਾਂ ਲਈ ਉਪਯੋਗੀ ਹੋਵੇ ਉਹ ਵਾਸਤਵਿਕ ਹੈ ਜੋ ਅਭਿਵਿਅਕਤ ਨਾ ਕੀਤਾ ਜਾ ਸਕੇ ਅਤੇ ਨਿਰਉਪਯੋਗ ਹੋਵੇ ਉਹ ਵਾਸਤਵਿਕ ਨਹੀਂ ਹੈ।

ਪੂਰਬੀ ਧਰਮ ਅਧਿਆਤਮਿਕ ਹੈ ਇਹ ਮਨੁੱਖ ਦੀ ਹੋਂਦ ਅਤੇ ਸਤਯ,ਸਿਵਮ, ਸੁੰਦਰਮ ਦੀ ਰੂਹ ਨਾਲ ਵਿਲੀਨਤਾ ਦੀ ਅਨੁਭੂਤੀ ਹੈ। ਇਥੇ ਬੌਧਿਕਤਾ ਤੇ ਬਹੁਤ ਜੋਰ ਨਾ ਦੇ ਕੇ ਤਰਕ ਤੋਂ ਸੰਕੋਚ ਕੀਤਾ ਜਾਂਦਾ ਹੈ ਪ੍ਰਭੂ ਸ਼ਾਂਤੀ, ਤਿਆਗ ਅਤੇ ਨਾਮ ਸਿਮਰਨ ਭਗਤੀ ਵਿਚਾਰ ਦਰਸ਼ਨ ਨੂੰ ਮਹੱਤਵ ਦਿੱਤਾ ਜਾਂਦਾ ਹੈ। ਪੂਰਬੀ ਧਰਮ ਕੱਟੜ ਸਿਧਾਂਤਵਾਦੀ ਨਹੀਂ ਹੈ ਸਗੋਂ ਅਧਿਆਤਮਿਕ ਸ਼ਿਸ਼ਟਾਚਾਰ ਨੂੰ ਅਪਣਾਉਂਦਾ ਹੈ। ਉਹ ਵਿਅਕਤੀ ਦਾ ਉਸਦੇ ਰੂਪ ਵਿਚ ਆਦਰ ਕਰਦੇ ਹਨ। ਜਿਸ ਤਰ੍ਹਾਂ ਦਾ ਉਹ ਹੈ ਉਹ ਨਾ ਚਾਹੁੰਦਿਆਂ ਵੀ ਉਸਦਾ ਸੁਧਾਰ ਕਰਨ ਵਿਚ ਵਿਸ਼ਵਾਸ ਨਹੀਂ ਰੱਖਦਾ। ਹਿੰਦੂ ਧਰਮ ਪਰਮਾਤਮਾ ਦੇ ਮੰਨਣ ਪ੍ਰਤੀ ਵੀ ਇਨ੍ਹਾਂ ਕੱਟੜ ਨਹੀਂ ਹੈ ਇਹ ਗੱਲ ਇਸਤੋਂ ਜਾਹਿਰ ਹੁੰਦੀ ਹੈ ਕਿ ਕੋਈ ਵੀ ਮਨੁੱਖ ਜਿਹੜਾ ਪਰਮਾਤਮਾ ਨੂੰ ਨਹੀਂ ਮੰਨਦਾ ਹਿੰਦੂ ਰਹਿ ਸਕਦਾ। ਹਿੰਦੂ ਧਰਮ ਉਸਨੂੰ ਆਪਣੇ ਵਿਚੋਂ ਬਾਹਰ ਨਹੀਂ ਕੱਢਦਾ। ਹਿੰਦੂ ਧਰਮ ਤੇ ਬੁੱਧ ਧਰਮ ਇਹ ਸਵੀਕਾਰ ਕਰਦੇ ਹਨ ਕਿ ਸ਼ਰਧਾ ਦੇ ਹਰ ਇਕ ਰੂਪ ਵਿਚ ਸੱਚ ਦਾ ਕੁਝ ਨਾ ਕੁਝ ਅੰਸ਼ ਜਰੂਰ ਮੌਜੂਦ ਹੈ। ਇਸ ਕਰਕੇ ਉਹ ਪ੍ਰਭੂ ਭਗਤੀ ਦੇ ਕਿਸੇ ਵੀ ਢੰਗ ਨੂੰ ਨਿੰਦਨਯੋਗ ਨਹੀਂ ਸਮਝਦੇ [illegible]

ਢੰਗਾਂ ਦੀ ਪਵਿੱਤਰਤਾ ਤੇ ਜੋਰ ਦਿੰਦੇ ਹਨ।

ਪੂਰਬ ਵਿਚ ਧਰਮ ਅਧਿਆਤਮਿਕ ਪਵਿੱਤਰਤਾ ਪਹੁੰਚ ਦੀ ਵਸਤੂ ਜਿਆਦਾ ਅਤੇ ਪੰਡਤਾਊਪੁਣੇ ਦੀ ਤਰਕ ਵਸਤੂ ਘੱਟ ਹੈ। ਸੱਚ ਨੂੰ ਵਾਦ-ਵਿਵਾਦ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਸਗੋਂ ਸੱਚ ਨੂੰ ਆਪਣੇ ਅੰਤਰੀਵ ਵਿਚ ਸਮਾਉਣਾ ਹੁੰਦਾ ਹੈ ਇਸ ਲਈ ਵੱਖ-ਵੱਖਰੀਆਂ ਪੱਧਤੀਆਂ ਜਾਂ ਪੂਜਾ ਨਾਮ ਸਿਮਰਨ ਵੱਖਰੈ ਢੰਗ ਨਾਲ ਹੋ ਸਕਦੇ ਹਨ। ਮਨੁੱਖੀ ਜੀਵਨ ਚੇਤਨਾ ਨੂੰ ਸੱਚ ਗ੍ਰਹਿਣ ਪ੍ਰਕਿਰਿਆ ਰਾਹੀਂ ਪਵਿੱਤਰ ਬਣਾਇਆ ਜਾ ਸਕਦਾ ਹੈ। ਪਰਮਾਤਮਾ ਦੀ ਸਰਵਉੱਚ ਹਸਤੀ ਦਾ ਅਨੁਭਵ ਕੀਤਾ ਜਾ ਸਕਦਾ ਹੈ। ਸੱਚ ਦੀ ਮੰਨਨ ਆਤਮਿਕ ਸ਼ਕਤੀ ਦੁਆਰਾ ਮਨੁੱਖ ਆਤਮ-ਸੰਜਮ ਅਤੇ ਆਤਮਿਕ ਬਲ ਦੁਆਰਾ ਪ੍ਰਾਪਤ ਜਿਸਦੇ ਨਾਲ ਮਨੁੱਖ ਕਾਮ, ਕ੍ਰੋਧ, ਲੋਭ, ਚਿੰਤਾ, ਹੰਕਾਰ ਆਦਿ ਬੁਰਾਈਆਂ ਦੇ ਵਿਰੁੱਧ ਸੰਘਰਸ਼ ਕਰਨ ਦੇ ਯੋਗ ਹੁੰਦਾ ਹੈ।

" ਧਰਮ ਜੀਵਨ ਦੀ ਪ੍ਰਮੁੱਖ ਵਸਤੂ ਹੈ ਜਿਹੜੀ ਜੀਵਨ ਦਾ ਪ੍ਰਕਾਸ਼ ਅਤੇ ਵਿਧਾਨ ਹੈ - - - - ਪੂਰਬੀ ਧਰਮ ਇਸ ਤਰ੍ਹਾਂ ਤੇ ਆਤਮਿਕ ਧੀਰਜ ਅਤੇ ਆਤਮਿਕ ਵਿਨਿਮਰਤਾ ਤੇ ਜੋਰ ਦਿੰਦੇ ਹਨ ਜਿਹੜੇ ਕਿ (ਤੇਜ਼ੁਕਤ) ਡਰ ਤੋਂ ਨਹੀਂ ਪੈਦਾ ਇਕ ਐਸੀ ਸ਼ਕਤੀ ਤੋਂ ਪੈਦਾ ਹੁੰਦੇ ਹਨ ਜਿਹੜੀ ਭੀੜ ਵਿਚ ਧੱਕਾ-ਮੁੱਕੀ ਕਰਕੇ ਦੂਸਰਿਆਂ ਤੋਂ ਅੱਗੇ ਨਿਕਲ ਜਾਣ ਤੋਂ ਇਨਕਾਰ ਕਰ ਦਿੰਦੀ ਹੈ।"

ਤਾਕਤਵਰ ਜੀਵਨ ਅਤੇ ਸਕਿਰਿਆ ਸੇਵਾ ਪੱਛਮ ਨੂੰ ਜਿਆਦਾ ਪਸੰਦ ਹੈ। ਉਸ ਅਨੁਸਾਰ ਜੀਵਨ ਇਕ ਐਸੀ ਵਸਤੂ ਹੈ ਜਿਸਤੇ ਅਧਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਜਿਸਦਾ ਆਨੰਦ ਲਿਆ ਜਾ ਸਕਦਾ ਹੈ। ਬੁੱਧੀਮਤੀ ਇਸ ਗੱਲ ਵਿਚ ਹੈ ਕਿ ਪ੍ਰਲੋਕ ਵਿਚ ਕਿਸੇ ਅਗਿਆਤ, ਅਪ੍ਰਾਪਤ, ਅਸੀਮ, ਸੰਤੋਸ਼ ਦੀ ਆਸ਼ਾ ਨਾ ਲਗਾ ਕੇ ਇਸ ਜੀਵਨ ਨੂੰ ਅਧਿਕ ਤੋਂ ਅਧਿਕ ਸਦ-ਉਪਯੋਗ ਕੀਤਾ ਜਾਵੇ ਉਤਮ ਪ੍ਰਯੋਜਨ ਵਿਚ ਲਗਾਇਆ ਜਾਵੇ। ਵਿਸ਼ਿਸ਼ਟ ਆਤਮਾ ਦਾ ਸੁਤੰਤਰ ਸ਼ਕਤੀ ਅਤੇ ਸੁਮਿਲਤ ਸਮੁਦਾਇ ਦਾ ਸੰਗਠਤ ਸੰਕਲਪ ਮਹਾਨ ਉਨਤੀਕਾਰੀ ਸ਼ਕਤੀਆਂ ਹਨ। ਅਤੇ ਰਾਸ਼ਟਰ ਪ੍ਰਵੀਨਤਾ ਆਦਰਸ਼

ਲਕਸ਼ ਹਨ। ਸਦਾਚਾਰ ਪਰੰਪਰਾ ਦੇ ਪ੍ਰਤੀ ਅਨੁਕੂਲਤਾ ਦਾ ਨਾਂ ਹੈ। ਇਹ ਇਕ ਉਪਯੁਕਤਤਾ ਤੇ ਸਾਲੀਨਤਾ ਦੀ ਲੋਕਾਂ ਦੇ ਸੰਬੰਧ ਵਿਚ ਪ੍ਰਤੀਤੀ ਬਣਾ ਕੇ ਰੱਖਣ ਦੀ ਭਾਵਨਾ ਹੈ। ਸੁਹਣੇਰਾ ਮੱਧਮ ਮਾਰਗ ਨੈਤਿਕ ਸਿਧਾਂਤ ਨੂੰ ਯੂਨਾਨੀਆਂ ਦੀ ਦੇਣ ਹੈ। ਉਤਾਵਲਾਪਨ ਉਨੀ ਵੱਡੀ ਬੁਰਾਈ ਹੈ ਜਿਨੀ ਕਿ ਕਾਇਰਤਾ ਅਤੇ ਵਿਲਾਸਤਾ। ਯੂਨਾਨੀਆਂ ਦੀ ਦ੍ਰਿਸ਼ਟੀ ਵਿਚ ਪਵਿੱਤਰਤਾ ਵਿਵੇਕ ਹੈ।

ਪੂਰਬ ਵਿਚ ਧਰਮ ਆਂਤਰਿਕ ਜੀਵਨ ਦਾ ਸੰਗਠਨ ਕਰਦਾ ਹੈ ਇਹ ਅਧਿਆ-ਤਮਿਕ ਸੁਤੰਤਰਤਾ ਦੀ ਪ੍ਰਾਪਤੀ ਹੈ ਅਤੇ ਮੂਲ ਰੂਪ ਵਿਚ ਇਕ ਵਿਅਕਤੀ ਦੀ ਵਿਅਕਤੀਗਤ ਪ੍ਰਾਪਤੀ ਹੈ ਜੋ ਪਰਬਤ ਸ਼ਿਖਰਾਂ ਤੇ ਜਾਂ ਮੱਠਾਂ ਵਿਚ ਏਕਾਂਤ ਵਿਚ ਕਠੋਰ ਪ੍ਰਯਤਨ ਦੁਆਰਾ ਪ੍ਰਾਪਤ ਹੁੰਦੀ ਹੈ। ਪੱਛਮ ਵਿਚ ਧਰਮ ਇਕ ਸਮਾਜਿਕ ਤੱਤ ਹੈ। ਇਕ ਧਰਮ ਮੰਡਲ ਦੇ ਸਮੁਦਾਇ ਦਾ ਵਿਸ਼ਾ। ਯੂਨਾਨੀ ਨੈਤਿਕਤਾ ਮੂਲਤ ਹੈ: ਜਨਜਾਤੀਆਂ ਹਨ। ਯੂਨਾਨੀ ਲੋਕ ਕੇਵਲ ਉਨ੍ਹਾਂ ਲੋਕਾਂ ਦੇ ਪ੍ਰਤੀ ਕਰਤੱਵਾਂ ਨੂੰ ਸਵੀਕਾਰ ਕਰਦੇ ਹਨ ਜਿਨ੍ਹਾਂ ਦੇ ਨਾਲ ਉਹ ਵਿਸ਼ੇਸ਼ਣ ਸੰਬੰਧਾਂ ਵਿਚ ਬੰਨੇ ਹੋਏ ਸਨ ਪ੍ਰੰਤੂ ਬਾਕੀ ਮਾਨਵ ਜਾਤੀ ਦੇ ਪ੍ਰਤੀ ਮਨੁੱਖ ਦੇ ਰੂਪ ਵਿਚ ਮਨੁੱਖ ਪ੍ਰਤੀ ਉਹ ਕੇਵਲ ਉਨ੍ਹਾਂ ਸਮਾਨ ਕਰਤੱਵਾਂ ਨੂੰ ਮੰਨਦੇ ਸਨ ਜੋ ਕੁਦਰਤ ਦੀ ਭਾਵਨਾ ਦੇ ਕਾਰਨ ਉਨ੍ਹਾਂ ਤੇ ਲੱਦੇ ਗਏ ਸਨ।

ਪੱਛਮ ਵਿਚ ਧਰਮ ਸਮਾਜਿਕ ਸਥਾਈਤਵ ਦਾ ਇਕ ਸਾਧਨ ਹੈ ਅਤੇ ਨਵਿਆਂ ਗੱਲਾਂ ਦੇ ਵਿਰੁਧ ਇਕ ਢਾਲ ਦੇ ਰੂਪ ਵਿਚ ਹੈ। ਦੇਵਤਾ ਸਮਾਜਿਕ ਰੀਤੀ ਰਿਵਾਜਾਂ ਦੇ ਜਨਮਦਾਤਾ ਸਨ। ਉਨ੍ਹਾਂ ਉਤਸਵਾਂ ਤੇ ਜ਼ੋਰ ਦਿੱਤਾ ਗਿਆ ਜੋ ਸਮੂਹਾਂ ਨੂੰ ਪਰਸਪਰ ਸੰਗਠਨ ਵਿਚ ਬੰਨਦੇ ਹਨ। ਚੰਗੇ ਨਾਗਰਿਕ ਚੰਗੇ ਆਸਤਿਕ ਹਨ ਅਤੇ ਜੋ ਨਿਯਮਾਂ ਦਾ ਉਲੰਘਨ ਕਰਦੇ ਹਨ ਉਹ ਨਾਸਤਿਕ ਹਨ। ਹਰਕਿਉਲਿਸ ਅਤੇ ਥੀਸਸ ਮਨੁੱਖ ਸਨ ਜਿਨ੍ਹਾਂ ਨੂੰ ਦੇਵਤੇ ਸਮਝਿਆ ਜਾਣ ਲੱਗਾ। ਸਿਪੀਓ ਤੇ ਏਫਰੀਕੇਨਿਸ ਦਾ ਦੈਵੀ ਸਨਮਾਨ ਕੀਤਾ ਗਿਆ ਸੀ ਅਤੇ ਜੂਲੀਅਸ ਸੀਜ਼ਰ ਦੀ ਪਰਿਭਾਸ਼ਾ ਨੂੰ ਦੇਵਤਾਵਾਂ ਦੇ ਸਮਾਰੋਹਪੂਰਨ ਜਲੂਸ ਵਿਚ ਕੱਢਿਆ ਸੀ। ਰੋਮਨ ਸਮਰਾਟਾਂ ਨੂੰ ਉਨ੍ਹਾਂ ਦੀ ਮੌਤ ਦੇ ਬਾਅਦ ਸਰਵਦੇਵ ਮੰਦਰ ਵਿਚ ਸਥਾਪਤ ਕਰ ਦਿੱਤਾ ਜਾਂਦਾ ਸੀ ਡਾਕਟਰ ਫਾਰਨੇਲ ਦਾ ਕਥਨ ਹੈ ਕਿ— " ਜਿਨ੍ਹਾਂ ਧਰਮਾਂ ਦਾ ਕੋਈ ਵੀ ਅਭਿਲੇਖ ਪ੍ਰਾਪਤ ਹੁੰਦਾ ਹੈ ਉਨ੍ਹਾਂ ਵਿਚ ਕੋਈ ਵੀ ਐਨਾ ਰਾਜਨੈਤਿਕ ਨਹੀਂ ਸੀ ਜਿਨ੍ਹਾਂ ਕਿ ਯੂਨਾਨੀ ਧਰਮ। "[12]

ਈਸਾ ਦਾ ਧਰਮ ਪ੍ਰੇਮ, ਸਹਾਨੁਭੂਤੀ, ਸੁਹਿਰਦਤਾ ਅਤੇ ਅੰਤਰਮੁੱਖਤਾ ਦਾ ਧਰਮ ਸੀ। ਉਸਨੇ ਕੋਈ ਸੰਗਠਨ ਸਥਾਪਤ ਨਹੀਂ ਕੀਤਾ ਉਹ ਕੇਵਲ ਵਿਅਕਤੀਗਤ ਪ੍ਰਾਰਥਨਾ ਦਾ ਉਪਦੇਸ਼ ਦਿੰਦਾ ਰਿਹਾ ਹੈ ਉਸਦੇ ਯਹੂਦੀ ਅਤੇ ਗੈਰਯਹੂਦੀ ਵਿਚ ਜਾਂ ਰੋਮਨਵਾਦੀਆਂ ਅਤੇ ਯੂਨਾਨਵਾਦੀਆਂ ਵਿਚ ਕੋਈ ਭੇਦਭਾਵ ਨਹੀਂ ਕੀਤਾ। ਉਸਨੇ ਨਵਾਂ ਧਰਮ ਸਿਖਾਉਣ ਦਾ ਗੱਲ ਨਹੀਂ ਕੀਤੀ ਸਗੋਂ ਅਧਿਆਤਮਿਕ ਜੀਵਨ ਨੂੰ ਗੰਭੀਰ ਬਣਾਇਆ। ਉਸਨੇ ਸਿਧਾਂਤ ਨਹੀਂ ਘੜੇ, ਨਾ ਹੀ ਵਿਸ਼ਵਾਸ ਤੇ ਬਲ ਦਿੱਤਾ ਉਸਨੇ ਯਹੂਦੀਆਂ ਦੇ ਧਰਮ ਮੰਦਰ ਵਿਚੋਂ ਸਿਖਿਆ ਪ੍ਰਾਪਤ ਕੀਤੀ ਅਤੇ ਸਿਖਿਆ ਦਿੱਤੀ ਜਦੋਂ ਈਸਾਈਅਤ ਰੋਮ ਪਹੁੰਚੀ ਉਸਨੇ ਸੀਜਰ ਦੀਆਂ ਪ੍ਰੰਪਰਾਵਾਂ ਨੂੰ ਅਪਣਾ ਲਿਆ, ਉਦੋਂ ਪਰਿਵਰਤਨ ਜਰੂਰੀ ਸੀ ਜਦੋਂ ਯਹੂਦੀਆਂ ਜੋਤਸ਼ੀਆਂ ਅਤੇ ਭਵਿਸ਼ਕਰਤਾ ਦਾ ਸਥਾਨ ਯੂਨਾਨੀ ਤਰਕ ਇਸਤਰੀਆਂ ਅਤੇ ਰੋਮ ਦੇ ਬਣਾਉਣ ਵਾਲਿਆਂ ਨੇ ਲਿਆ ਤਾਂ ਈਸਾਈਅਤ ਗਿਆਨ ਦਾ ਰੂਪ ਤਰਕ ਸੰਗਤ ਅਤੇ ਕਾਨੂੰਨ ਤੇ ਆਧਾਰਿਤ ਹੋ ਗਿਆ। ਭਾਵਨਾ ਯਹੂਦੀਆਂ ਦੀ ਹੀ ਰਹੀ ਪਰ ਉਸਦੇ ਸ਼ਬਦ ਜਾਂ ਧਰਮ ਸਿਧਾਂਤ ਯੂਨਾਨੀਆਂ ਦੇ ਹੋ ਗਏ ਅਤੇ ਉਸਦਾ ਰਾਜਤੰਤਰ ਅਤੇ ਸੰਗਠਨ ਰੋਮਨਾਂ ਦਾ ਬਣ ਗਿਆ।

ਈਸਾ ਨੇ ਆਪਣੇ ਜੀਵਨ ਦੁਆਰਾ ਇਸ ਗੱਲ ਨੂੰ ਵਧਾਇਆ ਕਿ ਮਨੁੱਖ ਜਿਸ ਪ੍ਰਕਾਰ ਸਮਾਨ ਜੀਵਨ ਬਤਾਉਂਦੇ ਹਨ ਉਸਤੋਂ ਉੱਚਾ ਜੀਵਨ ਬਣਾਉਣਾ ਸੰਭਵ ਹੈ। ਪਰਮਾਤਮਾ ਨਾਲ ਪ੍ਰੇਮ ਜਾਂ ਵਿਸ਼ਵ ਦੇ ਪ੍ਰਯੋਜਨ ਦੇ ਨਾਲ ਏਕਾਤਮਕਤਾ ਧਰਮ ਦੇ ਕੇਂਦਰਭੂਤ ਸੱਚ ਹਨ। ਪੱਛਮ ਵਿਚ ਅੰਤਰਦ੍ਰਿਸ਼ਟੀ ਅਤੇ ਭਵਿਸ਼ਦਰਸ਼ਨ ਦਾ ਜਗ੍ਹਾ ਸੰਪਰਦਾਵਾਂ ਅਤੇ ਕੱਟੜ ਸਿਧਾਂਤਾਂ ਨੇ ਲੈ ਲਈ। ਸਿੱਟੇ ਵਜੋਂ ਈਸ਼ਵਰ ਪ੍ਰੇਮ ਦਾ ਸਥਾਨ ਵਿਦਵਤਾ ਦੀ ਸੂਖਮਤਾ ਨੇ ਲੈ ਲਿਆ। ਈਸਾ ਅਨੁਸਾਰ ਪਵਿੱਤਰਤਾ ਗਿਆਨ ਦਾ ਵਿਸ਼ਾ ਨਹੀਂ ਅਤੇ ਨਾ ਹੀ ਅਗਿਆਨ ਅਪਵਿੱਤਰਤਾ ਦਾ ਕਾਰਨ ਹੈ। ਸੇਲਸਸ ਨੇ ਵਿਅੰਗਪੂਰਣ ਕਿਹਾ ਕਿ ਈਸਾਈ ਸਮੁਦਾਇ ਵਿਚ ਪ੍ਰਵੇਸ਼ ਲਈ ਇਹ ਨਿਯਮ ਹੈ।

" ਕੋਈ ਪੜ੍ਹਿਆ ਲਿਖਿਆ ਵਿਅਕਤੀ ਇਨ੍ਹਾਂ ਵਿਚ ਪ੍ਰਵੇਸ਼ ਨਾ ਕਰੇ। ਕੋਈ ਬੁਧੀਮਾਨ ਵਿਅਕਤੀ ਇਸ ਵਿਚ ਨਾ ਆਏ। ਕੋਈ ਸਮਝਦਾਰ ਨਾ ਆਏ ਕਿਉਂਕਿ ਇਸ ਪ੍ਰਕਾਰ ਦੀਆਂ ਗੱਲਾਂ ਨੂੰ ਅਸੀਂ ਬੁਰਾ ਮੰਨਦੇ ਹਾਂ ਪਰੰਤੂ ਜੋ ਵੀ ਕੋਈ ਅਗਿਆਨੀ ਹੋਵੇ, ਜੋ ਵੀ ਕੋਈ ਅਬੁਧੀਵਾਨ ਹੋਵੇ, ਜੋ ਵੀ ਕੋਈ ਅਨਪੜ੍ਹ ਹੋਵੇ ਜੋ ਵੀ ਨਿਸ਼ਕਪਟ

ਹੋਵੇ, ਉਹ ਇਥੇ ਆਵੇ ਉਸਦਾ ਇਥੇ ਸਵਾਗਤ ਹੈ। ਟਟੂਰਲੀਅਨ ਪੁੱਛਦਾ ਹੈ: ਇਕ ਦਾਰਸ਼ਨਿਕ ਅਤੇ ਇਕ ਈਸਾਈ ਵਿਚ, ਇਕ ਯੂਨਾਨ ਦੇ ਸ਼ਿਸ਼ ਅਤੇ ਸਵਰਗ ਦੇ ਸ਼ਿਸ਼ ਵਿਚ ਸਮਾਨਤਾ ਹੈ।"[13]

ਜਦੋਂ ਨਿਸ਼ਕਪਟ ਸ਼ਰਧਾ ਯੂਨਾਨੀਆਂ ਦੁਆਰਾ ਅਪਣਾ ਲਈ ਗਈ ਤਾਂ ਉਹ ਇਕ ਧਰਮ ਵਿਗਿਆਨਕ ਪ੍ਰਣਾਲੀ ਵਿਚ ਰੂਪਾਂਤਰਿਤ ਹੋ ਗਈ। ਈਸਾ ਦੀਆਂ ਸਾਫ਼ ਅਤੇ ਸਰਲ ਸਿਖਿਆਵਾਂ ਵਿਚ ਅਤੇ ਪੱਛਮ ਵਿਚ ਜਿਸ ਰੂਪ ਵਿਚ ਈਸਾਈਅਤ ਦਾ ਵਿਕਾਸ ਹੋਇਆ। ਉਸ ਵਿਚਲਾ ਫਰਕ ਧਰਮ ਦੇ ਸੰਬੰਧ ਵਿਚ ਪੂਰਬੀ ਤੇ ਪੱਛਮੀ ਮਨੋਬਿਰਤੀਆਂ ਦੇ ਫਰਕ ਦਾ ਸਪੱਸ਼ਟ ਉਦਾਹਰਣ ਹੈ। ਪੱਛਮੀ ਮਨ ਬੁਧੀਵਾਦੀ ਅਤੇ ਨੈਤਿਕ ਪ੍ਰਤੱਖਵਾਦੀ ਅਤੇ ਵਿਵਹਾਰਿਕ ਹੈ ਜਦੋਂ ਕਿ ਪੂਰਬੀ ਮਨ ਅੰਤਰਮੁਖੀ ਜੀਵਨ ਅਤੇ ਅੰਤਰ ਗਿਆਨ ਸੰਬੰਧੀ ਵਿਚਾਰਾਂ ਵੱਲ ਜ਼ਿਆਦਾ ਝੁਕਿਆ ਹੋਇਆ ਹੈ।

ਆਪਣੀ ਸੰਸਕ੍ਰਿਤੀ ਦੇ ਇਤਿਹਾਸ ਵਿਚ ਏਸ਼ੀਆ ਅਤੇ ਯੂਰਪ ਦੋ ਪੂਰਕ ਪੱਖਾਂ ਦੇ ਪ੍ਰਤੀਨਿਧ ਹਨ। ਏਸ਼ੀਆ ਅਧਿਆਤਮਿਕ ਪੱਖ ਦਾ ਅਤੇ ਯੂਰਪ ਬੌਧਿਕ ਪੱਖ ਦਾ। ਸਭ ਤੋਂ ਪਹਿਲਾਂ ਪੂਰਬੀ ਦਰਸ਼ਨ ਨੇ ਯੂਰਪ ਦੇ ਦਾਰਸ਼ਨਿਕ ਪਲੈਟੋ ਅਤੇ ਪੈਥਾਗੋਰਸ ਜਿਹੇ ਵਿਦਵਾਨਾਂ ਨੂੰ ਪ੍ਰਭਾਵਿਤ ਕੀਤਾ। ਸਿਕੰਦਰ ਦੇ ਪੱਛਮੀ ਏਸ਼ੀਆ ਤੇ ਹਮਲੇ ਨੇ ਅਤੇ ਈਸਵੀ ਸੰਨ ਤੋਂ ਪਹਿਲੀਆਂ ਸਦੀਆਂ ਵਿਚ ਬੋਧੀ ਪ੍ਰਚਾਰਕਾਂ ਨੇ ਸੀਰੀਆ ਅਤੇ ਫਲਿਸਤੀਨ ਵਿਚ ਪ੍ਰਚਾਰ ਕੀਤਾ। ਇਸਲਾਮ ਦੇ ਅਨੁਯਾਈਆਂ ਵਲੋਂ ਸਪੇਨ ਅਤੇ ਭੂਮੱਧ ਸਾਗਰ ਦੇ ਦੱਖਣੀ ਤੱਟ ਤੇ ਹਮਲਿਆਂ ਨੇ ਵੀ ਦੋਨਾਂ ਸਭਿਆਤਾਵਾਂ ਨੂੰ ਇਕ ਦੂਜੇ ਦੇ ਸੰਪਰਕ ਵਿਚ ਲਿਆਉਣ ਲਈ ਯੋਗਦਾਨ ਪਾਇਆ। ਅੰਦਰੂਨੀ ਪ੍ਰਕਿਰਿਆ ਦਾ ਗੰਭੀਰ ਤੌਰ ਤੇ ਅਧਿਐਨ ਬਹੁਤ ਜਰੂਰੀ ਹੈ। ਸਰੀਰ ਭੋਜਨ, ਕਸਰਤ ਦੁਆਰਾ ਚੁਸਤ ਰਹਿੰਦਾ ਹੈ। ਮਨ ਵਿਗਿਆਨ ਅਤੇ ਆਲੋਚਨਾ ਦੁਆਰਾ ਮਨੁੱਖ ਸੂਝ ਪ੍ਰਾਪਤ ਕਰਦਾ ਹੈ ਅਤੇ ਆਤਮਾ ਕਲਾ, ਸਾਹਿਤ ਦਰਸ਼ਨ ਅਤੇ ਧਰਮ ਦੁਆਰਾ ਸ਼ਕਤੀਸ਼ਾਲੀ ਬਣਦੀ ਹੈ। ਏਸ਼ੀਆ ਅਤੇ ਯੂਰਪੀ ਧਾਰਾਵਾਂ ਨੇ ਆਪੋ ਆਪਣੇ ਢੰਗ ਨਾਲ ਹੈਰਾਨੀਜਨਕ ਸਿੱਟੇ ਕੱਢ ਕੇ ਦਿਖਾਏ ਹਨ। ਏਸ਼ੀਆਈ ਧਾਰਾ ਨੇ ਆਪਣੀ ਅਧਿਆਤਮਿਕ ਨਿਸ਼ਠਾ ਅਤੇ ਯੂਰਪੀ ਧਾਰਾ ਨੇ ਆਪਣੀ ਮਾਨਵੀ ਬੌਧਿਕਤਾ ਦਾ ਪ੍ਰਗਟਾ ਕੀਤਾ।[14]

ਤੁਲਨਾਤਮਕ ਅਧਿਐਨ ਉਪਰੰਤ ਕਈ ਵਿਦਵਾਨਾਂ ਨੇ ਇਹ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵੱਖੋ ਵੱਖਰੇ ਧਰਮਾਂ ਵਿਚ ਪਾਈਆਂ ਜਾਂਦੀਆਂ ਸਮਾਨਤਾਵਾਂ ਦਾ ਕਾਰਨ ਇਹ ਨਹੀਂ ਹੈ ਕਿ ਜ਼ਿੰਦਗੀ ਦੀ ਲੰਬੀ ਪ੍ਰਕਿਰਿਆ ਵਿਚ ਲੋਕਾਂ ਦੇ ਰਹਿਣ ਸਹਿਣ ,ਰੀਤੀ-ਰਿਵਾਜਾਂ ਦਾ ਉਨ੍ਹਾਂ ਦੇ ਆਪਣੀ ਮਿਲਣ ਰਾਹੇ ਉਹ ਕੁਦਰਤੀ ਕਰੋਪੀਆਂ ਕਾਰਨ ਉਜਾੜੇ ਉਪਰੰਤ ਦੂਸਰੇ ਥਾਵਾਂ ਤੇ ਜਾ ਕੇ ਰਹਿਣ, ਮਿਲਣ ਜਾਂ ਜਿੱਤਾਂ ਉਪਰੰਤ ਜਿਤੀ ਗਈ ਕੌਮ ਅਤੇ ਹਾਰੀ ਹੋਈ ਕੌਮ ਦੇ ਆਪਣੀ ਮਿਲਣ ਕਾਰਨ ਨਹੀਂ ਸੀ ਸਗੋਂ ਇਕ ਧਰਮ ਦੇ ਸਿਰਜਨਹਾਰਿਆਂ ਨੇ ਆਪਣੇ ਤੋਂ ਪਹਿਲੇ ਧਰਮਾਂ ਦੀਆਂ ਗੱਲਾਂ ਨੂੰ ਸ਼ਾਮਲ ਕੀਤਾ ਜਾਂ ਉਨ੍ਹਾਂ ਦੇ ਪ੍ਰਭਾਵ ਨੂੰ ਕਬੂਲਦਿਆਂ ਉਸ ਵਿਚ ਜੋੜਿਆ ਅਤੇ ਆਪਣੇ ਲੋਕਾਂ ਦੀ ਸਮੇਂ ਸਥਿਤੀ ਅਤੇ ਵਿਸ਼ਵਾਸਾਂ ਦੇ ਸੰਦਰਭ ਵਿਚ ਪੇਸ਼ ਕੀਤਾ।

" ਈਸਾਈ ਵਿਦਵਾਨਾਂ ਦੁਆਰਾ ਈਸਾ ਵਿਚ ਨਵੇਂ ਆਚਰਿਕ ਅਤੇ ਨੈਤਿਕ ਮੁੱਲ ਲੱਭਣ ਦੇ ਯਤਨ ਪੂਰੀ ਤਰ੍ਹਾਂ ਖੰਡਿਤ ਹੋ ਗਏ ਹਨ। ਯਹੂਦੀ ਵਿਦਵਾਨਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਈਸਾ ਦੁਆਰਾ ਕਥਿਤ ਇਕ ਵੀ ਉਪਦੇਸ਼ ਐਸਾ ਨਹੀਂ ਹੈ ਜਿਹੜਾ ਯਹੂਦੀ ਸਾਹਿਤ ਵਿਚ ਪ੍ਰਾਪਤ ਨਾ ਹੋਵੇ।"[15]

ਡਾ. ਰਾਧਾ ਕ੍ਰਿਸ਼ਨਨ ਨੇ ਈਸਾ ਅਤੇ ਬੁੱਧ ਦੇ ਉਪਦੇਸ਼ਾਂ ਵਿਚ ਮਿਲਦੀ ਸਮਾਨਤਾ ਦਾ ਜ਼ਿਕਰ ਕੀਤਾ ਹੈ।[16]

ਇਸ ਤਰ੍ਹਾਂ ਬੇਵਿਨ ਦਾ ਵਿਚਾਰ ਵੀ ਅੰਕਿਤ ਕਰਨ ਯੋਗ ਹੈ -- " ਇਸ ਵਿਚ ਸੰਦੇਹ ਨਹੀਂ ਕਿ ਚਰਚ ਨੇ 25 ਦਿਸੰਬਰ ਦਾ ਕ੍ਰਿਸਮਿਸ ਦਾ ਦਿਨ ਨਿਯਤ ਕਰਨ ਵਿਚ ਜੋ ਸੂਰਜ ਦਾ ਦਿਨ ਸੀ। ਸੂਰਜ ਦੇਵ-ਪੂਜਾ (ਪਾਰਸੀ ਧਰਮ) ਦੇ ਵਿਚਾਰ ਤੋਂ ਲਿਆ।"[17]

ਕਈ ਵਿਦਵਾਨ ਤਾਂ ਸੰਸਾਰ ਧਰਮ ਤੁਲਨਾਤਮਕ ਅਧਿਐਨ ਉਪਰੰਤ ਧਰਮ ਨੂੰ ਫਿਰਕਿਆਂ ਤੱਕ ਸੀਮਤ ਕਰਦੇ ਹਨ ਜਿਵੇਂ ਵਿਨੋਬਾ ਭਾਵੇ ਲਿਖਦੇ ਹਨ:-- " ਹਿੰਦੂ ਮੁਸਲਮਾਨ, ਈਸਾਈ ਆਦਿ ਭਿੰਨ ਭਿੰਨ ਧਰਮ ਕਹੇ ਜਾਂਦੇ ਹਨ ਲੇਕਿਨ ਇਹ ਸਾਰੇ ਧਰਮ ਨਹੀਂ ਫਿਰਕੇ ਹਨ ਜਿਨ੍ਹਾਂ ਵਿਚ ਝਗੜਾ ਚਲਦਾ ਹੈ। ਉਨ੍ਹਾਂ ਵਿਚ ਆਪਣੇ ਆਪਣੇ ਗ੍ਰੰਥ ਦੀ ਜਰੂਰਤ ਹੀ ਨਹੀਂ ਸਮਝੀ ਜਾਂਦੀ ਹੈ।"[18]

ਧਰਮ ਤੁਲਨਾਤਮਕ ਅਧਿਐਨ ਰਾਹੀਂ ਜਿਥੇ ਅਸੀਂ ਧਰਮਾਂ ਦੇ ਦਰਸ਼ਨ ਵਿਚ ਵਿਰੋਧਤਾਈਆਂ ਅਤੇ ਸਮਾਨਤਾਵਾਂ ਦਾ ਲੇਖਾ ਜੋਖਾ ਕਰਦੇ ਹਾਂ ਉਥੇ ਅਸੀਂ ਉਨ੍ਹਾਂ ਵਿਚਲੀਆਂ ਵਿਲੱਖਣਤਾਵਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਸੰਸਾਰ ਵਿਚ ਪ੍ਰਾਚੀਨ ਕਾਲ ਵਿਚ ਵਾਹਨ ਵਸੀਲਿਆਂ ਦੀ ਘਾਟ ਭੂਗੋਲਿਕ ਮੁਸ਼ਕਿਲਾਂ ਅਤੇ ਮਨੁੱਖੀ ਲੋੜਾਂ ਦੀ ਬਹੁਲਤਾ ਦੇ ਨਾਂ ਹੋਣ ਕਾਰਨ ਸੰਸਾਰ ਦੇ ਵੱਖੋ-ਵੱਖਰੇ ਭੂ-ਖੰਡਾਂ ਤੇ ਵਸਦੇ ਲੋਕਾਂ ਦਾ ਮਨੁੱਖਾਂ ਦੀ ਆਪਸੀ ਜਾਣ-ਪਛਾਣ ਅਤੇ ਮਿਲਵਰਤਨ ਨਹੀਂ ਸੀ ਜਿਸ ਕਾਰਨ ਇਕ ਖੇਤਰ ਦੇ ਧਰਮ ਦੇ ਦੂਸਰੇ ਖੇਤਰ ਦੇ ਧਰਮ ਨਾਲ ਮਿਲਵਰਤਨ ਪਰਿਚੈ ਨਾ ਹੋ ਸਕਿਆ ਪਰ ਅਜੋਕੀ ਵਿਗਿਆਨਕ ਤਰੱਕੀ ਕਾਰਨ ਅਜਿਹਾ ਸੰਭਵ ਹੋ ਸਕਿਆ ਹੈ ਅਤੇ ਹਰ ਧਰਮ ਅਤੇ ਖਿੱਤੇ ਦੇ ਲੋਕ ਸੰਸਾਰ ਦੇ ਧਰਮਾਂ ਅਤੇ ਦੇਸ਼ਾਂ ਪ੍ਰਤੀ ਡੂੰਘੀ ਤਰ੍ਹਾਂ ਜਾਣ ਹੋ ਗਏ ਹਨ ਅਤੇ ਉਨ੍ਹਾਂ ਨੇ ਸਦੀਆਂ ਤੋਂ ਲੈ ਕੇ ਹੁਣ ਤੱਕ ਧਰਮਾਂ / ਲੋਕਾਂ ਦੇ ਮਿਲਣ ਜੁਲਣ ਅਤੇ ਇਕ ਦੂਸਰੇ ਦੇ ਪ੍ਰਭਾਵ ਕਬੂਲਣ ਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਸੰਬੰਧੀ ਪ੍ਰਕਿਰਿਆਵਾਂ ਤੋਂ ਭਲੀ-ਭਾਂਤ ਜਾਣੂ ਹਨ।

## ਇਸਲਾਮੀ ਜੀਵਨ ਮੁੱਲ

ਸੰਸਾਰ ਦੇ ਧਰਮਾਂ ਦਾ ਨਾਂ ਕਿਸੇ ਵਿਅਕਤੀ ਜਾਂ ਜਾਤ ਦੇ ਨਾਂ ਤੇ ਰਖਿਆ ਜਿਵੇਂ ਈਸਾਈ ਧਰਮ ਹਜ਼ਰਤ ਈਸਾ, ਬੁੱਧ ਧਰਮ ਮਹਾਤਮਾ ਬੁੱਧ ਦੇ ਨਾਂ ਤੇ, ਜ਼ਰਦੁਸ਼ਤੀ ਧਰਮ ਜ਼ਰਦੁਸ਼ਤ ਦੇ ਨਾਂ ਤੇ ਯਹੂਦੀ ਧਰਮ ਇਕ ਵਿਸ਼ੇਸ਼ ਕਬੀਲੇ ਵਿਚ ਜਿਸ ਦਾ ਨਾਂ ਯਹੂਦਾ ਸੀ ਰੱਖਿਆ ਗਿਆ। ਅਰਬੀ ਭਾਸ਼ਾ ਵਿਚ ਇਸਲਾਮ ਦਾ ਅਰਥ ਹੁਕਮ ਮੰਨਣਾ ਹੈ ਆਤਮ ਸਮਰਪਣ, ਆਗਿਆ ਪਾਲਣ ਇਸਲਾਮ ਅੱਲਾਹ ਦੇ ਆਦੇਸ਼ਾਂ ਦਾ ਅਨੁਸਰਨ ਅਤੇ ਆਗਿਆ ਪਾਲਣ ਕਰਨਾ ਹੈ। ਪਾਲਣ ਕਰਤਾ ਦਾ ਆਗਿਆ ਪਾਲਣ ਦਾ ਨਾਮ ਇਸਲਾਮ ਹੈ। ਇਹ ਮੁਸਲਿਮ ਸੰਸਾਰ ਵਿਚ ਅਪਮਾਨਤ ਅਤੇ ਪ੍ਰਾਜਿਤ ਅਤੇ ਪ੍ਰਾਧੀਨ ਬਣ ਕੇ ਨਹੀਂ ਰਹਿ ਸਕਦਾ ਉਹ ਪ੍ਰਭਾਵਸ਼ਾਲੀ ਤੇ ਸ਼ਾਸਕ ਰਹੇਗਾ।

ਇਸਲਾਮੀ ਵਿਸ਼ਵਾਸ ਅਨੁਸਾਰ ਪਰਮਾਤਮਾ ਨੇ ਪਹਿਲਾਂ ਵੱਖੋ ਵੱਖਰੇ ਯੁੱਗਾਂ ਅਤੇ ਕਬੀਲਿਆਂ ਦੇ ਨਬੀ ਪੈਗੰਬਰਾਂ ਰਾਹੀਂ ਵੱਖੋ ਵੱਖ ਸ਼ਰੀਅਤਾਂ ਅਤੇ ਨੈਤਿਕਤਾ ਦੀ ਸਿਖਿਆ ਦੇ ਕੇ ਇਕ ਵੱਡੇ ਕਾਨੂੰਨ ਦੀ ਪਾਲਣਾ ਹਿਤ ਤਿਆਰ ਕੀਤਾ ਜਾ ਸਕੇ। ਉਸ ਵਿਸ਼ਵਾਸ ਅਨੁਸਾਰ

ਅੰਤ ਵਿਚ ਜਦੋਂ ਉਪਰੋਕਤ ਕੰਮ ਪੂਰਾ ਹੋ ਗਿਆ ਤਾਂ ਪਰਮਾਤਮਾ ਨੇ ਹਜ਼ਰਤ ਮੁਹੰਮਦ ਨੂੰ ਵੱਡਾ ਕਾਨੂੰਨ ਦੇ ਕੇ ਧਰਤੀ ਤੇ ਭੇਜਿਆ ਜਿਹੜਾ ਕਿ ਇਸ ਲਈ ਸਾਰੇ ਮਨੁੱਖਾਂ ਲਈ ਹੈ ਕਿਉਂ ਕਿ ਉਸ ਵਿਚ ਕਿਸੇ ਇਕ ਜਾਤ, ਦੇਸ਼, ਰੰਗ ਇਥੋਂ ਦੇ ਸਮੇਂ ਦੇ ਨਿਰਧਰਿੱਤਤਾ ਨਹੀਂ ਮਿਥੀ ਗਈ ਹੈ। ਇਸ ਤਹਿਤ ਸਾਰੇ ਸੰਸਾਰ ਜਿਹੜੇ ਇਸਲਾਮ ਮਤ ਦੀ ਸ਼ਰੀਅਤ 'ਲਾ –ਇਲਾਹ– ਇਲਲਾਹ' ਮੁਹੰਮਦ ਰਸੂਲ ਅੱਲਾਹ ਅਰਥਾਤ ਅੱਲਾਹ ਤੋਂ ਬਿਨ੍ਹਾਂ ਕੋਈ ਹੋਰ ਪੂਜਣ ਯੋਗ ਨਹੀਂ ਅਤੇ ਮੁਹੰਮਦ ਅੱਲਾਹ ਦਾ ਰਸੂਲ ਹੈ। ਇਸਲਾਮ ਸ੍ਰਿਸ਼ਟੀ ਦੀ ਰਚਨਾ ਨੂੰ ਸਿਰਜਣਹਾਰ ਦੇ ਰਾਹੀਂ ਕਿਸੇ ਮਨੋਰਥ ਲਈ, ਸਿਰਜੀ ਗਈ ਮੰਨਦਾ ਹੈ ਅਤੇ ਜਗਤ ਦੇ ਮਿਥਿਆ ਹੋਣ ਤੋਂ ਇਨਕਾਰ ਕਰਦਾ ਹੈ।[19]

ਇਸ ਸੰਸਾਰ ਵਿਚ ਮਨੁੱਖ ਆਪਣੇ ਆਪ ਨਾਲ ਪਰਮਾਤਮਾ ਵਲੋਂ ਬਖਸ਼ੀਆਂ ਬਹੁਤ ਸਾਰੀਆਂ ਸ਼ਕਤੀਆਂ ਲੈ ਕੇ ਆਇਆ ਹੈ। ਹਰ ਮਨੁੱਖ ਵਿਚ ਬੁੱਧੀ, ਸੰਕਲਪ ਅਤੇ ਇੱਛਾ ਦੇਖਣ ਸੁਨਣ ਦੀ ਸ਼ਕਤੀ ਹੈ, ਆਸ਼ਾਵਾਦ ਦੀ ਸ਼ਕਤੀ, ਹੱਥ ਪੈਰ ਦੀ ਸ਼ਕਤੀ, ਘ੍ਰਿਣਾ, ਕ੍ਰੋਧ, ਪ੍ਰੇਮ, ਭ੍ਰਮ, ਲਾਲਚ ਆਦਿ। ਜੀਵਨ ਸਫਲਤਾ ਇਸ ਤੇ ਹੈ ਕਿ ਆਪ ਦਾ ਪ੍ਰਕਿਰਤਾ ਮਨੋਵਿਰਤੀ ਜੋ ਮੰਗਦੀ ਹੈ ਉਹ ਪੂਰਾ ਕੀਤਾ ਜਾਵੇ। ਇਹ ਤਦ ਹੀ ਹੋ ਸਕਦਾ ਹੈ ਕਿ ਉਨ੍ਹਾਂ ਸ਼ਕਤੀਆਂ ਤੋਂ ਕੰਮ ਲਿਆ ਜਾਵੇ ਜਿਹੜੀਆਂ ਪਰਮਾਤਮਾ ਨੇ ਤੁਹਾਨੂੰ ਦਿੱਤੀਆਂ ਹਨ। ਪ੍ਰਾਪਤ ਸ਼ਕਤੀਆਂ ਤੋਂ ਕੰਮ ਲੈਣ ਦੇ ਸਾਧਨ ਵੀ ਆਪਦੇ ਕੋਲ ਹਨ। ਸਰੀਰ ਵਿਚ ਸਾਰੇ ਉਪਦਾਨ ਹਨ। ਸੰਸਾਰ ਵਿਚ ਫੈਲੇ ਬਹੁਤ ਸਾਧਨ ਹਨ ਸਹਾਇਤਾ ਲਈ ਸਹਿਜਾਤੀ ਮਨੁੱਖ ਸੇਵਾ ਲਈ ਪਸ਼ੂ ਬਨਾਸਪਤੀ ਜੜ੍ਹ-ਪਦਾਰਥ, ਭੂਮੀ, ਜਲ, ਹਵਾ ਅੱਗ, ਪ੍ਰਕਾਸ਼, ਇਹ ਸਭ ਆਦਮੀ ਲਈ ਹਨ।

ਸ਼ਕਤੀਆਂ ਲਾਭ ਲਈ ਹਨ, ਹਾਨੀ ਲਈ ਨਹੀਂ ਇਸ ਲਈ ਕੰਮ ਅਨੁਚਿਤ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਹਾਨੀ ਹੋਵੇਗੀ ਜੋ ਸਾਧਨ ਉਪਕਰਨ ਪ੍ਰਾਪਤ ਹੈ ਉਹ ਨਸ਼ਟ ਨਾ ਹੋਣ ਵਿਅਰਥ ਹੋਣਗੇ ਤਾਂ ਹਾਨੀ ਤੋਂ ਬਚੋ। ਇਸ ਤਰ੍ਹਾਂ ਦੇ ਉਤਪਾਤੀ ਲੋਕ ਜਿਹੜੇ ਸ਼ਕਤੀਆਂ ਦੀ ਦੁਰਵਰਤੋਂ ਕਰਦੇ ਹਨ ਤੇ ਉਨ੍ਹਾਂ ਦੂਸਰਿਆਂ ਨੂੰ ਤੇ ਕਈ ਵਾਰ ਆਪਨੂੰ ਨੁਕਸਾਨ ਹੁੰਦਾ । ਚੀਜਾਂ ਵਿਅਰਥ ਤੇ ਨਸ਼ਟ ਹੋ ਜਾਂਦੀਆਂ। ਉਨ੍ਹਾਂ ਲਈ ਜਾਬਤੇ ਦੀ ਲੋੜ ਹੈ ਤੇ ਦੂਸਰੀ ਤਰ੍ਹਾਂ ਦੇ ਲੋਕ ਜਾਣ ਬੁਝ ਕੇ ਅਜਿਹਾ ਨਹੀਂ ਕਰਦੇ ਅਗਿਆਨੀ ਹਨ, ਅਗਿਆਨਤਾ

ਕਰਕੇ ਸ਼ਕਤੀਆਂ ਦਾ ਗਲਤ ਉਪਯੋਗ ਕਰਕੇ ਹਾਨੀ ਪਹੁੰਚਾਉਂਦੇ ਹਨ ਵਿਅਰਥ ਤੇ ਨਸ਼ਟ ਸ਼ਕਤੀਆਂ ਦਾ ਕਾਰਨ ਉਨ੍ਹਾਂ ਲਈ ਗਿਆਨ ਵਰਗੇ ਜੀਵਨ ਮੁੱਲਾਂ ਨੂੰ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਮੁਸਲਿਮ ਸਮਾਜ ਮਨੁੱਖੀ ਸ਼ਕਤੀਆਂ ਨੂੰ ਪਰਮਾਤਮਾ ਦੀਆਂ ਬਖਸ਼ਿਸ਼ ਕੀਤੀਆਂ ਸ਼ਕਤੀਆਂ ਸਮਝਦਾ ਹੈ ਅਤੇ ਜੀਵਨ ਵਿਚ ਉਨ੍ਹਾਂ ਨੂੰ ਗੁਆਉਣ ਜਾਂ ਨਸ਼ਟ ਕਰਨ ਦੇ ਵਿਰੁੱਧ ਹੈ ਇਨ੍ਹਾਂ ਨੂੰ ਮਨੁੱਖੀ ਜੀਵਨ ਦੇ ਲਾਭ ਹਿਤ ਵਰਤਣ ਦੀ ਪ੍ਰੇਰਨਾ ਕਰਦਾ ਹੋਇਆ ਇਨ੍ਹਾਂ ਨੂੰ ਨਾ-ਵਰਤੋਂ ਨੁਕਸਾਨ ਉਠਾਉਣ ਨੂੰ ਪਰਮਾਤਮਾ ਦੀ ਰਜ਼ਾ ਤੋਂ ਇਨਕਾਰੀ ਹੋਣਾ ਮਿਥਦਾ ਹੈ। ਇਸੇ ਤਰ੍ਹਾਂ ਅਗਿਆਨੀ ਮਨੁੱਖ ਵਲੋਂ ਅਗਿਆਨਤਾ ਕਾਰਨ ਇਨ੍ਹਾਂ ਸ਼ਕਤੀਆਂ ਦੀ ਦੁਰਵਰਤੋਂ ਰੋਕਣ ਲਈ ਮਨੁੱਖੀ ਗਿਆਨ ਤੇ ਜ਼ੋਰ ਦਿੰਦਾ ਹੈ। ਮੁਸਲਿਮ ਸ਼ਰੀਅਤ ਮਨੁੱਖੀ ਇੱਛਾ-ਪੂਰਤੀ ਲਈ ਸ਼ਕਤੀ ਦੀ ਵਰਤੋਂ ਨੂੰ ਠੀਕ ਸਮਝਦੀ ਹੈ ਇਸ ਲਈ ਸੰਸਾਰ ਛੱਡ ਕੇ ਜੰਗਲਾਂ ਵਿਚ ਪਹਾੜਾਂ ਵਿਚ ਤਿਆਗ ਤਪੱਸਿਆ ਕਰਨ ਦੇ ਵਿਰੁੱਧ ਹੈ।

ਇਸ ਤਰ੍ਹਾਂ ਉਹ ਭੁੱਖੇ ਮਰਨ, ਨੰਗੇ ਪੈਰੀਂ ਚੱਲਣ ਅਤੇ ਮਨ ਨੂੰ ਮਾਰ ਕੇ ਸੰਸਾਰਿਕ ਸੁੱਖ ਛੱਡਣ ਦੀ ਮਨਾਹੀ ਕਰਦਾ ਹੈ ਅਤੇ ਖੁਦਾ ਵਲੋਂ ਬਣਾਈ ਗਈ ਇਸ ਸ੍ਰਿਸ਼ਟਿਕ ਰਚਨਾ ਨੂੰ ਮਾਨਣ ਦੀ ਗਵਾਹੀ ਭਰਦਾ ਹੈ ਅਤੇ ਸੰਸਾਰ ਨੂੰ ਪਰਮਾਤਮਾ ਵਲੋਂ ਮਨੁੱਖ ਲਈ ਰਚਿਆ ਗਿਆ ਮੰਨਦਾ ਹੈ। ਧਰਤੀ, ਆਕਾਸ਼ ਵਿਚ ਕੋਈ ਚੀਜ਼ ਬਿਨ੍ਹਾਂ ਉਪਯੋਗਿਤਾ ਤੋਂ ਨਹੀਂ ਹੈ ਅਤੇ ਮਨੁੱਖ ਨੂੰ ਸਾਰੇ ਸਾਧਨ ਪ੍ਰਯੋਗ ਕਰਕੇ ਉਸਤੋਂ ਲਾਭ ਉਠਾਉਣ ਦੀ ਗੱਲ ਕਹੀ ਗਈ ਹੈ। ਅਗਿਆਨ ਵੱਸ ਨਾ ਆਪਣੇ ਆਪ ਨੂੰ ਨੁਕਸਾਨ ਦੇਵੇ ਤੇ ਨਾ ਦੂਸਰੇ ਨੂੰ ਨੁਕਸਾਨ ਪਹੁੰਚਾਵੇ। ਸ਼ਰੀਅਤ ਨੁਕਸਾਨ ਦੇਣ ਵਾਲੀਆਂ ਚੀਜ਼ਾਂ ਨੂੰ ਹਲਾਲ, ਸ਼ਰੀਅਤ ਵੱਡੇ ਨੁਕਸਾਨ ਤੋਂ ਬਚਣ ਲਈ ਛੋਟੇ ਫਾਇਦੇ ਨੂੰ ਛੱਡਣ ਦੀ ਗੱਲ ਕਰਦਾ ਹੈ ਸਭ ਕੰਮ ਜਿਹੜੇ ਤੁਹਾਡੇ ਲਈ ਲਾਭਦਾਇਕ ਹਨ ਉਹ ਦੂਜੇ ਲਈ ਨੁਕਸਾਨ ਦੇ ਨਹੀਂ ਹੋਣੇ ਚਾਹੀਦੇ।

## ਚਾਰ ਹੱਕ

ਮਨੁੱਖ ਲਈ ਚਾਰ ਹੱਕ ਸ਼ਰੀਅਤ ਨੇ ਮਿਥੇ ਹਨ (1) ਅੱਲਾਹ ਦਾ ਹੱਕ, (2) ਉਸਦਾ ਆਪਣੇ ਸਰੀਰ ਅਤੇ ਇੰਦਰੀਆਂ ਦਾ ਆਪਣੇ ਤੇ ਹੱਕ, (3) ਲੋਕਾਂ ਦਾ ਹੱਕ, (4) ਉਨ੍ਹਾਂ ਚੀਜ਼ਾਂ ਤੇ ਹੱਕ ਜਿਹੜੀਆਂ ਪਰਮਾਤਮਾ ਨੇ ਉਸਦੇ ਅਧਿਕਾਰ ਵਿਚ ਦਿੱਤੀਆਂ ।

ਇਹ ਹੱਕ ਸਮਝਣੇ ਅਤੇ ਠੀਕ ਠੀਕ ਅਦਾ ਕਰਨੇ ਸੱਰੇ ਮੁਸਲਮਾਨ ਦਾ ਕਰਤੱਵ ਸਮਝੇ ਗਏ ਹਨ:-

1. ਅੱਲਾਹ ਦਾ ਹੱਕ

(1) ਮਨੁੱਖ ਅੱਲਾਹ ਨੂੰ ਈਸ਼ਵਰ ਮੰਨੇ ਹੋਰ ਕਿਸੇ ਨੂੰ ਉਸਦੇ ਨਾਲ ਸ਼ਰੀਕ ਨਾ ਕਰੇ ਲਾ-ਇਲਾਹ-ਇਲਲਿੱਲਾ(ਅੱਲਾਹ ਦੇ ਬਿਨਾ ਹੋਰ ਕੋਈ ਪੂਜਣ ਯੋਗ ਨਹੀਂ)

(2) ਅੱਲਾਹ ਦੇ ਆਦੇਸ਼ ਤੇ ਸੱਰੇ ਦਿਲੋਂ ਚਲਿਆ ਜਾਵੇ ਇਹ ਹੱਕ "ਮੁਹੱਮਦੁਰਰਸੂਲੁਲਾਹ" (ਮੁਹੰਮਦ ਅੱਲਾਹ ਦਾ ਰਸੂਲ ਹੈ) ਤੇ ਈਮਾਨ ਲਿਆਉਣ ਨਾਲ ਅਦਾ ਹੁੰਦਾ ਹੈ।

(3) ਅੱਲਾਹ ਦੀ ਆਗਿਆ ਮੰਨਦਿਆਂ ਉਸ ਕਾਇਦੇ ਅਨੁਸਾਰ ਚਲਿਆ ਜਾਵੇ ਜਿਹੜਾ ਈਸ਼ਵਰੀ ਗ੍ਰੰਥ ਅਤੇ ਰਸੂਲ ਦੀ 'ਸੁੰਨਤ'[20] ਵਿਚ ਬਿਆਨ ਕੀਤਾ ਹੋਇਆ ਹੈ।

(4) ਚੌਥਾ ਹੱਕ ਇਹ ਹੈ ਕਿ ਅੱਲਾਹ ਦੀ ਇਬਾਦਤ ਕੀਤੀ ਜਾਵੇ। ਇਸ ਲਈ ਨਿਮਾਜ, ਰੋਜਾ, ਜਕਾਤ, ਹੱਜ ਅਤੇ ਇਸਲਾਮ ਦੀ ਸਹਾਇਤਾ ਆਦਿ(ਜਾਬਤੇ) ਵਿਧੀਆਂ ਨਿਸ਼ਚਤ ਕੀਤੀਆਂ ਗਈਆਂ ਹਨ।

2. ਆਪਣਾ ਹੱਕ

ਮਨੁੱਖ ਇਛਾਵਾਂ ਦਾ ਦਾਸ ਹੈ ਇਨ੍ਹਾਂ ਦੀ ਪੂਰਤੀ ਲਈ ਔਖਾ-ਘੁੰਦ ਦੌੜਦਾ ਹੈ। ਇਸਲਾਮੀ ਸ਼ਰੀਅਤ ਕਿਉਂਕਿ ਮਨੁੱਖੀ ਆਨੰਦ ਅਤੇ ਕਲਿਆਣ ਦੀ ਕਾਮਨਾ ਕਰਦੀ ਹੈ ਇਸ ਲਈ ਉਸਨੂੰ ਵਿਸ਼ੈ-ਵਿਕਾਰਾਂ ਤੋਂ ਬਚਣ ਲਈ ਪ੍ਰੇਰਤ ਕਰਦੀ ਹੈ। ਉਹ ਚੀਜਾਂ ਜਿਹੜੀਆਂ ਮਨੁੱਖੀ ਸਵਾਸਥ, ਸੁਭਾਅ, ਚਰਿੱਤਰ, ਬੁੱਧੀ ਅਤੇ ਆਤਮਿਕ ਸ਼ਕਤੀਆਂ ਤੇ ਬੁਰਾ ਪ੍ਰਭਾਵ ਪਾਉਂਦੀਆਂ ਹਨ ਜਿਵੇਂ ਨਸ਼ੀਲੀਆਂ ਵਸਤੂਆਂ ਸੂਰ ਦਾ ਮਾਸ ਹਿੰਸਕ ਅਤੇ ਜਹਿਰੀਲੇ ਜੰਤੂ, ਅਪਵਿੱਤਰ ਜਾਨਵਰ, ਲਹੂ ਅਤੇ ਮੁਰਦਾ ਜਾਨਵਰ ਆਦਿ ਖਾਣ, ਵਰਤਣ ਤੋਂ ਰੋਕਦੀ ਹੈ। ਇਸਦੇ ਉਲਟ ਮੁਸਲਿਮ ਸ਼ਰੀਅਤ ਪਵਿੱਤਰ ਤੇ ਲਾਭਕਾਰੀ ਵਸਤੂਆਂ ਉਸਦੇ ਲਈ ਹਲਾਲ ਕਰਦੀ ਹੈ ਤੇ ਸਿਖਿਆ ਦਿੰਦੀ ਹੈ ਕਿ ਹੇ ਮਨੁੱਖ ਤੂੰ ਸਰੀਰ ਨੂੰ ਪਵਿੱਤਰ ਖਾਦ ਪਦਾਰਥਾਂ ਤੋਂ ਵੰਚਿਤ ਨਾ ਰਖੇ ਕਿਉਂਕਿ ਤੇਰਾ ਤੇਰੇ ਸਰੀਰ ਤੇ ਹੱਕ ਹੈ। ਉਹ ਨੰਗਾ ਨਾ ਰਹਿ ਕੇ ਕਪੜਾ ਪਹਿਨਣ, ਭਿਖਿਆ ਨਾ ਮੰਗ ਕੇ ਰੋਜੀ ਰੋਟੀ ਕਮਾਉਣ, ਕਾਮ ਪ੍ਰਵਿਰਤੀ ਨੂੰ ਨਾ

ਰੋਕ ਕੇ ਵਿਆਹ ਕਰਨ ਦੀ ਆਗਿਆ ਦਿੰਦੀ ਹੈ ਉਹ ਆਤਮ ਹੱਤਿਆ ਨੂੰ ਹਰਾਮ ਕਰਦੀ ਹੈ ਕਿਉਂ ਕਿ ਮਨੁੱਖੀ ਪ੍ਰਾਣ ਪ੍ਰਮਾਤਮਾ ਦੀ ਸੰਪੱਤੀ ਹਨ ਜਿਹੜੇ ਉਸਨੇ ਉਸਨੂੰ ਇਕ ਨਿਸ਼ਚਿਤ ਸਮੇਂ ਲਈ ਦਿੱਤੇ ਹਨ।

ਸ਼ਰੀਅੱਤ ਧਰਮ ਸ਼ਾਸਤਰ ਇੰਦਰੀਆਂ ਦੀ ਸੁੱਖ ਪ੍ਰਾਪਤੀ ਨੂੰ ਵਰਜਿਤ ਨਹੀਂ ਸਮਝਦੀ ਸਗੋਂ ਆਰਾਮ, ਸੁਖ-ਸੁਵਿਧਾ ਅਤੇ ਜੀਵਨ ਆਨੰਦ ਪ੍ਰਾਪਤੀ ਨੂੰ ਜਾਇਜ਼ ਠਹਿਰਾਉਂਦੀ ਹੈ। ਲੋਕ ਪਰਲੋਕ ਦੀਆਂ ਸਾਰੀਆਂ ਸਫਲਤਾਵਾਂ ਲਈ, ਗ੍ਰਹਿਸਤ ਜੀਵਨ ਬਤੀਤ ਕਰਦਿਆਂ ਈਸ਼ਵਰ ਨੂੰ ਯਾਦ ਕਰਦਿਆਂ ਉਸਦੀ ਅਵੱਗਿਆ ਤੋਂ ਡਰਦਿਆਂ ਜੀਣ ਦੀ ਸਿੱਖਿਆ ਦਿੰਦੀ ਹੈ (ਅਤੇ ਆਤਮਿਕ ਵਿਕਾਸ ਈਸ਼ਵਰ ਦੇ ਨੇੜ ਲਈ ਪਰਲੋਕ ਦੀ ਮੁਕਤੀ ਲਈ)

3. ਲੋਕਾਂ ਦਾ ਹੱਕ

ਸ਼ਰੀਅਤ ਜਿਥੇ ਮਨੁੱਖੀ ਆਤਮਾ ਪਰਮਾਤਮਾ ਅਤੇ ਸਰੀਰ ਦੇ ਹੱਕਾਂ ਸੰਬੰਧੀ ਆਦੇਸ਼ ਨਿਰਧਾਰਿਤ ਕਰਦੀ ਹੈ ਉਥੇ ਉਹ ਮਨੁੱਖ ਤੇ ਰੋਕ ਲਾਉਂਦੀ ਹੈ ਤਾਂ ਕਿ ਉਪਰੋਕਤ ਹੱਕਾਂ ਨੂੰ ਪ੍ਰਾਪਤ ਕਰਨ ਦੇ ਯਤਨ ਵਿਚ ਦੂਸਰੇ ਲੋਕਾਂ ਦੇ ਹੱਕਾਂ ਨੂੰ ਨੁਕਸਾਨ ਨਾ ਪਹੁੰਚਾ ਸਕੇ। ਇਸ ਲਈ ਸ਼ਰੀਅਤ ਚੋਰੀ, ਲੁੱਟਮਾਰ, ਰਿਸ਼ਵਤ, ਵਿਸ਼ਵਾਸਘਾਤ, ਛਲ ਕਪਟ ਅਤੇ ਵਿਆਜ ਆਦਿ ਤੋਂ ਵਰਜਿਤ ਕਰਦੀ ਹੈ ਕਿਉਂਕਿ ਇਹ ਸਾਰੇ ਕਰਮ ਦੂਸਰਿਆਂ ਲਈ ਹਾਨੀਕਾਰਕ ਹਨ। ਹੱਤਿਆ, ਫਸਾਦ, ਵਿਭਚਾਰ ਆਦਿ ਵੀ ਇਸੇ ਸੰਦਰਭ ਵਿਚ ਆਉਂਦੇ ਹਨ।

ਸ਼ਰੀਅਤ ਕਿਸੇ ਦੂਸਰੇ ਨੂੰ ਨੁਕਸਾਨ ਨਾ ਪਹੁੰਚਾਉਣ ਤੋਂ ਅੱਗੇ ਚੱਲ ਕੇ ਮਨੁੱਖ ਨੂੰ ਸਮਾਜ ਦੀ ਉੱਨਤੀ, ਭਲਾਈ ਅਤੇ ਕਲਿਆਣ ਲਈ ਕੁਝ ਵਿਧੀਆਂ ਨਿਰਧਾਰਿਤ ਕਰਦੀ ਹੈ। ਰੋਜ਼ੀ ਕਮਾ ਕੇ ਪਰਿਵਾਰਕ ਲੋੜਾਂ ਨੂੰ ਪੂਰਾ ਕਰਨਾ ਅਤੇ ਪਰਿਵਾਰ ਦੇ ਜੀਆਂ ਦੀ ਸੁਰੱਖਿਆ ਕਰਨੀ। ਮਨੁੱਖ ਦਾ ਕਰਤੱਵ ਹੈ ਅਤੇ ਮਾਤਾ ਪਿਤਾ ਦੀ ਆਗਿਆ ਦਾ ਆਦਰ ਕਰਨਾ। ਇਸ ਪ੍ਰਬੰਧ ਵਿਚ ਪਤੀ, ਪਿਤਾ ਨੂੰ ਘਰ ਦਾ, ਪ੍ਰਮੁੱਖ ਅਧਿਕਾਰੀ ਮੰਨਦਿਆਂ ਘਰੇਲੂ ਜ਼ਿੰਮੇਵਾਰੀਆਂ ਨੂੰ ਸੁਚੱਜਤਾ ਨਾਲ ਨਿਭਾਉਣ ਦੀ ਗੱਲ ਕੀਤੀ ਗਈ ਹੈ। ਹਰਾਮ ਦੇ ਰਿਸ਼ਤਿਆਂ ਤੋਂ ਬਿਨ੍ਹਾਂ ਪ੍ਰਕਿਰਤੀ ਅਤੇ ਸੁਭਾਅ ਦੇ ਪੱਖੋਂ ਜਾਣੇ ਪਛਾਣੇ ਦੂਸਰੇ ਘਰਾਣਿਆਂ ਵਿਚ ਸ਼ਾਦੀ ਨੂੰ ਜਾਇਜ਼ ਮੰਨਿਆ ਜਾਂਦਾ ਹੈ। ਰਿਸ਼ਤੇਦਾਰਾਂ ਦੇ ਗਰੀਬ ਹੋਣ ਜਾਂ ਮੁਸੀਬਤ ਪੈਣ ਤੇ ਅਮੀਰ ਰਿਸ਼ਤੇਦਾਰਾਂ ਨੂੰ

ਮਦਦ ਕਰਨ ਲਈ ਕਿਹਾ ਗਿਆ ਹੈ ਕਿਉਂਕਿ ਇਸਲਾਮ ਅਨੁਸਾਰ ਹਰ ਆਦਮੀ ਤੇ ਸਭ ਤੋਂ ਜ਼ਿਆਦਾ ਹੱਕ ਉਸਦੇ ਰਿਸ਼ਤੇਦਾਰਾਂ ਦਾ ਹੈ। ਵਿਰਾਸਤ ਦੇ ਕਾਨੂੰਨ ਅਨੁਸਾਰ ਪਰਿਵਾਰਿਕ ਜਾਇਦਾਦ ਤੇ ਉਸਦੇ ਵਾਰਿਸਾਂ ਦਾ ਹੱਕ ਜਿਸ ਵਿਚ ਲੜਕੀਆਂ ਵੀ ਸ਼ਾਮਲ ਹਨ ਕੁਰਾਨ ਵਿਚ ਸਪੱਸ਼ਟ ਦਿੱਤਾ ਹੋਇਆ ਹੈ ਕਿਸੇ ਨੂੰ ਕਸ਼ਟ ਨਾ ਦੇਣ, ਮਾਨਸਿਕ ਆਘਾਤ ਨਾ ਪਹੁੰਚਾਉਣ, ਅਸ਼ਲੀਲਤਾ ਅਤੇ ਦੁਰਬਚਨਾਂ ਦਾ ਪ੍ਰਯੋਗ ਨਾ ਕਰਨ, ਮਰਿਆਂ ਦੇ ਜਨਾਜ਼ੇ ਵਿਚ ਸ਼ਾਮਲ ਹੋਣ, ਅਨਾਥਾਂ ਅਤੇ ਵਿਧਵਾਵਾਂ ਦਾ ਧਿਆਨ ਰੱਖਣ, ਗਰੀਬ ਦੀ ਮਦਦ ਕਰਨ ਦਾ ਵਿਧਾਨ ਵੀ ਹੈ। ਰੇਸ਼ਮੀ ਕਪੜੇ, ਸੋਨੇ ਦੇ ਬਰਤਨ ਅਤੇ ਧਨ ਨਾਲ ਵਿਅਰਥ ਮਨੋਰੰਜਨਾਂ ਤੇ ਇਸ ਲਈ ਰੋਕ ਦਾ ਵਿਧਾਨ ਹੈ ਕਿਉਂਕਿ ਇਹ ਫਾਲਤੂ ਧੰਨ ਦੂਸਰੇ ਲੋਕਾਂ ਦੇ ਪੇਟ ਭਰਨ ਦੇ ਕੰਮ ਆ ਸਕੇ। ਇਸਦੇ ਨਾਲ ਹੀ ਇਕ ਹੱਦ ਵਿਚ ਧਨ ਦਾ ਆਨੰਦ ਪ੍ਰਾਪਤ ਕਰਨ ਦਾ ਇਸਲਾਮ ਪੂਰਾ ਹੱਕ ਦਿੰਦਾ ਹੈ।

ਉਪਰੋਕਤ ਜੀਵਨ ਨਿਰਧਾਰਨ ਰਾਹੀਂ ਇਸਲਾਮ ਸਹਾਨੁਭੂਤੀ ਪੁਰਸ਼ਾਰਥ, ਪ੍ਰੇਮ, ਨਿਮਰਤਾ, ਸੰਜਮ ਅਤੇ ਮਨੋਰੰਜਨ ਆਦਿ ਜੀਵਨ ਮੁੱਲਾਂ ਵਿਚ ਆਸਥਾ ਪ੍ਰਗਟਾਉਂਦਾ ਹੈ। ਮੁਸਲਮਾਨ ਜਾਤ ਦੀ ਉੱਤਮਤਾ ਬਣਾਈ ਰੱਖਣ ਲਈ ਇਸਲਾਮ ਧਰਮ ਵਲੋਂ ਕੁਝ ਬੰਦਸ਼ਾਂ ਲਗਾਈਆਂ ਗਈਆਂ ਹਨ। ਇਸ ਪ੍ਰਬੰਧ ਅਧੀਨ ਇਸਤਰੀਆਂ ਤੇ ਕੁਝ ਪਾਬੰਦੀਆਂ ਲਗਾਈਆਂ ਗਈਆਂ ਹਨ। ਮਨੁੱਖ ਅਤੇ ਇਸਤਰੀ ਨੂੰ ਨਿਰਲੱਜਤਾ ਅਤੇ ਅਸ਼ਲੀਲਤਾ ਦਾ ਆਚਾਰ-ਵਿਹਾਰ ਛੱਡਣ ਦੀ ਤਾੜਨਾ ਕੀਤੀ ਗਈ ਹੈ।

ਸੈਂਜ ਅਤੇਕਰਮ ਦੀ ਸ਼ਕਤੀ ਉਤਪੰਨ ਕਰਨ ਲਈ ਮਨੋਰੰਜਨ ਅਤੇ ਮਿਹਨਤ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਸਮੇਂ, ਸਵੱਸਥ ਅਤੇ ਧਨ ਨੂੰ ਨਸ਼ਟ ਕਰਨ ਵਾਲੇ ਮਨੋਰੰਜਨਾਂ ਇਥੋਂ ਤੱਕ ਕਿ ਖੇਡਾਂ ਨੂੰ ਵੀ ਚੰਗਾ ਨਹੀਂ ਸਮਝਿਆ ਗਿਆ। ਕੌਮੀ ਸਿਹਤ ਨੂੰ ਸਵੱਛਤਾ ਪ੍ਰਦਾਨ ਕਰਨ ਲਈ ਨਸ਼ੀਲੇ ਪਦਾਰਥਾਂ ਅਤੇ ਘਟੀਆ ਸੇਵਨਾ ਦੀ ਮਨਾਹੀ ਕੀਤੀ ਗਈ ਹੈ ਅਤੇ ਸਵੱਛਤਾ ਦੇ ਜੀਵਨ ਮੁੱਲ ਨੂੰ ਬਹੁਤ ਉੱਚਤਾ ਵਾਲਾ ਦੱਸਿਆ ਗਿਆ ਹੈ। ਪਰਿਵਾਰਿਕ ਅਤੇ ਸੰਪ੍ਰਦਾਇਕ ਮੱਤਭੇਦਾਂ ਵਿਚ ਕੁਰਾਨ ਦੀਆਂ ਸਿਖਿਆਵਾਂ ਹਦੀਸ ਆਦਿ ਤੋਂ ਨਿਰਣਾ ਕਰਵਾਇਆ ਜਾਵੇ। ਆਪਸੀ ਸਹਿਯੋਗ ਵਧਾ ਕੇ ਝਗੜਾਲੂ ਲੋਕਾਂ ਅਤੇ ਆਪਸੀ ਲੜਾਈਆਂ ਵਿਚ ਸ਼ਕਤੀ ਨੂੰ ਨਸ਼ਟ ਨਾ ਕੀਤਾ ਜਾਵੇ।

ਜਾਤ ਦੀ ਉੱਤਮਤਾ ਬਣਾਈ ਰੱਖਣ ਲਈ ਗੈਰ ਮੁਸਲਮਾਨਾਂ ਤੋਂ ਵਿਦਿਆ ਅਤੇ ਕਲਾ ਸਿੱਖੀ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਇਸਦਾ ਅਨੁਕਰਨ ਇਸ ਕਰਕੇ ਰੋਕ ਦਿੱਤਾ ਗਿਆ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਦੂਜੀ ਜਾਤ, ਸਭਿਅਤਾ ਜਾਂ ਸੰਸਕ੍ਰਿਤੀ ਤੋਂ ਆਪਣੀ ਸੰਸਕ੍ਰਿਤੀ ਦੀ ਹੀਣਤਾ ਅਤੇ ਛੋਟੇਪਨ ਦਾ ਭਾਵ ਉਤਪੰਨ ਹੁੰਦਾ ਹੈ। ਇਸੇ ਲਈ ਰਸੂਲ ਸੱਲ ਨੇ ਦੂਜੀਆਂ ਜਾਤਾਂ ਦੇ ਰਹਿਣ ਸਹਿਣ ਪਿਛੇ ਲੱਗਣ ਤੋਂ ਸਖਤੀ ਨਾਲ ਰੋਕਿਆ ਹੈ। ਇਸ ਪ੍ਰਕਿਰਿਆ ਵਿਚ ਇਸਲਾਮ ਆਪਣੀ ਸੁਤੰਤਰ ਹੋਂਦ ਤੇ ਮਜਬੂਤੀ ਨਾਲ ਪਕੜ ਬਣਾਈ ਰੱਖਣ ਦੇ ਅਸੂਲ ਤੇ ਖੜਾ ਨਜ਼ਰ ਆਉਂਦਾ ਹੈ ਕਿਉਂਕਿ ਕਿਸੇ ਵੀ ਸੰਸਕ੍ਰਿਤੀ ਦਾ ਉੱਤਮਤਾ ਉਸਦੇ ਗਿਆਨ ਸੰਗਠਨ ਅਤੇ ਕਾਰਜਸ਼ੀਲਤਾ ਤੇ ਨਿਰਭਰ ਕਰਦੀ ਹੈ। ਜਿਨ੍ਹਾਂ ਦੇ ਨਾ ਹੋਣ ਕਾਰਨ ਸੰਸਕ੍ਰਿਤੀ ਦੇ ਨਸ਼ਟ ਹੋਣ ਜਾਂ ਵਿਲੀਨ ਹੋਣ ਦਾ ਖਤਰਾ ਪੈਦਾ ਹੁੰਦਾ ਹੈ। ਇਸਲਾਮ ਸੰਸਕ੍ਰਿਤੀ ਦੂਸਰੇ ਧਰਮਾਂ ਨਾਲ ਉਥੋਂ ਤੱਕ ਮੇਲ ਮਿਲਾਪ ਅਤੇ ਵਿਹਾਰਕਤਾ ਦੇ ਪੱਖ ਵਿਚ ਖੜਦੀ ਹੈ ਜਿਥੋਂ ਤੱਕ ਦੂਜੀ ਸੰਸਕ੍ਰਿਤੀ ਉਸਦੇ ਹੱਕਾਂ ਅਤੇ ਅਧਿਕਾਰਾਂ ਤੇ ਛਾਪਾ ਨਹੀਂ ਮਾਰਦੀ। ਮੁਸਲਮਾਨ ਨੂੰ ਸੰਸਾਰ ਵਿਚ ਇਸ ਲਈ ਪੈਦਾ ਕੀਤਾ ਮੰਨਿਆ ਗਿਆ ਹੈ ਤਾਂ ਕਿ ਉਹ ਆਪਣੇ ਚੰਗੇ ਕਰਮਾਂ, ਸੱਜਣਤਾ ਅਤੇ ਚੰਗੇ ਸੁਭਾਅ ਕਾਰਨ ਦੂਜਿਆਂ ਦਾ ਮਨ ਜਿੱਤ ਲਵੇ।

4. <u>ਸ੍ਰਿਸ਼ਟਿਕ ਚੀਜ਼ਾਂ ਤੇ ਹੱਕ</u>

ਪਰਮਾਤਮਾ ਨੇ ਮਨੁੱਖ ਨੂੰ ਆਪਣੀ ਸ਼ਕਤੀ ਨਾਲ ਸ੍ਰਿਸ਼ਟੀ ਦੇ ਅਨੇਕ ਜੀਵ-ਜੰਤੂਆਂ ਆਦਿ ਤੋਂ ਕੰਮ ਲੈਣ ਅਤੇ ਲਾਭ ਉਠਾਉਣ ਦਾ ਅਧਿਕਾਰ ਦਿੱਤਾ ਹੈ। ਇਸਦੇ ਨਾਲ ਹੀ ਮਨੁੱਖ ਪ੍ਰਤੀ ਬਿਨਾ ਕਿਸੇ ਕਾਰਨ ਜੀਵ-ਜੰਤੂਆਂ ਨੂੰ ਮਾਰਨ, ਤੰਗ ਕਰਨ ਆਦਿ ਤੋਂ ਰੋਕਿਆ ਗਿਆ ਹੈ ਕਿਉਂਕਿ ਭੋਜਨ ਪ੍ਰਾਪਤੀ ਅਤੇ ਉਨ੍ਹਾਂ ਤੋਂ ਨੁਕਸਾਨ ਹੋ ਸਕਣ ਦੇ ਡਰ ਕਾਰਨ ਜਾਨਵਰਾਂ ਨੂੰ ਮਾਰਨ ਦਾ ਆਗਿਆ ਦਿੱਤੀ ਗਈ ਹੈ ਪਰ੍ਰੰਤੂ ਖੇਲ ਅਤੇ ਮਨੋਰੰਜਨ ਕਾਰਨ ਉਨ੍ਹਾਂ ਦੇ ਪ੍ਰਾਣ ਲੈਣ ਤੋਂ ਰੋਕਿਆ ਗਿਆ ਹੈ। ਜਾਨਵਰਾਂ ਨੂੰ ਮਾਰਨ ਲਈ 'ਜਿਬ੍ਹਾ' ਕਰਨ ਦਾ ਢੰਗ ਮਾਸ ਦੇ ਅਨੇਕ ਲਾਭਕਾਰੀ ਗੁਣਾਂ ਦੇ ਨਸ਼ਟ ਨਾ ਹੋ ਜਾਣ ਦੇ ਡਰੋਂ ਅਪਣਾਇਆ ਦੱਸਿਆ ਗਿਆ ਹੈ। ਅਕਾਰਨ ਜਾਨਵਰਾਂ ਨੂੰ ਤੰਗ ਕਰਨ ਅਤੇ ਵਸਤੂਆਂ ਨੂੰ ਵਿਅਰਥ ਨਸ਼ਟ ਕਰਨ ਤੇ ਰੋਕ ਲਾਈ ਗਈ ਹੈ ਇਥੋਂ ਤੱਕ ਕਿ ਪਾਣੀ ਨੂੰ ਵੀ ਬਿਨ੍ਹਾਂ ਕਾਰਨ ਵਹਾਉਣ ਨੂੰ ਠੀਕ ਨਹੀਂ ਸਮਝਿਆ ਗਿਆ।

5. <u>ਸ਼ਰੀਅਤ ਹਜ਼ਰਤ ਮੁਹੰਮਦ ਸੱਲ</u>

ਦੁਆਰਾ ਸੰਸਾਰ ਨਵਾਂ ਧਰਮ ਸ਼ਾਸਤਰਾਂ ਦੇ ਆਦੇਸ਼ਾਂ ਅਤੇ ਕਾਨੂੰਨਾਂ ਸੰਬੰਧੀ

ਭੇਜੀ ਗਈ ਇਕ ਨਿਸ਼ਚਿਤ ਪ੍ਰਣਾਲੀ ਹੈ। ਇਹ ਦਰਸ਼ਨ ਵਿਚਾਰਧਾਰਾ ਅਤੇ ਕਰਮ ਨੂੰ ਛੱਡ ਕੇ ਮਨੁੱਖ ਅਤੇ ਮਨੁੱਖ ਵਿਚਕਾਰ ਹੋਰ ਕਿਸੇ ਚੀਜ ਨੂੰ ਆਧਾਰ ਨਹੀਂ ਮੰਨਦੀ। ਇਸਲਾਮ ਦੇ ਜਲਦੀ ਸੰਸਾਰ ਨੂੰ ਪ੍ਰਭਾਵਿਤ ਕਰਨ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਕਿਸੇ ਜਾਤਪਾਤ, ਦੇਸ਼, ਵੰਸ਼ ਵਰਨ ਆਦਿ ਦਾ ਵਿਚਾਰ ਬਿਲਕੁਲ ਨਹੀਂ ਕਰਦਾ। ਉਹ ਕਿਸੇ ਵੀ ਮਨੁੱਖ ਜਿਹੜਾ ਲਾਇਲਾਹ-ਇੱਲਲਲਾਹ ਮੁਹੰਮਦ-ਰਸੂਲ ਤੇ ਈਮਾਨ ਰੱਖਦਾ ਹੈ ਨੂੰ ਮੁਸਲਮਾਨ ਮੰਨ ਲੈਂਦਾ ਹੈ।

ਇਸਲਾਮ ਦਾ ਅਰਥ ਕੇਵਲ ਅੱਲਾਹ ਦਾ ਆਗਿਆ ਪਲਣ ਹੈ ਪਰੰਤੂ ਈਸ਼ਵਰ ਦੀ ਸਤ੍ਹਾ, ਗੁਣ ਅਤੇ ਉਸਦੀ ਇੱਛਾ ਅਨੁਸਾਰ ਜੀਵਨ ਜੀਣ ਦੇ ਤਰੀਕੇ ਅਤੇ ਪਰਲੋਕ ਦੇ ਦੰਡ ਅਤੇ ਪੁਰਸਕਾਰ ਦੇ ਯਥਾਰਥ ਦਾ ਗਿਆਨ ਅੱਲਾਹ ਦੇ ਪੈਗੰਬਰ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਇਸਲਾਮੀ ਪੈਗੰਬਰ ਵਿਚ ਈਮਾਨ ਰੱਖਣਾ ਉਸਦੇ ਦੱਸੇ ਗਏ ਤਰੀਕਿਆਂ ਨਾਲ ਅੱਲਾਹ ਦੀ ਬੰਦਗੀ ਕਰਨਾ ਇਸਲਾਮ ਹੈ। ਇਸਲਾਮ ਅਨੁਸਾਰ ਪ੍ਰਾਚੀਨ ਕਾਲ ਵਿਚ ਅਲੱਗ ਅਲੱਗ ਜਾਤਾਂ ਲਈ, ਅਲੱਗ ਅਲੱਗ ਪੈਗੰਬਰ ਪਰਮਾਤਮਾ ਵਲੋਂ ਭੇਜੇ ਜਾਂਦੇ ਸਨ ਪਰ ਅੰਤ ਵਿਚ ਇਕ ਵੱਡੇ ਕੰਮ ਨੂੰ ਜਿਸਦੀ ਤਿਆਰੀ ਲਈ ਪਹਿਲੇ ਪੈਗੰਬਰ ਭੇਜੇ ਗਏ ਸਨ ਨੂੰ ਕਰਨ ਲਈ ਹਜ਼ਰਤ ਮੁਹੰਮਦ ਸਾਹਿਬ ਨੂੰ ਭੇਜਿਆ ਗਿਆ। ਆਗਿਆ ਪਾਲਣ ਉਸ ਸਮੇਂ ਤੱਕ ਨਹੀਂ ਜਦ ਤੱਕ ਕੁਝ ਗੱਲਾਂ ਦਾ ਗਿਆਨ ਤੇ ਇਹ ਗਿਆਨ ਜਦ ਤੱਕ ਵਿਸ਼ਵਾਸ ਦੀ ਸੀਮਾ ਤੱਕ ਨਾ ਪਹੁੰਚਿਆ ਹੋਵੇ ਸਤ੍ਹਾ ਵਿਚ ਵਿਸ਼ਵਾਸ ਹੋਣ ਤੇ ਹੀ ਆਗਿਆ ਪਾਲਣ ਹੋ ਸਕਦਾ ਹੈ। ਤਰੀਕੇ ਤੇ ਚੱਲਣ ਲਈ ਉਸਦੇ ਫਲ ਅਤੇ ਪ੍ਰਣਾਮ ਦਾ ਗਿਆਨ ਜ਼ਰੂਰੀ ਹੈ। ਗਿਆਨ ਅਤੇ ਵਿਸ਼ਵਾਸ ਨੂੰ ਈਮਾਨ ਕਿਹਾ ਗਿਆ ਹੈ। ਹਜ਼ਰਤ ਮੁਹੰਮਦ ਨੇ ਕੁਝ ਈਮਾਨ ਦੱਸੇ ਹਨ।

1. ਅੱਲਾਹ ਤੇ ਈਮਾਨ

ਹਜ਼ਰਤ ਮੁਹੰਮਦ ਨੇ ਸਭ ਤੋਂ ਪਹਿਲੀ ਗੱਲ ਕਹੀ ਹੈ ਕਿ ਲਾ-ਇਲ੍ਹਾ-ਇਲੱਲਾਹ ਅੱਲਾਹ ਤੋਂ ਬਿਨਾ ਕੋਈ ਪੂਜਣ ਯੋਗ ਨਹੀਂ ਮਤਲਬ ਪਰਮਾਤਮਾ ਇਕ ਹੈ ਅਤੇ ਉਹ ਸ੍ਰਿਸ਼ਟੀ ਦਾ ਕਰਤਾ, ਧਰਤਾ ਅਤੇ ਹਰਤਾ ਹੈ।

2. ਫਰਿਸ਼ਤਿਆਂ ਤੇ ਈਮਾਨ

ਇਸਲਾਮ ਫਰਿਸ਼ਤਿਆਂ ਦੀ ਹੋਂਦ ਵਿਚ ਵਿਸ਼ਵਾਸ ਕਰਦਾ ਹੈ। ਭਗਵਾਨ ਨੇ

ਆਦਮ (ਮਨੁੱਖ ਜਾਤੀ ਦਾ ਪਿਤਾ) ਨੂੰ ਬਣਾ ਕੇ ਉਨ੍ਹਾਂ ਨੂੰ (ਫਰਿਸ਼ਤਿਆਂ ਨੂੰ) ਦੰਡ ਦੇਣ ਲਈ ਕਿਹਾ। ਸਾਰਿਆਂ ਨੇ ਕਹੇ ਅਨੁਸਾਰ ਕੀਤਾ ਪਰ ਉਨ੍ਹਾਂ ਵਿਚੋਂ ਇਬਲੀਸ ਨਾਂ ਦੇ ਜਿੰਨ (ਜਿਸਨੂੰ ਮਗਰੋਂ ਜਾ ਕੇ ਸ਼ੈਤਾਨਾਂ ਦਾ ਸਰਦਾਰ ਦੱਸਿਆ ਗਿਆ ਹੈ) ਨੇ ਇਹ ਕਹਿ ਕੇ ਆਦਮ ਨੂੰ ਦੰਡ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਮਿੱਟੀ ਦਾ ਬਣਿਆ ਹੈ। ਇਬਲੀਸ ਦੇ ਸ਼ਬਦਾਂ ਤੋਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੀ ਉਤਪਤੀ ਅਗਨੀ ਤੋਂ ਹੋਈ ਸੀ। ਅਜਿਹਾ ਵਿਸ਼ਵਾਸ ਹੈ ਕਿ ਪਰਮਾਤਮਾ ਫਰਿਸ਼ਤਿਆਂ ਨੂੰ ਆਪਣੇ ਭਗਤਾਂ ਦੀ ਰਖਿਆ ਕਰਨ ਲਈ ਭੇਜਦਾ ਸੀ। ਚੰਗਿਆਈ ਦੇ ਪ੍ਰਤੀਕ ਫਰਿਸ਼ਤਿਆਂ ,ਦਾ ਲੋਕਾਂ ਦੀ ਰਖਿਆ ਹਿੱਤ ਸਿਰਜਣਾ ਦਾ ਜਿਕਰ ਆਉਂਦਾ ਹੈ। ਪੰਖਾਂ ਵਾਲੇ ਫਰਿਸ਼ਤਿਆਂ, ਕੁਰਾਨ ਵਿਚ ਬਦੀ ਦੇ ਪ੍ਰਤੀਕ ਸ਼ੈਤਾਨ ਵਲੋਂ ਮਨੁੱਖ ਨੂੰ ਪ੍ਰੇਰਨ ਦੇ ਕੇ ਚੰਗਿਆਈ ਦੇ ਰਸਤੇ ਤੋਂ ਇਥੋਂ ਤੱਕ ਕੇ ਪਰਮਾਤਮਾ ਤੋਂ ਦੂਰ ਕਰਨ ਸੰਬੰਧੀ ਲਿਖਿਆ ਗਿਆ ਹੈ।

3. ਕਿਤਾਬਾਂ ਤੇ ਈਮਾਨ

ਮੁਹੰਮਦ ਸਾਹਿਬ ਨੇ ਅੱਲਾਹ ਦੀਆਂ ਕਿਤਾਬਾਂ ਜਿਹੜੀਆਂ ਪਰਮਾਤਮਾ ਨੇ ਆਪਣੇ ਨਬੀਆਂ, ਪੈਗੰਬਰਾਂ ਉੱਤੇ ਉਤਾਰੀਆਂ ਵਿਚ ਈਮਾਨ ਲਿਆਉਣ ਲਈ ਮਨੁੱਖ ਨੂੰ ਆਦੇਸ਼ ਦਿੱਤਾ। ਇਨ੍ਹਾਂ ਕਿਤਾਬਾਂ ਵਿਚ ਇਬਰਾਹੀਮ ਦੇ 'ਸਹੀਫੇ' ਜੋ ਹਜਰਤ ਇਬਰਾਹੀਮ ਤੇ ਉਤਰੇ ('ਤੌਰੇਤ' ਜੋ ਹਜਰਤ ਈਸਾ ਤੇ ਉਤਰੇ 'ਜਬੂਰ' ਜੋ ਹਜਰਤ ਦਾਊਦ ਦੇ ਕੋਲ ਭੇਜੀ ਗਈ ਅਤੇ 'ਇੰਜੀਲ' ਜਿਹੜੀ ਹਜਰਤ ਈਸਾ ਨੂੰ ਦਿੱਤੀ ਗਈ। ਇਸ ਵਿੱਚ ਈਮਾਨ ਲਈ ਕਿਹਾ ਗਿਆ ਹੈ।

ਕੁਰਾਨ ਸਭ ਤੋਂ ਅੰਤਮ ਗ੍ਰੰਥ ਹੋਣ ਕਾਰਨ ਇਸ ਵਿਚ ਹੀ ਈਮਾਨ ਲਿਆਉਣ ਲਈ ਕਿਹਾ ਗਿਆ ਹੈ ਕਿਉਂਕਿ ਇਹ ਸ਼ੁਧ ਈਸ਼ਵਰ ਦੀ ਬਾਣੀ ਹੈ ਤੇ ਹਰ ਇਕ ਸ਼ਬਦ ਸੱਚ ਅਤੇ ਸੁਰੱਖਿਅਤ ਹੈ ਜਦੋਂਕਿ ਦੂਸਰੇ ਗ੍ਰੰਥਾਂ ਤੇ ਈਮਾਨ ਨੂੰ ਇਸ ਕਰਕੇ ਸ਼ੱਕੀ ਦਰਸਾਇਆ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਮੂਲ ਪ੍ਰਾਪਤੀਆਂ ਪ੍ਰਾਪਤ ਨਾ ਹੋ ਕੇ ਅਨੁਵਾਦ ਰਹਿ ਗਏ ਹਨ। ਪਿਛਲੇ ਗ੍ਰੰਥਾਂ ਦੀ ਬਾਣੀ ਵਿਚ ਲੋਕਾਂ ਨੇ ਆਪਣੇ ਕਲਾਮ ਮਿਲਾ ਦਿੱਤੇ ਹਨ ਅਤੇ ਕਿਉਂਕਿ ਉਹ ਕਿਸੇ ਖਾਸ ਜਾਤੀ ਨੂੰ ਸੰਬੰਧਿਤ ਸਨ। ਉਨ੍ਹਾਂ ਦੀਆਂ ਭਾਸ਼ਾਵਾਂ ਚਿਰਕਾਲ ਤੋਂ ਮੁਰਦਾ ਹੋ ਗਈਆਂ ਹਨ। ਉਨ੍ਹਾਂ ਦੀ ਪ੍ਰਮਾਣਿਕਤਾ ਮੰਨਣ ਯੋਗ ਨਹੀਂ ਹੈ। ਕੁਰਾਨ ਦਾ

ਪ੍ਰਮਾਣਿਕਤਾ ਇਸ ਲਈ ਸਿੱਧ ਹੁੰਦੀ ਹੈ ਕਿਉਂਕਿ ਇਸਲਾਮ ਵਲੋਂ ਕੁਰਾਨ ਦੇ ਆਦੇਸ਼ਾਂ ਨੂੰ ਮੁਹੰਮਦ ਦੇ ਜੀਵਨ ਵਿਚ ਹੀ ਮੰਨ ਲਿਆ ਗਿਆ ਸੀ। " ਕੁਰਾਨ ਹਜਰਤ ਮੁਹੰਮਦ ਦੀ ਅਵਸਥਾ ਦੇ ਚਾਲੀਵੇਂ ਵਰ੍ਹੇ ਤੋਂ ਲੈ ਕੇ ਤਿਰੇਹਠਵੇਂ ਵਰ੍ਹੇ (ਮਿਰਤੂ ਦੇ 17 ਦਿਨ ਪਹਿਲਾਂ 'ਪ੍ਰਭੂ ਤੂੰ ਮਹਾਨ ਹੈ' ਦੇ ਵਾਕ ਦੇ ਉਤਰਨ ਦੇ ਸਮੇਂ ਤੱਕ) ਅਰਥਾਤ 23 ਸਾਲਾਂ ਦੇ ਸਮੇਂ ਵਿਚ ਥੋੜਾ ਥੋੜਾ ਕਰਕੇ ਉਤਰਿਆ ਹੈ। ਉਨ੍ਹਾਂ ਦੇ ਜੀਵਨ ਵਿਚ ਸਾਰਾ ਅਰਬ ਇਕ ਰਾਸ਼ਟਰ ਅਤੇ ਇਕ ਧਰਮ ਦੇ ਸੂਤਰ ਵਿਚ ਬੱਝ ਕੇ ਇਸਲਾਮ ਧਰਮ ਵਿਚ ਪ੍ਰਵਿਸ਼ਟ ਹੋ ਚੁੱਕਾ ਸੀ।[21]

ਸੱਲ ਦੀ ਸ਼ਰੀਅਤ ਦੇ ਸਿਧਾਂਤ ਕੁਰਾਨ ਤੇ ਹਦੀਸ ਰਾਹੀਂ ਪ੍ਰਾਪਤ ਹਨ। ਕੁਰਾਨ ਅੱਲਾਹ ਦੀ ਬਾਣੀ (ਕਲਾਮ) ਹੈ ਤੇ ਉਸਦਾ ਇਕ ਇਕ ਸ਼ਬਦ ਈਸ਼ਵਰ ਵਲੋਂ ਉਸਦੇ ਪੈਗੰਬਰ ਹਜਰਤ ਮੁਹੰਮਦ ਸਾਹਿਬ ਦੇ ਰਾਹੀਂ ਹੈ। ਹਦੀਸ ਦੀਆਂ ਗੱਲਾਂ ਅੱਲਾਹ ਦੇ ਰਸੂਲ ਹਜਰਤ ਮੁਹੰਮਦ ਸੱਲ ਤੋਂ ਲੈ ਕੇ ਉਨ੍ਹਾਂ ਦੇ ਸਾਥੀਆਂ ਪੈਰੋਕਾਰਾਂ ਆਦਿ ਰਾਹੀਂ ਦੇਖੀਆਂ, ਸੁਣੀਆਂ, ਮੰਨੀਆਂ, ਸਿਖੀਆਂ ਅਤੇ ਸੁਰੱਖਿਅਤ ਰੱਖ ਕੇ ਲਿਖਣ ਉਪਰੰਤ ਸਾਡੇ ਕੋਲ ਪਹੁੰਚੀਆਂ ਹਨ। ਹਦੀਸ ਇਕ ਵੱਡਾ ਭੰਡਾਰ ਹੈ ਤੇ ਇਸ ਸੰਬੰਧੀ ਕਈ ਵਿਦਵਾਨਾਂ ਦੇ ਗ੍ਰੰਥ ਪ੍ਰਮਾਣਿਕ ਸਮਝੇ ਜਾਂਦੇ ਹਨ (ਇਮਾਮ ਮਾਲਿਕ, ਇਮਾਮ ਬੁਖਾਰੀ, ਇਮਾਮ ਮੁਸਲਿਮ, ਇਮਾਮ ਅਬੂ ਦਾਊਦ ਆਦਿ।

ਕੁਰਾਨ ਤੇ ਹਦੀਸ ਦੇ ਆਦੇਸ਼ਾਂ ਤੇ ਸੋਚ ਵਿਚਾਰ ਉਪਰੰਤ ਕੁਝ ਧਾਰਮਿਕ ਵਿਦਵਾਨਾਂ ਨੇ ਸਧਾਰਨ ਲੋਕਾਂ ਦੀ ਸੁਵਿਧਾ ਲਈ, ਵਿਸਥਾਰ ਪੂਰਵਕ ਕਾਨੂੰਨ ਜਾਂ ਨਿਯਮ ਨਿਰਧਾਰਿਤ ਕੀਤੇ ਜਿਨ੍ਹਾਂ ਨੂੰ 'ਫਕਹ' ਕਿਹਾ ਜਾਂਦਾ ਹੈ। ਚਾਰ ਫਕਹਾਂ ਬਣੀਆਂ ਹਨ ਜਿਨ੍ਹਾਂ ਨੂੰ ਮੁਸਲਮਾਨ ਜ਼ਿਆਦਾ ਕਰਕੇ ਮੰਨਦੇ ਹਨ।

(1) ਇਮਾਮ ਅਬੂ ਹਨੀਫ ਦੀ ਹਨਫੀ ਫਿਕਹ

(2) ਇਮਾਮ ਮਾਲਿਕ ਹਨੀਫ ਦੀ ਹਨਫੀ ਫਿਕਹ ਮਾਲਿਕੀ

(3) ਇਮਾਮ ਸ਼ਾਫ਼ਈ ਦੀ ਹਨੀਫ ਦੀ ਹਨਫੀ ਫਿਕਹ ਸ਼ਾਫ਼ਈ

(4) ਇਮਾਮ ਅਹਿਮਦ ਹੰਬਲ ਦੀ ਹਨਫੀ ਫਿਕਹ ਹੰਬਲੀ

ਇਹ ਚਾਰੇ ਫਿਕਹ ਰਸੂਲ ਸੱਲ ਦੇ 200 ਸਾਲ ਦੇ ਅੰਦਰ ਅੰਦਰ ਸੰਕਲਿਤ ਕੀਤੀਆਂ ਗਈਆਂ ਹਨ। ਇਨ੍ਹਾਂ ਫਿਕਹ ਵਿਚ ਭੇਦ ਹਨ।

ਪਹਿਲੇ ਫ਼ਿਰਕੇ ਦੇ ਮੰਨਣ ਵਾਲੇ 34 ਕਰੋੜ ਅਧਿਕਤਰ ਤੁਰਕੀ, ਪਾਕਿਸਤਾਨ, ਭਾਰਤ, ਅਫ਼ਗਾਨਿਸਤਾਨ, ਫ਼ਰਾਂਸ, ਜੋਰਡਨ, ਇੰਡੋਚੀਨ, ਚੀਨ, ਸੋਵੀਅਤ, ਰੂਸ ਵਿਚ ਪਾਏ ਜਾਂਦੇ ਹਨ।

ਦੂਜੇ ਫ਼ਿਰਕੇ ਦੇ ਸਾਢੇ ਚਾਰ ਕਰੋੜ ਅਨੁਯਾਈ ਵਿਸ਼ੇਸ਼ ਕਰਕੇ ਮਰਾਕਸ਼ ਅਲਜੀਰੀਆ, ਟਿਊਨਿਸ, ਸੋਡਾਨ, ਕੁਵੈਤ ਅਤੇ ਬਹਿਰੀਨ ਵਿਚ ਮਿਲਦੇ ਹਨ।

ਤੀਜੇ ਫ਼ਿਰਕੇ ਦੇ ਅਨੁਯਾਈ ਦਸ ਕਰੋੜ ਦੇ ਲਗਭਗ ਫ਼ਿਲਸਤੀਨ, ਲਿਬਨਾਨ, ਮਿਸਰ, ਈਰਕ, ਸਾਊਦੀ-ਅਰਬ, ਅਤੇ ਇੰਡੋਨੇਸ਼ੀਆ ਵਿਚ ਰਹਿੰਦੇ ਹਨ।

ਚੌਥੇ ਫ਼ਿਰਕੇ ਦੇ 30 ਲੱਖ ਅਨੁਯਾਈ ਜ਼ਿਆਦਾਤਰ ਸਾਊਦੀ ਅਰਬ, ਲਿਬਨਾਨ ਅਤੇ ਸੀਰੀਆ ਵਿਚ ਰਹਿੰਦੇ ਹਨ।[22]

4. ਰਸੂਲਾਂ ਤੇ ਈਮਾਨ

ਇਸਲਾਮ ਪਰਮਾਤਮਾ ਤੋਂ ਪੈਗ਼ੰਬਰ ਹਜ਼ਰਤ ਮੁਹੰਮਦ ਤੇ ਸੰਸਾਰ ਦੇ ਲੋਕਾਂ ਨੂੰ ਈਮਾਨ ਲਿਆਉਣ ਦੀ ਗੱਲ ਹੇਠ ਲਿਖੇ ਤਿੰਨ ਕਾਰਨਾਂ ਕਰਕੇ ਕਰਦਾ ਹੈ:—

(1) ਉਹ ਅੱਲਾਹ ਦੇ ਸੱਚੇ ਪੈਗ਼ੰਬਰ ਸਨ ਕਿਉਂਕਿ ਅੱਜ ਤੋਂ ਚੌਦਾਂ ਸੌ ਸਾਲ ਪਹਿਲਾਂ ਜਿਹੜੀਆਂ ਗੱਲਾਂ ਦਾ ਇਤਿਹਾਸ ਵਿਚ ਕਿਤੇ ਵੀ ਜ਼ਿਕਰ ਨਹੀਂ ਸੀ ਅਤੇ ਜਿਨ੍ਹਾਂ ਮਾਨਵ ਚਰਿੱਤਰ ਦੇ ਆਦਰਸ਼ਾਂ ਜਿਵੇਂ ਧਰਮ, ਨੈਤਿਕਤਾ, ਸਭਿਅਤਾ ਅਤੇ ਸੰਸਕ੍ਰਿਤੀ, ਨਾਗਰਿਕਤਾ ਆਦਿ ਦਾ ਜ਼ਿਕਰ ਕੁਰਾਨ ਵਿਚ ਮਿਲਦਾ ਹੈ ਤਾਂ ਮੰਨਣਾ ਪਵੇਗਾ ਕਿ ਇਹ ਸਭ ਈਸ਼ਵਰ ਵਲੋਂ, ਇਲਹਾਮ ਦੁਆਰਾ ਸੰਸਾਰ ਦੇ ਲੋਕਾਂ ਲਈ ਮੁਹੰਮਦ ਸਾਹਿਬ ਵਿਚ ਉਤਰੀਆਂ।[23]

(2) ਮੁਹੰਮਦ ਦਾ ਮਾਰਗ ਦਰਸ਼ਨ ਮਨੁੱਖੀ ਹਿੱਤਾਂ ਦੇ ਅਨੁਕੂਲ ਹੈ।

(3) ਮੁਹੰਮਦ ਆਖ਼ਰੀ ਪੈਗ਼ੰਬਰ ਸਨ।

5. ਆਖ਼ਿਰਤ ਤੇ ਈਮਾਨ

ਆਖ਼ਿਰਤ ਦੇ ਬਾਰੇ ਤਿੰਨ ਧਾਰਾਵਾਂ ਪਾਈਆਂ ਜਾਂਦੀਆਂ ਹਨ। ਪਹਿਲੀ ਧਾਰਾ ਅਨੁਸਾਰ ਮਨੁੱਖ ਮਰਨ ਤੋਂ ਮਗਰੋਂ ਮਿੱਟ ਜਾਂਦਾ ਹੈ ਅਤੇ ਹੋਰ ਕੋਈ ਜੀਵਨ ਨਹੀਂ ਹੈ।

ਦੂਜੀ ਧਾਰਾ ਅਨੁਸਾਰ ਮਨੁੱਖ ਆਪਣੇ ਕਰਮਾਂ ਦਾ ਫਲ ਭੋਗਦਾ ਅਤੇ ਵਾਰ ਵਾਰ ਜਨਮ ਲੈਂਦਾ ਹੈ। ਤੀਜੀ ਧਾਰਾ ਕਿਆਮਤ ਅਤੇ ਪੁਰਸਕਾਰ ਪ੍ਰਾਪਤ ਕਰਨ ਲਈ ਹੁੰਦੀ ਹੈ। ਇਸੇ ਧਾਰਾ ਤਹਿਤ ਇਸਲਾਮ ਚੰਗੇ ਬੁਰੇ ਕਰਮਾਂ ਲਈ ਪੁਰਸਕਾਰ ਅਤੇ ਦੰਡ ਦੇਣ ਦੇ ਸਿੱਟੇ ਵਜੋਂ ਸਵਰਗ ਅਤੇ ਨਰਕ ਦੀ ਹੋਂਦ ਨੂੰ ਕਬੂਲਦਾ ਹੈ। ਈਮਾਨ ਅਤੇ ਇਸਲਾਮ ਦੀ ਦ੍ਰਿਸ਼ਟੀ ਤੋਂ ਸਾਰੇ ਮਨੁੱਖਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ:—

(1) ਪੂਰਨ ਰੂਪ ਵਿਚ ਜੋ ਅਨੁਸਰਨ ਕਰਦੇ ਹਨ।

(2) ਈਮਾਨ ਰੱਖਦੇ ਹਨ, ਪੂਰਨ ਰੂਪ ਵਿਚ ਆਗਿਆਕਾਰੀ ਨਹੀਂ, ਅਵਹੇਲਣਾ ਕਰਦੇ ਹਨ ਦੰਡਯੋਗ, ਅਪਰਾਧੀਆਂ ਵਰਗੇ ਹਨ ਵਿਦਰੋਹੀ ਨਹੀਂ।

(3) ਈਮਾਨ ਨਹੀਂ ਰੱਖਦੇ ਪਰ ਕਰਮ ਈਸ਼ਵਰੀ ਕਾਨੂੰਨ ਦੇ ਅਨੁਕੂਲ ਕਰਮ ਕਰਦੇ ਦਿਖਾਈ ਦਿੰਦੇ ਹਨ, ਵਿਦਰੋਹੀ ਹਨ।

(4) ਈਮਾਨ ਨਹੀਂ ਰੱਖਦੇ, ਕਰਮ ਦੀ ਦ੍ਰਿਸ਼ਟੀ ਤੋਂ ਵੀ ਦੁਰਾਚਾਰੀ ਦੁਸ਼ਟ ਹਨ।

### 6. ਗੈਬ ਤੇ ਈਮਾਨ

ਜਿਸਦਾ ਗਿਆਨ ਨਹੀਂ ਉਸਦਾ ਗਿਆਨ, ਗਿਆਨੀਆਂ ਤੋਂ ਪ੍ਰਾਪਤ ਕਰੋ ਤੇ ਉਨ੍ਹਾਂ ਤੇ ਵਿਸ਼ਵਾਸ ਕਰੋ। ਅੱਲਾਹ ਦੀ ਆਗਿਆ ਪਾਲਣ ਉਸਦੀ ਇੱਛਾ ਅਨੁਸਾਰ ਆਚਰਨ ਕਰਨ ਲਈ ਗੈਬ ਤੇ ਈਮਾਨ ਜ਼ਰੂਰੀ ਹੈ ਕਿਉਂਕਿ ਪੈਗੰਬਰ ਤੋਂ ਬਿਨਾਂ ਯਥਾਰਥ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਪੈਗੰਬਰੀ ਪਹਿਚਾਨ ਉਨ੍ਹਾਂ ਵਿਸ਼ਵਾਸ ਆਗਿਆਪਾਲਣ ਜਿਨ੍ਹਾਂ ਗੱਲਾਂ ਨੂੰ ਅੱਜ ਅੰਧ-ਵਿਸ਼ਵਾਸ ਸਮਝਿਆ ਜਾਂਦਾ ਹੈ ਉਹ ਉਸ ਸਮੇਂ ਦੀਆਂ ਸਚਾਈਆਂ ਸਨ। ਰੀਤਾਂ, ਘ੍ਰਿਣਾਯੋਗ ਉਹ ਉਸ ਸਮੇਂ ਨੈਤਿਕਤਾ ਵਿਚ ਉਚਿਤ ਸਨ।

ਧਰਮ ਸਭਿਅਤਾ ਨੈਤਿਕਤਾ, ਸੰਸਕ੍ਰਿਤੀ, ਨਾਗਰਿਕਤਾ ਆਦਿ ਦੀਆਂ ਕਲਪਨਾਵਾਂ ਉਦੋਂ ਸਾਰੇ ਸੰਸਾਰ ਵਿਚ ਹੀ ਨਹੀਂ ਸਨ "ਜਦਕਿ ਅੱਜ ਅਸੀਂ ਧਰਮ ਫ਼ਿਰਕਿਆਂ ਦੇ ਰੂਪ ਵਿਚ ਪ੍ਰਿਣਤ ਹੋ ਗਏ ਹਾਂ ਅਤੇ ਮਾਨਵ ਨੂੰ ਜੋੜਨ ਦੀ ਥਾਂ ਤੇ ਤੋੜਨ ਦਾ ਸਾਧਨ ਬਣ ਗਏ ਹਾਂ ਫੇਰ ਵੀ ਧਰਮ ਨੂੰ ਤਿਆਗ ਦੇਣਾ ਜਾਂ ਦੁਨੀਆਂ ਵਿਚੋਂ ਧਰਮ ਮਾਤਰ ਦਾ ਅਸਤਿਤਵ ਸਮਾਪਤ

ਕਰ ਦੇਣਾ ਨਾ ਸੰਭਵ ਹੈ ਨਾ ਵਾਂਛਤ ਹੈ।"[24]

"ਅਸੀਂ ਭਗਵਾਨ ਦੇ ਨਾਂ ਤੇ ਕਹਿ ਰਹੇ ਹਾਂ ਕਿ ਇਹ ਸੂਰਜ ਥੱਲੇ ਉੱਤਰ ਰਿਹਾ ਹੈ ਇਸੇ ਤਰ੍ਹਾਂ ਜ਼ਿੰਦਗੀ ਵੀ ਜਾਣ ਵਾਲੀ ਹੈ। ਉਹ ਸਾਰੇ ਲੋਕ ਖਤਰੇ ਵਿਚ ਹਨ ਜੋ ਭਗਵਾਨ ਨੂੰ ਯਾਦ ਨਹੀਂ ਕਰਦੇ, ਭਗਵਾਨ ਤੇ ਈਮਾਨ ਰੱਖਣ ਵਾਲੇ ਤੇ ਨਾਲ ਨਾਲ ਨੇਕ ਕੰਮ ਕਰਨ ਵਾਲੇ ਹੱਕ ਅਤੇ ਸਬਰ ਤੇ ਚੱਲਣ ਵਾਲੇ ਅਤੇ ਇਕ ਦੂਜੇ ਨੂੰ ਹੱਕ ਅਤੇ ਸਬਰ ਤੇ ਚਲਾਉਣ ਵਾਲੇ ਅਤੇ ਉਸ ਵਿਚ ਮਦਦ ਕਰਨ ਵਾਲੇ ਘਾਟੇ ਵਿਚ ਨਹੀਂ ਰਹਿਣਗੇ, ਬਾਕੀ ਸਭ ਘਾਟੇ ਵਿਚ ਰਹਿਣਗੇ।[25]

ਈਮਾਨ ਰੱਖਣਾ, ਨਾਲ ਨਾਲ ਚੰਗੇ ਕੰਮ ਕਰਨਾ ਇਕ ਦੂਜੇ ਨੂੰ ਸੱਚ ਦੀ ਰਾਹ ਅਤੇ ਸਬਰ ਦੀ ਰਾਹ ਤੇ ਚੱਲਣ ਵਿਚ ਮਦਦ ਕਰਨਾ ਇਹੋ ਇਸਲਾਮ ਦੇ ਮਹੱਤਵਪੂਰਨ ਜੀਵਨ ਮੁੱਲ ਹਨ।

ਮੁਸਲਮਾਨ ਇਥੇ ਆਏ ਅਤੇ ਆਪਣੇ ਨਾਲ ਨਵੀਂ ਸੰਸਕ੍ਰਿਤੀ ਲੈ ਕੇ ਆਏ ਉਨ੍ਹਾਂ ਦੀ ਨਵੀਂ ਸੰਸਕ੍ਰਿਤੀ ਨਾਲ ਇਥੇ ਦੀ ਸੰਸਕ੍ਰਿਤੀ ਦੀ ਟੱਕਰ ਹੋਈ। ਮੁਸਲਮਾਨ ਆਪਣੀ ਸੰਸਕ੍ਰਿਤੀ ਵਿਕਾਸ ਲਈ ਦੋ ਮਾਰਗ, ਦੋ ਧਾਰਾਵਾਂ ਦੀ ਤਰ੍ਹਾਂ ਇਕ ਦੂਸਰੇ ਨਾਲ ਚੱਲੇ। ਹਿੰਸਾ ਦੇ ਨਾਲ ਅਸੀਂ ਰਾਜਸੀ ਔਰੰਗਜ਼ੇਬ ਦਾ ਨਾਂ ਲੈ ਸਕਦੇ ਹਾਂ ਤੇ ਦੂਸਰੀ ਤਰਫ ਪ੍ਰੇਮ ਮਾਰਗ ਲਈ ਅਕਬਰ ਅਤੇ ਕਬੀਰ ਆਦਿ ਦਾ ਨਾਂ ਲੈ ਸਕਦੇ ਹਾਂ ਸਾਡੇ ਇਥੇ ਜਿਹੜੀ ਕਮੀ ਸੀ ਉਹ ਇਸਲਾਮ ਨੇ ਪੂਰੀ ਕੀਤੀ। ਇਸਲਾਮ ਸਭਨੂੰ ਸਮਾਨ ਮੰਨਦਾ ਸੀ ਪਰ ਸਾਡੀ ਸਮਾਜਿਕ ਵਿਵਸਥਾ ਵਿਚ ਇਸ ਸਮਾਨਤਾ ਦੀ ਅਨੁਭੂਤੀ ਨਹੀਂ ਮਿਲਦੀ ਅਸੀਂ ਉਸਤੇ ਅਮਲ ਨਹੀਂ ਕੀਤਾ ਸੀ। ਵਿਵਹਾਰਿਕ ਸਮਾਨਤਾ ਦਾ ਵਿਚਾਰ ਇਸਲਾਮ ਦੇ ਨਾਲ ਆਇਆ। ਇਸਲਾਮ ਆਗਮਨ ਸਮੇਂ ਇਥੇ ਅਨੇਕ ਜਾਤੀਆਂ ਸਨ ਇਕ ਜਾਤੀ ਦੂਜੀ ਜਾਤੀ ਦੇ ਨਾਲ ਸ਼ਾਦੀ ਵਿਆਹ ਨਹੀਂ ਕਰਦੀ ਸੀ ਨਾ ਹੀ ਰੋਟੀ ਪਾਣੀ ਦੀ ਸਾਂਝ ਸੀ। ਹੌਲੀ ਹੌਲੀ ਸੰਸਕ੍ਰਿਤੀਆਂ ਨੇੜੇ ਆਈਆਂ। ਸੂਰੇ ਹਸ਼ਰ ਵਿਚ ਅੱਲਾਹ ਦੇ ਅਨੇਕ ਨਾਮ ਹਨ। ਉਨ੍ਹਾਂ ਦੀਆਂ ਜਿੰਨੀਆਂ ਸਿਫਤਾਂ ਉਨੇ ਨਾਂ ਅੱਲਾਹ ਦੇ 99 ਨਾਂ ਮੰਨੇ ਹਨ।

ਅੱਲਾਹ ਨੇ ਇਨਸਾਨ ਨੂੰ ਅਕਲ ਤੇ ਮੁਹੱਬਤ ਦਿੱਤੀ। ਇਨਸਾਨ ਨੂੰ ਉਸਨੇ ਜੋ ਜੋ ਨਿਆਮਤਾਂ ਦਿੱਤੀਆਂ ਉਨ੍ਹਾਂ ਦਾ ਜ਼ਿਕਰ ਸੂਰੇ ਹਸ਼ਰ ਵਿਚ ਹੈ। ਅੱਲਾਹ ਨੇ ਆਦਮੀ ਨੂੰ

ਤਰਾਜੂ ਦਿੱਤਾ ਹੈ ਹੋਰ ਚੀਜਾਂ ਜਿਵੇਂ ਜਮੀਨ, ਪਹਾੜ, ਦਰੱਖਤ, ਫਲ,ਫੁੱਲ, ਅਨਾਜ ਆਦਿ। ਉਨ੍ਹਾਂ ਵਿਚ ਤਰਾਜੂ ਦਾ ਨਾਂ ਵੀ ਆਉਂਦਾ ਹੈ ਫੇਰ ਨਸੀਹਤ ਕੀਤੀ ਗਈ ਕਿ ਇਨ੍ਹਾਂ ਦੇ ਨਿਆਂ ਦਾ ਪੂਰਾ ਫਾਇਦਾ ਉਠਾਉਣਾ ਤਾਂ ਤਰਾਜੂ ਠੀਕ ਰੱਖ।

ਸਭ ਤੋਂ ਵੱਡੀ ਚੀਜ ਅੱਲਾਹ ਨੇ ਦਿੱਤੀ ਉਹ ਹੈ ਰਹਿਮ ਅੱਲਾਹ ਦਾ ਨਾਮ ਹੈ ਅਬੂ-ਰਹਿਮਾਨ। ਮੁਹੰਮਦ ਪੈਗੰਬਰ ਇਹ ਨਾਂ ਲੈਂਦੇ ਹਨ। ਉਨ੍ਹਾਂ ਕਿਹਾ ਕਿ ਦੂਸਰੇ,ਤੀਸਰੇ ਨਹੀਂ ਹਨ ਅੱਲਾਹ ਇਕ ਹੈ - - - (ਅੱਲਾਹ ਤੇ ਰਹਿਮਾਨ ਦੇ ਪੁੱਛਣ ਤੇ ਜਵਾਬ) ਜੋ ਅੱਲਾਹ ਹੈ ਉਹ ਰਹਿਮਾਨ ਹੈ ਤੇ ਜੋ ਰਹਿਮਾਨ ਹੈ ਉਹੀ ਅੱਲਾਹ ਹੈ। ਮੰਸੂਰ ਕਹਿੰਦਾ ਸੀ ਅਨਲਹੱਕ ਮੈਂ ਹੀ ਹੱਕ ਹਾਂ, ਖੁਦਾ ਹੱਕ ਹੈ। ਜਕਾਤ ਦੇਣੀ ਚਾਹੀਦੀ ਹੈ ਜੋ ਵੀ ਥੋੜੀ ਥੋੜੀ ਕੋਲ ਹੈ ਉਸੇ ਵਿਚੋਂ ਦੇਣਾ ਚਾਹੀਦਾ ਦੋਵੇਂ ਧਰਮ ਸਾਰਿਆਂ ਤੇ ਲਾਗੂ ਹੁੰਦੇ ਹਨ।

ਅੱਲਾਹ ਦੀ ਕਰਾਮਾਤ ਦੇਖੋ ਉਸਨੇ ਮਨਸੂਬਾ ਕੀਤਾ ਤੇ ਹਰ ਇਕ ਨੂੰ ਪਿਆਰ ਦੀ ਤਾਲੀਮ ਬਚਪਨ ਵਿਚ ਹੀ ਦਿੱਤੀ। ਸਰਕਾਰ ਅਕਲ ਦੀ ਤਾਲੀਮ ਵੱਡੇ ਹੋਇਆਂ ਨੂੰ ਦਿੰਦੀ ਹੈ ਲੇਕਿਨ ਮੁਹੱਬਤ ਅਤੇ ਪਿਆਰ ਦੀ ਤਾਲੀਮ ਹਰ ਬੱਚੇ ਨੂੰ ਮਿਲੇ ਇਸ ਤਰ੍ਹਾਂ ਦੀ ਅੱਲਾਹ ਨੇ ਕੋਸ਼ਿਸ਼ ਕੀਤੀ ਹੈ।

ਇਸਲਾਮੀ ਦਰਸ਼ਨ ਪਰਮਾਤਮਾ ਦੀ ਇਬਾਦਤ(ਸਿਮਰਨ ਪੂਜਾ) ਆਦਿ ਅਤੇ ਜੀਵਨ ਜਾਚ ਦੇ ਲਈ ਨਿਰਧਾਰਤ ਢੰਗ, ਆਦੇਸ਼ ਅਤੇ ਕਰਤਵਯ ਵਿਧਾਨ ਲਾਗੂ ਕਰਦਾ ਹੈ। ਜਿਸ ਵਿਚ ਇਬਾਦਤ ਲਈ ਢੰਗ ਅਤੇ ਜਾਬਤੇ, ਸਮਾਜਿਕ ਸਿਧਾਂਤ ਆਪਸੀ ਸੰਬੰਧਾਂ ਦੇ ਨਿਯਮ ਵਰਜਿਤ ਅਤੇ ਅਵਰਜਿਤ, ਠੀਕ ਅਤੇ ਗਲਤ ਦੀਆਂ ਸੀਮਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।

ਇਸ ਦਰਸ਼ਨ ਵਿਚ ਕਿਸੇ ਜਾਤ, ਦੇਸ਼ ਰੀਤੀ-ਰਿਵਾਜ ਆਦਿ ਲਈ ਮਨੁੱਖ ਨੂੰ ਆਧਾਰ ਨਹੀਂ ਮੰਨਿਆ ਗਿਆ ਸਗੋਂ ਪ੍ਰਕਿਰਤੀ ਦੇ ਆਧਾਰ ਤੇ ਸਮੇਂ ਸਥਿਤੀ ਅਨੁਸਾਰ, ਸੰਸਾਰ ਵਿਚ ਰਹਿੰਦਿਆਂ ਦੂਸਰਿਆਂ ਦੀ ਹੋਂਦ ਨੂੰ ਸਵੀਕਾਰਿਆ। ਜੀਵਨ ਆਨੰਦ ਪ੍ਰਾਪਤ ਕਰਨ ਲਈ ਕਿਹਾ ਗਿਆ ਹੈ ਇਸ ਦਰਸ਼ਨ ਵਿਚ ਪ੍ਰਕਿਰਤੀ ਵਿਧੀ ਵਿਧਾਨ ਦਾ ਨਿਸ਼ਚਿਤ ਅਨੁਸਰਨ ਕਰਨ ਦਾ ਵਿਧਾਨ ਹੈ ਕਿਉਂਕਿ ਉਹ ਪਰਮਾਤਮਾ ਨੇ ਮਨੁੱਖ ਲਈ ਬਣਾਈ ਹੈ।

## ਪੱਛਮੀ ਜੀਵਨ ਮੁੱਲ

ਜਦੋਂ ਅਸੀਂ ਪੱਛਮੀ ਜੀਵਨ ਮੁੱਲਾਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਪੱਛਮੀ ਉੱਨਤੀ ਦੀ ਚਕਾਚੌਂਧ ਕਰ ਦੇਣ ਵਾਲੀ ਸਥਿਤੀ ਸਾਹਮਣੇ ਖੜੀ ਹੋ ਜਾਂਦੀ ਹੈ ਪਰ ਪ੍ਰਾਚੀਨ ਕਾਲ ਦੀ ਸਥਿਤੀ ਦੇ ਅਧਿਐਨ ਉਪਰੰਤ ਜਦੋਂ ਅਸੀਂ ਸਮੇਂ ਸਥਿਤੀ ਅਨੁਸਾਰ ਪਰਿਸਥਿਤੀਆਂ ਦਾ ਲੇਖਾ ਜੋਖਾ ਕਰਦੇ ਹਾਂ ਤਾਂ ਅੱਜ ਦਾ ਪੱਛਮ ਕੱਲ ਦੇ ਪੂਰਬ ਤੋਂ ਛਿਟਆਉਂਦਾ ਨਜ਼ਰ ਆਉਂਦਾ ਹੈ। ਮਨੁੱਖ ਕਦੇ ਵੀ ਅਸਭਿਆ ਨਹੀਂ ਰਿਹਾ ਉਹ ਆਪਣੇ ਸਮੇਂ ਦੀਆਂ ਕਦਰਾਂ-ਕੀਮਤਾਂ, ਭਾਈਚਾਰਕ ਪ੍ਰੰਪਰਾਵਾਂ ਅਤੇ ਇਥੋਂ ਤਕ ਕਿ ਆਪਣੀਆਂ ਪਸ਼ੂ ਪ੍ਰਵਿਰਤੀਆਂ ਨੂੰ ਵੀ ਸਮਝਿਆ ਕਰਦਾ ਰਿਹਾ ਹੈ ਪਰ ਵਿਕਾਸ ਦੀਆਂ ਤਬਦੀਲੀਆਂ ਦੇ ਤਹਿਤ ਉਸਦਾ ਆਪਣੇ ਸਥਿਤੀ ਸੰਦਰਭ ਵਿਚ ਵਿਵਹਾਰਿਕ ਪਰਿਪੇਖ ਅਧਿਐਨ ਉਪਰੰਤ ਸਾਡੇ ਸਾਹਮਣੇ ਆ ਸਕਦਾ ਹੈ।

ਮਨੁੱਖੀ ਜੀਵਨ ਵਿਚ ਮਨੁੱਖ ਨੂੰ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਦਾ ਗਿਆਨ ਹੋਣਾ ਜਰੂਰੀ ਹੈ। ਜੀਣ ਪ੍ਰਕਿਰਿਆ ਵਿਚ ਇਨ੍ਹਾਂ ਦੇ ਪਰਸਪਰ ਸੰਬੰਧਾਂ ਦਾ ਬੜਾ ਮਹੱਤਵ ਹੈ। ਕੋਈ ਆਦਮੀ ਨਿਰੋਲ ਅਧਿਕਾਰ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਉੱਨਤ ਨਹੀਂ ਕਰ ਸਕਦਾ ਅਤੇ ਨਾ ਹੀ ਇਕੱਲੇ ਕਰਤੱਵ ਪਾਲਣ ਨਾਲ ਵਿਅਕਤਿਤ੍ਵ ਦਾ ਵਿਕਾਸ ਹੋ ਸਕਦਾ ਹੈ। ਅਧਿਕਾਰਾਂ ਅਤੇ ਕਰਤੱਵਾਂ ਦਾ ਸੁਮਿਸ਼ਰਣ ਆਦਮੀ ਨੂੰ ਨੈਤਿਕਤਾ ਪ੍ਰਦਾਨ ਕਰਦਾ ਹੈ। ਨੈਤਿਕ ਪ੍ਰਾਣੀ ਜੀਵਨ ਵਿਚ ਸਦਾਚਾਰਕ ਮੁੱਲਾਂ ਨੂੰ ਸਵੀਕਾਰ ਕਰਨ ਅਤੇ ਮਹੱਤਵ ਪ੍ਰਦਾਨ ਕਰਨ ਹਿਤ ਸਦਾ ਉਤਸੁਕ ਰਹਿੰਦਾ ਹੈ। ਇਸ ਪ੍ਰਕਿਰਿਆ ਵਿਚ ਮਨੁੱਖ ਦੇ ਆਚਰਨ ਵਿਚ ਕਰਤੱਵ, ਅਧਿਕਾਰ ਅਤੇ ਸਦਗੁਣ ਦਾ ਸੁਮੇਲ ਹੋ ਜਾਂਦਾ ਹੈ। ਸਦਗੁਣ ਦਾ ਅਰਥ ਅਸੀਂ ਸ਼ਕਤੀ ਤੋਂ ਵੀ ਲੈ ਸਕਦੇ ਹਾਂ ਕਿਉਂਕਿ ਇਹ ਬਿਨਾ ਕਿਸੇ ਵਿਸ਼ੇਸ਼ ਯਤਨ ਤੋਂ ਦੂਸਰਿਆਂ ਵਿਅਕਤੀਆਂ ਤੇ ਅਚੇਤਨ ਹੀ ਵਿਸ਼ਿਸ਼ਟ ਪ੍ਰਭਾਵ ਛੱਡਦੇ ਹਨ। ਸੂਰਬੀਰਤਾ, ਸਾਹਸ ਅਤੇ ਪਵਿੱਤਰਤਾ ਨੂੰ ਅਸੀਂ ਉਦਾਹਰਣ ਵਜੋਂ ਲੈ ਸਕਦੇ ਹਾਂ। ਇਸ ਤਰ੍ਹਾਂ ਜੀਵਨ ਮੁੱਲਾਂ ਦੀ ਪ੍ਰਕਿਰਿਆ ਮਨੁੱਖੀ ਸ੍ਰੇਸ਼ਠਤਾ ਬਣ ਜਾਂਦੀ ਹੈ। ਇਸੇ ਲਈ ਕਿਸੇ ਵੀ ਸੰਸਕ੍ਰਿਤੀ ਦਾ ਅਰਥ ਵਿਵੇਚਨ ਕਰਦਿਆਂ ਸਾਨੂੰ ਜੀਵਨ ਮੁੱਲਾਂ ਨੂੰ ਵਿਆਪਕ ਦ੍ਰਿਸ਼ਟੀਕੋਣ ਤੋਂ ਲੈਣਾ ਪੈਂਦਾ ਹੈ।

ਕਿਸੇ ਵੀ ਸਮਾਜ ਦੀ ਵਿਸ਼ੇਸ਼ਤਾ ਉਸਦੇ ਉਸ ਸਮੇਂ ਦੇ ਜੀਵਨ ਮੁੱਲਾਂ ਦੇ ਉਚੇਰੇ ਹੋਣ ਤੋਂ ਮਾਪੀ ਜਾ ਸਕਦੀ ਹੈ। ਪੱਛਮੀ ਜੀਵਨ ਖਾਸ ਕਰਕੇ ਯੂਨਾਨੀ ਸਭਿਆਚਾਰ ਵਿਚ ਸਾਹਸ ਨੂੰ ਯੁੱਧ ਵਿਚ ਵੀਰਤਾ ਦਿਖਾਉਣ ਦੇ ਸੰਦਰਭ ਵਿਚ ਲਿਆ ਜਾਂਦਾ ਹੈ । ਇਸੇ ਲਈ ਪੱਛਮੀ

ਜੀਵਨ ਖਾਸ ਕਰਕੇ ਯੂਨਾਨੀ ਸਭਿਆਚਾਰ ਵਿਚ ਸਾਹਸ ਨੂੰ ਯੁੱਧ ਵਿਚ ਵੀਰਤਾ ਦਿਖਾਉਣ ਦੇ ਸੰਦਰਭ ਵਿਚ ਲਿਆ ਜਾਂਦਾ ਹੈ। ਇਸੇ ਲਈ ਪੱਛਮੀ ਦਾਰਸ਼ਨਿਕਾਂ ਨੇ ਜਿਹੜੇ ਚੰਗੇ ਗੁਣਾਂ ਜਾਂ ਉਚੇਰੇ ਮੁੱਲਾਂ ਦੀ ਵੰਡ ਚਾਰ ਰੂਪਾਂ ਵਿਚ ਕੀਤੀ ਹੈ ਉਸ ਵਿਚੋਂ ਇਕ ਸਾਹਸ ਹੈ ਪਰ ਹੁਣ ਅਸੀਂ ਇਸ ਮੁੱਲ ਦੀ ਉੱਚਤਾ ਯੁੱਧ ਦੇ ਸੰਬੰਧ ਵਿਚ ਨਾ ਮੰਨ ਕੇ ਦੂਜੇ ਖੇਤਰਾਂ ਜਿਵੇਂ ਵਿਗਿਆਨ ਰਾਜਨੀਤੀ ਆਦਿ ਵਿਚ ਲੈਂਦੇ ਹਾਂ।

ਆਮ ਤੌਰ ਤੇ ਪੱਛਮੀ ਦਰਸ਼ਨ ਵਿਚ ਸਦਗੁਣਾਂ ਅਥਵਾ ਚੰਗੇਰੇ ਗੁਣਾਂ ਨੂੰ ਕਰਤੱਵ ਨਾਲ ਸੰਬੰਧਿਤ ਕੀਤਾ ਜਾਂਦਾ ਰਿਹਾ ਹੈ ਇਸ ਲਈ ਇਸ ਦਰਸ਼ਨ ਵਿਚ ਮੁੱਲਾਂ ਤੋਂ ਕਰਤੱਵ ਨੂੰ ਮਹਾਨਤਾ ਪ੍ਰਾਪਤ ਰਹੀ ਹੈ ਅਤੇ ਚੰਗੇਰੇ ਗੁਣ ਪ੍ਰਤੱਖ ਸੰਸਾਰ ਨਾਲ ਜੋੜ ਕੇ ਵੇਖੇ ਜਾਂਦੇ ਰਹੇ ਹਨ ਫੇਰ ਵੀ ਬਹੁਤ ਸਾਰੇ ਅਜਿਹੇ ਸਦਗੁਣ ਹਨ ਜਿਹੜੇ ਮਨੁੱਖੀ ਜ਼ਿੰਦਗੀ ਦਾ ਭਾਗ ਬਣ ਗਏ ਹਨ। ਇਨ੍ਹਾਂ ਦੀ ਸਥਾਪਤਾ ਸਦੀਆਂ ਤੋਂ ਹੁੰਦੀ ਆਈ ਹੈ। ਪੱਛਮੀ ਦਾਰਸ਼ਨਿਕ ਪਲੈਟੋ ਨੇ (427- 347 ਬੀ.ਸੀ.) ਦੀ ਸਥਾਪਿਤ ਹੋ ਚੁੱਕੇ ਚਾਰ ਮੁੱਖ ਸਦਗੁਣ ਜਿਨ੍ਹਾਂ ਨੂੰ ਅਰਸਤੂ ਨੇ ਵੀ ਮੰਨਿਆ ਮਿਥੇ ਹਨ:-

(1) ਵਿਵੇਕ (Wisdom of Prudence)

(2) ਸਾਹਸ (Courage)

(3) ਸੰਜਮ (Temperance)

(4) ਨਿਆਂ (Justice)

ਇਹ ਚਾਰੇ ਮੁੱਲ ਅਥਵਾ ਸਦਗੁਣਾਂ ਨੂੰ ਪ੍ਰਾਚੀਨ ਕਾਲ ਤੋਂ ਸਾਰੇ ਸੰਸਾਰ ਵਿਚ ਮਾਨਤਾ ਪ੍ਰਾਪਤ ਹੋਣੀ ਹੈ ਕਿਉਂਕਿ ਇਹ ਸਦਗੁਣ ਵਿਅਕਤੀਗਤ ਵਿਕਾਸ ਦੇ ਮੂਲ ਹਨ ਜਿਨ੍ਹਾਂ ਨੇ ਸਮੇਂ ਸਮੇਂ ਤੇ ਵੱਖ-ਵੱਖਰੇ ਸਭਿਆਚਾਰਾਂ ਦੇ ਸਮਾਜਿਕ ਕਲਿਆਣ ਦੇ ਪੱਖ ਨੂੰ ਪ੍ਰੇਰਿਤ ਕੀਤਾ ਫੇਰ ਵੀ ਅਸੀਂ ਵੇਖਦੇ ਹਾਂ ਕਿ ਸਾਹਸ ਅਤੇ ਸੰਜਮ ਪ੍ਰਤੱਖ ਰੂਪ ਵਿਚ ਵਿਅਕਤੀ ਦੇ ਵਿਅਕਤਿਤ੍ਵ ਨਾਲ ਸੰਬੰਧਿਤ ਲਗਦੇ ਹਨ। ਜਦਕਿ ਵਿਵੇਕ ਅਤੇ ਨਿਆਂ ਦਾ ਸੰਬੰਧ ਸਮਾਜਿਕ ਖਾਸੇ ਵਾਲਾ ਲਗਦਾ ਹੈ। ਵਿਆਪਕ ਦ੍ਰਿਸ਼ਟੀ ਤੋਂ ਵਿਵੇਕ ਵਰਗੇ ਵਿਸ਼ਾਲ ਮੁੱਲ ਵਿਚ ਦੂਸਰੇ ਤਿੰਨੇ ਮੂਲ ਅੰਤਰਗਤ ਹੁੰਦੇ ਮਹਿਸੂਸ ਹੁੰਦੇ ਹਨ ਕਿਉਂਕਿ ਇਨ੍ਹਾਂ ਮੁੱਲਾਂ ਦੀ ਪ੍ਰਚਾਰਤ ਕਿਰਿਆ ਵਿਵੇਕ ਦੁਆਰਾ ਹੀ ਪ੍ਰਤੱਖ ਹੁੰਦੀ ਹੈ।

ਸਾਡਾ ਗਿਆਨ ਵਧ ਗਿਆ ਹੈ, ਸਾਡੀ ਜਾਣਕਾਰੀ ਵਧ ਗਈ ਹੈ ਪਰੰਤੂ ਵਿਵੇਕ ਅਤੇ ਸਦਗੁਣਾਂ ਵਿਚ ਸਾਡਾ ਵਿਕਾਸ ਨਹੀਂ ਹੋ ਸਕਿਆ ਅਤੇ ਉਨ੍ਹਾਂ ਦੇ ਅਭਾਵ ਵਿਚ ਸਾਰੀਆਂ ਚੀਜਾਂ ਚਿਰਜੀਵੀ ਸੰਘਰਸ਼ ਵਿਚ ਨਾਜਾਇਜ਼ ਹੋ ਗਈਆਂ ਹਨ। ਕੋਈ ਕੇਂਦਰ ਅਜਿਹਾ ਨਹੀਂ ਜਿਹੜਾ ਸੰਸਾਰ ਨੂੰ ਇਕ ਰੂਪ ਵਿਚ ਬੰਨ੍ਹ ਸਕੇ। ਅੱਜ ਤੱਕ ਵਿਵੇਕ ਅਤੇ ਸਦਗੁਣਾਂ ਦੇ ਵਿਕਾਸ ਲਈ ਧਰਮ ਅਨੁਸ਼ਾਸਨ ਦਾ ਕੰਮ ਦਿੰਦਾ ਰਿਹਾ ਹੈ ਕਿੰਤੂ ਅੱਜ ਧਰਮ ਵਿਸ਼ਵਾਸ ਤੋਂ ਖਿਸਕ ਕੇ ਅਸੀਂ ਬਹੁਤ ਦੂਰ ਚਲੇ ਗਏ ਹਾਂ ਅਤੇ ਤੁਰੀਂਖਿਆ ਦਾ ਹਾਸ਼ੀਆ ਅੱਜ ਖਤਰਨਾਕ ਰੂਪ ਵਿਚ ਛੋਟਾ ਅਤੇ ਸੰਕੁਚਿਤ ਹੋ ਗਿਆ ਹੈ। ਸਮਾਜਿਕ ਮਨੋਵਿਵਸਥਾ ਦਾ ਸ਼ੋਸ਼ਣ ਕਰਨ ਵਾਲੇ ਬਹੁ-ਸੰਖਿਆ ਵਿਅਕਤੀ ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਪੈਦਾ ਹੋ ਗਏ ਹਨ ਜਿਹੜੇ ਆਪਣੇ ਆਪ ਨੂੰ ਨੇਤਾ ਕਹਿੰਦੇ ਹਨ ਅਤੇ ਵਿਵੇਕ ਦੇ ਨਾਂ ਤੇ ਆਪਣੀ ਮੂਰਖਤਾ ਦਾ ਪ੍ਰਦਰਸ਼ਨ ਕਰਦੇ ਰਹਿੰਦੇ ਹਨ।

ਸਮੇਂ ਸਮੇਂ ਤੇ ਕਈ ਦਾਰਸ਼ਨਿਕਾਂ ਵਲੋਂ ਇਸ ਮੁੱਲ ਵਿਧਾਨ ਵਿਚ ਤਬਦੀਲੀਆਂ ਕੀਤੀਆਂ ਗਈਆਂ ਤੇ ਕਿਤੇ ਕਿਤੇ ਕੁਝ ਆਲੋਚਕਾਂ ਨੇ ਇਨ੍ਹਾਂ ਮੁੱਲਾਂ ਦੀ ਨਿਰਪੱਖਤਾ ਤੇ ਉਂਗਲੀ ਉਠਾਈ। ਇਥੋਂ ਤੱਕ ਕਿ ਇਸ ਵਿਰਲਤਾਆਂ ਵਿਸਦੀਆਂ ਤਰੁੱਟੀਆਂ ਨੂੰ ਮਹਾਨ ਦਾਰਸ਼ਨਿਕ ਅਰਸਤੂ ਨੇ (384- 322 ਈ.ਪੂ.) ਦੂਰ ਕਰਨ ਹਿੱਤ ਮੁੱਲਾਂ ਦੀ ਇਕ ਵੱਡੀ ਤਾਲਿਕਾ ਬਣਾਈ ਪਰ ਉਹ ਪਲੈਟੋ ਦੀ ਵਿਆਪਕ ਅਤੇ ਤਰਕ ਵੀੜ ਦੇ ਸਾਹਮਣੇ ਖੜ੍ਹੇ ਨਾ ਸਕੀ। ਅਰਸਤੂ ਨੇ ਗਿਆਨ ਨੂੰ ਹੀ ਮੁੱਲ ਮੰਨਿਆ ਤੇ ਉਸਦੇ ਸਹਿਯੋਗੀ ਮੁੱਲ ਮਿਥਣ ਦੀ ਕੋਸ਼ਿਸ਼ ਕੀਤੀ ਕਿਉਂਕਿ ਉਚੇਰੇ ਮੁੱਲ ਮੂਲ ਰੂਪ ਵਿਚ ਮਨੁੱਖੀ ਸੰਸਕਾਰਾਂ ਅਤੇ ਮਨੁੱਖੀ ਗੁਣਾਂ ਦਾ ਅਭਿਵਿਅਕਤੀ ਹਨ।

ਪੱਛਮੀ ਆਚਾਰ ਵਿਹਾਰ ਨੂੰ ਦੋ ਵੱਖਰੀਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ:

(1) ਵਿਵਹਾਰਿਕ ਪੱਖ (2) ਸਿਧਾਂਤਕ ਪੱਖ

1. ਵਿਵਹਾਰਿਕ ਪੱਖ

ਵਿਵਹਾਰਿਕ ਮੁੱਲਾਂ ਦਾ ਸੰਬੰਧ ਮਨੁੱਖੀ ਵਰਤਾਰਾ-ਵਿਧਾਨ ਵਿਚ ਸਮਾਜਿਕ ਕਲਿਆਣ ਅਤੇ ਮਨੁੱਖ ਦੇ ਵਿਕਾਸ ਨਾਲ ਹੁੰਦਾ ਹੈ। ਇਸ ਪੱਖ ਦੇ ਉਚੇਰੇ ਮੁੱਲ ਸਥਾਪਤੀ ਪ੍ਰਾਪਤ ਕਰਦੇ ਹਨ ਜਦਕਿ ਨਿਮਨ ਸਤਰਾਂ ਵਾਲੀਆਂ ਮਨੁੱਖੀ ਪ੍ਰਵਿਰਤੀਆਂ ਦੇ ਸਹਿਯੋਗ

ਤੋਂ ਉਪਜੇ ਮੁੱਲ ਆਪਣਾ ਰੋਲ ਨਿਭਾਉਂਦੇ ਹੋਏ ਸਮੇਂ ਦੇ ਪ੍ਰਵਾਹ ਵਿਚ ਨਿਰਾਰਥਕ ਸਿੱਧ ਹੁੰਦੇ ਅਲੋਪ ਹੋ ਜਾਂਦੇ ਹਨ। ਸਥਾਈ ਮੁੱਲਾਂ ਵਿਚ ਅਸੀਂ ਪਲੈਟੋ ਦੇ ਉਪਰੋਕਤ ਵਿਚਾਰ ਅਨੁਸਾਰ ਦਰਸਾਏ ਮੁੱਲਾਂ ਸਾਹਸ ਅਤੇ ਸੰਜਮ ਨੂੰ ਵਿਵਹਾਰਿਕ ਪੱਖੋਂ ਲੈ ਸਕਦੇ ਹਾਂ ਅਰਸਤੂ ਨੇ ਵਿਵਹਾਰਿਕ ਮੁੱਲਾਂ ਸੰਬੰਧੀ ਇਨ੍ਹਾਂ ਨੂੰ ( The golden mean between the two extremes) ਕਿਹਾ ਹੈ। ਜਿਸਦਾ ਮਤਲਬ ਹੈ ਅੱਤਅੰਤ ਵਿਰੋਧੀ ਤੱਤਾਂ ਦਾ ਸੁਨਹਿਰੀ ਸੁਮੇਲ ਤੋਂ ਹੈ। ਸਾਹਸ ਵਿਚ ਜੋਸ਼ ਅਤੇ ਕਾਇਰਤਾ ਦੀ ਪ੍ਰਵਿਰਤੀ ਸੰਤੁਲਿਤ, ਸਥਾਈ ਆਚਰਨ ਦਾ ਮੇਲ ਹੈ। ਵਿਵਹਾਰਿਕ ਮੁੱਲ ਸਾਨੂੰ ਮਨੁੱਖ ਦੀ ਪਸ਼ੂ ਵਿਰਤੀਆਂ ਤੇ ਕਾਬੂ ਪਾਉਣ ਵਿਚ ਸਮਰਥਾ ਪ੍ਰਦਾਨ ਕਰਦੇ ਹਨ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਵਿਵਹਾਰਿਕ ਜੀਵਨ ਮੁੱਲ ਜੀਵਨ ਉਪਯੋਗਿਤਾ ਦੀ ਕੜੀ ਨਾਲ ਸੰਬੰਧਿਤ ਹੁੰਦੇ ਹਨ ਇਹੀ ਪ੍ਰਵਿਰਤੀ ਪੱਛਮੀ ਦਰਸ਼ਨ ਵਿਚ ਮੂਲ ਧੁਰੀ ਦਾ ਕੰਮ ਕਰ ਰਹੀ ਹੈ ਅਤੇ ਪੱਛਮੀ ਵਿਦਵਾਨ ਮਨੁੱਖੀ ਲੋੜਾਂ ਨੂੰ ਪੂਰੀਆਂ ਕਰਨ ਦੀ ਪ੍ਰਵਿਰਤੀ ਤੇ ਜ਼ੋਰ ਦੇ ਰਹੇ ਹਨ। ਇਸੇ ਲਈ ਉਨ੍ਹਾਂ ਨੇ ਉਪਰੋਕਤ ਮੁੱਲ ਵਰਗ ਵੰਡ ਨੂੰ ਸਮਾਜਿਕ ਅਤੇ ਆਰਥਿਕ ਸੰਦਰਭ ਵਿਚ ਵਾਚਣ ਦਾ ਯਤਨ ਕੀਤਾ ਹੈ।

ਪੱਛਮੀ ਭੌਤਿਕਵਾਦ ਦੇ ਦ੍ਰਿਸ਼ਟੀਕੋਣ ਦੀ ਪ੍ਰੇਰਤਾ ਵਿਚ ਅਰਵਨ ਦਾ ਇਹ ਕਥਨ ਕਿ ਸਰੀਰਕ ਤਥਾ ਆਰਥਿਕ ਮੁੱਲ ਇਸ ਲਈ ਆਧਾਰ ਵਜੋਂ ਮੰਨੇ ਜਾਂਦੇ ਹਨ ਕਿਉਂਕਿ ਇਹ ਮਨੁੱਖੀ ਜੀਵਨ ਦੇ ਲਈ ਪੂਰਨ ਤੌਰ ਤੇ ਜ਼ਰੂਰੀ ਹਨ ਜਦਕਿ ਮੁੱਲਾਂ ਦੇ ਦੂਜੇ ਵਰਗ ਕਰਮਵਾਰ ਘੱਟ ਲੋੜੀਂਦੇ ਹਨ।[26]

## 2. ਸਿਧਾਂਤਕ ਪੱਖ

ਸਿਧਾਂਤਕ ਪੱਖ ਅਧੀਨ ਲਏ ਗਏ ਮੁੱਲਾਂ ਦਾ ਸੰਬੰਧ ਬੁੱਧੀ ਪਰਿਪੇਖ ਵਿਚ ਸਪਸ਼ਟ ਤਰਕਵਾਦੀ ਵਿਸ਼ਵਾਸ ਨਾਲ ਹੈ। ਇਸ ਅਧੀਨ ਅਸੀਂ ਵਿਵੇਕ ਨਾਲ ਸੰਬੰਧਿਤ ਮੁੱਲਾਂ ਨੂੰ ਲੈ ਸਕਦੇ ਹਾਂ। ਮਨੁੱਖੀ ਸੰਤੁਸ਼ਟੀ ਦੇ ਸੰਬੰਧ ਵਿਚ ਇਹ ਵਿਵਹਾਰਿਕ ਮੁੱਲਾਂ ਰਾਹੀਂ ਪ੍ਰਾਪਤ ਆਨੰਦ ਦੇਰ ਤੱਕ ਰਹਿਣ ਵਾਲਾ ਹੁੰਦਾ ਹੈ। ਜਿਸ ਤਰ੍ਹਾਂ ਪੱਛਮੀ ਦਾਰਸ਼ਨਿਕਾਂ ਨੇ ਵਿਵੇਕ ਨੂੰ ਮੁੱਖ ਜੀਵਨ ਮੁੱਲ ਮੰਨਿਆ ਹੈ ਉਸੇ ਤਰ੍ਹਾਂ ਹੀ ਪੂਰਬੀ ਦਰਸ਼ਨ ਵਿਚ ਗਿਆਨ ਨੂੰ ਸੰਤੁਲਿਤ

ਜੀਵਨ ਦਾ ਆਧਾਰ ਮੰਨ ਕੇ ਉਚੇਰੇ ਮੁੱਲ ਵਜੋਂ ਮਾਨਤਾ ਦਿੱਤੀ ਗਈ ਹੈ (ਮਦਭਗਵਤ ਗੀਤਾ) ਕਿਉਂਕਿ ਦੋਨਾਂ ਹੀ ਸਭਿਆਤਾਵਾਂ ਵਿਚ ਬੁੱਧੀ ਦੀ ਸੰਤੁਲਿਤਾ ਨੂੰ ਵਿਅਕਤੀ ਦਾ ਵਿਸ਼ੇਸ਼ ਲੱਛਣ ਮੰਨਿਆ ਹੈ। ਇਸੇ ਪ੍ਰਕਾਰ ਦੂਸਰੇ ਸਦਗੁਣਾਂ ਸੰਬੰਧੀ ਦੋਨਾਂ ਸਭਿਆਚਾਰਾਂ ਵਿਚ ਸਮੂਹਿਕ ਸਮਾਨਤਾ ਪਾਈ ਜਾਂਦੀ ਹੈ ਕਿਉਂਕਿ ਨਿਆਂ ਵਰਗੇ ਮੁੱਲ ਵਿਚ ਪੱਕੀ ਆਸਥਾ ਕਾਇਮ ਕਰਨ ਲਈ ਸਾਹਸ, ਸੰਜਮ ਅਤੇ ਵਿਵੇਕ ਦਾ ਹੋਣਾ ਅਤਿ ਜ਼ਰੂਰੀ ਹੈ। ਡਬਲਯੂ.ਐਮ. ਅਰਬਨ[27] ਨੇ ਪਲੈਟੋ ਅਤੇ ਅਰਸਤੂ ਦੀ ਮੁੱਲ ਵਰਗ ਵੰਡ ਨੂੰ ਹੇਠ ਲਿਖੇ ਅੱਠ ਭਾਗਾਂ ਵਿਚ ਵੰਡਿਆ ਹੈ:—

(1) ਸਰੀਰਕ ਮੁੱਲ (Bodily Values)

(2) ਆਰਥਿਕ ਮੁੱਲ (Economic Values)

(3) ਮਨੋਰੰਜਕ ਮੁੱਲ (Values of recreation)

(4) ਸਮਾਜਿਕ ਮੁੱਲ (Values of association)

(5) ਚਰਿੱਤਰ ਆਤਮਕ ਮੁੱਲ (Character Values)

(6) ਸੌਂਦਰਜ ਮੁੱਲ (Asthetic Values)

(7) ਬੌਧਿਕ ਮੁੱਲ (Intellectual Values)

(8) ਧਾਰਮਿਕ ਮੁੱਲ (Religious Values)

ਇਸ ਵਰਗ ਵੰਡ ਵਿਚ ਉਹ ਸਾਰੇ ਮੁੱਲ ਆ ਜਾਂਦੇ ਹਨ ਜਿਨ੍ਹਾਂ ਨੂੰ ਸਾਰੇ ਵਿਦਵਾਨਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮੰਨਿਆ ਹੈ। ਇਨ੍ਹਾਂ ਨੂੰ ਅੱਗੇ ਇਸ ਤਰ੍ਹਾਂ ਤਿੰਨ ਮੁੱਖ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:-

(1) ਸਰੀਰਕ, ਸਮਾਜਿਕ ਅਤੇ ਮਨੋਰੰਜਕ ਮੁੱਲ

(2) ਚਰਿਤਰ ਅਤੇ ਸਮਾਜ ਸੰਬੰਧਿਤ ਮੁੱਲ

(3) ਸੌਂਦਰਜ, ਬੌਧਿਕ ਅਤੇ ਧਾਰਮਿਕ ਮੁੱਲ

ਮਨੁੱਖ ਦੀਆਂ ਸਹਿਜ ਪ੍ਰਵਿਰਤੀਆਂ ਨੂੰ ਜੋੜਦੀ ਹੇਠ ਲਿਖੀ ਮੁੱਲ ਤਾਲਿਕਾ ਵੀ ਅਰਬਨ ਨੇ ਪ੍ਰਸਤੁਤ ਕੀਤੀ ਹੈ:—

| ਮੁੱਲ ਦੀ ਪ੍ਰਕਾਰ | ਮੁੱਲ | ਸੰਬੰਧਿਤ ਮੂਲ ਪ੍ਰਵਿਰਤੀ |
|---|---|---|
| 1. ਸਰੀਰ ਨਾਲ ਸੰਬੰਧਿਤ (Organic) | ਸਰੀਰਕ (Bodily) | ਭੁੱਖ (Hunger) |
| | ਆਰਥਿਕ (Economic) | ਕਾਮ ਪ੍ਰਵਿਰਤੀ (Sex) |
| | ਮਨੋਰੰਜਕ (Recreation) | ਪ੍ਰਾਪਤੀ (Acquisition) |
| | | ਸਰੀਰਕ ਕਿਰਿਆ ਤੇ ਪ੍ਰਭਾਵ (Bodily activity ) |
| 2. ਸਮਾਜਿਕ (Social) | ਸੰਗਠਨ (Association) | ਸਮੂਹਿਕਤਾ (Gregarious) |
| | ਆਚਰਨ (Character) | ਹਮਦਰਦੀ (Sympathy) |
| ਆਤਮ ਗਿਲਾਨੀ (Self abasement) | | ਆਤਮ ਪ੍ਰਕਾਸ਼ਨ (Self assertion) |
| | | ਆਤਮ ਗਿਲਾਨੀ (Self abasement) |
| 3. ਅਧਿਆਤਮਿਕ (Spiritual) (Hyper organic) | ਬੌਧਿਕ (Intellectual) | ਉਤਸੁਕਤਾ (Curisity) |
| | ਸੌਂਦਰਯ (Esthetic) | ਰਚਨਾ ਕ੍ਰਿਤੀ |
| | ਧਾਰਮਿਕ (Religious) | ਅਨੁਕਰਨ (immitation) |
| | | ਧਾਰਮਿਕ ਵਿਸ਼ਵਾਸ (Faith) |

ਅਰਵਨ ਮੁੱਲਾਂ ਦਾ ਜਿਹਨਾਂ ਮਨੁੱਖੀ ਮੂਲ ਪ੍ਰਵਿਰਤੀਆਂ ਤੋਂ ਹੋਂਦ ਮਿਲਦੇ ਹਨ ਇਸ ਨਵੀਂ ਉਨ੍ਹਾਂ ਦਾ ਉਪਰੋਕਤ ਮੁੱਲ-ਵੰਡ ਪ੍ਰਾਪਤ ਅਹਿਮੀਅਤ ਦੇ ਅਨੁਸਾਰ ਹੀ ਤਰਤੀਬ ਦਿੱਤਾ ਹੋਇਆ ਲਗਦਾ ਹੈ। ਸਰੀਰਕ, ਆਰਥਿਕ ਅਤੇ ਮਨੋਰੰਜਨ ਨੂੰ ਦੂਜੇ ਮੁੱਲਾਂ ਤੋਂ ਉਪਰ ਰੱਖਿਆ ਹੈ। ਸਮਾਜਿਕ ਅਤੇ ਚਰਿੱਤਰ ਨਾਲ ਸੰਬੰਧਿਤ ਮੁੱਲਾਂ ਨੂੰ ਇਸਤੋਂ ਬਾਅਦ ਵਿਚ ਲਿਆ ਗਿਆ ਹੈ ਜਦੋਂ ਕਿ ਸੌਂਦਰਯ, ਬੌਧਿਕ ਅਤੇ ਧਾਰਮਿਕ ਮੁੱਲ ਨੂੰ ਅੰਤ ਵਿਚ ਰੱਖ ਕੇ ਦੂਸਰੇ ਮੁੱਲਾਂ ਤੋਂ ਨਿਊਨਾਂ ਦੱਸਣ ਦਾ ਤਕਨੀਕ ਵਰਤੀ ਗਈ ਹੈ।

ਅਰਸਤੂ ਨੇ ਪਲੈਟੋ ਦੇ ਦ੍ਰਿਸ਼ਟੀਕੋਣ ਨੂੰ ਆਧਾਰ ਬਣਾ ਕੇ ਪੱਛਮੀ ਆਤਮਿਕ ਜੀਵਨ ਵਿਚ ਪ੍ਰਾਪਤ ਮੁੱਲ ਸਮੂਹ ਦੇ ਆਤਮਾ ਨਾਲ ਸੰਬੰਧਿਤ ਤਿੰਨ ਵਰਗ ਬਣਾਏ ਹਨ:-

(1) ਆਤਮਾ ਦਾ ਬਨਾਸਪਤੀ ਭਾਵਆਤਮਕ ਅੰਗ (Vegetari aspect of the soul)

(2) ਆਤਮਾ ਦਾ ਪਸ਼ੂ ਭਾਵਆਤਮਕ ਅੰਗ (Animal aspect of the soul)

(3) ਆਤਮਾ ਦਾ ਤਰਕ-ਆਤਮਕ ਅੰਗ (Rational aspect of the soul)

ਪੱਛਮੀ ਧਰਮ ਅਤੇ ਦਰਸ਼ਨ ਦੇ 'ਵਿਸ਼ਵ ਕੋਸ਼'[28] ਵਿਚ ਮੁੱਲਾਂ ਦੇ ਛੇ ਭੇਦ ਦੱਸੇ ਗਏ ਹਨ:-

1. ਅਨੰਦ ਆਤਮਕ ਮੁੱਲ (Hedonic Values)

ਇਸਦੇ ਤਹਿਤ ਮਨੁੱਖ ਦੀ ਸੁੱਖ ਪ੍ਰਾਪਤੀ ਅਤੇ ਆਨੰਦ ਪ੍ਰਾਪਤੀ ਲਈ ਵਸਤੂਆਂ ਆਉਂਦੀਆਂ ਹਨ। ਇਨ੍ਹਾਂ ਨੂੰ ਸਾਕਾਰਾਤਮਕ ( Poetic ) ਮੁੱਲ ਵੀ ਕਿਹਾ ਜਾਂਦਾ ਹੈ।

2. ਸੌਂਦਰਯ ਮੂਲਕ ਮੁੱਲ (Asthetic Values)

ਇਸ ਤਹਿਤ ਸੁੰਦਰ ਉਪਯੁਕਤ, ਸ੍ਰੇਸ਼ਠ ਅਤੇ ਆਕਰਸ਼ਕ ਵਸਤੂਆਂ ਆਉਂਦੀਆਂ ਹਨ।

3. ਉਪਯੋਗ-ਆਤਮਕ ਮੁੱਲ (Utility Values)

ਇਸ ਅਧੀਨ ਲਾਭਦਾਇਕ ਕੰਮ ਅਤੇ ਵਰਤੋਂ ਵਿਚ ਆਉਣ ਵਾਲੀਆਂ ਉਪਯੋਗੀ ਵਸਤੂਆਂ ਆਉਂਦੀਆਂ ਹਨ।

4. ਨੈਤਿਕ ਮੁੱਲ (Ethical Values)

ਇਸ ਤਹਿਤ ਠੀਕ, ਉਚਿਤ, ਸ਼ੁਭ, ਪਵਿੱਤਰ ਅਤੇ ਨੇਕੀ ਭਰਪੂਰ ਕੰਮ ਆਉਂਦੇ ਹਨ।

5. ਧਾਰਮਿਕ ਮੁੱਲ (Religious Values)

ਇਸ ਅਧੀਨ ਪਰਮਾਤਮਾ ਸੰਬੰਧੀ ਅਤੇ ਧਰਮ ਸੰਬੰਧੀ ਮੁੱਲ ਆਉਂਦੇ ਹਨ।

6. ਤਰਕ-ਆਤਮਕ ਮੁੱਲ (Ligical Values)

ਇਸ ਅਧੀਨ ਵਿਵੇਕ, ਬੁੱਧੀ ਆਦਿ ਸੰਬੰਧੀ ਮੁੱਲ ਆਉਂਦੇ ਹਨ।

ਮਨੁੱਖੀ ਮੁੱਲਾਂ ਖਾਸ ਕਰਕੇ ਪੱਛਮੀ ਖੇਤਰ ਦੇ ਦੇਸ਼ ਅਮਰੀਕਾ ਵਿਚ ਤੇ ਬਹੁਤ ਜ਼ਿਆਦਾ ਕੰਮ ਹੋਇਆ ਹੈ। ਅਮਰੀਕਨ ਵਿਦਵਾਨਾਂ ਨੇ ਜਿਥੇ ਸੰਸਾਰ ਦੀਆਂ ਸੰਸਕ੍ਰਿਤੀਆਂ ਦਾ ਅਧਿਐਨ ਕੀਤਾ ਉਥੇ ਉਨ੍ਹਾਂ ਨੇ ਯੂਰਪੀਅਨ ਉੱਨਤ ਦੇਸ਼ਾਂ ਦੇ ਲੋਕਾਂ ਦੇ ਜੀਵਨ ਵਿਚ ਸਮੇਂ ਸਮੇਂ ਤੇ ਪਾਏ ਜਾਂਦੇ ਮੁੱਲਾਂ ਦਾ ਮੰਥਨ ਕੀਤਾ। ਉਨ੍ਹਾਂ ਨੇ ਭਵਿੱਖ ਦੇ ਸੰਦਰਭ ਵਿਚ ਉਭਰੇ ਆਉਣ ਵਾਲੇ ਮੁੱਲਾਂ ਪ੍ਰਤੀ ਵੀ ਆਪਣੇ ਸੰਭਾਵਿਤ ਵਿਚਾਰ ਪੇਸ਼ ਕੀਤੇ। ਜਿਨ੍ਹਾਂ ਤੇ ਲਗਾਤਾਰ ਚਰਚਾ ਹੋ ਰਹੀ ਹੈ। ਇਸ ਸੰਬੰਧ ਵਿਚ ਲੰਬਾ ਨਾ ਜਾਂਦੇ ਹੋਏ ਅਜੋਕੇ ਸਥਾਪਤ ਵਿਦਵਾਨ ਨਿਕੋਲਸ ਰੈਸ਼ਰ( Nicholas Rescher ) ਦੀ ਮੁੱਲਾਂ ਪ੍ਰਤੀ ਵੰਡ ਦਾ ਜ਼ਿਕਰ ਕਰਾਂਗੇ। ਰੈਸ਼ਰ[29] ਨੇ ਪੁਰਾਣ

ਵਰਗਵੰਡ ਨੂੰ ਹੇਠ ਲਿਖੇ ਅਨੁਸਾਰ ਅੱਗੇ ਤੋਰਿਆਂ ਹੈ ਅਤੇ ਉਸਦੀ ਵਿਆਖਿਆ ਦੋ ਤਰ੍ਹਾਂ ਨਾਲ ਕੀਤੀ:-

ਪਹਿਲੀ ਪ੍ਰਕਾਰ

1. ਪ੍ਰਵਾਨਿਤ ਮੁੱਲ ਤਰਤੀਬ
2. ਪਰੋਜਨ ਮੂਲਕ ਤਰਤੀਬ
3. ਉਪਯੋਗ ਮੂਲਕ ਤਰਤੀਬ
4. ਮੁੱਦਾ ਨਿਰਧਾਰਨ ਮੂਲਕ ਤਰਤੀਬ
5. ਪ੍ਰਵਾਨਤ ਅਤੇ ਉਪਯੋਗੀ ਸੰਬੰਧਾਂ ਤੇ ਆਧਾਰਿਤ ਤਰਤੀਬ
6. ਮੁੱਲ ਦੀ ਆਪਣੀ ਅਤੇ ਦੂਸਰੇ ਉਪਰ ਪ੍ਰਭਾਵ ਸੰਬੰਧਤ ਤਰਤੀਬ

ਦੂਜੀ ਪ੍ਰਕਾਰ

1. ਵਿਅਕਤੀਗਤ ਮੁੱਲ
2. ਸਮੂਹਿਕ ਮੁੱਲ
3. ਸਮਾਜਿਕ ਮੁੱਲ
4. ਰਾਸ਼ਟਰੀ ਮੁੱਲ
5. ਮਾਨਵਵਾਦੀ ਮੁੱਲ

ਪਹਿਲੀ ਪ੍ਰਕਾਰ ਦੀ ਵੰਡ ਵਿਅਕਤੀ ਦੀ ਵਿਅਕਤੀਗਤ ਉਪਯੋਗਿਤਾ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ ਅਤੇ ਦੂਜੀ ਪ੍ਰਕਾਰ ਦੀ ਵੰਡ ਜੀਵਨ ਪ੍ਰਕਿਰਿਆ ਵਿਚ ਵਿਅਕਤੀ ਦੇ ਵਰਤਾਰਿਆਂ ਦਾ ਮਨੁੱਖੀ ਸੰਸਾਰ ਦੇ ਸੰਦਰਭ ਅਤੇ ਸਰੂਪ ਅਨੁਸਾਰ ਕੀਤਾ ਗਿਆ ਹੈ। ਡਬਲਯੂ.ਜੀ. ਐਵਰੇਟ[30] ਦੀ ਵੰਡ ਇਸ ਪ੍ਰਕਾਰ ਹੈ:-

1. ਉਚੇਰੇ ਮੁੱਲ

(ੳ) ਬੌਧਿਕ ਮੁੱਲ(ਗਿਆਨ ਅਤੇ ਸੱਚ)
(ਅ) ਸੌਂਦਰਯ- (ਕਲਾ)
(ੲ) ਵਾਸਤਵਿਕ -(ਚੰਗਿਆਈ, ਮਧੁਰਤਾ ਆਦਿ)
(ਸ) ਧਾਰਮਿਕ- (ਪੁੰਨ, ਪਰਮਾਰਥ, ਆਦਿ)

2. ਨਿਮਨ ਸਤਰ ਦੇ ਮੁੱਲ

(ੳ) ਮਨੋਰੰਜਕ – (ਕਰੀੜਾ, ਆਮੋਦ-ਪ੍ਰਮੋਦ)

(ਅ) ਸਰੀਰਕ – (ਸਵਾਸਥ)

(ੲ) ਸਮਾਜਿਕ – (ਸਹਿਯੋਗਤਾ, ਸੰਗਠਨ, ਸੰਸਥਾ)

(ਸ) ਕਰਮ ਸੰਬੰਧੀ – (ਆਰਥਿਕ ਤੇ ਦੂਸਰੇ)

ਐਵਰੈਟ ਨੇ ਬੋਧਿਕ ਮੁੱਲਾਂ ਸਰੀਰ ਸੰਬੰਧੀ ਮੁੱਲਾਂ ਤੋਂ ਮਹੱਤਵ ਦਿੱਤਾ ਹੈ। ਧਰਮ ਅਤੇ ਦਰਸ਼ਨ ਸੰਬੰਧੀ ਮੁੱਲਾਂ ਨੂੰ ਉਚੇਰੇ ਮੁੱਲ ਅਤੇ ਸਰੀਰਕ, ਆਰਥਿਕ ਤੇ ਸਮਾਜਿਕ ਮੁੱਲਾਂ ਨੂੰ ਨਿਮਨ-ਸਤਰ ਦੇ ਮੁੱਲ ਦੱਸਿਆ। ਮਾਰਸ਼ਲ ਨੇ ਜੀਵਨ ਮੁੱਲਾਂ ਨੂੰ ਚਾਰ ਤਰ੍ਹਾਂ ਨਾਲ ਵੰਡਿਆ ਹੈ:-

1. ਪ੍ਰਕਿਰਤੀਵਾਦ – (ਭੌਤਿਕ ਸੁਖ-ਸੁਵਿਧਾ ਦੇ ਮੁੱਲ)
2. ਸੰਸਕ੍ਰਿਤੀਵਾਦ – (ਸਮਾਜ ਅਨੁਕੂਲਿਤ ਮੁੱਲ)
3. ਮਾਨਵਵਾਦ – (ਆਤਮ ਨਿਰਭਰਤਾ ਅਤੇ ਆਤਮ ਪਛਾਣ)
4. ਅਸਤਿਤਵਵਾਦ – (ਆਤਮ ਸਮਰਪਣ ਅਤੇ ਈਸ਼ਵਰ ਪ੍ਰੇਮ)

ਮਾਰਸ਼ਲ ਮਨੁੱਖ ਜੀਵਨ ਪਸਾਰੇ ਨੂੰ ਪ੍ਰਤੱਖ ਅਤੇ ਅਪ੍ਰਤੱਖ ਵਰਤਾਰਿਆਂ ਤੇ ਅਨੁਭੂਤੀਆਂ ਅਨੁਸਾਰ ਵੰਡ ਕੇ ਮੁੱਲਾਂ ਨੂੰ ਨਿਰਧਾਰਿਤ ਕਰਦਾ ਹੈ।

ਇਸਤੋਂ ਬਿਨਾਂ ਵੀ ਬਹੁਤ ਸਾਰੇ ਵਿਦਵਾਨਾਂ ਨੇ ਪੱਛਮੀ ਜੀਵਨ ਮੁੱਲਾਂ ਦਾ ਵਿਸ਼ਲੇਸ਼ਣ ਕੀਤਾ ਹੈ ਜਿਨਾਂ ਦਾ ਜ਼ਿਕਰ ਇਥੇ ਦੁਹਰਾ ਕੇ ਨਹੀਂ ਕੀਤਾ ਜਾ ਰਿਹਾ। ਮੁੱਲਾਂ ਦੀ ਵਰਗ-ਵੰਡ ਦੇ ਸੰਬੰਧ ਵਿਚ ਜਿੰਨੀਆਂ ਵੀ ਪੱਛਮੀ ਜੀਵਨ ਦੇ ਸੰਦਰਭ ਵਿਚ ਸਮੇਂ ਦੀ ਵੰਡ ਅਤੇ ਚੁਣੌਤੀਆਂ ਸਾਰਥਿਕਤਾਵਾਂ ਨਾਲ ਸੰਬੰਧਿਤ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ ਇਹ ਪੱਛਮੀ ਜੀਵਨ ਦੀ ਤਰਜਮਾਨੀ ਕਰਦੀਆਂ ਹਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਫੇਰ ਵੀ ਕੁਝ ਵਿਦਵਾਨਾਂ[31] ਦਾ ਜ਼ਿਕਰ ਨਾ ਕਰਨਾ ਉਨ੍ਹਾਂ ਦੇ ਇਸ ਸੰਬੰਧੀ ਯੋਗਦਾਨ ਨੂੰ ਨਕਾਰਨਾ ਹੈ।

ਪਾਇਥਾਗੋਰਸ ਨੂੰ ਉਸਦਾ ਨੁਕਤਾ "ਆਪਣੀ ਆਤਮਾ ਨੂੰ ਸੁਕਾ ਕੇ ਰੱਖੋ" (Keep Your soul dry) ਇਛਾਵਾਂ ਨੂੰ ਮਾਰ ਕੇ ਰੱਖਣ ਦੇ ਭਾਰਤੀ ਸਿਧਾਂਤ ਦੀ ਤਰ੍ਹਾਂ ਨਿਆ

ਗਿਆ। ਇਹੋ ਵਿਚਾਰ ਮਗਰੋਂ ਸਟਾਇਕਵਾਦੀਆਂ ਵਲੋਂ ਅਪਣਾਇਆ ਗਿਆ ਜਿਸਨੂੰ ਸੰਜਮਵਾਦ ਦਾ ਨਾਂ ਦਿੱਤਾ ਗਿਆ ਹੈ।

ਡੈਮੋਕਰਾਈਟਸ (460–370 ਈ. ਪੂ) ਨੇ ਇੱਛਾਂ ਨੂੰ ਮਾਰ ਕੇ ਰੱਖਣ ਦੀ ਥਾਂ ਤੇ ਇੱਛਾ ਪੂਰਤੀ ਅਤੇ ਸੁਖ-ਸੁਵਿਧਾ ਪ੍ਰਾਪਤੀ ਤੇ ਜੋਰ ਦਿੱਤਾ। ਇਛਾਵਾਂ ਦੀ ਪੂਰਤੀ ਤੇ ਸੁਖ ਸੁਵਿਧਾ ਤੇ ਜੋਰ ਦਿੰਦਾ ਇਹੋ ਵਿਸ਼ਵਾਸ ਮਗਰੋਂ ਐਪੀਕਿਊਰੀਅਨਵਾਦ ਦੇ ਨਾਂ ਅਧੀਨ ਵਿਕਸਿਤ ਹੋਇਆ।

ਸੁਕਰਾਤ ਨੇ ਗਿਆਨ ਪ੍ਰਾਪਤ ਕਰਨ ਦੀ ਚਲਦੀ ਵਿਚਾਰਧਾਰਾ ਨੂੰ ਹੋਰ ਵਿਕਸਿਤ ਕੀਤਾ ਤੇ ਸੱਚ ਯੁਕਤ ਨੈਤਿਕ ਗਿਆਨ ਨੂੰ ਵਿਗਿਆਨਕ ਅਨੁਸਰਨ ਦਿੱਤਾ ਅਤੇ ਸਦਾਚਾਰ ਨੂੰ ਗਿਆਨ ਮੰਨਿਆ (Value is knowledge ) ਸੁਕਰਾਤ ਵਿਚ ਆਪਣੇ ਪੂਰਵਜ ਪਾਇਥਾਗੋਰਸ ਦੇ ਸਿਧਾਂਤ ਇਛਾਵਾਂ ਦੇ ਸੰਜਮ ਨੂੰ ਲੋੜਾਂ ਤੋਂ ਮੁਕਤੀ ਦਾ ਰੂਪ ਦਿੱਤਾ ਅਤੇ ਸਮਕਾਲੀ ਡੈਮੋਕਰਾਈਟਸ ਦੇ ਸੁਖ ਸੁਵਿਧਾ ਪ੍ਰਾਪਤੀ ਦੇ ਵਿਚਾਰ ਨਾਲੋਂ ਥੋੜਾ ਵੱਖਰਾ ਵਿਚਾਰ ਕਿ ਪ੍ਰਾਪਤ ਸ਼ਕਤੀਆਂ ਦਾ ਪੂਰਨ ਸਦਉਪਯੋਗ ਕਰਦਿਆਂ ਜੀਵਨ ਦੀਆਂ ਘੱਟ ਤੋਂ ਘੱਟ ਲੋੜਾਂ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਦੇਣ ਹਿੱਤ ਵਰਤੋਂ ਵਿਚ ਲਿਆਂਦਾ ਜਾਵੇ। ਸੁਕਰਾਤ ਦੇ ਇਸੇ ਵਿਚਾਰ ਨੂੰ ਸਿਨਿਕਸਵਾਦੀਆਂ(Cynics ) ਨੇ ਅਪਣਾਇਆ ਅਤੇ ਲੋੜਾਂ ਤੋਂ ਆਜ਼ਾਦੀ ਦੇ ਨਾਅਰੇ ਨੂੰ ਮਹਾਨਤਾ ਦਿੱਤੀ ਜਦੋਂਕਿ ਸੁਕਰਾਤ ਦੇ ਦੂਸਰੇ ਉਪਰੋਕਤ ਵਿਚਾਰ ਨੂੰ ਸਿਰੇਨੇਕਸਵਾਦੀਆਂ(Cerenaics ) ਨੇ ਅਪਣਾਇਆ ਅਤੇ ਜੀਵਨ ਬਿਤਾਉਣ ਲਈ ਸੁਵਿਧਾ ਪ੍ਰਾਪਤੀ ਦਾ ਨਾਅਰਾ ਬੁਲੰਦ ਕੀਤਾ।

ਪਲੈਟੋ (427– 347 ਬੀ.ਸੀ.) ਜਿਹੜਾ ਸੁਕਰਾਤ ਦਾ ਸ਼ਿਸ਼ ਸੀ ਨੇ ਗਿਆਨ ਦੇ ਅਨੁਕਰਨ ਨੂੰ ਧਰਮ ਦੇ ਸੰਦਰਭ ਵਿਚ ਸਾਹਸ, ਸੰਜਮ ਅਤੇ ਨਿਆਂ ਵਰਗੇ ਮੁੱਲਾਂ ਦਾ ਪ੍ਰਾਪਤ ਹੋਣਾ ਜਰੂਰੀ ਸਮਝਿਆ ਹੈ ਉਸਨੇ ਸਮਾਜਿਕ ਦ੍ਰਿਸ਼ਟੀ ਤੋਂ ਉੱਤਮ ਵਰਗ ਨੂੰ ਰਾਜ ਕਰਨ ਵਾਲਾ ,ਦੂਜਾ ਵਰਗ ਸਮਾਜ ਦੀ ਰਖਿਆ ਕਰਨ ਵਾਲਾ, ਤੀਜਾ ਵਰਗ ਜਿਹੜਾ ਮਿਹਨਤ ਕਰਕੇ ਉਪਰੋਕਤ ਦੋ ਵਰਗਾਂ ਦੇ ਲਈ ਸੇਵਾ ਅਤੇ ਲੋੜਾਂ ਦੀ ਪੂਰਤੀ ਕਰਨ ਵਾਲਾ ਦੱਸਿਆ ਹੈ। ਉਸਨੇ ਇਹ ਵੰਡ ਵਿਅਕਤੀ ਦੇ ਸੁਭਾਅ ਦੇ ਅਨੁਸਾਰ ਕੀਤੀ ਹੈ।

ਅਰਸਤੂ (384–322 ਬੀ.ਸੀ.) ਸੁੱਖ ਸੁਵਿਧਾ ਨੂੰ ਜ਼ਿੰਦਗੀ ਦਾ ਲਕਸ਼ ਮੰਨ ਕੇ ਨੈਤਿਕ ਪ੍ਰਸ਼ਨ ਨੂੰ ਮਹਾਨਤਾ ਦਿੰਦਾ ਹੈ ਇਸਤੋਂ ਉਪਰੰਤ ਸਟਾਇਕਵਾਦ ਨੇ ਜੋਰ ਫੜਿਆ ਇਹ ਵਾਦ ਸਨਿਕਸੀਆਂ ਦੇ ਰਾਹੀ ਸੁਕਰਾਤ ਨਾਲ ਜੁੜਦਾ ਹੋਇਆ ਕਾਂਟ ਦੇ ਬੋਧਿਕ ਨੈਤਿਕ ਸਿਧਾਂਤ ਵਿਚ ਵਿਕਸਿਤ ਹੁੰਦਾ ਹੈ। ਇਸ ਤਰ੍ਹਾਂ ਏਪੀਕਿਊਰੀਅਨਵਾਦ ਸਿਰੇਨੇਕਸ (Syrenaics) ਰਾਹੀਂ ਪੌੜੀ ਚੜ੍ਹਦਾ ਖਾਸ ਤੌਰ ਤੇ ਸੁਕਰਾਤ ਅਤੇ ਆਮ ਤੌਰ ਤੇ ਡੈਮੋਕਰਾਈਟ ਨਾਲ ਮੇਲ ਖਾਂਦਾ ਹੈ ਇਸ ਉਪਰੰਤ ਇਹ ਵਾਦ ਮਿੱਲ ਦੇ ਮਨੋਵਿਗਿਆਨਕ ਸੁਖਵਾਦੀ ਸਿਧਾਂਤ ਵਿਚ ਪ੍ਰਵਰਤਿਤ ਹੁੰਦਾ ਹੈ। ਜਿਸ ਅਧੀਨ ਉਹ ਸੁੱਖਾਂ ਦੀ ਕੁਲ ਉਪਯੋਗਿਤਾ ਦੇ ਆਧਾਰ ਤੇ ਵਿਆਖਿਆ ਕਰਦਾ ਹੈ। ਪ੍ਰਸਿੱਧ ਵਿਦਵਾਨ ਬ੍ਰੈਡਲੇ ਨੇ ਵਿਅਕਤੀ ਤੋਂ ਬਿਨਾਂ ਦੀ ਹੋਂਦ ਵਰਗਾ ਪ੍ਰਸ਼ਨ ਚਿੰਨ੍ਹ ਉਠਾਂਦਿਆਂ ਲਿਖਿਆ ਹੈ ਕਿ ਅਨੁਭੂਤੀ ਦੇ ਬਿਨਾਂ ਸੁੱਖ ਦਾ ਕੋਈ ਹੋਂਦ ਨਹੀਂ। ਇਹ ਅਨੁਭੂਤੀ ਵੱਖੋ ਵੱਖਰੇ ਵਿਅਕਤੀਆਂ ਵਿਚ ਉਨ੍ਹਾਂ ਦੇ ਬੌਧਿਕ ਸਤਰ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੋ ਸਕਦਾ ਹੈ।

ਅਰਬਨ ਅਤੇ ਦੂਸਰੇ ਪੱਛਮੀ ਵਿਦਵਾਨ ਸਰੀਰ ਨੂੰ ਸਾਰੇ ਆਦਰਸ਼ਾਂ ਦਾ ਪਾਲਣ ਕਰਨ ਵਾਲਾ ਵਸੀਲਾ ਸਮਝ ਕੇ ਮਹੱਤਵ ਦਿੰਦੇ ਹਨ। ਇਸ ਲਈ ਸਰੀਰਕ ਸਹੂਲਤਾਂ ਲਈ ਧਨ ਮਨੋਰੰਜਨ ਆਦਿ ਦੀ ਪ੍ਰਾਪਤੀ ਨੂੰ ਪਹਿਲ ਪ੍ਰਦਾਨ ਕਰਦੇ ਪ੍ਰਤੀਤ ਹੁੰਦੇ ਹਨ। " ਸਰੀਰਕ ਅਤੇ ਆਰਥਿਕ ਹਿੱਤ ਆਧਾਰਭੂਤ ਮੰਨੇ ਜਾਂਦੇ ਹਨ ਕਿਉਂਕਿ ਉਹ ਮਨੁੱਖੀ ਜੀਵਨ ਲਈ ਪੂਰਨ ਤੌਰ ਤੇ ਜਰੂਰੀ ਹਨ ਜਦੋਂ ਕਿ ਉਨ੍ਹਾਂ ਦੇ ਦੂਸਰੇ ਵਰਗ ਕ੍ਰਮਵਾਰ ਘੱਟ ਲੋੜੀਂਦੇ ਹਨ।"[32]

ਇਸ ਤਰ੍ਹਾਂ ਪੱਛਮੀ ਦਰਸ਼ਨ, ਮਨੁੱਖੀ ਜੀਵਨ ਵਿਚ ਆਰਥਿਕ ਅਤੇ ਮਨੋਰੰਜਨ ਨਾਲ ਸੰਬੰਧਿਤ ਮੁੱਲਾਂ ਨੂੰ ਸਰੀਰਕ ਸੁਖ ਸੁਵਿਧਾ ਦੀ ਪ੍ਰਾਪਤੀ ਦਾ ਸਾਧਨ ਮੰਨ ਕੇ ਪਹਿਲ ਦਿੰਦਾ ਹੈ ਪਰ ਆਤਮਾ ਨੂੰ ਮਨ ਤੇ ਸਰੀਰ ਦੇ ਕਾਇਦ ਦਾ ਆਧਾਰ ਮੰਨਦਾ ਹੈ। ਮਨੁੱਖੀ ਸਰੀਰ ਨੂੰ ਸਾਧਨ ਨਾ ਸਮਝ ਕੇ ਵਾਸਤਵਿਕ ਹੋਂਦ ਸਵੀਕਾਰਨ ਦੀ ਪ੍ਰਵਿਰਤੀ ਪ੍ਰਸਤੁਤ ਕਰਦਾ ਹੈ ਇਸ ਕਾਰਨ ਅਸੀਂ ਮੁੱਲ ਵਰਗ ਵਿਧਾਨ ਵਿਚ ਸਿਰਜੇ ਦ੍ਰਿਸ਼ਟੀਕੋਣ ਨੂੰ ਉਪਯੋਗਤਾ ਮੂਲਕ ਮੁੱਲ ਵਿਧਾਨ ਸਿਰਜਦੇ ਹਾਂ। ਇਸ ਵਿਚ ਸ਼ੱਕ ਨਹੀਂ ਕਿ ਉਪਯੋਗਿਤਾ ਦਾ ਦ੍ਰਿਸ਼ਟੀਕੋਣ ਮਨੁੱਖੀ ਸੰਤੁਸ਼ਟੀ ਦਾ ਸਾਧਨ ਹੈ ਪਰ ਇਸਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਤਮਿਕ ਪੂਰਨ ਅਨੁਭੂਤੀ ਤੋਂ ਬਿਨਾਂ ਮਨੁੱਖੀ ਜੀਵਨ ਦਾ ਕੋਈ ਮਕਸਦ ਹੈ।

ਪੱਛਮੀ ਜੀਵਨ ਮੁੱਲ ਵਰਗ ਵਿਧਾਨ ਵਿਚ ਭੌਤਿਕਵਾਦੀ ਦ੍ਰਿਸ਼ਟੀਕੋਣ ਨੂੰ ਸਮਝਣ

ਲਈ ਪੱਛਮ ਦੇ ਕੁਝ ਨੈਤਿਕਵਾਦੀ ਵਿਕਾਸ ਸਿਧਾਂਤਾਂ ਦਾ ਜ਼ਿਕਰ ਇਥੇ ਬੇਲੋੜਾ ਨਹੀਂ ਹੋਵੇਗਾ ਕਿਉਂਕਿ ਪ੍ਰਾਚੀਨ ਪੱਛਮੀ ਮੁੱਲ ਵਿਧਾਨ ਅਤੇ ਅਜੋਕੇ ਪੱਛਮੀ ਮੁੱਲ ਵਿਧਾਨ ਦੀ ਪ੍ਰਕਿਰਿਆ ਵਿਚ ਆਏ ਫਰਕ ਨੂੰ ਸਮਝਣ ਲਈ ਇਹ ਇਕ ਕੜੀ ਵਜੋਂ ਕੰਮ ਦਿੰਦੇ ਹਨ। ਸਭ ਤੋਂ ਪਹਿਲਾ ਵਿਦਵਾਨ ਹੇਰਾ ਕਲਾਈਟਸ (540– 475 ਬੀ.ਸੀ.) ਨੇ ਅੰਧਕਾਰ ਅਤੇ ਪ੍ਰਕਾਸ਼ ਦੇ ਸੰਬੰਧ ਵਿਚ ਪ੍ਰਕਾਸ਼ ਨੂੰ ਮਹੱਤਵਪ੍ਰਦਾਨ ਕਰਨ ਦੀ ਚੇਸ਼ਟਾ ਕੀਤੀ ਅਤੇ ਅੱਗ ਨੂੰ ਇਸ ਸੰਸਾਰ ਦਾ ਆਧਾਰਭੂਤ ਮੰਨਦਿਆਂ ਪ੍ਰਕਾਸ਼ ਵਿਚ ਆਪਣੀ ਆਸਥਾ ਪ੍ਰਗਟਾਈ।

ਇਹ ਸੰਸਾਰ ਜਿਹੜਾ ਕਿ ਸਾਰਿਆਂ ਲਈ ਇਕੋ ਜਿਹਾ ਹੈ ਨਾ ਤਾਂ ਕਿਸੇ ਪਰਮਾਤਮਾ ਦੁਆਰਾ ਅਤੇ ਨਾ ਹੀ ਕਿਸੇ ਆਤਮਾ ਦੁਆਰਾ ਬਣਾਇਆ ਹੈ। ਪਰ ਇਹ ਹਮੇਸ਼ਾਂ ਹੈ ਅਤੇ ਰਹੇਗਾ। ਇਕ ਮੱਚਦੀ ਅੱਗ ਦੇ ਰੂਪ ਵਿਚ ---- ਅਤੇ ਮਰੇ, ਜਾਗਦੇ ਅਤੇ ਸੁੱਤੇ, ਜਵਾਨ ਅਤੇ ਬੁੱਢੇ ਸਾਰੇ ਇਕੋ ਤਰ੍ਹਾਂ ਜੀਂਦੇ ਹਨ। ਅਖੀਰਲੇ ਚਲਦੇ ਹਨ, ਪਹਿਲੇ ਹੋਣ ਲਈ ਅਤੇ ਪਹਿਲੇ ਤਰਤੀਬ ਅਨੁਸਾਰ ਅਖੀਰਲੇ ਬਣ ਜਾਂਦੇ ਹਨ ਉਹ ਫੇਰ ਉੱਠਦੇ ਹਨ ਅਤੇ ਜਿਉਂਦਿਆਂ ਤੇ ਮਰਿਆਂ ਪ੍ਰਤੀ ਧਿਆਨ ਦੇਣ ਵਾਲੇ ਵਾਲੀ-ਵਾਰਸ ਬਣਦੇ ਹਨ।[33]

ਅੱਗੇ ਚੱਲ ਕੇ ਹੇਰਾਕਲਾਈਟਸ ਦੇ ਇਸ ਵਿਚਾਰ ਵਿਚ ਮਸ਼ਹੂਰ ਜਰਮਨ ਫਿਲਾਸਫਰ ਜਾਰਜ ਮਿੱਚ (George Misch ) ਨੇ ਵਿਸ਼ਾਲਤਾ ਪ੍ਰਦਾਨ ਕਰਦਿਆਂ (ever living fire ) ਦੀ ਹੋਂਦ ਦੀ ਥਾਂ ਰਹਿਣ ਨੂੰ ਪਰਿਭਾਸ਼ਿਤ ਕੀਤਾ ਅਤੇ ਇਸਨੂੰ ਸੰਸਾਰ ਘਟਨਾਵਾਂ ਦੇ ਚੱਕਰ ਦੇ ਸੁਨਹਿਰੀ ਸਿਧਾਂਤ ਨਾਲ ਤੁਲਨਾ ਕਰਦਿਆਂ ਭਾਰਤੀ ਦਰਸ਼ਨ ਦੇ ਚੌਰਾਸੀ ਦੇ ਗੇੜ ਨਾਲ ਮਿਲਾਇਆ ਹੈ ਅਤੇ ਉਸਦੀ ਜਨਮਾਂ ਦੇ ਪਹੀਏ (Wheel of births ) ਨਾਲ ਤਸਵੀਰ ਦਿੱਤੀ ਹੈ।[34]

ਇਸਤੋਂ ਪਹਿਲਾਂ ਪੈਥਾਗੋਰਸ ਨੇ ਜਨਮ ਲੈਣ ਅਤੇ ਮੁੜ੍ਹ ਜਨਮਾਂ ਦੇ ਬਾਬਤ ਜਾਨਣ ਦੀ ਗੱਲ ਕਹੀ ਸੀ।[35] ਉਸਦੇ ਇਸ ਵਿਚਾਰ ਕਿ ਮਨੁਖੀ ਆਤਮਾ ਜਨਵਰਾਂ ਦੀ ਜੂਨ ਵਿਚ ਵੀ ਆਵਾਗਵਨ ਕਰਦੀ ਹੈ ਦੀ ਤਕੜੀ ਨਿਖੇਧੀ ਹੋਈ।

ਪ੍ਰਾਚੀਨ ਕਾਲ ਵਿਚ ਜਦੋਂ ਮਨੁੱਖ ਜਾਤਾਂ, ਉਪਜਾਤਾਂ ਅਤੇ ਕਬੀਲਿਆਂ ਵਿਚ ਵੰਡਿਆ

ਹੋਇਆ ਜੋ ਤਾਂ ਵੀ ਉਹ ਭਾਈਚਾਰਕ ਨੈਤਿਕਤਾ ਜਿਹੜੀ ਕਿ ਉਸਦੇ ਸੰਬੰਧਤ ਕਬੀਲੇ, ਜਾਤ ਵਿਚ ਚਲਦੀ ਸੀ ਨੂੰ ਮੰਨਦਾ ਹੀ ਨਹੀਂ ਸੀ ਸਗੋਂ ਉਸ ਵਿਚ ਆਸਥਾ ਵੀ ਰੱਖਦਾ ਸੀ ਇਸ ਤਰ੍ਹਾਂ ਦੇ ਸੰਗਠਨਾਂ ਦੀ ਨੈਤਿਕਤਾ ਜਿਹੜੀ ਕਿ ਜਾਤੀ, ਲੋਕਾਂ ਦੀ ਕੁਰਬਾਨੀ ਦੇ ਕੇ ਇਸਦੇ ਹਿੱਤ ਪਾਲਣ ਲਈ ਅਪਣਾਈ ਗਈ ਸੀ ਸਮੇਂ ਸਮੇਂ ਦੇ ਸੰਗਠਨਾਂ ਦੇ ਰੀਤੀ-ਰਿਵਾਜ, ਪ੍ਰੰਪਰਾਵਾਂ ਜਿਨ੍ਹਾਂ ਨੇ ਉਸ ਸਮਾਜ ਦੇ ਕਲਿਆਣ ਲਈ ਉਪਯੋਗਿਤਾ ਵਜੋਂ ਆਪਣੀ ਸਥਾਪਤੀ ਕਾਇਮ ਕਰ ਲਈ। ਦੂਸਰੇ ਸੰਗਠਨਾਂ ਨੇ ਵੀ ਉਨ੍ਹਾਂ ਦੀ ਸਮਾਜ ਪ੍ਰਤੀ ਉਪਯੋਗਤਾ ਨੂੰ ਮੁੱਖ ਰਖਦਿਆਂ ਅਪਣਾਇਆ। ਇਹੀ ਰੀਤੀ-ਰਿਵਾਜ ਅੱਗੇ ਜਾ ਕੇ ਸਮਾਜ ਦੇ ਨਿਯਮਾਂ ਦੇ ਰੂਪ ਵਿਚ ਮੰਨੇ ਜਾਣ ਲੱਗੇ। ਜਿਨ੍ਹਾਂ ਦੀ ਉਲੰਘਣਾ ਕਰਨਾ ਇਕ ਵਿਅਕਤੀ ਵਿਸ਼ੇਸ਼ ਲਈ ਮੁਸ਼ਕਿਲ ਸੀ ਕਿਉਂਕਿ ਇਹ ਇਕ ਤਰ੍ਹਾਂ ਨਾਲ ਆਦੇਸ਼ ਦਾ ਰੂਪ ਧਾਰ ਚੁਕੇ ਸਨ। ਈਸਾਈ ਧਰਮ ਦੇ ਦਸ ਉਪਦੇਸ਼ਾਂ ਜਿਵੇਂ (ਤੁਸੀਂ ਲੜੋਗੇ ਨਹੀਂ, ਤੁਸੀਂ ਚੋਰੀ ਨਹੀਂ ਕਰੋਗੇ) ਆਦਿ ਇਸ ਸੰਬੰਧ ਵਿਚ ਲਿਆ ਜਾ ਸਕਦਾ ਹੈ।

ਪਹਿਲਾ ਮਨੁੱਖ ਆਰਥਿਕ ਤੌਰ ਤੇ ਖੇਤੀਬਾੜੀ ਸ਼ਿਕਾਰ ਅਤੇ ਪਸ਼ੂ-ਪਾਲਣ ਆਦਿ ਕਿੱਤਿਆਂ ਤੇ ਆਧਾਰਿਤ ਸੀ। ਵਸੀਲਿਆਂ ਦੀ ਘਾਟ ਕਾਰਨ ਪਰਿਵਾਰ ਰਲ ਮਿਲ ਕੇ ਆਪਣਾ ਜੀਵਨ ਆਹਰ ਤੋਰਦੇ ਸਨ। ਉਪਯੋਗ ਤੇ ਵਿਕਾਸ ਕਾਰਨ ਲੋਕ ਨਗਰਾਂ ਵੱਲ ਕੇਂਦਰਿਤ ਹੋਏ ਇਸ ਤਰ੍ਹਾਂ ਰਾਜਨੀਤਿਕ ਪਰਿਸਥਿਤੀਆਂ ਵਿਚ ਸਰਦਾਰਾਂ ਤੋਂ ਮਗਰੋਂ ਰਾਜਾ ਦੀ ਸਥਾਪਨਾ ਨਾਲ ਰਾਜੇ ਹੋਂਦ ਵਿਚ ਆਏ। ਸਾਰੀ ਸਮਾਜਿਕ, ਆਰਥਿਕ ਤਾਕਤ ਇਨ੍ਹਾਂ ਰਾਜਿਆਂ ਦੇ ਹੱਥ ਵਿਚ ਆਉਣ ਕਾਰਨ ਕੋਈ ਸੁਤੰਤਰ ਤੌਰ ਤੇ ਆਪਣੇ ਵਿਚਾਰ ਇਥੋਂ ਤੱਕ ਕਿ ਕੰਮ ਵੀ ਨਹੀਂ ਕਰ ਸਕਦਾ ਸੀ। ਰਾਜਨੀਤਿਕ ਕ੍ਰਾਂਤੀ ਆਉਣ ਤੇ ਮਨੁੱਖੀ ਅਧਿਕਾਰਾਂ ਦੀ ਗੱਲ ਜੋਰ ਫੜ ਗਈ। ਰੂਸੋ ਵਰਗੇ ਵਿਦਵਾਨਾਂ ਨੇ ਸਮਾਨਤਾ, ਸੁਤੰਤਰਤਾ, ਬਰਾਦਰੀ ਦਾ ਨਾਅਰਾ ਲਾਇਆ।

ਮੈਕੈਂਜੀ ਨੇ ਵੀ ਵਿਆਖਿਆ ਕਰਦੇ ਹੋਏ ਇਸਨੂੰ ਆਰਥਿਕ ਦ੍ਰਿਸ਼ਟੀਕੋਣ ਤੋਂ ਲਿਆ ਹੈ ਅਤੇ ਦੋ ਰੂਪਾਂ ਵਿਚ ਵੰਡਿਆ ਹੈ:—

(1) ਸਾਧਨਾਤਮਕ ਜਾਂ ਨਿਮਤ ਮੁੱਲ
(2) ਅੰਤਰੀਵ ਆਤਮਕ ਮੁੱਲ

ਸਾਧਨਯੁਕਤ ਮੁੱਲ ਵਾਲੀ ਉਹ ਵਸਤੂ ਹੁੰਦੀ ਹੈ ਜਿਹੜੀ ਕਿਸੇ ਦੂਸਰੇ ਆਦੇਸ਼

ਦਾ ਸਾਧਨ ਬਣਦੀ ਹੈ ਇਸਦੇ ਉਲਟ ਸਵੈ-ਲਕਸ਼ ਮੁੱਲ ਉਹ ਮੁੱਲ ਹੈ ਜਿਹੜਾ ਕਿਸੇ ਦੂਸਰੀ ਵਸਤੂ ਦਾ ਨਾਂ ਸਾਧਨ ਹੈ। ਆਤਮ ਨਿਰਭਰ ਹੁੰਦਾ ਹੈ ਉਸਦਾ ਮੁੱਲ ਉਹ ਆਪ ਹੀ ਹੁੰਦਾ ਹੈ। ਵਿਕਾਸਵਾਦੀ ਨੈਤਿਕ ਅਤੇ ਆਤਮਾ ਅਨੁਭੂਤੀ ਦੇ ਸਿਧਾਂਤਾਂ ਅਨੁਸਾਰ ਮਨੁੱਖ ਅਪੂਰਨ ਹੋਣ ਦੇ ਕਾਰਨ ਪੂਰਣਤਾ ਪ੍ਰਾਪਤੀ ਦੀ ਚੇਸ਼ਟਾ ਕਰਦਾ ਹੈ। ਆਦਰਸ਼ ਨੂੰ ਪ੍ਰਾਪਤ ਕਰਨ ਦੀ ਉਤਸੁਕਤਾ ਇਕ ਅਜਿਹਾ ਤੱਥ ਹੈ ਜਿਸਦੀ ਵਿਆਖਿਆ ਪ੍ਰਕਿਰਿਆਵਾਂ ਵਿਗਿਆਨ ਨਹੀਂ ਕਰ ਸਕਦਾ। ਤੱਤ ਵਿਗਿਆਨ ਮੁੱਲ ਦੀ ਸਮੱਸਿਆ ਨੂੰ ਸੁਲਝਾ ਸਕਦਾ ਹੈ ਅਤੇ ਇਹ ਵਿਆਖਿਆ ਕਰ ਸਕਦਾ ਹੈ ਕਿ ਸ਼ੁਭ ਦਾ ਕੀ ਅਰਥ ਹੈ। ਸ਼ੈਕਸਪੀਅਰ ਨੇ ਕਿਹਾ ਹੈ 'ਸੰਸਾਰ ਵਿਚ ਕੁਝ ਵੀ ਸ਼ੁਭ ਜਾਂ ਅਸ਼ੁਭ ਨਹੀਂ ਹੈ ਇਹ ਕੇਵਲ ਇਕ ਦ੍ਰਿਸ਼ਟੀਕੋਣ ਹੈ ਕਿ ਅਮੁੱਕ ਵਸਤੂ ਅਸ਼ੁਭ ਹੈ (Nothing is good or bad in the world but thinking makes it so) ਜੀ ਈ. ਮੋਰ ਅਨੁਸਾਰ "ਸ਼ੁਭ ਹੀ ਸ਼ੁਭ ਹੈ" ਅਤੇ ਇਸਤੋਂ ਬਿਨਾਂ ਕੁਝ ਨਹੀਂ (Good is good and nothing else) ਬੁੱਧੀਮਤਾ, ਪ੍ਰੇਮ, ਸੱਚ, ਸੁਤੰਤਰਤਾ ਜੀਵਨ ਆਦਿ ਨੂੰ ਵੀ ਸਵੈ-ਲਕਸ਼ ਮੁੱਲ ਮੰਨਦੇ ਹਨ। ਘੱਟ ਤੋਂ ਘੱਟ ਸਤਮ, ਸ਼ਿਵਮ, ਸੁੰਦਰਮ ਤਿੰਨ ਅਜਿਹੇ ਮੁੱਲ ਹਨ ਜਿਨ੍ਹਾਂ ਨੂੰ ਮੰਨਿਆ ਜਾ ਸਕਦਾ ਹੈ। ਗਿਆਨ ਪ੍ਰਾਪਤੀ ਲਕਸ਼ ਹੈ ਇਹ ਮੁੱਲ ਉਹ ਮੁੱਲ ਹੈ ਜਿਹੜਾ ਵਿਚਾਰਸ਼ੀਲ ਵਿਅਕਤੀਆਂ ਦੁਆਰਾ ਸਮਾਨ ਰੂਪ ਵਿਚ ਸਾਕਾਰ ਕੀਤਾ ਜਾਂਦਾ ਹੈ। ਸ਼ੁਭ ਦਾ ਅਰਥ ਅਸ਼ੁਭ ਨਹੀਂ ਮੰਨਿਆ ਜਾ ਸਕਦਾ। ਵਸਤੂ ਮੁੱਲਵਾਨ ਅਥਵਾ ਮੁੱਲ ਹੀਣ ਹੋ ਸਕਦੀ ਹੈ।

ਰਾਜਾ ਦੇ ਯੁੱਧ ਹੋਣ ਉਪਰੰਤ ਜਿੱਤ ਪ੍ਰਾਪਤ ਕਰਨ ਵਾਲੀ ਕੌਮ ਦੀ ਸੰਸਕ੍ਰਿਤੀ ਅਤੇ ਹਾਰਨ ਵਾਲੀ ਕੌਮ ਦੀ ਸੰਸਕ੍ਰਿਤੀ ਵਿਚ ਮੇਲਜੋਲ ਹੋਣ ਕਾਰਨ ਦੋਨੋਂ ਸੰਸਕ੍ਰਿਤੀਆਂ ਇਕ ਦੂਜੇ ਦੇ ਚੰਗੇ ਗੁਣਾਂ ਤੋਂ ਪ੍ਰਭਾਵਿਤ ਹੁੰਦੀਆਂ ਰਹੀਆਂ। ਯੂਰਪੀ ਦੇਸ਼ਾਂ ਦੀ ਤੁਲਨਾ ਵਿਚ ਭਾਰਤ ਦੇ ਵਿਦੇਸ਼ਾਂ ਨਾਲ ਯੁੱਧ ਘੱਟ ਹੋਏ। ਜਿਸ ਕਾਰਨ ਭਾਰਤੀ ਸੰਸਕ੍ਰਿਤੀ ਦੀ ਨਿਰੰਤਰਤਾ ਅਤੇ ਸਥਾਪਤੀ ਕਾਇਮ ਰਹੀ ਇਸਦੇ ਉਲਟ ਪੱਛਮੀ ਦੇਸ਼ਾਂ ਯੁੱਧ ਦੀ ਬਹੁਲਤਾ ਕਾਰਨ ਉਥੋਂ ਦੀਆਂ ਸੰਸਕ੍ਰਿਤੀਆਂ ਵਿਚ ਜ਼ਿਆਦਾ ਟੁੱਟ ਭੱਜ ਆਈ।

ਮਨੁੱਖ ਆਪਣੇ ਅੰਧ ਵਿਸ਼ਵਾਸ ਕਾਰਨ ਆਪਣੀ ਕਰੋਪੀ ਦਾ ਕਾਰਨ ਦੇਵੀ-ਦੇਵਤਿਆਂ ਦੇ ਰੁੱਸਣ, ਭੂਤਾਂ ਪਰੇਤਾਂ ਦੀ ਛਾਇਆ, ਕੁਦਰਤੀ ਕਰੋਪੀਆਂ ਜਿਵੇਂ ਅੱਗ, ਪਾਣੀ,

ਹਵਾ ਆਦਿ ਨੂੰ ਸਮਝਦਾ ਸੀ। ਵਿਗਿਆਨਿਕ ਖੋਜਾਂ ਨੇ ਖਤਮ ਕਰ ਦਿੱਤਾ। ਵਿਗਿਆਨਿਕ ਤਰੱਕੀ ਅਤੇ ਦ੍ਰਿਸ਼ਟੀਕੋਣ ਨੇ ਸੰਸਾਰ ਨੂੰ ਇਕ ਇਕਾਈ ਦੇ ਰੂਪ ਵਿਚ ਪਰਿਵਰਤਿਤ ਕਰ ਦਿੱਤਾ ਹੈ ਮਨੁੱਖ ਉੱਨਤੀ ਨੇ ਪ੍ਰਕਿਰਤੀ ਦੇ ਰਹੱਸ ਨੂੰ ਪ੍ਰਕਾਸ਼ ਵਿਚ ਲਿਆ ਕੇ ਅਸੀਮ ਸ਼ਕਤੀ ਪ੍ਰਾਪਤ ਕਰ ਲਈ ਹੈ ਅਤੇ ਰੂੜ੍ਹੀਵਾਦੀ ਪਰੰਪਰਾ ਨੂੰ ਛੱਡ ਕੇ ਯਥਾਰਥਿਕ ਪਹੁੰਚ ਅੰਧਵਾਦ ਛੱਡ ਕੇ ਤਰਕਵਾਦੀ ਸੋਚ, ਸੰਪਰਦਾਇਕਤਾ ਛੱਡ ਕੇ ਮਾਨਵਵਾਦੀ ਵਿਚਾਰ ਅਪਣਾ ਲਏ ਹਨ। ਇਸ ਤਰ੍ਹਾਂ ਮਨੁੱਖ ਆਪਣੇ ਪਰਿਵਾਰ ਜਾਤ, ਰਾਜ ਅਤੇ ਧਰਮ ਦੇ ਦਾਇਰੇ ਵਿਚੋਂ ਨਿਕਲ ਕੇ ਮਨੁੱਖੀ ਸਮਾਜ ਉਸਾਰਨ ਵੱਲ ਵਧ ਗਿਆ ਹੈ।

ਪੱਛਮੀ ਜੀਵਨ ਮੁੱਲਾਂ ਦੇ ਸੰਬੰਧ ਵਿਚ ਕੀਤੀ ਗਈ ਉਪਰੋਕਤ ਚਰਚਾ ਉਪਰੰਤ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਮਨੁੱਖੀ ਮੁੱਲਾਂ ਦੀ ਸਿਰਜਣਾ ਉਸਦੀਆਂ ਲੋੜਾਂ, ਕਬੀਲੇ, ਸਮਾਜ ਬੌਧਿਕ ਜਗਿਆਸਾ ਅਤੇ ਸ੍ਰਿਸ਼ਟਿਕ ਅਮਲ ਵਰਤਾਰਿਆਂ ਦੇ ਸੰਪਰਕ ਵਿਚ ਉਪਜੀਆਂ ਧਾਰਨਾਵਾਂ ਅਤੇ ਵਿਧਾਨ ਵਿਚੋਂ ਹੋਈ ਕਿਉਂਕਿ ਜਿਹੜੇ ਨਿਯਮ ਵਿਕਾਸ ਪ੍ਰਕਿਰਿਆ ਤੋਂ ਉਪਜੇ ਉਹੀ ਨਿਯਮ ਮਨੁੱਖੀ ਸੁਭਾਅ ਅਪਣਾਉਂਦਾ ਤੁਰਿਆ ਗਿਆ। ਇਸ ਤਰ੍ਹਾਂ ਜਿਹੜੀਆਂ ਪਰਸਥਿਤੀਆਂ ਅਤੇ ਕੰਮ ਜੀਵਨ ਨੂੰ ਅੱਗੇ ਲੈ ਜਾਣ ਵਿਚ ਸਹਾਈ ਹੋਏ ਉਨ੍ਹਾਂ ਨੂੰ ਹੀ ਚੰਗੇ ਮੰਨਕੇ ਮਨੁੱਖ ਨੇ ਅਪਣਾਇਆ। ਮਨੁੱਖੀ ਜੀਵਨ ਵਿਚ ਗੁਣ ਨਿਯਮ ਨਿਰਧਾਰਨ ਜੀਵਨ ਪ੍ਰਤੀ ਦੇ ਨਾਲ ਨਾਲ ਹੁੰਦੇ ਰਹੇ। ਇਹ ਆਪਣਾ ਸਥਾਈ ਸਥਾਨ ਨਿਰਧਾਰਿਤ ਕਰਦੇ ਰਹੇ। ਇਨ੍ਹਾਂ ਨੂੰ ਸਮੇਂ ਸਮੇਂ ਅਨੁਸਾਰ (ਨਿਯਮ, ਗੁਣ, ਚੰਗਿਆਈ) ਕਦਰਾਂ ਅਤੇ ਮੁੱਲਾਂ ਦਾ ਨਾਂ ਦਿੱਤਾ ਗਿਆ।

## ਸਮਨਵੈ

ਸਮਨਵੈ ਸ਼ਬਦ ਦਾ ਅਰਥ ਅਸੀਂ ਸੁਮਿਸ਼ਰਨ ਤੋਂ ਲੈ ਸਕਦੇ ਹਾਂ ਇਸ ਪ੍ਰਕਿਰਿਆ ਰਾਹੀਂ ਸੰਸਾਰ ਦੇ ਧਰਮਾਂ ਵਿਚ ਇਕ ਦੂਜੇ ਨੂੰ ਆਪਣੇ ਵਿਚ ਸਮੋ ਲੈਣ ਜਾਂ ਦੂਸਰੇ ਵਿਚ ਅਭੇਦ ਹੋਣ, ਸਮਾ ਜਾਣ ਦੀ ਪ੍ਰਵਿਰਤੀ ਕੰਮ ਕਰਦੀ ਹੈ। ਭਾਰਤੀ ਸੰਸਕ੍ਰਿਤੀ ਦੇ ਸੰਦਰਭ ਵਿਚ ਜਦੋਂ ਅਸੀਂ ਸਮਨਵੈ ਪ੍ਰਕਿਰਿਆ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਇਸ ਸੰਸਕ੍ਰਿਤੀ ਵਿਚ ਕਈ ਜਾਤੀਆਂ ਮੱਤਾਂ ਦਾ ਇਕ ਦੂਜੇ ਵਿਚ ਵਿਲੀਨ ਹੋਣਾ ਅਤੇ ਉਨ੍ਹਾਂ ਦੇ ਸਰੂਪਾਂ ਦਾ ਸੁਮੇਲ ਹੋਇਆ ਨਜ਼ਰ ਆਉਂਦਾ ਹੈ। ਸਮੇਂ ਸਮੇਂ ਸਿਰ ਭਾਰਤ ਵਿਚ ਆਈਆਂ ਜਾਤਾਂ ਦੇ ਜੀਵਨ ਮੁੱਲ ਆਚਾਰ-ਵਿਚਾਰ, ਰਸਮੋ ਰਿਵਾਜ ਇਕ ਰਸਾਇਣਕ ਘੋਲ ਦੀ ਸ਼ਕਲ

ਅਖਤਿਆਰ ਕਰ ਗਏ। ਜਿਸ ਵਿਚੋਂ ਕਿਸੇ ਵੀ ਜਾਤ, ਮੱਤ ਜਾਂ ਧਰਮ ਨੂੰ ਵੱਖਰੇ ਤੌਰ ਤੇ ਨਹੀਂ ਦੇਖਿਆ ਜਾ ਸਕਦਾ। ਸਮਨਵੈ ਦੇ ਸੰਦਰਭ ਵਿਚ ਰਾਮਧਾਰੀ ਸਿੰਘ ਦਿਨਕਰ ਨੇ ਬੜਾ ਸ਼ਾਨਦਾਰ ਉਦਾਹਰਣ ਦਿੱਤਾ ਹੈ।

"ਜਦੋਂ ਕੀੜੀਆਂ ਕਈ ਤਰ੍ਹਾਂ ਦੇ ਅਨਾਜਾਂ ਦੇ ਦਾਣਿਆਂ ਨੂੰ ਇਕ ਥਾਂ ਤੇ ਇਕੱਠਾ ਕਰਦੀਆਂ ਹਨ ਤਾਂ ਇਹ ਸਮਨਵੈ ਅਸਲੀ ਸਮਨਵੈ ਨਹੀਂ ਕਿਹਾ ਜਾ ਸਕਦਾ ਕਿਉਂਕਿ ਕਈ ਤਰ੍ਹਾਂ ਦੇ ਅਨਾਜਾਂ ਦੇ ਦਾਣੇ ਇਕ ਬਰਤਨ ਵਿਚ ਇਕੱਤਰ ਕੀਤੇ ਜਾਣ ਤੇ ਵੀ ਅਲੱਗ ਅਲੱਗ ਪਹਿਚਾਣੇ ਜਾਂਦੇ ਹਨ। ਭਾਰਤ ਵਿਚ ਸੰਸਕ੍ਰਿਤੀਆਂ ਦਾ ਜਿਹੜਾ ਸਮਨਵੈ ਹੋਇਆ ਉਹ ਇਸਤੋਂ ਕਿਤੇ ਡੂੰਘਾ, ਮਹਾਨ ਅਤੇ ਬਾਰੀਕ ਹੈ। ਭਾਰਤ ਦੇ ਸਮਨਵੈ ਦੀ ਪ੍ਰਕਿਰਿਆ ਕੀੜੀਆਂ ਦੀ ਪ੍ਰਕਿਰਿਆ ਨਹੀਂ ਸਗੋਂ ਮਧੂਮੱਖੀਆਂ ਦੀ ਪ੍ਰਕਿਰਿਆ ਰਹੀ ਹੈ। ਕੀੜੀਆਂ ਅਨਾਜ ਦੇ ਕਣਾਂ ਨੂੰ ਇਕੱਤਰ ਤਾਂ ਕਰ ਦਿੰਦੀਆਂ ਹਨ ਕਿੰਤੂ ਉਨ੍ਹਾਂ ਨੂੰ ਇਕ ਦੂਸਰੇ ਵਿਚ ਵਿਲੀਨ ਨਹੀਂ ਕਰ ਸਕਦੀਆਂ ਕਿੰਤੂ ਮਧੂਮੱਖੀਆਂ ਕਈ ਤਰ੍ਹਾਂ ਦੇ ਫੁੱਲਾਂ ਦਾ ਰਸ ਜਮਾਂ ਕਰਕੇ ਉਸਨੂੰ ਇਸ ਤਰ੍ਹਾਂ ਦਾ ਰੂਪ ਦਿੰਦੀਆਂ ਹਨ ਕਿ ਕੋਈ ਇਕ ਫੁੱਲ ਉਥੇ ਸਭ ਤੋਂ ਉੱਪਰ ਨਹੀਂ ਬੋਲਦਾ। ਭਾਰਤੀ ਸੰਸਕ੍ਰਿਤੀ ਕਈ ਸੰਸਕ੍ਰਿਤੀਆਂ ਦੇ ਮੇਲ ਤੋਂ ਬਣਿਆ ਹੋਇਆ ਸ਼ਹਿਦ ਹੈ ਭਾਵੇਂ ਇਸਦੇ ਉਪਰ ਆਰੀਆਂ ਦਾ ਮਹੱਤਵ ਉਨ੍ਹਾਂ ਹੀ ਹੈ ਜਿੰਨਾ ਸ਼ਹਿਦ ਦਾ ਨਿਰਮਾਣ ਕਰਨ ਵਿਚ ਮਧੂਮੱਖੀਆਂ ਦਾ ਹੁੰਦਾ ਹੈ।"[36]

ਆਰੀਆਂ ਤੋਂ ਪਹਿਲਾਂ ਭਾਰਤ ਵਿਚ ਆਈਆਂ ਜਾਤਾਂ ਮੱਤਾਂ ਨੇ, ਆਰੀਆਂ ਦੀ ਜਾਤੀ ਪ੍ਰਥਾ ਨੂੰ ਆਪਣਾ ਲਿਆ ਅਜਿਹਾ ਵਿਚਾਰ ਬਹੁਤ ਸਾਰੇ ਵਿਦਵਾਨਾਂ ਵਲੋਂ ਦਿੱਤਾ ਗਿਆ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ – " ਵਾਸਤਵਿਕਤਾ ਤਾਂ ਇਹ ਹੈ ਕਿ ਵੈਦਿਕ ਆਰੀਆਂ ਨੇ ਦ੍ਰਾਵਿੜਾਂ ਨੂੰ ਆਪਣੇ ਵਿਚ ਖਪਾ ਲਿਆ। ਭਾਰਤ ਵਿਚ ਸਮਨਵੈ ਇਸ ਪ੍ਰਕਿਰਿਆ ਦੇ ਅਮਲ ਵਿਚ ਜਾਤਾਂ ਦੇ ਸੁਮੇਲ ਪ੍ਰਤੀ ਰਾਮਧਾਰੀ ਸਿੰਘ ਦਿਨਕਰ ਲਿਖਦੇ ਹਨ ਕਿ ਘੱਟੋ ਘੱਟ (ਈਸਾਈਆਂ ਅਤੇ ਮੁਸਲਮਾਨਾਂ ਨੂੰ ਛੱਡ ਕੇ) ਗਿਆਰਾਂ ਜਾਤਾਂ/ ਧਰਮ ਇਕ ਦੂਜੇ ਵਿਚ ਵਿਲੀਨ ਹੋਏ।

"ਭਾਰਤ ਦੀ ਮਿੱਟੀ ਤੇ ਅਨੰਤ ਕਾਲ ਤੋਂ ਕਿੰਨ੍ਹਿਆਂ ਵੱਖੋ ਵੱਖਰੀਆਂ ਜਾਤਾਂ ਕਿੰਨੇ ਪ੍ਰਕਾਰ ਦੇ ਲੋਕਾਂ ਦਾ ਸਮਾਗਮ ਹੁੰਦਾ ਰਿਹਾ ਹੈ। ਇਹ ਕਿੱਸਾ ਵੀ ਕਾਫ਼ੀ ਮਜੇਦਾਰ ਹੈ। ਜੇਕਰ ਈਸਾਈਆਂ ਅਤੇ ਮੁਸਲਮਾਨਾਂ ਨੂੰ ਛੱਡ ਵੀ ਦਿੱਤਾ ਜਾਵੇ ਤਦ ਵੀ ਇਸ ਦੇਸ਼ ਵਿਚ

ਇਕ ਦੇ ਮਗਰੋਂ ਇਕ ਘਟੋ ਘੱਟ ਗਿਆਰਾਂ ਜਾਤਾਂ (ਨੇਗਰੋ, ਔਸਟ੍ਰਿਕ, ਦ੍ਰਾਵਿੜ, ਆਰੀਆ, ਯੂਨਾਨੀ, ਯੂਚੀ, ਸ਼ਕ, ਆਭੀਰ, ਹੂਣ, ਮੰਗੋਲ ਅਤੇ ਤੁਰਕ) ਦੇ ਆਗਮਨ ਅਤੇ ਉਨ੍ਹਾਂ ਦੇ ਸਮਾਗਮ ਦਾ ਪ੍ਰਮਾਣ ਮਿਲਦਾ ਹੈ। ਜਿਨ੍ਹਾਂ ਨੇ ਇਸ ਦੇਸ਼ ਨੂੰ ਆਪਣਾ ਮੰਨ ਲਿਆ ਅਤੇ ਜਿਨ੍ਹਾਂ ਦਾ ਇਕ ਜੀਅ ਇਥੋਂ ਦੀ ਸੰਸਕ੍ਰਿਤੀ ਅਤੇ ਸਮਾਜ ਵਿਚ ਭਲੀ ਭਾਂਤ ਪਚ-ਖਪ ਕੇ ਆਰੀਆਂ ਅਥਵਾ ਹਿੰਦੂ ਹੋ ਗਿਆ।"[38]

ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਦੀ ਸੱਭਿਅਤਾ ਅਤੇ ਇਥੋਂ ਦੀਆਂ ਪਹਿਲੀਆਂ ਵਸਣ ਵਾਲੀਆਂ ਜਾਤਾਂ ਦੇ ਸੰਬੰਧ ਵਿਚ ਅਰਨੈਸਟ ਮੈਕੇ ਲਿਖਦੇ ਹਨ— "ਹੜੱਪਾ ਅਤੇ ਮਹਿੰਜੋਦੜੋ ਦੀ ਖੁਦਾਈ ਵਿਚੋਂ ਜਿਹੜੇ ਪਿੰਜਰਾਂ ਦੇ ਅੰਗ ਮਿਲੇ ਹਨ ਉਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਨਗਰਾਂ ਵਿਚ ਚਾਰ ਤਰ੍ਹਾਂ ਦੀਆਂ ਨਸਲਾਂ ਵਸਦੀਆਂ ਸਨ। ਇਹ ਚਾਰ ਨਸਲਾਂ ਆਦਿ (ਆਸਟ੍ਰੇਲੀਆਂ) ਆਸਟ੍ਰੇਲੀਆਈ, ਭੂਮੱਧ ਸਾਗਰੀ, ਮੰਗੋਲੀਆਈ ਅਤੇ ਅਲਪਾਈਨ ਸਨ। ਅੰਤਿਮ ਦੋ ਪ੍ਰਕਾਰ ਦੀਆਂ ਨਸਲਾਂ ਦੀ ਤਾਂ ਕੇਵਲ ਇਕ ਇਕ ਖੋਪੜੀ ਹੀ ਮਿਲੀ ਹੈ।"[39]

ਇਸੇ ਸੰਬੰਧ ਵਿਚ ਦਿਨਕਰ ਦੀਆਂ ਹੇਠ ਲਿਖੀਆਂ ਸਤਰਾਂ ਦਾ ਅਧਿਐਨ ਬੇਲੋੜਾ ਨਹੀਂ ਜਾਪੇਗਾ ਕਿਉਂਕਿ ਜਾਤਾਂ ਦੇ ਆਗਮਨ ਸੰਬੰਧੀ ਗੱਲ ਹੋਰ ਨਿੱਖਰਦੀ ਹੈ "ਭਾਰਤ ਵਿਚ ਸਦੀਆਂ ਤੋਂ ਵੱਖੋ-ਵੱਖਰੀਆਂ ਜਾਤੀਆਂ ਦੇ ਲੋਕ ਆਉਂਦੇ ਰਹੇ ਅਤੇ ਇਥੇ ਵਸਦੇ ਰਹੇ। ਬੁਧ ਦੇਵ ਤੋਂ ਕੁਝ ਸਮਾਂ ਪਹਿਲਾਂ ਇਥੇ ਮੰਗੋਲ ਜਾਤੀ ਦੇ ਲੋਕਾਂ ਦਾ ਆਉਣਾ ਸ਼ੁਰੂ ਹੋਇਆ ਜਿਨ੍ਹਾਂ ਨੂੰ 'ਕਿਰਾਤ' ਨਾਮ ਦਿੱਤਾ ਗਿਆ। ਮੋਰੀਆ ਵੰਸ਼ ਦੇ ਪਤਨ (ਈ. ਪੂਰਬ 130) ਮਗਰੋਂ ਭਾਰਤ ਵਿਚ ਯੂਨਾਨੀਆਂ ਦਾ ਆਉਣਾ ਸ਼ੁਰੂ ਹੋਇਆ ਅਤੇ ਫੇਰ ਝੁੰਡਾਂ ਦੇ ਝੁੰਡ ਯੂਚੀ, ਸ਼ਕ ਅਤੇ ਆਭੀਰ ਜਾਤੀਆਂ ਦੇ ਲੋਕ ਆਏ। ਇਨ੍ਹਾਂ ਨੇ ਸਿੰਧ, ਪੰਜਾਬ ਅਤੇ ਮਥਰਾ ਵਿਚ ਆਪਣੇ ਰਾਜ ਸਥਾਪਿਤ ਕੀਤੇ। ਸ਼ਕ ਅਤੇ ਕੁਸ਼ਾਣਾਂ ਦੇ ਰਾਜ ਵਿਘਟਨ ਦੇ ਮਗਰੋਂ ਹੋਇਆ। ਗੁਪਤ ਰਾਜਿਆਂ ਦੇ ਸਮੇਂ ਅਤੇ ਉਸਤੋਂ ਪਹਿਲਾਂ ਹੂਣਾਂ ਦਾ ਆਉਣਾ ਹੋਇਆ ਅਤੇ ਹੂਣਾਂ ਤੋਂ ਮਗਰੋਂ ਕੁਝ ਤੁਰਕ ਵੀ ਇਸ ਦੇਸ਼ ਵਿਚ ਆਏ ਤਦ ਤੱਕ ਇਹ ਮੁਸਲਮਾਨ ਨਹੀਂ ਬਣੇ ਸਨ।"[40]

ਦ੍ਰਾਵਿੜ ਅਤੇ ਉਨ੍ਹਾਂ ਦੇ ਪੂਰਵਜ ਇਕ ਲੰਬੇ ਸਮੇਂ ਦੇ ਫਰਕ ਨਾਲ ਅਤੇ ਅੱਡ ਅੱਡ ਦਲਾਂ ਵਿਚ ਭਾਰਤ ਆਏ। ਉਨ੍ਹਾਂ ਦੀ ਆਪਸੀ ਭਿੰਨਤਾ ਦਾ ਜ਼ਿਕਰ ਇਥੇ ਬੇਲੋੜਾ

ਜਾਪਦਾ ਹੈ ਤਾਂ ਇਹ ਦੱਸਣਾ ਯੋਗ ਹੋਵੇਗਾ ਕਿ ਆਰੀਆ, ਦ੍ਰਾਵਿੜ ਅਤੇ ਦੂਸਰੀਆ ਜਾਤਾਂ ਵਿਚ ਅੰਤਰ ਵਿਆਹ ਹੁੰਦੇ ਸਨ। "ਔਸਟ੍ਰਿਕ ਵੰਸ਼ ਦੇ ਲੋਕ ਭਾਰਤ ਵਿਚ ਨੀਗਰੋ ਜਾਤੀ ਦੇ ਮਗਰੋਂ ਆਏ ਅਤੇ ਇਸ ਜਾਤੀ ਦੇ ਲੋਕ ਪੂਰਬ ਅਤੇ ਪੱਛਮ ਦੀ ਤਰਫ਼ ਤੋਂ ਵੀ ਭਾਰਤ ਵਿਚ ਦੀ ਹੋ ਕੇ ਕਈ ਵਾਰ ਗੁਜ਼ਰੇ ਸਨ। ਇਸ ਕਰਮ ਵਿਚ ਨੀਗਰੋ ਅਤੇ ਮੰਗੋਲ ਜਾਤਾਂ ਦੇ ਨਾਲ ਇਨ੍ਹਾਂ ਦਾ ਵਿਵਹਾਰਿਕ ਮਿਸ਼ਰਨ ਹੋਇਆ ਹੋਵੇ ਤਾਂ ਕੋਈ ਅਚਰਜ ਨਹੀਂ। ਭਾਰਤ ਵਰਸ਼ ਦੇ 'ਕੋਲ' ਅਤੇ 'ਮੁੰਡਾ' ਜਾਤ ਦੇ ਲੋਕ ਆਸਾਮ, ਬਰਮਾ ਅਤੇ ਹਿੰਦ-ਚੀਨ ਦੀ ਮੋਨ-ਖਮੇਰ ਜਾਤ, ਨਿਕੋਬਾਰ ਦੀਪ ਦੇ ਨਿਕੋਬਰੀ ਅਤੇ ਇੰਡੋਨੇਸ਼ੀਆ, ਮਲੇਸ਼ੀਆ ਅਤੇ ਪੋਲੀਨੇਸ਼ੀਆ ਦੇ ਬਹੁਤ ਸਾਰੇ ਕਾਲੇ ਲੋਕ ਇਸੇ ਔਸਟ੍ਰਿਕ ਵੰਸ਼ ਦੀ 'ਮਿਸ਼ਰਤ' ਸੰਤਾਨ ਹਨ ---- ਖ਼ੂਬ ਆਰੀਆਂ ਅਤੇ ਦ੍ਰਾਵਿੜ ਲੋਕਾਂ ਵਿਚ ਸ਼ਾਦੀ ਸੰਬੰਧਾਂ ਕਾਰਨ ਐਨਾ ਅਧਿਕ ਮਿਸ਼ਰਨ ਹੋ ਚੁਕਿਆ ਹੈ ਇਸ ਤਰ੍ਹਾਂ ਦੀ ਕਲਮ ਖਾਣ ਦੀ ਗੁੰਜਾਇਸ਼ ਬਹੁਤ ਘੱਟ ਰਹਿ ਗਈ ਹੈ।"[41]

ਉਪਰੋਕਤ ਤੋਂ ਇਲਾਵਾ ਸਮਝਣ ਦੇ ਇਸ ਅਮਲ ਅਤੇ ਜਾਤਾਂ ਦੇ ਆਪਸੀ ਸੁਮਿ-ਸ਼ਰਨ ਸੰਬੰਧੀ ਬਹੁਤ ਸਾਰੇ ਲੇਖਕਾਂ ਨੇ ਆਪਣੀ ਰਾਇ ਦਿਤਾ ਹੈ। ਇਹ ਵਿਲਖਣਤਾ ਐਨੀ ਸੂਖਮ ਹੈ ਕਿ ਇਸਦਾ ਭੇਦ ਕਰਨਾ ਔਖਾ ਹੀ ਨਹੀਂ ਸਗੋਂ ਅਸੰਭਵ ਹੈ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ — " ਵੈਦਿਕ ਧਰਮ ਨੇ ਆਪਣੇ ਤੋਂ ਪੁਰਾਣੇ ਮਤਾਂ ਦੇ ਸਰੂਪਾਂ ਅਤੇ ਅਨੁਸ਼ਠਾਨਾਂ ਨੂੰ ਆਪਣੇ ਅੰਦਰ ਸਮਾ ਕੇ ਆਪਣਾ ਅੰਗ ਬਣਾਇਆ ਅਤੇ ਸੁਰੱਖਿਅਤ ਰੱਖਿਆ। ਉਨ੍ਹਾਂ ਨੂੰ ਨਸ਼ਟ ਕਰਨ ਦੀ ਥਾਂ ਤੇ ਉਸਨੇ (ਵੈਦਿਕ ਧਰਮ) ਲੋੜ ਅਨੁਸਾਰ ਹੇਰ ਫੇਰ ਕਰ ਲਿਆ ਵੈਦਿਕ ਧਰਮ ਨੇ ਦ੍ਰਾਵਿੜਾਂ ਅਤੇ ਭਾਰਤ ਦੇ ਦੂਸਰੇ ਆਦਿ ਵਾਸੀਆਂ ਦੇ ਸਮਾਜਿਕ ਜੀਵਨ ਦੀਆਂ ਐਨੀਆਂ ਗੱਲਾਂ ਆਪਣੇ ਅੰਦਰ ਗ੍ਰਹਿਣ ਕਰ ਲਈਆਂ ਕਿ ਅੱਜ ਜੇ ਅਸੀਂ ਚਾਹੀਏ (ਵੀ) ਕਿ ਮੂਲ ਆਰੀਆ ਤੱਤਾਂ ਨੂੰ ਉਨ੍ਹਾਂ ਤੋਂ ਅਲੱਗ ਕਰ ਲਈਏ ਤਾਂ ਇਹ ਬਹੁਤ ਕਠਿਨ ਹੈ। ਇਨ ਧਰਮ ਦੀਆਂ ਗੱਲਾਂ ਨੇ ਦੂਸਰੇ ਧਰਮ ਵਿਚ ਪ੍ਰਵੇਸ਼ ਪਾ ਲਿਆ ਅਤੇ ਇਹ ਅੰਤਰ ਵੇਦਨ ਐਨਾ ਜਟਿਲ, ਐਨਾ ਸੂਖਮ ਅਤੇ ਐਨਾ ਅਟੁੱਟ ਸੀ। ਇਸਦਾ ਪਰਿਣਾਮ ਇਹ ਹੋਇਆ ਕਿ ਸਪੱਸ਼ਟ ਹਿੰਦੂ ਸੱਭਿਅਤਾ ਦਾ ਵਿਕਾਸ ਹੋਇਆ ਜਿਸਨੂੰ ਨਾ ਅਸੀਂ ਆਰੀਆ ਕਹਿ ਸਕਦੇ ਹਾਂ, ਨਾ ਦ੍ਰਾਵਿੜੀ ਅਤੇ ਨਾ ਆਦਿਮ।"[42]

ਰਿਗਵੇਦ ਅਤੇ ਯਜੁਰਵੇਦ ਦੇ ਰਚਨਾ ਕਾਲ ਤੱਕ ਪਹੁੰਚਦੇ ਅਸੀਂ ਆਪਣੇ ਆਪ ਨੂੰ ਸੁਦ੍ਰਿੜ ਧਰਾਤਲ ਤੇ ਪਹੁੰਚੇ ਹਾਂ। ਇਨ੍ਹਾਂ ਗ੍ਰੰਥਾਂ ਵਿਚੋਂ ਵਿਭਿੰਨ ਸੰਪਰਦਾਵਾਂ ਵਿਚ ਸੰਘਰਸ਼ ਹੋਣ ਸਮਝੌਤਾ ਹੋਣ ਅਤੇ ਆਪਸੀ ਮੇਲਜੋਲ ਦੇ ਆਸਾਰਾਂ ਦਾ ਅਹਿਸਾਸ ਹੁੰਦਾ ਹੈ। ਦੂਸਰੇ ਧਰਮਾਂ ਨੂੰ ਸਵੀਕਾਰਨ ਦੀ ਪ੍ਰਵਿਰਤੀ ਅਤੇ ਇਕੋ ਰੱਬ ਦੀ ਪੂਜਾ ਕਰਨ ਸੰਬੰਧੀ ਰਿਗਵੇਦ ਵਿਚ ਵਿਆਖਿਆ ਕੀਤੀ ਗਈ ਹੈ।

" ਸਤ (ਈਸ਼ਵਰ) ਇਕ ਹੈ, ਇਸਨੂੰ ਪੰਡਿਤ ਲੋਕ ਅਗਨੀ, ਯਮ, ਮਾਤ-ਰਿਸ਼ਵਨ ਆਦਿ ਵਿਵਧ ਨਾਂਵਾਂ ਨਾਲ ਪੁਕਾਰਦੇ ਹਨ। - - - ਪ੍ਰੋਹਿਤ ਅਤੇ ਕਾਵਿਗਣ ਬਹੁਤ ਸਾਰੀਆਂ ਪਰਛੰਨ ਵਾਸਤਵਿਕਤਾਵਾਂ ਨੂੰ ਜੋ ਇਕ ਸਤ ਦੇ ਵਿਭਿੰਨ ਰੂਪ ਹਨ, ਆਪਣੇ ਸ਼ਬਦਾਂ ਵਿਚ ਪ੍ਰਗਟ ਕਰਦੇ ਹਨ।"[43]

ਆਰੀਆਂ ਤੋਂ ਪਹਿਲਾਂ ਵੱਖੋ-ਵੱਖਰੀਆਂ ਜਾਤਾਂ ਦੇ ਆਉਣ, ਉਨ੍ਹਾਂ ਦੀ ਪੂਜਾ ਵਿਧੀ ਅਤੇ ਰਹਿਣ-ਸਹਿਣ ਸੰਬੰਧੀ ਜਾਣਕਾਰੀ ਮਿਲਦੀ ਹੈ। ਇਹ ਭਾਰਤੀ ਸਭਿਅਤਾ ਸਿੰਧੂ ਘਾਟੀ ਦੀ ਸਭਿਅਤਾ ਤੋਂ ਵੀ ਬਹੁਤ ਪੁਰਾਣੀ ਹੈ।

" ਭਾਰਤ ਵਿਚ ਮਾਤਰੀ ਸ਼ਕਤੀ ਦੀ ਪੂਜਾ ਪ੍ਰਾਰੰਭਿਕ ਸਮੇਂ ਤੋਂ ਹੁੰਦੀ ਆ ਰਹੀ ਹੈ ਅਤੇ ਇਸਦੀ ਸੰਭਾਵਨਾ ਹੈ ਕਿ ਇਹ ਉਸ ਸਮੇਂ ਤੋਂ ਪ੍ਰਚਲਿਤ ਹੈ। ਜਿਸ ਸਮੇਂ ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦਾ ਇਸ ਦੇਸ਼ ਵਿਚ ਆਗਮਨ ਵੀ ਨਹੀਂ ਸੀ ਹੋਇਆ। ਇਹੀ ਗੱਲ ਬ੍ਰਿਖ ਪੂਜਾ ਦੇ ਬਾਰੇ ਵਿਚ ਵੀ ਸਹੀ ਹੈ - - - - - ਅਤਿਅੰਤ ਆਦਿ ਕਾਲੀਨ ਸਮਾਜਾਂ ਵਿਚ ਪਸ਼ੂ ਪੂਜਾ ਵੀ ਪ੍ਰਚਲਿਤ ਸੀ ਅਤੇ ਭਾਰਤ ਵਿਚ ਤੇ ਦੂਸਰੇ ਦੇਸ਼ਾਂ ਵਿਚ ਵੀ ਇਹ ਪ੍ਰਵਿਰਤੀ ਪਾਈ ਜਾਂਦੀ ਹੈ। ਇਹ ਐਨੇ ਸਮੇਂ ਤੋਂ ਪਾਈ ਜਾਂਦੀ ਹੈ ਕਿ ਉਸਦਾ ਆਰੰਭ ਕਦੋਂ ਅਤੇ ਕਿਥੇ ਹੋਇਆ ਇਹ ਖੋਜਣਾ ਅਸੰਭਵ ਹੈ।"[44]

ਭਾਰਤੀ ਸਭਿਅਤਾ ਦੀ ਪ੍ਰਾਚੀਨਤਾ ਨੂੰ ਸਮਨਵੈ ਪ੍ਰਕਿਰਿਆ ਦੇ ਰਾਹੀਂ ਹਿੰਦੂ ਸੰਸਕ੍ਰਿਤੀ ਨੇ ਆਪਣੇ ਅੰਦਰ ਪਚਾ ਕੇ ਇਸਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ। ਹਿੰਦੂ ਸਭਿਅਤਾ ਇਸ ਪ੍ਰਕਾਰ ਦੀ ਪ੍ਰਾਚੀਨਤਮ ਸਭਿਅਤਾ ਹੈ। ਹਾਵੇਲ ਅਨੁਸਾਰ --- " ਭਾਰਤ ਬਾਕੀ ਦੇ ਸੰਸਾਰ ਨਾਲੋਂ ਵਿਸ਼ੇਸ਼ ਕਰਕੇ ਇਸ ਗੱਲ ਵਿਚ ਵੱਖਰਾ ਹੈ ਕਿ ਉਸਨੇ ਲੰਬੇ ਸਮੇਂ ਤੇ ਅਤੀਤ ਤੋਂ ਜੋ ਕੁਝ ਉਤਰਾਧਿਕਾਰ ਵਜੋਂ ਪ੍ਰਾਪਤ ਕੀਤਾ ਉਸਨੂੰ ਦ੍ਰਿੜਤਾ ਨਾਲ ਬਚਾ ਕੇ ਅਜੇ ਤੱਕ ਰਖਿਆ ਹੈ ਹਿੰਦੂ ਸਭਿਅਤਾ ਇਸ ਪ੍ਰਕਾਰ ਦੀ ਬਚ ਰਹਿਣ ਵਾਲੀ ਅੰਤਿਮ

ਮਹਾਨ ਸਭਿਅਤਾ ਹੈ ਸੁਮੇਰ ਅਤੇ ਮਿਸਰ ਵਿਚ ਜਿਸ ਸੰਸਾਰ ਦਾ ਨਿਰਮਾਣ ਹੋਇਆ ਉਸ ਵਿਚ ਇਸਦੀਆਂ ਜੜ੍ਹਾਂ ਮਿਲਦੀਆਂ ਹਨ। ਅੱਜ ਦਾ ਸਨਾਤਨੀ ਬ੍ਰਾਹਮਣ 'ਉਰ' ਅਤੇ 'ਮੋਂਫਿਸ' ਦੇ ਕਿਸੇ ਪ੍ਰੋਹਿਤ ਨਾਲ ਆਪਣੇ ਜਿੰਨ੍ਹੀ ਸਮਾਨਤਾ ਰੱਖ ਸਕਦਾ ਹੈ ਉਨ੍ਹੀ ਆਧੁਨਿਕ ਯੂਰਪੀਆਂ ਦੇ ਨਾਲ ਨਹੀਂ।"[45]

ਇਸੇ ਸੰਬੰਧ ਵਿਚ ਅਰਨੈਸਟ ਮੈਕੇ ਲਿਖਦੇ ਹਨ ਕਿ "ਹਿੰਦੂ ਧਰਮ ਦੀਆਂ ਕੁਝ ਗੱਲਾਂ ਬਹੁਤ ਆਦਿ ਕਾਲ ਤੋਂ ਚਲੀਆਂ ਆ ਰਹੀਆਂ ਹਨ। ਸ਼ਾਇਦ ਉਹ ਮੋਹਿੰਜੋਦੜੋ ਅਤੇ ਹੜੱਪਾ ਦੇ ਨਿਵਾਸੀਆਂ ਦੁਆਰਾਂ ਇੱਟਾਂ ਨਾਲ ਬਣਾਏ ਵਿਸ਼ਾਲ ਨਗਰਾਂ ਦੇ ਸਮੇਂ ਤੋਂ ਵੀ ਪਹਿਲਾਂ ਦੀਆਂ ਹਨ।"[46] ਅੱਜ ਦੇ ਹਿੰਦੂ ਸਮਾਜ ਵਿਚ ਬਹੁਤ ਸਾਰੀਆਂ ਰੀਤਾਂ ਦੇਵੀ-ਦੇਵਤਿਆਂ, ਵਰਤਾਂ, ਰਿਵਾਜਾਂ ਦਾ ਆਚਾਰ-ਵਿਹਾਰ ਦਾ ਉਲੇਖ ਵੇਦਾਂ ਵਿਚ ਨਹੀਂ ਮਿਲਦਾ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਬਹੁਤ ਸਾਰੀਆਂ ਪੁਰਾਣ-ਕਥਾਵਾਂ ਅਤੇ ਦੰਦ ਕਥਾਵਾਂ ਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਦੱਖਣ ਦੇ ਪ੍ਰਾਚੀਨ ਸਾਹਿਤ ਨਾਲ ਜਾ ਮਿਲਦਾ ਹੈ। ਇਸਦਾ ਭਾਵ ਹੈ ਕਿ ਰਿਗਵੇਦ ਉਪਰੰਤ ਉਪਨਿਸ਼ਦਾਂ, ਪੁਰਾਣਾਂ ਅਤੇ ਦਰਸ਼ਨਾਂ ਦਾ ਜਿਹੜਾ ਨਿਰਮਾਣ ਹੋਇਆ ਉਸ ਵਿਚ ਆਰੀਆ, ਦ੍ਰਾਵਿੜ ਅਤੇ ਉਸ ਤੋਂ ਪਹਿਲਾਂ ਦੀ ਸੰਸਕ੍ਰਿਤੀ ਦਾ ਸਮੂਹਿਕ ਪ੍ਰਭਾਵ ਹੈ।

ਵਿਦ੍ਵਾਨ ਜਦੋਂ ਹਿੰਦੂ ਧਰਮ ਦੇ ਕਿਸੇ ਇਕ ਰੂਪ ਨੂੰ ਲੈ ਕੇ ਪਿਛਾਂਹ ਦੇ ਵਲ ਵੇਖਦੇ ਹਨ ਤਾਂ ਉਸਦਾ ਬੀਜ ਵੇਦਾਂ ਵਿਚ ਲੱਭਦੇ ਹਨ। ਮਹਾਂਰਿਸ਼ੀ ਅਰਬਿੰਦ ਅਨੁਸਾਰ "ਪ੍ਰਾਚੀਨ ਕਾਲ" ਵਿਚ ਵੀ ਦਰਸ਼ਨ ਧਰਮ ਅਤੇ ਸੰਸਕ੍ਰਿਤੀ ਦੇ ਮੂਲ ਉਪਕਰਨਾਂ ਦੀ ਖੋਜ ਲੋਕ-ਮੰਤਰ ਦ੍ਰਿਸ਼ਟਾ ਰਿਸ਼ੀਆਂ ਦੀ ਵਾਣੀ ਵਿਚ ਕਰਦੇ ਹਨ ਅਤੇ ਇਹ ਗੱਲ ਗਲਤ ਵੀ ਨਹੀਂ ਹੈ ਕਿਉਂਕਿ ਬਾਅਦ ਵਿਚ ਵਿਕਸਿਤ ਹੋਣ ਕਾਰਨ ਸਾਰੀ ਭਾਰਤੀ ਅਧਿਆਤਮਿਕਤਾ ਦੇ ਬੀਜ ਅਥਵਾ ਪਹਿਲੀਆਂ ਅਭਿਵਿਅਕਤੀਆਂ ਵੇਦਾਂ ਵਿਚ ਪ੍ਰਾਪਤ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਬੀਜਾਂ ਦਾ ਨਿਕਾਸ ਅਤੇ ਵਿਕਾਸ ਕਿਵੇਂ ਹੋਇਆ। ਵਿਦਵਾਨ ਇਨ੍ਹਾਂ ਦਾ ਵਿਕਾਸ ਦ੍ਰਾਵਿੜ ਆਦਿ ਸੰਸਕ੍ਰਿਤੀਆਂ ਤੋਂ ਮੰਨਦੇ ਹਨ।

" ਇਹ ਕਥਾ ਅਧੂਰੀ ਰਹਿ ਜਾਵੇਗੀ ਜੇਕਰ ਅਸੀਂ ਇਹ ਵਿਸ਼ਵਾਸ ਨਹੀਂ ਕਰਕੇ ਚਲਦੇ ਕਿ ਆਰੀਆਂ ਸੰਸਕ੍ਰਿਤੀ ਦੇ ਬਹੁਤ ਸਾਰੇ ਬੀਜਾਂ ਦਾ ਵਿਕਾਸ ਦ੍ਰਾਵਿੜ ਸੰਸਕ੍ਰਿਤੀ ਦੇ ਸੰਪਰਕ ਵਿਚ ਆ ਕੇ ਹੋਇਆ ਆਰੀਆਂ ਦੇ ਪ੍ਰਧਾਨ ਦੇਵਤੇ ਅਗਨੀ, ਇੰਦਰ, ਵਰੁਣ ਪੂਸ਼ਣ ਸੋਮ, ਊਸ਼ਾ ਅਤੇ ਪਰਜੰਨ ਪ੍ਰਾਨ ਹਨ- - - - ਹਿੰਦੂ ਸਮਾਜ ਦੇ ਪ੍ਰਧਾਨ ਦੇਵਤਾ

ਵਿਸ਼ਨੂੰ ਅਤੇ ਸ਼ਿਵ ਬਣ ਬੈਠੇ - - - ਰਿਗਵੇਦ ਥੋੜੇ ਦੇਵਤਿਆਂ ਦੀ ਥਾਂ ਹਿੰਦੂ ਧਰਮ ਦੇ 33 ਕਰੋੜ ਦੇਵਤਿਆਂ ਨੇ ਮੱਲ ਲਈ। ਵੇਦਾਂ ਦੇ ਬਾਅਦ ਪੁਰਾਣਾਂ ਵਿਚ ਅਦਭੁੱਤ ਕਥਾਵਾਂ ਅਤੇ ਕਹਾਣੀਆਂ ਦਾ ਢੇਰ ਲੱਗ ਗਿਆ। ਇਹ ਕਥਾਵਾਂ ਕਹਾਣੀਆਂ ਆਰੀਆਂ ਦੀ ਉਪਜ ਨਹੀਂ ਸਨ ਸ ਸਗੋਂ ਔਸਟ੍ਰਿਕ ਦ੍ਰਾਵਿੜ, ਨਾਗਰੋ ਸਮਾਜ ਅਤੇ ਬਾਅਦ ਵਿਚ ਦੰਦ ਕਥਾਵਾਂ ਦੇ ਰੂਪ ਵਿਚ ਪ੍ਰਚਲਿਤ ਕਹਾਣੀਆਂ ਸਨ ਜਿਹੜੀਆਂ ਆਰੀਆ ਸਾਹਿਤ ਵਿਚ ਘੁੱਸ ਗਈਆਂ ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਕਿਸੇ ਨਾ ਕਿਸੇ ਰੂਪ ਵਿਚ ਦੱਖਣ ਦੇ ਪ੍ਰਾਚੀਨ ਸਾਹਿਤ ਵਿਚ ਮਿਲਦੀਆਂ ਹਨ।"[47]

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਆਰੀਆ ਅਤੇ ਉਸਤੋਂ ਪਹਿਲਾਂ ਆਈਆਂ ਜਾਤਾਂ ਦੀ ਸੰਸਕ੍ਰਿਤੀ ਆਪਣੇ ਆਪਣੇ ਪੱਖ ਤੋਂ ਪ੍ਰਫੁਲਿਤ ਸੀ। ਲਗਦਾ ਹੈ ਕਿ ਆਰੀਆ ਆਪਣੀ ਸੰਸਕ੍ਰਿਤੀ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਅਤੇ ਉਸਦਾ ਘੇਰਾ ਵਿਸ਼ਾਲ ਬਣਾਉਣਾ ਲੋਚਦੇ ਸਨ। ਸਾਰੀਆਂ ਜਾਤਾਂ ਦਾ ਇਕ ਸਮਾਜ ਵਿਚ ਲੰਬੇ ਸਮੇਂ ਤੱਕ ਰਹਿਣ ਕਾਰਨ ਇਕ ਦੂਜੇ ਦੇ ਰਹਿਣ-ਸਹਿਣ ਰੀਤੀ-ਰਿਵਾਜ ਅਤੇ ਆਚਾਰ ਵਿਚਾਰ ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਤਰ੍ਹਾਂ ਖਾਸ ਤੌਰ ਤੇ ਆਰੀਆ ਜਾਤੀ ਦਾ ਅਤੇ ਦ੍ਰਾਵਿੜ ਜਾਤੀ ਦੇ ਘਰੇਲੂ ਅਤੇ ਰਾਜਨੈਤਿਕ ਸੰਬੰਧ ਐਨੇ ਜੁੜੇ ਹੋ ਗਏ ਕਿ ਇਨ੍ਹਾਂ ਦਾ ਸੰਘੋ-ਭੇਦ ਕਰਨਾ ਮੁਸ਼ਕਿਲ ਹੋ ਗਿਆ। ਉਨ੍ਹਾਂ ਦੇ ਰਸਮ-ਰਿਵਾਜ ਇਥੋਂ ਤੱਕ ਕਿ ਦੇਵੀ-ਦੇਵਤਾ ਦੀ ਪੂਜਾ ਵੀ ਰਲ ਮਿਲ ਗਈ।

"ਹਿੰਦੂ ਧਰਮ ਨੇ ਕੁਝ ਮਿੱਥੇ ਹੋਏ ਸਿਧਾਂਤਾਂ ਵਿਚ ਕੱਟੜਤਾ ਨਾਲ ਵਿਸ਼ਵਾਸ ਕਰਨ ਦੇ ਬਦਲੇ ਅਤਿਅੰਤ ਵਿਆਪਕ ਉਦਾਰਤਾ ਦਾ ਵਿਕਾਸ ਕੀਤਾ। ਆਦਿਵਾਸੀ ਜਨਤਾ ਦੇ ਜਿਹੜੇ ਅਨੇਕ ਦੇਵੀ-ਦੇਵਤਾ ਦੂਸਰੀਆਂ ਜਾਤਾਂ ਉਨ੍ਹਾਂ ਸਾਰਿਆਂ ਨੂੰ ਹਿੰਦੂ ਧਰਮ ਨੇ ਸਵੀਕਾਰ ਕਰ ਲਿਆ ਅਤੇ ਕਾਲ ਚੱਕਰ ਵਿਚ ਉਸਨੇ ਇਹ ਸਿੱਧ ਕਰ ਵਿਖਾਇਆ ਕਿ ਇਹ ਦੇਵੀ-ਦੇਵਤੇ ਹਿੰਦੂ ਧਰਮ ਦੇ ਹੀ ਹਨ।"[48]

ਭਾਰਤੀ ਸੰਸਕ੍ਰਿਤੀ ਵਿਚ ਆ ਕੇ ਵਸੀਆਂ ਵਿਦੇਸ਼ੀ ਜਾਤਾਂ ਅਤੇ ਉਨ੍ਹਾਂ ਦੇ ਸਮਨਵੈ ਸੰਬੰਧੀ ਗੁਰੂਦੇਵ ਟੈਗੋਰ ਨੇ ਆਪਣੀ ਇਕ ਕਵਿਤਾ ਵਿਚ ਲਿਖਿਆ ਹੈ ਕਿ ਕਿਸੇ

ਨੂੰ ਪਤਾ ਨਹੀਂ ਕਿਸ ਦੇ ਕਹਿਣ ਤੇ ਮਨੁੱਖਾਂ ਦੀਆਂ ਕਿੰਨੀਆਂ ਧਾਰਾਵਾਂ ਵਹਿੰਦੀਆਂ ਹੋਈਆਂ ਆਈਆਂ ਤੇ ਇਸ ਮਹਾਂਸਾਗਰ (ਹਿੰਦੂ ਸੰਸਕ੍ਰਿਤੀ ਵਿਚ ਵਿਲੀਨ ਹੋ ਗਈਆਂ। ਇਥੇ ਆਰੀਆ, ਅਨਾਰੀਆ, ਦ੍ਰਾਵਿੜ, ਚੀਨੀ, ਸ਼ਕ, ਹੂਣ, ਪਠਾਣ ਮੁਗ਼ਲ ਆਦਿ ਕਿੰਨ੍ਹੀਆਂ ਜਾਤਾਂ ਦੇ ਲੋਕ ਆਏ ਅਤੇ ਸਭ ਇਕ ਹੀ ਸਰੀਰ ਵਿਚ ਸਮਾ ਗਏ। ਜਿਹੜੇ ਰਣਧਾਰਾ ਵਹਾਉਂਦੇ ਹੋਏ ਉਤਸ਼ਾਹ ਨਾਲ ਵਿਜੈ ਦੇ ਗੀਤ ਗਾਉਂਦੇ ਰੇਗਿਸਤਾਨ ਅਤੇ ਪਰਬਤ ਲੰਘ ਕੇ ਆਏ। ਉਨ੍ਹਾਂ ਦੀ ਕੋਈ ਵੱਖਰੀ ਹੋਂਦ ਨਹੀਂ ਹੈ ਉਹ ਸਭ ਮੇਰੇ ਅੰਦਰ ਹਨ ਕੋਈ ਵੀ ਦੂਰ ਨਹੀਂ ਮੇਰੇ ਲਹੂ ਵਿਚ ਸਾਰਿਆਂ ਦੀ ਸੁਰ ਗੂੰਜਦੀ ਹੈ।

ਇਸ ਬਾਰੇ ਵਿਚਾਰ ਤੋਂ ਲਗਦਾ ਹੈ ਕਿ ਦ੍ਰਾਵਿੜ ਤੇ ਅਗਲੇਰਾ ਸਭਿਆਚਾਰ ਆਰੀਆ ਸਭਿਆਚਾਰ ਤੋਂ ਨਿਊਨ ਜਾਂ ਘੱਟ ਵਿਕਸਿਤ ਨਹੀਂ ਸੀ ਇਸਦਾ ਪ੍ਰਮਾਣ ਮਹਿੰਜੋਦੜੋ ਹੜੱਪਾ ਤੇ ਸਿੰਧੂ ਘਾਟੀ ਦੀ ਸਭਿਅਤਾ ਦਾ ਅਧਿਐਨ ਕਰਨ ਤੋਂ ਪ੍ਰਾਪਤ ਹੁੰਦਾ ਹੈ। ਸ਼ਾਇਦ ਆਰੀਆ ਜਾਤੀ ਦ੍ਰਾਵਿੜ ਅਤੇ ਦੂਸਰੀਆਂ ਜਾਤਾਂ ਤੋਂ ਬਾਹੂਬਲ ਵਿਚ ਤਕੜੀ ਸੀ। ਇਸ ਲਈ ਸਮਾਜਿਕ ਬਣਤਰ ਵਿਚ ਆਰੀਆਂ ਦੀ ਜਗ੍ਹਾ ਕੁਝ ਉਚੇਰੀ ਹੋਵੇਗੀ। ਆਰੀਆ ਸੰਸਕ੍ਰਿਤੀ ਦੀ ਵਿਸ਼ਾਲਤਾ ਨੇ ਦ੍ਰਾਵਿੜ ਅਤੇ ਦੂਸਰੀਆਂ ਜਾਤੀਆਂ ਦੀਆਂ ਚੰਗੇਰੀਆਂ ਕਦਰਾਂ-ਕੀਮਤਾਂ ਨੂੰ ਅਪਣਾ ਕੇ ਆਪਣੇ ਵਿਚ ਸਮਾ ਲਿਆ। ਇਸ ਤਰ੍ਹਾਂ ਇਸ ਪ੍ਰਕਿਰਿਆ ਅਧੀਨ ਸਾਂਝੀਆਂ ਕਦਰਾਂ-ਕੀਮਤਾਂ ਕਾਰਨ ਸਾਰੀਆਂ ਜਾਤਾਂ ਦੀ ਇਕ ਸਾਂਝੀ ਸੰਸਕ੍ਰਿਤੀ ਬਣ ਗਈ। ਇਕ ਜਾਤੀ ਨੇ ਦੂਸਰੀ ਜਾਤੀ ਦੀ ਜੀਵਨ ਜੁਗਤ ਦਾ ਪ੍ਰਭਾਵ ਕਬੂਲਿਆ ਅਤੇ ਇਸਨੂੰ ਆਪਣੇ ਅੰਦਰ ਮਿਲਾ ਲਿਆ। ਇਸ ਤਰ੍ਹਾਂ ਹਿੰਦੂ ਸੰਸਕ੍ਰਿਤੀ ਦਾ ਸੁਮਿਸ਼ਰਨ ਜਿਸਨੂੰ ਅਸੀਂ ਸਮਨਵੈ ਪ੍ਰਕਿਰਿਆ ਕਹਿੰਦੇ ਹਾਂ ਹੋਂਦ ਵਿਚ ਆਈ।

ਇਸਤੇ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ ਹੈ ਕਿ ਹਿੰਦੂ ਸੰਸਕ੍ਰਿਤੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸਦੇ ਨਾਲ ਨਾਲ ਇਹ ਵੀ ਸਾਫ ਹੈ ਕਿ ਅਸੀਂ ਇਸਦੇ ਬੀਜ ਵਿਕਾਸ ਦੇ ਕਾਲ ਨੂੰ ਨਿਰਧਾਰਿਤ ਨਹੀਂ ਕਰ ਸਕਦੇ। ਨਿਰਸੰਦੇਹ ਇਹ ਮੰਨਿਆ ਜਾ ਸਕਦਾ ਹੈ ਕਿ ਕਈ ਦੂਸਰੇ ਧਰਮਾਂ ਦੀ ਤਰ੍ਹਾਂ ਹਿੰਦੂ ਧਰਮ ਕਿਸੇ ਇਕ ਗੁਰੂ-ਪੀਰ-ਪੈਗੰਬਰ ਦੀ ਸਿਰਜਣਾ ਨਹੀਂ ਹੈ ਸਗੋਂ ਇਹ ਕਈ ਜਾਤਾਂ ਦੀਆਂ ਸੰਸਕ੍ਰਿਤੀਆਂ ਦੇ ਸੁਮੇਲ ਜਿਸਨੂੰ ਅਸੀਂ ਸਮਨਵੈ ਪ੍ਰਕਿਰਿਆ ਕਹਿੰਦੇ ਹਾਂ ਦੇ ਸਿੱਟੇ ਵਜੋਂ ਉਸਰੀ ਜੀਵਨ ਜੁਗਤ ਹੈ

ਜਿਹੜੀ ਕਿਸੇ ਵਿਸ਼ਵਾਸ ਜਾਂ ਧਾਰਮਿਕ ਵਿਸ਼ਵਾਸਾਂ ਦੇ ਸਮੂਹ ਦੀ ਵਿਲੀਨਤਾ ਅਤੇ ਅਮਨ ਵਿਚ ਛੁਪੀ ਹੋਈ ਹੈ।

ਅੰਤ ਵਿਚ ਜੇ ਅਸੀਂ ਸਾਰੇ ਸੰਸਾਰ ਦੀ ਗੱਲ ਨਾ ਕਰੀਏ ਤੇ ਇਸ ਸਾਰੇ ਚੌਖਟੇ ਨੂੰ ਭਾਰਤੀ ਸੰਦਰਭ ਵਿਚ ਵਾਚਣ ਦਾ ਉਪਰਾਲਾ ਕਰੀਏ ਤਾਂ ਸਾਡੇ ਸਨਮੁੱਖ ਇਕ ਗੱਲ ਹਿਮਾਲਿਆ ਦੀ ਤਰ੍ਹਾਂ ਆ ਖੜ੍ਹਦੀ ਹੈ ਕਿ ਜਿਹੜੀ ਗੱਲ ਸਮਨਵੈ ਦੇ ਸੰਦਰਭ ਵਿਚ ਅਸੀਂ ਸਦੀਆਂ ਪਹਿਲਾਂ ਪ੍ਰਾਪਤ ਕੀਤੀ ਸੀ ਕਿਤੇ ਅਜਿਹਾ ਤਾਂ ਨਹੀਂ ਕਿ ਅੱਜ ਅਸੀਂ ਉਹੀ ਗੱਲ ਸਦੀਆਂ ਮਗਰੋਂ ਆਪਣੇ ਇਤਿਹਾਸ ਨੂੰ ਵਾਪਸ ਮੋੜ ਕੇ ਇਤਿਹਾਸ ਦੀ ਚੌਖਟ ਤੇ ਖਾਲੀ ਹੱਥ ਖੜ੍ਹੇ ਹੋਈਏ ਭਾਵੇਂ ਅੱਜ ਅਸੀਂ ਜ਼ਿੰਦਗੀ ਨੂੰ ਬਦਲ ਲਿਆ ਹੈ ਪਰ ਕਦੀ ਕਦੀ ਅਸੀਂ ਪਤਾ ਨਹੀਂ ਕਿਉਂ ਨਾ ਮੰਨਦਿਆਂ ਵੀ ਮਹਿਸੂਸ ਕਰਦੇ ਹਾਂ ਕਿ ਘਰ ਅੰਦਰ ਜਗਦੇ ਦੀਵੇ ਨਾਲੋਂ ਸੜਕਾਂ ਤੇ ਬੁਝਿਆ ਦੀਵਾ ਅਭਾਗਾ ਹੁੰਦਾ ਹੈ। ਸਾਡਾ ਮਤਲਬ ਇਥੇ ਸਿਰਫ ਇੰਨਾ ਹੀ ਹੈ ਕਿ ਸਮਨਵੈ ਦੀ ਪ੍ਰਕਿਰਿਆ ਵਿਚ ਭਾਰਤੀ ਜਾਤਾਂ ਦੀ ਅਭੇਦਤਾ ਵਿਲੀਨਤਾ ਨੂੰ ਕਾਇਮ ਰੱਖਣ ਲਈ ਸਾਨੂੰ ਅੱਜ ਵੀ ਇਸ ਪੱਖੋਂ ਸਤਰਕ ਰਹਿਣ ਦੀ ਲੋੜ ਹੈ। ਇਸ ਤੋਂ ਵੀ ਅੱਗੇ ਸਾਨੂੰ ਇਸ ਪਹਿਲੂ ਨੂੰ ਜਿਹੜਾ ਸਦੀਆਂ ਪਹਿਲਾਂ ਭਾਰਤ ਦੀ ਧਰਤੀ ਤੇ ਹੋਇਆ ਸੀ ਨੂੰ ਸੰਸਾਰ ਏਕਤਾ ਕਾਇਮ ਕਰਨ ਲਈ ਵਰਤਣ ਦੇ ਜਤਨ ਕਰਨੇ ਚਾਹੀਦੇ ਹਨ।

## ਟਿੱਪਣੀਆਂ ਤੇ ਹਵਾਲੇ


1. ਡਾ. ਰਾਧਾ ਕ੍ਰਿਸ਼ਨਨ (ਅਨੁ. ਵਿਰਾਜ), ਈਸਟ ਐਂਡ ਦੀ ਵੈਸਟ, ਐਮ .ਏ.ਆਰ.11
2. ਫ਼ੈਡਰਿਕ ਮੈਕਸਮੂਲਰ, ਇੰਟਰੋਡਕਸ਼ਨ ਟੂ ਦੀ ਸਾਇੰਸ ਆਫ ਰਿਲੀਜਨ, ਪੰਨਾ- 7.
3. ਡਾ. ਰਾਧਾ ਕ੍ਰਿਸ਼ਨਨ, ਈਸਟ ਐਂਡ ਦੀ ਵੈਸਟ ਇਨ ਰਿਲੀਜਨ, ਪੰਨਾ-22-23.
4. ਫ਼ੈਡਰਿਕ ਮੈਕਸਮੂਲਰ, ਦੀ ਲਾਈਫ ਐਂਡ ਲੈਟਰਜ਼ ਆਫ ਫ਼ੈਡਰਿਕ ਮੈਕਸਮੂਲਰ, ਖੰਡ-2, ਪੰਨਾ-46
5. ਪ੍ਰੋ. ਹੰਸ ਕੋਹਨਨ(ਦੁਆਰਾ ਬੀ.ਆਰ.ਮਲਕ), ਮੋਡਰਨ ਐਸਜ, ਪੰਨਾ- 41.
6. ਡਾ. ਰਾਧਾ ਕ੍ਰਿਸ਼ਨਨ(ਅਨੁ. ਰਮੇਸ਼ ਵਰਮਾ), ਪੂਰਬ ਅਤੇ ਪੱਛਮ, ਪੰਨਾ- 10-14.
7. ਜੇਡੇਕਬੀਜ ਦੁਆਰਾ, ਹਿਰਬਰਟ ਜਰ ਕ੍ਰਿਤਾ, ਫੁਰਗਾਨ ਦਾ ਅੰਗਰੇਜ਼ੀ ਅਨੁਵਾਦ ।
8. ਪ੍ਰੋ. ਵੀ.ਆਰਡਨ ਰਾਜੂਲਿਡ, ਦੀ ਯੂਰਪੀਨ ਇਨਹੈਰੀਟੈਨਸ, ਪਹਿਲਾ ਖੰਡ, ਪੰਨਾ- 41
9. -ਉਹੀ- ,ਪੰਨਾ- 47.
10. -ਉਹੀ-, ਪੰਨਾ- 83.
11. ਡਾ. ਰਾਧਾ ਕ੍ਰਿਸ਼ਨਨ(ਅਨੁ.ਰਮੇਸ਼ ਵਰਮਾ), ਈਸਟ ਐਂਡ ਦੀ ਵੈਸਨ, ਪੰਨਾ- 63.
12. ਡਾਕਟਰ ਡਾਰਨੇਲ, ਹੈਚ ਦੀ ਇਨਫਲੂਇਨਜ਼ ਆਫ ਦੀ ਗਰੀਕ ਆਈਡੀਆਜ਼ ਐਂਡ ਯੂਜ਼ੇਜਿਜ਼-
    ਅਪਾਨ ਦੀ ਕ੍ਰਿਸਚਨ ਚਰਚ, ਪੰਨਾ- 135-37.
13. -ਉਹੀ- ,ਪੰਨਾ- 125-134.
14. ਡਾ. ਰਾਧਾ ਕ੍ਰਿਸ਼ਨਨ, ਧਰਮ ਤੁਲਨਾਤਮਕ ਦ੍ਰਿਸ਼ਟੀ ਮੇਂ , ਪੰਨਾ- 38,39,41.
15. ਜਰ.ਡੀ.ਹਾਜਕਿਸ, ਦੀ ਰਿਦਲ ਆਫ ਦੀ ਨਿਊ ਟੈਸਟਾਮੈਂਟ, ਪੰਨਾ- 169.
16. ਡਾ. ਰਾਧਾ ਕ੍ਰਿਸ਼ਨਨ, ਈਸਟਰਨ ਰਿਲੀਜਨਜ਼ ਐਂਡ ਵੈਸਟਰਨ ਥਾਟ, ਪੰਨਾ- 169.
17. ਐਡਵਿਨ ਹੈਚਨ, ਕ੍ਰਿਸ਼ਚੀਇਨਟੀ ਇਨ ਦੀ ਲਾਈਟ ਆਫ ਮਾਡਰਨ ਨੌਲਿਜ, ਪੰਨਾ- 103.
18. ਵਿਨੋਬਾ ਜੀ. ਤ੍ਰਿ.ਨਾ.ਆਤਰੇਜ, ਧਰਮ ਸਮਨਵੈ, ਪੰਨਾ- 124.
19. ਆਕਾਸ਼, ਪ੍ਰਿਥਵੀ ਅਤੇ ਜੋ ਕੁਝ ਦੁਹਾਂ ਦੇ ਵਿਚਕਾਰ ਹੈ ਇਨ੍ਹਾਂ ਸਾਰਿਆਂ ਨੂੰ ਮਿਥਿਆ
    ਨਹੀਂ। ਇਕ ਅਦ੍ਰਿਸ਼ ਉਦੇਸ਼ ਵਿਚੋਂ ਉਤਪੰਨ ਕੀਤਾ ਗਿਆ ਹੈ, —46:1:3
20. ਸਯੱਦ ਅਬੂਲ ਆਲਾ ਮੌਦੂਦੀ(ਅਨੁ.ਮੁਹੰਮਦ ਫ਼ਾਰੂਖ ਖਾਂ) ਇਸਲਾਮ ਪ੍ਰਵੇਸ਼ਿਕਾ, ਪੰਨਾ-155.
21. ਰਾਹੁਲ ਸੰਕ੍ਰਿਤਾਇਨ, ਇਸਲਾਮ ਧਰਮ ਦੀ ਰੂਪ-ਰੇਖਾ, ਪੰਨਾ- 159.
22. ਮੁਹੰਮਦ ਫ਼ਾਰੂਖ ਖਾਂ, ਇਸਲਾਮ ਪ੍ਰਵੇਸ਼ਿਕਾ, ਪੰਨਾ- 145.
23. 51:3:4, 20:6:10.
24. ਵਿਨੋਬਾ ਭਾਵੇ, ਧਰਮ ਸਮਨਵੈ, ਦੋ ਸ਼ਬਦ ।
25. ਡਾ. ਰਾਧਾ ਕ੍ਰਿਸ਼ਨਨ, ਧਰਮ ਸਮਨਵੈ, ਪੰਨਾ- 97.

26. ਡਬਲਯੂ.ਐਮ.ਅਰਬਨ, ਫੰਡਾਮੈਂਟਲ ਆਫ ਐਥਿਕਸ, ਪੰਨਾ- 163.

27. -ਉਹੀ-, ਪੰਨਾ- 169.

28. Edited by Hastings James, Encyclopedia of Religion and Ethics, Vol-12, P.584.

29. Nichalas Rescher, Values And the Future, Edi:by Kurt Baier and Nicholas Rescher.

30. ਐਵਰੈਟ ਡਬਲਯੂ ਜੀ, ਮੋਰਲ ਵੈਲੂਏਸ, ਪੰਨਾ- 29.

31. George Germistus (1355-1450) The ring of return Composition Evemartin, 1927.

--Edward Corpenter (1844-1929), The art of creation.

--Barnard Bosen Kuet (1848-1923), Value and distiny of the Indivi, 1912.

-- Spinoza (1632-1677) duch--Ethic Book V

--Victor Hugo (1802-1885) Victor Hugoes Intellectual Auto Biography.

32. Urban, Fundamentals of Ethics, P-69.

33. Haraclitus of Ephesus, Reincarnation in the Worldes Religions, New York, 1961, P-79.

34. George Misch, -Ibid-

35. Lamblichus, Life of Pythagoras.

36. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਪੰਨਾ- 5.

37. ਡਾ. ਰਾਧਾਕ੍ਰਿਸ਼ਨਨ (ਅਨੁ.ਉਮਾਪਤਿ ਰਾਏ ਚੰਦੇਲ), ਪ੍ਰਾਚਯ ਧਰਮ ਔਰ ਪਾਸ਼ਚਾਤਯ ਵਿਚਾਰ, ਪੰ.336.

38. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਪੰਨਾ- 18.

39. ਅਰਨੈਸਟ ਮੈਕੇ, ਦੀ ਇੰਡਸ ਸਿਵਲਾਈਜੇਸ਼ਨ, ਪੰਨਾ- 200.

40. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਪੰਨਾ- 4-5.

41. -ਉਹੀ-, ਪੰਨਾ- 24,35.

42. ਡਾ. ਰਾਧਾ ਕ੍ਰਿਸ਼ਨਨ, ਪ੍ਰਾਚਯ ਧਰਮ ਔਰ ਪਾਸ਼ਚਾਤਯ ਵਿਚਾਰ, ਪੰਨਾ- 337.

43. ਰਿਗਵੇਦ, 1,164,46 ਅਤੇ 10, 114.

44. ਅਰਨੈਸਟ ਮੈਕੇ, ਦੀ ਇੰਡਸ ਸਿਵਲਾਈਜੇਸ਼ਨ, ਪੰਨਾ- 336.

45. ਡਾਡਵੇਲ, ਇੰਡੀਆ, ਖੰਡ-1, ਪੰਨਾ- 1,2.

46. ਅਰਨੈਸਟ ਮੈਕੇ, ਦੀ ਇੰਡਸ ਸਿਵਲਾਈਜੇਸ਼ਨ, ਪੰਨਾ- 69.

47. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਪੰਨਾ- 50-51.

48. ਸਰਵਪੱਲੀ ਰਾਧਾ ਕ੍ਰਿਸ਼ਨਨ, ਹਿੰਦੂ ਵਿਊ ਆਫ ਲਾਈਫ, ਪੰਨਾ-

---

# ਅਧਿਆਇ ਨੌਵਾਂ

## ਹਿੰਦੂ ਸੰਵਿਧਾਨ ਦਾ ਰਾਜ ਵਿਚ ਸੋਧਣ ਨੂੰ

## ਗੁਰੂ ਰਵਿਦਾਸ ਦੀ ਬਾਣੀ ਵਿਚ ਜੀਵਨ ਮੁੱਲ

ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਨਿਰੋਲ ਧਾਰਮਿਕ ਉਪਦੇਸ਼ ਨਾ ਦੇ ਕੇ ਸਮਕਾਲੀਨ ਪਰਿਸਥਿਤੀਆਂ ਸਮਾਜਿਕ ਬੁਰਾਈਆਂ, ਊਚ-ਨੀਚ ਦੇ ਵਿਤਕਰੇ, ਗਰੀਬਾਂ ਦੀ ਲੁੱਟ-ਖਸੁੱਟ, ਮਾੜੇ ਰੀਤੀ-ਰਿਵਾਜਾਂ ਦੇ ਵਿਰੁੱਧ ਆਵਾਜ਼ ਉਠਾਈ। ਜਿਥੇ ਉਨ੍ਹਾਂ ਸਮਕਾਲੀਨ ਬੁਰਾਈਆਂ ਦਾ ਡਟਵੀਂ ਵਿਰੋਧਤਾ ਕੀਤੀ ਉਥੇ ਉਨ੍ਹਾਂ ਬਾਣੀ ਰਾਹੀਂ ਪੰਜ-ਵਿਕਾਰ, ਨਿੰਦਾ, ਲੋਭ, ਲਾਲਚ ਦਾ ਤਿਆਗ ਕਰਕੇ ਨਿਮਰਤਾ ਭਰਪੂਰ, ਸਰਲ-ਸਾਦਾ ਨੈਤਿਕ ਮੁੱਲਾਂ ਯੁਕਤ ਸਦਾਚਾਰਕ ਕਦਰਾਂ-ਕੀਮਤਾਂ ਦਾ ਧਾਰਨੀ ਜੀਵਨ ਜੀਊਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੀ ਬਾਣੀ ਵਿਵਹਾਰਿਕ ਜੀਵਨ ਦੀ ਉਤਮਤਾ ਨੂੰ ਪ੍ਰਤੀਬਿੰਬਤ ਕਰਦੀ ਹੈ।

ਗੁਰੂ ਰਵਿਦਾਸ ਨੇ ਜਿਨ੍ਹਾਂ ਜੀਵਨ ਮੁੱਲਾਂ ਨੂੰ ਮਹੱਤਾ ਪ੍ਰਦਾਨ ਕੀਤੀ ਹੈ ਉਨ੍ਹਾਂ ਨੂੰ ਕੇਵਲ ਉਨ੍ਹਾਂ ਦੀ ਬਾਣੀ ਵਿਚ ਹੀ ਸਥਾਨ ਪ੍ਰਾਪਤ ਨਹੀਂ ਹੋਇਆ, ਸਗੋਂ ਉਨ੍ਹਾਂ ਦੇ ਵਿਵਹਾਰਿਕ ਜੀਵਨ ਵਿਚ ਹੋਰ ਵੀ ਮਹੱਤਵਪੂਰਣ ਸਥਾਨ ਮਿਲਿਆ ਹੈ ਉਨ੍ਹਾਂ ਦਾ ਜੀਵਨ ਭਾਰਤੀ ਜੀਵਨ ਮੁੱਲਾਂ ਦਾ ਹੀ ਸਮਾਜਿਕ ਰੂਪਾਂਤਰਣ ਹੈ।

ਅਗਲੇ ਪੰਨਿਆਂ ਵਿਚ ਅਸੀਂ ਉਨ੍ਹਾਂ ਦੀ ਬਾਣੀ ਵਿਚ ਜੀਵਨ ਦੇ ਹਰ ਪੱਖ ਜਿਵੇਂ ਧਾਰਮਿਕ, ਆਰਥਿਕ, ਸਮਾਜਿਕ, ਨੈਤਿਕ ਦਾ ਸੰਖੇਪ ਵਿਚ ਜੀਵਨ ਮੁੱਲਾਂ ਦੇ ਸੰਦਰਭ ਵਿਚ ਜ਼ਿਕਰ ਕਰਨ ਜਾ ਰਹੇ ਹਾਂ।

### ਸਮਾਜਿਕ ਜੀਵਨ ਮੁੱਲ

ਜਦੋਂ ਅਸੀਂ ਭਗਤੀ ਕਾਲ ਦੇ ਸਮਾਜਿਕ ਖੇਤਰ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਉਸ ਸਮੇਂ ਦੀ ਸਮਾਜਿਕ ਅਵਸਥਾ ਦਾ ਆਧਾਰ ਮੂਲ ਰੂਪ ਵਿਚ ਧਰਮ ਤੇ ਹੀ ਆਧਾਰਿਤ ਸੀ ਜਿਸ ਉਪਰ ਸਮਾਜ ਦਾ ਨਿਰਮਾਣ ਹੁੰਦਾ ਸੀ, ਧਾਰਮਿਕ ਸਵੀਕ੍ਰਿਤੀ ਤੋਂ ਬਿਨ੍ਹਾਂ ਕੋਈ ਵੀ ਸਮਾਜਿਕ ਕੰਮ ਨਹੀਂ ਕੀਤਾ ਜਾਂਦਾ ਸੀ। ਧਾਰਮਿਕ ਸੰਤੁਲਨ ਵਿਗੜਨ ਨਾਲ ਧਰਮ ਦੀ ਸਮਾਜਿਕ ਕਰਮਾਂ ਉਤੇ ਸਥਾਪਿਤ ਪ੍ਰਭੂਸੱਤਾ ਖਿਸਕ ਗਈ। ਵਿਦੇਸ਼ੀ ਹਮਲਿਆਂ ਅਤੇ ਇਸਲਾਮੀ ਜ਼ੋਰ ਜ਼ੁਲਮ ਨੇ ਸਮਾਜਿਕ ਅਤੇ ਆਰਥਿਕ ਪਰਿਸਥਿਤੀ ਨੂੰ ਬੁਰੀ ਤਰ੍ਹਾਂ ਮਧੋਲ ਦਿੱਤਾ। ਸਮਾਜ ਦੀ ਇਹ ਅਰਾਜਕਤਾ ਭਰੀ ਸਥਿਤੀ ਭਗਤੀ ਲਹਿਰ ਦੇ ਉਤਪੰਨ

ਹੋਣ ਦਾ ਇਕ ਕਾਰਨ ਬਣੀ। ਸਮਾਜਿਕ ਅਵਸਥਾ ਅਸਲ ਵਿਚ ਵਰਣਾਂ ਤੇ ਆਧਾਰਿਤ ਸੀ ਭਾਵੇਂ ਬੁਧ ਧਰਮ ਮੂਰਤੀ ਪੂਜਾ ਦੇ ਵਿਕਾਰਾਂ ਦਾ ਸ਼ਿਕਾਰ ਹੋ ਕੇ ਰਹਿ ਗਿਆ ਅਤੇ ਸਿਧ ਸੰਪ੍ਰਦਾਇ ਪਾਖੰਡਾਂ, ਜੰਤਰਾਂ-ਮੰਤਰਾਂ ਦੇ ਜਾਲ ਵਿਚ ਫਸ ਕੇ ਆਪਣਾ ਪ੍ਰਭਾਵ ਖਤਮ ਕਰ ਬੈਠਾ। ਮੁਸਲਿਮ ਬਾਦਸ਼ਾਹਾਂ ਨੇ ਹਿੰਦੂ ਧਰਮ ਤੇ ਤਕੜੇ ਹਮਲੇ ਕੀਤੇ ਜਿਸ ਕਾਰਨ ਬ੍ਰਾਹਮਣਵਾਦ ਦੀ ਜਕੜ ਢਿੱਲੀ ਪੈ ਗਈ ਅਤੇ ਭਗਤੀ ਕਾਲ ਦੇ ਸੰਤਾਂ ਜਿਨ੍ਹਾਂ ਵਿਚੋਂ ਬਹੁਤੇ ਨੀਵੇਂ ਵਰਗਾਂ ਨਾਲ ਸੰਬੰਧਿਤ ਸਨ, ਛੂਆਛਾਤ, ਭੇਦਭਾਵ ਅਤੇ ਕਰਮਕਾਂਡ ਆਦਿ ਦੇ ਵਿਰੁੱਧ ਪ੍ਰਚਾਰ ਕੀਤਾ ਜਿਸਦਾ ਉਸ ਸਮੇਂ ਦੇ ਲੋਕਾਂ ਤੇ ਚੋਖਾ ਪ੍ਰਭਾਵ ਪਿਆ। ਇਨ੍ਹਾਂ ਵਿਚ ਰਵਿਦਾਸ ਭਗਤ ਦਾ ਸਥਾਨ ਕਾਫੀ ਉਚੇਰਾ ਮੰਨਿਆ ਜਾ ਚੁੱਕਾ ਹੈ। ਇਸ ਸੰਬੰਧ ਵਿਚ ਅਸੀਂ ਉਨ੍ਹਾਂ ਦੀ ਬਾਣੀ ਤੇ ਆਧਾਰਿਤ ਵਿਸ਼ਲੇਸ਼ਣ ਕਰਾਂਗੇ।

## ਵਰਣ ਵਿਵਸਥਾ

ਵੇਦਾਂ ਵਿਚ ਚਾਰ ਵਰਣਾਂ ਨੂੰ ਸਮਾਜ ਦੇ ਬਰਾਬਰ ਦਾ ਅੰਗ ਸਮਝਿਆ ਜਾਂਦਾ ਸੀ। ਇਕੋ ਪਰਜਾਪਤੀ ਬ੍ਰਹਮਾ ਦੇ ਅੰਗਾਂ ਤੋਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਆਦਿ ਵਰਣਾਂ ਦੀ ਉਤਪਤੀ ਹੋਈ ਸੀ।[1] ਵੈਦਿਕ ਸਮਾਜ ਵਿਚ ਇਨ੍ਹਾਂ ਨੂੰ ਇਕੋ ਜਿਹੇ ਹੱਕ ਵੀ ਮਿਲੇ ਹੋਏ ਸਨ ਪਰ ਮੱਧਕਾਲ ਤੱਕ ਪਹੁੰਚਦਿਆਂ-ਪਹੁੰਚਦਿਆਂ ਬ੍ਰਾਹਮਣ ਵਰਗ ਦੀ ਪ੍ਰਧਾਨਗੀ ਤੋਂ ਤਿੰਨੇ ਵਰਗ ਤੰਗ ਆ ਗਏ। ਦੂਸਰਾ ਮੁਸਲਮਾਨਾਂ ਦੇ ਭਾਰਤ ਆਉਣ ਨਾਲ ਉਨ੍ਹਾਂ ਦਾ ਪ੍ਰਭਾਵ ਬ੍ਰਾਹਮਣਾਂ ਤੇ ਪਿਆ। ਹਿੰਦੂ ਮੁਸਲਮਾਨ ਬਾਰੇ ਨਾਮਦੇਵ ਨੇ ਲਿਖਿਆ:-

ਹਿੰਦੂ ਅੰਨ੍ਹਾ ਤੁਰਕੂ ਕਾਣਾ। ਦੁਹਾਂ ਤੇ ਗਿਆਨੀ ਸਿਆਣਾ
ਹਿੰਦੂ ਪੂਜੇ ਦੇਹੁਰਾ ਮੁਸਲਮਾਨ ਮਸੀਤਿ
ਨਾਮੇ ਸੋਈ ਸੇਵਿਆ ਜਾ ਦੇਹਰਾ ਨ ਮਸੀਤਿ।[2]

ਸ੍ਰੀ ਮਦ ਭਗਵਤ ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਕਿਹਾ ਕਿ "ਮੈਂ ਗੁਣ ਅਤੇ ਕਰਮ ਅਨੁਸਾਰ ਚਾਰ ਵਰਣ ਬਣਾਏ ਹਨ।[3] ਵੈਦਿਕ ਰਿਸ਼ੀ ਵੇਦ ਬਾਣੀ ਨੂੰ ਨਾ ਸਿਰਫ ਚਾਰ ਵਰਣਾਂ ਵਿਚ ਸਗੋਂ ਸਮੁੱਚੇ ਆਰੀਆ-ਗੈਰਆਰੀਆ ਲੋਕਾਂ ਲਈ ਇਕੋ ਜਿਹੇ ਰੂਪ ਵਿਚ ਅਪਣਾਉਣ ਲਈ ਯੋਗ ਮੰਨਦਾ ਹੈ।[4]

ਭਗਤ ਰਵਿਦਾਸ ਨੇ ਮਨੂੰ ਵਲੋਂ ਮਨੁੱਖੀ ਸਮਾਜ ਵਿਚ ਸਥਾਪਿਤ ਕੀਤੀ ਚਾਰ ਵਰਣ ਪੱਧਤੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਕੋਈ ਬ੍ਰਾਹਮਣ ਇਸ ਕਰਕੇ ਬ੍ਰਾਹਮਣ

ਨਹੀਂ ਕਿ ਉਹ ਬ੍ਰਾਹਮਣ ਦੇ ਘਰ ਜਨਮਿਆ ਹੈ ਉੱਚੀ ਕੁੱਲ ਵਿਚ ਜਨਮ ਲੈਣ ਨਾਲ ਕੋਈ ਵਿਅਕਤੀ ਬ੍ਰਾਹਮਣ ਨਹੀਂ ਬਣਦਾ ਉਨ੍ਹਾਂ ਅਨੁਸਾਰ ਜੋ ਇਨਸਾਨ ਧਰਮ ਦੀ ਕਾਰ ਕਰਦਾ ਹੈ ਜਿਸਨੇ ਕਾਮ, ਕਰੋਧ,ਲੋਭ,ਮੋਹ, ਹੰਕਾਰ ਦਾ ਤਿਆਗ ਕੀਤਾ ਹੋਇਆ ਹੈ ਜੋ ਬ੍ਰਹਮ ਦੀ ਆਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਬ੍ਰਾਹਮਣ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਖੱਤਰੀ ਹੈ ਜਿਹੜਾ ਦੀਨ ਦੁਖੀ ਲਈ ਆਪਣੇ ਪ੍ਰਾਣ ਵਾਰਦਾ, ਨਿਆਸਰੇ ਲਈ ਆਪਣੇ ਅੰਗ ਕਟਵਾਉਣ ਤੋਂ ਨਹੀਂ ਝਿਜਕਦਾ ਉਹ ਸੂਰਬੀਰ ਹੀ ਸੱਚਾ ਖੱਤਰੀ ਹੈ। ਵੈਸ਼ ਉਹ ਹੈ ਜਿਹੜਾ ਸੱਚ ਦੀ ਦੁਕਾਨ ਤੇ ਬੈਠ ਕੇ ਸੱਚ ਦਾ ਵਿਉਪਾਰ ਕਰਦਾ ਹੈ ਤੇ ਨੇਕ ਕਮਾਈ ਕਰਦਾ ਹੋਇਆ ਸਭ ਦਾ ਭਲਾ ਚਾਹੁੰਦਾ ਹੈ ਅਤੇ ਸ਼ੂਦਰ ਉਹ ਹੈ ਜਿਸਦਾ ਆਚਰਣ ਪਵਿੱਤਰ ਹੈ ਜੋ ਝੂਠ ਨਹੀਂ ਬੋਲਦਾ, ਮਨੁੱਖ ਮਾਤਰ ਦੀ ਸੇਵਾ ਕਰਦਾ ਅਤੇ ਆਚਾਰ-ਵਿਹਾਰ ਨੂੰ ਮਨੁੱਖੀ ਉੱਚਤਾ ਦਾ ਆਧਾਰ ਮੰਨਦਾ ਹੈ। ਆਪਣੇ ਬ੍ਰਾਹਮਣ, ਵੈਸ਼, ਸ਼ੂਦਰ ਅਤੇ ਖੱਤਰੀ ਬਾਰੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਕਿ ਇਨਸਾਨ ਭਾਵੇਂ ਕਿਸੇ ਵੀ ਜਾਤ ਨਾਲ ਸੰਬੰਧ ਰੱਖਦਾ ਹੋਵੇ ਉਸਨੂੰ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ ਕਿਉਂਕਿ ਭਗਤੀ ਕਰਨ ਨਾਲ ਮਨ ਵਿਸ਼ੇ-ਵਿਕਾਰਾਂ ਤੋਂ ਦੂਰ ਹੋ ਜਾਂਦਾ ਹੈ। ਮਨ ਵਿਚੋਂ ਛਲ ਕਪਟ ਨਿਕਲਣ ਨਾਲ ਮਨ ਸਾਫ ਹੋ ਜਾਂਦਾ ਹੈ ਤਾਂ ਇਨਸਾਨ ਆਪ ਵੀ ਭਵ ਸਾਗਰ ਪਾਰ ਹੋ ਜਾਂਦਾ ਹੈ ਤੇ ਦੂਸਰਿਆਂ ਨੂੰ ਵੀ ਤਾਰਦਾ ਹੈ:-

> ਬ੍ਰਾਹਮਣ ਬੈਸ ਸੂਦ ਅਰੁ ਖ੍ਯ੍ਯਤ੍ਰੀ।
> ਡੋਮ ਚੰਡਾਰ ਮਲੇਛ ਮਨ ਸੋਇ।
> ਹੋਇ ਪੁਨੀਤ ਭਗਵੰਤ ਭਜਨ ਤੇ,
> ਆਪੁ ਤਾਰਿ ਤਾਰੈ ਕੁਲ ਦੋਇ।।੧।।
> ਧੰਨਿ ਸੁ ਗਾਉ ਧੰਨਿ ਸੋ ਠਾਉ,
> ਧੰਨਿ ਪੁਨੀਤ ਕੁਟੰਬ ਸਭ ਲੋਇ।
> ਜਿਨਿ ਪੀਆ ਸਾਰ ਰਸੁ ਤਜੇ ਆਨ,
> ਹੋਇ ਰਸ ਮਗਨ ਡਾਰੇ ਬਿਖੁ ਖੋਇ।
> ਪੰਡਿਤ ਸੂਰ ਛਤ੍ਰਪਤਿ ਰਾਜਾ,
> ਭਗਤ ਬਰਾਬਰਿ ਅਉਰੁ ਨ ਕੋਇ।[5]

## ਜਾਤਪਾਤ

ਸਮਾਜਿਕ ਵਿਵਸਥਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਭਾਰਤੀ ਧਰਮ ਸ਼ਾਸਤਰ ਵਿਚ ਵਰਣ ਵਿਧਾਨ ਨੂੰ ਸਵੀਕਾਰ ਕੀਤਾ ਗਿਆ ਸੀ, ਪਰ ਉ[illegible]

ਚਹੁੰ ਵਰਣਾ ਵਿਚ ਸਮਾਨਤਾ ਸੀ ਜੋ ਜਿਸ ਤਰ੍ਹਾਂ ਦੇ ਕਿੱਤੇ ਨੂੰ ਅਪਣਾ ਲੈਂਦਾ ਸੀ ਉਹ ਉਸੇ ਵਿਸ਼ੇਸ਼ ਵਰਗ ਦਾ ਜੀਅ ਮੰਨ ਲਿਆ ਜਾਂਦਾ ਸੀ। ਉਸਦੇ ਵਰਣ ਪ੍ਰਵੇਸ਼ ਲਈ ਜਨਮ ਦਾ ਘੇਰਾ ਕੋਈ ਮਹੱਤਵ ਨਹੀਂ ਰੱਖਦਾ ਸੀ।[6]

ਵੇਦਾਂ ਦੇ ਅਧਿਐਨ ਉਤੇ ਵੀ ਕੋਈ ਰੋਕ ਨਹੀਂ ਸੀ। ਵੇਦਾਂ ਵਿਚ ਅਜਿਹੇ ਸਲੋਕ ਮਿਲਦੇ ਹਨ ਜਿਨ੍ਹਾਂ ਵਿਚ ਚਾਰਾਂ ਵਰਣਾਂ ਨੂੰ ਸਰੀਰ ਦੇ ਅੰਗਾਂ ਵਾਂਗ ਸਮਾਜ ਦੇ ਸਮਾਨ ਅੰਗ ਸਵੀਕਾਰ ਕੀਤਾ ਗਿਆ ਹੈ[7] ਅਤੇ ਕੇਵਲ ਚਾਰਾਂ ਵਰਣਾਂ ਲਈ ਹੀ ਨਹੀਂ ਬਲਕਿ ਵਿਦੇਸ਼ੀਆਂ ਲਈ ਵੀ ਵੇਦ ਦੇ ਅਧਿਐਨ ਦੀ ਛੋਟ ਦਿਤੀ ਗਈ ਸੀ।[8]

ਸਮ੍ਰਿਤੀ ਕਾਲ ਵਿਚ ਪੇਸ਼ੇ ਨੂੰ ਆਧਾਰ ਬਣਾਇਆ ਜਾਂਦਾ ਸੀ। ਪੁਨਰ ਸਥਾਪਨ ਕਾਲ ਵਿਚ ਊਚ-ਨੀਚ ਦਾ ਜਨਮ ਹੋਇਆ ਤੇ ਮੱਧਕਾਲ ਤੱਕ ਆਉਂਦੇ ਆਉਂਦੇ ਵਰਣ ਵਿਵਸਥਾ ਵਿਚ ਪੇਸ਼ੇ ਨੂੰ ਪੂਰਨ ਤੌਰ ਤੇ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਧਾਰਮਿਕ ਅਗਵਾਈ ਅਧੀਨ ਉਸ ਸਮੇਂ ਦੀ ਅਨੁਕੂਲਤਾ ਦੇ ਸੰਦਰਭ ਵਿਚ ਕਾਰੋਬਾਰੀ ਪ੍ਰਬੰਧ ਅਧੀਨ ਚਾਰ ਵਰਣ (ਬ੍ਰਾਹਮਣ, ਵੈਸ਼, ਖੱਤਰੀ ਅਤੇ ਸ਼ੂਦਰ) ਮਨੂੰ ਰਾਹੀਂ ਹੋਂਦ ਵਿਚ ਆਏ। ਵਿਦਿਆ ਦੇ ਕੰਮ ਵਿਚ ਲੱਗੇ ਲੋਕ ਬ੍ਰਾਹਮਣ, ਰੱਖਿਆ ਅਤੇ ਫੌਜ ਵਿਚ ਕੰਮ ਕਰਨ ਵਾਲੇ ਖੱਤਰੀ, ਵਪਾਰ ਆਦਿ ਨਾਲ ਸੰਬੰਧਤ ਲੋਕ ਵੈਸ਼ ਅਤੇ ਦੂਸਰੀਆਂ ਸੇਵਾਵਾਂ ਨਾਲ ਸੰਬੰਧਤ ਸ਼੍ਰੇਣੀਆਂ ਸ਼ੂਦਰ ਕਹਾਉਂਦੀਆਂ ਸਨ। ਕਰਮ ਅਨੁਸਾਰ ਬ੍ਰਾਹਮਣ ਸ਼ੂਦਰ ਅਤੇ ਸ਼ੂਦਰ ਬ੍ਰਾਹਮਣ ਬਣ ਸਕਦਾ ਸੀ ਭਾਵੇਂ ਮਨੂੰ ਨੇ ਉਸ ਸਮੇਂ ਦੇ ਕੰਮਾਂ ਦੀ ਵੰਡ ਮਨੁੱਖੀ ਉਪਯੋਗਤਾ ਹਿੱਤ ਹੀ ਕਿਉਂ ਨਾ ਕੀਤੀ ਹੋਵੇ ਪਰ ਵਕਤ ਗੁਜ਼ਰਨ ਦੇ ਨਾਲ ਨਾਲ ਪ੍ਰਾਪਤ ਗਿਆਨ ਦੇ ਆਧਾਰ ਤੇ ਯੋਗਤਾ, ਅਯੋਗਤਾ ਅਤੇ ਕਰਮ ਦੀ ਉੱਚਤਾ ਤੇ ਨੀਵੇਂਪਨ ਦੇ ਕਾਰਨ ਚਾਰੇ ਵਰਣ ਆਪੋ ਆਪਣੇ ਖਾਨੇ ਤਹਿਤ ਵੱਖੋ ਵੱਖ ਚੌਖਟਿਆਂ ਵਿਚ ਖੜੋਤੇ ਨਜ਼ਰ ਆਉਣ ਲੱਗੇ। ਕਾਰੋਬਾਰ ਜਾਂ ਕੰਮ ਨਾਲ ਸੰਬੰਧਤ ਵਰਣ ਹੁਣ ਜਨਮ ਨਾਲ ਸੰਬੰਧਤ ਵਰਗ ਬਣ ਗਏ। ਇਸੇ ਕਾਰਨ ਜਾਤ-ਪਾਤ, ਉਚ-ਨੀਚ ਦੀਆਂ ਦੀਵਾਰਾਂ ਖੜੀਆਂ ਹੋ ਗਈਆਂ ਜੋ ਜਾਤਪਾਤ ਦਾ ਕਾਰਨ ਬਣੀਆਂ।

ਇਸ ਕਾਲ ਵਿਚ ਬ੍ਰਾਹਮਣਾਂ ਦੀ ਪ੍ਰਧਾਨਤਾ ਸੀ ਨੀਵੀਂ ਜਾਤ ਦੇ ਲੋਕਾਂ ਨੂੰ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ। ਉਹ ਕਿਸੇ ਵੀ ਧਾਰਮਿਕ ਸਥਾਨ ਤੇ ਜਾਣ ਦਾ ਅਧਿਕਾਰ ਨਹੀਂ ਸਨ ਰੱਖਦੇ ਪਰ ਸੰਤ ਮੱਤ ਨੇ ਆਪਣੀ ਕ੍ਰਾਂਤੀ ਰਾਹੀਂ ਇਸ ਗੱਲ ਨੂੰ ਗਲਤ

ਸਿੱਧ ਕਰ ਦਿੱਤਾ। ਰਵਿਦਾਸ ਦੇ ਗੁਰੂ ਰਾਮਾਨੰਦ ਨੇ 'ਜਾਤਿ ਪਾਤਿ ਪੂਛੇ ਨਾ ਕੋਇ ਹਰਿ ਕੋ ਭਜੇ ਸੋ ਹਰਿ ਕਾ ਹੋਇ' ਦਾ ਵਿਚਾਰ ਪੇਸ਼ ਕੀਤਾ। ਇਸੇ ਗੱਲ ਨੂੰ ਰਵਿਦਾਸ ਨੇ ਸਿੱਧ ਕਰ ਦਿੱਤਾ ਕਿ ਪਰਮਾਤਮਾ ਹਰ ਪ੍ਰਾਣੀ ਵਿਚ ਵਸਦਾ ਹੈ ਤੇ ਕੋਈ ਵੀ ਪ੍ਰਾਣੀ ਉਸਦੇ ਨਾਮ ਰੂਪੀ ਧਨ ਨੂੰ ਪਾ ਕੇ ਬ੍ਰਾਹਮਣ ਬਣ ਸਕਦਾ ਹੈ। ਸੰਸਾਰਿਕ ਦ੍ਰਿਸ਼ਟੀ ਤੋਂ ਕੋਈ ਉੱਚਾ ਜਾਂ ਨੀਵਾਂ ਨਹੀਂ। ਆਪਦੀ ਬਾਣੀ ਵਿਚੋਂ ਜਾਤਪਾਤ ਬਾਰੇ ਕਈ ਉਦਾਹਰਣ ਮਿਲਦੇ ਹਨ:-

ਮੇਰੀ ਜਾਤ ਕਮੀਨੀ ਪਾਤ ਕਮੀਨੀ ਓਛਾ ਜਨਮੁ ਹਮਾਰਾ।
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ।[9]

ਮੇਰੀ ਕੁਚੀਲ ਜਾਤ ਕੁਚੀਲਾ ਮੇ ਬਾਸ,
ਭਗਤਿ ਹੇਤ ਹਰਿਚਰਨ ਨਿਵਾਸ।
ਚਾਰਿਹੁੰ ਬੇਦ ਕਾ ਜਾਂ ਸੰਸਿਤਿ,
ਜਨ ਰਵਿਦਾਸ ਕਰੈ ਡੰਡੋਤਿ।[10]

ਐਸੀ ਮੇਰੀ ਜਾਤ ਬਿਖਿਆਤੁ ਚਮਾਰੰ, ਹਿਰਦੈ ਰਾਮ ਗੋਬਿੰਦ ਗੁਣ ਸਾਰੰ।
ਸੁਰਸਰੀ ਜਲ ਲੀਆ ਕ੍ਰਿਤ ਬਾਰੁਣੀ ਰੇ, ਜਿਸੈ ਸੰਤ ਜਨ ਕਰਤ ਨਹੀ ਪਾਨੰ।
ਸੁਰਾ ਅਪਵਿਤ੍ਰ, ਨਿਤ ਗੰਗਾ ਜਲ ਮਾਣਿਏ, ਸੁਰਸਰੀ ਮਿਲਤ ਨਹੀ ਹੋਤ ਆਨੰ।।[11]

ਕਿਹਿ ਮਨ ਟੇਢੇ ਟੇਢੇ ਜਾਤ।
ਜਾਕੂੰ ਪੰਖ ਚਹੁ ਗਿਰਵਾਨੇ, ਹਾਡ ਮਾਸ ਕੇ ਗਾਤ।
ਜਾਕੂੰ ਨਾਸ ਵਿਜਟਾ ਕੋ ਕੇਤੇ, ਐਤ ਫਾਸ ਜਵੈ ਜਾਤ।।[12]

ਰੇ ਚਿਤ ! ਚੇਤਿ ਅਚੇਤ ਕਾਹੇ ਨ ਬਾਲਮੀਕਹਿ ਦੇਖ।
ਕਿਸ ਜਾਤੁ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ।
ਸੁਆਨ ਸਤ੍ਰ ਅਜਾਤੁ ਸਭ ਤੇ, ਕ੍ਰਿਸ਼ਨ ਲਾਵੈ ਹੇਤੁ।
ਲੋਗੁ ਬਪੁਰਾ ਕਿਆ ਸਰਾਹੈ। ਤੀਨਿ ਲੋਕ ਪ੍ਰਵੇਸ਼।
ਅਜਾਮਲ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੇ ਪਾਸ।
ਐਸੇ ਦੁਰਮਤਿ ਨਿਸਤਰੇ ਤੂੰ ਕਿਉਂ ਨ ਤਰਹਿ ਰਵਿਦਾਸ।[13]

ਚਮਰਟਾ ਗਾਂਠਿ ਨ ਜਨਈ, ਲੋਗ ਗਠਾਵੈ ਪਨਹੀ।
ਆਰ ਨਹੀ ਜਿਹ ਤੋਪਉ, ਨਾਹੀ ਰਾਂਬੀ ਠਾਉਂ ਰੋਪਉ।
ਲੋਗ ਗੰਠਿ ਗੰਠਿ ਖਰਾ ਬਿਗੂਚਾ, ਹਉ ਬਿਨੁ ਗਾਂਠੇ ਜਾਇ ਪਹੂਚਾ।
ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ।[14]

ਹਮ ਅਪਰਾਧੀ ਨੀਚ ਘਰ ਜਨਮੇ,
ਕੁਟੰਬ ਲੋਗ ਕਰੈ ਹਾਸੀ ਰੇ।
ਕਹੈ 'ਰਵਿਦਾਸ' ਰਾਮ ਜਪਿ ਰਸਨਾ;
ਕਾਟੈਂ ਜਮ ਕੀ ਫਾਸੀ ਰੇ।[15]

ਇਸ ਤਰ੍ਹਾਂ ਰਵਿਦਾਸ ਨੇ ਕਿਹਾ ਜਾਤੀ ਅਭਿਮਾਨੀਆਂ ਅਤੇ ਜਾਤਪਾਤ ਦੇ ਵਿਚਾਰ ਝੂਠੇ ਹਨ ਅਤੇ ਪਰਮਾਤਮਾ ਦੇ ਨਾਮ ਦੀ ਲਗਨ, ਤੜਪ, ਇਸ਼ਕ ਸੱਚਾ ਹੈ। ਉਹ ਜਾਤਪਾਤ ਨੂੰ ਛੱਡ ਕੇ ਕਰਮ ਵੱਲ ਧਿਆਨ ਦੇਣ ਲਈ ਕਹਿੰਦੇ ਹਨ ਨੇਕ ਕਮਾਈ ਕਰਦੇ ਹੋਏ ਉਸ ਪਰਮਾਤਮਾ ਦਾ ਨਾਮ ਲੈਂਦੇ ਰਹਿਣ ਦੀ ਗੱਲ ਕਰਦੇ ਹਨ। ਕੋਈ ਉੱਚਾ ਜਾਂ ਨੀਵਾਂ ਨਹੀਂ ਸਭ ਵਿਚ ਇਕ ਹੀ ਆਤਮਾ ਹੈ ਤੇ ਉਹ ਹੈ ਪਰਮਾਤਮਾ, ਇਸ ਲਈ ਸਭ ਨੂੰ ਪਿਆਰ ਕਰਨਾ ਚਾਹੀਦਾ ਹੈ ਇਸ ਨਾਲ ਹਿਰਦੇ ਵਿਚ ਸੱਚ ਦਾ ਵਾਸਾ ਹੁੰਦਾ ਹੈ। ਸਾਡੀ ਆਤਮਾ ਵਿਸ਼ੇ-ਵਿਕਾਰਾਂ ਤੋਂ ਪਰ੍ਹੇ ਹੋ ਕੇ ਸਾਫ਼ ਹੋ ਜਾਂਦੀ ਹੈ ਤੇ ਜਦੋਂ ਮਨ ਸਾਫ਼ ਹੋ ਜਾਂਦਾ ਹੈ ਤਾਂ ਕੋਈ ਉੱਚਾ ਨੀਵਾਂ ਨਹੀਂ ਲੱਗਦਾ ਸਭ ਉਸ ਪਰਮਾਤਮਾ ਦੀ ਸੰਤਾਨ ਦਿਸਦੇ ਹਨ।

## ਮੂਰਤੀ ਪੂਜਾ

ਭਾਰਤੀ ਸੰਸਕਾਰਾਂ ਵਿਚ ਮੂਰਤੀ ਦੀ ਪੂਜਾ ਕਰਨ ਵਾਲੇ ਤੇ ਉਸਦਾ ਖੰਡਨ ਕਰਨ ਵਾਲੇ ਦੋਵੇਂ ਹੀ ਮਿਲਦੇ ਹਨ। ਨਾਰਦ ਦੀ ਰਚਨਾ ਪੰਚ-ਰਾਤ੍ਰ ਵਿਚ ਭਗਵਾਨ ਦੀ ਉਪਾਸਨਾ ਨੂੰ ਹੀ ਸ੍ਰੇਸ਼ਟ ਮੰਨਿਆ ਜਾਂਦਾ ਹੈ। ਲਕੜੀ, ਧਾਤ, ਪੱਥਰ ਜਾਂ ਮਿੱਟੀ ਦੀ ਮੂਰਤੀ ਭਗਵਾਨ ਨਹੀਂ ਸੀ। ਮੂਰਤੀ ਭਗਵਾਨ ਲਈ ਇਕ ਚਿੰਨ੍ਹ ਮੰਨ ਲਈ ਗਈ ਸੀ ਤੇ ਜਦੋਂ ਲੋਕ ਮੰਦਰ ਵਿਚ ਪਈਆਂ ਮੂਰਤੀਆਂ ਨੂੰ ਨਮਸਕਾਰ ਕਰਦੇ ਹਨ ਤਾਂ ਉਹ ਮਿੱਟੀ ਜਾਂ ਧਾਤ ਨੂੰ ਨਹੀਂ ਪ੍ਰਭੂ ਦੀ ਹੀ ਬੰਦਨਾ ਕਰਦੇ ਹਨ। ਯੁਗ ਪਰਿਵਰਤਨ ਨਾਲ ਤੇ ਨਵੀਆਂ ਕੀਮਤਾਂ ਸਥਾਪਤ ਹੋਣ ਨਾਲ ਮੂਰਤੀ ਪੂਜਾ ਪ੍ਰਭੂ ਦੀ ਅਰਾਧਨਾ ਨਾ ਰਹਿ ਕੇ ਕਰਮਕਾਂਡ ਦਾ ਹਿੱਸਾ ਬਣ ਗਈ। ਭਾਰਤੀ ਸੰਸਕਾਰ ਪਰੰਪਰਾ ਵਿਚ ਉਪਨਿਸ਼ਦਾਂ ਵਿਚ ਮੂਰਤੀ ਪੂਜਾ ਦੀ ਘੋਰ ਵਿਰੋਧਤਾ ਹੋਈ ਹੈ।[16]

ਗੁਰੂ ਰਵਿਦਾਸ ਕਹਿੰਦੇ ਹਨ ਕਿ ਪਰਮਾਤਮਾ ਸਾਡੇ ਅੰਦਰ ਹੈ, ਉਸਦਾ ਨਾਮ ਸਾਡੇ ਅੰਦਰ ਹੈ ਤਾਂ ਸਾਨੂੰ ਮੂਰਤੀਆਂ ਦੀ ਪੂਜਾ ਕਰਨ ਦਾ ਕੀ ਲੋੜ ਹੈ ਅਸੀਂ ਇਕ ਮਨ ਹੋ ਕੇ ਆਪਣੇ ਅੰਦਰੋਂ ਹੀ ਪਰਮਾਤਮਾ ਨੂੰ ਪਾ ਸਕਦੇ ਹਾਂ। ਲੋੜ ਹੈ ਇਨਸਾਨ ਨੂੰ ਆਪਣੇ ਅੰਦਰੋਂ ਹੀ ਉਸ ਪਰਮਾਤਮਾ ਨੂੰ ਲੱਭਣ ਦਾ । ਉਹ ਕਿਸੇ ਮੰਦਰ ਜਾਂ ਮਸਜਿਦ ਵਿੱਚ ਨਹੀਂ ਵਸਦਾ। ਉਸ ਸਰਵ-ਵਿਆਪਕ ਪਰਮਾਤਮਾ ਦੀ ਖੋਜ ਆਪਣੇ ਅੰਦਰੋਂ ਕਰੋ। ਉਹ ਪੱਤੇ-ਪੱਤੇ, ਕਣ-ਕਣ, ਜ਼ੱਰੇ-ਜ਼ੱਰੇ ਵਿਚ ਹੈ। ਜਿਸ ਮੰਦਰ ਵਿਚ ਉਸ ਪਰਮਾਤਮਾ ਦੀ ਖੋਜ ਅਸੀਂ ਕਰਦੇ ਹਾਂ ਉਸ ਮੰਦਰ ਦਾ ਪੁਜਾਰੀ ਆਪ ਉਸ ਪਰਮਾਤਮਾ ਤੋਂ ਦੂਰ ਹੁੰਦਾ ਹੈ। ਉਹ ਸਿਰ ਮੁਨਾ ਕੇ ਮੱਥੇ ਤੇ ਤਿਲਕ ਤਾਂ ਲਾ ਲੈਂਦਾ ਹੈ ਪਰ ਆਪਣੇ ਹਿਰਦੇ ਵਿਚੋਂ ਸੰਸਾਰਕ ਮੋਹ ਨਹੀਂ ਤਿਆਗ ਸਕਦਾ ਇਸੇ ਲਈ ਆਪ ਕਹਿੰਦੇ ਹਨ ਕਿ ਜੋ ਦੁੱਧ, ਫਲ, ਫੁੱਲ ਅਸੀਂ ਉਸ ਪਰਮਾਤਮਾ ਦੀ ਪੂਜਾ ਕਰਨ ਲਈ ਚੜ੍ਹਾਉਂਦੇ ਹਾਂ ਉਹ ਸਭ ਜੂਠੇ ਹਨ ਸਾਨੂੰ ਆਪਣੇ ਮਨੋ ਹੀ ਨਾਮ ਰਾਹੀਂ ਪਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਉਸਦਾ ਨਾਮ ਹੀ ਆਰਤੀ ਹੈ, ਪੂਜਾ ਹੈ, ਕੀਰਤਨ ਹੈ ਅਜਿਹੇ ਹੀ ਵਿਚਾਰ ਸਾਨੂੰ ਆਪਦੇ ਪਦਾਂ ਵਿਚੋਂ ਨਜ਼ਰ ਆਉਂਦੇ ਹਨ;–

ਦੂਧੁ ਤ ਬਛਰੈ ਥਨਹੁ ਬਿਟਾਰਿਓ
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।੧।।
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।
ਅਵਰੁ ਨ ਫੂਲੁ ਅਨੂਪੁ ਨ ਪਾਵਉ।
ਮੈਲਾਗਰ ਬੇਰ੍ਹੇ ਹੈ ਭੁਇਅੰਗਾ,
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ।[17]

ਜੌ ਤੁਮ ਤੋਰੋ ਰਾਮ ਮੈ ਨਹਿ ਤੋਰੋ।
ਤੁਮ ਸੋ ਤੋਰਿ ਕਵਨ ਸੋ ਜੋਰੋ।
ਤੀਰਥ ਬਰਤ ਨ ਕਰੌ ਅੰਦੇਸਾ, ਤੁਮਰੇ ਚਰਨ ਕਵਲ ਭਰੋਸਾ।
ਜਹਾਂ ਜਹਾਂ ਜਾਉਂ ਤੁਮਰੀ ਪੂਜਾ, ਤੁਮ ਸੋ ਔਰ ਨਬੀਨ ਮੈ ਤੋਰਯੋ
ਸਭ ਪਰਹਰਿ ਤੁਮਰੀ ਹੀ ਆਸਾ, ਮਨ ਕ੍ਰਮ ਬਚਨ ਕਹੈ ਰਵਿਦਾਸਾ।[13]

ਰਾਮਹਿਂ ਪੂਜਾ ਕਹਾ ਚੜਾਊ, ਫਲੁ ਅਰੁ ਫੂਲ ਅਨੂਪਮ ਨ ਪਾਊ।
ਥਨਹਰ ਦੂਧ ਜੁ ਬੱਛਰੁ ਜੁਠਾਰਯੋ, ਪਹੁਪ ਭੰਵਰ ਜਲ ਮੀਨ ਬਿਟਾਰਯੋ।

ਮਲਿਯਾਗਰ ਵੇਢਿਯੋ ਭੰਵਰ, ਬਿਖ ਅਮ੍ਰਿਤ ਦੋਊ ਏਕੈ ਸੰਗਾ।
ਧੂਪ ਦੀਪ ਨਈਵੇਦਹਿ ਬਾਸਾ, ਕੈਸੇ ਪੂਜ ਕਰਹਿ ਤੇਰੀ ਦਾਸਾ।
ਮਨ ਹੀ ਪੂਜਾ ਮਨ ਹੀ ਧੂਪ, ਮਨ ਹੀ ਸੇਊਂ ਸਹਜ ਸਰੂਪ।
ਪੂਜਾ ਅਰਚਾ ਨ ਜਾਨੋ ਰਾਮ ਤੇਰੀ, ਕਹੈ ਰਵਿਦਾਸ ਕਵਨ ਗਤਿ ਮੇਰੀ।[19]

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ।
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ।
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ।
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।
ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ।
ਨਾਮ ਤੇਰੋ ਤੇਲੁ ਲੇ ਮਾਹਿ ਪਸਾਰੇ।
ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ।
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ।
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।
ਕਹੈ ਰਵਿਦਾਸ ਨਾਮ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ।[20]

ਗਗਨ ਮੰਡਲ ਮੇਂ ਆਰਤੀ ਕੀਜੈ, ਨਾਦ ਬਿੰਦ ਇਕ ਮੇਕ ਕਰੀਜੈ।
ਸੁਖਮਨ ਇੰਦ੍ਰ ਅਮ੍ਰਿਤ ਫੂਲ ਧਰਾਵੈ, ਮਨਸਾ ਮਾਲਾ ਫੂਲ ਚੜ੍ਹਾਵੈ।
ਘੰਟ ਅਖੰਡਾ ਜੋਤੀ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀ।
ਪਵਨ ਸਾਧਨਾ ਥਾਲ ਸਜੀਜੈ, ਤਾਂ ਮੇਂ ਚੌਮੁਖ ਮਨ ਧਰਿ ਲੀਜੈ।
ਰਵਿ ਸਸਿ ਨਾਦ ਗਾਏ ਤਿਹ ਮਾਂਗਾ, ਖਿਨ ਚੀਹਨੇ ਖਿਨ ਚਮੇਂ ਨਾਗਾ
ਸਹਜ ਕੰਵਲ ਸਿੰਘਾਸਨ ਰਾਜੈ, ਅਨਹਦ ਝਾਂਜਨ ਨਿਤ ਹੀ ਬਾਜੈ।
ਇਹ ਬਿਧ ਆਰਤੀ ਸਾਜੀ, ਸੇਵਾ ਕਰਮ ਪਰਮ ਪੁਰਖਿ ਅਲਖ ਅਭੇਵਾ।
ਕਹੈ 'ਰਵਿਦਾਸ' ਗੁਰਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ।[21]

ਇਸ ਤਰ੍ਹਾਂ ਰਵਿਦਾਸ ਕਹਿੰਦੇ ਹਨ ਕਿ ਪਰਮਾਤਮਾ ਦੀ ਆਰਤੀ ਤਾਂ ਸਾਰੀ ਕੁਦਰਤ

ਕਰ ਰਹੀ ਹੈ ਸਾਨੂੰ ਉਸਦਾ ਨਾਮ ਹੀ ਧਿਆਉਣਾ ਚਾਹੀਦਾ ਹੈ। ਉਹ ਹੀ ਪਵਿੱਤਰ ਇਸ਼ਨਾਨ ਹੈ ਮੂਰਤੀ ਪੂਜਾ ਨੂੰ ਛੱਡ ਕੇ ਮਨ ਵਿਚੋਂ ਪਰਮਾਤਮਾ ਨੂੰ ਲੱਭਣ ਦੀ ਪ੍ਰੇਰਣਾ ਦਿੰਦੇ ਹਨ।

ਕਰਮਕਾਂਡ

ਮੂਰਤੀ ਪੂਜਾ ਤੋਂ ਇਲਾਵਾ ਆਪਣੇ ਹਵਨ, ਜੱਗ, ਮੰਤਰ-ਤੰਤਰ, ਸਿਰ ਮੁਨਾ ਕੇ ਧੂਣੀਆਂ ਰਮਾਉਣ ਭੇਖ ਆਦਿ ਕਰਮਕਾਂਡਾਂ ਦਾ ਵਿਰੋਧ ਕੀਤਾ। ਜਪ, ਤਪ, ਵਰਤ, ਪੂਜਾ, ਨੱਚਣਾ ਸਰੀਰ ਨੂੰ ਭਭੂਤ ਲਗਾਉਣਾ ਸਿਰ ਵਿਚ ਸੁਆਹ ਪਾਉਣਾ ਆਦਿ ਗੱਲਾਂ ਨੂੰ ਤਿਆਗ ਕੇ ਪ੍ਰਭੂ ਦੇ ਸਿਮਰਨ ਨੂੰ ਹੀ ਮਹੱਤਾ ਦਿੱਤਾ ਹੈ ਆਪਣੇ ਉਸ ਸਮੇਂ ਦੇ ਬ੍ਰਾਹਮਣਾਂ ਜੋ ਇਸ਼ਨਾਨ ਕਰਕੇ, ਤਿਲਕ ਲਾ ਕੇ, ਜਨੇਊ ਪਾ ਕੇ, ਗਲ ਵਿਚ ਮਾਲਾ ਪਾ ਕੇ ਪਰਮਾਤਮਾ ਨੂੰ ਪਾਉਣਾ ਚਾਹੁੰਦੇ ਸਨ ਉਨ੍ਹਾਂ ਦਾ ਵਿਰੋਧ ਕੀਤਾ।

ਬਾਹਰੀ ਆਡੰਬਰਾਂ ਨੂੰ ਛੱਡ ਕੇ ਹੀ ਸੱਚੀ ਭਗਤੀ ਨਾਲ ਪ੍ਰਭੂ ਮਿਲਾਪ ਹੁੰਦਾ ਹੈ। ਸੱਚਾ ਭਗਤ ਦੁੱਖ ਸੁੱਖ, ਮਾਨ-ਅਪਮਾਨ ਤੋਂ ਉਪਰ ਉੱਠ ਕੇ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਹੋਇਆ ਉਸ ਨਾਲ ਅਭੇਦਤਾ ਨੂੰ ਰਵਿਦਾਸ ਬੂੰਦ ਦੇ ਸਾਗਰ ਵਿਚ ਮਿਲਣ ਦੀ ਉਦਾਹਰਣ ਰਾਹੀਂ ਦਰਸਾਉਂਦੇ ਹਨ:—

ਤੋਹੀ ਮੋਹੀ ਅੰਤਰ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ।
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।
ਪਤਿਤ ਪਾਵਨ ਨਾਮੁ ਕੈਸੇ ਹੁੰਤਾ।
ਤੁਮ ਜੁ ਨਾਇਕ ਆਛਹੁ ਅੰਤਰ ਜਾਮੀ।
ਪ੍ਰਭੁ ਤੇ ਜਨੁ ਜਾਨੀਜੈ ਜਨ ਤੇ ਸੁਆਮੀ।
ਸਰੀਰੁ ਆਰਾਧੈ ਮੋ ਕਉ ਬੀਚਾਰ ਦੇਹੂ।
ਰਵਿਦਾਸ ਸਮਦਲ ਸਮਝਾਵੈ ਕੋਊ।[22]

ਭਗਤੀ ਦੇ ਨਾਂ ਤੇ ਬਾਹਰੀ ਪੂਜਾ ਪਾਠ ਦਿਖਾਵਟੀ ਰਸਮਾਂ ਚੱਲ ਰਹੀਆਂ ਸਨ, ਉਹ ਸੱਚੀ ਭਗਤੀ ਨਹੀਂ ਸੀ। ਕੋਈ ਇੰਦਰੀਆਂ ਸਾਧ ਰਿਹਾ ਸੀ, ਪੰਚ-ਅਗਨੀ ਮੂਹਰੇ ਬੈਠਾ ਸੀ

ਗੁਫਾਵਾਂ ਵਿਚ ਉੱਤਰ ਕੇ ਕੇਵਲ ਗਿਆਨ ਗੋਸ਼ਟ ਕਰ ਕੇ ਭਗਤੀ ਕਰਮ ਸੰਪੂਰਨ ਹੋ ਗਿਆ ਸਮਝਦਾ ਸੀ। ਇਨਾਂ ਸਭਨਾਂ ਨੂੰ ਰਵਿਦਾਸ ਨੇ ਦੱਸਿਆ ਕਿ ਸੱਚੀ ਭਗਤੀ ਕੀ ਹੈ ਤੇ ਕਰਮਕਾਂਡ ਕੀ ਹੈ। ਕਰਮਕਾਂਡ ਦੀ ਥਾਂ ਉਨ੍ਹਾਂ ਨੇ 'ਆਤਮਾ ਥਿਰ' ਕਰਨ ਦਾ ਉਪਦੇਸ਼ ਦਿੱਤਾ।[23]

ਐਸੀ ਭਗਤਿ ਨ ਹੋਇ, ਰੇ ਭਾਈ।
ਰਾਮ ਨਾਮ ਬਿਨੁ ਜੋ ਕਛੁ ਕਰੀਏ, ਸੋ ਸਬ ਭਰਮ ਕਹਾਈ।
ਭਗਤਿ ਨ ਰਸ ਦਾਨ, ਭਗਤਿ ਨ ਕਥੈ ਗਯਾਨ, ਭਗਤਿ ਨ ਬਨ ਮੈਂ ਗੁਹਾ ਖੁਦਾਈ।
ਭਗਤਿ ਨ ਐਸੀ ਹਾਂਸੀ, ਭਗਤਿ ਨ ਆਸਾ ਪਾਸੀ, ਭਗਤਿ ਨ ਕੁਲ ਕਾਨਿ ਗੰਵਾਈ।

ਭਗਤਿ ਨ ਇੰਦ੍ਰੀ ਬਾਂਧੇ, ਭਗਤਿ ਨ ਜੋਗ ਸਾਧੈਂ।
ਭਗਤਿ ਨ ਅਹਾਰ ਘਟਾਈ, ਏ ਸਬ ਕਰਮ ਕਹਾਈ।
ਭਗਤਿ ਨ ਨਿੰਦ੍ਰਾ ਸਾਧੇ, ਭਗਤਿ ਨ ਵੈਰਾਗ ਬਾਂਧੇ।
ਭਗਤਿ ਨ ਏ ਸਬ ਵੇਦ ਬੜਾਈ।
ਭਗਤਿ ਨ ਮੂੰਡ ਮੁੰਡਾਏ, ਭਗਤਿ ਨ ਮਾਲਾ ਦਿਖਾਈ।
ਭਗਤਿ ਨ ਚਰਨ ਧੋਵਾਏ, ਏ ਸਬ ਗੁਨੀ ਜਨ ਗਾਈ।
ਭਗਤਿ ਨ ਤੋਂ ਲੋਂ ਜਾਨੀ, ਜੋਂ ਲੋਂ ਆਪ ਕੂੰ ਆਪ ਬਖਾਨੀ।
ਜੋਈ ਜੋਈ ਕਰੈ, ਸੋਈ ਸੋਈ ਕਰਮ ਬੜਾਈ।
ਆਪੋ ਗਯੋ ਤਬ ਭਗਤਿ ਪਾਈ, ਐਸੀ ਭਗਤਿ ਹੈ, ਭਾਈ।
ਰਾਮ ਮਿਲਯੋ ਅਪਨੋ ਗੁਨ ਖੋਯੋ, ਰਿਧਿ ਸਿਧਿ ਸਬੈ ਜੁ ਗੰਵਾਈ।
ਕਹੈ 'ਰਵਿਦਾਸ' ਛੂਟੀ ਸਬ ਆਸ, ਤਬ ਹਰਿ ਤਾਹੀ ਕੇ ਪਾਸ।
ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਪਾਈ।[24]

ਮਾਲਾ ਨਾਮ ਸਬੈ ਜਗ ਡਹਕੇ, ਝੂਠੇ ਭੇਖ ਬਨੈ ਹੋ।
ਝੂਠੇ ਤੈਂ ਸਾਂਚ ਤਬ ਹੋਇਹੌ, ਹਰਿ ਕੀ ਸਰਨ ਜਬ ਐਹੋ।
ਕਨਰਸ ਬਤਰਸ ਔਰ ਸਬੈ ਰਸ, ਝੂਠਹਿੰ ਮੂੰਡ ਮੁੰਡੈਹੋ।
ਜਬ ਲਗ ਤੇਲ ਦੀਵੇ ਮੇ ਬਾਤੀ, ਦੇਖਤ ਹੀ ਬੁਝਿ ਜੈਹੋ।[25]

ਕਹੈ ਰਵਿਦਾਸ ਪਰਗਾਸ ਪਰਮਪਦ, ਕਾ ਜਪ ਤਪ ਬ੍ਰਤ ਪੂਜਾ।
ਏਕ ਅਨੇਕ ਅਨੇਕ ਏਕ ਹਰਿ, ਕਹੌ ਕਵਨ ਵਿਧਿ ਦੂਜਾ। [26]

ਪਾਂਡੇ ! ਹਰਿ ਵਿਚਿ ਅੰਤਰੁ ਡਾਢਾ।
ਮੂੰਡ ਮੂੰਡਾਵੈ ਸੇਵਾ ਪੂਜਾ, ਭ੍ਰਮ ਕਾ ਬੰਧਨ ਗਾਢਾ।
ਮਾਲਾ ਤਿਲਕ ਮਨੋਹਰ ਬਾਨੋ, ਲਾਗੌ ਜਮ ਕੀ ਪਾਸੀ।
ਜੌ ਹਰਿ ਸੇਤੀ ਜੋੜਯਾ ਚਾਹੌ, ਤੌ ਜਗ ਸੌਂ ਰਹੌ ਉਦਾਸੀ।
ਭੂਖ ਨ ਭਾਜੈ ਤ੍ਰਿਸ਼ਨਾ ਨ ਜਾਈ, ਕਹੌ ਕੌਨ ਕਵਨ ਗੁਣ ਹੋਈ।
ਜੋ ਦਧਿ ਮੈਂ ਕਾਜੀ ਕੈ ਜਾਵਣੁ, ਤੌ ਘ੍ਰਿਤੁ ਨ ਕਾਢੈ ਕੋਈ।
ਕਹਣੀ ਕਥਨੀ ਗਯਾਨ ਅਚਾਰਾ, ਭਗਤਿ ਇਨਹੂੰ ਸੈ ਨਯਾਰੀ।
ਦੋਇ ਘੋੜਾ ਚੜਿ ਕੋਊ ਨ ਪਹੁੰਤੌ, ਸਤਗੁਰ ਕਹੈ ਪੁਕਾਰੀ।
ਜੋ ਦਾਸਾ ਤਣੁ ਕੀਯੌ ਚਾਹੌ, ਆਸ ਭਗਤਿ ਕੀ ਹੋਈ।
ਤੌ ਨਿਰਮਲ ਸੰਗ ਮਗਨ ਹਵੈ ਨਾਚੌਂ, ਲਾਜ ਸਰਮ ਸਭ ਖੋਈ।
ਕੋਈ ਦਾਧੈ ਕੋਈ ਸੀਧੈ, ਸਾਚੌਂ ਕੂੜ ਨਿਤ ਮਾਰਯਾ।
ਕਹੈ ਰਵਿਦਾਸ ਹੌਂ ਨ ਕਹਤ ਹੌ, ਯੇਕਾਦਸਬ ਪੁਕਾਰਯਾ। [27]

ਇਸ ਤਰ੍ਹਾਂ ਉਹ ਸੰਸਾਰੀ ਮੋਹ ਮਾਇਆ ਨੂੰ ਤਿਆਗ ਕੇ ਪਰਮਾਤਮਾ ਦੇ ਸੱਚੇ ਪ੍ਰੇਮ ਦੀ ਗੱਲ ਕਰਦੇ ਹਨ। ਕਈ ਵਿਦਵਾਨਾਂ ਜਿਵੇਂ ਮੈਕਾਲਿਫ ਨੇ 'ਸਿਖ ਰਿਲੀਜਨ' ਵਿਚ ਅਤੇ 'ਗੁਰ ਭਗਤ ਮਾਲ' ਤੇ 'ਜਨਮ ਸਾਖੀ ਰਵਿਦਾਸ' ਵਿਚ ਆਪਨੂੰ ਕਰਮਕਾਂਡੀ ਭਗਤ ਦੇ ਰੂਪ ਵਿਚ ਲਿਆ ਗਿਆ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਆਪ ਕਰਮਕਾਂਡ ਵਿਚ ਵਿਸ਼ਵਾਸ ਰੱਖਦੇ ਸਨ ਪਰ ਅਸੀਂ ਇਸ ਗੱਲ ਦੀ ਪਰਖ ਕਰਨ ਲਈ ਆਪਦੀ ਬਾਣੀ ਨੂੰ ਆਧਾਰ ਬਣਾਵਾਂਗੇ:-

ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨ।
ਰੇ ਚਿਤ ! ਚੇਤਿ ਚੇਤ ਅਚੇਤ, ਕਾਹੇ ਨ ਬਾਲਮੀਕਹਿ ਦੇਖ।
ਕਿਸ ਜਾਤਿ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ।
ਸੁਆਨ ਸਤ੍ਰ ਅਜਾਤੁ ਸਭ ਤੇ, ਕ੍ਰਿਸ਼ਨ ਲਾਵੈ ਹੇਤੁ।
ਲੋਗ ਬਪੁਰਾ ਕਿਆ ਸਰਾਹੈ, ਤੀਨਿ ਲੋਕ ਪ੍ਰਵੇਸ।
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੇ ਪਾਸ।
ਐਸੇ ਦੁਰਮਤਿ ਨਿਸਤਾਰੇ ਤੂੰ ਕਿਉਂ ਨ ਤਰਹਿ ਰਵਿਦਾਸ। [28]

ਉਪਰੋਕਤ ਤੁੱਕਾਂ ਤੋਂ ਆਪ ਕਰਮਕਾਂਡੀ ਸਿੱਧ ਨਹੀਂ ਹੁੰਦੇ। ਆਪਨੂੰ ਨੀਵੀਂ ਜਾਤ ਵਿਚੋਂ ਪੈਦਾ ਹੋਣ ਕਰਕੇ ਬ੍ਰਾਹਮਣੀ ਸਮਾਜ ਵਿਚ ਪੂਜਾ ਪਾਠ ਦਾ ਹੱਕ ਹੀ ਨਹੀਂ ਸੀ। ਸਵਾਲ ਪੈਦਾ ਹੁੰਦਾ ਹੈ ਕਿਸ ਚੀਜ਼ ਤੋਂ ਪ੍ਰੇਰਨਾ ਲੈ ਕੇ ਸੰਤ ਰਵਿਦਾਸ ਨੇ ਕਰਮਕਾਂਡੀ ਬਨਣਾ ਸੀ। ਆਪਦੀ ਬਾਣੀ ਅਨੁਸਾਰ ਬ੍ਰਾਹਮਣ ਜਿਹੜੇ ਖਟ ਕਰਮ ਕਰਦੇ ਹਨ ਉਹ ਮੁਕਤੀ ਦਾ ਸਾਧਨ ਨਹੀਂ ਹੈ। ਬਾਲਮੀਕਿ, ਗਣਿਕਾ ਅਤੇ ਅਜਾਮਲ ਨਾਮ ਸਿਮਰਨ ਨਾਲ ਤਰੇ ਤੇ ਤੂੰ ਵੀ ਨ ਨਾਮ ਸਿਮਰ ਕੇ ਤਰ ਜਾਵੇਂਗਾ। ਇਥੇ ਰਵਿਦਾਸ ਨਾਮ ਨੂੰ ਮਹੱਤਾ ਦਿੰਦੇ ਹੋਏ ਕਰਮਕਾਂਡ ਦਾ ਖੰਡਨ ਕਰਦੇ ਹਨ ਜਿਸਦੀ ਉਸ ਸਮੇਂ ਦੇ ਸਮਾਜ ਨੂੰ ਬਹੁਤ ਲੋੜ ਸੀ।

## ਵਹਿਮ ਤਿਆਗ

ਰਵਿਦਾਸ ਕਹਿੰਦੇ ਹਨ ਕਿ ਸਾਨੂੰ ਪੁਰਾਣੇ ਵਹਿਮਾਂ-ਭਰਮਾਂ ਵਿਚ ਨਹੀਂ ਪੈਣਾ ਚਾਹੀਦਾ। ਵਹਿਮ ਇਕ ਅਜਿਹਾ ਰੋਗ ਹੈ ਜੋ ਸਰੀਰ ਨੂੰ ਪੂਰੇ ਘੁਣ ਵਾਂਗ ਲੱਗ ਜਾਂਦਾ ਹੈ ਤੇ ਮਨ ਵਿਚੋਂ ਨਿਕਲਣ ਦਾ ਨਾਂ ਨਹੀਂ ਲੈਂਦਾ। ਇਸ ਲਈ ਉਹ ਪ੍ਰੇਰਨਾ ਦਿੰਦੇ ਹਨ ਕਿ ਆਪਣੇ ਆਪ ਨੂੰ ਬਾਹਰੀ ਭੇਖਾਂ ਵਿਚੋਂ ਕੱਢ ਕੇ ਉਸ ਪਰਮਾਤਮਾ ਦੀ ਭਗਤੀ ਵਿਚ ਲੀਨ ਕਰ ਲੈਣਾ ਚਾਹੀਦਾ ਹੈ। ਇਸ ਵਿਚ ਦਿਖਾਵਾ ਨਹੀਂ ਹੋਣਾ ਚਾਹੀਦਾ। ਮਨੋ ਤਨੋਂ ਭਗਤੀ ਹੋਣੀ ਚਾਹੀਦੀ ਹੈ। ਜਦੋਂ ਤੱਕ ਅਸੀਂ ਸੱਚ ਨੂੰ ਨਹੀਂ ਪਛਾਣ ਲੈਂਦੇ, ਨੱਚਣਾ- ਗਾਉਣਾ, ਸੇਵਾ, ਪੂਜਾ, ਜਪ-ਤਪ ,ਵੇਦਾਂ ਸ਼ਾਸਤਰਾਂ ਵਿਚਲੇ ਗਿਆਨ ਦੇ ਕਰਮ, ਇੰਦਰੀਆਂ ਨੂੰ ਵੱਸ ਕਰਨਾ, ਜੰਗਲਾਂ ਵਿਚ ਰਹਿਣਾ, ਸੰਸਾਰੀ ਪਦਾਰਥਾਂ ਦੀ ਇੱਛਾ ਮਨ ਵਿਚ ਰੱਖਣੀ, ਖਿਆਲ ਸਰੀਰ ਤੋਂ ਉਪਰ ਉੱਠ ਕੇ ਲਿਵ ਅੰਦਰੂਨੀ ਨਾਮ ਨਾਲ ਜੋੜਨੀ ਉਦੋਂ ਤੱਕ ਸਾਰੇ ਵਹਿਮ ਭਰਮ ਹਨ ਜਦੋਂ ਤਕ ਇਨਸਾਨ ਦਾ ਮਨ ਪ੍ਰਭੂ ਦੇ ਨਾਮ ਨਾਲ ਨਹੀਂ ਜੁੜ ਜਾਂਦਾ। ਨਾਮ ਨਾਲ ਪ੍ਰੀਤੀ ਹੋ ਜਾਣ ਤੇ ਇਨਸਾਨ ਭਗਤੀ ਕਰਦਾ ਹੈ ਤੇ ਭਗਤੀ ਨਿਮਰਤਾ ਪੈਦਾ ਕਰਦੀ ਹੈ। ਮਨ ਵਿਚੋਂ ਹੰਕਾਰ ਖਤਮ ਹੋ ਜਾਂਦਾ ਹੈ ਮੈਂ ਮੇਰੀ ਦੀ ਭਾਵਨਾ ਨਹੀਂ ਰਹਿੰਦੀ ਤੇ ਹਰ ਪਾਸੇ ਉਸ ਪਰਮਾਤਮਾ ਦੇ ਹੀ ਦਰਸ਼ਨ ਹੁੰਦੇ ਹਨ। ਇਨ੍ਹਾਂ ਵਹਿਮਾਂ ਭਰਮਾਂ ਨੂੰ ਦਰਸਾਉਂਦੇ ਆਪਦੇ ਕੁਝ ਪਦ ਇਸ ਪ੍ਰਕਾਰ ਹਨ:-

ਭਾਈ ਰੇ ! ਭ੍ਰਮ ਭਗਤਿ ਸੁ ਜਾਨਿ।
ਜੋ ਲੌ ਨਹੀ ਸਾਂਚ ਸੂ ਪਹਿਚਾਨ।
ਭ੍ਰਮ ਨਾਚਣ ਭ੍ਰਮ ਗਾਇਣ, ਭ੍ਰਮ ਜਪ ਤਪ ਦਾਨਿ।

ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨਿ।
ਭ੍ਰਮ ਖਟ ਕਰਮ ਸਕਲ ਸੰਹਿਤਾ, ਭ੍ਰਮ ਗੇਹ ਵਨ ਜਾਨਿ।
ਭ੍ਰਮ ਕਰਿ ਕਰਿ ਕਰਮ ਕੀਏ, ਭ੍ਰਮ ਕੀ ਯਹੁ ਬਾਨਿ।
ਭ੍ਰਮ ਇੰਦ੍ਰੀ ਨਿਗ੍ਰਹ ਕੀਯਾ, ਭ੍ਰਮ ਗੁਹਾਂ ਮੇ ਬਾਸੁ।
ਭ੍ਰਮ ਤੌਂ ਲੌਂ ਜਾਣਿਏ, ਸੁੰਨਿ ਕੀ ਕਰੈ ਆਸ।
ਭ੍ਰਮ ਸੁਧ ਸਰਿਰ ਜੌਂ ਲੌਂ, ਭ੍ਰਮ ਨਾਂਵ ਬਿਨਾਊਂ।
ਭ੍ਰਮ ਭੰਣ 'ਰਵਿਦਾਸ' ਤੌਂ ਲੌਂ, ਜੋ ਲੌਂ ਚਾਹੇ ਨਾਉਂ।[29]

ਭਗਤਿ ਐਸੀ ਸੁਨਹੁ ਰੇ ਭਾਈ ! ਆਈ ਭਗਤਿ ਤਉ ਗਈ ਬਡਾਈ
ਕਹਾ ਭਯੋ ਨਾਚੈਂ ਅਰੁ ਗਾਏ ਕਹਾ ਭਯੋ ਤਪ ਕੀਨੇ।
ਕਹਾ ਭਯੋ ਜੇ ਚਰਨ ਪਖਾਰੇ, ਜੌਂ ਲੌ ਪਰਮ ਤੱਤ ਨਹੀਂ ਚੀਨ੍ਹੈ।
ਕਹਾ ਭਯੋ ਜੇ ਮੂੰਡ ਮੂੰਡਾਯੋ, ਬਹੁ ਤੀਰਥ ਬ੍ਰਤ ਕੀਨ੍ਹੇ।
ਸ੍ਵਾਮੀ ਦਾਸ ਭਗਤ ਅਰੁ ਸੇਵਕ, ਜੌਂ ਪਰਮ ਤੱਤ ਨਹੀਂ ਚੀਨ੍ਹੈ।
ਕਹੈ ਰਵਿਦਾਸ ਤੇਰੀ ਭਗਤਿ ਦੂਰ ਹੈ, ਭਾਗ ਬਡੇ ਸੋ ਪਾਵੈ।
ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹੋਇ ਚੁਣਿ ਖਾਵੈ।[30]

ਭੇਖ ਲਿਯੋ ਪੈ ਭੇਦ ਨ ਜਾਨਯੋ, ਇਮ੍ਰਿਤ ਲੇਇ ਬਿਖੇ ਸੋ ਜਾਨਯੋ।
ਕਾਮ ਕ੍ਰੋਧ ਮੈਂ ਜਨਮ ਗਵਾਯੋ, ਸਾਧ ਸੰਗਤਿ ਮਿਲਿ ਰਾਮ ਨ ਗਾਯੋ।
ਤਿਲਕ ਦੀਯੋ, ਪੈ ਤਪਨਿ ਨ ਜਾਈ, ਮਾਲ ਪਹਿਰ ਘਨੇਰੀ ਲਾਈ।
ਕਹੈ 'ਰਵਿਦਾਸ' ਮਰਮ ਜੁ ਪਾਯੋ ਦੇਵ ਨਿਰੰਜਨ ਸਤਿ ਕਰਿ ਧਯਾਯੋ।[31]

ਇਸ ਤਰ੍ਹਾਂ ਰਵਿਦਾਸ ਨੇ ਵਹਿਮਾਂ ਭਰਮਾਂ ਦਾ ਖੰਡਨ ਕੀਤਾ ਉਨ੍ਹਾਂ ਨੇ ਹਿੰਦੂਆਂ ਦੇ ਇਸ ਵਹਿਮ ਕਿ ਰਾਮ ਪੂਰਬ ਵਿਚ ਵਸਦਾ ਹੈ ਅਤੇ ਮੁਸਲਮਾਨਾਂ ਦਾ ਵਹਿਮ ਕਿ ਖੁਦਾ ਪੱਛਮ ਵਿਚ ਵਸਦਾ ਹੈ ਤੇ ਮੁਲਾ ਦੇ ਇਸ ਵਹਿਮ ਕਿ ਬਾਂਗ ਦੇਣ ਨਾਲ ਪਰਮਾਤਮਾ ਮਿਲਣ ਹੋ ਸਕਦਾ ਹੈ ਨੂੰ ਭਰਮ ਕਹਿ ਕੇ ਇਨ੍ਹਾਂ ਦਾ ਖੰਡਨ ਕੀਤਾ।

## ਸਮਾਜ ਵਿਚ ਇਸਤਰੀ ਦੀ ਸਥਿਤੀ

ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਇਸਤਰੀ ਇਕ ਮਹੱਤਵਪੂਰਣ ਰੋਲ ਅਦਾ

ਕਰਦੀ ਹੈ। ਸਾਡੇ ਧਰਮ ਸ਼ਾਸਤਰਾਂ ਵਿਚ ਮਨੁੱਖੀ ਦੁਨਿਆਵੀ ਸੁੱਖਾਂ ਅਤੇ ਅਧਿਆਤਮਿਕ ਮੰਤਵਾਂ ਦੀ ਪ੍ਰਾਪਤੀ ਲਈ ਇਸਤਰੀ ਦੀ ਮੌਜੂਦਗੀ ਮਹੱਤਵਪੂਰਣ ਮੰਨੀ ਗਈ ਹੈ।[32]

ਇਸਤਰੀ ਦੇ ਹਿਰਦੇ ਅਤੇ ਦਿਮਾਗ ਦੀ ਮਦਦ ਨਾਲ ਹੀ ਸਮਾਜ ਦਾ ਵਿਕਾਸ ਹੁੰਦਾ ਹੈ। ਭਾਰਤੀ ਸੰਸਕਾਰਾਂ ਵਿਚ ਇਸਤਰੀ ਨੂੰ ਸਭ ਤੋਂ ਉੱਚਾ ਅਧਿਕਾਰ ਧਾਰਮਿਕ ਕੰਮਾਂ ਵਿਚ ਸ਼ਾਮਲ ਹੋਣ ਦਾ ਹੈ। ਇਸ ਸਭ ਦੇ ਬਾਵਜੂਦ ਵੀ ਇਸਤਰੀ ਸੰਬੰਧੀ ਵਿਚਾਰਾਂ ਵਿਚ ਵੈਦਿਕ ਕਾਲ ਤੋਂ ਲੈ ਕੇ ਮੱਧਕਾਲ ਤੱਕ ਗਿਰਾਵਟ ਆਈ ਹੈ। ਆਰੀਆ ਸਮਾਜ ਵਿਚ ਮਾਂ ਪ੍ਰਧਾਨ ਪਰਿਵਾਰਾਂ ਦੇ ਖਾਤਮੇ ਨਾਲ ਹੀ ਇਸਤਰੀ ਸਿਖਿਆ ਵੀ ਖਤਮ ਹੋ ਗਈ। ਮੈਤ੍ਰੇਈ, ਗਾਰਗੀ ਜਿਹੀਆਂ ਕੁਝ ਕੁ ਇਸਤਰੀਆਂ ਹੀ ਝਗੜੇ ਦਾ ਕਾਰਨ ਬਣੀਆਂ।[33]

ਮੱਧਕਾਲੀ ਨਾਥ ਜੋਗੀਆਂ ਦਾ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ ਵਧੀਆ ਨਹੀਂ ਸੀ। ਜੋਗੀਆਂ ਦਾ ਪ੍ਰਭਾਵ ਸੰਤਾਂ ਤੇ ਵੀ ਪਿਆ। ਕਬੀਰ ਨੇ ਇਸਤਰੀ ਨੂੰ ਮਾਇਆ ਕਿਹਾ ਅਤੇ ਗੋਰਖਨਾਥ ਨੇ ਬਘਿਆੜੀ ਕਿਹਾ।[34]

ਮਨੂੰ ਜਿਹੇ ਵਿਦਵਾਨਾਂ ਜਿਨ੍ਹਾਂ ਨੇ ਕਿਹਾ ਕਿ ਜਿਥੇ ਇਸਤਰੀ ਦੀ ਪੂਜਾ ਹੁੰਦੀ ਹੈ ਉਥੇ ਦੇਵਤਾ ਵਾਸ ਕਰਦੇ ਹਨ।[35] ਨੇ ਵੀ ਇਸਤਰੀ ਦੀ ਸਮੁੱਚੀ ਆਜ਼ਾਦੀ ਖੋਹ ਲਈ ਉਹ ਇਹ ਕਹਿੰਦੇ ਹਨ:— "ਇਸਤਰੀ ਛੋਟੀ ਹੋਵੇ, ਮੁਟਿਆਰ ਜਾਂ ਬੁੱਢੀ ਉਸਨੂੰ ਘਰ ਵਿਚ ਕਦੇ ਆਜ਼ਾਦੀ ਨਾਲ ਕੋਈ ਕੰਮ ਨਹੀਂ ਕਰਨਾ ਚਾਹੀਦਾ। ਬਚਪਨ ਵਿਚ ਉਹ ਪਿਤਾ ਦੇ ਵੱਸ ਵਿਚ ਰਹਿੰਦੀ ਹੈ, ਜਵਾਨੀ ਵਿਚ ਉਹ ਵਿਆਹ ਕਰਵਾਉਣ ਵਾਲੇ ਆਪਣੇ ਮਾਲਕ ਦੀ ਅਧੀਨਗੀ ਵਿਚ ਰਿਹਾ ਕਰਦੀ ਹੈ ਅਤੇ ਬੁਢਾਪੇ ਵਿਚ ਪੁੱਤਰ ਦੇ ਵੱਸ ਵਿਚ ਹੋ ਜਾਂਦੀ ਹੈ।[36]

ਹਜ਼ਾਰਾਂ ਸਾਲਾਂ ਦੇ ਮਨੁੱਖੀ ਸਮਾਜ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਪੁਰਸ਼ ਪ੍ਰਧਾਨ ਸਮਾਜ ਵਿਚ ਕਦੇ ਇਕ ਢੰਗ ਨਾਲ ਤੇ ਕਦੇ ਦੂਸਰੇ ਢੰਗ ਨਾਲ ਔਰਤ ਵਰਗ ਤੇ ਪੁਰਸ਼ ਨੇ ਆਪਣਾ ਰੋਹਬ ਰੱਖਿਆ। ਇਸਦੇ ਕਾਰਨ ਭਾਵੇਂ ਕੁਦਰਤੀ ਤੌਰ ਤੇ ਸਰੀਰਕ ਬਣਤਰ ਜਾਂ ਪੁਰਸ਼ ਦੇ ਪ੍ਰਤੀਕੂਲ ਪਰਿਸਥਿਤੀਆਂ ਵਿਚੋਂ ਜਿਸ ਪੁਰਸ਼ ਨੂੰ ਪਹਿਲਾ ਪਹਿਲ ਲੰਘਣਾ ਪਿਆ ਅਤੇ ਸਰੀਰਕ ਤੌਰ ਤੇ ਲੜਨਾ ਪਿਆ ਆਦਿ ਵੀ ਦੱਸੇ ਜਾਂਦੇ ਹਨ ਪਰ ਇਹ ਸਪੱਸ਼ਟ ਹੈ ਕਿ ਉਚੇਰੇ ਸਮਾਜ ਵਿਚ ਵੀ ਔਰਤ ਜਾਤੀ ਨਾਲ ਅਨਿਆਂ ਭਰਿਆ ਵਿਤਕਰਾ ਤੇ ਨਾ-ਬਰਾਬਰੀ

ਭਰਿਆ ਸਲੂਕ ਕੀਤਾ ਜਾਂਦਾ ਸੀ। ਔਰਤ ਨੂੰ ਸਰੀਰਕ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦਾ ਸੀ। ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਦੇ ਬਰਾਬਰ ਸਥਾਨ ਦਿੱਤਾ ਗਿਆ ਸੀ। ਉਸਨੂੰ ਪਰਦੇ ਵਿਚ ਰੱਖਿਆ ਜਾਂਦਾ ਸੀ। ਇਸਲਾਮਿਕ ਰਾਜ ਸਥਾਪਿਤ ਹੋਣ ਨਾਲ ਇਸਤਰੀ ਦੀ ਹੋਰ ਵੀ ਅਧੋਗਤੀ ਹੋਈ। ਜਿੱਤਾਂ ਵਿਚ ਔਰਤ ਵੀ ਦੂਸਰੀ ਜਾਇਦਾਦ, ਘੋੜੇ, ਹਾਥੀਆਂ ਆਦਿ ਵਾਂਗ ਜੇਤੂ ਦੀ ਹੋ ਜਾਂਦੀ ਸੀ ਮੁਸਲਿਮ ਧਰਮ ਦੇ ਅਧੀਨ ਹਰ ਮੁਸਲਮਾਨ ਨੂੰ ਚਾਰ ਚਾਰ ਸ਼ਾਦੀਆਂ ਕਰਨ ਦਾ ਹੱਕ ਹਾਸਿਲ ਸੀ।

ਅਜਿਹੇ ਸਮੇਂ ਵਿਚ ਜਦੋਂ ਰਵਿਦਾਸ ਨੇ ਆਪਣਾ ਸਥਾਨ ਸਮਾਜ ਵਿਚ ਉੱਚਤਾ ਦਾ ਬਣਾ ਲਿਆ ਤਾਂ ਆਪਣੇ ਜਾਤੀਆਂ ਬੰਧਨਾਂ ਨੂੰ ਤੋੜ ਕੇ ਇਸਤਰੀ ਜਾਤੀ ਦੇ ਲਈ ਵੀ ਦਰ ਖੋਲ ਦਿੱਤੇ ਅਤੇ ਇਸਤਰੀ ਜਾਤੀ ਨੂੰ ਪੂਰਾ ਸਨਮਾਨ ਦੇਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਇਸੇ ਇਸਤਰੀ ਪ੍ਰਤੀ ਸਨਮਾਨ ਪਰਖਾਣੀ ਸਹਿਤ, ਦੂਰ ਰਾਜਪੂਤਾਨੇ ਦੀਆਂ ਰਾਣੀਆਂ ਝਾਲੀ ਬਾਈ ਅਤੇ ਮੀਰਾਂ ਆਦਿ ਨੇ ਆਪ ਤੋਂ ਨਾਮ ਪ੍ਰਾਪਤ ਕੀਤਾ। ਆਪਣੇ ਆਪਣੀ ਬਾਣੀ ਵਿਚ ਵੀ ਦਰੋਪਤੀ, ਗਨਿਕਾ ਆਦਿ ਦਾ ਜ਼ਿਕਰ ਕੀਤਾ ਹੈ:-

ਲਜਯਾ ਮੋਹਿ ਰਾਖੋ ਸ਼ਯਾਮ ਹਰਿ।
ਹਰਿ ਹਰਿ ਕ੍ਰਿਪਾ ਦ੍ਰੋਪਤਿ ਪੁਕਾਰੈ, ਬਿਲੰਬੁ ਨ ਕਰੌ ਹਰਿ।
ਕੀਨੀ ਕਰਨੁ ਦੁਸਾਂਸਨ ਐਸੇ ਗਹਿ ਕੇਸਨ ਪਕਰਿ।
ਪਾਪੀ ਸਭਾ ਦੁਸਟ ਦੁਰਯੋਧਨ, ਚਾਹਤ ਨਗਨਿ ਕਰਿ।
ਨਾ ਸੁਤ ਭ੍ਰਾਤਿ ਨ ਮਾਤ ਕੁਟੰਬੀਹ, ਏਕੈ ਟੇਕ ਤੁਮਹਿ।
ਅਰਜਨ ਭੀਮ ਮਹਾਬਲਿ ਜੋਧੇ, ਤਿਨਸੋਂ ਕਿਛੁ ਨ ਸਰਿ।
ਬਸਨ ਪ੍ਰਵਾਹਿਤ ਕਿਓ ਕਰੁਨਾ ਨਿਧਿ, ਤਬਹਿ ਧੀਰ ਧਰਿ।
ਕਹਿ ਰਵਿਦਾਸ ਜਿਹ ਸਰਨਾਗਤਿ, ਸਯਾਲ ਕੀ ਕਹਾ ਡਰਿ।[37]

ਸਵਾਨ ਸਤਰੂ ਅਜਾਤਿ ਸਭ ਤੇਂ, ਅੰਤਰਿ ਲਾਵੈ ਹੇਤ ਰੇ।
ਲੋਗ ਵਾਕੀ ਕਹਾ ਜਾਣੈ ਤੀਨਿ ਲੋਕ ਪਵਿੱਤਰੇ।
ਅਜਾਮੇਲ ਗਜ ਗਨਿਕਾ ਤਾਰੀ, ਕਾਟੀ ਕੁੰਜਰ ਕੀ ਪਾਸਰੇ।
ਐਸੇ ਦੁਰਮਤਿ ਮੁਕਤਿ ਕੀਏ, ਤੌ ਕਯੂ ਨ ਤਿਰੈ 'ਰਵਿਦਾਸ' ਰੇ।[38]

ਕਰਨੁ ਦਰਜੋਧਨਿ ਦੁਸਾਸਨਿ ਕਪਟ ਕੂੰ, ਕੈਸੇ ਉਪਰ ਕਿਯੋ ਸਭ ਕਾਜਾ।
ਸਭਾ ਕੇ ਬੀਚ ਅਰਾਧਤ ਦਰੋਪਤੀ, ਬਢੈ ਪਟ ਚੀਰ ਜਗੁ ਰਖਿ ਲਾਜਾ।[39]

ਸਬਰੀ ਗੀਧ ਅਜਾਮਿਲ ਸਧਨਾ, ਰਾਮ ਕ੍ਰਿਪਾ ਗਨਕਾ ਤਰਿ ਜਾਵਤ।
ਕਵਨ ਕਵਨ ਪਾਪੀ ਜਨ ਤਰਿਤੇ, ਕਹਿ ਰਵਿਦਾਸ ਗਨਾਇ ਨਹਿੰ ਆਵਤ।[40]

ਐਸੇ ਜਾਨਿ ਜਪੋ ਰੇ ਜੀਵ, ਜਪਿ ਲਯੋ ਰਾਮ ਨ ਭਰਮੋ ਜੀਵ।
ਗਨਿਕਾ ਥੀ ਕਿਸ ਕਰਮਾ ਜੋਗ, ਪਰ-ਪੁਰਸਨ ਸੋ ਰਮਤੀ ਭੋਗ।
ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠੇ ਜਾਈ।[41]

ਆਤਮ ਸਾਜਾ ਜੈ ਵਿਜੈ ਦ੍ਰੋਪਤੀ ਸਤ੍ਰ ਪ੍ਰੇਤਾ।
ਰੁਕਮਾਂਗਦ ਅੰਗਦ ਬਸਦੇਵ ਦੇਵਕੀ ਅਵਰ ਅਗਿਨਤ ਕਹੂੰ ਭਗਤ ਕੇਤਾ।[42]

ਰਵਿਦਾਸ ਬਾਣੀ ਵਿਚੋਂ ਇਸਤਰੀ ਦੀ ਦਸ਼ਾ ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ।

## ਨਸ਼ਾ-ਵਿਰੋਧ

ਗੁਰੂ ਰਵਿਦਾਸ ਸਾਦੀ, ਸਰਲ, ਸਪੱਸ਼ਟ ਜ਼ਿੰਦਗੀ ਜੀਊਣ ਦੇ ਸਮਰਥਕ ਸਨ। ਉਹ ਨਸ਼ਿਆਂ ਨੂੰ ਇਕ ਸਮਾਜਿਕ ਬੁਰਾਈ ਦੇ ਨਾਲ ਨਾਲ ਪਰਮਾਤਮਾ ਤੋਂ ਦੂਰ ਲੈ ਜਾਣ ਕਾਰਨ ਮੰਨਦੇ ਹੋਏ ਇਸਨੂੰ ਅਪਵਿੱਤਰ ਮੰਨਦੇ ਸਨ। ਉਨ੍ਹਾਂ ਨੇ ਆਪਣੇ ਹੇਠ ਲਿਖੇ ਪਦਾਂ ਵਿਚ ਸ਼ਰਾਬ ਪੀਣ ਦੀ ਨਿਖੇਧੀ ਕੀਤੀ ਹੈ:—

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ।
ਸੰਤਜਨ ਕਰਤ ਨਹੀ ਪਾਨੰ।
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ।
ਸੁਰਸਰੀ ਮਿਲਤ ਨਹਿ ਹੋਇ ਆਨੰ।
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ।
ਜੈਸੇ ਕਾਗਰਾ ਕਰਤ ਬੀਚਾਰੰ।
ਭਗਤਿ ਭਗਉਤ ਲਿਖਿਐ।
ਤਿਹ ਊਪਰਿ ਪੂਜੀਐ ਕਰਿ ਨਮਸਕਾਰੰ।[43]

ਆਗੈ ਮੰਦਾ ਹਵੈ ਰਹਯਾ, ਪਰਕਿਰਤਿ ਨ ਜਾਇ।
ਕੂਕਰ ਚੋਰੀ ਚਰੋਹਿੜਯੈ, ਫਿਰਿ ਬਹੇਸੁ ਭਾਇ।
ਸੁਰਸਰਿ ਮੈਂ ਜੁ ਸੁਰਾ ਪਰੈ, ਕੋ ਕਰੈ ਨ ਵਿਚਾਰ।
ਰਾਮ ਨਾਮ ਹਿਰਦੈ ਬਸੈ, ਸਬ ਸੁਖ ਨਿਧਿ ਸਾਰ।[44]

## ਅਗਿਆਨਤਾ

ਗੁਰੂ ਰਵਿਦਾਸ ਗਿਆਨ ਅਤੇ ਵਿਵੇਕ ਵਿਚ ਵਿਸ਼ਵਾਸ ਰੱਖਦੇ ਸਨ ਤਾਂਕਿ ਮਨੁੱਖ ਠੀਕ ਅਤੇ ਗ਼ਲਤ ਦਾ ਨਿਖੇੜ ਕਰਨ ਦੇ ਯੋਗ ਹ ਸਕੇ। ਉਹ ਲਿਖਦੇ ਹਨ ਕਿ ਵਿਦਿਆ ਤੋਂ ਬਿਨ੍ਹਾਂ ਬੁੱਧੀ ਦੀ ਜੋਤੀ ਮੱਧਮ ਪੈ ਜਾਂਦੀ ਹੈ ਇਸ ਕਰਕੇ ਉਨ੍ਹਾਂ ਨੇ ਮਨੁੱਖ ਲਈ ਵਿਦਿਆ/ ਗਿਆਨ ਦੀ ਲੋੜ ਤੇ ਆਪਣੀ ਬਾਣੀ ਵਿਚ ਜੋਰ ਦਿੱਤਾ:—

ਮਾਧੋ ਅਬਿਦਿਆ ਹਿਤ ਕੀਨ।
ਬਿਬੇਕ ਦੀਪ ਮਲੀਨ।[45]

ਜਾਗਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ਼ ਨਾਹੀ।[46]

ਗੁਰੂ ਰਵਿਦਾਸ ਧਾਰਮਿਕ ਹੋਣ ਦੇ ਨਾਲ ਨਾਲ ਇਕ ਬਹੁਤ ਵੱਡੇ ਸਮਾਜ ਸੇਵੀ ਵੀ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਸਮਕਾਲੀਨ ਸਮਾਜਿਕ ਬੁਰਾਈਆਂ ਦੀ ਡੱਟਵੀਂ ਵਿਰੋਧਤਾ ਕੀਤੀ। ਉਨ੍ਹਾਂ ਦਾ ਸਵਰ ਸਮਾਜ ਦੀ ਸਭ ਤੋਂ ਵੱਡੀ ਬੁਰਾਈ ਜਾਤਪਾਤ ਦੇ ਵਿਰੁੱਧ ਐਨਾ ਉੱਚਾ ਸੀ ਕਿ ਉਸਦੇ ਸਾਹਮਣੇ ਉਸ ਸਮੇਂ ਦਾ ਹਰ ਸਮਾਜ ਸੁਧਾਰਕ ਨਿਗੂਣਾ ਜਾਪਦਾ ਹੈ। ਗੁਰੂ ਰਵਿਦਾਸ ਨੇ ਚਾਰ ਵਰਣਾਂ ਦੀ ਵਿਰੋਧਤਾ ਕਰਦਿਆਂ ਮਨੁੱਖ ਨੂੰ ਸਮਾਨ ਅਧਾਰ ਪ੍ਰਦਾਨ ਕਰਨ ਦੀ ਪ੍ਰੋੜਤਾ ਕੀਤੀ। ਉਨ੍ਹਾਂ ਬਾਣੀ ਵਿਚ ਦੱਸਿਆ ਕਿ ਬ੍ਰਾਹਮਣ ਖੱਤਰੀ, ਵੈਸ਼, ਸੂਦਰ ਜਨਮ ਦੇ ਆਧਾਰ ਤੇ ਨਹੀਂ ਬਲਕਿ ਕਰਮ ਦੇ ਆਧਾਰ ਤੇ ਹੁੰਦੇ ਹਨ। ਉਨ੍ਹਾਂ ਇਸਤਰੀ

ਦੇ ਸਮਾਜੀ ਛੁੱਟਪਨ ਦੇ ਵਿਰੁਧ ਆਪਣੀ ਆਵਾਜ਼ ਬੁਲੰਦ ਕੀਤੀ। ਇਸੇ ਕਾਰਨ ਉਸ ਸਮੇਂ ਦੀਆਂ ਕੁਝ ਰਾਣੀਆਂ ਤੇ ਮਹੱਤਵਪੂਰਣ ਔਰਤਾਂ ਉਨ੍ਹਾਂ ਦੀਆਂ ਚੇਲੀਆਂ ਬਣੀਆਂ। ਅਸੀਂ ਸਮਝਦੇ ਹਾਂ ਕਿ ਗੁਰੂ ਰਵਿਦਾਸ ਨੇ ਸਮੁੱਚੇ ਤੌਰ ਤੇ ਸਮਾਜ ਸੁਧਾਰ ਲਈ ਸਦਾਚਾਰਕ ਅਤੇ ਵਿਵਹਾਰਿਕ ਨਿਯਮਾਂ ਦੇ ਨਾਲ ਨਾਲ ਧਾਰਮਿਕ ਉੱਚਤਾ ਦਾ ਅਨੁਕਰਣ ਕਰਨ ਦਾ ਉਪਦੇਸ਼ ਲੋਕਾਂ ਨੂੰ ਦਿੱਤਾ। ਇਸਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਸਮੇਂ ਦੇ ਲੋਕਾਂ ਨੇ ਉਨ੍ਹਾਂ ਦਾ ਪ੍ਰਭਾਵ ਕਬੂਲਦਿਆਂ ਉਸਦਾ ਪਾਲਣ ਕੀਤਾ।

## ਧਾਰਮਿਕ ਜੀਵਨ ਮੁੱਲ

ਧਰਮ ਗਿਆਤਾ ਵਿਦਵਾਨਾਂ ਦਾ ਕਥਨ ਹੈ ਕਿ ਧਰਮ ਦਾ ਪ੍ਰਵਾਹ ਕਰਮ, ਗਿਆਨ ਅਤੇ ਭਗਤੀ ਦੇ ਅਧਾਰਿਤ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੀ ਅਣਹੋਂਦ ਨਾਲ ਧਾਰਮਿਕ ਖੇਤਰ ਦੀ ਨੀਂਹ ਕਮਜ਼ੋਰ ਹੋ ਜਾਂਦੀ ਹੈ। ਕਰਮ ਤੇ ਭਗਤੀ ਸਾਰੇ ਜਨ ਸਮੂਹ ਦੀ ਸੰਪਤੀ ਹੈ। ਇਸੇ ਪ੍ਰਕਿਰਿਆ ਅਧੀਨ ਵੇਦਾਂ ਉਪਨਿਸ਼ਦਾਂ, ਸਮ੍ਰਿਤੀਆਂ ਦੀ ਸਿਰਜਣਾ ਹੋਈ ਤੇ ਸ੍ਰਿਸ਼ਟੀ ਵਰਤਾਰਿਆਂ ਨੂੰ ਸਮਝਣ ਅਤੇ ਜਾਨਣ ਦੀ ਮਨੁੱਖੀ ਜਗਿਆਸਾ ਨੇ ਪਰਮਾਤਮਾ ਦੀ ਅਨੁਭੂਤੀ ਦਾ ਇਕ ਸੰਕਲਪ ਮਨੁੱਖੀ ਜਿਹਨ ਵਿਚ ਸਿਰਜਿਆ। ਜਿਸ ਨਾਲ ਪਰਮਾਤਮਾ ਦੀ ਤਲਾਸ਼ ਜਾਂ ਇਸਨੂੰ ਮਿਲਣ ਦੀ ਤਾਂਘ ਉਤਪੰਨ ਹੋਈ ਪਰ ਕੁਝ ਦਾਰਸ਼ਨਿਕਾਂ ਨੇ ਵੇਦਾਂਤ ਦਰਸ਼ਨ ਰਾਹੀਂ ਸੰਸਾਰ ਨੂੰ ਮਾਇਆ ਆਖ ਕੇ ਪਰਮਾਤਮਾ ਨਾਲੋਂ ਅੱਲਗ ਕਰ ਦਿੱਤਾ। ਇਹ ਫਲਸਫਾ ਆਮ ਆਦਮੀ ਦੀ ਸਮਝ ਤੋਂ ਉੱਚਾ ਹੋਣ ਕਾਰਨ ਅਤੇ ਸੰਸਕ੍ਰਿਤ ਵਿਚ ਰਚਿਆ ਹੋਣ ਕਾਰਨ ਬਣਿਆ। ਇਸ ਤਰ੍ਹਾਂ ਅਧਿਆਤਮਿਕ ਵਰਗ ਵਿਸ਼ੇਸ਼ ਨੇ ਆਪਣੇ ਇਕ ਦਾਰਸ਼ਨਿਕਪਕਸ਼ ਨੂੰ ਸਧਾਰਨ ਵਰਗ ਤੇ ਥੋਪੀ ਕਰਨ ਹਿੱਤ ਧਾਰਮਿਕ ਰਹੁਰੀਤਾਂ, ਦੇਵੀ-ਦੇਵਤਿਆਂ ਦੀ ਪੂਜਾ ਆਦਿ ਨੂੰ ਜਿੰਦਗੀ ਦੇ ਹਰ ਖੇਤਰ ਵਿਚ ਮਹਾਨਤਾ ਦਵਾਉਣ ਦੇ ਉਪਰਾਲੇ ਕੀਤੇ। ਧਾਰਮਿਕ ਵਿਚਾਰਾਂ ਤੇ ਕਰਮਾਂ ਅਧੀਨ ਲੋਕ ਵਹਿਮਾਂ-ਭਰਮਾਂ, ਜਾਤਾਂਪਾਤਾਂ, ਅਰਥਹੀਣ ਵਿਧੀ ਵਿਧਾਨ ਤੇ ਕਰਮਕਾਂਡਾਂ ਦੀ ਜਕੜ ਵਿਚ ਆ ਗਏ। ਦਲਿਤ ਸ਼੍ਰੇਣੀ ਵਿਚੋਂ ਉਪਰ ਉਠੇ ਰਵਿਦਾਸ ਨੇ ਜਾਤਪਾਤ, ਕਰਮਕਾਂਡ ਆਦਿ ਪਾਖੰਡਾਂ ਦਾ ਖੰਡਨ ਕੀਤਾ ਅਤੇ ਇਨਸਾਨ ਨੂੰ ਸਤਿਸੰਗ ਰਾਹੀਂ ਭਗਤੀ ਦੀ ਪ੍ਰੇਰਨਾ ਦਿੰਦੇ ਹੋਏ ਨਾਮ ਸਿਮਰਨ ਨੂੰ ਅਹਿਮੀਅਤ ਦਿੱਤੀ।

## ਨਾਮ ਸਿਮਰਨ

ਪਰਮਾਤਮਾ ਦੇ ਨਾਮ, ਗੁਣ, ਸਰਵ-ਵਿਆਪਕਤਾ ਲੀਲ੍ਹਾ ਆਦਿ ਦਾ ਹਰ ਵਕਤ

ਧਿਆਨ ਰੱਖਣਾ ਅਤੇ ਪ੍ਰਭੂ ਦੀ ਯਾਦ ਵਿਚ ਲਿਵਲੀਨ ਰਹਿਣਾ ਸਿਮਰਨ ਭਗਤੀ ਹੈ। ਨਾਮ ਸਿਮਰਨ ਭਗਤੀ ਸਾਧਨਾ ਦਾ ਮੁੱਖ ਅੰਗ ਹੈ ਅਤੇ ਭਗਤੀ ਪਰਮਾਤਮਾ ਦਾ ਸਿਮਰਨ, ਉਸਤਤ ਤੇ ਕੀਰਤਨ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਿਸ ਨਾਮ ਦਾ ਸਿਮਰਨ ਕੀਤਾ ਜਾਵੇ। ਉਹ ਸਿਮਰਨ ਵਰਣਾਤਮਕ ਨਾਮ ਦਾ ਹੁੰਦਾ ਹੈ ਜੋ ਇਨਸਾਨ ਨੂੰ ਆਪਣੇ ਗੁਰੂ ਕੋਲੋਂ ਮਿਲਦਾ ਹੈ। ਸਿਮਰਨ ਨਾਲ ਮਨ ਵਿਚ ਪ੍ਰਕਾਸ਼ ਪੈਦਾ ਹੁੰਦਾ ਹੈ ਅਤੇ ਸ਼ਬਦ ਦੀ ਧੁਨੀ ਪ੍ਰਗਟ ਹੋ ਕੇ ਇਨਸਾਨ ਨੂੰ ਪਰਮਾਤਮਾ ਨਾਲ ਮਿਲਾਉਂਦੀ ਹੈ। ਨਾਮ ਦੇ ਸਿਮਰਨ ਨਾਲ ਮਾਨਸਿਕ ਕਲੇਸ਼ਾਂ ਦਾ ਅੰਤ ਹੋ ਜਾਂਦਾ ਅਤੇ ਉਸਨੂੰ ਪਰਮਾਤਮਾ ਦੀ ਨੇੜਤਾ ਦਾ ਅਹਿਸਾਸ ਹੁੰਦਾ ਹੈ:—

ਕਹੈ ਰਵਿਦਾਸ ਸਾਧ ਸੰਗਤਿ ਮਿਲਿ
ਰਾਮ ਭਜੈ ਤੋ ਵਿਪਤਿ ਟਰੀ।[47]

ਬਿਆਸ ਬੀਚਾਰਿ ਕਹਰੋ ਪਰਮਾਰਥ ਰਾਮ ਨਾਮ ਸਰਿ ਨਾਹੀ।[48]

ਬਿਆਸ ਮਹਿ ਲੇਖੀਏ, ਸਨਕ ਮਹਿ ਪੇਖੀਏ, ਨਾਮ ਕੀ ਨਾਮਨਾ ਸਪਤ ਦੀਪ।[49]

ਮੁਕੰਦ ਮੁਕੰਦ ਜਪਹੁ ਸੰਸਾਰ। ਬਿਨ ਮੁਕੰਦ ਤਨ ਹੋਇ ਅਉਹਾਰ।
ਸੋਈ ਮੁਕੰਦ ਮੁਕਤਿ ਕਾ ਦਾਤਾ। ਸੋਈ ਮੁਕੰਦ ਹਮਰਾ ਪਿਤ ਮਾਤਾ।

- - - - - - - - - - - - - - - - - - - - - - - -

ਏਕ ਮੁਕੰਦ ਕਰੇ ਉਪਕਾਰੁ, ਹਮਰਾ ਕਹਾ ਕਰੈ ਸੰਸਾਰੁ।
ਮੇਟੀ ਜਾਤਿ ਹੂਏ ਦਰਬਾਰੀ, ਤੁਹੀ ਮੁਕੰਦ ਜੋਗ ਜੁਗਤਾਰਿ।
ਉਪਜਿਓ ਗਿਆਨ ਹੂਆ ਪਰਗਾਸ, ਕਰਿ ਕਿਰਪਾ ਲੀਨੇ ਕੀਟ ਦਾਸ।
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ, ਜਪਿ ਮੁਕੰਦ ਸੇਵਾ ਤਾਹੂ ਕੀ।[50]

ਨਾਮ ਦੀ ਮਹਿਮਾ ਨੂੰ ਰਵਿਦਾਸ ਨੇ ਨਾਮ ਲੈਣ ਵਾਲੇ ਨਾਲੋਂ ਉੱਚੀ ਸਮਝਿਆ ਹੈ। ਨਾਮ ਦੀ ਸਾਧਨਾ ਸਭ ਤੋਂ ਉੱਚੀ ਹੈ ਬਾਕੀ ਸਭ ਵੇਖਲਾ ਹੈ। ਰਵਿਦਾਸ ਨੇ ਹੋਰ ਭਗਤਾਂ ਦੀ ਤਰ੍ਹਾਂ ਭਗਤੀ ਦਾ ਆਧਾਰ ਨਾਮ ਨੂੰ ਬਣਾਇਆ ਹੈ। ਨਾਮ ਹੀ ਆਰਤੀ, ਆਸਣ, ਧੂਪ, ਦੀਪ, ਚੰਦਨ ਅਰਾਧਨਾ ਦੇ ਫੁੱਲ, ਕੇਸਰ, ਦੀਵਾ ਅਤੇ ਬੱਤੀ ਹੈ।

ਨਾਮ ਤੇਰੋ ਆਰਤੀ ਮਜਨੁ ਮੁਰਾਰੇ।

ਹਰਿ ਕੇ ਨਾਮ ਬਿਨ ਝੂਠੇ ਸਗਲ ਪਸਾਰੇ।
ਨਾਮੁ ਤੇਰੋ ਆਸਨੋ ਨਾਮ ਤੇਰੋ ਉਰਸਾ।
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ।
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ।
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ।
ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।
ਨਾਮੁ ਤੇਰੋ ਤਾਗਾ ਨਾਮ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ।
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ।
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।
ਕਹੈ ਰਵਿਦਾਸ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ।[51]

ਰਵਿਦਾਸ ਲਿਖਦੇ ਹਨ ਕਿ ਨਾਮ ਸਿਮਰਨ ਨਾਲ ਅਨੇਕ ਭਗਤ ਤੇਰੇ ਨਾਮ ਦੀ ਅਰਾਧਨਾ ਨਾਲ ਹੀ ਕਬੀਰ ਤੇ ਨਾਮਦੇਵ ਦੇ ਜਨਮ-ਜਨਮ ਦੇ ਬੰਧਨ ਕੱਟੇ ਗਏ। ਇਸ ਤਰ੍ਹਾਂ ਹੇ ਰਵਿਦਾਸ ਜਿਹੜਾ ਜਨ ਨਾਮ ਦੇ ਰੰਗ ਵਿਚ ਰੰਗਿਆ ਗਿਆ ਉਹ ਨਰਕਾਂ ਦਾ ਭਾਗੀ ਨਹੀਂ ਬਣਦਾ:—

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।
ਹਰਿ ਕੇ ਨਾਮ ਕਬੀਰ ਉਜਾਗਰ।
ਜਨਮ ਜਨਮ ਕੇ ਕਾਟੇ ਕਾਗਰ।
ਨਿਮਤ ਨਾਮਦੇਉ ਦੂਧੁ ਪੀਆਇਆ।
ਤਉ ਜਗ ਜਨਮ ਸੰਕਟ ਨਹੀ ਆਇਆ।
ਜਨ ਰਵਿਦਾਸ ਰਾਮ ਰੰਗਿ ਰਾਤਾ।
ਇਉਂ ਗੁਰਪ੍ਰਸਾਦਿ ਨਰਕ ਨਹੀਂ ਜਾਤਾ।[52]

ਭਗਤ ਰਵਿਦਾਸ ਅਨੁਸਾਰ ਜੋ ਪਰਮਾਤਮਾ ਦਾ ਨਾਮ ਜਪਦੇ ਹਨ ਉਨ੍ਹਾਂ ਵਰਗਾ ਕੋਈ ਨਹੀਂ ਕਿਉਂਕਿ ਪਰਮਾਤਮਾ ਤੋਂ ਸਿਵਾ ਇਥੇ ਕੁਝ ਵੀ ਨਹੀਂ ਹੈ ਜੋ ਕੁਝ ਹੈ ਉਹ ਹੀ ਹੈ ਤੇ ਉਸਦੇ ਨਾਮ ਦਾ ਸਿਮਰਨ ਜਦੋਂ ਹਿਰਦੇ ਵਿਚ ਜਾਂਦਾ ਹੈ ਤਾਂ ਚਲਦਿਆਂ-ਫਿਰਦਿਆਂ, ਸੌਂਦਿਆਂ-ਜਾਗਦਿਆਂ, ਉਸੇ ਦਾ ਧਿਆਨ ਬਣਿਆ ਰਹਿੰਦਾ ਹੈ ਤੇ ਉਸਦੇ. ਬਰਾਬਰ ਦਾ ਹੋਰ ਕੋਈ ਨਜਰ ਨਹੀਂ ਆਉਂਦਾ ਉਹ ਇਕ ਹੀ ਅਨੇਕ ਰੂਪਾਂ ਵਿਚ ਦਿਸਦਾ ਹੈ:-

ਹਰਿ ਜਪਤ ਤੇਊ ਜਨਾਂ ਪਦਮ ਕਵਲਾਸਪਤਿ
ਤਾਸ ਸਮਤੁਲਿ ਨਹੀ ਆਨ ਕੋਊ।
ਏਕ ਹੀ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰ ਸੋਊ।[53]

ਚਿਤ ਸਿਮਰਨ ਕਰਹੁ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅਮ੍ਰਿਤ ਰਾਮ ਨਾਮ ਭਾਖਉ।
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ।
ਮੈਂ ਤਉਂ ਮੋਲਿ ਮਹਗੀ ਲਈ ਜੀਅ ਸਟੈ।[54]

ਸਿਮਰਨ ਦੁਆਰਾ ਇਨਸਾਨ ਦੇ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ ਉਹ ਸੰਸਾਰ ਦੇ ਜਨਮ ਮਰਨ ਦੇ ਚੱਕਰ ਮਿਟਣ ਨਾਲ ਪ੍ਰਭੂ ਦੇ ਪਾਰਸ ਨਾਮ ਦੀ ਪ੍ਰਾਪਤੀ ਹੁੰਦੀ ਹੈ। ਨਾਮ ਛੋਹ ਮਨੁੱਖ ਦੀ ਦੁਬਿਧਾ ਮਿਟਾ ਦਿੰਦੀ ਹੈ:--

ਪਰਚੈ ਰਾਮ ਰਵੈ ਜਉ ਕੋਈ। ਪਾਰਸੁ ਪਰਸੈ ਦੁਬਿਧਾ ਨਾ ਹੋਈ।

- - - - - - - - - - - - - - - - - - - - - - -

ਸੋ ਮੁਨਿ ਮਨ ਕੀ ਦੁਬਿਧਾ ਖਾਇ, ਬਿਨੁ ਦੁਆਰੇ ਤ੍ਰੈ ਲੋਕ ਸਮਾਇ।

- - - - - - - - - - - - - - - - - - - - - - -

ਕਹਿ ਰਵਿਦਾਸ ਪਰਮ ਬੈਰਾਗ, ਰਿਦੈ ਰਾਮੁ ਕੀ ਨ ਜਪਸਿ ਅਭਾਗਾ।[55]

ਰਵਿਦਾਸ ਮਨੁੱਖ ਨੂੰ ਹਰ ਸਮੇਂ ਵਿਸ਼ੈ-ਵਿਕਾਰਾਂ ਤੋਂ ਉਪਰ ਉੱਠ ਕੇ ਸਿਮਰਨ ਕਰਨ ਲਈ ਪ੍ਰੇਰਦੇ ਹਨ ਤਾਂ ਕਿ ਇਨਸਾਨ ਉਸ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰ ਸਕੇ। ਨਾਮ

ਸਿਮਰਨ ਨਾਲ ਮਨੁੱਖ ਪ੍ਰਭੂ ਦਾ ਹੋ ਜਾਂਦਾ ਹੈ ਤੇ ਉਸਦੀ ਚਿੰਤਾ ਪਰਮਾਤਮਾ ਨੂੰ ਹੀ ਹੁੰਦੀ ਹੈ। ਜਦੋਂ ਸਿਮਰਨ ਗੂੜ੍ਹ ਅਵਸਥਾ ਵਿਚ ਪਹੁੰਚ ਜਾਂਦਾ ਹੈ ਪ੍ਰਭੂ ਤੇ ਇਨਸਾਨ ਦਾ ਭੇਦ ਖ਼ਤਮ ਹੋ ਜਾਂਦਾ ਹੈ ਉਹ ਭਗਤੀ ਨਾਲ ਪ੍ਰਭੂ ਵਿਚ ਵਿਲੀਨ ਹੋ ਜਾਂਦਾ ਹੈ।

ਅਬ ਕੈਸੇ ਛੂਟੈ ਨਾਮ ਰਟ ਲਾਗੀ।
ਪ੍ਰਭੂ ਜੀ ਤੁਮ ਚੰਦਨ ਹਮ ਪਾਨੀ। ਜਾਕੀ ਅੰਗ ਅੰਗ ਬਾਸ ਸਮਾਨੀ।
ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ। ਜੈਸੇ ਚਿਤਵਤ ਚੰਦ ਚਕੋਰਾ।
ਪ੍ਰਭੂ ਜੀ ਤੁਮ ਦੀਪਕ ਹਮ ਬਾਤੀ। ਜਾ ਕੀ ਜੋਤਿ ਬਰੈ ਦਿਨ ਰਾਤੀ।
ਪ੍ਰਭੂ ਜੀ ਤੁਮ ਮੋਤੀ ਹਮ ਧਾਗਾ। ਜੈਸੇ ਸੋਨਹਿੰ ਮਿਲਤ ਸੁਹਾਗਾ।
ਪ੍ਰਭੂ ਜੀ ਤੁਮ ਸਵਾਮੀ ਹਮ ਦਾਸਾ। ਐਸੀ ਭਗਤਿ ਕਰੈ ਰੈਦਾਸਾ।[56]

ਰਵਿਦਾਸ ਨੇ ਜੀਵਨਨੂੰ ਸੰਸਾਰ ਦੇ ਭਰਮ ਜਾਲ ਵਿਚੋਂ ਨਿਕਲ ਕੇ ਪਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਮੈਂ ਨੀਚ ਜਾਤ ਦਾ ਹੋ ਕੇ ਵੀ ਨਾਮ ਦੀ ਅਰਾਧਨਾ ਕਰਨ ਨਾਲ ਪ੍ਰਭੂ ਚਰਨਾਂ ਵਿਚ ਸਥਾਨ ਪਾ ਲਿਆ। ਰਵਿਦਾਸ ਨਾਮ ਦਾ ਮਹਾਤਮ ਦੱਸਦੇ ਹਨ:-

ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ।[57]

ਕਹਿ ਰਵਿਦਾਸ ਸਭੈ ਜਗੁ ਲੂਟਿਆ, ਹਮ ਤਉ ਏਕ ਨਾਮ ਕਹਿ ਛੂਟਿਓ।[58]

ਕਹੁ ਰਵਿਦਾਸ ਸਭੈ ਨਹੀ ਸਮਝਸਿ, ਭੂਲ ਪਰੇ ਜੈਸੇ ਬਉਰੇ।
ਮੋਹਿ ਆਧਾਰੁ ਨਾਮ ਨਰਾਇਣ, ਜੀਵਨ ਪ੍ਰਾਨ ਧਨ ਮੋਰੇ।[59]

ਨਾਮ ਸਿਮਰਨ ਦੀ ਵਿਸ਼ੇਸ਼ਤਾ ਅਨੇਕ ਗ੍ਰੰਥਾਂ—ਸ੍ਰੀ ਮਦਭਾਗਵਤ ਪੁਰਾਣ, ਵਿਸ਼ਨੂੰ ਪੁਰਾਣ, ਗੀਤਾ[60], ਬ੍ਰਹਮਣ ਵਰਤ ਪੁਰਾਣ, ਮਨੂੰ ਸਮ੍ਰਿਤੀ ਆਦਿ ਵਿਚ ਕੀਤੀ ਗਈ ਹੈ। ਨਾਮ ਆਪਣੇ ਆਪ ਵਿਚ ਸੰਪੂਰਨ ਸਰਵ-ਵਿਆਪਕ ਹੈ ਇਹ ਅਜਿਹਾ ਸੰਕਲਪ ਹੈ ਜੋ ਪ੍ਰਭੂ ਦੀ ਸਮੁੱਚੀ ਸ਼ਕਤੀ ਨੂੰ ਦਰਸਾਉਂਦਾ ਹੈ। ਇਸਨੂੰ ਹਿਰਦੇ ਵਿਚ ਵਸਾਉਣ ਲਈ ਸਿਮਰਨ ਕਰਨਾ ਪੈਂਦਾ ਹੈ। ਸਿਮਰਨ ਨਾਲ ਆਦਮੀ ਦੀ ਚੇਤਨਤਾ ਜਾਗਦੀ ਹੈ ਜਿਸਦਾ ਪ੍ਰਭਾਵ ਆਤਮਾ ਤੇ ਪੈਂਦਾ ਹੈ ਤੇ ਸਾਧਕ ਨੂੰ ਸੰਸਾਰਿਕ ਪਦਾਰਥਾਂ ਤੋਂ ਦੂਰ ਲਿਜਾ ਕੇ ਪਰਮਾਤਮਾ ਨਾਲ ਜੋੜਦਾ

ਹੈ ਅਤੇ ਮਨ ਵਿਚੋਂ ਭੈਅ, ਭਰਮ, ਦੁੱਖ, ਪਾਪ, ਕਾਮ, ਕਰੋਧ,ਲੋਭ,ਮੋਹ, ਹੰਕਾਰ ਖਤਮ ਹੋ ਜਾਂਦਾ ਹੈ। ਇਨਸਾਨ ਨੂੰ ਧਨ, ਮਾਣ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਆਪਣੇ ਆਪ ਨੂੰ ਕਦੇ ਵੀ ਇਕੱਲਾ ਮਹਿਸੂਸ ਨਹੀਂ ਕਰਦਾ।

## ਨਵਧਾ ਭਗਤੀ

ਸ੍ਰੀ ਮਦ ਭਗਵਤ ਮਹਾ-ਪੁਰਾਣ ਵਿਚ ਭਗਤੀ ਦੇ ਨੌ ਪ੍ਰਕਾਰਾਂ ਨੂੰ ਨਵਧਾ ਭਗਤੀ ਕਿਹਾ ਗਿਆ ਹੈ। ਨਵਧਾ ਭਗਤੀ ਵਿਚ ਸਰਵਨ,ਕੀਰਤਨ, ਸਿਮਰਨ,ਪਦ-ਸੇਵਾ, ਅਰਦਾਸ(ਅਰਚਨਾ) ਬੰਦਨਾ, ਦਾਸ, ਸਖਾ ਅਤੇ ਆਤਮ ਨਿਵੇਦਨ[61] ਆਉਂਦੇ ਹਨ। ਨਵਧਾ ਭਗਤੀ ਦੇ ਅੰਤਰਗਤ ਆਉਣ ਵਾਲੀ ਸਰਵਨ,ਕੀਰਤਨ,ਸਿਮਰਨ ਦਾ ਸੰਬੰਧ ਭਗਤੀ ਦੇ ਭਾਵ ਨਾਲ ਹੈ। ਇਹ ਨੌ ਪ੍ਰਕਾਰ ਪਰਮਾਤਮਾ ਦੇ ਨਾਮ, ਸਰੂਪ ਅਤੇ ਪ੍ਰੀਤੀ ਭਾਵ ਦਾ ਵਿਸਥਾਰ ਹਨ। "ਨਵਧਾ ਭਗਤੀ ਦਾ ਦਸਵਾਂ ਰੂਪ ਨਿਰੋਲ ਵੈਸ਼ਨਵੀ ਸੰਤਾਂ ਦੀ ਪ੍ਰੇਮਾ ਭਗਤੀ ਦਾ ਸਰੂਪ ਹੈ। ਨਵਧਾ ਭਗਤੀ ਦਾ ਸੰਬੰਧ ਬਹੁਤਾ ਕਰਕੇ ਉਪਾਸਨਾ ਪੱਧਤੀ ਨਾਲ ਸਮਝਿਆ ਜਾਂਦਾ ਹੈ ਅਤੇ ਇਸਦੇ ਕੁਝ ਅੰਗ ਪ੍ਰੇਮਾ-ਭਗਤੀ ਦੀ ਥਾਂ ਵੈਧੀ ਭਗਤੀ(ਕਰਮਕਾਂਡੀ) ਦੇ ਅੰਤਰਗਤ ਆਉਂਦੇ ਹਨ।" ਰਵਿਦਾਸ ਦੀ ਬਾਣੀ ਵਿਚੋਂ ਨਵਧਾ ਭਗਤੀ ਦੇ ਸਾਰੇ ਉਦਾਹਰਣ ਮਿਲਦੇ ਹਨ ਭਾਵੇਂ ਉਨ੍ਹਾਂ ਵਿਚੋਂ ਅਰਚਨਾ ਭਗਤੀ, ਸਿਮਰਨ ਭਗਤੀ, ਦਾਸ ਭਗਤੀ, ਪਦ ਸੇਵਾ ਭਗਤੀ ਆਦਿ ਜ਼ਿਆਦਾ ਮਸ਼ਹੂਰ ਹੋਏ।

## ਸਰਵਨ

ਪਰਮਾਤਮਾ ਦੇ ਨਾਮ ਗੁਣ ਅਤੇ ਚਰਿਤਰ ਆਦਿ ਨੂੰ ਸ਼ਰਧਾ ਪੂਰਵਕ ਸੁਨਣ ਦਾ ਨਾਂ ਹੀ ਸਰਵਨ ਭਗਤੀ ਹੈ। ਗਰੁੜ ਪੁਰਾਣ ਵਿਚ ਆਉਂਦਾ ਹੈ ਕਿ ਸੰਸਾਰ ਰੂਪੀ ਜ਼ਹਿਰੀ ਸੱਪ ਦੇ ਡੱਸ ਜਾਣ ਕਰਕੇ ਜਿਹੜਾ ਮਨੁੱਖ ਬੇਹੋਸ਼ ਹੋ ਗਿਆ ਹੈ ਉਸ ਲਈ ਸ੍ਰੀ ਕ੍ਰਿਸ਼ਨ ਰੂਪ ਵੈਸ਼ਨਵ ਮੰਤਰ ਇਕ ਅਜਿਹੀ ਦਵਾ ਹੈ ਜਿਸਦੇ ਕੇਵਲ ਸਰਵਨ ਨਾਲ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ।[62] ਰਵਿਦਾਸ ਬਾਣੀ ਵਿਚ ਇਸਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ। — ਕੀਰਤਿ ਤੇਰੀ ਪਾਪ ਬਿਨਾਸੈ, ਲੋਕ ਵੇਦ ਯੂ ਗਾਵੈ।[63]

ਕੀਰਤਨ

ਕੀਰਤਨ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਪਰਮਾਤਮਾ ਦੀ ਕੀਰਤੀ ਗਾਉਣਾ ਜਾਂ ਉਸਤਤ ਕਰਨਾ। ਕਿਸੇ ਜਗ੍ਹਾਂ ਤੇ ਇਕੱਤਰ ਹੋ ਕੇ ਉਸਦੇ ਸ਼ਬਦ, ਭਜਨਾਂ ਨੂੰ ਮਿਲ ਕੇ ਗਾਉਣ ਨਾਲ ਮਨ ਵਿਚ ਸ਼ਰਧਾ ਪੈਦਾ ਹੁੰਦੀ ਹੈ ਅਤੇ ਤਨ ਮਨ ਖਿੜ ਜਾਂਦਾ ਹੈ। ਸ੍ਰੀ ਮਦ ਭਗਵਤ ਵਿਚ ਕ੍ਰਿਸ਼ਨ ਦੇ ਗੁਣਾਂ ਦੇ ਕੀਰਤਨ ਨੂੰ ਹੀ ਉਤਮ ਸ਼ਲੋਕ ਮੰਨਿਆ ਜਾਂਦਾ ਹੈ। ਬ੍ਰਹਮ ਦੇ ਨਾਮ, ਲੀਲਾ ਅਤੇ ਗੁਣ ਆਦਿ ਨੂੰ ਉੱਚੀ ਸੁਰ ਵਿਚ ਉਚਾਰਨ ਕਰਨ ਦਾ ਨਾਮ ਹੀ ਕੀਰਤਨ ਹੈ।[64]

ਐਸੇ ਜਾਨਿ ਜਪੋ ਰੇ ਜੀਵ ਲਯੋ ਰਾਮ ਨ ਭਰਮੋ ਜੀਵ।[65]

ਸਿਮਰਨ

ਕੀਰਤਨ ਤੋਂ ਬਾਅਦ ਸਿਮਰਨ ਨਵਧਾ ਭਗਤੀ ਦਾ ਤੀਸਰਾ ਅੰਗ ਹੈ। ਇਨਸਾਨ ਨੂੰ ਸਵੇਰੇ ਉੱਠ ਕੇ ਨਹਾ ਧੋ ਕੇ ਅੰਮ੍ਰਿਤ ਵੇਲੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ ਇਹੀ ਭਗਤੀ ਦਾ ਯੋਗ ਸਮਾਂ ਹੈ ਤੇ ਸਾਰਾ ਦਿਨ ਹਰ ਸਾਹ ਨਾਲ ਉਸਦਾ ਸਿਮਰਨ ਕਰਨਾ ਚਾਹੀਦਾ ਹੈ। ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਉਸ ਨੂੰ ਵਾਰ ਵਾਰ ਯਾਦ ਕਰਨਾ ਜਰੂਰੀ ਹੈ। ਭਾਗਵਤ ਅਨੁਸਾਰ ਬ੍ਰਹਮ ਨਾਲ ਮਨ ਦਾ ਕਿਸੇ ਪ੍ਰਕਾਰ ਦਾ ਸੰਬੰਧ ਹੋ ਜਾਣਾ ਸਿਮਰਨ ਹੈ।[66] ਰਵਿਦਾਸ ਸਿਮਰਨ ਬਾਰੇ ਇਸ ਪ੍ਰਕਾਰ ਲਿਖਦੇ ਹਨ:-

ਐਸਾ ਧ੍ਯਾਨ ਧਰੌ ਬਨਵਾਰੀ, ਮਨ ਪਵਨ ਖਿਢਿ ਸੁਖਮਨ ਨਾਰੀ।[67]

ਪਾਦਸੇਵਨ

ਬ੍ਰਹਮ ਦਾ ਧਿਆਨ ਕਰਨਾ, ਭਜਨ ਕਰਨਾ ਅਤੇ ਉਸਦੇ ਚਰਨਾਂ ਦੀ ਸੇਵਾ ਕਰਨਾ ਹੀ ਪਾਦਸੇਵਨ ਹੈ। ਚਰਨ ਕਮਲਾਂ ਦੀ ਸੇਵਾ ਸਗੁਣ ਭਗਤੀ ਵਿਚ ਹੀ ਸੰਭਵ ਹੈ। ਨਿਰਗੁਣ ਭਗਤੀ ਵਿਚ ਬ੍ਰਹਮ ਦੇ ਚਰਨਾਂ ਦਾ ਧਿਆਨ ਅਤੇ ਭਜਨ ਸ਼ਾਮਲ ਹੈ:-

ਮੇਰੀ ਕੁਚੀਲ ਜਾਤਿ ਕੁਚੀਲਾ ਮੈ ਬਾਸ<br>
ਭਗਤਿ ਹੇਤ ਹਰਿ ਚਰਨ ਨਿਬਾਸ।[68]

## ਅਰਚਨਾ

ਸਗੁਣ ਭਗਤੀ ਵਿਚ ਬ੍ਰਹਮ ਉਪਾਸਨਾ ਵਿਚ ਅਗਰਬੱਤੀ, ਚੰਦਨ ਆਦਿ ਸੁਗੰਧੀਆਂ ਦੀ ਭੇਟਾ ਅਰਚਨ ਸੇਵਾ ਹੈ। ਮਨੋਕਲਪਿਤ ਸਮੱਗਰੀਆਂ ਰਾਹੀਂ ਵੀ ਇਹ ਸੇਵਾ ਸੰਭਵ ਦੱਸੀ ਗਈ ਹੈ। ਰਵਿਦਾਸ ਤਨ ਮਨ ਮਾਰ ਕੇ ਪਰਮਾਤਮਾ ਦੀ ਸ਼ਰਨ ਵਿਚ ਜਾਣ ਦੀ ਗੱਲ ਕਰਦੇ ਹਨ:—

ਤਨ ਮਨੁ ਆਤਮ ਬਾਰਿ, ਸਦਾ ਹਰਿ ਗਾਈਐ।
ਭਣਤ ਜਨ 'ਰਵਿਦਾਸ' ਤੁਮ ਸ਼ਰਣਾ ਆਈਐ।[69]

## ਬੰਦਨਾ

ਬੰਦਨਾ ਦਾ ਅਰਥ ਹੈ ਨਮਸਕਾਰ ਜਾਂ ਪ੍ਰਣਾਮ ਕਰਨਾ ਇਸ ਭਗਤੀ ਵਿਚ ਬੰਦਨਾ ਕਰਨਾ ਜ਼ਰੂਰੀ ਹੈ। ਡੰਡੌਤ ਬੰਦਨਾ ਉੱਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ:—

ਸੰਸਾਰ ਪ੍ਰਪੰਚ ਹੌ ਵਿਆਕੁਲ ਰਾਮਾਨੰਦਾ,
ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ।
ਰਵਿਦਾਸ ਬਿਨਵੈ ਕਰ ਜੋਰੀ,
ਅਵਿਗਤ ਕਵਨ ਗਤਿ ਮੋਰੀ।[70]

## ਦਾਸ

ਇਕ ਦਾਸ ਵਾਂਗ ਸ਼ਰਧਾ ਤੇ ਪ੍ਰੇਮ ਨਾਲ ਬ੍ਰਹਮ ਦੀ ਸੇਵਾ ਕਰਨੀ ਦਾਸ ਭਗਤੀ ਹੈ:-

ਮਾਯਾ ਮੋਹਿਲਾ ਕਾਨ੍ਹ ਮੈ ਜਨ ਸੇਵਗ ਤੇਰਾ।[71]

## ਸਖਾ

ਬ੍ਰਹਮ ਨਾਲ ਮਿੱਤਰ ਜਾਂ ਪ੍ਰੇਮ ਦੇ ਸੰਬੰਧ ਸਥਾਪਿਤ ਕਰਨਾ ਹੈ:--

ਜਉ ਤੁਮ ਗਿਰਿਵਰ ਤਉ ਹਮ ਮੋਰਾ।
ਜਉ ਤੁਮ ਚੰਦ ਹਮ ਭਏ ਹੈ ਚਕੋਰਾ।
ਮਾਧਵੇ ਤੁਮ ਨਾ ਤੋਰਹੁ ਤਉ ਹਮ ਨਹੀ ਤੋਰਹਿ।
ਤੁਮ ਸਿਉ ਤੋਰਿ ਕਵਨੁ ਸਿਉ ਜੋਰਹਿ।[72]

ਆਤਮ-ਨਿਵੇਦਨ

ਹਰ ਪ੍ਰਕਾਰ ਦੇ ਔਗੁਣਾਂ ਨੂੰ ਤਿਆਗ ਕੇ ਤਨ, ਮਨ, ਧਨ ਨਾਲ ਆਪਣਾ ਆਪਾ ਪ੍ਰਭੂ ਨੂੰ ਅਰਪਣ ਕਰ ਦੇਣਾ ਆਤਮ-ਨਿਵੇਦਨ ਹੈ। ਇਸ ਪ੍ਰਕਾਰ ਦੀ ਭਗਤੀ ਨੂੰ ਸਭ ਤੋਂ ਉਤਮ ਗਿਣਿਆ ਗਿਆ ਹੈ:-

ਆਏ ਆਏ ਹੋ ਦੇਵਾਧਿਦੇਵ ! ਤੁਮ ਸਰਨ ਆਏ,
ਜਾਨਿ ਕਿਰਪਾ ਕੀਜੈ ਆਪਨੋ ਜਨਾਂ।
ਸਕਲ ਸੁਖ ਕੋ ਮੂਲ ਜਾਕੋ ਨਾਹੀ ਸਮਤੂਲ,
ਸੋ ਚਰਨ ਮੂਲ ਪਾਏ।[73]

ਨਵਧਾ ਭਗਤੀ ਨੂੰ ਧਿਆਨ ਨਾਲ ਜਾਚਿਆ ਜਾਵੇ ਤਾਂ ਇਸਦੇ ਦੋ ਰੂਪ ਹੀ ਸਾਹਮਣੇ ਆਉਂਦੇ ਹਨ ਇਕ ਸਖਾ ਤੇ ਦੂਸਰਾ ਦਾਸ ਭਗਤੀ। ਸਖਾ ਭਗਤੀ ਪ੍ਰੇਮਾ ਭਗਤੀ ਦਾ ਹੀ ਇਕ ਰੂਪ ਹੈ। ਇਹ ਪ੍ਰੇਮ ਭਾਵੇਂ ਪਤਨੀ ਦੇ ਆਤਮ-ਸਮਰਪਣਕਾਰੀ ਪ੍ਰੇਮ ਜਿਹਾ ਹੋਵੇ ਤੇ ਭਾਵੇਂ ਮਿੱਤਰ ਨਾਲ ਖੁੱਲ ਕੇ ਗੱਲਾਂ ਕਰਨ ਜਾਂ ਤਾਹਨੇ ਮਿਹਣੇ ਦੇਣ ਵਾਲਾ ਹੋਵੇ।[74]

ਜਦੋਂ ਭਗਤ ਨੂੰ ਭਗਵਾਨ ਦੇ ਦਰਸ਼ਨ ਨਹੀਂ ਹੁੰਦੇ ਤਾਂ ਉਹ ਇਕ ਬਿਰਹਨ ਵਾਂਗ ਮਿਲਾਪ ਲਈ ਤੜਪਦਾ ਹੈ। ਇਹੀ ਬਿਰਹਾ ਭਾਵਨਾ ਸੰਤਾਂ ਦੇ ਰਹੱਸਵਾਦ ਦੀ ਮੂਲ ਪ੍ਰਵਿਰਤੀ ਹੈ।

ਦਾਸ ਸੇਵਾ ਭਗਤੀ

ਸੰਗਤ ਦੀ ਸੇਵਾ ਕਰਨਾ, ਦੂਜਿਆਂ ਦਾ ਭਲਾ ਸੋਚਣਾ ਅਤੇ ਚੰਗੇ ਕੰਮ ਵਿਚ ਧਨ ਲਾਉਣਾ ਤਨ, ਮਨ, ਧਨ ਦੀ ਸੇਵਾ ਕਹੀ ਜਾਂਦੀ ਹੈ। ਅਸਲ ਵਿਚ ਪ੍ਰਮਾਤਮਾ ਦਾ ਨਾਮ ਸਿਮਰਨ, ਗੁਰੂ ਦੀ ਆਗਿਆ ਦਾ ਪਾਲਣ, ਚੰਗੇ ਕੰਮ, ਲੋਕਾਂ ਦੀ ਸਹਾਇਤਾ ਹੀ ਸੇਵਾ ਹੈ। ਸੇਵਾ ਨੂੰ ਅਸੀਂ ਸਮਾਜਿਕ ਗੁਣ ਦੇ ਤੌਰ ਤੇ ਵੀ ਲੈ ਸਕਦੇ ਹਾਂ ਜਦੋਂ ਮਨੁੱਖ ਵਿਚ ਸੇਵਾ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਤਾਂ ਦਾਸ ਭਾਵ ਆਪਣੇ ਆਪ ਪੈਦਾ ਹੋ ਜਾਂਦਾ ਹੈ।

ਪਰਮਾਤਮਾ ਪ੍ਰਤੀ ਬੇਨਤੀ ਕਰਦਿਆਂ ਇਨਸਾਨ ਵਿਚ ਦਾਸ ਭਾਵ ਹੋਣਾ ਚਾਹੀਦਾ ਹੈ ਉਸਨੂੰ ਆਪਾ ਭੁਲਾ ਕੇ ਪੰਜ-ਵਿਕਾਰਾਂ ਤੋਂ ਛੁਟਕਾਰਾ ਪਾ ਕੇ, ਸੰਸਾਰਿਕ

ਮੋਹ ਮਾਇਆ ਤਿਆਗ ਕੇ, ਪਰਿਵਾਰਿਕ ਮੋਹ ਤੋਂ ਉਪਰ ਉੱਠ ਕੇ ਪਰਮਾਤਮਾ ਨਾਲ ਸੇਵਕ ਸੁਆਮੀ ਦਾ ਰਿਸ਼ਤਾ ਕਾਇਮ ਕਰਨਾ ਚਾਹੁੰਦਾ ਹੈ। ਉਹ ਨਾਮ ਸਿਮਰਨ ਕਰਦੇ ਹੋਇਆ ਆਪਣੀ ਸਵੈ ਚਤੁਰਤਾ ਤੋਂ ਪੱਲਾ ਛੁਡਾ ਕੇ ਹੀ ਪਰਮਾਤਮਾ ਦੀ ਦਿਆਲਤਾ ਪ੍ਰਾਪਤ ਕਰ ਸਕਦਾ ਹੈ ਕਿਉਂ ਕਿ ਉਸ ਪਰਮਾਤਮਾ ਵਰਗਾ ਕੋਈ ਨਹੀਂ ਉਹ ਹਰ ਹਿਰਦੇ ਵਿਚ ਵੱਸਦਾ ਹੈ ਅਤੇ ਭਗਤੀ ਨਾਲ ਹੀ ਉਸਨੂੰ ਪਾਇਆ ਜਾ ਸਕਦਾ ਹੈ। ਦਾਸ ਜਾਂ ਸੇਵਕ ਉਹ ਹੀ ਬਣ ਸਕਦਾ ਹੈ ਜਿਸਨੇ ਆਪਣੇ ਹਿਰਦੇ ਵਿਚੋਂ ਹੰਕਾਰ ਨੂੰ ਕੱਢ ਕੇ ਨਿਮਰਤਾ ਦਾ ਬਸੇਰਾ ਕਰ ਲਿਆ ਹੋਵੇ। ਉਹ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ ਤੇਰੀ ਮੇਰੀ ਦੀ ਭਾਵਨਾ ਖਤਮ ਹੋ ਜਾਂਦੀ ਹੈ:-

ਜਬ ਹਮ ਹੋਤੇ ਤਬ ਤੁਮ ਨਾਹੀ,
ਅਬ ਤੁਮ ਹੀ ਹੋ ਹਮ ਨਾਹੀ।[75]

ਸੇਵਕ ਪ੍ਰਭੂ ਦੀ ਅਨਿੰਨ ਭਗਤੀ ਕਰਦਿਆਂ ਹੋਇਆਂ ਆਪਣੇ ਆਪ ਨੂੰ ਪਰਮਾਤਮਾ ਦਾ ਦਾਸ ਵਿਅਕਤ ਕਰਦਾ ਹੈ।

– ਮੈ ਹਿਰਦੈ ਹਾਰਿ ਬੈਠਯੋ ਹਰਿ, ਮੋਪੈ ਸਰਯੋ ਨ ਏਕੋ ਕਾਜ।
ਭਾਵ ਭਗਤਿ 'ਰਵਿਦਾਸ' ਦੇ ਪ੍ਰਤਿਪਾਲ ਕਰਿ ਮੋਹਿ ਆਜ।[76]

ਮਾਯਾ ਮੋਹਿਲਾ ਕਾਨ੍ਹ, ਮੈ ਜਨ ਸੇਵਕ ਤੇਰਾ।[77]

ਰਵਿਦਾਸ ਦੇ ਇਸ ਰੂਪਕ ਵਿਚੋਂ ਮਾਲਕ ਅਤੇ ਸੇਵਕ ਦੀ ਇਕਮਿਕਤਾ ਜ਼ਾਹਰ ਹੁੰਦੀ ਹੈ ਤੇ ਪਰਮਾਤਮਾ ਅਤੇ ਆਤਮਾ ਵਿਚਲਾ ਅੰਤਰ ਖਤਮ ਹੋ ਜਾਂਦਾ ਹੈ:-

ਪ੍ਰਭੂ ਤੇ ਜਨੁ ਜਾਨੀਜੈ, ਜਨ ਤੇ ਸੁਆਮੀ।[78]
ਮੋਹਿ ਨ ਬਿਸਰਹੁ ਮੈ ਜਨੁ ਤੇਰਾ।[79]

ਸੰਤ ਰਵਿਦਾਸ ਦੀ ਮਨੁੱਖੀ ਸੇਵਾ ਵਿਚ ਬੜੀ ਡੂੰਘੀ ਸ਼ਰਧਾ ਹੈ। ਉਹ ਮਨੁੱਖੀ ਸੇਵਾ ਦੁਆਰਾ ਪ੍ਰਭੂ ਮਿਲਣ ਦੀ ਆਸ ਦਾ ਪ੍ਰਗਟਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਹਮੇਸ਼ਾ ਹੀ ਦੀਨ-ਦੁਖੀ ਦੀ ਸੇਵਾ ਵਿਚ ਲੱਗੇ ਰਹਿਣਾ ਚਾਹੀਦਾ ਹੈ।

ਰਵਿਦਾਸ ਅਨੁਸਾਰ ਮਨ ਵਿਚ ਸੱਚ, ਸੰਤੋਖ ਰੱਖਕੇ ਸਾਰੇ ਪ੍ਰਾਣੀਆਂ ਦੀ ਸੇਵਾ

ਵਿਚੋਂ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਉਹ ਕਹਿੰਦੇ ਹਨ ਧੂਣੀਆਂ ਤਪਾਉਣ ਵਿਚ ਕੀ ਪਿਆ ਹੈ। ਧੂਆਂ ਰਮਾਉਣ ਦੇ ਦਿਖਾਵੇ ਨੂੰ ਤਿਆਗ ਕੇ ਸੇਵਾ ਦੀ ਅੱਗ ਵਿਚ ਤਪਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਆਪਣੀ ਪਰਮਾਤਮਾ ਪ੍ਰਤੀ ਸ਼ਰਧਾ ਅਤੇ ਨਿਡਰਤਾ ਦਾ ਜਿਕਰ 'ਬਿਸ਼ਨ ਸਿੰਘ' ਭਗਤਮਾਲ ਵਿਚ ਇਸ ਪਦ ਦੇ ਹਵਾਲੇ ਨਾਲ ਦਿੰਦੇ ਹਨ:-

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ
ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ।[80]

ਅਜਿਹੇ ਹੀ ਕਈ ਹੋਰ ਪਦ ਆਪਣੀ ਬਾਣੀ ਵਿਚ ਸ਼ਾਮਿਲ ਹਨ ਜੋ ਆਪਣੇ ਦਾਸ ਭਾਵ ਨੂੰ ਪ੍ਰਗਟਾਉਂਦੇ ਹਨ:-

ਹਮ ਸਰਿ ਦੀਨ ਦਇਆਲੁ ਨ ਤੁਮ ਸਰਿ ਅਬ ਪਤੀਆਰ ਕਿਆ ਕੀਜੈ
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨ ਦੀਜੈ।
ਹਉ ਬਲਿ ਬਲਿ ਜਾਉ ਰਮਈਆ ਕਾਰਨੇ
ਕਾਰਨ ਕਰਨ ਅਬੋਲ।[81]

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ।[82]

ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ।
ਦਰਸ਼ਨ ਦੀਜੈ ਹੋ ਬਿਲੰਬ ਨ ਕੀਜੈ।[83]

ਸਤੁ ਸੇਵਗ ਜਦਾ ਅਜੋਰ, ਠਾਕੁਰ ਪਿਤਹਿ ਜਬ ਸੋਰ।[84]

ਮਾਧੋ ਤੂੰ ਮਮ ਠਾਕੁਰ, ਹੋ ਤੁਝ ਸੇਵਗ,
ਜਨਮ ਜਨਮ ਤੈਂ ਹੋ ਤੁਝ ਸੇਵਾਨਗ।
ਜਹਾਂ ਬਿੰਦ੍ਰਬਨ ਤੈ ਵੇਨੁ ਬਜਾਈ, ਹੌ ਹਲਧਰ ਹੋਈ ਧੇਨ ਚੁਰਾਈ।
ਜਹਾਂ ਤੈ ਰਾਵਣ ਲੰਕ ਜਰਾਈ, ਤਹਾਂ ਹੌ ਤੁਝ ਲਛਮਨ ਭਾਈ।
ਆਦ ਅੰਤ ਮਧਿ ਸੰਗ ਤਿਹਾਰੇ, ਅਬ ਕਾਹੇ ਕਰਤਹੁ ਨਿਨਾਰੇ।
ਕਹਿ ਰਵਿਦਾਸ ਵੇਰੁ ਮਿਲ ਠਾਕੁਰ, ਨਿਜ ਜਨ ਕੂ ਨੇਹ ਛੁਪਾਇ।[85]

ਇਹੈ ਅੰਦੇਸੋ ਰਾਮ ਰਹਿ ਰੈਨਿ ਦਿਨ ਮੋਰੇ।
ਨਿਸ ਬਾਸੁਰ ਗੁਨ ਗਾਉ ਤੋਰੇ।
ਤੁਮ ਚਿੰਤਤ ਮੇਰੀ ਚਿੰਤਾ ਹੀ ਨਾ ਜਾਹੀ, ਤੁਮ ਚਿੰਤਾਮਨਿ ਹੋਹ ਕਿਨਾਂਹੀ।
ਭਗਤੀ ਹੇਤ ਤੁਮ ਕਹਾ ਕਹਾ ਨਹੀਂ ਕੀਨ੍ਹਾ, ਹਮਰੀ ਬੇਰ ਭਏ ਬਲ ਹੀਨਾ।
ਕਹੈ 'ਰਵਿਦਾਸ' ਦਾਸ ਅਪਰਾਧੀ, ਜੌ ਤੁਮ ਦ੍ਰਵੌ ਮੈਂ ਭਗਤਿ ਨ ਸਾਧੀ।[86]

ਉਪਰੋਕਤ ਪਦਾਂ ਤੋਂ ਸਪੱਸ਼ਟ ਹੈ ਕਿ ਰਵਿਦਾਸ ਲੋਕ ਸੇਵਾ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਜਨ ਸੇਵਾ ਅਤੇ ਦਾਸ ਭਗਤੀ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਜਾਂ ਉਸ ਵਿਚ ਅਭੇਦ ਹੋਇਆ ਜਾ ਸਕਦਾ ਹੈ। ਇਸ ਅਭੇਦਤਾ ਦਾ ਪ੍ਰਮਾਣ ਉਨ੍ਹਾਂ ਦੇ ਹੇਠਲੇ ਪਦਾਂ ਵਿਚੋਂ ਜਿਹੜੇ ਕਿ ਦਾਸ ਦਾ ਸਿਖਰ ਸਮਝਿਆ ਜਾ ਸਕਦਾ ਹੈ ਵਿਚੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ।

— ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬੰਧਨ ਤੁਮ ਬਾਂਧੇ।
ਅਪਨੇ ਛੂਟਨ ਕੋ ਜਤਨ ਕਰਹੁ ਹਮ ਛੂਟੇ ਤੁਮ ਆਰਾਧੇ।[87]

<u>ਸਤਿਸੰਗ</u>

ਸਤਿਸੰਗ ਦਾ ਸ਼ਬਦੀ ਅਰਥ ਸੱਚੇ ਮਨੁੱਖਾਂ ਸਾਧਾਂ ਸੰਤਾਂ ਦੇ ਸੰਗ ਤੋਂ ਹੈ। ਸਚਾਈ ਮਾਰਗ ਤੇ ਚੱਲਣ ਵਿਸ਼ੇ-ਵਿਕਾਰਾਂ ਤੋਂ ਦੂਰ ਰਹਿਣ ਅਤੇ ਇਸੇ ਮਾਰਗ ਰਾਹੀਂ ਪਰਮ-ਪਿਤਾ-ਪਰਮੇਸ਼ਰ ਵਿਚ ਲੀਨ ਹੋ ਜਾਣ ਤੋਂ ਹੈ। ਸਤਿਸੰਗ ਤੋਂ ਭਾਵ ਚੰਗੇ ਲੋਕਾਂ ਦੀ ਸੰਗਤ ਵਿਚ ਬੈਠਣਾ ਅਤੇ ਪਰਮਾਤਮਾ ਦਾ ਜਸ ਗਾਉਣਾ ਹੈ। ਸਤਿਸੰਗ ਕਰਨ ਨਾਲ ਮਨੁੱਖ ਦੇ ਮਨ ਦੇ ਵਿਕਾਰ ਨਸ਼ਟ ਹੋ ਜਾਂਦੇ ਹਨ ਅਤੇ ਉਸ ਵਿਚ ਚੰਗੇ ਗੁਣ ਪੈਦਾ ਹੁੰਦੇ ਹਨ। ਪਰਮਾਤਮਾ ਦੇ ਨਾਮ ਚਰਚਾ ਅਤੇ ਸਿਮਰਨ ਹੀ ਸਤਿਸੰਗ ਦਾ ਆਧਾਰ ਹੈ। ਪ੍ਰਭੂ ਦੀ ਪ੍ਰਾਪਤੀ ਇਵੇਂ ਹੁੰਦੀ ਹੈ। ਸਾਧ ਸੰਗਤ ਰਾਹੀਂ ਰਵਿਦਾਸ ਪਰਮਗਤੀ ਦੀ ਗੱਲ ਕਰਦੇ ਹਨ:--

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ
ਸਾਧ ਸੰਗਤਿ ਪਾਈ ਪਰਮਗਤੇ।[88]

ਪ੍ਰਭ ਜੀ ਸੰਗਤਿ ਸਰਨਿ ਤਿਹਾਰੀ।
ਜਗਜੀਵਨ ਰਾਮ ਮੁਰਾਰੀ।

ਗਲੀ ਗਲੀ ਕੋ ਨੀਰ ਬਹਿ ਆਇਉ, ਸੁਰਸਰੀ ਜਾਇ ਸਮਾਇਉ
ਸੰਗਤਿ ਕੈ ਪਰਤਾਪ ਮਹਾਤਮ ,ਨਾਂਵ ਗੰਗੋਦਿਕ ਪਾਇਉ।
ਸਵਾਂਤਿ ਬੂੰਦ ਬਰਖੈ ਫਨਿ ਉਪਰ, ਸੀਸ ਵਿਸ਼ੈ ਵਿਸ਼ ਹੋਈ।
ਵਾਹੀ ਬੂੰਦ ਕੈ ਮੋਤੀ ਨਿਪਜੈ ਸੰਗਤਿ ਕੀ ਅਧਿਕਾਈ।[89]

ਰਵਿਦਾਸ ਪਲੁ ਸਾਧ ਸੰਗਤਿ ਮਿਲਿ, ਪੂਰਨ ਬ੍ਰਹਮ ਸਦਾ ਪ੍ਰਤਿਪਾਲੀ।[90]

ਸਾਧਿ ਸੰਗਤਿ ਪੂੰਜੀ ਭਈ ਰੇ, ਬਸਤੁ ਲਈ ਅਨਮੋਲ।[91]

ਮਾਨੁਖ ਅਵਤਾਰ ਦੁਲਭ ਤਿਹੀ, ਸੰਗਤ ਪੋਚ।[92]

ਸਾਧ-ਸੰਗਤਿ ਪੂੰਜੀ ਭਈ ਰੇ, ਬਸਤੂ ਲਈ ਨਿਰਮੋਲ।
ਸਹਜੈ ਬਲਦਿਯਾ ਲਾਦਿ ਕਰ, ਚਹੁੰ ਦਿਸਿ ਟਾਂਡੋ ਮੇਲਿ ਰੇ।
ਜੈਸਾ ਰੰਗ ਕੁਸੰਭ ਕਾ, ਤੈਸਾ ਯਹੁ ਸੰਸਾਰ ਰੇ।
ਰਮਈਆ ਰੰਗ ਮਜੀਠ ਕਾ, ਭਣੈ ਰਵਿਦਾਸ ਵਿਚਾਰ ਰੇ।[93]

ਜੋ ਸੁਖ ਹੋਤ ਸਾਧ ਕੂੰ ਭੇਟੇ, ਗਾਵਤ ਸਯਾਮ ਸਕਲ ਦੁਖ ਮੇਟੇ।
ਤੇ ਕਿਮ ਜਾਨਹਿ ਸੰਤਨ ਮਹਮਾ, ਜੋ ਮਾਯਾ ਜੰਜਾਲ ਲਪੇਟੇ।[94]

ਸਤਿਸੰਗਤ ਪਲੁ ਨਹੀ ਕੀਨ੍ਹੋ, ਮਨ ਮੂਰਖ ਬਹੁ ਗਰਵਾਨੋ।
ਸੋਤ ਖਾਤ ਦਿਨ ਰੈਨ ਬਿਤਾਇ, ਤਾਹਿ ਮੈਂ ਰਸਨਾ ਸੁਖ ਮਾਨੋ।[95]

ਸਾਂਸਕ੍ਰਿਤਕ ਅਤੇ ਸਮਾਜਿਕ ਵਰਤਾਰਿਆਂ ਵਿਚ ਇਹ ਸੁਭਾਵਿਕ ਹੀ ਹੈ ਕਿ ਜਿਹੋ ਜਿਹੀ ਸੰਗਤ ਵਿਚ ਮਨੁੱਖ ਰਹਿੰਦਾ ਹੈ ਉਸੇ ਦੇ ਹੀ ਚੰਗੇ ਮੰਦੇ ਗੁਣ-ਔਗੁਣ ਗ੍ਰਹਿਣ ਕਰਦਾ ਹੈ ਇਸ ਲਈ ਗੁਰੂ ਰਵਿਦਾਸ ਨੇ ਬੁਰੀ ਰਾਹ ਤੇ ਚੱਲਣ ਵਾਲੇ ਦੁਸ਼ਟਾਂ ਤੋਂ ਦੂਰ ਰਹਿਣ ਅਤੇ ਚੰਗੇ ਮਾਰਗ ਤੇ ਚੱਲਣ ਵਾਲੇ ਸੰਤਾਂ ਦੀ ਸੰਗਤ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਸਤਿਸੰਗਤ ਰਾਹੀਂ ਪਰਮਾਤਮਾ ਤੱਕ ਪੁਜਣ ਦੀ ਮਹਿਮਾ ਕਰਦੇ ਹੋਏ ਗੁਰੂ ਰਵਿਦਾਸ ਕਹਿੰਦੇ ਹਨ ਕਿ ਸਾਧੂਸੰਗਤੀ ਤੋਂ ਬਗੈਰ ਉਹ ਭਾਵ ਉਤਪੰਨ ਨਹੀਂ ਹੋ ਸਕਦਾ ਜਿਸ ਭਾਵ ਨਾਲ ਪ੍ਰਭੂ ਭਗਤੀ ਹੁੰਦੀ ਹੈ। ਇਸ ਲਈ ਸਾਧ ਸੰਗਤ ਭਗਤੀ ਭਾਵ ਪੈਦਾ ਕਰਨ ਲਈ ਬਹੁਤ ਜ਼ਰੂਰੀ ਆਧਾਰ ਹੈ ਕਿ ਚੰਗੇ ਲੋਕਾਂ ਦੀ ਸੰਗਤ ਵਿਚ ਬੈਠਿਆ ਜਾਵੇ ਅਤੇ ਪਰਮਾਤਮਾ ਸੰਬੰਧੀ ਚਰਚਾ ਕੀਤੀ ਜਾਵੇ।

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ।
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।[95]

ਰਵਿਦਾਸ ਸਤਿਸੰਗ ਨਾਲ ਜੁੜੇ ਰਹਿਣ ਲਈ ਸ਼ਹਿਦ ਦੀਆਂ ਮੱਖੀਆਂ ਦੀ ਸ਼ਹਿਦ ਦੇ ਛੱਤੇ ਨਾਲ ਜੁੜੇ ਰਹਿਣ ਦੀ ਗੱਲ ਕਰਦੇ ਹਨ:-

ਸਾਧੂ ਕੀ ਜਉ ਲੇਹਿ ਓਟ।
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ।[98]

ਇਸੇ ਲਈ ਰਵਿਦਾਸ ਪ੍ਰਭੂ ਨੂੰ ਬੇਨਤੀ ਕਰਦੇ ਹਨ ਕਿ ਮੈਨੂੰ ਉਨ੍ਹਾਂ ਸੰਤਾਂ ਦੀ ਸੰਗਤ ਜਿਹੜੇ ਤੇਰਾ ਸਰੀਰ ਅਤੇ ਪ੍ਰਾਣ ਹਨ ਦੇ ਸਤਿਸੰਗ ਦੀ ਦਾਤ ਬਖਸ਼ ਤਾਂ ਕਿ ਮੈਂ ਸਾਧੂ ਲੋਕਾਂ ਦੇ ਉਪਦੇਸ਼ਾਂ ਨੂੰ ਸੁਣਾਂ ਅਤੇ ਭੇਦ ਭਾਵ ਮਿਟਾ ਕੇ ਪ੍ਰੇਮ ਦੀਆਂ ਗੱਲਾਂ ਕਰਾਂ ਜੋ ਪਰਮਾਤਮਾ ਨੂੰ ਪਾਉਣ ਦਾ ਸਾਧਨ ਹਨ:-

ਸੰਤ ਤੁਝੀ ਤਨੁ ਸੰਗਤਿ ਪ੍ਰਾਨ। ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ
ਸੰਤ ਚੀ ਸੰਗਤਿ ਸੰਤ ਕਥਾ ਰਸੁ ਸੰਤ ਪ੍ਰੇਮ ਮਾਝੈ ਦੀਜੈ ਦੇਵਾਦੇਵ।[99]

ਸਤਿਸੰਗਤ ਪਲੁ ਨਹੀ ਕੀਨ੍ਹੋ, ਮਨ ਮੂਰਖ ਬਹੁ ਗਰਵਾਨੋ।
ਸਤੋ ਖਾਤ ਦਿਨ ਰਾਤ ਬਿਤਾਇ, ਤਾਹਿ ਮੈਂ ਰਸਨਾ ਸੁਖ ਮਾਨੋ।[100]

ਪ੍ਰਭੁ ਜੀ ਸੰਗਤਿ ਸਰਨਿ ਤਿਹਾਰੀ

- - - - - - - - - - - - -

ਤੁਮਰੀ ਕ੍ਰਿਪਾ ਤੇ ਊੱਚ ਭਏ ਹੈ, ਕਹੈ ਰਵਿਦਾਸ ਚਮਾਰਾ।[101]

ਰਵਿਦਾਸ ਕਹਿੰਦੇ ਹਨ ਕਿ ਸਤਿਸੰਗ ਤੋਂ ਬਿਨ੍ਹਾਂ ਭਗਤੀ ਦੀ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਪ੍ਰਭੂ ਮਿਲਨ ਮਾਰਗ ਨਿਸ਼ਚਿਤ ਨਹੀਂ ਹੁੰਦਾ। ਸਤਿਸੰਗ ਪਰਮਾਤਮਾ ਦੇ ਮਿਲਨ ਦਾ ਸਾਧਨ ਹੈ। ਸਾਧੂ ਦੀ ਸੰਗਤ ਵਿਚ ਆਉਣ ਨਾਲ ਮਨ ਦੀ ਮੈਲ ਧੋਤੀ ਜਾਂਦੀ ਹੈ ਅਤੇ ਜੀਵ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਸਤਿਸੰਗਤ ਵਿਚੋਂ ਹੀ ਰੂਹਾਨੀਅਤ ਦੀ ਰੰਗਤ ਚੜ੍ਹਦੀ ਹੈ। ਇਸ ਲਈ ਪ੍ਰਭੂ ਮਿਲਣ ਮਾਰਗ ਵਿਚ ਸਤਿਸੰਗ ਦੀ ਆਪਣੀ ਹੀ ਵਿਸ਼ੇਸ਼ ਪ੍ਰਕਾਰ ਦੀ ਮਹੱਤਾ ਹੈ।

## ਪਾਖੰਡ-ਖੰਡਨ

ਸੰਤ ਰਵਿਦਾਸ ਹਰ ਤਰ੍ਹਾਂ ਦੇ ਪਾਖੰਡ ਦੇ ਵਿਰੋਧੀ ਸਨ ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਕਈ ਥਾਵਾਂ ਤੇ ਅਰਚਾ ਪੂਜਾ ਤੇ ਠਾਕਰ ਪੂਜਾ ਦੀ ਨਿੰਦਿਆ ਕੀਤੀ ਹੈ। ਉਹ ਪਰਮਾਤਮਾ ਦੀ ਭਗਤੀ, ਮੂਰਤੀ ਪੂਜਾ ਦੀ ਥਾਂ ਤੇ ਮਨਮੁਗਧ ਹੋ ਕੇ ਭਗਤੀ ਕਰਨ ਦੇ ਹੱਕ ਵਿਚ ਸਨ। ਇਹ ਉਸ ਸਮੇਂ ਦੇ ਸਮਾਜ ਦੀਆਂ ਧਾਰਮਿਕ ਮਰਯਾਦਾਵਾਂ ਦੇ ਵਿਰੁੱਧ ਇਨਕਲਾਬੀ ਕਦਮ ਸੀ। ਉਦਾਹਰਣ ਵਜੋਂ ਇਹ ਸਲੋਕ ਲਏ ਜਾ ਸਕਦੇ ਹਨ।

ਧੂਪ ਦੀਪ ਨਈਬੇਦਹਿ ਬਾਸਾ।
ਕੈਸੇ ਪੂਜ ਕਰਹਿ ਤੇਰੀ ਦਾਸਾ।
ਤਨੁ ਮਨੁ ਅਰਪਉ ਪੂਜ ਚਰਾਵਉ।
ਗੁਰਪ੍ਰਸਾਦਿ ਨਿਰੰਜਨੁ ਪਾਵਉ।
ਪੂਜਾ ਅਰਚਾ ਆਹਿ ਨ ਤੋਰੀ।
ਕਹਿ ਰਵਿਦਾਸ ਕਵਨ ਗਤਿ ਮੋਰੀ। [102]

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।
ਜਹ ਜਹ ਜਾਉ ਤਹਾ ਤੇਰੀ ਸੇਵਾ।
ਤੁਮ ਸੋ ਠਾਕੁਰ ਅਉਰ ਨ ਦੇਵਾ। [103]

ਰਵਿਦਾਸ ਇਸ ਤੋਂ ਵੀ ਅੱਗੇ ਲੰਘ ਜਾਂਦੇ ਹਨ ਜਦੋਂ ਮੰਦਰਾਂ ਅਤੇ ਮਸਜਿਦਾਂ ਵਿਚ ਰੱਬ ਨਾ ਹੋਣ ਦੀ ਗੱਲ ਕਰਦੇ ਹਨ। ਉਹ ਕਹਿੰਦੇ ਹਨ ਕਿ ਅਲਾਹ ਅਤੇ ਰਾਮ ਮਸਜਿਦ ਜਾਂ ਮੰਦਿਰ ਵਿਚ ਨਹੀਂ ਹਨ। ਉਨ੍ਹਾਂ ਨੂੰ ਨਾਂ ਮਸਜਿਦ ਨਾਲ ਘ੍ਰਿਣਾ ਹੈ ਅਤੇ ਨਾ ਹੀ ਮੰਦਰ ਨਾਲ ਪਿਆਰ। ਉਨ੍ਹਾਂ ਦੀ ਆਸਥਾ ਪਰਮਾਤਮਾ ਦੀ ਸਰਬ ਵਿਆਪਕਤਾ ਵਿਚ ਹੈ ਉਹ ਕਿਸੇ ਵੀ ਤਰ੍ਹਾਂ ਦੇ ਕਰਮਕਾਂਡਾਂ, ਰਸਮ-ਰਿਵਾਜਾਂ ਦੇ ਵਿਰੁੱਧ ਸਨ:—

ਕਾ ਗਾਊਂ ਕਛੁ ਗਾਈ ਨ ਹੋਈ, ਗਾਊ ਰੂਪ ਸਹਜੈ ਸੋਈ।
ਨਹਿ ਅਕਾਸ ਨਹਿ ਧਰ ਧਰਣੀ, ਪਵਨ ਪੂਰ ਘਟ ਰੰਗਾ।
ਨਹਿੰ ਅਬ ਰਾਮ ਕ੍ਰਿਸ਼ਨ ਰੂਣ ਭਾਈ ਬੋਲਤ ਹੈ ਸੁਛੰਦਾ।
ਨਹਿ ਬੇਦ ਕਤੇਬ ਪੁਰਾਣਨਿ, ਸੁਨਿ ਸਹਜ ਰੇ ਭਾਈ।
ਨਾਹਿੰ ਅਬ ਮੈਂ, ਤੈਂ, ਮੈ ਨਾਹੀ, ਕਾ ਸਖੋ ਕਹੋ ਬਤਾਈ। [104]

ਰਵਿਦਾਸ ਬਾਹਰ-ਮੁਖੀ ਦਿਖਾਵੇ ਭੇਖ ਧਾਰਨਾ, ਮਾਲਾ ਫੇਰਨਾ, ਤਿਲਕ ਲਾਉਣਾ, ਪੂਜਾ ਪਾਠ ਆਦਿ ਕਰਮਕਾਂਡਾਂ ਅਤੇ ਆਡੰਬਰਾਂ ਦਾ ਖੰਡਨ ਕਰਦੇ ਹਨ। ਇਨ੍ਹਾਂ ਗੱਲਾਂ ਨਾਲ ਲੋਕ ਆਤਮਾ ਅਤੇ ਪਰਮਾਤਮਾ ਵਿਚਲੇ ਫਾਸਲੇ ਨੂੰ ਵਧਾਉਂਦੇ ਹੋਏ ਵਹਿਮਾਂ-ਭਰਮਾਂ ਵਿਚ ਫਸ ਜਾਂਦੇ ਹਨ। ਰਵਿਦਾਸ ਕਹਿੰਦੇ ਹਨ ਕਿ ਇਨ੍ਹਾਂ ਗੱਲਾਂ ਨਾਲ ਸੰਸਾਰ ਅਤੇ ਬਾਹਰਲੇ ਦਿਖਾਵਿਆਂ ਨੂੰ ਧੋਖਾ ਦਿੱਤਾ ਜਾ ਸਕਦਾ ਹੈ ਪਰ ਉਸ ਸਰਵ ਗਿਆਤਾ ਨੂੰ ਨਹੀਂ:-

ਅਨਿਕ ਕੌਤਗ ਕਲਾ ਕਾਛੈ ਕਛੇ, ਬਹੁਰਿ ਸਾਂਗ ਦਿਖਾਵੈ।
ਮੂਰਿਖ ਆਪਨ ਆਪੁ ਸਮੁਝਿ ਨਾਹਿੰ, ਔਰਨਿ ਕਾ ਸਮੁਝਾਵੈ।
- - - - - - - - - - - - - - - - - - - - - -
ਕਪਟ ਕੀਆ ਰੀਝਈ ਨਹਿੰ ਕੈਸੈ, ਜਗੁ ਕਰਤਾ ਨਹਿੰ ਕਾਚਾ।
ਕਹਿ ਰਵਿਦਾਸ ਭਜੋ ਹਰਿ ਮਾਧੌ, ਸੇਵਕ ਹਵੈ ਮਨ ਸਾਚਾ।[105]

ਕਹਾ ਭਏਹੂ ਬਹੁ ਪਾਖੰਡ ਕੀਐ, ਹਰਿ ਹਿਰਦੈ ਸੁਪਨੇ ਨ ਜਾਨ।
ਜਮੂ ਦਾਰਾ ਬਿਭਚਾਰਨੀ, ਮੁੱਖ ਪਵਿੱਤਰਤਾ ਜੀਅ ਆਨ।[105]

ਭੇਖ ਲਿਯੋ ਪੈ ਭੇਦ ਨ ਜਾਨਯੋ, ਅਮ੍ਰਿਤ ਲੇਇ ਬਿਖੈ ਸੋ ਸਾਨਯੋ।
ਕਾਮ ਕ੍ਰੋਧ ਮੈਂ ਜਨਮ ਗਵਾਯੋ, ਸਾਧ ਸੰਗਤਿ ਮਿਲਿ ਰਾਮ ਨ ਗਾਯੋ।
ਤਿਲਕ ਦੀਯੋ, ਪੈ ਤਪਨਿ ਨ ਜਾਈ ਮਾਲ ਪਹਿਰਿ ਘਨੇਰੀ ਲਾਈ।
ਕਹੈ ਰਵਿਦਾਸ, ਮਰਮ ਜੁ ਪਾਯੋ, ਦੇਵ ਨਿਰੰਜਨ ਸਤਿ ਕਰਿ ਧਯਾਯੋ।[107]

ਭਗਤਿ ਨ ਹੋਇ ਰੇ ਨ ਰੋਈ, ਜਬ ਲਗ ਤਨ ਸੁਧ ਨਾ ਹੋਇ।
ਭਗਤਿ ਨਹੀਂ ਨਾਚੈਂ ਅਰੁ ਗਾਵੈ, ਭਗਤਿ ਨ ਬਹੁ ਤਪ ਕੀਨ੍ਹਾ।
ਭਗਤਿ ਨਹੀਂ ਸੁਆਮੀ ਅਰੁ ਸੇਵਕ, ਜਬ ਲਗ ਪਰਮਤੱਤ ਨਹੀਂ ਚੀਨ੍ਹਾ।
ਭਗਤਿ ਨ ਗਿਆਨ ਜੋਗ ਬੈਰਾਗੇ, ਭਗਤਿ ਨ ਕਹੈ ਕਹਾਵੈ।
ਭਗਤਿ ਨ ਤ੍ਰੀਨ ਮੰਡਲ ਘਰ ਸੋਧੈ, ਭਗਤਿ ਨ ਕਛੂ ਦਿਖਾਵੈ।[108]

ਕਹਾ ਭਯੋ ਜੇ ਮੂੰਡ ਮੁੰਡਾਯੋ, ਬਹੁ ਤੀਰਥ ਬ੍ਰਤ ਕੀਨ੍ਹੇ।
ਸਵਾਮੀ ਦਾਸ ਭਗਤ ਅਰੁ ਸੇਵਕ, ਜੋ ਪਰਮਤੱਤ ਨਹੀਂ ਚੀਨ੍ਹੇ।[109]

ਰਵਿਦਾਸ ਇਨਸਾਨ ਨੂੰ ਉਸ ਸਰਬ ਵਿਆਪਕ ਪਰਮਾਤਮਾ ਨੂੰ ਪਛਾਨਣ ਲਈ ਪਾਖੰਡ-ਰਹਿਤ ਹੋਣ ਦਾ ਉਪਦੇਸ਼ ਦੇ ਕੇ ਸੰਸਾਰ ਦੀਆਂ ਨਿਰਾਰਥਕ ਰੀਤਾਂ, ਪੂਜਾ ਦੇ ਪਦਾਰਥਾਂ

ਤੇ ਫੋਕਟ ਰਸਮਾਂ ਨੂੰ ਤਿਰਸਕਾਰ ਕੇ ਸੱਚੇ ਰੂਪ ਨੂੰ ਪਛਾਨਣ ਲਈ ਕਹਿੰਦੇ ਹਨ।

ਗੁਰੂ ਰਵਿਦਾਸ ਨੇ ਆਪਣੇ ਜੀਵਨ ਦੀ ਸਾਰੀ ਸਾਧਨਾ ਮਨੁੱਖੀ ਧਰਮ ਦੀ ਸੇਵਾ ਵਿਚ ਅਰਪਣ ਕੀਤੀ ਸਬੂਤ ਵਜੋਂ ਅਸੀਂ ਉਨ੍ਹਾਂ ਦੀ ਬਾਣੀ ਅਤੇ ਉਨ੍ਹਾਂ ਦੇ ਵਿਅਕਤੀਗਤ ਜੀਵਨ ਨੂੰ ਲੈ ਸਕਦੇ ਹਾਂ। ਧਾਰਮਿਕ ਤੌਰ ਤੇ ਜਿਥੇ ਉਹ ਛੂਆਛਾਤ ਦੇ ਵਿਰੋਧੀ ਸਨ ਉਥੇ ਉੱਨੇ ਹੀ ਉਹ ਧਾਰਮਿਕ ਪਾਖੰਡਵਾਦ ਦੇ ਨਿੰਦਕ ਵੀ ਸਨ ਉਹ " ਜੋ ਪਵਿੱਤਰ ਅਤੇ ਠੀਕ ਨਹੀਂ ਹੈ ਉਹ ਧਾਰਮਿਕ ਨਹੀ ਹੋ ਸਕਦਾ।"[110] ਇਸ ਲਈ ਉਨ੍ਹਾਂ ਨੇ ਧਾਰਮਿਕ ਉਚਮਤਾ ਲਈ ਵਿਅਕਤੀਗਤ ਸਦਾਚਾਰ ਨੂੰ ਵਿਸ਼ੇਸ਼ਤਾ ਦਿੱਤੀ। ਜਿਥੇ ਉਨ੍ਹਾਂ ਕਰਮ ਪ੍ਰਧਾਨ ਜਿੰਦਗੀ ਜੀਣ ਵਿਚ ਵਿਸ਼ਵਾਸ ਪ੍ਰਗਟ ਕੀਤਾ ਉਥੇ ਉਨ੍ਹਾਂ ਕਰਮ ਪ੍ਰਧਾਨ ਜਿੰਦਗੀ ਜੀਣ ਵਿਚ ਵਿਸ਼ਵਾਸ ਪ੍ਰਗਟ ਕੀਤਾ ਉਥੇ ਉਨ੍ਹਾਂ ਨਾਮ ਸਿਮਰਨ ਨੂੰ ਵੀ ਮਹੱਤਾ ਪ੍ਰਦਾਨ ਕੀਤੀ। ਉਨ੍ਹਾਂ ਲਈ ਕੰਮ ਜੀਵਨ ਨਿਰਬਾਹ ਦਾ ਆਧਾਰ ਸੀ ਪਰ ਨਾਮ ਸਿਮਰਨ ਉਨ੍ਹਾਂ ਦੀ ਜਿੰਦਗੀ ਦਾ ਲਕਸ਼ ਸੀ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਜਿੰਦਗੀ ਵਿਚ ਆਰਥਿਕ ਮੁੱਲ ਵਿਧਾਨ ਦੀ ਥਾਂ ਤੇ ਧਾਰਮਿਕ ਮੁੱਲ ਵਿਧਾਨ ਨੂੰ ਵਿਸ਼ੇਸ਼ਤਾ ਪ੍ਰਦਾਨ ਹੈ।

## ਆਰਥਿਕ ਜੀਵਨ ਮੁੱਲ

ਭਾਵੇਂ ਧਾਰਮਿਕ ਰਸਮਾਂ ਰਿਵਾਜਾਂ ਦਾ ਮਨੁੱਖੀ ਜੀਵਨ ਤੇ ਗਹਿਰਾ ਪ੍ਰਭਾਵ ਪਿਆ ਹੈ ਪਰ ਕਿਸੇ ਵੀ ਸਮਾਜ ਦੀ ਉੱਨਤੀ ਅਤੇ ਵਿਕਾਸ ਦਾ ਆਧਾਰ ਉਸਦੀਆਂ ਸਦਾਚਾਰਕ ਕਦਰਾਂ ਕੀਮਤਾਂ ਅਤੇ ਆਰਥਿਕ ਖੁਸ਼ਹਾਲੀ ਹੁੰਦੀ ਹੈ। ਭਾਰਤੀ ਸੰਸਕ੍ਰਿਤੀ ਵਿਚ ਅਰਥ ਸ਼ਾਸਤਰ ਨੂੰ ਦੂਸਰੀਆਂ ਮਹੱਤਵਪੂਰਨ ਮੰਨੀਆਂ ਗਈਆਂ ਵਿਦਿਆਵਾਂ ਵਿਚੋਂ ਇਕ ਮੰਨਿਆ ਗਿਆ ਹੈ। ਭਾਰਤੀ ਵਿਦਵਾਨ ਅਰਥ ਸ਼ਾਸਤਰ ਨੂੰ ਇੰਨਾ ਮਹੱਤਵ ਪ੍ਰਦਾਨ ਕਰਦੇ ਸਨ ਕਿ ਜੀਵਨ ਲਈ ਜਰੂਰੀ ਸਮਝੀਆਂ ਜਾਂਦੀਆਂ ਬੁਨਿਆਦੀ ਕੀਮਤਾਂ ਜਿਵੇਂ ਧਰਮ, ਅਰਥ, ਕਾਮ ਅਤੇ ਮੋਕਸ਼ ਵਿਚ ਅਰਥ ਨੂੰ ਦੂਸਰੀਆਂ ਕੀਮਤਾਂ ਦੇ ਬਰਾਬਰ ਰਖਿਆ ਗਿਆ ਹੈ।

ਮੱਧਕਾਲੀਨ ਯੁੱਗ ਦੇ ਸਮੁੱਚੇ ਅਧਿਐਨ ਤੋਂ ਇਹ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਸਮੇਂ ਭਾਰਤ ਦੀ ਆਰਥਿਕ ਦਸ਼ਾ ਬਹੁਤ ਮਾੜੀ ਸੀ। ਅਤਿ ਦੀ ਗਰੀਬੀ ਕਾਰਨ ਲੋਕਾਂ ਨੂੰ ਸ਼ਾਸਕਾਂ, ਚੋਧਰੀਆਂ ਦੇ ਘਰਾਂ ਵਿਚ ਚਾਕਰੀ ਕਰਨੀ ਪੈਂਦੀ ਸੀ। ਵਿਦੇਸ਼ੀ ਹਮਲਿਆਂ ਖਾਸ ਕਰਕੇ ਤੈਮੂਰ ਦੇ 1398 ਵਿਚ ਕੀਤੇ ਹਮਲੇ ਪਿਛੋਂ ਕੋਈ ਵੀ ਸਥਿਰ ਸਰਕਾਰ ਜਾਂ ਸ਼ਾਸਨ ਨਾ ਰਹਿ ਸਕਿਆ ਅਤੇ ਇਸ ਤਰ੍ਹਾਂ ਸਾਰੀ ਸਮਾਜਿਕ

ਅਤੇ ਆਰਥਿਕ ਬਣਤਰ ਖੇਰੂੰ ਖੇਰੂੰ ਹੋ ਗਈ ਸੀ।

ਜਿਥੇ ਧਾਰਮਿਕ ਪੱਥ ਪ੍ਰਦਰਸ਼ਕਾਂ ਨੇ ਨਵੀਂ ਸਥਾਪਤੀ ਦਾ ਵਿਰੋਧ ਕਰਨ ਦੀ ਥਾਂ ਉਸਨੂੰ ਈਸ਼ਵਰ ਦੀ ਰਜਾ ਸਮਝ ਕੇ ਕਬੂਲ ਕਰ ਲਿਆ ਸੀ ਉਥੇ ਭਗਤੀ ਕਾਲ ਦੇ ਸੰਤਾਂ ਖਾਸ ਕਰਕੇ ਗੁਰੂ ਰਵਿਦਾਸ ਨੇ ਆਰਥਿਕ ਮੰਦਵਾੜੇ ਦਾ ਕਾਰਨ ਬਣੀਆਂ, ਰਸਮਾਂ-ਰੀਤਾਂ, ਪਾਖੰਡਾਂ ਆਦ ਦੀ ਵਿਰੋਧਤਾ ਵੱਲ ਆਪਣੀ ਰਚਨਾ 'ਬੇਗਮਪੁਰਾ' ਦੁਆਰਾ ਸੰਕੇਤ ਦਿੱਤਾ ਭਾਵੇਂ ਗੁਰੂ ਰਵਿਦਾਸ ਦੀ ਬਾਣੀ ਧਾਰਮਿਕ ਅਤੇ ਸਮਾਜਿਕ ਖੇਤਰ ਨੂੰ ਪਹਿਲ ਦਿੰਦੀ ਪਰ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿਚ ਮਨੁੱਖੀ ਜੀਵਨ ਦੇ ਆਰਥਿਕ ਖੇਤਰ ਨੂੰ ਵੀ ਮਹੱਤਵ ਪ੍ਰਦਾਨ ਕੀਤਾ ਹੈ। ਬਾਣੀ ਨੂੰ ਆਧਾਰ ਮੰਨ ਕੇ ਅਸੀਂ ਉਨ੍ਹਾਂ ਦੇ ਆਰਥਿਕ ਸੰਦਰਭ ਵਿਚ ਕੀਤੇ ਗਏ ਯਤਨਾਂ ਦੀ ਸੰਖੇਪ ਵਿਚ ਚਰਚਾ ਕਰਨ ਜਾ ਰਹੇ ਹਾਂ ਜਿਸਦਾ ਜਿਕਰ ਥਾਂ ਥਾਂ ਆਉਂਦਾ ਹੈ।

## ਕਿਰਤ ਕਮਾਈ

ਰਵਿਦਾਸ ਨੇ ਆਪਣੀ ਬਾਣੀ ਵਿਚ ਸੁੱਚੀ ਕਿਰਤ ਦੀ ਮਹਾਨਤਾ ਤੇ ਜੋਰ ਦਿੱਤਾ ਉਹ ਨਾਮ-ਜਪਣ ਦੇ ਨਾਲ ਨਾਲ ਹੱਥੀਂ ਕਿਰਤ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਉਹ ਮਨ ਨੂੰ ਹਰ ਵਕਤ ਪਰਮਾਤਮਾ ਦੀ ਭਗਤੀ ਵਿਚ ਲਗਾਈ ਰੱਖਣ ਅਤੇ ਹੱਥਾਂ ਨਾਲ ਕਿਰਤ ਕਰਨ ਨੂੰ ਕਹਿੰਦੇ ਸਨ। ਰਵਿਦਾਸ ਅਨੁਸਾਰ ਫਲ ਦੀ ਇੱਛਾ ਨੂੰ ਤਿਆਗ ਕੇ ਦਿਨ ਰਾਤ ਕੰਮ ਕਰਨਾ ਮਨੁੱਖ ਦਾ ਧਰਮ ਹੈ। ਉਹ ਦੋ ਚੀਜਾਂ ਦਾ ਭਰੋਸਾ ਕਰਦੇ ਸਨ ਇਕ ਰਾਮ ਦਾ ਅਤੇ ਦੂਸਰਾ ਸੱਚੀ ਕਾਰ ਦਾ। ਮਨੁੱਖ ਨੂੰ ਪ੍ਰਕਿਰਤੀ ਦੇ ਸੁਭਾਉ ਅਨੁਸਾਰ ਕਿਰਤ ਵਾਲਾ ਜੀਵ ਮੰਨਦੇ ਹਨ ਅਤੇ ਲਿਖਦੇ ਹਨ:-

ਜਾਕੈ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ।
ਅਜਹੁ ਬਨਾਰਸੀ ਆਸ ਪਾਸਾ।[111]

ਚਮਰਟਾ ਗਾਂਠ ਨ ਜਨਈ ਲੋਗ ਗਠਾਵੈ ਪਨਹੀ।
ਆਰ ਨਹੀ ਜਿਹ ਤੋਪਉ ਨਹੀ ਰਾਂਬੀ ਠਾਉ ਰੋਪਉ।
ਲੋਗ ਗੰਠਿ ਗੰਠਿ ਖਰਾ ਬਿਗੂਚਾ, ਹਉ ਬਿਨ ਗਾਂਠੇ ਜਾਇ ਪਹੂਚਾ।
ਰਵਿਦਾਸ ਜਪੈ ਰਾਮ ਨਾਮਾ,ਮੋਹਿ ਜਮ ਸਿਉ ਨਾਹੀ ਕਾਮਾ।[112]

ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ।
ਮੇਰਾ ਕਰਮ ਕੁਟਿਲਤਾ ਜਨਮ ਕੁ ਭਾਤੀ ।[113]

ਰਵਿਦਾਸ ਬਾਰੇ ਅਨੰਤਦਾਸ ਵੈਸ਼ਨਵ ਵੀ ਇਸ ਸੰਬੰਧ ਵਿਚ ਉਨ੍ਹਾਂ ਦੀ ਕਰੜੀ ਮਿਹਨਤ ਮੁਸ਼ੱਕਤ ਕਰਨ ਦੀ ਗਵਾਹੀ ਭਰਦੇ ਕਹਿੰਦੇ ਹਨ ਕਿ ਮੰਡੀ ਤੋਂ ਚਮੜਾ ਲਿਆਉਂਦੇ ਤੇ ਉਸਦੀਆਂ ਜੁੱਤੀਆਂ ਬਣਾਉਂਦੇ ।ਟੁੱਟੇ ਫੁੱਟੇ ਜੋੜੇ ਗੰਢ ਕੇ ਸਖਤ ਮਿਹਨਤ ਕਰਦੇ ਸਨ ਉਸ ਵਿਚੋਂ ਸਹਿਜੇ ਹੀ ਜੋ ਧੰਨ ਪ੍ਰਾਪਤ ਹੁੰਦਾ ਉਸੇ ਕਮਾਈ ਨਾਲ ਆਪਣਾ ਗੁਜ਼ਾਰਾ ਕਰਦੇ:-

ਸੋਧੇ ਚਾਮ ਮੋਲਿ ਲੈ ਆਵੈ, ਤਾਕੀ ਪਨਹੀ ਅਧਿਕ ਬਨਾਵੈ।
ਟੂਟੇ ਫੂਟੇ ਜਰਵਾ ਜੋਰੇ ਮਸਕਿਤ ਕਰੇ ਕਾਹੂ ਨ ਨਿਹੋਰੇ।[114]

ਇਸੇ ਤਰ੍ਹਾਂ ਗੁਰੂ ਰਵਿਦਾਸ ਬਾਰੇ ਪ੍ਰਿਯਾਦਾਸ 'ਭਗਤਮਾਲ' ਦੀ ਟੀਕਾ ਵਿਚ ਲਿਖਦੇ ਹਨ:-

ਰਾਂਠੇ ਪਰਾਦਾਸੀ ਘਰ ਬਾਤ ਨ ਪਕਾਸੀ ਕਭੂੰ।
ਲਿਖਾਵੈ ਖਾਲ ਕਰਿ ਜੂਤਿ ਸੰਤ ਕੇ ਸੰਭਾਰ ਹੀ।[115]

<u>ਕਰ ਵਿਰੋਧ</u>

ਗੁਰੂ ਰਵਿਦਾਸ ਨੇ ਆਪਣੇ ਸ਼ਬਦ 'ਬੇਗਮਪੁਰਾ' ਵਿਚ ਇਕ ਐਸੇ ਟੈਕਸ ਅਤੇ ਕਰ ਰਹਿਤ ਰਾਜ ਦਾ ਸੰਕਲਪ ਉਲੀਕਿਆ ਹੈ ਜਿਸਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਟੈਕਸ ਅਤੇ ਕਰ ਪ੍ਰਣਾਲੀ ਦੇ ਵਿਰੋਧੀ ਸਨ। ਇਸ ਸੰਕਲਪ ਨਾਲ ਉਨ੍ਹਾਂ ਨੇ ਅਜੋਕੇ ਅਰਥਚਾਰੇ ਦੇ ਆਧਾਰ ਨੂੰ ਹੀ ਬਦਲ ਦੇਣ ਦੀ ਗੱਲ ਕੀਤੀ ਹੈ ਕਿਉਂਕਿ ਦੁਨੀਆਂ ਵਿਚ ਕੋਈ ਵੀ ਅਜਿਹਾ ਦੇਸ਼ ਨਹੀਂ ਹੈ ਜਿਸਦੇ ਅਰਥਚਾਰੇ ਵਿਚ ਟੈਕਸ ਜਾਂ ਮਾਲੀਆ ਪ੍ਰਣਾਲੀ ਨਾ ਚਲਦੀ ਹੋਵੇ:-

ਬੇਗਮਪੁਰਾ ਸਹਰ ਕੋ ਨਾਉ।
ਦੂਖੁ ਅੰਦੋਹੁ ਨਹੀ ਤਿਹਿ ਠਾਉ।
ਨਾਂ ਤਸਵੀਸ ਖਿਰਾਜੁ ਨ ਮਾਲੁ।
ਖਉਫੁ ਨ ਖਤਾ ਨ ਤਰਸੁ ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ।
ਊਹਾਂ ਖੈਰਿ ਸਦਾ ਮੇਰੇ ਭਾਈ।[116]

## ਸੰਪੱਤੀ ਵਿਰੋਧ

ਗੁਰੂ ਜੀ ਨੇ ਬੇਈਮਾਨੀ ਕਰਕੇ ਬੇਲੋੜੀ ਮਾਇਆ ਜਾਂ ਸੰਪੱਤੀ ਬਣਾਉਣ ਦੀ ਨਿਖੇਧੀ ਕੀਤੀ ਉਹ ਮਾਇਆ ਅਤੇ ਜਾਇਦਾਦ ਨੂੰ ਜ਼ਿੰਦਗੀ ਲਈ ਬਿਪਤਾ ਦਾ ਕਾਰਨ ਸਮਝਦੇ ਸਨ। ਕਿਉਂਕਿ ਇਸਦੇ ਮੋਹ ਲੋਭ ਵਿਚ ਫਸ ਕੇ ਇਨਸਾਨ ਪਰਮਾਤਮਾ ਦੇ ਨਾਮ ਵਿਚ ਮਗਨ ਨਹੀਂ ਹੋ ਸਕਦਾ। ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਇਨ੍ਹਾਂ ਚੀਜਾਂ ਦਾ ਤਿਆਗ ਕਰਨਾ ਪੈਂਦਾ ਹੈ ਜਦੋਂ ਮਨ ਵਿਚੋਂ ਮਾਇਆ ਦਾ ਮੋਹ ਨਿਕਲ ਜਾਵੇ ਤਾਂ ਪਰਮਾਤਮਾ ਦਾ ਨਿਵਾਸ ਹੁੰਦਾ ਹੈ:-

ਸੰਪਤਿ ਬਿਪਤਿ ਪਟਲ ਮਾਇਆ ਧਨੁ
ਤਾ ਮਹਿ ਮਗਨ ਹੋਤ ਨ ਤੇਰੋ ਜਨ।[117]

ਬਰਜਿ ਹੋ ਬਰਜਿ ਬੀਠੁਲੇ, ਮਾਯਾ ਜਗੁ ਖਾਯਾ।
ਮਹਾ ਪ੍ਰਬਲ ਸਬ ਹੀ ਬਸਿ ਕੀਯੇ, ਸੁਰਨਰ ਮੁਨਿ ਭਰਮਾਯਾ।
ਬਾਲਕ ਬਿਰਧ ਤਰਬਨ ਅਤਿ ਸੁੰਦਰਿ, ਨਾਨਾ ਭੇਖ ਬਣਾਯਾ।
ਜੋਗੀ ਜਪੀ ਤਪੀ ਬਨਵਾਸੀ, ਪੰਡਿਤ ਰਹਯਾ ਨ ਪਾਯਾ।
ਬਾਜੀਗਰ ਕੀ ਬਾਜੀ ਕਾਰਨਿ, ਸਬ ਕੋ ਕੌਤਿਕ ਆਵੈ।
ਜੋ ਦੇਖੇ ਸੋ ਭੂਲਿ ਰਹੇ, ਵਾ ਕਾ ਚੇਲਾ ਮਰਮ ਜੁ ਪਾਵੈ।[118]

## ਸਾਦਾ ਜੀਵਨ

ਗੁਰੂ ਰਵਿਦਾਸ ਕਮਾਈ ਨੂੰ ਜ਼ਿੰਦਗੀ ਨਿਰਬਾਹ ਦਾ ਅਧਾਰ ਸਮਝਦੇ ਸਨ। ਅੱਯਾਸ਼ ਅਤੇ ਨਸ਼ਿਆਂ ਭਰਪੂਰ ਜ਼ਿੰਦਗੀ ਦੇ ਵਿਰੋਧੀ ਸਨ। ਉਨ੍ਹਾਂ ਨੇ ਲੋਕਾਂ ਨੂੰ ਸਾਦਾ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ।
ਸੰਤਜਨ ਕਰਤ ਨਹੀ ਪਾਨੰ।
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ।
ਸੁਰਸਰੀ ਮਿਲਤ ਨਹਿ ਹੋਇ ਆਨੰ।[119]

## ਸਹਜ ਵਪਾਰ

ਮੂਲ ਰੂਪ ਵਿਚ ਧਾਰਮਿਕ ਸੰਤ ਹੋਣ ਦੇ ਨਾਤੇ ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਜੀਵਨ ਮੁੱਲਾਂ ਦੀ ਜਿਥੇ ਵੀ ਗੱਲ ਕੀਤੀ ਹੈ ਉਸਨੂੰ ਧਾਰਮਿਕ ਰੰਗਣ ਦਿੱਤੀ ਹੋਈ ਹੈ। ਉਨ੍ਹਾਂ ਨੇ ਜੀਵਨ ਵਿਚ ਸਹਿਜਤਾ ਸੰਤੁਲਿਤਤਾ ਅਤੇ ਸਹਜ ਵਪਾਰ ਕਰਨ ਦਾ ਉਪਦੇਸ਼ ਦਿੱਤਾ:—

ਹਉ ਬਨਜਾਰੋ ਰਾਮ ਕੋ,
ਸਹਜ ਕਰਉ ਬਾਪਾਰ।
ਮੈ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ।[120]

ਸਹਜ ਸਮਾਧਿ ਉਪਾਧਿ ਰਹਤ ਫੁਨਿ।
ਬਡੇ ਭਾਗ ਲਿਵ ਲਾਗੀ।[121]

ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਏ ਸੁ ਹੋਈ।[122]

ਨੇਕ ਕਮਾਈ

ਗੁਰੂ ਰਵਿਦਾਸ ਨੇ ਝੂਠ ਫਰੇਬ ਦੀ ਕਮਾਈ ਨੂੰ ਬੁਰਾ ਕਿਹਾ ਹੈ ਉਨ੍ਹਾਂ ਨੇ ਇਨਸਾਨ ਨੂੰ ਹੱਕ ਦੀ ਕਮਾਈ ਕਰਨ ਦਾ ਉਪਦੇਸ਼ ਦਿੱਤਾ। ਚੰਗਾ ਤੇ ਸਫਲ ਜੀਵਨ ਉਸੇ ਮਨੁੱਖ ਦਾ ਹੈ ਜਿਹੜਾ ਮਨੁੱਖ ਨੇਕ ਕਰਮ ਕਰਦਾ ਹੈ। ਨੇਕ ਕਮਾਈ ਨਿਸ਼ਕਾਮ ਭਾਵ ਨਾਲ ਕੀਤੀ ਕਿਰਤ ਨਿਹਫਲ ਨਹੀਂ ਜਾਂਦੀ। ਉਨ੍ਹਾਂ ਨੇ ਨੇਕ ਕਮਾਈ ਕਰਕੇ ਜ਼ਿੰਦਗੀ ਜੀਊਣ ਦਾ ਸੰਦੇਸ਼ ਦਿੱਤਾ। ਆਪ ਝੂਠੀ ਕਿਰਤ ਬਾਰੇ ਪਰਮਾਤਮਾ ਦੀ ਦਰਗਾਹ ਵਿਚ ਲੇਖਾ ਦੇਣ ਦੀ ਗੱਲ ਕਰਦੇ ਹਨ:—

ਮੈਲੇ ਕਪਰੇ ਕਹਾ ਲਉ ਧੋਵਉ।
ਆਵੈਗੀ ਨੀਦ ਕਹਾ ਲਗੁ ਸੋਵਉ।
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ।
ਝੂਠੇ ਬਨਜਿ ਉਠਿ ਹੀ ਗਈ ਹਾਟਿਓ।
ਕਹੁ ਰਵਿਦਾਸ ਭਇਓ ਜਬ ਲੇਖੋ।
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।[123]

ਇਨ ਬਾਤਨਿ ਸੁਖ ਚੈਨੁ ਮਰਘਟੁ ਹੈ, ਸਬ ਕੋ ਰਹੇ ਉਝਾਰੀ।
ਨੇਕ ਦ੍ਰਿਸ਼ਟਿ ਕਿਨ ਰਾਖਹੁ ਕੇਸੋ, ਮੇਟਹੁ ਬਿਪਤਿ ਹਮਾਰੀ।[124]

ਗੁਰੂ ਰਵਿਦਾਸ ਨੇ ਵਿਵਹਾਰਿਕ ਸਦਾਚਾਰ ਨੂੰ ਜੀਵਨ ਦਾ ਉਦੇਸ਼ ਮੰਨਿਆ ਹੈ। ਉਨ੍ਹਾਂ ਆਰਥਿਕ ਸੰਦਰਭ ਵਿਚ ਲੁੱਟ-ਖਸੁੱਟ,, ਬੇਈਮਾਨੀ, ਭ੍ਰਿਸ਼ਟਾਚਾਰ ਤੋਂ ਈਮਾਨਦਾਰੀ, ਸੰਜਮ, ਸੰਤੋਸ਼, ਆਦਿ ਮੁੱਲਾਂ ਨੂੰ ਆਪਣੇ ਜੀਵਨ ਵਿਚ ਮਹੱਤਵ ਪ੍ਰਦਾਨ ਕੀਤਾ। ਇਹ ਗੱਲ ਜਿੰਨ੍ਹੀ ਉਨ੍ਹਾਂ ਦੀ ਬਾਣੀ ਵਿਚ ਉਭਰਦੀ ਹੈ ਉਨ੍ਹੀ ਹੀ ਉਨ੍ਹਾਂ ਦੇ ਵਿਵਹਾਰਿਕ ਜੀਵਨ ਵਿਚ ਸਹਾਇਕ ਸਿੱਧ ਹੁੰਦੀ ਹੈ। ਉਨ੍ਹਾਂ ਰੋਜੀ-ਰੋਟੀ ਨੂੰ ਆਰਥਿਕ ਤਰੱਕੀ ਦਾ ਸਾਧਨ ਨਾ ਸਮਝ ਕੇ ਜੀਵਨ ਉਪਜੀਵਿਕਾ ਦੇ ਆਧਾਰ ਵਜੋਂ ਲਿਆ। ਉਨ੍ਹਾਂ ਦੀ ਜ਼ਿੰਦਗੀ ਨਾਲ ਸੰਬੰਧਤ ਘਟਨਾਵਾਂ ਇਸਦਾ ਜਿਉਂਦਾ ਜਾਗਦਾ ਸਬੂਤ ਹਨ।

## ਨੈਤਿਕ ਜੀਵਨ ਮੁੱਲ

ਦਰਸ਼ਨ ਅਤੇ ਨੀਤੀ ਇਕ ਦੂਸਰੇ ਤੇ ਨਿਰਭਰ ਹਨ। ਚੰਗੇ ਨੈਤਿਕ ਜੀਵਨ ਤੋਂ ਦਾਰਸ਼ਨਿਕ ਬੁੱਧੀ ਉਤਪੰਨ ਨਹੀਂ ਹੋ ਸਕਦੀ ਨਾ ਦਰਸ਼ਨ ਦੀਆਂ ਗੱਲਾਂ ਸਮਝ ਆਉਂਦੀਆਂ ਹਨ। ਮਨੁੱਖ ਆਪਣੇ ਜੀਵਨ ਨੂੰ ਪ੍ਰਾਪਤ ਕੀਤੇ ਗਿਆਨ ਦੇ ਅਨੁਕੂਲ ਬਣਾ ਲਵੇ। ਅਜਿਹਾ ਕਰਨ ਲਈ ਦਰਸ਼ਨ ਨੂੰ ਨੀਤੀ ਦਾ ਸਹਾਰਾ ਲੈਣਾ ਪੈਂਦਾ ਹੈ। ਚੰਗਾ ਮਨੁੱਖ ਉਹ ਹੈ ਜੋ ਧਾਰਮਿਕ, ਨੈਤਿਕ, ਸਦਾਚਾਰੀ ਅਤੇ ਸ਼ਾਂਤ ਮਨ ਵਾਲਾ ਹੋਵੇ ਉਸ ਵਿਚ ਵਿਵੇਕ, ਵੈਰਾਗ, ਸ਼ਾਂਤੀ, ਸਹਿਣਸ਼ੀਲਤਾ, ਸ਼ਰਧਾ, ਇੰਦਰੀਆਂ ਤੇ ਕਾਬੂ ਪਾਉਣ ਆਦਿ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਉਪਨਿਸ਼ਦ ਵਿਚ ਵੀ ਇਹ ਕਿਹਾ ਗਿਆ ਹੈ ਕਿ ਗਿਆਨ ਅਧਿਕਾਰੀ ਉਹ ਹੈ ਜਿਹੜਾ ਸੱਚ ਬੋਲਣ ਵਾਲਾ ਸ਼ਾਂਤ ਤੇ ਇੰਦਰੀਆਂ ਤੇ ਕਾਬੂ ਪਾਉਣ ਵਾਲਾ ਹੋਵੇ।

ਨੀਤੀ ਸ਼ਾਸਤਰ ਮਨੁੱਖੀ ਗਿਆਨ ਦਾ ਵਿਸ਼ਾ ਹੈ। ਮਨੁੱਖਾਂ ਦੇ ਜੀਵਨ ਨੂੰ ਯੋਗ ਢੰਗ ਨਾਲ ਪ੍ਰਗਟਾਉਣ ਵਿਚ ਸਹਾਇਕ ਸਿੱਧ ਹੁੰਦਾ ਹੈ। ਨੀਤੀਵਾਨਾਂ ਨੇ ਮਨੁੱਖ ਨੂੰ ਕੇਂਦਰ ਬਣਾ ਕੇ ਸਮੁੱਚੀ ਜੜ੍ਹ, ਚੇਤਨ ਪ੍ਰਕਿਰਤੀ ਦੇ ਨਾਲ ਜੁੜਦੇ ਸੰਬੰਧਾਂ ਦੀ ਬਹੁਪੱਖੀ ਉੱਚਤਾ ਨੂੰ ਪੇਸ਼ ਕੀਤਾ ਹੈ। ਇਹੀ ਭਾਰਤੀ ਨੀਤੀ ਦੀ ਸੰਪੂਰਨਤਾ ਹੈ ਮਨੁੱਖੀ ਜੀਵਨ ਦੀਆਂ

ਸਰਬਪੱਖੀ ਕੀਮਤਾਂ ਦਾ ਪ੍ਰਤੀਪਾਦਨ ਨੀਤੀ ਸ਼ਾਸਤਰ ਦੀ ਵਿਸ਼ੇਸ਼ ਭਾਰਤੀ ਦੇਣ ਹੈ। ਜੀਵਨ ਵਿਚ ਭੌਤਿਕ,ਮਾਨਸਕ, ਸਮਾਜਿਕ, ਸਾਤਵਿਕ ਜਾਂ ਅਧਿਆਤਮਿਕ ਕੀਮਤਾਂ ਨੂੰ ਨਿਸ਼ਾਨਾ ਮੰਨ ਕੇ ਭਾਰਤੀ ਆਚਾਰ ਦਰਸ਼ਨ ਨੇ ਜੀਵਨ ਦੇ ਹਰ ਪੱਧਰ ਨੂੰ ਛੋਹਣ ਵਾਲੇ ਚਾਰ ਉਦੇਸ਼ਾ—ਕਾਮ, ਅਰਥ, ਧਰਮ, ਮੋਕਸ਼ ਦੀ ਸਥਾਪਨਾ ਕੀਤੀ ਹੈ। ਕਰਮ ਤੋਂ ਪਹਿਲਾਂ ਜਿਹੜਾ ਪਾਪ ਪੁੰਨ ਬਾਰੇ ਤਾਣਾ-ਬਾਣਾ ਬੁਣਿਆ ਜਾਂਦਾ ਉਹ ਸਾਰੇ ਮਨੁੱਖ ਨੂੰ ਨੈਤਿਕ ਜੀਵਨ ਜੀਉਣ ਲਈ ਪ੍ਰੇਰਨਾ ਦਿੰਦਾ ਹੈ।[125]

ਸੰਤਾਂ ਨੇ ਚਾਰ ਆਸ਼ਰਮਾਂ ਵਿਚੋਂ ਗ੍ਰਿਹਸਥ ਆਸ਼ਰਮ ਨੂੰ ਸਭ ਤੋਂ ਉੱਚਾ ਮੰਨਿਆ। ਸੰਸਾਰ ਦੇ ਸਾਰੇ ਨੈਤਿਕ ਕਾਰਜਾਂ ਦੀ ਪੂਰਤੀ ਗ੍ਰਿਹਸਥ ਆਸ਼ਰਮ ਵਿਚ ਹੀ ਹੁੰਦੀ ਹੈ। ਇਹ ਸੱਚ ਉਨ੍ਹਾਂ ਨੇ ਆਪਣੇ ਜੀਵਨ ਦੁਆਰਾ ਪ੍ਰਮਾਣਿਤ ਕੀਤਾ ਹੈ। ਮੱਧਕਾਲ ਵਿਚ ਜਨਮੇ ਸਾਰੇ ਸੰਤ ਮਹਾਤਮਾ ਸੱਚੇ ਗ੍ਰਿਹਸਥੀ ਸਨ। ਸੱਚ, ਈਮਾਨਦਾਰੀ, ਪ੍ਰੇਮ, ਸਦਭਾਵਨਾ ਪੂਰਨ ਵਾਤਾਵਰਣ ਵਿਚ ਆਪਣੀ ਰੋਟੀ ਰੋਜ਼ੀ ਕਮਾਉਂਦੇ ਅਤੇ ਪਰਉਪਕਾਰ ਭਰਿਆ ਜੀਵਨ ਬਤੀਤ ਕਰਦੇ। ਉਹ ਜਾਤਪਾਤ ਦੇ ਬੰਧਨਾਂ ਦੇ ਵਿਰੁੱਧ ਸਨ। ਪਰਮਾਤਮਾ ਦਾ ਗਿਆਨ ਰੱਖਣ ਵਾਲਾ ਬ੍ਰਾਹਮਣ ਹੈ ਇਹ ਉਨ੍ਹਾਂ ਦੀ ਧਾਰਨਾ ਸੀ।

ਉਸ ਸਮੇਂ ਪਾਖੰਡਾਂ, ਵਹਿਮਾ—ਭਰਮਾਂ ਨੇ ਇਕ ਅਜੀਬ ਜਿਹੀ ਸਥਿਤੀ ਪੈਦਾ ਕਰ ਦਿੱਤੀ ਸੀ ਜਿਸ ਅਧੀਨ ਆਮ ਲੋਕਾਂ ਵਿਚ ਧਾਰਮਿਕ ਰਹੁਰੀਤਾਂ, ਪਰੰਪਰਾਵਾਂ ਪ੍ਰਤੀ ਅਤੇ ਉਨ੍ਹਾਂ ਦੀ ਸਾਰਥਕਤਾ ਪ੍ਰਤੀ ਸੰਦੇਹ ਉਪਜਣਾ ਸ਼ੁਰੂ ਹੋ ਗਿਆ। ਜਿਸ ਕਾਰਨ ਸਦਾਚਾਰਕ ਕਦਰਾਂ-ਕੀਮਤਾਂ ਵਿਚ ਗਿਰਾਵਟ ਆਈ। ਇਸ ਸਥਿਤੀ ਵਿਚ ਆਮ ਆਦਮੀ ਮਨੁੱਖ ਜੀ ਪਵਿੱਤਰ, ਉਚੇਰੀ ਤੇ ਸੱਚੀ ਰਾਹ ਦਿਖਾਉਣ ਵਾਲੇ ਰਾਹਨੁਮਾ ਦੀ ਭਾਲ ਕਰਨ ਲੱਗਿਆਂ ਇਨ੍ਹਾਂ ਪਰਸਥਿਤੀਆਂ ਵਿਚ ਹੀ ਭਗਤੀ ਕਾਲ ਦਾ ਉਦੈ ਹੋਇਆ। ਭਗਤੀ ਕਾਲ ਦੇ ਪ੍ਰਮੁੱਖ ਉਸਰੱਈਆਂ ਵਿਚੋਂ ਗੁਰੂ ਰਵਿਦਾਸ ਇਕ ਸਨ। ਉਨ੍ਹਾਂ ਨੇ ਕਿਰਤ ਕਮਾਈ ਕਰਕੇ ਉਚੀ, ਸੁਚੀ ਸਦਾਚਾਰਕ ਕਦਰਾਂ-ਕੀਮਤਾਂ ਨਾਲ ਭਰਪੂਰ ਜ਼ਿੰਦਗੀ ਜੀਉਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੀ ਬਾਣੀ ਤੇ ਆਧਾਰਿਤ ਸੰਖੇਪ ਵਿੱਚ ਵਿਸ਼ਲੇਸ਼ਣ ਅਸੀਂ ਇਸ ਅਧਿਆਇ ਵਿਚ ਕਰਾਂਗੇ।

## ਪੰਜ ਵਿਕਾਰ

ਪ੍ਰਭੂ ਭਗਤੀ ਮਾਰਗ ਵਿਚ ਰਵਿਦਾਸ ਦੂਸਰੇ ਭਗਤਾਂ ਦੀ ਤਰ੍ਹਾਂ ਪੰਜ-ਵਿਕਾਰਾਂ ਨੂੰ ਰੁਕਾਵਟ ਮੰਨਦੇ ਹਨ। ਉਨ੍ਹਾਂ ਅਨੁਸਾਰ ਵਿਸ਼ੇ-ਵਿਕਾਰਾਂ ਵਿਚ ਲਿਪਤ ਮਨੁੱਖ ਪਰਮਾਤਮਾ ਨੂੰ

ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਥਾਂ ਥਾਂ ਇਨ੍ਹਾਂ ਤੋਂ ਦੂਰ ਰਹਿਣ ਛੁਟਕਾਰਾ ਪਾਉਣ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਮਾਇਆ ਦੇ ਹਥਿਆਰ ਹਨ ਜੋ ਮਨ ਨੂੰ ਪਰਮਾਤਮਾ ਤੋਂ ਦੂਰ ਲੈ ਕੇ ਜਾਂਦੇ ਹਨ:-

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਉ।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਉ।[126]

ਪੰਚ ਸੰਗੀ ਮਿਲਿ ਪੀੜਿਉ ਪ੍ਰਾਣੀਆਂ।
ਜਾਇ ਨ ਸਕੋ ਬੈਗਰਾ ਭਾਗਾ।[127]

ਮਹਾਭਾਰਤ, ਗੀਤਾ, ਨਾਰਦ ਭਗਤੀ ਸੂਤਰ ਅਤੇ ਹੋਰ ਅਨੇਕਾਂ ਭਗਤੀ ਗ੍ਰੰਥਾਂ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਵਿਸ਼ੇਸ਼ ਤੌਰ ਤੇ ਭਗਤੀ ਮਾਰਗ ਦੇ ਵਿਘਨਕਾਰੀ ਤੱਤ ਮੰਨਿਆ ਗਿਆ ਹੈ। ਮੱਧਭਗਵਤ ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਉਪਦੇਸ਼ ਦਿੰਦਿਆਂ ਵਿਸ਼ੇ ਭੋਗ ਆਦਿ ਦੀ ਤ੍ਰਿਪਤੀ ਨੂੰ ਮਨੁੱਖੀ ਲਕਸ਼ ਦੇ ਵਿਰੁੱਧ ਦੱਸਿਆ ਹੈ:-

"ਵਿਸ਼ੇ-ਵਿਕਾਰਾਂ ਦੇ ਚਿੰਤਨ ਨਾਲ ਉਨ੍ਹਾਂ ਦੇ ਸੰਗ ਸੰਗਤੀ ਹੋ ਜਾਂਦੀ ਹੈ। ਸੰਗਤੀ ਨਾਲ ਕਾਮ-ਵਾਸ਼ਨਾ ਪੈਦਾ ਹੁੰਦੀ ਹੈ। ਕਾਮ ਤੋਂ ਕ੍ਰੋਧ ਪੈਦਾ ਹੁੰਦਾ ਹੈ, ਕ੍ਰੋਧ ਤੋਂ ਮੋਹ ਉਪਜਦਾ ਹੈ ਅਤੇ ਮੋਹ ਨਾਲ ਸਿਮ੍ਰਤਾ ਭ੍ਰਸ਼ਟ ਹੋ ਜਾਂਦੀ ਹੈ। ਸਿਮ੍ਰਤੀ ਦੇ ਨਾਸ਼ ਹੋਣ ਤੇ ਬੁੱਧੀ ਦਾ ਨਾਸ਼ ਹੁੰਦਾ ਹੈ ਅਤੇ ਬੁੱਧੀ ਦੇ ਨਾਸ਼ ਹੋਣ ਤੇ ਮਨੁੱਖ ਸਭ ਕੁਝ ਗੁਆ ਬੈਠਦਾ ਹੈ:-

ਕਾਮ ਕ੍ਰੋਧ ਹੰਕਾਰ ਨਿਵਾਰਿਉ, ਤ੍ਰਿਸ਼ਨਾ ਤਜਾਗਹੁ ਸੰਤ ਜਨਾਂ।
ਕਹਿ ਰਵਿਦਾਸ ਭਏ ਸੀਤਲ ਕਾਯਾ, ਜਬੋ ਤੋ ਲਾਗੇਂ ਗੁਰ ਚਰਨਾਂ।[128]

ਕਾਮ ਕ੍ਰੋਧ ਮਾਇਆ ਮਦ ਮਤਸਰ,
ਇਹ ਪੰਚਹੁ ਮਿਲਿ ਲੂਟੇ।[129]

ਜਿਥੇ ਅੰਧ ਵਿਸ਼ਵਾਸ ਹੈ ਉਥੇ ਸੱਚ ਦੀ ਪਰਖ ਨਹੀਂ ਹੋ ਸਕਦੀ ਸੱਚ ਦੀ ਪਰਖ ਅੰਤਰੀਵ ਅਨੁਭਵ ਨਾਲ ਹੁੰਦੀ ਹੈ ਅਤੇ ਇੰਦਰੀਆਂ ਨੂੰ ਵਸ ਵਿਚ ਰਖਣ ਨਾਲ ਹੀ

ਇਹ ਸੰਭਵ ਹੈ:-

ਤੁਹਿ ਤੁਹਿ ਤ੍ਰਿਭੁਵਨ ਪਤਿ ਪਾਵਨ।
ਅਤਿਸਯ ਸੂਲ ਸਕਲ ਬਲਿ ਜਾਵਨ।
ਕਾਮ ਕ੍ਰੋਧ ਲੰਪਟ ਮਨ ਮੋਰਾ, ਕੈਸੇ ਭਜਨ ਕਰੌ ਮੈਂ ਤੋਰਾ।[130]

ਸੋਈ ਆਨ ਅੰਤਰ ਕਰੈ ਹਰਿਸੂੰ, ਅਪਮਾਰਗ ਕੋ ਆਨੈ।
ਕਾਮ, ਕ੍ਰੋਧ, ਮਦ, ਲੋਭ, ਮੋਹ ਕੀ, ਪਲ ਪਲ ਪੂਜਾ ਠਾਨੈ।[131]

ਮੈਂ ਮੇਰੀ ਛੂਟਇ ਨਹਿੰ ਕਬਹੂੰ ਮਮਿੰਤਾ ਮਦੁ ਬੋਧਯੌ।
ਡਯੰਬ ਕੋਹ ਮੋਹ ਮਾਯਾ ਬਸੁ, ਕਪਟ ਕੂੜ ਹੂੰ ਬੰਧਾਯੋ।
ਕਾਮ ਲੁਬਧ ਕੈਂ ਬਸਿ ਪਰਯੋ, ਕਲਕਾਂਨਿ ਛਾਂਡਿ ਬਿਕਾਯੋ।[132]

ਸੰਪਤੀ, ਬਿਪਤਾ ਅਤੇ ਧਨ ਵੀ ਤਿੰਨ ਵਿਕਾਰ ਹਨ ਜਿਨ੍ਹਾਂ ਪਿਛੇ ਮਨੁੱਖ ਨੂੰ ਨਹੀਂ ਲਗਣਾ ਚਾਹੀਦਾ। ਅਗਿਆਨਤਾ ਨੂੰ ਵਿਕਾਰ ਸਮਝਦੇ ਹੋਏ ਆਪ ਵਿਦਿਆ ਗਿਆਨ ਪ੍ਰਾਪਤੀ ਦਾ ਉਪਦੇਸ਼ ਦਿੰਦੇ ਹਨ ਕਿਉਂਕਿ ਇਸਤੋਂ ਬਿਨ੍ਹਾਂ ਬੁੱਧੀ ਦਾ ਦੀਪ ਮੱਧਮ ਪੈ ਜਾਂਦਾ ਹੈ:-

ਮਾਧੋ ਅਬਿਦਿਆ ਹਿਤ ਕੀਨ
ਬਿਬੇਕ ਦੀਪ ਮਲੀਨ।[133]

ਰਵਿਦਾਸ ਅਨੁਸਾਰ ਵਿਸ਼ੈ-ਵਿਕਾਰਾਂ ਦੀ ਲਪੇਟ ਵਿਚ ਇਨਸਾਨ ਪ੍ਰਭੂ ਨਾਮ ਸਿਮਰਨ ਨਹੀਂ ਜਪ ਸਕਦਾ ਤੇ ਜਦੋਂ ਤੱਕ ਮਨ ਪ੍ਰਭੂ-ਪਾਰਸ ਦੀ ਛੁਹ ਪ੍ਰਾਪਤ ਨਾ ਕਰ ਲਵੇ ਉਦੋਂ ਤੱਕ ਉਹ ਭਟਕਦਾ ਰਹਿੰਦਾ ਹੈ ਪਰ ਭਵ ਸਾਗਰ ਤੋਂ ਪਾਰ ਉਤਰਨ ਲਈ ਅਸਲ ਰਸਤਾ ਨਾਮ ਹੀ ਹੈ ਅਤੇ ਇਹ ਨਾਮ ਹੀ ਮੇਰੀ ਜਿੰਦ-ਜਾਨ, ਜੀਅ-ਪ੍ਰਾਣ ਅਤੇ ਧਨ ਹੈ।

ਪੜੀਐ ਗੁਨੀਐ ਨਾਮੁ ਸਭੁ ਸੁਨੀਐ।
ਅਨਭਉ ਭਾਉ ਨ ਦਰਸੈ।
ਲੋਹਾ ਕੰਚਨੁ ਹਿਰਨ ਹੋਇ ਕੈਸੇ।
ਜਉ ਪਾਰਸਹਿ ਨ ਪਰਸੈ।

- - - - - - - - - - -

ਕਹੁ ਰਵਿਦਾਸ ਸਭੈ ਨਹੀ ਸਮਝਸਿ,
ਭੂਲਿ ਪਰੇ ਜੈਸੇ ਬਉਰੇ।
ਮੋਹਿ ਆਧਾਰੁ ਨਾਮ ਨਰਾਇਣ
ਜੀਵਨ ਪ੍ਰਾਨ ਧਨ ਮੋਰੈ।[134]

ਉਹ ਸੰਸਾਰ ਦੀ ਮਾਇਆ ਨੂੰ ਕੁਸੰਭੜੇ ਦੇ ਫੁੱਲ ਵਰਗੀ ਦੱਸਦੇ ਹਨ। ਜਿਸਦਾ ਰੰਗ ਛੇਤੀ ਹੀ ਉੱਤਰ ਜਾਣਾ ਹੈ। ਰਵਿਦਾਸ ਨਾਮ ਨੂੰ ਅਹਿਮੀਅਤ ਦਿੰਦੇ ਹੋਏ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਿਕਰ ਕਰਦੇ ਹਨ ਤੇ ਇਨਸਾਨ ਨੂੰ ਪੰਜ ਵਿਕਾਰਾਂ ਤੋਂ ਦੂਰ ਰਹਿਕੇ ਨਾਮ ਦਾ ਆਸਰਾ ਲੈਣ ਲਈ ਕਹਿੰਦੇ ਹਨ:-

ਜੈਸਾ ਰੰਗ ਕੁਸੰਭ ਕਾ ਤੈਸਾ ਇਹ ਸੰਸਾਰ।[135]

ਅਬ ਮੈਂ ਹਾਰਿਓ ਰੇ ਭਾਈ।
ਥਕਿਤ ਭਯੋ ਸਭ ਹਾਲ ਚਾਲ ਤੇਂ, ਲੋਗ ਨ ਵੇਦ ਬੜਾਈ।
ਥਕਿਤ ਭਯੋ ਗਾਇਨ ਅਰੁ ਨਾਚਨ, ਥਾਕੀ ਸੇਵਾ ਪੂਜਾ।
ਕਾਮ ਕ੍ਰੋਧ ਤੇ ਦੇਹ ਥਕਿਤ ਭਈ, ਕਹੌ ਕਹਾਂ ਲੌ ਦੂਜਾ।[136]

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਮਾਜ ਦੇ ਅਨੈਤਿਕ ਤੱਤ ਹਨ ਜੋ ਸਮਾਜ ਨੂੰ ਗੰਦਾ ਕਰਦੇ ਹਨ। ਇਨ੍ਹਾਂ ਦੀ ਥਾਂ ਤੇ ਵਿਅਕਤੀ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਸੱਚ, ਸੰਤੋਖ, ਦਇਆ ਅਤੇ ਕਰਮ ਨੂੰ ਮਹੱਤਾ ਦੇਣੀ ਚਾਹੀਦੀ ਹੈ ਤਾਂ ਕਿ ਵਿਅਕਤੀ ਸੱਚ ਅਤੇ ਨੇਕੀ ਵਿਚ ਲੀਨ ਹੋ ਕੇ ਇਕ ਨਰੋਏ ਸਮਾਜ ਦੀ ਸਥਾਪਨਾ ਕਰ ਸਕੇ ਜਿਸਦਾ ਸੁਪਨਾ ਰਵਿਦਾਸ ਨੇ ਵੇਖਿਆ ਸੀ।

ਮਨ ਦੀ ਸਫ਼ਾਈ

ਮਨੁੱਖੀ ਜੀਵਨ ਵਿਚ ਆਤਮਾ ਮਨ ਅਤੇ ਸਰੀਰ ਦੇ ਵਰਤਾਰਿਆਂ ਦਾ ਅਕਸ ਪ੍ਰਭਾਵ ਛੱਡਦੀ ਹੈ ਅਤੇ ਜੀਵਨ ਦਾ ਰਾਹ ਨਿਰਧਾਰਿਤ ਕਰਨ ਵਿਚ ਸਹਾਈ ਹੁੰਦੀ ਹੈ। ਆਤਮਿਕ ਪਵਿੱਤਰਤਾ ਲਈ ਸਾਰੇ ਭਗਤਾਂ, ਸੰਤਾਂ ਅਤੇ ਵਿਦਵਾਨਾਂ ਨੇ ਮਨ ਦੀ ਚੰਚਲਤਾ ਤੇ ਕਾਬੂ ਪਾਉਣ ਉਪਰੰਤ ਮਨ ਦੀ ਸਫ਼ਾਈ ਤੇ ਜ਼ੋਰ ਦਿੱਤਾ ਹੈ ਕਿਉਂਕਿ ਸਹੀ ਮਾਰਗ ਤੋਂ ਮਨ ਦੇ ਭਟਕ ਜਾਣ ਨਾਲ ਅਤੇ ਇੰਦਰੀਆਂ ਦੇ ਭੋਗ, ਵਿਸ਼ੇ-ਵਿਕਾਰਾਂ ਅਤੇ ਵਿਲਾਸਤਾ

ਕਾਰਨ ਮਨ ਆਤਮਾ ਨੂੰ ਪਰਮਾਤਮਾ ਵਿਚ ਵਿਲੀਨ ਹੋ ਜਾਣ ਤੋਂ ਰੋਕਦਾ ਹੈ। ਅਭਿਮਾਨੀ ਮਨ ਇੱਛਤ ਫਲਾਂ ਦਾ ਸਵਾਦ ਭੋਗਣ ਲਈ ਇਕ ਰੁੱਖ ਤੋਂ ਦੂਸਰੇ ਰੁੱਖ ਵਲ ਦੌੜਦਾ ਹੈ। ਰਵਿਦਾਸ ਲਿਖਦੇ ਹਨ ਕਿ ਹੇ ਪ੍ਰਭੂ ਮੈਂ ਮਨ ਅਤੇ ਮਾਇਆ ਦੇ ਹੱਥਾਂ ਵਿਚ ਵਿਕ ਚੁਕਿਆ ਹਾਂ। ਮੇਰਾ ਮਨ ਚਹੁ-ਦਿਸ਼ਾਵਾਂ ਵਿਚ ਦੌੜਦਾ ਫਿਰਦਾ ਅਤੇ ਮੇਰੀਆਂ ਪੰਜੇ ਇੰਦਰੀਆਂ ਸਥਿਰ ਨਹੀਂ ਹਨ। ਇਨ੍ਹਾਂ ਨੇ ਮੇਰੇ ਮਨ ਨੂੰ ਵਿਗਾੜ ਕੇ ਪ੍ਰਭੂ ਤੋਂ ਦੂਰ ਕਰ ਦਿੱਤਾ ਹੈ।

ਮੈ ਕਾ ਜਾਨੋ ਦੇਵ ਮੈ ਕਾ ਜਾਨੋ,
ਮਨ ਮਾਯਾ ਕੇ ਹਾਥਿ ਬਿਕਾਨੋ।
ਚੰਚਲ ਮਨਵਾ ਚਹੁੰ ਦਿਸ ਧਾਵੈ,
ਜਿਭਯਾ ਇੰਦ੍ਰੀ ਥਿਰ ਨ ਰਹਾਵੈ।
ਇਨ ਮਿਲਿ ਮੇਰੋ ਮਨ ਜੁ ਬਿਗਾਰਿਓ;
ਦਿਨ ਦਿਨ ਹਰਿ ਜੀ ਸੁ ਅੰਤਰ ਪਾਰਿਓ।[137]

ਇਸ ਤੋਂ ਅੱਗੇ ਰਵਿਦਾਸ ਅਗਿਆਨੀ ਮਨ ਨੂੰ ਸੰਸਾਰ ਵਿਚ ਭੁਲਿਆ ਹੋਣ ਕਰਕੇ ਉਸ ਉੱਤੇ ਸੰਪਤੀ, ਬਿਪਤਾ, ਮਾਇਆ ਦਾ ਪਰਦਾ ਪਏ ਹੋਣ ਦਾ ਜਿਕਰ ਕਰਦੇ ਹਨ:-

ਸੰਪਤਿ ਬਿਪਤਿ ਪਟਲ ਮਾਇਆ ਧਨੁ,
ਤਾਂ ਮਹਿ ਮਗਨ ਹੋਤ ਤੇਰੋ ਜਨ।[138]

ਅਗਿਆਨਤਾ ਕਾਰਨ ਜੀਵ ਨੂੰ 'ਆਰ-ਪਾਰ' ਦੀ ਸੋਝੀ ਨਹੀ ਤੇ ਉਹ ਖੂਹ ਦੇ ਡੱਡੂ ਵਾਂਗ ਹੈ ਜਿਸਨੂੰ ਬਾਹਰਲੇ ਸੰਸਾਰ ਦਾ ਗਿਆਨ ਨਹੀਂ ਹੁੰਦਾ:--

ਕੂਪ ਭਰਿਓ ਜੈਸੇ ਦਾਦਿਰਾ, ਕਛੂ ਦੇਸ ਬਿਦੇਸ ਨ ਬੂਝ।
ਐਸੇ ਮੇਰਾ ਮਨ ਬਿਖਿਆ ਬਿਮੋਹਿਆ,
ਕਛੂ ਆਰਪਾਰੁ ਨ ਸੂਝ।[139]

ਰਵਿਦਾਸ ਕਹਿੰਦੇ ਹਨ ਕਿ ਮੈਂ ਅਨੇਕ ਵਾਰ ਜਮਾਂ ਦੀ ਮਾਰ ਖਾਂਦੀ ਹੈ ਫੇਰ ਵੀ ਮੇਰਾ ਨਿਰਲੱਜ ਮਨ ਕੁਕਰਮਾਂ ਤੋਂ ਬਾਜ ਨਹੀਂ ਆਉਂਦਾ ਅਤੇ ਪਰਮਾਤਮਾ ਤੋਂ ਬੇਮੁੱਖ ਰਹਿੰਦਾ ਹੋਇਆ ਵਿਸ਼ਿਆਂ ਦੀ ਆਸ਼ਾ ਤਿਸਨਾ ਦਾ ਤਿਆਗ ਨਹੀਂ ਕਰਦਾ। ਇਹ ਮਨ ਕਾਮੀ, ਛਲੀਆ, ਝੂਠਾ ਅਤੇ ਦੁਰਾਚਾਰੀ ਕਿਸੇ ਤਰ੍ਹਾਂ ਮੇਰੇ ਵੱਸ ਨਹੀਂ ਆਉਂਦਾ, ਆਪਣੇ ਅੰਦਰ ਬੈਠੇ ਪ੍ਰਭੂ ਨੂੰ ਨਹੀਂ ਪਛਾਣਦਾ ਤੇ ਜੰਗਲਾਂ ਵਿਚ ਭਟਕਦਾ ਫਿਰਦਾ ਹੈ:-

ਜਮਦੂਤਨ ਬਹੁ ਵਿਧਿ ਕਰਿ ਮਾਰ੍ਯੋ, ਤਊ ਨਿਲਜ ਮਨ ਅਜ ਹੂੰ ਨਹਿ ਹਾਰਯੋ। [140]

ਮਨ ਮੋਰਾ ਮਾਇਆ ਮਹਿੰ ਲਪਟਾਨੋ।
ਵਿਸ਼ਾਸਕਤ ਰਹੇਤ ਨਿਸਬਾਸਰ, ਅਜ ਹੂੰ ਨਹਿ ਆਘਾਨੋ।
ਕਾਮੀ ਕੁਟਿਲ ਲਬਾਰ ਕੁਚਾਲੀ, ਸਮਝਾਇ ਨਹੀ ਸਮੁਝਾਨੋ। [141]

ਐਸੇਈ ਹਰਿ ਕਿਉ ਪਾਇਬੋ, ਮਨ ਚੰਚਲੁ ਰੇ ਭਾਈ।
ਚਪਲ ਭਇਉ ਚਹੁੰਦਿਸ ਧਾਵਈ, ਰਾਖਿਓ ਨ ਰਹਾਈ।
ਮੈਂ ਮੇਰੀ ਛੂਟਇ ਨਹਿੰ ਕਹੂੰ, ਮਮਿਤਾ ਮਦੁ ਬੋਧਉ।
ਲੋਭ ਮੋਹ ਮਹਿੰ ਰਹਿਉ ਰੁਝਾਨੋ, ਨਿਤ ਵਿਖ਼ਿਆ ਰਸ ਰੀਝਉ। [142]

ਦੇਖ ਮੂਰਿਖਤਾ ਯਹੁ ਮਨ ਕੀ।
ਰਾਮ ਨਾਮ ਕੂੰ ਛਾਡਿ ਅਧਾਰੋ, ਚਾਹੈ ਤੱਟ ਛੁਦ ਤ੍ਰਿਨ ਕੀ।
ਅਤਿ ਅੰਤਰ ਰਾਮੁ ਨਹਿੰ ਜਾਨਹੁ, ਛਾਨਹੁ ਧਰਿ ਬਨ ਬਨ ਕੀ। [143]

ਰਵਿਦਾਸ ਇਨਸਾਨ ਨੂੰ ਹੋਸ਼ ਕਰਨ ਲਈ ਕਹਿੰਦੇ ਹਨ। ਨਾਮ ਤੋਂ ਤੇਰਾ ਛੁਟਕਾਰ ਨਹੀਂ ਹੋਣਾ ਤੂੰ ਭਰਮ ਛੱਡ ਕੇ ਅਧੀਰ ਨਾ ਹੋ। ਰਾਮ ਨਾਮ ਹੀ ਤੈਨੂੰ ਮੁਕਤਾ ਪ੍ਰਦਾਨ ਕਰ ਸਕਦਾ ਇਸ ਲਈ ਹੇ ਮਨ ਸਾਰੇ ਵਖੇਵੇ ਛੱਡ ਕੇ ਪ੍ਰਭੂ ਦੇ ਨਾਮ ਨਾਲ ਜੁੜ ਜਾ:—

ਰੇ ਮਨ ਰਾਮ ਨਾਮ ਸੰਭਾਰਿ।
ਮਾਯਾ ਕੈ ਭ੍ਰਮਿ ਕਹਾ ਭੁਲਯੋ, ਜਾਹਿਗੋ ਕਰ ਝਾਰਿ।

- - - - - - - - - - - - - - - - - - - -

ਰੇ ਮਨ ਮਾਛਲਾ ਸੰਸਾਰ ਸਮੁੰਦੇ, ਤੂ ਚਿਤ੍ਰ ਬਿਚਿਤ੍ਰ ਬਿਚਾਰ ਕੇ।
ਜਿਹਿ ਗਾਲੇ ਗਲਿਆਂਹੀ ਮਰੀਏ, ਸੋ ਸੰਗ ਦੂਰ ਨਿਵਾਰਿ ਰੇ। [191]

- - - - - - - - - - - - - - - - - - - - - - - -

ਰੇ ਚਿਤ ! ਚੇਤਿ ਅਚੇਤਿ ਕਾਹੇ, ਬਾਲਮੀਕਿ ਕੂ ਦੇਖਿ ਰੇ।
ਜਾਤਿ ਥੈਂ ਕੋਊ ਪਾਰ ਨ ਪਹੁੰਚਿਆ, ਰਾਮ ਭਗਤਿ ਬਿਸੇਖ ਰੇ।

ਰਵਿਦਾਸ ਅਨੁਸਾਰ ਉਹੀ ਸੰਤ ਭਲਾ ਹੈ ਜਿਸਦਾ ਮਨ ਸਾਫ ਹੈ ਜਿਸਨੇ ਵਿਸ਼ੈ-ਵਿਕਾਰਾਂ ਅਤੇ ਝੂਠ ਨੂੰ ਤੱਜ ਦਿੱਤਾ ਹੈ ਤੇ ਦੂਜੇ ਦੇ ਦੁੱਖ ਨੂੰ ਮਹਿਸੂਸ ਕਰਦਿਆਂ

ਦੂਰ ਕਰਨ ਦਾ ਯਤਨ ਕਰਦਾ ਹੈ। ਉਹ ਆਪਣਾ ਮਨ ਅੰਦਰੋਂ ਬਾਹਰੋਂ ਸਾਫ ਕਰਕੇ ਖਿਮਾ ਕਰਨ ਵਾਲਾ ਪੱਖਪਾਤ ਰਹਿਤ ਹੋ ਜਾਵੇ।

ਭਗਤਿ ਨ ਹੋਇ ਰੇ ਨ ਹੋਈ, ਜਬ ਲਗ ਤਨ ਸੁਧ ਨ ਹੋਇ।
ਭਗਤਿ ਨਹੀ ਨਾਚੈ ਅਰੁ ਗਾਵੈ, ਭਗਤਿ ਨ ਬਹੁ ਤਪ ਕੀਨ੍ਹਾ।
ਭਗਤਿ ਨਹੀ ਸਵਾਮੀ ਅਰੁ ਸੇਵਕ, ਜਬ ਲਗ ਪਰਮਤਤ ਨਹੀ ਚੀਨ੍ਹਾ।[145]

ਸੋ ਮੁਨਿ ਮਨ ਕੀ ਦੁਬਿਧਾ ਖਾਇ। ਬਿਨੁ ਦੁਆਰੇ ਤ੍ਰੈਲੋਕ ਸਮਾਇ।
ਮਨ ਕਾ ਸੁਭਾਉ ਸਭੁ ਕੋਈ ਕਰੈ। ਕਰਤਾ ਹੋਇ ਸੁ ਅਨਭੈ ਰਹੈ।[146]

ਸਮਝ ਮਨ ਨਿਤ ਨਿਰਮਲ ਜਸ ਗਾਈ।
ਰਘੁਪਤਿ ਪ੍ਰਭ ਕੇ ਚਰਣ ਸਰਣ ਤਜਿ, ਅਨਤ ਕਿਹੁ ਜਿਨਿ ਜਾਈ।[147]

## ਮਿੱਠਾ ਬੋਲਣਾ

ਰਵਿਦਾਸ ਦੇ ਜੀਵਨ ਦੇ ਸੰਦਰਭ ਵਿਚ ਇਹ ਪ੍ਰਚਲਿਤ ਹੈ ਕਿ ਉਹ ਬਹੁਤ ਮਿੱਠ-ਬੋਲੜੇ ਅਤੇ ਨਿਘੇ ਸੁਭਾਅ ਦੇ ਵਿਅਕਤੀ ਸਨ। ਉਹ ਰਾਮ ਨਾਮ ਵਿਚ ਰੰਗੇ ਸੁਰਤੀਆਂ ਜੋੜਦੇ ਰਹਿੰਦੇ ਤੇ ਆਏ ਸਾਧੂ ਸੰਤਾਂ ਅਤੇ ਸ਼ਰਧਾਲੂਆਂ ਜੋ ਉਨ੍ਹਾਂ ਕੋਲ ਅਕਸਰ ਹੀ ਉਨ੍ਹਾਂ ਦੇ ਬਚਨ ਸੁਨਣ ਲਈ ਆਉਂਦੇ ਰਹਿੰਦੇ ਸਨ। ਕਹਿੰਦੇ ਸਨ ਕਿ ਉਹ ਸ਼ਹਿਦ ਭਰੀਆਂ ਗੱਲਾਂ ਨਾਲ ਹਰ ਇਕ ਦੇ ਆਉਣ ਵਾਲੇ ਦਾ ਮਨ ਮੋਹ ਲੈਂਦੇ ਸਨ। ਜਦੋਂ ਅਸੀਂ ਇਸੇ ਸੰਦਰਭ ਵਿਚ ਉਨ੍ਹਾਂ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਉਨ੍ਹਾਂ ਦੀ ਸਾਰੀ ਬਾਣੀ ਵਿਚ ਕਿਤੇ ਵੀ ਕੋਈ ਅਜਿਹਾ ਸ਼ਬਦ ਜਾਂ ਪਦ ਜਾਂ ਸਾਖੀ ਨਹੀਂ ਮਿਲਦਾ ਜਿਹੜੀ ਕਿਸੇ ਵਿਸ਼ੇਸ਼ ਮਜ਼੍ਹਬ ਦੇ ਗੁਣਾਂ-ਔਗੁਣਾਂ ਦਾ ਵਿਸ਼ਲੇਸ਼ਣ ਕਰਦੀ ਹੋਵੇ ਅਤੇ ਉਸ ਵਿਚੋਂ ਦਵੈਸ਼ ਭਰੇ ਬੋਲ ਨਜ਼ਰ ਆਉਂਦੇ ਹੋਣ। ਰਵਿਦਾਸ ਦੀ ਬਾਣੀ ਵਿਚ ਕਿਤੇ ਵੀ ਅੱਖੜਤਾ, ਦਵੈਸ਼ਤਾ, ਬੁਰੀ ਭਾਵਨਾ ਜਾਂ ਨਫ਼ਰਤ ਦਾ ਪ੍ਰਗਟਾ ਨਹੀਂ ਮਿਲਦਾ ਸਗੋਂ ਬਾਣੀ ਵਿਚੋਂ ਸੁਹਿਰਦਤਾ, ਸਹਾਨੂਭੂਤੀ ਅਤੇ ਸਮਰਪਣ ਦੀ ਭਾਵਨਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਉਹ ਦੂਸਰੇ ਨੂੰ ਖੁਸ਼ ਤੇ ਰਜਿਆ ਵੇਖ ਕੇ ਪ੍ਰਸੰਨ ਹੁੰਦੇ ਹਨ ਉਦਾਹਰਣ ਲਈ ਇਸ ਪ੍ਰਸੰਗ ਵਿਚ ਇਹ ਪਦ ਵੇਖੇ ਜਾ ਸਕਦਾ ਹੈ:-

ਜਉ ਹਮ ਬਾਂਧੇ ਮੋਹ ਫਾਸ।
ਹਮ ਪ੍ਰੇਮ ਬੰਧਨਿ ਤੁਮ ਬਾਂਧੇ।
ਅਪਨੇ ਛੂਟਨ ਕੋ ਜਤਨੁ ਕਰਹੁ।
ਹਮ ਛੂਟੇ ਤੁਮ ਅਰਾਧੇ।
ਮਾਧਵੇ ਜਾਨਤ ਹਹੁ ਜੈਸੀ ਤੈਸੀ।
ਅਬ ਕਹਾ ਕਰਹੁਗੇ ਐਸੀ। [148]

ਜਉ ਤੁਮ ਗਿਰਿਵਰ ਤਉ ਹਮ ਮੋਰਾ।
ਜਉ ਤੁਮ ਚੰਦ ਹਮ ਭਏ ਹੈ ਚਕੋਰਾ।
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ।
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ।
ਜਉ ਤੁਮ ਦੀਵਰਾ ਤਉ ਹਮ ਬਾਤੀ।
ਜਉ ਤੁਮ ਤੀਰਥ ਤਉ ਹਮ ਜਾਤੀ।
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ। [149]

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੂ ਹੀ ਮੈਂ ਨਾਹੀ। [150]

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ।
ਕਹਿ ਰਵਿਦਾਸ ਛੂਟਿਬੋ ਕਵਨ ਗੁਨ। [151]

ਅਬ ਕੈਸੇ ਛੂਟੇ ਨਾਮ ਰਟ ਲਾਗੀ।
ਪ੍ਰਭੂ ਜੀ ਤੁਮ ਚੰਦਨ ਹਮ ਪਾਨੀ,
ਜਾਕੀ ਬਾਸ ਅੰਗ ਅੰਗ ਸਮਾਨੀ। [152]

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰ ਕਿਆ ਕੀਜੈ।
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।
ਹਉ ਬਲਿ ਬਲਿ ਜਾਉਂ ਰਮਈਆ ਕਾਰਨੇ।
ਕਾਰਨ ਕਵਨ ਅਬੋਲ।
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਆ ਦਰਸਨ ਦੇਖੈ। [153]

ਆਪਦੇ ਵਿਅਕਤਿਤ੍ਵ ਦੀ ਉੱਚਤਾ, ਮਿਠਾਸ ਅਤੇ ਸਦਾਚਾਰਕ ਜੀਵਨ ਕਾਰਨ ਆਪਦੇ ਸਮਕਾਲੀਆਂ, ਸ਼ਿਸ਼ਾਂ ਅਤੇ ਦੂਸਰੇ ਵਿਦਵਾਨਾਂ ਨੇ ਆਪਨੂੰ ਆਦਰ ਪੂਰਵਕ ਸ਼ਬਦਾਂ ਵਿਚੋਂ ਸੰਬੋਧਿਤ ਕੀਤਾ। ਅਨੰਤਦਾਸ ਵੈਸ਼ਨਵ ਅਨੁਸਾਰ ਉਹ ਮਿੱਠ-ਬੋਲੜੇ, ਆਦਰ ਕਰਨ ਵਾਲੇ ਸੰਤ ਸਨ। 'ਭਗਤਮਾਲ' ਵਿਚ ਸ੍ਰੀ ਨਰਾਇਣਦਾਸ ਨਾਭਾਸ੍ਵਾਮੀ ਨੇ ਸਲੋਕ 59 ਵਿਚ ਆਪਦੀ ਉਸਤਤੀ ਕਰਦਿਆਂ ਲਿਖਿਆ ਹੈ:-

ਸੰਦੇਹ ਗ੍ਰੰਥਿ ਖੰਡਨ ਨਿਪੁੰਨ, ਬਾਨਿ ਬਿਮਲ 'ਰੈਦਾਸ' ਕੀ।
ਸਦਾਚਾਰ ਸ਼ਰੁਤਿ ਸਾਸਤ੍ਰ, ਬਚਨ ਅਬਿਰੁੱਧ ਉਚਾਰਯੋ।
ਨੀਰ ਖੀਰ ਬਿਬਰਨ ਪਰਮ ਹੰਸਨਿ ਉਰ ਧਾਰਿਓ।
ਭਗਵਤ ਕ੍ਰਿਪਾ ਪ੍ਰਸਾਦ ਪਰਮ ਗਤਿ ਇਹਿ ਤਨ ਪਾਈ।
ਰਾਜ ਸਿੰਘਾਸਨ ਬੈਠਿ ਗਯਾਤਿ ਪਰਤੀਤਿ ਦਿਖਾਈ।
ਵਰਣਾਸ੍ਰਮ ਅਭਿਮਾਨ ਤਜਿ, ਪਦ ਰਜ ਬੰਦਹਿ ਜਾਸੁ ਕੀ।
ਸੰਦੇਹ ਗ੍ਰੰਥਿ ਖੰਡਨ ਨਿਪੁਨ, ਬਾਨਿ ਬਿਮਲ ਰੈਦਾਸ ਕੀ।[154]

'ਮੀਰਾਂਬਾਈ' ਜੋ ਆਪ ਦਾ ਸ਼ਿਸ਼ ਸੀ ਨੇ ਆਪ ਬਾਰੇ ਲਿਖਿਆ ਹੈ:-

ਗੁਰ ਰੈਦਾਸ ਮਿਲੇ ਮੋਹਿ ਪੂਰ।
ਧੁਰ ਸੇ ਕਲਮ ਭਿੜੀ।
ਸਤਗੁਰ ਸੈਨ ਦਈ ਜਬ ਆ ਕੇ।
ਜੋਤੀ ਜੋਤ ਰਲੀ — ਮੀਰਾਂਬਾਈ

ਸੰਤ ਰਵਿਦਾਸ ਨੂੰ ਜਾਤ ਕੁਲ ਅਭਿਮਾਨੀਆਂ ਅਤੇ ਹਾਕਮਾਂ ਵਲੋਂ ਨਕਾਰਨ ਦੇ ਬਾਵਜੂਦ ਵੀ ਆਪਨੇ ਨਿਮਰਤਾ, ਮਿੱਠਤ ਅਤੇ ਸੇਵਾ ਦਾ ਪੱਲਾ ਨਹੀਂ ਛੱਡਿਆ। ਆਪਨੇ ਰੁੱਖੇ ਬਚਨਾ ਨੂੰ ਤਿਆਗ ਕੇ ਕੌੜੇ ਬੋਲ ਨਾ ਬੋਲਣ, ਮਿੱਠਤ, ਧੀਰਜ ਰੱਖਣ ਅਤੇ ਹਲੀਮੀ ਨਾਲ ਪੇਸ਼ ਆਉਣ ਲਈ ਆਪਣੀ ਬਾਣੀ ਵਿਚ ਪ੍ਰੇਰਨਾ ਦਿੱਤੀ ਹੈ।

## ਨਿੰਦਾ ਵਿਰੋਧ

ਭਗਤ ਰਵਿਦਾਸ ਨਿੰਦਿਆ ਚੁਗਲੀ ਨੂੰ ਚੰਗਾ ਨਹੀਂ ਸਮਝਦੇ। ਉਹ ਹਰ ਇਕ ਦੇ ਭਲੇ ਦੀ ਗੱਲ ਕਰਦੇ ਕਦੇ ਵੀ ਨਿੰਦਾ ਕਰਨ ਵਾਲੇ ਦਾ ਸਾਥ ਨਾ ਦਿੰਦੇ। ਉਹ ਨਿੰਦਾ ਵਰਗਾ ਭੈੜਾ ਕੰਮ ਹੋਰ ਨਹੀਂ ਸਮਝਦੇ ਸਨ ਥਾਂ ਥਾਂ ਤੇ ਆਪਣੀ ਬਾਣੀ ਇਸ ਬਾਰੇ (ਨਿੰਦਿਆ) ਲਿਖਿਆ ਮਿਲਦਾ ਹੈ:-

ਕਾਮ ਨ ਵਿਸਰਯੋ ਕ੍ਰੋਧ ਨ ਤਯਾਗੋ, ਲੋਭ ਨ ਵਿਸਰਯੋ ਦੇਵਾ।
ਪਰ ਨਿੰਦਾ ਮੁਖ ਤੇ ਨਹਿ ਛਾਂਡਿ, ਨਿਫਲ ਭਈ ਸਬ ਸੇਵਾ।[155]

ਕਿਯੋ ਨਿਠੋਲੀ ਜਾਦਵ ਕਪਿਲ ਸੋ, ਮਨ,ਮਹਿੰ ਕਪਟ ਰਚਾਯਾ।
ਕਰਿ ਨਯੰਦਾ ਸਾਧੂ ਹਰਿ ਜਨ ਕੀ, ਅਪੱਹੁ ਬੰਸ ਨਸਾਯਾ।[156]

ਪਰਿ ਪੀੜਾ ਅਤਿ ਅਧਮ ਬਖਾਨੀ, ਪਰ ਹਿਤ ਸਹਿਜ ਧਰਮ ਹੀ ਆਨਿ।
ਪਰ ਪੀੜਾ ਸਮ ਨਹੀ ਅਧਮਾਈ, ਕਹਿ ਰੈਦਾਸ ਮੁਨਿ ਸਬ ਗਾਈ।[157]

ਰਵਿਦਾਸ ਇਨਸਾਨ ਨੂੰ ਸਮਝਾਉਂਦੇ ਹਨ ਕਿ ਨਿੰਦਾ ਨਹੀਂ ਕਰਨੀ ਚਾਹੀਦੀ। ਕਿਉਂਕਿ ਇਹ ਉਸ ਰੋਗ ਵਾਂਗ ਹੈ ਜੋ ਲੱਖ ਦਵਾਈਆਂ ਲੈਣ ਤੇ ਵੀ ਨਹੀਂ ਹਟਦਾ। ਉਨ੍ਹਾਂ ਅਨੁਸਾਰ ਨਿੰਦਕ ਬਖਸ਼ਣ ਦੇ ਯੋਗ ਨਹੀਂ ਹੈ। ਉਨ੍ਹਾਂ ਨਿੰਦਾ ਕਰਨ ਵਾਲਿਆਂ ਨੂੰ ਸਮਝਾਉਣ ਲਈ ਇਹ ਭਜਨ ਗਾ ਕੇ ਸੁਣਾਇਆ:-

ਜੇ ਉਹ ਅਠਸਠਿ ਤੀਰਥ ਨ੍ਹਾਵੈ। ਜੇ ਉਹ ਦੁਆਦਸ ਸਿਲਾ ਪੂਜਾਵੈ।
ਜੇ ਉਹ ਕੂਪ ਤਟਾ ਦੇਵਾਵੈ। ਕਰੈ ਨਿੰਦ ਸਭ ਬਿਰਥਾ ਜਾਵੈ।
ਸਾਧ ਕਾ ਨਿੰਦਕ ਕੈਸੇ ਤਰੈ। ਸਰਪਰ ਜਾਨਹੁ ਨਰਕ ਹੀ ਪਰੈ।
ਜੇ ਉਹ ਅਨਿਕ ਪ੍ਰਸਾਦ ਕਰਾਵੈ। ਭੂਮਿ ਦਾਨ ਸੋਭਾ ਮੰਡਪਿ ਪਾਵੈ।
ਅਪਨਾ ਬਿਗਾਰਿ ਬਿਰਾਨਾ ਸਾਂਢੈ। ਕਰੈ ਨਿੰਦ ਬਹੁ ਜੋਨੀ ਹਾਂਢੈ।
ਨਿੰਦਾ ਕਹਾ ਕਰਹੁ ਸੰਸਾਰਾ। ਨਿੰਦਕ ਕਾ ਪਰਗਟਿ ਪਾਹਾਰਾ।
ਨਿੰਦਕ ਸੋਧਿ ਸਾਧਿ ਬੀਚਾਰਿਆ।
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।[158]

ਇਸ ਭਜਨ ਦਾ ਭਾਵ ਇਹ ਹੈ ਕਿ ਜੇ ਇਨਸਾਨ ਅਠਾਰਹ ਤੀਰਥਾਂ ਦਾ ਇਸ਼ਨਾਨ ਕਰੇ, ਬਾਰ੍ਹਾਂ ਸ਼ਿਲਾ ਦੀ ਪੂਜਾ ਕਰੇ, ਲੋਕਾਂ ਲਈ ਖੂਹ ਤੁਲਾ ਬਣਾਵੇ ਕੁਰਕਸ਼ੇਤਰ ਦੇ ਮੇਲੇ ਤੇ ਜਾ ਜਮਿਤ੍ਰੀਆਂ ਜੁੜੇ ਅਤੇ ਇਸਤਰੀ ਨੂੰ ਸ਼ਿੰਗਾਰ ਸਮੇਤ ਦਾਨ ਕਰੇ, ਜੇ ਉਹ ਯੱਗ ਕਰੇ, ਧਰਤੀ ਦਾਨ ਕਰੇ। ਆਪਣਾ ਕੰਮ ਵਿਗਾੜ ਕੇ ਦੂਸਰੇ ਦਾ ਸੰਵਾਰੇ। ਐਨਾ ਕੁਝ ਕਰਨ ਦੇ ਬਾਵਜੂਦ ਜੇ ਉਹ ਨਿੰਦਾ ਕਰਦਾ ਤਾਂ ਸਭ ਬਿਰਥਾ ਜਾਂਦਾ ਹੈ। ਰਵਿਦਾਸ ਨਿੰਦਕ ਨੂੰ ਪਾਪੀ ਕਹਿੰਦੇ ਹਨ ਤੇ ਉਸਦਾ ਵਾਸਾ ਨਰਕਾਂ ਵਿਚ ਦੱਸਦੇ ਹਨ।

## ਸੱਚ ਬੋਲਣਾ

ਸੱਚ ਇਕ ਅਜਿਹੀ ਜੀਵਨ ਕਲਾ ਹੈ ਜਿਹੜੀ ਜੀਵਨ ਨੂੰ ਚੰਗੇ ਰਾਹ ਤੇ ਤੁਰਨ ਅਤੇ ਮਨੁੱਖ ਨੂੰ ਉਤਮ ਜੀਵਨ ਜੀਉਣਾ ਸਿਖਾਉਂਦਾ ਹੈ। ਅਸੀਂ ਆਪਣੇ ਤੋਂ ਬਾਹਰ ਦੇ ਗਿਆਨ ਵਿਗਿਆਨ ਬਾਰੇ ਤਾਂ ਹੀ ਸੁਚੱਜੇ ਢੰਗ ਨਾਲ ਸੋਚ ਸਮਝ ਸਕਦੇ ਹਾਂ ਜੇ ਆਪਣੇ ਜੀਊਣ ਦਾ ਰਸਤਾ ਚੁਣ ਚੁੱਕੇ ਹੋਈਏ। ਅਸੀਂ ਸੱਚ ਨੂੰ ਕਿਸ ਪੱਧਰ ਤੱਕ ਅਪਣਾ ਲਿਆ ਹੈ ਅਸੀਂ ਕੀ ਹਾਂ ਆਦਿ ਬਾਰੇ ਸੋਚਦੇ ਹੋਏ ਪਰਮ ਸੱਚ ਦੀ ਅਵਸਥਾ ਦਾ ਸੁਪਨਾ ਪੂਰਾ ਹੁੰਦਾ ਵੇਖ ਸਕਦੇ ਹਾਂ। ਅਜਿਹੇ ਸੱਚ ਬਾਰੇ ਰਵਿਦਾਸ ਦੀ ਬਾਣੀ ਵਿਚ ਜਿਕਰ ਮਿਲਦਾ ਹੈ। ਸੰਸਾਰ ਦੀ ਹਰ ਚੀਜ ਤੋਂ ਸੱਚ ਉਪਰ ਹੈ ਜੇ ਸੱਚ ਤੋਂ ਉਪਰ ਕੁਝ ਹੈ ਤਾਂ ਉਹ ਹੈ ਸੱਚਾ ਆਚਰਨ ਬਹੁਤ ਜਰੂਰੀ ਹੈ। ਇਸ ਬਾਰੇ ਰਵਿਦਾਸ ਨੇ ਉਸ ਸਮੇਂ ਦੀ ਗੱਲ ਕੀਤੀ ਜਦੋਂ ਕਿ ਚਾਰੇ ਪਾਸੇ ਅਸ਼ਾਂਤੀ, ਅਵਿਸ਼ਵਾਸ ਫੈਲਿਆ ਹੋਇਆ ਸੀ। ਆਪ ਨੇ ਸੱਚ ਤੇ ਜੋਰ ਦਿੱਤਾ।

ਆਪ ਕਹਿੰਦੇ ਹਨ ਕਿ ਜਦ ਤੱਕ ਸਰੀਰ ਵਿਚ ਪ੍ਰਾਣ ਹੈ ਸੱਚ ਨੂੰ ਨਹੀਂ ਛੱਡਣਾ ਚਾਹੀਦਾ। ਸੱਚ ਦੇ ਸਮਾਨ ਦੁਨੀਆਂ ਵਿਚ ਹੋਰ ਕੋਈ ਧਰਮ ਜਾਂ ਮੂੱਲ ਨਹੀਂ ਹੈ। ਆਪ ਸਤਿ ਨੂੰ ਮੂੱਲ ਦੀ ਆਸਥਾ ਦੱਸਦੇ ਹੋਏ ਲਿਖਦੇ ਹਨ ਕਿ ਜਦੋਂ ਤੁਹਾਡਾ ਅੰਤਰ-ਮਨ ਇਹ ਅਨੁਭਵ ਕਰੇ ਕਿ ਸੱਚ ਹੈ ਭਾਵ ਇਸਨੂੰ ਸ਼ਕਤੀ ਦੇ ਰੂਪ ਵਿਚ ਸਵੀਕਾਰ ਕਰੇ ਤਾਂ ਸੱਚ ਦੀ ਸ਼ਕਤੀ ਨੂੰ ਸੱਚ ਦੇ ਅਨੁਭਵ ਅਨੁਸਾਰ ਹੀ ਪ੍ਰਵਾਹਿਤ ਕੀਤਾ ਜਾ ਸਕਦਾ ਹੈ ਇਹ ਹੀ ਸੱਚਾ ਗਿਆਨ ਹੈ। ਧਾਰਮਿਕ ਸੰਦਰਭ ਵਿਚ ਰਵਿਦਾਸ ਈਸ਼ਵਰ ਦੇ ਨਾਮ ਨੂੰ ਸਤਿ ਮੰਨਦੇ ਹਨ। ਉਹ ਕਹਿੰਦੇ ਹਨ ਕਿ ਓਅੰਕਾਰ ਸਦਾ ਸੱਚ ਹੈ ਜਿਹੜਾ ਹਰ ਕਾਲ ਵਿਚ ਵਿਦਵਾਨ ਰਹਿੰਦਾ ਹੈ ਅਤੇ ਇਸਦੇ ਸਾਹਮਣੇ ਮਾਇਆ ਰੂਪੀ ਸੰਸਾਰ ਅਸਤਿ ਹੈ। ਸਮਾਜਿਕ ਕਰਮ ਵਿਚ ਸੱਚ ਦੀ ਕਾਰ ਕਰਨ ਵਾਲੇ ਮਨੁੱਖ ਨੂੰ ਹੀ ਸੱਚਾ ਮਨੁੱਖ ਸਮਝਦੇ ਸਨ:-

ਮਨ ਮੇਰੇ ! ਸਤਿ ਸਰੂਪ ਵਿਚਾਰੋ।
ਆਦਿ ਅੰਤ ਅਨੰਤ ਪਰਮਪਦ, ਸੰਸਾ ਸਕਲ ਨਿਵਾਰੋ।[159]

ਮਨ ਰੇ ਹਰਿ ਭਜ ਸ਼ਾਮ ਸਵੇਰੇ।
ਜੋ ਜਿਹਿ ਕਰੈ ਵੈਸਾ ਹੀ ਪਾਵੈ, ਕਰਮ ਫਲ ਤਤਕਾਲ ਨਿਬੇਰੇ।
ਬਹੁਤੇ ਜਗਿ ਕਰੈ ਨਹੁ ਰਾਜਾ, ਮਨ ਮਹਿੰ ਭਈ ਬਡ਼ਾਈ।
ਕਹਿ ਹੰਕਾਰ ਸੱਤ ਰਿਖਿ ਰਥ ਜੋਏ, ਜੋਨ ਸਰਪਉ ਪਾਇਓ।[160]

ਭਾਈ ਰੇ ! ਰਾਮ ਕਹਾਂ ਹੈ ਮੋਹਿ ਬਤਾਵੈ, ਸਤਿ ਰਾਮ ਤਾਕੈ ਨਿਕਟ ਨਾ ਆਵੈ।

- - - - - - - - - - - - - - - - - - - - - - - - - - -

ਸੰਤਤ ਨ ਲੋਭ ਪਰਜਿ ਜੋਸ ਤਨ ਮਨ ਗੁਨ ਪਰਸਤ ਨਹਿੰ ਜਾਈ।
ਅਖਿਲ ਨਾਂਵ ਜਾ ਕੋ ਠੌਰ ਨ ਕਤਹੂੰ, ਕਹੂੰ ਨ ਕਹਯੋ ਸਮੁਝਾਈ।
ਭਣੈ 'ਰਵਿਦਾਸ' ਉਦਾਸ ਤਾਹੀ ਥੈ, ਕਰਤਾ ਕੋ ਹੈ ਭਾਈ।
ਕੇਵਲ ਕਰਤਾ ਏਕ ਸਹੀ ਕਰਿ, ਸਤਿ ਰਾਮ ਤਿਹਿੰ ਠਾਈ।[161]

ਭੇਖ ਲਿਯੋ ਪੈ ਭੇਦ ਨ ਜਾਨਯੋ, ਅੰਮ੍ਰਿਤ ਲੇਇ ਬਿਖੈ ਸੋ ਸਾਨਯੋ।
ਕਾਮ ਕ੍ਰੋਧ ਮੇਂ ਜਨਮ ਗਵਾਯੋ, ਸਾਧ ਸੰਗਤਿ ਮਿਲਿ ਰਾਮ ਨ ਗਾਯੋ।
ਤਿਲਕ ਦੀਯੋ ਪੈ ਤਪਨਿ ਨ ਜਾਈ, ਮਾਲਾ ਪਹਰਿ ਘਨੇਰੀ ਲਾਈ।
ਕਹੈ 'ਰਵਿਦਾਸ' ਮਰਮ ਜੁ ਪਾਯੋ, ਦੇਵ ਨਿਰੰਜਨ ਸਤਿ ਕਰਿ ਧਯਾਯੋ।[162]

ਭਾਈ ਰੇ ! ਭ੍ਰਮ ਭਗਤਿ ਸੂੰ ਜਾਨਿ।
ਜੌ ਲੌ ਨਹੀਂ ਸਾਂਚ ਸੂੰ ਪਹਿਚਾਨਿ।[163]

ਬਾਪੁਰੋ ਸਤਿ ਰੈਦਾਸ ਕਹੈ ਰੇ।
ਗਯਾਨ ਬਿਚਾਰਿ ਚਰਨ ਚਿਤ ਲਾਵੈ, ਹਰਿ ਕੀ ਸਰਨਿ ਰਹੈ ਰੇ।[164]

ਇਸੇ ਤਰ੍ਹਾਂ ਨੈਤਿਕ ਸੰਦਰਭ ਵਿਚ ਉਹ ਆਤਮਾ ਦੀ ਸੱਚ ਪ੍ਰਤੀ ਨਿਸ਼ਠਾ ਨੂੰ ਹੀ ਤਰਜੀਹ ਦਿੰਦੇ ਸਨ। ਹਰ ਖੇਤਰ ਵਿਚ ਸੱਚ ਦਾ ਪੱਲਾ ਨਾ ਛੱਡਣ ਦੀ ਸਿੱਖਿਆ ਦਿੰਦੇ ਹਨ ਅਤੇ ਸੱਚ ਬੋਲਣ ਦੀ ਪ੍ਰੇਰਣਾ ਦਿੰਦੇ ਹਨ।

## ਨਿਮਰਤਾ

ਸੱਚ ਬੋਲਣ ਦਾ ਉਪਦੇਸ਼ ਦੇਣ ਵਾਲਿਆਂ ਨੇ ਮਨੁੱਖ ਨੂੰ ਹੰਕਾਰ ਦਾ ਤਿਆਗ ਕਰਕੇ ਨਿਮਰਤਾ ਅਪਣਾਉਣ ਲਈ ਕਿਹਾ। ਨਿਮਰ ਸੁਭਾਅ ਵਾਲਾ ਵਿਅਕਤੀ ਸਦਾ ਸੁੱਖੀ ਰਹਿੰਦਾ ਹੈ ਤੇ ਗੁਰੂ ਰਵਿਦਾਸ ਦੇ ਜੀਵਨ ਅਤੇ ਬਾਣੀ ਦਾ ਜਿਨ੍ਹਾਂ ਵਿਦਵਾਨਾਂ ਨੇ ਅਧਿਐਨ ਕੀਤਾ ਉਨ੍ਹਾਂ ਸਾਰਿਆਂ ਨੇ ਹੀ ਮੰਨਿਆ ਹੈ ਕਿ ਉਹ ਬਹੁਤ ਨਿਮਰ ਸੁਭਾਅ ਦੇ ਮਾਲਕ ਸਨ। ਰਵਿਦਾਸ ਨੂੰ ਵੱਡੇ ਹੋਣ ਤੇ ਜਦ ਘਰਦਿਆਂ ਨੇ ਅੱਡ ਕੀਤਾ ਤਾਂ ਉਨ੍ਹਾਂ ਨੂੰ ਘਰ ਦੇ ਪਿਛਵਾੜੇ ਥਾਂ ਦਿੱਤੀ ਗਈ ਤੇ ਜਿਹੜੀ ਸੰਪੱਤੀ ਵੰਡ ਵਿਚ ਆਈ ਨਾ ਮਿਲੀ ਇਸ ਤੇ ਵੀ ਉਨ੍ਹਾਂ ਨੇ ਕੋਈ ਉਜਰ ਨਾ ਕੀਤਾ। ਰਵਿਦਾਸ ਪ੍ਰਤੀ ਇਸੇ ਸੰਦਰਭ ਵਿਚ ਅਨੰਤਦਾਸ ਵੈਸ਼ਨਵ

ਨੇ 'ਬਿਚਾਰੇ' ਸ਼ਬਦ ਦਾ ਪ੍ਰਯੋਗ ਕੀਤਾ ਜਿਹੜਾ ਉਨ੍ਹਾਂ ਦੇ ਨਿਮਰ ਹੋਣ ਦਾ ਪ੍ਰਮਾਣ ਦਿੰਦਾ ਹੈ:-

ਰਾਖਯੋ ਬਾਖਿਰ ਕੇ ਪਿਛਵਾਰੇ, ਕੁਛ ਨਾ ਕਹਯਾ ਰੈਦਾਸ 'ਬਿਚਾਰੇ'
ਆਦਰ ਕਰਿ ਆਗੈ ਬੈਠਾਰੈ, ਦੀਨ ਬਚਨ ਕਹਿ ਚਰਨ ਪਖਾਰੈ।[165]

ਹਜਾਰੀ ਪ੍ਰਸਾਦ ਦਿਵੇਦੀ ਅਨੁਸਾਰ – "ਮਹਾਤਮਾ ਰਵਿਦਾਸ ਬੜੇ ਹੀ ਮਧੁਰ ਸੁਭਾਉ ਦੇ ਭਗਤ ਸਨ ਇਸ ਅਰਥ ਵਿਚ ਉਹ ਸੱਚੇ ਵੈਸ਼ਨਵ ਸਨ। ਹਿੰਸਕ, ਨਿਰ-ਅਭਿਮਾਨ ਅਤੇ ਮਾਨ-ਦਾਰ।"[166]

ਰਵਿਦਾਸ ਕਿੰਨੇ ਨਿਰਮਾਣ ਸਨ ਇਸਦਾ ਸਬੂਤ ਉਨ੍ਹਾਂ ਦੀ ਇਸ ਗੱਲ ਤੋਂ ਮਿਲਦਾ ਹੈ ਕਿ ਰਾਜੇ-ਰਾਣੀਆਂ ਜਿਸਦੇ ਸ਼ਿਸ਼ ਬਣ ਗਏ ਹੋਣ ਉੱਚੀ ਕੁਲ ਦੇ ਬ੍ਰਾਹਮਣ ਜਿਸਦੀ ਵਿਦਵਤਾ ਦਾ ਲੋਹਾ ਮੰਨ ਚੁੱਕੇ ਹੋਣ ਅਤੇ ਸਮਕਾਲੀ ਸਮਾਜ ਵਿਚ ਜਿਸਨੂੰ ਉਚੇਰਾ ਸਥਾਨ ਪ੍ਰਾਪਤ ਹੋ ਚੁੱਕਿਆ ਹੋਵੇ ਫੇਰ ਵੀ ਉਹ ਆਪਣੇ ਆਪ ਨੂੰ ਚਮਾਰ ਜੁੱਤੀਆਂ ਗੰਢਣ ਵਾਲਾ ਕਹਿੰਦੇ ਹਨ:-

ਚਮਰਟਾ ਗਾਂਠਿ ਨ ਜਨਈ। ਲੋਗ ਗਠਾਵੈ ਪਨਹੀ।
ਆਰ ਨਹੀ ਜਿਹ ਤੋਪਉ। ਨਾਹੀ ਰਾਂਬੀ ਠਾਉ ਰੋਪਉ।
ਲੋਗੁ ਗੰਠਿ ਗੰਠਿ ਖਰਾ ਬਿਗੂਚਾ, ਹਉ ਬਿਨੁ ਗਾਂਠੇ ਜਾਇ ਪਹੂਚਾ।
ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ।[167]

ਰਵਿਦਾਸ ਕਹਿੰਦੇ ਹਨ ਕਿ ਅਸਾਂ ਆਪਣੇ ਆਪ ਨੂੰ ਉੱਚ ਕੁਲੀਨ ਪੰਡਤ, ਜੋਗੀ, ਸੰਨਿਆਸੀ, ਗੁਣੀ-ਗਿਆਨੀ, ਸੂਰਮੇ ਅਤੇ ਦਾਨੀ ਕਹਿੰਦੇ ਹਾਂ ਇਹ ਸਾਡੀ ਨਾ ਸਮਝੀ ਹੈ:-

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।
ਮੋਹਿ ਅਧਾਰੁ ਨਾਮੁ ਨਰਾਇਨ ਜੀਵਨ ਪ੍ਰਾਨ ਧਨ ਮੋਰੇ।[168]

ਆਪਦੀ ਸਮੁੱਚੀ ਬਾਣੀ ਦਾ ਅਧਿਐਨ ਆਪਦੇ ਨਿਮਰ ਅਤੇ ਸ਼ਾਂਤ ਜੀਵਨ ਬਿਤਾਉਣ ਦੀ ਹਾਮੀ ਭਰਦਾ ਹੈ।

## ਆਤਮਿਕ ਪਵਿਤਰਤਾ

ਰਵਿਦਾਸ ਅਨੁਸਾਰ ਆਤਮਿਕ ਪਵਿਤਰਤਾ ਉਹ ਹੈ ਜਿਸ ਅਵਸਥਾ ਵਿਚ ਪਹੁੰਚ ਕੇ ਇਨਸਾਨ ਦੁੱਖ-ਸੁੱਖ, ਹਰਖ, ਸੋਗ ਸਭ ਕੁਝ ਮਿਟਾ ਦਿੰਦਾ ਹੈ ਤੇ ਮੇਰੀ-ਤੇਰੀ ਦੀ ਭਾਵਨਾ ਖਤਮ ਹੋ ਜਾਂਦੀ ਹੈ। ਭਗਤੀ ਦੁਆਰਾ ਆਤਮਿਕ ਜੀਵਨ ਵਿਚ ਸੂਝ ਪੈਦਾ ਹੁੰਦੀ ਹੈ। ਅੰਤਰ ਆਤਮੇ ਪ੍ਰਕਾਸ਼ ਹੋ ਜਾਂਦਾ ਹੈ ਅਤੇ ਸਾਰੀਆਂ ਤ੍ਰਿਸ਼ਨਾਵਾਂ ਦਾ ਨਾਸ਼ ਹੋ ਜਾਂਦਾ ਹੈ:-

ਉਪਜਿਉ ਗਿਆਨ ਹੂਆ ਪ੍ਰਗਾਸ।
ਕਰਿ ਕਿਰਪਾ ਲੀਨੇ ਕੀਟ ਦਾਸ।
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ।
ਜਪਿ ਜਪਿ ਮੁਕੰਦ ਸੇਵਾ ਤਾਹੂ ਕੀ।[169]

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।
ਹਰਿ ਕੇ ਨਾਮ ਕਬੀਰ ਉਜਾਗਰ।
ਜਨਮ ਜਨਮ ਕੇ ਕਾਟੇ ਕਾਗਰ।
ਨਿਮਤ ਨਾਮਦੇਉ ਦੂਧੁ ਪੀਆਇਆ।
ਤਉ ਜਗ ਜਨਮ ਸੰਕਟ ਨਹੀ ਆਇਆ।
ਜਨ ਰਵਿਦਾਸ ਰਾਮ ਰੰਗਿ ਰਾਤਾ।
ਇਉਂ ਗੁਰਪ੍ਰਸਾਦਿ ਨਰਕ ਨਹੀ ਜਾਤਾ।[170]

ਹੌ ਬਨਿਜਾਰੋ ਰਾਮ ਕੋ, ਹਰਿ ਜੂ ਕੋ ਟਾਂਡੋ ਲਾਦੇ ਜਾਵ ਰੇ।
ਰਾਮ ਨਾਮ ਧਨ ਪਾਯੋ, ਤਾਤੇ ਸਹਜ ਕਰੌ ਵਯਾਪਾਰ ਰੇ।
ਔਘਟ ਘਾਟ ਘਨੋ ਘਣਾ ਰੇ, ਨਿਰਗੁਨ ਬੈਲ ਹਮਾਰ ਰੇ।
ਰਾਮ ਨਾਮ ਹਮ ਲਾਦਯੋ, ਤਾਤੇ ਬਿਖ ਲਾਦਯੋ ਸੰਸਾਰ ਰੇ।[171]

ਊਚੇਂ ਮੰਦਿਰ ਸਾਲ ਰਸੋਈ।
ਏਕ ਘਰੀ ਫੁਨਿ ਰਹਨੁ ਨ ਹੋਈ।
ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ।
ਜਲਿ ਗਇਓ ਘਾਸੁ ਰਲਿ ਗਇਓ ਮਾਟੀ।
ਭਾਈ ਬੰਧ ਕੁਟੰਬ ਸਹੇਰਾ।
ਓਇ ਭੀ ਲਾਗੇ ਕਾਢੁ ਸਵੇਰਾ।
ਘਰ ਕੀ ਨਾਰਿ ਉਰਹਿ ਤਨ ਲਾਗੀ।
ਉਹ ਤਉ ਭੂਤੁ ਭੂਤੁ ਕਰਿ ਭਾਗੀ।
ਕਹਿ ਰਵਿਦਾਸ ਸਭੈ ਜਗੁ ਲੂਟਿਆ।
ਹਮ ਤਉ ਏਕ ਰਾਮ ਕਹਿ ਛੂਟਿਆ।[172]

ਐਸੀ ਲਾਲ ਤੁਝ ਬਿਨ ਕਉਨ ਕਰੈ।
ਗਰੀਬ ਨਿਵਾਜੁ ਗੁਸਾਈਆ ਮੇਰਾ ਮਾਥੈਂ ਛਤ੍ਰ ਧਰੈ।
ਜਾ ਕੀ ਛੋਤਿ ਜਗਤ ਕਉ ਲਾਗੈ ਤਾਂ ਪਰ ਤੁਹੀ ਢਰੈ।
ਨੀਚਹੁ ਊਚ ਕਰੇ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।
ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇਂ ਸਭੈ ਸਰੈ।[173]

ਕਾ ਤੂ ਸੋਵੈ ਜਾਗਿ ਦਿਵਾਨਾ, ਝੂਠਾ ਜੀਵਨ ਸਾਚਿ ਕਰਿ ਜਾਨਾ
ਜੋ ਦਿਨ ਆਵੈ ਸੋ ਦੁਖ ਮੈਂ ਜਾਹੀ, ਕੀਜੈ ਕੂਚ ਰਹਣਾ ਸਚੁ ਨਾਹੀਂ
ਸੰਗੀ ਚਲਯੋ ਹੈ ਹਮ ਭੀ ਚਲਨਾ, ਦੂਰਿ ਗਵਨ ਸਿਰ ਊਪਰਿ ਮਰਨਾ।[174]

ਆਤਮਿਕ ਪਵਿਤਰਤਾ ਤੋਂ ਬਿਨ੍ਹਾਂ ਭਗਤੀ ਭਾਵ ਪੈਦਾ ਨਹੀਂ ਹੋ ਸਕਦਾ ਜਿਸਤੋਂ ਬਿਨ੍ਹਾਂ ਪ੍ਰਭੂ-ਮਿਲਨ ਕਠਿਨ ਹੀ ਨਹੀਂ ਅਸੰਭਵ ਵੀ ਹੈ। ਰਵਿਦਾਸ ਸਾਰੇ ਜੀਵਾਂ ਵਿਚ ਇਕੋ ਆਤਮਾ ਅਤੇ ਪਰਮਾਤਮਾ ਦਾ ਵਾਸਾ ਦੱਸਦੇ ਹਨ ਤੇ ਕਿਸੇ ਜੀਵ ਦੀ ਹੱਤਿਆ ਕਰਨ ਤੋਂ ਮਨ੍ਹਾ ਕਰਦੇ ਹਨ। ਸੰਤ ਰਵਿਦਾਸ ਨਾਲ ਸੰਬੰਧਤ ਕਈ ਸਾਖੀਆਂ ਵਿਚ ਉਨ੍ਹਾਂ ਵਲੋਂ ਆਤਮਿਕ ਪਵਿਤਰਤਾ ਵਿਚੋਂ ਉਪਜੀ ਆਤਮਿਕ ਸ਼ਕਤੀ ਤਹਿਤ ਕੁਝ ਕਰਾਮਾਤਾਂ ਦਾ ਹਵਾਲਾ ਵੀ ਮਿਲਦਾ ਹੈ ਜਿਵੇਂ — ਆਪਣੇ ਸਰੀਰ ਵਿਚੋਂ ਜੰਜੂ ਕੱਢ ਕੇ ਵਿਖਾਉਣਾ,

ਪੱਥਰੀ ਹੇਠੋਂ ਗੰਗਾ ਚਲਦੀ ਦਿਖਾਉਣੀ ਅਤੇ ਬ੍ਰਾਹਮਣ ਨੂੰ ਇਕ ਕੰਗਣ ਦੇ ਨਾਲ ਦਾ ਦੂਜਾ ਕੰਗਣ ਦੇਣ ਲਈ ਬੇਸ਼ੁਮਾਰ ਕੰਗਣ ਹਵਾਲੇ ਕਰਨੇ ਆਦਿ। ਰਵਿਦਾਸ ਪਰਮਾਤਮਾ ਪ੍ਰਾਪਤੀ ਲਈ ਮਨੁੱਖ ਅੰਦਰ ਭਗਤੀ-ਭਾਵ ਪੈਦਾ ਕਰਨ ਲਈ ਆਤਮਿਕ ਸੁਧਤਾ ਨੂੰ ਮਹੱਤਵ ਦਿੰਦੇ ਹਨ।

## ਦੁੱਖ-ਸੁੱਖ

ਰਵਿਦਾਸ ਇਨਸਾਨ ਨੂੰ ਸੰਸਾਰ ਵਿਚੋਂ ਵਿਚਰਦੇ ਹੋਏ ਸੁੱਖ ਦੁੱਖ ਵਿਚ ਇਕੋ ਜਿਹਾ ਰਹਿਣ ਲਈ ਕਹਿੰਦੇ ਹਨ। ਉਹ ਸੁੱਖ ਵਿਚ ਜ਼ਿਆਦਾ ਖੁਸ਼ ਹੋਣ ਅਤੇ ਦੁਖ ਵਿਚ ਜ਼ਿਆਦਾ ਗਮੀ ਕਰਨ ਤੋਂ ਬੇਲਾਗ, ਸਾਬਰ ਚਿੱਤ ਅਤੇ ਮਨ ਨੂੰ ਅਡੋਲ ਰੱਖਣ ਲਈ ਪ੍ਰੇਰਦੇ ਹਨ। ਦੁੱਖ ਸੁੱਖ ਦੀ ਅਨੁਭੂਤੀ ਮਨ ਦੁਆਰਾ ਇਕ ਸਾਰ ਹੋਵੇ ਤਾਂ ਦੁੱਖ ਵੀ ਸੁੱਖ ਬਣ ਜਾਂਦਾ ਹੈ। ਧਨ ਦੁੱਖਾਂ ਦੀ ਖਾਨ ਹੈ। ਧਨ ਤਿਆਗਣ ਵਿਚ ਸੁੱਖ ਅਤੇ ਇਕੱਤਰ ਕਰਨ ਵਿਚ ਦੁੱਖ ਹੈ। ਸੱਚਾ ਸੁੱਖ ਤਾਂ ਸੱਤ ਧਰਮ ਵਿਚ ਹੈ। ਰਵਿਦਾਸ ਅਨੁਸਾਰ ਪਰਮਸੁੱਖ ਸੰਤੋਖ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਥੇ ਸੰਤੋਖ ਹੈ ਉਥੇ ਦੁੱਖ ਮਹਿਸੂਸ ਨਹੀਂ ਹੁੰਦਾ। ਫੇਰ ਵੀ ਰਵਿਦਾਸ ਇਕ ਸੁਖੀ ਸੰਸਾਰ ਦੀ ਕਲਪਨਾ ਕਰਦੇ ਹੋਏ ਦੁੱਖਾਂ ਰਹਿਤ ਸੰਸਾਰ ਉਸਾਰਨ ਦਾ ਸੰਕਲਪ 'ਬੇਗਮਪੁਰਾ' ਸ਼ਹਿਰ ਦੀ ਰਚਨਾ ਰਾਹੀਂ ਦਿੰਦੇ ਹਨ:--

ਬੇਗਮਪੁਰਾ ਸਹਰ ਕੋ ਨਾਉ।
ਦੂਖੁ ਅੰਦੋਹੁ ਨਹੀ ਤਿਹ ਠਾਉ,
ਨਾ ਤਸਵੀਸ ਖਿਰਾਜੁ ਨ ਮਾਲੁ।
ਖਉਫ ਨ ਖਤਾ ਨ ਤਰਸ ਜਵਾਲੁ।
ਅਬ ਮੋਹਿ ਖੂਬ ਵਤਨ ਗਹਿ ਪਾਈ।
ਊਹਾਂ ਖੈਰਿ ਸਦਾ ਮੇਰੇ ਭਾਈ।
ਕਾਇਮੁ ਦਾਇਮ ਸਦਾ ਪਾਤਿਸ਼ਾਹੀ
ਦੋਮ ਨ ਸੇਮ ਏਕ ਸੋ ਆਹੀ।
ਆਬਦਾਨਾ ਸਦਾ ਮਸਹੂਰ।
ਊਹਾਂ ਗਨੀ ਬਸਹਿ ਮਾਮੂਰ।

ਤਿਉਂ ਤਿਉਂ ਸੈਲ ਕਰਹਿ ਜਿਉ ਭਾਵੈ।
ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸ ਚਮਾਰਾ।
ਜੋ ਹਮ ਸਹਰੀ ਸੋ ਮੀਤੁ ਹਮਾਰਾ।[175]

ਬਿਨ ਦੇਖੇ ਉਪਜੈ ਨਹੀ ਆਸਾ। ਜੋ ਦੀਸੈ ਸੋ ਹੋਇ ਬਿਨਾਸਾ।
ਬਰਨ ਸਹਿਤ ਜੋ ਜਾਪੈ ਨਾਮੁ। ਸੋ ਜੋਗੀ ਕੇਵਲ ਨਿਹਕਾਮੁ।
ਪਰਚੈ ਰਾਮੁ ਰਵੈ ਜਉ ਕੋਈ। ਪਾਰਸੁ ਪਰਸੈ ਦੁਬਿਧਾ ਨ ਹੋਈ।[176]

ਬੀਤਿ ਆਉਂ ਭਜਨ ਨਹੀ ਕੀਨ੍ਹਾ।
ਜੇਤ ਭਯਉ ਤਨ ਘਰ ਘਰ ਕਪਹਿ, ਹਰਿ ਸਿਮਰਨੁ ਨਹੀ ਕੀਨ੍ਹਾ।
ਸਤ ਸੰਗਤ ਨਹੀਂ ਗੁਰ ਪਦ ਸੇਉ ਪ੍ਰਭ ਕੀਰਤਿ ਨਹੀਂ ਗਾਈ।
ਨਹੀਂ ਮਨ ਰਮਯੋ ਪ੍ਰਭ ਚਰਨਨ ਮਹਿੰ, ਤਨ ਜਯੋਂ ਪਰੀਤ ਦ੍ਰਿੜਾਈ।
ਕਹਿ ਰਵਿਦਾਸ ਚਲਨ ਕੀ ਬਿਰਿਯਾਂ, ਕੋਊ ਨ ਹੋਹੁ ਸਹਾਈ।[177]

ਝੂਠੀ ਮਾਯਾ ਜਗ ਡਹਕਾਯਾ, ਤੌਂ ਤਨਿ ਤਾਪ ਦਹੈ ਰੇ।
ਕਹੈ 'ਰੈਦਾਸ' ਰਾਮ ਜਪ ਰਸਨਾ, ਮਾਯਾ ਕੇ ਸੰਗਿ ਨ ਰਹੈ ਰੇ।[178]

ਬਰਜਿ ਹੋ ਬਰਜਿ ਬੀਠਲੇ, ਮਾਯਾ ਜਗੁ ਖਾਯਾ।
ਮਹਾ ਪ੍ਰਬਲ ਸਬ ਹੀ ਬਸਿ ਕੀਯੇ, ਸੁਰ ਨਰ ਮੁਨਿ ਭਰਮਾਯਾ।

- - - - - - - - - - - - - - - - - - - - - - -

ਜਿਨ ਬਾਤਨਿ ਸੁਖ ਹੋਹੁ ਸਰਿਯਤ ਹੈ, ਸਬ ਕੋ ਰਹੇ ਦੁਰਾਈ।
ਨੇਕੁ ਦ੍ਰਿਸ਼ਟਿ ਕਿਨ ਰਾਖਹੁ ਕੇਸੋ, ਮੇਟਹੁ ਬਿਪਤਿ ਹਮਾਰੀ।[179]

ਸੋ ਕਹਾ ਜਾਨੈ ਰਾਮ ਪੀਰ ਪਰਾਈ, ਜਾਕੀ ਦਿਲ ਮਹਿੰ ਦਰਦ ਨ ਆਈ।
ਦੁਖੀ ਦੁਹਾਗਨਿ ਹੋਇ ਪਚ ਹੀਨੀ, ਨੇਹ ਨਿਰਤਿ ਕਰਿ ਸੇਵ ਨ ਕੀਨ੍ਹੀ।
ਸਯਾਮ ਪ੍ਰੇਮ ਕਾ ਪੰਥ ਦੁਹੇਲਾ, ਚਲਨ ਅਕੇਲਾ ਤਹਾਂ ਕੋਈ ਸੰਗਿ ਨ ਹਵੈਲਾ।
ਸੁਖ ਕੀ ਸਾਰ ਸੁਹਾਗਨਿ ਜਾਨੈ, ਤਨ ਮਨ ਦੇਇ ਅੰਤਰ ਨਹਿੰ ਆਨੈ।
ਆਨ ਸੁ ਨਾਂਵ ਔਰ ਨਹਿੰ ਭਾਖੈ, ਰਾਮ ਰਸਾਇਨ ਰਸਨਾ ਚਾਖੈ।[180]

ਸੁਖ ਸਾਗਰੁ ਸੁਰਤਰੁ ਚਿੰਤਾਮਨਿ ਕਾਮਧੇਨੁ ਬਸਿ ਜਾਕੈ।
ਚਾਰਿ ਪਦਾਰਥ ਅਸਟ ਦਸਾ ਸਿਧਿ ਨਵਨਿਧਿ ਕਰਤਲ ਤਾਕੈ।
ਹਰਿ ਹਰਿ ਹਰਿ ਨ ਜਪਹਿ ਰਸਨਾ।
ਅਵਰ ਸਭ ਤਿਆਗਿ ਬਚਨ ਰਚਨਾ।[181]

ਸਮੁਝਿ ਮਨ ਨਿਤ ਨਿਰਮਲ ਜਸ ਗਾਇਓ।
ਰਘੁਪਤਿ ਪ੍ਰਭ ਕੇ ਚਰਨ ਤਜਿ, ਅਨਤ ਕਿਤਹੂੰ ਜਿਨ ਜਾਇਓ।
ਯਹੁ ਸੰਸਾਰ ਸਘਨ ਬਨ ਕਿਛੁ ਹੈ, ਤਾਂ ਮੈਂ ਬਹੁ ਦੁਖ ਦੰਦ ਬਤਾਇਓ।
ਰੂਪ ਨਵਲ ਕੇ ਉਨਮਦਿ ਮਾਨੁਖਾ, ਪਰਹੁ ਪਛੇ ਜਿਮਿ ਆਇਓ।
ਕਾਮ ਕਲੇਸ਼ ਪ੍ਰਬਸਿ ਜਗ ਧਾਇਸ, ਕੇਹੂ ਨ ਕਹੇ ਸਚੁ ਪਾਇਓ।[182]

ਜੇ ਦੁਖ ਹੋਤ ਜਾਪ ਕੂੰ ਭੇਂਟੇ, ਗਾਵਤ ਸਜਸਿ ਸਕਲ ਦੁਖ ਮੇਟੇ।
ਤੇ ਕਿਮ ਜਾਂਗ ਸੰਤਨ ਮਹਿਮਾ, ਜੋ ਮਾਯਾ ਜੰਜਾਲ ਲਪੇਟੇ।
ਔਰ ਧਰਹਿ ਤਿਨ੍ਹ ਕਛੁ ਨਾਹਿ ਉਚਰੈ, ਉਦਰ ਭਰਹਿ ਸਭੂ ਕਰਤਬ ਠੇਟੇ।
ਜਨ ਰਵਿਦਾਸ ਰਾਮੁ ਦਲ ਗਰਜਤਿ, ਸਕਹੂੰ ਰਸਾਇਣ ਪਦਾਰਥ ਭੇਟੇ।[183]

ਰਵਿਦਾਸ ਦਾ ਬੇਗਮਪੁਰਾ ਜ਼ਾਹਿਰ ਸ਼ਬਦ ਮਨੁੱਖੀ ਸੰਦਰਭ ਵਿਚ ਹਜ਼ਾਰਾਂ ਸਾਲਾਂ ਤੱਕ ਇਕ ਆਦਰਸ਼ ਮਾਡਲ ਦੇ ਤੌਰ ਤੇ ਦਿਸ਼ਾ ਮੁਨਾਰਾ ਬਣਿਆ ਰਹੇਗਾ ਕਿਉਂਕਿ ਭੌਤਿਕਵਾਦ ਦੀ ਬੁਰਾਈਆਂ ਕਾਰਨ, ਨੇੜ ਭਵਿੱਖ ਵਿਚ ਅਜਿਹੇ ਸਮਾਜ ਦੀ ਸਿਰਜਣਾ, ਮਨੁੱਖੀ ਪਰਿਪੇਖ ਵਿਚ ਸੰਭਵ ਨਹੀਂ ਜਾਪਦੀ। ਇਸ ਸ਼ਬਦ ਦੀ ਰਚਨਾ ਨੂੰ ਦੂਸ ਕਾਲ ਸਾਹਿਤ ਅਨੁਸਾਰ ਵਾਰ ਨੂੰ ਤੇ ਇਕ ਨੈਤਿਕ ਦਿਖਾਵੇ ਦਿੱਤੀ ਹੈ। ਇੰਜ ਲਗਦਾ ਹੈ ਜਿਵੇਂ ਗੁਰੂ ਰਵਿਦਾਸ ਨੇ ਜੁੱਤੀਆਂ ਗੰਢਦਿਆਂ ਪਰਲੌਕਿਕ ਸੱਚ ਦਾ ਅਨੁਭਵ ਕਰ ਲਿਆ ਹੋਵੇ।

ਗੁਰੂ ਰਵਿਦਾਸ ਕਾਲ ਜਾਤਪਾਤ ਅਤੇ ਧਾਰਮਿਕ ਕਰਮ-ਕਾਂਡਾਂ ਅਤੇ ਆਡੰਬਰਾਂ ਦਾ ਕਾਲ ਸੀ। ਸਦਾਚਾਰਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲੇ ਲੋਕਾਂ ਦਾ ਨਾਮ-ਨਿਸ਼ਾਨ ਨਹੀਂ ਸੀ। ਸੋ, ਅਜਿਹੇ ਸਮੇਂ ਭਾਰਤ ਲੋਕ ਵਹਿਮਾਂ ਭਰਮਾਂ ਅਤੇ ਪਾਖੰਡਾਂ ਦਾ ਸ਼ਿਕਾਰ ਹੋਏ ਸਨ, ਨੇਕੀ, ਸੁੱਚਮਤਾ, ਸੰਜਮਤਾ, ਦਇਆ ਅਤੇ ਈਮਾਨਦਾਰੀ ਆਦਿ ਸਦਾਚਾਰਕ ਕਦਰਾਂ-ਕੀਮਤਾਂ ਦਾ ਅਭਾਵ ਸੀ। ਗੁਰ ਮਿੱਠਾ ਬੋਲਣ, ਨਿੰਦਾ ਨਾ ਕਰਨ ਅਤੇ ਸੱਚ ਬੋਲਣ ਦੇ ਨਾਲ ਨਾਲ ਨਿਮਰਤਾ, ਆਤਮਿਕ ਪਵਿੱਤਰਤਾ ਅਤੇ ਨਾਮ

ਜਪਣ ਦੇ ਧਾਰਨੀ ਸਨ। ਇਸ ਕਾਲ ਵਿਚ ਗੁਰੂ ਰਵਿਦਾਸ ਨੇ ਨੇਕ ਕਮਾਈ, ਉੱਚੀ ਸੁੱਚੀ ਕਿਰਤ ਅਤੇ ਕਰਮ ਪ੍ਰਧਾਨ ਸਾਦੀ ਸਰਲ ਜ਼ਿੰਦਗੀ ਜੀਣ ਦਾ ਉਪਦੇਸ਼ ਲੋਕਾਂ ਨੂੰ ਦਿੱਤਾ। ਉਨ੍ਹਾਂ ਆਪਣੇ ਆਚਾਰ ਵਿਹਾਰ ਅਤੇ ਬਾਣੀ ਵਿਚ ਮਨੁੱਖੀ ਸਦਾਚਾਰਕ ਕਦਰਾਂ-ਕੀਮਤਾਂ ਨੂੰ ਅਹਿਮੀਅਤ ਦਿੱਤੀ। ਮਨੁੱਖੀ ਜੀਣ ਦੇ ਉਦੇਸ਼ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਦਾ ਉਪਰਾਲਾ ਕੀਤਾ। ਉਨ੍ਹਾਂ ਆਪਣੀ ਸਿਖਿਆ ਵਿਚ ਪੰਜ-ਵਿਕਾਰਾਂ ਦੇ ਤਿਆਗ, ਸੰਪੱਤੀ ਲੋਭ ਅਤੇ ਅਗਿਆਨਤਾ ਦਾ ਤਿਆਗ ਕਰਕੇ ਨਿਯਮ ਬੱਧ ਸੰਜਮੀ, ਸਾਦਾ, ਸਰਲ, ਨਾਮ-ਰਚਿਤ ਜੀਵਨ ਜੀਊਣ ਦਾ ਉਪਦੇਸ਼ ਦਿੱਤਾ ਅਤੇ ਨੈਤਿਕ ਜੀਵਨ ਮੁੱਲਾਂ ਭਰਪੂਰ ਜ਼ਿੰਦਗੀ ਜੀਣ ਦੀ ਵਕਾਲਤ ਕੀਤੀ।

ਸਮਾਜ ਨੂੰ ਨੈਤਿਕ ਮਾਰਗ ਦੇ ਚਲਾਉਣ ਲਈ ਨੈਤਿਕ ਗੁਣਾਂ ਦਾ ਪ੍ਰਸਾਰ ਬਹੁਤ ਜ਼ਰੂਰੀ ਹੈ। ਨੈਤਿਕ ਗੁਣ ਅਮੁੱਲ ਹਨ ਖਰੀਦੇ ਨਹੀਂ ਜਾ ਸਕਦੇ। ਗੁਣਾਂ ਦਾ ਵਿਸਥਾਰ ਆਪਸੀ ਸੰਪਰਕ, ਗੱਲਬਾਤ ਅਤੇ ਚਰਚਾ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਜੀਵਨ ਦੀ ਸਾਰਥਕਤਾ ਗੁਣਾਂ ਦੇ ਵਾਧੇ ਤੇ ਨਿਰਭਰ ਹੈ। ਸਾਧ ਸੰਗਤ ਅਤੇ ਪ੍ਰਭੂ ਨਾਮ ਸਿਮਰਨ ਅਜਿਹੀ ਕਸੌਟੀ ਹੈ ਜਿਸਤੋਂ ਮਨੁੱਖ ਦੇ ਗੁਣ ਅਤੇ ਧਰਮ ਦੀ ਪਰਖ ਕੀਤੀ ਜਾ ਸਕਦੀ ਹੈ। ਇਕ ਮਨੁੱਖ ਵਿਚ ਸੱਚ, ਗਿਆਨ, ਦਯਾ, ਖਿਮਾ, ਸੰਤੋਖ, ਪਵਿੱਤਰਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਉਹ ਮੁੱਲ ਹਨ ਜੋ ਮਨੁੱਖ ਨੂੰ ਪਰਮਾਤਮਾ ਤੱਕ ਪਹੁੰਚਾਉਣ ਵਿਚ ਸਹਾਈ ਹੁੰਦੇ ਹਨ। ਰਵਿਦਾਸ ਬਾਣੀ ਵਿਚ ਮਨੁੱਖ ਨੂੰ ਇਨ੍ਹਾਂ ਨੈਤਿਕ ਗੁਣਾਂ ਨੂੰ ਅਪਨਾਉਣ ਦੀ ਸਿਖਿਆ ਦਿੱਤਾ ਗਈ ਹੈ।

ਰਵਿਦਾਸ ਨੇ ਗ੍ਰਿਹਸਥ ਵਿਚ ਰਹਿ ਕੇ ਨੇਕ ਕਰਮ ਕਰਨ ਦੀ ਗੱਲ ਕਰਦਿਆਂ ਮਨੁੱਖੀ ਸਮਾਜਿਕ ਜੀਵਨ ਵਿਚ ਆਪਣੀ ਆਸਥਾ ਦਾ ਪ੍ਰਗਟਾ ਕੀਤਾ ਹੈ। ਉਹ ਜਦੋਂ ਨੇਕੀ, ਮਿਠਾਸ, ਸਹਿਨਸ਼ੀਲਤਾ, ਉਦਾਰਤਾ, ਸਹਾਨੁਭੂਤੀ, ਸੁਹਿਰਦਤਾ, ਨਿਮਰਤਾ, ਸਮਤਾ ਨਿਰਸਵਾਰਥ, ਦਯਾ, ਖਿਮਾ ਆਦਿ ਉਚੇਰੇ ਜੀਵਨ ਮੁੱਲਾਂ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰਦੇ ਹਨ ਤਾਂ ਸਮਾਜਿਕ ਪ੍ਰਾਣੀ ਵਜੋਂ ਜੀਊਣ ਦੀ ਉਨ੍ਹਾਂ ਦੀ ਨਿਸ਼ਟਾ ਜ਼ਾਹਰ ਹੋ ਜਾਂਦੀ ਸਾਹਮਣੇ ਆ ਖੜੋਂਦੀ ਹੈ।

---

## ਟਿੱਪਣੀਆਂ ਤੇ ਹਵਾਲੇ


1. ਰਿਗਵੇਦ, ਮੰਡਲ 101, ਸੂਕਤ 90, ਮੰਤਰ-1.
2. ਗੋਂਡ ਨਾਮਦੇਵ 4:3:7 ਪੰਨਾ- 875.
3. ਚਤੁਰਵਰਣ੍ਯੰ ਮਯਾ ਸ੍ਰਿਸ਼ਟੰ ਗੁਣਕਰਮਵਿਭਾਗਸ਼ 4:23.
4. ਯਜੁਰਵੇਦ, ਅਧਿਆਇ 26, ਮੰਤਰ 2.
5. ਰਾਗ ਬਿਲਾਵਲੁ ਆ.ਗ੍ਰੰ. ਪੰਨਾ 858.
6. ਪੀ.ਵੀ.ਕਾਣੇ, ਧਰਮ ਸ਼ਾਸਤਰ ਕਾ ਇਤਿਹਾਸ, ਅਧਿਆਇ-2.
7. ਰਿਗਵੇਦ, ਮੰਡਲ 10, ਸੂਕਤ 90, ਮੰਤਰ 12, ਅਥਰਵਵੇਦ ਕਾਂਡ 19, ਸੂਕਤ 6, ਮੰਤਰ 6.
8. ਯਜੁਰਵੇਦ, ਅਧਿਆਇ 26, ਮੰਤਰ 2 ਯਾਂ 18.
9. ਰਾਗ ਸੋਰਠਿ ਆ.ਗ੍ਰੰ. ਪੰਨਾ- 659.
10. ਰਾਗ ਭੈਰੋ, ਬਾਣੀ, ਪੰਨਾ- 23.
11. -ਉਹੀ- ਪੰਨਾ- 24.
12. ਰਾਗ ਬਿਲਾਵਲੁ, ਬਾਣੀ, ਪੰਨਾ- 34.
13. ਰਾਗ ਕੇਦਾਰਾ, ਆ.ਗ੍ਰੰ. 1124.

14 ਤੇ 15. ਰਾਗ ਸੋਰਠਿ, ਆ.ਗ੍ਰੰ. ਪੰਨਾ- 659.

16. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਪੰਨਾ-521-22
17. ਰਾਗ ਗੂਜਰੀ ਆ. ਗ੍ਰੰ. ਪੰਨਾ- 525.
18. ਰਾਗ ਖਟੁ-ਦੁਪਦਾ, ਬਾਣੀ, ਪੰਨਾ- 46.
19. ਰਾਗ ਆਸਾ, ਬਾਣੀ, ਪੰਨਾ- 70.
20. ਰਾਗ ਧਨਾਸਰੀ ਆ.ਗ੍ਰੰ. 694.
21. ਆਰਤੀ, ਬਾਣੀ, ਪੰਨਾ- 37.
22. ਸਿਰੀ ਰਾਗ ਆ. ਗ੍ਰੰ. ਪੰਨਾ- 93.
23. ਡਾ. ਧਰਮਪਾਲ ਸਿੰਗਲ, ਸੰਤ ਸ਼੍ਰੋਮਣੀ ਰਵਿਦਾਸ, ਪੰਨਾ- 98.
24. ਆਰਤੀ, ਬਾਣੀ, ਪੰਨਾ- 22.
25. ਰਾਗ ਖਟੁ-ਦੁਪਦਾ, ਬਾਣੀ, ਪੰਨਾ- 46.
26. ਰਾਗ ਸੋਰਠਿ, ਬਾਣੀ, ਪੰਨਾ- 54.
27. ਰਾਗ ਮਾਰੂ, ਬਾਣੀ, ਪੰਨਾ- 58.

28. ਰਾਗ ਕੇਦਾਰਾ ਆ.ਗ੍ਰੰ. 1124.

29. ਰਾਗ ਗਉੜੀ ਗੁਆਰੇਰੀ, ਬਾਣੀ ਪੰਨਾ- 62.

30. ਰਾਗ ਗਉੜੀ ਗੁਆਰੇਰੀ, ਬਾਣੀ, ਪੰਨਾ- 62.

31. -ਉਹੀ- ਪੰਨਾ- 63.

32. ਸੰਤਾਨ ਉਤਪਾਦਨ, ਉਤਪੰਨ ਹੋਈ ਔਲਾਦ ਦੀ ਰਖਿਆ ਅਤੇ ਪ੍ਰਤੀਦਿਨ ਦੇ ਲੋਕ ਵਿਵਹਾਰ ਦਾ ਮੂਲ ਕਾਰਨ ਇਸਤਰੀਆਂ ਹੀ ਹਨ— ਮਨੂੰ ਸਮ੍ਰਿਤੀ 9:27.

33. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਪੰਨਾ-613-19.

34. ਦਾਮ ਕਾਢ ਬਾਘਨਿ ਲੈ ਆਇਆ, ਮਾਊਂ ਕਹੈ ਮੇਰਾ ਪੂਤ ਬਿਹਾਇਆ।
ਗੀਲੀ ਲਕੜੀ ਕੋ ਧੁਨ ਲਾਇਆ। ਤਿਨ ਛਾਲ ਮੂੰਢ ਸਿਰ ਖਾਇਆ।
ਬਾਘਨਿ ਜਿੰਦ ਲੈ, ਬਾਘਨਿ ਬਿੰਦ ਲੈ, ਬਾਘਨਿ ਹਮਰੀ ਕਾਇਆ।
ਇਨ ਬਾਘਨਿ ਤ੍ਰੈਲੋਕੀ ਖਾਈ, ਬਦੰਤਿ ਗੋਰਖ ਗਾਇਆ।
— ਸੰਤ ਡਾ. ਪੀਤਾਂਬਰ ਦੱਤ ਬੜਥਵਾਲ, ਗੋਰਖਬਾਣੀ।

35. ਮਨੂੰ ਸਿਮ੍ਰਤੀ, 3:56.

36. ਮਨੂੰ ਸਮ੍ਰਿਤੀ, ਅਧਿਆਇ 5.

37. ਰਾਗ ਕਲਯਾਣ, ਬਾਣੀ ਪੰਨਾ- 72.

38. ਰਾਗ ਕੇਦਾਰਾ, ਬਾਣੀ ਪੰਨਾ- 71.

39. ਰਾਗ ਬਸੰਤ, ਬਾਣੀ, ਪੰਨਾ- 49.

40. ਰਾਗ ਸੋਰਠਿ, ਬਾਣੀ, ਪੰਨਾ- 29.

41. ਰਾਗ ਭੈਰੋ, ਬਾਣੀ ਪੰਨਾ- 23.

42. ਰਾਗ ਧਨਾਸਰੀ, ਬ੍ਰਿਤਾਂਤ, ਬਾਣੀ, ਪੰਨਾ- 20.

43. ਮਲਾਰ ਬਾਣੀ ਆ.ਗ੍ਰੰ. ਪੰਨਾ- 1293.

44. ਰਾਗ ਧਨਾਸਰੀ, ਬ੍ਰਿਤਾਂਤ, ਬਾਣੀ ਪੰਨਾ- 21.

45. ਰਾਗ ਆਸਾ ਆ. ਗ੍ਰੰ., ਪੰਨਾ- 486.

46. ਰਾਗ ਸੋਰਠਿ ਗੁਰੂ ਗ੍ਰੰਥ ਸਾਹਿਬ, ਪੰਨਾ- 658.

47. ਰਾਗ ਖਟ-ਦੁਪਦਾ, ਬਾਣੀ ਪੰਨਾ- 46.

48. ਰਾਗ ਗੋਂਡ ਆ. ਗ੍ਰੰ.

49. ਰਾਗ ਮਲਾਰ ਆ. ਗ੍ਰੰ.

50. ਰਾਗ ਗੋਂਡ, ਬਾਣੀ, ਪੰਨਾ- 67.

51. ਰਾਗ ਧਨਾਸਰੀ, ਆ.ਗ੍ਰੰ. 594.

52. ਰਾਗ ਆਸਾ ਆ.ਗ੍ਰੰ. ਪੰਨਾ- 487.

53. ਰਾਗ ਮਲਾਰ, ਬਾਣੀ, ਪੰਨਾ- 31.

54. ਰਾਗ ਧਨਾਸਰੀ ਆ.ਗ੍ਰੰ. ਪੰਨਾ- 694.

55. ਆ. ਗ੍ਰੰ. ਪੰਨਾ- 1167.

56. ਰਾਗ ਸੂਹੀ, ਬਾਣੀ, ਪੰਨਾ- 18.

57. ਰਾਗ ਸੋਰਠਿ ਆ. ਗ੍ਰੰ. 659.

58. ਰਾਗ ਸੂਹੀ ਆ. ਗ੍ਰੰ. ਪੰਨਾ- 794.

59. ਰਾਗ ਰਾਮਕਲੀ ਆ.ਗ੍ਰੰ. ਪੰਨਾ- 973.

60. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ- 142, 145.

61. ਸ੍ਰਵਣੰ ਕੀਰਤਨ (ਸ੍ਰੀ ਮਦਭਗਵਤ ਪੁਰਾਣ)

— ਵਿਸ਼ਨੋ ਸਮਰਣੰ, ਪਦਸੇਵਨਮ, ਅਰਚਨੰ ਵੰਦਨੰ, ਦਾਸਯੰ ਸਖਯ ਆਤਮ ਨਿਵੇਦਨਮ

62. ਸੰਸਾਰ ਸਰਪ ਸੰਦ ਸਟਨ ਸਟੇਰ ਸਟੈਕ ਭੇ ਸੁਜਮ

ਕ੍ਰਿਸ਼ਣੇਤਿ ਵੈਸ਼ਨਵ ਮੰਤ੍ਰੰ ਸ੍ਰੁਤਵਾ ਮੁਕਤੋ ਭਵੇਨਰਹਿ। —(ਗਰੁੜ ਪੁਰਾਣ)

63. ਰਾਗ ਟੋਡੀ, ਬਾਣੀ, ਪੰਨਾ- 57.

64. ਨਾਮ ਲੀਲਾਗੁਣਾਦਿ ਨਾਮੁ ਚੈਹ ਭਾਸ਼ਾ ਤੁ ਕੀਰਤਨਮ --(ਸ੍ਰੀ ਮਦਭਗਵਤ)

65. ਰਾਗ ਭੈਰੋ, ਬਾਣੀ ਪੰਨਾ- 25.

66. ਯੱਥਾ ਕੱਥਚਿੰਨਮਨਸਾ ਸੰਬੰਧ: ਸਮ੍ਰਿਤਿ ਰੁਚਯਤੇ —(ਸ੍ਰੀ ਮਦਭਗਵਤ)

67. ਰਾਗ ਭੈਰੋ, ਬਾਣੀ, ਪੰਨਾ- 23.

68. -ਉਹੀ- ਪੰਨਾ- 23.

69. ਆਰਤੀ, ਬਾਣੀ, ਪੰਨਾ- 28.

70. ਰਾਗ ਕਾਨੜਾ, ਬਾਣੀ, ਪੰਨਾ- 66.

71. -ਉਹੀ-, ਪੰਨਾ- 66.

72. ਰਾਗ ਸੋਰਠਿ, ਬਾਣੀ ਪੰਨਾ- 30.

73. ਰਾਗ ਧਨਾਸਰੀ, ਬਿਰਹੜਾ, ਬਾਣੀ ਪੰਨਾ- 21.

74. ਡਾ. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਅਤੇ ਸੰਤ ਦਾਦੂ ਦਿਆਲ ਇਕ ਤੁਲਨਾਤਮਿਕ ਅਧਿਐਨ, ਪੰਨਾ- 224-25.

75. ਰਾਗ ਆਸਾ, ਬਾਣੀ ਪੰਨਾ- 40.

76. ਰਾਗ ਬਿਲਾਵਲੁ, ਬਾਣੀ, ਪੰਨਾ- 34.

77. ਰਾਗ ਕਾਨੜਾ, ਬਾਣੀ, ਪੰਨਾ- 66.

78. ਸਿਰੀ ਰਾਗ, ਆ.ਗ੍ਰੰ. ਪੰਨਾ- 93.

79. ਰਾਗ ਗਉੜੀ, ਗੁਆਰੇਰੀ, ਬਾਣੀ, ਪੰਨਾ- 67

80. ਰਾਗ ਆਸਾ, ਬਾਣੀ, ਪੰਨਾ- 32.

81. ਰਾਗ ਆਸਾ, ਬਾਣੀ, ਆ.ਗ੍ਰੰ. ਪੰਨਾ- 594.

82. ਰਾਗ ਆਸਾ, ਬਾਣੀ, ਪੰਨਾ- 47.

83. ਸਿਰੀ ਰਾਗ, ਬਾਣੀ, ਪੰਨਾ- 50.

84. ਰਾਗ ਰਾਮਕਲੀ, ਚਉਪਦਾ, ਬਾਣੀ, ਪੰਨਾ- 53.

85. ਰਾਗ ਆਸਾ, ਬਾਣੀ, ਪੰਨਾ- 65.

86. ਰਾਗ ਮਾਰੂ, ਬਾਣੀ, ਪੰਨਾ- 25.

87. ਰਾਗ ਸੋਰਠਿ, ਬਾਣੀ ,ਪੰਨਾ- 39.

88. ਆ. ਗ੍ਰੰ. 1293, ਬਾਣੀ, 104.

89. ਆ. ਗ੍ਰੰ. ਪੰਨਾ- 486, ਬਾਣੀ, 116.

90. ਰਾਗ ਗਉੜੀ, ਬਾਣੀ ਪੰਨਾ- 30.

91. ਰਾਗ ਮਲਾਰ, ਬਾਣੀ ਪੰਨਾ- 32.

92. ਰਾਗ ਮਲਾਰ ਆ.ਗ੍ਰੰ. ਪੰਨਾ- 435, ਪਦ 47.

93. ਰਾਗ ਮਲਾਰ, ਬਾਣੀ, ਪੰਨਾ- 32.

94. ਰਾਗ ਬਿਲਾਵਲੁ-ਦੁਪਦਾ, ਪੰਨਾ- 46.

95. ਰਾਗ ਸੋਰਠਿ, ਬਾਣੀ, ਪੰਨਾ- 64.

96. ਰਾਗ ਧਨਾਸਰੀ ਆ.ਗ੍ਰੰ. ਪੰਨਾ- 694.

97. ਰਾਗ ਆਸਾ, ਆ.ਗ੍ਰੰ. ਪੰਨਾ- 486.

98. ਰਾਗ ਬਸੰਤ, ਬਾਣੀ, ਪੰਨਾ- 47.

99. ਆ. ਗ੍ਰੰ. ਬਾਣੀ 132, ਪੰਨਾ- 486.

100. ਰਾਗ ਸੋਰਠਿ, ਬਾਣੀ, ਪੰਨਾ- 64.

101. ਰਾਗ ਆਸਾ, ਬਾਣੀ ਪੰਨਾ- 59.

102. ਰਾਗ ਗੁਜਰੀ ਆ. ਗ੍ਰੰ. 525.

103. ਰਾਗ ਸੋਰਠਿ ਆ. ਗ੍ਰੰ. 658.

104. ਰਾਗ ਆਸਾ, ਬਾਣੀ ਪੰਨਾ- 33.

105. ਰਾਗ ਬਿਲਾਵਲੁ, ਬਾਣੀ ਪੰਨਾ- 24.

106. ਰਾਗ ਬਿਲਾਵਲ, ਬਾਣੀ, ਪੰਨਾ- 34.

107. ਰਾਗ ਗਉੜੀ ਦੁਆਰੇਗੀ, ਬਾਣੀ ਪੰਨਾ- 63.

108. -ਉਹੀ- ਪੰਨਾ- 62.

109. -ਉਹੀ- ਪੰਨਾ- 62.

110. ਡਾ. ਧਰਮਪਾਲ ਮੈਨੀ, ਜੀਵਨ ਮੁੱਲਾਂ ਦੀ ਦ੍ਰਿਸ਼ਟੀ ਤੇ ਰਵਿਦਾਸ ਬਾਣੀ ਦਾ ਅਧਿਐਨ, ਗੋਸ਼ਟੀ, 10, 11, 1989.

111. ਰਾਗ ਮਲਾਰ, ਬਾਣੀ, ਪੰਨਾ-31.

112. ਰਾਗ ਸੋਰਠਿ, ਆ.ਗ੍ਰੰ. ਪੰਨਾ- 559.

113. ਰਾਗ ਗਉੜੀ, ਬਾਣੀ, ਪੰਨਾ- 67.

114. ਅਨੰਤਦਾਸ ਵੈਸ਼ਨਵ, ਰੈਦਾਸ ਪਰਚਈ, ਸੰਪਾਦਕ ਡਾ. ਧਰਮਪਾਲ ਸਿੰਗਲ

115. ਸ੍ਰੀ ਪ੍ਰਿਯਾਦਾਸ, ਭਗਤਮਾਲ, ਟੀਕ;, ਪੰਨਾ- 259.

116. ਰਾਗ ਗਉੜੀ ਦੁਆਰੇਗੀ, ਬਾਣੀ, ਪੰਨਾ- 61.

117. ਰਾਗ ਬਸੰਤ ਆ.ਗ੍ਰੰ. ਪੰਨਾ- 486.

118. ਰਾਗ ਕੇਦਾਰਾ, ਬਾਣੀ, ਪੰਨਾ- 59.

119. ਮਲਾਰ ਬਾਣੀ, ਪੰਨਾ- 54.

120. ਗਉੜੀ ਬੈਰਾਗਣਿ, ਬਾਣੀ, ਪੰਨਾ- 32.

121. ਰਾਗ ਸੋਰਠਿ ਆ.ਗ੍ਰੰ. ਪੰਨਾ- 658.

122. ਰਾਗ ਸੋਰਠਿ ਆ.ਗ੍ਰੰ. ਪੰਨਾ- 657.

123. ਰਾਗ ਮਲਾਰ ਆ.ਗ੍ਰੰ. ਪੰਨਾ- 1293.

124. ਰਾਗ ਕੇਦਾਰਾ, ਬਾਣੀ, ਪੰਨਾ- 59.

125. ਡਾ. ਮਨਮੋਹਣ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਪੰਨਾ-360-61

126. ਰਾਗ ਜੈਤਸਰੀ, ਬਾਣੀ ਪੰਨਾ- 54.

127. ਰਾਗ ਬਸੰਤ, ਬਾਣੀ, ਪੰਨਾ- 48.

128. ਰਾਗ ਰਾਮਕਲੀ, ਚਉਪਦਾ, ਬਾਣੀ ਪੰਨਾ- 53.

129. ਰਾਗ ਰਾਮਕਲੀ, ਬਾਣੀ, ਪੰਨਾ- 973.

130. ਸਿਰੀ ਰਾਗ, ਬਾਣੀ, ਪੰਨਾ- 50.

131. ਰਾਗ ਕੇਦਾਰਾ, ਬਾਣੀ, ਪੰਨਾ- 27.

132. ਰਾਗ ਬਿਲਾਵਲੁ, ਬਾਣੀ, ਪੰਨਾ- 24.

133. ਰਾਗ ਆਸਾ, ਆ.ਗ੍ਰੰ. ਪੰਨਾ- 486.

134. ਰਾਗ ਰਾਮਕਲੀ, ਬਾਣੀ ਪੰਨਾ- 56.

135. ਗਉੜੀ ਬੈਰਾਗਣਿ ਆ.ਗ੍ਰੰ. ਪੰਨਾ- 345.

136. ਰਾਗ ਸੂਹੀ, ਬਾਣੀ, ਪੰਨਾ- 17.

137. ਰਾਗ ਗਉੜੀ, ਬਾਣੀ, ਪੰਨਾ- 68.

138. ਰਾਗ ਬਸੰਤ ਆ.ਗ੍ਰੰ. ਪੰਨਾ- 486.

139. ਗਉੜੀ ਪੂਰਬੀ, ਬਾਣੀ, ਪੰਨਾ- 35.

140. ਰਾਗ ਜੈਤਸਰੀ ਆ.ਗ੍ਰੰ. ਪੰਨਾ- 710.

141. ਰਾਗ ਸੋਰਠਿ, ਬਾਣੀ, ਪੰਨਾ- 64.

142. ਰਾਗ ਬਿਲਾਵਲੁ, ਬਾਣੀ, ਪੰਨਾ- 24.

143. ਰਾਗ ਸੋਰਠਿ, ਬਾਣੀ, ਪੰਨਾ- 52.

144. ਰਾਗ ਕੇਦਾਰਾ, ਬਾਣੀ, ਪੰਨਾ- 71.

145. ਰਾਗ ਗਉੜੀ ਗੁਆਰੇਰੀ, ਪੰਨਾ- 62.

146. ਰਾਗ ਭੈਰੋ, ਬਾਣੀ, ਪੰਨਾ- 60.

147. ਰਾਗ ਕੇਦਾਰਾ, ਬਾਣੀ, ਪੰਨਾ- 27.

148. ਰਾਗ ਸੋਰਠਿ ਆ.ਗ੍ਰੰ. ਪੰਨਾ- 658.

149. -ਉਹੀ-ਪੰਨਾ- 658.

150 ਰਾਗ ਸੋਰਠਿ ਆ.ਗ੍ਰੰ. ਪੰਨਾ- 657.

151. ਰਾਗ ਆਸਾ, ਬਾਣੀ, ਪੰਨਾ- 33.

152. ਰਾਗ ਸੂਹੀ, ਬਾਣੀ ਪੰਨਾ- 18.

153. ਰਾਗ ਧਨਾਸਰੀ, ਆ.ਗ੍ਰੰ. ਪੰਨਾ- 694.

154. ਨਰਾਇਣਦਾਸ ਨਾਭਾਸਵਾਮੀ, ਭਗਤਮਾਲ, ਸਲੋਕ-59.

155. ਰਾਗ ਗੋਂਡ, ਬਾਣੀ, ਪੰਨਾ- 29.

156. ਰਾਗ ਸੋਰਠਿ, ਬਾਣੀ, ਪੰਨਾ- 64.

157. ਰਮੈਣੀ ਭਗਤੀ ਸਾਧਨਾ, ਪੰਨਾ- 84.

158. ਰਾਗ ਗੋਂਡ ਆ.ਗ੍ਰੰ. 874.

159. ਰਾਗ ਸੋਰਠਿ, ਬਾਣੀ, ਪੰਨਾ- 64. 160. -ਉਹੀ- ਪੰਨਾ- 63.

161 ਤੇ 162. ਰਾਗ ਗਉੜੀ ਗੁਆਰੇਰੀ, ਬਾਣੀ ਪੰਨਾ- 63, 62. 163. -ਉਹੀ- ਪੰਨਾ-62.

164. ਰਾਗ ਕੇਦਾਰਾ, ਬਾਣੀ, ਪੰਨਾ- 60.

165. ਅਨੰਤਦਾਸ ਵੈਸ਼ਨਵ, ਰੈਦਾਸ ਪਰਚਈ, ਸੰਪਾਦਕ, ਧਰਮਪਾਲ ਸਿੰਗਲ, 1985.

166. ਹਜ਼ਾਰੀ ਪ੍ਰਸਾਦ ਦਿਵੇਦੀ, ਰਵਿਦਾਸ ਦਰਸ਼ਨ, ਦੋ ਸ਼ਬਦ ।

167. ਰਾਗ ਸੋਰਠਿ, ਆ.ਗ੍ਰੰ. ਪੰਨਾ- 659.
168. ਰਾਗ ਰਾਮਕਲੀ, ਆ.ਗ੍ਰੰ. ਪੰਨਾ- 973.
159. ਰਾਗ ਗੋਂਡ ਆ.ਗ੍ਰੰ. ਪੰਨਾ- 875.
170. ਰਾਗ ਆਸਾ ਆ.ਗ੍ਰੰ. ਪੰਨਾ- 487.
171. ਰਾਗ ਮਲਾਰ , ਬਾਣੀ, ਪੰਨਾ- 32.
172. ਰਾਗ ਸੂਹੀ, ਆ. ਗ੍ਰੰ. ਪੰਨਾ- 794.
173. ਰਾਗ ਮਾਰੂ, ਆ. ਗ੍ਰੰ. ਪੰਨਾ- 1105.
174. ਰਾਗ ਬਿਲਾਵਲੁ, ਬਾਣੀ, ਪੰਨਾ- 34.
175. ਰਾਗ ਗਉੜੀ ਗੁਆਰੇਰੀ, ਆ.ਗ੍ਰੰ. ਪੰਨਾ-345.
176. ਰਾਗ ਭੈਰਉ, ਬਾਣੀ ਪੰਨਾ- 60.
177. -ਉਹੀ- ਪੰਨਾ- 60.
178. ਰਾਗ ਕੇਦਾਰਾ, ਬਾਣੀ, ਪੰਨਾ- 60.
179. ਰਾਗ ਕੇਦਾਰਾ, ਬਾਣੀ, ਪੰਨਾ- 59.
130. ਰਾਗ ਸੋਰਠਿ, ਬਾਣੀ, ਪੰਨਾ- 29.
181. ਰਾਗ ਸੋਰਠਿ, ਬਾਣੀ ਪੰਨਾ- 28.
182. ਰਾਗ ਕੇਦਾਰਾ, ਬਾਣੀ, ਪੰਨਾ- 27.
183. ਰਾਗ ਬਿਲਾਵਲੁ, ਦੁਪਦਾ, ਬਾਣੀ ਪੰਨਾ- 46.

---

# ਅਧਿਆਇ ਸੱਤਵਾਂ

## ਗੁਰੂ ਰਵਿਦਾਸ ਦੇ ਵਿਅਕਤੀਗਤ ਜੀਵਨ ਮੁੱਲ

# ਗੁਰੂ ਰਵਿਦਾਸ ਦੇ ਵਿਅਕਤੀਗਤ ਜੀਵਨ ਮੁੱਲ

ਕਿਸੇ ਵਿਸ਼ੇਸ਼ ਵਿਅਕਤੀ ਵਲੋਂ ਜ਼ਿੰਦਗੀ ਨੂੰ ਹੋਰ ਸੋਹਣਾ, ਨਰੋਆ, ਅਤੇ ਅਰਥ ਭਰਪੂਰ ਬਣਾਉਣ ਲਈ ਕੀਤੇ ਗਏ ਕਰਮਾਂ ਤੋਂ ਉਪਜੇ ਵਰਤਾਰਿਆਂ ਦੀ ਸਮਾਜਿਕ ਸਾਰਥਿਕਤਾ ਹੀ ਵਿਅਕਤੀਗਤ ਮੁੱਲ ਸਿਰਜਣ ਪ੍ਰਕਰਣ ਬਣਦੀ ਹੈ। ਰਵਿਦਾਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਮੁੱਲਾਂ ਜਿਹੜੇ ਉਨ੍ਹਾਂ ਅਨੁਸਾਰ ਖੁਸ਼ਹਾਲ ਸੁੱਖੀ ਅਤੇ ਸ਼ਾਂਤ ਜ਼ਿੰਦਗੀ ਲਈ ਲਾਹੇਵੰਦ ਹੋ ਸਕਦੇ ਸਨ ਨੂੰ ਸਥਾਪਤ ਕਰਨ ਅਤੇ ਕਈ ਬੇਲੋੜੇ ਮੁੱਲ ਜਿਹੜੇ ਮਨੁੱਖੀ ਜੀਵਨ ਲਈ ਸਰਾਪ ਬਣ ਗਏ ਸਨ ਨੂੰ ਤੋੜਨ ਲਈ ਅਣਥੱਕ ਯਤਨ ਕੀਤੇ। ਇਸੇ ਸੰਦਰਭ ਵਿਚ ਉਨ੍ਹਾਂ ਦੀ ਦੇਣ ਨੂੰ ਹੇਠ ਲਿਖੀ ਵਿਉਂਤ ਅਨੁਸਾਰ ਪੇਸ਼ ਕਰਨ ਜਾ ਰਹੇ ਹਾਂ।

## ਕ੍ਰਾਂਤੀਕਾਰੀ ਵਿਅਕਤਿਤ੍ਵ

ਆਪਦੇ ਕ੍ਰਾਂਤੀਕਾਰੀ ਵਿਅਕਤਿਤ੍ਵ ਨੂੰ ਤਿੰਨ ਪੱਖਾਂ (ਧਾਰਮਿਕ, ਰਾਜਨੀਤਕ, ਸਮਾਜਿਕ) ਰਾਹੀਂ ਦਰਸਾਇਆ ਜਾ ਸਕਦਾ ਹੈ:-

### ਧਾਰਮਿਕ ਪੱਖ

ਗੁਰੂ ਰਵਿਦਾਸ ਨੇ ਆਪਣੇ ਯੁੱਗ ਵਿਚ ਧਾਰਮਿਕ ਅਤੇ ਸਮਾਜਿਕ ਭੈੜੀਆਂ ਰਹੁ-ਰੀਤਾਂ, ਰਸਮਾਂ-ਰਿਵਾਜਾਂ ਅਤੇ ਜਨੂੰਨੀ ਕਰਮਕਾਂਡਾਂ ਦੇ ਵਿਰੁੱਧ ਆਵਾਜ਼ ਉਠਾਈ। ਇਨ੍ਹਾਂ ਦਾ ਉਦੇਸ਼ ਜੀਵਨ ਨੂੰ ਉੱਚਾ ਬਣਾਉਣਾ, ਆਲੇ ਦੁਆਲੇ ਲਈ ਸੁੱਖ ਸ਼ਾਂਤੀ ਮੰਗਣਾ ਅਤੇ ਉਸ ਇਕੋ ਪਰਮਾਤਮਾ ਦਾ ਨਾਮ ਜਪਣਾ ਸੀ। ਉਸ ਸਮੇਂ ਬਨਾਰਸ, ਕਾਸ਼ੀ ਜਿਹੜਾ ਕਿ ਬ੍ਰਾਹਮਣਵਾਦ ਦੀ ਕੱਟੜਤਾ ਦਾ ਗੜ੍ਹ ਸੀ ਅਤੇ ਜਾਤੀਵਾਦ ਦੀ ਘੁੰਮਣ ਘੇਰੀ ਵਿਚ ਪੂਰੀ ਤਰ੍ਹਾਂ ਫਸਿਆ ਹੋਇਆ ਸੀ ਭਾਵੇਂ ਮੁਸਲਿਮ ਰਾਜ ਨੇ ਬ੍ਰਾਹਮਣਵਾਦ ਦੇ ਹੌਸਲੇ ਪਸਤ ਕੀਤੇ ਹੋਏ ਸਨ ਪਰ ਫੇਰ ਵੀ ਊਚ-ਨੀਚ ਦੀ ਭਾਵਨਾ ਪੂਰੇ ਜ਼ੋਰਾਂ ਤੇ ਸੀ। ਰਵਿਦਾਸ ਨੇ ਸਮਕਾਲੀ ਸਮਾਜ ਦੇ ਜਬਰ ਅਤੇ ਧਾਰਮਿਕ ਕੱਟੜ ਪੰਥੀਆਂ ਦੇ ਰੋਹ ਦੀ ਪ੍ਰਵਾਹ ਨਾ ਕਰਦਿਆਂ ਦਲੇਰੀ, ਦ੍ਰਿੜਤਾ ਅਤੇ ਸਚਾਈ ਨਾਲ ਪਾਖੰਡਾਂ ਦਾ ਖੰਡਨ ਕੀਤਾ। ਉਨ੍ਹਾਂ ਦੀ ਇਸ ਕ੍ਰਾਂਤੀਕਾਰੀ ਸੋਚ ਅਤੇ ਉਪਦੇਸ਼ ਨੇ ਲੋਕਾਂ ਵਿਚੋਂ ਵਹਿਮਾਂ-ਭਰਮਾਂ, ਕਰਮਕਾਂਡਾਂ ਅਤੇ ਪਾਖੰਡਾਂ ਦੀ ਆਸਥਾ ਨੂੰ ਤੋੜਿਆ ਅਤੇ ਬਾਣੀ

ਰਾਹੀਂ ਲੋਕਾਂ ਨੂੰ ਇਨ੍ਹਾਂ ਤੋਂ ਉਪਰ ਉਠਣ ਦੀ ਪ੍ਰੇਰਨਾ ਦਿੱਤੀ:-

ਗੁਰ ਸਭੁ ਰਹਸਿ ਅਗਮਹਿ ਜਾਨੈ
ਢੂੰਢੈ ਕੋਊ ਖਟ ਸਾਸਤ੍ਰਨ ਮਹ, ਕਿਧੁ ਕੋਊ ਬੇਦ ਬਖਾਨੇ।
ਸਾਂਸ ਉਸਾਂਸ ਚਢਾਵੈ ਬਹੁ ਵਿਧੁ, ਬੈਠਹਿੰ ਸੁੰਨਿ ਸਮਾਧੀ।
ਫਾਟਯੋ ਕਾਂਨ ਭਭੂਤ ਤਨੁ ਲਾਇਓ, ਅਨਿਕ ਭਰਮਤ ਬੈਰਾਗੀ।
ਤੀਰਥ ਬਰਤ ਕਰਈ ਬਹੁਤੇਰੇ, ਕਥਾ ਜਗਤ ਬਹੁਤ ਜਾਨੇ।
ਕਹਿ 'ਰਵਿਦਾਸ' ਮਿਲਯੋ ਗੁਰ ਪੂਰੋ, ਜਿਹ ਅੰਤਰ ਹਰਿ ਮਿਲਾਨੇ।2।[1]

ਮਾਲਾ ਨਾਮ ਸਬੈ ਜਗ ਫਹਰੈ, ਝੂਠੇ ਭੇਖ ਬਨੈ ਹੈ।
ਝੂਠੇ ਤੈਂ ਸਾਂਚ ਤਬ ਹੋਇਹੈ, ਹਰਿ ਕੀ ਸਰਨ ਜਬ ਐਹੈ।੧।
ਕਨਰਸ ਬਤਰਸ ਔਰ ਸਬੈ ਰਸ, ਝੂਠਹਿ ਮੂੰਡ ਡੁਲੈਹੈ।
ਜਬ ਲਗਿ ਤੇਲ ਦਿਯਾ ਮੇ ਬਾਤੀ, ਦੇਖਤ ਹੀ ਬੁਝ ਜੈਹੈ।2।
ਜੋ ਜਨ ਰਾਮ ਨਾਮ ਰੰਗ ਰਾਤੇ, ਔਰੇ ਰੰਗ ਨ ਸੂਹੈਂ ਹੈ।
ਕਹ 'ਰਵਿਦਾਸ' ਭਜੋ ਰੇ ਕ੍ਰਿਪਾਨਿਧਿ, ਪ੍ਰਾਨ ਰ ਜੇ ਪਛਿਤੈਹੈ।[2]

ਉੱਚੀ ਧਾਰਮਿਕ ਸਿੱਖਿਆ ਪ੍ਰਾਪਤ ਕਰਨੀ ਤੇ ਦੇਣੀ ਬ੍ਰਾਹਮਣਾਂ ਦੀ ਠੇਕੇਦਾਰੀ ਸੀ। ਜਿਸਦੇ ਵਿਰੁੱਧ ਰਵਿਦਾਸ ਅਤੇ ਦੂਸਰੇ ਭਗਤਾਂ ਨੇ ਵਿਦਰੋਹ ਕੀਤਾ ਅਤੇ ਇਸ ਠੇਕੇਦਾਰੀ ਨੂੰ ਤੋੜਿਆ। ਗੁਰੂ ਰਵਿਦਾਸ ਨੇ ਸਾਰੇ ਧਰਮਾਂ ਵਿਚ ਇਕ ਦੂਜੇ ਪ੍ਰਤੀ ਫੈਲੀ ਨਫ਼ਰਤ ਅਤੇ ਕੱਟੜਤਾ ਨੂੰ ਖਤਮ ਕਰਨ ਲਈ ਸੰਦੇਸ਼ ਦਿੱਤਾ। ਉਨ੍ਹਾਂ ਵਿਚ ਧਾਰਮਿਕ ਸੰਕੀਰਣਤਾ ਬਿਲਕੁਲ ਨਹੀਂ ਸੀ। ਉਹ ਸਭ ਧਰਮਾਂ ਦੀ ਬਰਾਬਰ ਕਦਰ ਕਰਦੇ ਸਨ। ਉਨ੍ਹਾਂ ਨੇ ਪਰਮਾਤਮਾ ਨੂੰ ਹਰ ਧਰਮ ਦੇ ਨਾਮ ਨਾਲ ਧਿਆਇਆ। ਉਨ੍ਹਾਂ ਅਨੁਸਾਰ ਸਾਰੇ ਮਨੁੱਖਾਂ ਵਿਚ ਭਾਵੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਵਿਚ ਇਕੋ ਰਾਮ ਦੀ ਜੋਤੀ ਪ੍ਰਕਾਸ਼ਿਤ ਹੈ। ਇਸ ਲਈ ਹਿੰਦੂ ਮੁਸਲਮਾਨ ਸਾਡੇ ਮਿੱਤਰ ਹਨ। ਉਨ੍ਹਾਂ ਸਾਰਿਆਂ ਦੇ ਅੰਗ ਸਮਾਨ ਹਨ ਅਤੇ ਉਨ੍ਹਾਂ ਦਾ ਇਕੋ ਜਿਹਾ ਲਹੂ ਮਾਸ ਹੈ, ਦੋਨਾਂ ਦਾ ਜਨਮ ਇਕ ਹੀ ਤਰ੍ਹਾਂ ਹੋਇਆ ਹੈ। ਬ੍ਰਾਹਮਣ, ਮੁੱਲਾ, ਸ਼ੇਖ ਇਕੋ ਹੀ ਨੂਰ ਤੋਂ ਉਪਜੇ ਹਨ। ਮੰਦਰ ਮਸਜਿਦਾਂ ਵਿਚ ਕੋਈ ਫਰਕ ਨਹੀਂ ਕਾਬਾ, ਕਾਸ਼ੀ ਇਕ ਸਮਾਨ ਹਨ ਉਹ ਸਰਬਵਿਆਪਕ ਅਤੇ ਸ਼ਕਤੀਮਾਨ ਪਰਮਾਤਮਾ

ਅਨੇਕਾਂ ਰੂਪਾਂ ਵਿਚ ਸਾਡੇ ਸਾਹਮਣੇ ਆਉਂਦਾ ਹੈ ਪਰ ਹੈ ਉਹ ਇਕ ਹੀ। ਇਹ ਗੱਲ ਕਹਿ ਕੇ ਉਹ ਧਰਮਾਂ ਦੀ ਮਜ਼੍ਹਬਾਂ ਨੂੰ ਆਧਾਰ ਬਣਾ ਕੇ ਮਨੁੱਖ ਮਨੁੱਖ ਨਾਲ ਖੜੀ ਕੀਤੀ ਦੀਵਾਰ ਦੇ ਵਿਰੁੱਧ ਆਵਾਜ਼ ਬੁਲੰਦ ਕਰਦੇ ਸਨ:-

ਸਰਬੇ ਏਕ ਅਨੇਕੇ ਸਵਾਮੀ,
ਸਭ ਘਟ ਭੋਗਵੇ ਸੋਈ।
ਕਹਿ ਰਵਿਦਾਸ ਹਾਥ ਪੈ ਨੇਰੇ
ਸਹਜੇ ਹੋਈ ਸੁ ਹੋਈ।[3]

ਨਾ ਮੈ ਮਮਿਤਾ ਮੋਹ ਨ ਮਹਿਯਾ, ਏ ਸਬ ਜਾਂਹਿ ਬਿਲਾਈ।
ਦੋਜਗ ਭਿਸਤਿ ਦੋਊ ਸਮਿਕਰਿ ਜਾਨੂੰ, ਦੁਹੂਆਂ ਤੈ ਤਰਕ ਹੈ ਭਾਈ।
ਮੈਂ ਤੈਂ ਮਮਿਤਾ, ਦੇਖਿ ਸਕਲ ਜਗ, ਮੈਂ ਤੈਂ ਮੂਲ ਗਵਾਈ।
ਜਬ ਮਨ ਮਮਿਤਾ ਏਕ ਏਕ ਮਨ, ਤਬਹੀ ਏਕ ਹੈ ਭਾਈ।
ਕ੍ਰਿਸ਼ਨ ਕਰੀਮੁ ਰਾਮ ਹਰਿ ਰਾਘੋ, ਜਬ ਲਗਿ ਏਕੇ ਏਕ ਨਹੀ ਪੇਖਯਾ।
ਬੇਦ ਕਤੇਬ ਕੁਰਾਨ ਪੁਰਾਨਨਿ, ਸਹਜਿ ਏਕ ਨਹੀ ਦੇਖਯਾ।
ਜੋਈ ਜੋਈ ਕਰਿ ਪੂਜਿਏ ਸੋਈ ਸੋਈ ਕਾਚੀ, ਸਹਜ ਭਾਈ ਸਤਿ ਹੋਈ।
ਕਹੈ ਰਵਿਦਾਸ ਮੈਂ ਤਾਹੀ ਕੂੰ ਪੂਜੂੰ, ਜਾ ਕੇ ਗਾਂਵ ਠਾਂਵ ਨਾਉਂ ਨਹੀਂ ਕੋਈ।[4]

ਵੇਦ ਤੈਂ ਪੁਰਾਨ ਪੁਰਾਨ ਤੈਂ ਭਾਗਵਤ ਭਾਗਵਤ ਤੇ ਭਗਤਿ ਪ੍ਰਗਟ ਕੀਨੀਂ
ਭਗਤਿ ਤੈਂ ਪ੍ਰੇਮ ਪ੍ਰੇਮ ਤੈਂ ਲੱਛਨਾ, ਬਿਨਾ ਸਤਿਸੰਗਿ ਨਹੀ ਜਾਇ ਚੀਨ੍ਹੀ।[5]

ਕਾ ਗਾਊਂ ਕਛੁ ਗਾਇ ਨ ਹੋਈ, ਗਾਊਂ ਰੂਪ ਸਹਜੈ ਸੋਈ।
ਨਹਿੰ ਅਕਾਸ ਨਹਿੰ ਧਰ ਧਰਣੀ, ਪਵਨ ਪੁਰ ਘਟ ਚੰਦਾ।
ਨਹਿੰ ਅਬ ਰਾਮ ਕ੍ਰਿਸ਼ਨ ਗੁਣ ਭਾਈ ਬੋਲਤ ਹੈ ਸੁਛੰਦਾ।
ਨਹਿੰ ਅਬ ਬੇਦ ਕਤੇਬ ਪੁਰਾਨਨਿ, ਸੁਨਿ ਸਹਜ ਰੇ ਭਾਈ।
ਨਹਿੰ ਅਬ ਮੈਂ, ਤੈਂ, ਮੈਂ ਤੈਂ ਨਾਹੀ, ਕਾ ਸਖੀ ਕਹੌ ਬਤਾਈ।
ਭਣੈ ਰਵਿਦਾਸ ਕਾ ਗਹਿ ਗਾਊਂ ਗਾਇਣ ਗਾਇ ਹਰਾਣਾ।
ਸਮੁਝਿ ਬਿਚਾਰਿ ਬੋਲਿ ਕਹਾ ਧੌਂ, ਆਪਹਿ ਆਪ ਸਮਾਣਾ।[6]

ਅਬ ਕਾ ਕੀਹ ਕੋਨ ਬਤਾਊਂ।
ਅਬ ਕਾ ਕੀਹ ਦੇਵਲਿ ਦੇਵ ਸਮਾਊਂ।
ਕਾ ਸਖੋਂ ਰਾਮ ਕਹੋ ਸੁਨਿ ਭਾਈ, ਕਾ ਸਖੇ ਕਿਸਨ ਕਰੀਮਾਂ।
ਕਾ ਸਖੋਂ ਬੇਦ ਕਤੇਬ ਕਹੂੰ ਅਬ, ਕਾ ਸਖੋਂ ਕਹੂੰ ਲਖੇ ਲੀਨਾ।
ਕਾ ਸਖੋਂ ਤਪ ਤੀਰਥ ਬ੍ਰਤ ਪੂਜਾ, ਕਾ ਸਖੋਂ ਨਾਹੁ ਨਹਾਊਂ।[7]

ਰਵਿਦਾਸ ਇਕ ਅਜਿਹਾ ਕ੍ਰਾਂਤੀਕਾਰੀ ਸੀ ਜਿਸਨੇ ਸਮਾਜ ਵਿਚ ਮਾਨਵ ਬਰਾਬਰੀ ਨੂੰ ਅਹਿਮੀਅਤ ਦਿੱਤੀ। ਉਹ ਉਸ ਪਰਮਾਤਮਾ ਦੀ ਪੂਜਾ ਕਰਦਾ ਸੀ ਜੋ ਸਭ ਜਾਤਾਂ ਨੂੰ ਇਕੋ ਅੱਖ ਨਾਲ ਦੇਖਦਾ ਸੀ। ਉਹ ਸੰਗਤ ਤੇ ਜੋਰ ਦਿੰਦਾ ਸੀ। ਸੰਗਤ ਰਾਹੀਂ ਸਮਾਜ ਨੂੰ ਬਦਲਣ ਦੇ ਯਤਨ ਕਰਨਾ ਇਕ ਬਹੁਤ ਵੱਡੀ ਬਗਾਵਤ ਸੀ। ਬਾਕੀ ਉਸ ਸਮੇਂ ਮੁਸਲਮਾਨਾਂ ਨੂੰ ਮਸਜਦ ਵਿਚ ਜਾ ਕੇ ਨਮਾਜ ਪੜ੍ਹਨ ਤੋਂ ਕੋਈ ਨਹੀਂ ਰੋਕਦਾ ਸੀ। ਉਨ੍ਹਾਂ ਵਿਚ ਜਾਤਪਾਤ ਦਾ ਨਾਮੋਨਿਸ਼ਾਨ ਨਹੀਂ ਸੀ। ਇਸ ਗੱਲ ਨੇ ਵੀ ਨੀਵੀਆਂ ਜਾਤਾਂ ਨੂੰ ਬਰਾਬਰੀ ਲਈ ਪ੍ਰੇਰਿਆ। ਰਵਿਦਾਸ ਦੀ ਬਾਣੀ ਵਿਚ ਅਜਿਹੇ ਬਹੁਤ ਪਦ ਮਿਲਦੇ ਹਨ ਜਿਨ੍ਹਾਂ ਵਿਚ ਭਾਈਚਾਰਕ ਬਰਾਬਰੀ ਦੀ ਗੱਲ ਕੀਤੀ ਗਈ ਹੈ:-

ਰਵਿਦਾਸ ਸਮਦਲ ਸਮਝਾਵੈ ਕੋਉ।[8]

## ਰਾਜਨੈਤਿਕ ਪੱਖ

ਗੁਰੂ ਰਵਿਦਾਸ ਆਪਣੇ ਸਮੇਂ ਦੀ ਰਾਜਨੈਤਿਕ ਸਥਿਤੀ ਦੇ ਵਿਰੁੱਧ ਸਨ ਅਤੇ ਮੌਕੇ ਦੀ ਸਰਕਾਰ ਦੇ ਵਿਰੁੱਧ ਬੋਲਦੇ ਰਹਿੰਦੇ ਸਨ। ਇਸ ਲਈ ਇਤਿਹਾਸਕਾਰ ਦੱਸਦੇ ਹਨ ਕਿ ਉਨ੍ਹਾਂ ਨੂੰ ਕੁਝ ਦਿਨ 'ਸਿੰਕੰਦਰ ਲੋਧੀ' ਦੀ ਜੇਲ ਵਿਚ ਕੱਟਣੇ ਪਏ ਸਨ। ਉਹ ਸੰਤਾਂ ਨੂੰ ਰਾਜਿਆਂ, ਬਾਦਸ਼ਾਹਾਂ ਅਤੇ ਪੰਡਤਾਂ ਤੋਂ ਉੱਚਾ ਸਮਝਦੇ ਸਨ। ਆਪਦੀ ਰਾਜੇ ਪਾਸ ਕਈ ਵਾਰ ਪੰਡਤਾਂ ਵਲੋਂ ਸ਼ਿਕਾਇਤ ਹੋਣ ਤੇ ਵੀ ਆਪਨੇ ਦੁਨਿਆਵੀ ਪਾਤਸ਼ਾਹ ਦੇ ਡਰ, ਉਸਦੀ ਅਧੀਨਗੀ ਨੂੰ ਨਾ ਮੰਨ ਕੇ ਆਪਣੀ ਆਤਮਾ ਦੇ ਨਿੱਡਰ ਅਤੇ ਆਜ਼ਾਦ ਹੋਣ ਦਾ ਪ੍ਰਮਾਣ ਦਿੱਤਾ। ਇਹ ਪ੍ਰਮਾਣ ਉਨਾਂ ਨੇ ਆਪਣੇ ਆਪ ਲਈ ਹੀ ਨਹੀਂ ਸਗੋਂ ਆਮ ਲੋਕਾਂ ਨੂੰ ਵੀ ਰਾਜਿਆਂ, ਮਹਾਰਾਜਿਆਂ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਸੱਚੇ ਰਾਹ ਤੇ ਚੱਲਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਦੇ ਉਪਦੇਸ਼ ਦੇ ਕੇ ਉਨ੍ਹਾਂ ਨੇ ਸਥਾਪਤੀ ਦੇ ਵਿਰੁੱਧ ਆਵਾਜ਼ ਉਠਾਈ:-

ਪੰਡਿਤ ਸੂਰ ਛਤ੍ਰਪਤਿ ਰਾਜਾ,
ਭਗਤ ਬਰਾਬਰਿ ਅਉਰ ਨਾ ਕੋਈ।[9]

ਆਪਨ ਬਾਪੈ ਨਾਹੀ ਕਿਸੀ ਕੋ,
ਭਾਵਨ ਕੋ ਹਰਿ ਰਾਜਾ।
ਮੋਹ ਪਟਲ ਸਭੁ ਜਗਤ ਬਿਆਪਿਓ
ਭਗਤ ਨਹੀ ਸੰਤਾਪਾ।[10]

ਉਹ ਉਸ ਸਮੇਂ ਦੀ ਰਾਜ ਵਿਵਸਥਾ ਨੂੰ ਠੀਕ ਨਹੀਂ ਸਮਝਦੇ ਸਨ ਅਤੇ ਉਸਨੂੰ ਬਦਲਣਾ ਚਾਹੁੰਦੇ ਸਨ। ਉਹ ਅਜਿਹਾ ਰਾਜ ਚਾਹੁੰਦੇ ਸਨ ਜਿਥੇ ਸਭ ਲੋਕ ਬਰਾਬਰ ਹੋਣ ਵੱਡੇ ਛੋਟੇ ਦਾ ਭੇਦ ਨਾ ਹੋਵੇ ਤੇ ਸਭ ਲੋਕ ਸੁੱਖੀ ਜੀਵਨ ਬਤੀਤ ਕਰਨ। ਉਹ ਖੁਦ ਲਈ ਅਤੇ ਸਮਾਜ ਲਈ ਜੀਵਨ ਬਿਤਾਉਣ ਦਾ ਉਪਦੇਸ਼ ਦਿੰਦੇ ਹੋਏ ਸਮੁੱਚੀ ਮਨੁੱਖਤਾ ਨੂੰ ਵਸਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸਮਾਜ ਵਿਚ ਕ੍ਰਾਂਤੀ ਲਿਆ ਕੇ ਸਮਾਜਵਾਦ ਨੂੰ ਸਥਾਪਿਤ ਕੀਤਾ ਇਥੋਂ ਪਤਾ ਲਗਦਾ ਹੈ ਕਿ ਆਪ ਸਮੁੱਚੇ ਮਾਨਵੀ ਸਮਾਜ ਨੂੰ 'ਬੇਗਮਪੁਰਾ' ਸ਼ਹਿਰ ਬਣਾਉਣਾ ਚਾਹੁੰਦੇ ਸਨ। ਇਹ ਸ਼ਹਿਰ ਉਨ੍ਹਾਂ ਦੇ ਸੁਪਨਿਆਂ ਦਾ ਸ਼ਹਿਰ ਹੈ ਜਿਥੇ ਕੋਈ ਦੁੱਖ ਤਕਲੀਫ, ਟੈਕਸ, ਖੌਫ, ਗਮ ਨਹੀਂ। ਉਹ ਇਸ ਸ਼ਹਿਰ ਰਾਹੀਂ ਖੁਸ਼ਹਾਲੀ ਤੇ ਬਰਾਬਰੀ ਦੀ ਸ਼ੁਰੂਆਤ ਕਰਨਾ ਚਾਹੁੰਦੇ ਸਨ। ਉਨ੍ਹਾਂ ਦੇ ਵਿਚਾਰਾਂ ਵਿਚੋਂ ਸਮਾਜ ਦੀ ਉੱਨਤਾ ਅਤੇ ਸਰਬ ਸਾਂਝੀਵਾਲਤਾ ਦਾ ਝਲਕਾਰਾ ਪੈਂਦਾ ਹੈ। ਆਪਦੀ ਬਾਣੀ ਵਿਚਲੇ ਕਈ ਹੋਰ ਪਦ ਵੀ ਪ੍ਰਭੂ ਦੇ ਨਾਮ ਦੇ ਨਾਲ ਨਾਲ ਸਰਬ ਸਾਂਝੀਵਾਲਤਾ ਦੀ ਗੱਲ ਕਰਦੇ ਹਨ:--

ਬੇਗਮਪੁਰਾ ਸਹਰ ਕੋ ਨਾਉ। ਦੂਖ ਅੰਦੋਹੁ ਨਹੀ ਤਿਹ ਠਾਉਂ।
ਨਾ ਤਸਵੀਸ ਖਿਰਾਜੁ ਨ ਮਾਲੁ। ਖਉਫ ਨ ਖਤਾ ਨ ਤਰਸ ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ। ਊਹਾਂ ਖੈਰਿ ਸਦਾ ਮੇਰੇ ਭਾਈ।
ਕਾਇਮੁ ਦਾਇਮੁ ਸਦਾ ਪਾਤਿਸ਼ਾਹੀ। ਦੋਮ ਨ ਸੇਮ ਏਕ ਸੋ ਆਹੀ।
ਆਬਾਦਾਨੁ ਸਦਾ ਮਸਹੂਰ। ਊਹਾਂ ਗਨੀ ਬਸਹਿ ਮਾਮੂਰ।
ਤਿਉਂ ਤਿਉਂ ਸੈਲ ਕਰਹਿ ਜਿਉ ਭਾਵੈ। ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸੁ ਚਮਾਰਾ। ਜੋ ਹਮ ਸਹਰੀ ਸੋ ਮੀਤੁ ਹਮਾਰਾ।[11]

ਹਰਿ ਕੇ ਨਾਮ ਕਬੀਰ ਉਜਾਗਰ। ਜਨਮ ਜਨਮ ਕੇ ਕਾਟੇ ਕਾਗਰ।
ਨਿਮਤ ਨਾਮਦੇਉ ਦੂਧੁ ਪੀਆਇਆ। ਤਉ ਜਗ ਜਨਮ ਸੰਕਟ ਨਹੀਂ ਆਇਆ

ਜਨ ਰਵਿਦਾਸ ਰਾਮ ਰੰਗਿ ਰਾਤਾ। ਇਉ ਗੁਰਪ੍ਰਸਾਦਿ ਨਰਕ ਨਹੀ ਜਾਤਾ।[12]

ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨ ਬਸਿ ਜਾ ਕੈ।
ਚਾਰਿ ਪਦਾਰਥ ਅਸਟ ਦਸਾ ਸਿਧਿ ਨਵਨਿਧਿ ਕਰਤਲ ਤਾ ਕੈ।

- - - - - - - - - - - - - - - - - - - - - - -

ਸਹਜ ਸਮਾਧਿ ਰਹਤ ਫੁਨਿ ਬਡੇ ਭਾਗ ਲਿਵ ਲਾਗੀ।
ਕਹਿ 'ਰਵਿਦਾਸ' ਪ੍ਰਗਾਸ ਰਿਦੈ ਧਰਿ ਜਨਮ ਮਰਨ ਭੈ ਭਾਗੀ।[13]

ਸਹ ਕੀ ਸਾਰ ਸੁਹਾਗਨਿ ਜਾਨੈ। ਤਜਿ ਅਭਿਮਾਨ ਸੁਖ ਰਲੀਆਂ ਮਾਨੈ।
ਤਨ ਮਨੁ ਦੇਇ ਨ ਅੰਤਰੁ ਰਾਖੈ, ਅਵਰਾ ਦੇਖਿ ਨ ਸੁਨੈ ਅਭਾਖੈ।
ਸੋ ਕਤ ਜਾਨੈ ਪੀਰ ਪਰਾਈ। ਜਾ ਕੈ ਅੰਤਰਿ ਦਰਦੁ ਨ ਪਾਈ।[14]

ਇਸ ਤਰ੍ਹਾਂ ਰਵਿਦਾਸ ਨੇ ਸਬਰ ਅਤੇ ਸਹਿਨਸ਼ੀਲਤਾ ਦੀ ਗੱਲ ਕੀਤੀ ਉਨ੍ਹਾਂ ਨੇ ਪੂਜਾ ਦੀ ਬਜਾਏ ਕਿਰਤ ਵੱਲ ਲੋਕਾਂ ਨੂੰ ਉਤਸ਼ਾਹਿਤ ਕੀਤਾ ਅਤੇ ਲੋਕਾਂ ਦੀ ਸਮਝ ਆਉਣ ਵਾਲੀ ਬੋਲੀ ਵਿਚ ਆਪਣੇ ਵਿਚਾਰ ਉਨ੍ਹਾਂ ਤੱਕ ਪਹੁੰਚਾਏ।

ਸਮਾਜਿਕ ਪੱਖ

ਉਸ ਸਮੇਂ ਦੇ ਸਮਾਜ ਵਿਚ ਛੋਟੀਆਂ ਜਾਤਾਂ ਨੂੰ ਵਰਣ ਵੰਡ ਦੇ ਆਧਾਰ ਤੇ ਉਚੀਆਂ ਜਾਤਾਂ ਲਈ ਨਿਰਧਾਰਿਤ ਕੀਤੇ ਆਚਾਰ-ਵਿਹਾਰ ਅਤੇ ਪੂਜਾ ਪਾਠ ਕਰਨ ਦੀ ਮਨਾਹੀ ਸੀ। ਗੁਰੂ ਰਵਿਦਾਸ ਚਮਾਰ ਜਾਤੀ ਨਾਲ ਸੰਬੰਧਿਤ ਹੋਣ ਕਰਕੇ ਉੱਚੀਆਂ ਜਾਤਾਂ ਵਾਲੇ ਕੰਮ ਕਾਰ ਨਹੀ ਕਰ ਸਕਦੇ ਸਨ ਪਰ ਉਨ੍ਹਾਂ ਨੇ ਇਸ ਜਬਰ ਵਿਰੁਧ ਬਗਾਵਤ ਕਰਕੇ ਆਦਮੀ ਦੇ ਸਮਾਨ ਅਧਿਕਾਰਾਂ ਦੀ ਗੱਲ ਕੀਤੀ ਅਤੇ ਕਿਹਾ ਕਿ ਹਰ ਆਦਮੀ ਬਰਾਬਰ ਹੈ ਕੋਈ ਵੱਡਾ ਛੋਟਾ ਨਹੀਂ। ਕੋਈ ਜਾਤ ਉਚੀ ਅਤੇ ਨੀਵੀਂ ਨਹੀਂ। ਉਨ੍ਹਾਂ ਦੇ ਇਸ ਜਾਤਪਾਤ ਦੇ ਸੰਬੰਧ ਵਿਚ ਕਈ ਪਦ ਮਿਲਦੇ ਹਨ ਜਿਨ੍ਹਾਂ ਵਿਚ ਆਪਨੇ ਕਿਤੇ ਵੀ ਆਪਣੀ ਜਾਤ ਨੂੰ ਲੁਕਾਂਦਿਆ ਨਹੀਂ ਸਗੋਂ ਉਸਤੇ ਮਾਣ ਕੀਤਾ ਹੈ:-

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ।
ਮੇਰਾ ਕਰਮੁ ਕੁਟਿਲਤਾ ਜਨਮ ਕੁਭਾਂਤੀ।

- - - - - - - - - - - - - - -

ਕਹੁ ਰਵਿਦਾਸ ਪਰਉ ਤੇਰੀ ਸਾਭਾ।
ਬੇਗਿ ਮਿਲਹੁ ਜਨ ਕਰਿ ਨ ਬਿਲਾਬਾਂ।[15]

ਨਾਗਰ ਜਨਾ ਮੇਰੀ ਜਾਤਿ ਬਿਖਿਆਤੰ ਚੰਮਾਰੰ।
ਰਿਦੈ ਰਾਮ ਗੋਬਿੰਦ ਗੁਨ ਸਾਰੰ।

- - - - - - - - - - - -

ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ।
ਨਿਤਹਿ ਬਨਾਰਸੀ ਆਸ ਪਾਸਾ।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।[16]

ਜਾਤੀ ਓਛਾ ਪਾਤੀ ਓਛਾ ਓਛਾ ਜਨਮ ਹਮਾਰਾ।
ਰਾਜਾ ਰਾਮ ਕੀ ਸੇਵ ਨ ਕੀਨ੍ਹੀ ਕਹਿ ਰਵਿਦਾਸ ਚਮਾਰਾ।[17]

ਹਮ ਅਪਰਾਧੀ ਨੀਚ ਘਰਿ ਜਨਮੈਂ,
ਕੁਟੰਬ ਲੋਗ ਕਰੈ ਹਾਂਸੀ ਰੇ।
ਕਹੈ ਰਵਿਦਾਸ ਰਾਮ ਜਪਿ ਰਸਨਾ,
ਕਾਟੇ ਜਮ ਕੀ ਪਾਸੀ ਰੇ।[18]

ਪਰ ਪਰਮਾਤਮਾ ਦੇ ਰਸਤੇ ਤੇ ਚੱਲ ਕੇ ਆਪ ਨੀਚ ਜਾਤ ਦੇ ਹੁੰਦੇ ਹੋਏ ਵੀ ਉੱਚੇ ਹੋ ਗਏ। ਆਤਮਕ ਪੂਰਨਤਾ ਤੇ ਆਚਰਨ ਦੇ ਚੰਗੇ ਹੋਣ ਕਾਰਨ ਆਪਨੂੰ ਸਭ ਕੁਝ ਮਿਲ ਗਿਆ, " ਇਨ੍ਹਾਂ ਨੀਚਾਂ ਵਿਚੋਂ ਉੱਚ ਹੋਣ ਵਾਲੇ ਆਤਮਕ ਤੌਰ ਤੇ ਨਿਪੁੰਨ ਤੇ ਸਭ ਕੁਝ ਪ੍ਰਾਪਤ ਕਰਨ ਵਾਲੇ ਸੰਤਾਂ ਭਗਤਾਂ ਵਿਚੋਂ ਇਕ ਰਵਿਦਾਸ ਵੀ ਸਨ।"[19]

ਰਵਿਦਾਸ ਨੇ ਉਸ ਸਮੇਂ ਜਾਤੀਵਾਦ ਵਿਰੁੱਧ ਆਵਾਜ ਉਠਾਈ ਜਦੋਂ ਕਿ ਅਜਿਹਾ ਸੋਚਣਾ ਵੀ ਕਠਿਨ ਸੀ। ਆਪਨੇ ਸਮਾਜ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਅਨੁਭਵ ਦੀ ਗਵਾਹੀ ਦਿੱਤੀ। ਅਸਲ ਵਿਚ ਚੰਗਾ ਮਹਾਪੁਰਖ ਉਹ ਹੀ ਹੈ ਜੋ ਸੱਚ ਕਹਿ ਸਕਦਾ ਹੈ। ਲੋਕਾਂ ਤੋਂ ਡਰਦਾ ਨਹੀਂ, ਸਮਾਜਿਕ ਬੰਧਨ ਉਸਦੇ ਰਸਤੇ ਦੀ ਰੁਕਾਵਟ ਨਹੀਂ ਬਣਦੇ। ਜੋ ਸੱਚ ਦੇ ਹਾਮੀ ਆਪਣੀ ਆਵਾਜ ਬੁਲੰਦ ਕਰਦੇ ਹਨ ਉਹ ਹੀ ਕੋਈ ਕ੍ਰਾਂਤੀ ਲਿਆ ਸਕਦੇ ਹਨ ਤੇ ਰਵਿਦਾਸ

ਇਕ ਅਜਿਹਾ ਕ੍ਰਾਂਤੀਕਾਰੀ ਵਿਅਕਤੀ ਸੀ ਜਿਸਨੇ ਨੀਚ ਆਖੀ ਜਾਣ ਵਾਲੀ ਜਾਤੀ ਦੀ ਅਗਵਾਈ ਕੀਤੀ ਤੇ ਛੂਤੀ ਨਾਲ ਵਰਤਨਾਂ ਨੂੰ ਆਪਣੇ ਕਦਮਾਂ ਤੇ ਝੁਕਾ ਲਿਆ ਅਜਿਹੇ ਹੀ ਜੋਰ ਨੂੰ ਦਰਸਾਉਂਦੇ ਆਪਦੇ ਕਈ ਪਦ ਮਿਲਦੇ ਹਨ:-

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ।
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।[20]

ਹਮ ਬਡ ਕਬਿ ਕੁਲੀਨ, ਹਮ ਪੰਡਿਤ ਜੋਗੀ ਸੰਨਿਆਸੀ।
ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ।
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।
ਮੋਹਿ ਆਧਾਰੁ ਨਰਾਇਨ ਜੀਵਨ, ਪ੍ਰਾਨ ਧਨ ਮੋਰੇ।[21]

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੇ ਪਾਸ।
ਐਸੇ ਦੁਰਮਤਿ ਨਿਸਤਰੇ ਤੂੰ ਕਿਉਂ ਨ ਤਰਹਿ 'ਰਵਿਦਾਸ'।[22]

ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰ ਰੇ।
ਰਮਈਆ ਰੰਗੁ ਮਜੀਠ ਕਾ, ਭਣੈ 'ਰਵਿਦਾਸ' ਵਿਚਾਰ ਰੇ।[23]

ਗੁਰੂ ਰਵਿਦਾਸ ਨੇ ਆਪਣੇ ਜੀਵਨ ਵਿਚ ਜਬਰ ਜ਼ੁਲਮ, ਜਾਤਪਾਤ ਕੱਟੜਤਾ, ਊਚ ਨੀਚ ਦੇ ਭੇਦ, ਵੱਡੇ ਛੋਟੇ ਦੇ ਫਰਕ ਆਦਿ ਕੁਰੀਤੀਆਂ ਦੇ ਵਿਰੁੱਧ ਆਵਾਜ਼ ਉਠਾ ਕੇ ਉਸ ਸਮੇਂ ਦੇ ਜੀਵਨ ਵਿਚ ਕ੍ਰਾਂਤੀ ਲਿਆਉਣ ਲਈ ਜਿਹੜੇ ਯਤਨ ਕੀਤੇ ਅਤੇ ਇਨ੍ਹਾਂ ਪ੍ਰਤੀ ਲੋਕਾਂ ਵਿਚ ਜਾਗਰਿਤਤਾ ਪੈਦਾ ਕੀਤੀ ਉਸਦੇ ਆਧਾਰ ਤੇ ਅਸੀਂ ਉਨ੍ਹਾਂ ਨੂੰ ਕ੍ਰਾਂਤੀਕਾਰੀ ਪੱਖ ਪ੍ਰਦਰਸ਼ਕ ਕਹਿ ਸਕਦੇ ਹਾਂ।

## ਗ੍ਰਿਹਸਥ ਜੀਵਨ ਵਿਚ ਵਿਸ਼ਵਾਸ

ਰਵਿਦਾਸ ਗ੍ਰਿਹਸਥੀ ਸੰਤ ਸਨ। ਉਨ੍ਹਾਂ ਦਾ ਗ੍ਰਿਹਸਥ ਜੀਵਨ ਵਿਚ ਰਹਿੰਦਿਆਂ ਨੇਕ ਕਮਾਈ ਕਰਕੇ ਜੀਵਨ ਨਿਰਬਾਹ ਕਰਨ ਅਤੇ ਹਰ ਸਮੇਂ ਪ੍ਰਭੂ ਦਾ ਜਾਪ ਕਰਨ ਵਿਚ ਵਿਸ਼ਵਾਸ ਸੀ। ਆਪਦਾ ਜੀਵਨ ਸਿੱਧਾ ਸਾਦਾ, ਘੱਟ ਲੋੜਾਂ ਵਾਲਾ ਅਤੇ ਸੰਤੋਖੀ ਸੁਭਾਅ ਵਾਲਾ ਸੀ। ਛੋਟੀ ਉਮਰ ਤੋਂ ਹੀ ਆਪ ਪ੍ਰਭੂ ਭਗਤੀ ਵੱਲ ਜ਼ਿਆਦਾ ਅਤੇ ਕਮਾਈ ਵੱਲ

ਘੱਟ ਸੀ। ਆਪਦੇ ਮਾਤਾ ਪਿਤਾ ਨੇ ਗ੍ਰਿਹਸਤ ਜੰਜੀਰਾਂ ਵਿਚ ਫੰਨਣ ਲਈ ਆਪਦਾ ਵਿਆਹ ਕਰ ਦਿੱਤਾ। ਫੇਰ ਵੀ ਆਪਦੀ ਭਗਤੀ ਵਿਚ ਕਮੀ ਨਹੀਂ ਆਈ। ਦੁੱਖੀ ਹੋਏ ਮਾਂ ਬਾਪ ਨੇ ਆਪਨੂੰ ਪਿਛਵਾੜੇ ਅਲੱਗ ਕਰ ਦਿੱਤਾ। ਰਵਿਦਾਸ ਝੌਂਪੜੀ ਵਿਚ ਰਹਿਣ ਲੱਗੇ ਤੇ ਆਪਣਾ ਜੱਦੀ ਕਿੱਤਾ ਕਰਦੇ। ਆਪਦੀ ਪਤਨੀ ਵੀ ਪੂਜਾ ਪਾਠ ਵਿਚ ਦਿਲਚਸਪੀ ਰੱਖਦੀ ਤੇ ਆਏ ਸਾਧੂ ਸੰਤਾਂ ਦੀ ਸੇਵਾ ਕਰਨ ਵਿਚ ਰਵਿਦਾਸ ਦੀ ਸਹਾਇਤਾ ਕਰਦੀ। ਇਹ ਝੌਂਪੜੀ ਆਪ ਲਈ ਘਰ, ਦੁਕਾਨ ਅਤੇ ਭਜਨ ਕੀਰਤਨ ਦਾ ਸਥਾਨ ਸੀ। ਆਪ ਕੰਮ ਕਰਦਿਆਂ ਹੋਇਆਂ — 'ਹੱਥ ਕਾਰ ਵੱਲ ਤੇ ਚਿਤ ਯਾਰ ਵੱਲ' ਦਾ ਉਪਦੇਸ਼ ਦਿੰਦੇ ਕਿ ਹੱਥੀਂ ਕਾਰ ਕਰਨ ਜਿਨ੍ਹਾਂ ਹੋਰ ਪਵਿੱਤਰ ਕੰਮ ਨਹੀਂ ਤੇ ਕਾਰ ਕਰਦਿਆਂ ਰੱਬ ਦਾ ਨਾਮ ਜਪਣਾ ਉਸਤੋਂ ਵੀ ਉੱਤਮ ਹੈ। ਉਹ ਮੰਡੀ ਤੋਂ ਚਮੜਾ ਲਿਆ ਕੇ ਜੁੱਤੀਆਂ ਬਣਾਉਂਦੇ, ਟੁੱਟੇ ਫੁੱਟੇ ਛਿੱਤਰ ਗੰਢ ਕੇ ਗੁਜ਼ਾਰਾ ਕਰਦੇ। ਇਨ੍ਹਾਂ ਨੂੰ ਆਪਣੀ ਰੋਟੀ ਰੋਜ਼ੀ ਲਈ ਸਖ਼ਤ ਮਿਹਨਤ ਕਰਨੀ ਪੈਂਦੀ। ਉਹ ਜੱਗ ਵਿਚ ਰਹਿੰਦੇ ਹੋਇਆਂ ਉਸਤੋਂ ਨਿਰਲੇਪ ਰਹਿਣ ਲਈ ਕਹਿੰਦੇ। ਆਪ ਕਹਿੰਦੇ ਹਨ ਕਿ ਪਰਮਾਤਮਾ ਦਿਲ ਵਿਚ ਵਸਦਾ ਹੈ ਉਸਨੂੰ ਜੰਗਲਾਂ ਵਿਚ ਲੱਭਣ ਦੀ ਲੋੜ ਨਹੀਂ। ਘਰ ਵਿਚ ਰਹਿ ਕੇ ਨੇਕ ਕਮਾਈ ਕਰਕੇ ਆਪਣਾ ਨਿਰਬਾਹ ਕਰਨਾ ਚਾਹੀਦਾ ਉਸ ਮਨੁੱਖ ਨੂੰ ਪਰਮਾਤਮਾ ਘਰ ਆ ਕੇ ਮਿਲਦਾ ਹੈ:—

ਬਾਹਰਿ ਖੋਜਤ ਜਨਮ ਗਵਾਏ, ਉਨਮਨਿ ਧਿਆਨ ਰਹੇ ਘਟ ਆਪ।
ਸਬਦ ਅਨਾਹਦ ਬਾਜਤ ਘਟ ਮਹਿੰ, ਅਰੁ ਗਿਆਨ ਭੈ ਗੁਰ ਪਰਤਾਪ।
ਧਨ ਦਾਰਾ ਮਹਿੰ ਰਹਿਯੋ ਮਗਨ ਨਿਤ, ਬੂਝਯੋ ਨ ਮਿਤ੍ਰ ਕੋ ਤਾਪ।
ਕਹਿ ਰਵਿਦਾਸ ਗੁਰੂ ਰਾਹ ਦਿਖਾਵਇ ਤ੍ਰਿਸ਼ਾ ਬੁਝਿ ਮਿਟਿ ਮਨ ਸੰਤਾਪ।[24]

ਕਾਲਹੁ ਨਾਇ ਤਾਹਿ ਪਦ ਸੀਸਾ, ਨਹਿੰ ਬਿਸਰਉ ਖਿਨ ਏਕਹੁ ਈਸਾ।
ਜਨਮ ਮਰਨੁ ਅਰੁ ਜਰਾ ਜਾਲਾ, ਨਾਮ ਪਰਤਾਪ ਨ ਬਿਆਪਹਿੰ ਬਯਾਲਾ।
ਅਗਤ ਬਿਗਤ ਅਨੰਦ ਅਨੂਪਾ, ਵਿਸ਼ਵ ਵਿਆਪਕ ਬ੍ਰਹਮ ਅਰੂਪਾ।
ਘਟ ਘਟ ਤਿਹ ਪੇਖਿਯਤ ਅਇਸੇ, ਜਲ ਮਹਿ ਲਹਿਰ, ਲਹਿਰ ਜਲ ਜਇਸੇ।
ਕਹਿ ਰਵਿਦਾਸ ਹਰਿ ਸਰਬ ਵਿਆਪਕ, ਸਰਬ ਚਯੰਤਾਮਣਿ ਸਰਬ
ਪ੍ਰਤਿਪਾਲਕ।[25]

ਖੋਜਤ ਕਿੰਧੂ ਫਿਰੈ, ਤੇਰੇ ਘਟ ਮਹਿੰ ਸਿਰਜਨਹਾਰ
ਕਿਸਤੂਰੀ ਮ੍ਰਿਗ ਪਾਸ ਹੈ ਰੇ, ਢੂੰਢਤ ਘਾਸ ਫਿਰੈ।

ਪਾਛੈ ਲਾਗੋ ਕਾਲ ਪਰਧੀ, ਛਿਨ ਮਹਿ ਪ੍ਰਾਨ ਹਰੈ।

- - - - - - - - - - - - - - - - - - - -

ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨੁ।
ਇਹ ਰਹਸਿ ਕੋਊ ਖੋਜੈ ਬੂਝੈ, ਸੋਊ ਹੈ ਸੰਤ ਸੁਜਾਨ।[26]

ਆਪ ਸਫਲ ਗ੍ਰਿਹਸਤੀ ਜੀਵਨ ਬਤੀਤ ਕਰਦੇ ਹੋਏ ਭਜਨ ਕੀਰਤਨ ਕਰਦੇ ਸਨ। ਇਨ੍ਹਾਂ ਨੂੰ ਲੋਕ ਪ੍ਰਲੋਕ ਦੀ ਨਿੰਦਾ ਦਾ ਕੋਈ ਡਰ ਨਹੀਂ ਸੀ ਉਹ ਜੁੱਤੇ ਗੰਢਦੇ ਹੋਏ ਹਰਿ-ਕੀਰਤਨ ਕਰਦੇ ਰਹਿੰਦੇ ਸਨ। ਆਪਨੇ ਜੋ ਕਰਮ ਕਰਨ ਦੀ ਲੋਕਾਂ ਨੂੰ ਪ੍ਰੇਰਨਾ ਦਿੱਤੀ ਉਹ ਪਹਿਲਾਂ ਆਪ ਕੀਤਾ:-

ਮੁਕੰਦ ਮੁਕੰਦ ਜਪਹੁ ਸੰਸਾਰ,
ਬਿਨ ਮੁਕੰਦ ਤਨੁ ਹੋਇ ਅਉਹਾਰ।
ਸੋਇ ਮੁਕੰਦ ਮੁਕਤੀ ਕਾ ਦਾਤਾ,
ਸੋਈ ਮੁਕੰਦ ਹਮਾਰਾ ਪਿਤਾ-ਮਾਤਾ।
ਜੀਵਤ ਮੁਕੰਦੇ ਮਰਤ ਮੁਕੰਦੇ,
ਤਾਕੇ ਸੇਵਕ ਕਉਂ ਸਦਾ ਅਨੰਦੇ।[27]

ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ।
ਦਰਸ਼ਨ ਦੀਜੈ ਹੋ ਬਿਲੰਬ ਨ ਕੀਜੈ।
ਦਰਸ਼ਨ ਤੋਰਾ ਜੀਵਨ ਮੋਰਾ, ਬਿਨ ਦਰਸ਼ਨ ਕਯੂੰ ਜੀਵੈ ਹੋ ਚਕੋਰਾ।
ਮਾਧਉ ਸਤਿਗੁਰ ਸਭ ਜਗ ਚੇਲਾ, ਅਬਕੇ ਬਿਛੁਰੈ ਮਿਲਨ ਦੁਹੇਲਾ।
ਧਨ ਜੋਬਨ ਕੀ ਝੂਠੀ ਆਸਾ, ਸਤਿ ਸਤਿ ਭਾਖੈ ਜਨ 'ਰਵਿਦਾਸ'।[28]

ਪ੍ਰਭੂ ਜੀ ਤੁਮ ਚੰਦਨ ਹਮ ਪਾਨੀ।
ਜਾਕੀ ਬਾਸ ਅੰਗ ਅੰਗ ਸਮਾਨੀ।[29]

ਹਮ ਸਰਿ ਦੀਨੁ ਦਯਾਲ ਨ ਤੁਮ ਸਰਿ ਅਬ ਪਤੀਆਰੁ ਕਿਯਾ ਕੀਜੈ
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।
ਹਉ ਬਲਿ ਬਲਿ ਜਾਉਂ ਰਮਈਆ ਕਾਰਨੇ।

ਕਾਰਨ ਕਵਨ ਅਬੋਲ।
ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮ ਤੁਮਾਰੇ ਲੇਖੇ।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਆ ਦਰਸਨੁ ਦੇਖੇ।[30]

ਕਈ ਵਿਦਵਾਨ 'ਅਨੰਤਦਾਸ ਵੈਸ਼ਨਵ' ਦੀ 'ਰੈਦਾਸ ਪਰਚਈ' ਜਿਹੜੀ ਰਵਿਦਾਸ ਦੀ ਮੌਤ ਤੋਂ ਸਿਰਫ ਚਾਰ ਸਾਲ ਮਗਰੋਂ 1588 ਵਿਚ ਲਿਖੀ ਗਈ ਨੂੰ ਆਧਾਰ ਬਣਾ ਕੇ ਉਨ੍ਹਾਂ ਨੂੰ ਗ੍ਰਿਹਸਤੀ ਨਹੀਂ ਮੰਨਦੇ ਪਰ ਆਪਣੇ ਕਿਰਤ ਕਰਨ ਲਈ ਹਾਂ ਸੁੱਖੀ ਰਵੱਈਆ ਅਪਣਾਇਆ। ਨੇਕ ਕਿਰਤ ਕਰਕੇ ਜੀਵਨ ਨਿਰਬਾਹ ਦੀ ਗੱਲ ਕੀਤੀ। ਘਰ ਵਿਚ ਰਹਿ ਕੇ ਪ੍ਰਭੂ ਭਗਤੀ ਕਰਨ ਲਈ ਕਿਹਾ ਮੰਦਰਾਂ, ਮਸਜਿਦਾਂ ਵਿਚ ਪ੍ਰਭੂ ਦੀ ਹੋਂਦ ਨੂੰ ਅਸਵਿਕਾਰਿਆ। ਇਸ ਕਰਕੇ ਅਸੀਂ ਆਪ ਦੀ ਆਸਥਾ ਕਿ ਗ੍ਰਿਹਸਤ ਵਿਚ ਰਹਿ ਕੇ ਸਭ ਕੁਝ ਕਰਨਾ ਚਾਹੀਦਾ ਹੈ ਦੀ ਹਾਮੀ ਭਰਦੇ ਹਾਂ।

## ਸਮਾਜ ਸੁਧਾਰਕ

ਗੁਰੂ ਰਵਿਦਾਸ ਕਿਉਂਕਿ ਆਪ ਖੁਦ ਜਾਤੀ ਨਾਲ ਸੰਬੰਧਤ ਸਨ ਜਿਸ ਨਾਲ ਉਸ ਸਮੇਂ ਦੇ ਸਮਾਜ ਵਿਚ ਹਰ ਤਰ੍ਹਾਂ ਦਾ ਵਿਤਕਰਾ ਕੀਤਾ ਜਾ ਰਿਹਾ ਸੀ ਉਹ ਜਿਥੇ ਮਜਦੂਰੀ ਕਰਕੇ ਆਪਣੀ ਰੋਟੀ ਰੋਜੀ ਕਮਾਉਣ ਦੇ ਆਹਰ ਵਿਚ ਲੱਗੇ ਰਹਿੰਦੇ ਸਨ ਉਥੇ ਉਨ੍ਹਾਂ ਨੂੰ ਸਮਾਜ ਵਿਚ ਆਪਣੀ ਹੋਂਦ ਬਰਕਰਾਰ ਰੱਖਣ ਲਈ ਵੀ ਜੂਝਣਾ ਪੈ ਰਿਹਾ ਸੀ। ਉਨ੍ਹਾਂ ਦੀ ਬਾਣੀ ਅਤੇ ਜੀਵਨ ਦਾ ਅਧਿਐਨ ਕਰਨ ਉਪਰੰਤ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ। ਉਨ੍ਹਾਂ ਸਮਾਜਿਕ, ਧਾਰਮਿਕ ਅਤੇ ਆਰਥਿਕ ਨਾ-ਬਰਾਬਰੀ ਕਾਰਨ ਉਨ੍ਹਾਂ ਵਿਚ ਆਪਣੀ ਸਮਰਥਾ ਅਨੁਸਾਰ ਅਸਮਾਨਤਾ ਵਿਰੁੱਧ ਲੜਨ ਅਤੇ ਪ੍ਰਚਾਰ ਕਰਨ ਦਾ ਹੋਸਲਾ ਪੈਦਾ ਹੋਇਆ। ਸਾਹਿੱਤ ਵਿਚ ਕੁਝ ਵਿਦਵਾਨਾਂ ਵਲੋਂ ਅਜਿਹਾ ਵੀ ਜਿਕਰ ਕੀਤਾ ਗਿਆ ਹੈ ਕਿ ਭਗਤੀ ਕਾਲ ਦੇ ਸਾਰੇ ਸੰਤਾਂ ਵਿਚੋਂ ਰਵਿਦਾਸ ਪਹਿਲੇ ਸੰਤ ਸਨ ਜਿਨ੍ਹਾਂ ਨੂੰ ਉਸ ਸਮੇਂ ਦੀ ਸਰਕਾਰ ਵਿਰੁੱਧ ਅਤੇ ਮਜਹਬੀ ਵਿਰੋਧ ਦੇ ਆਧਾਰ ਤੇ ਕੁਝ ਦਿਨ ਜੇਲ ਵਿਚ ਕੱਟਣੇ ਪਏ। ਇਸ ਸੰਬੰਧ ਵਿਚ ਲਿਖਿਆ ਮਿਲਦਾ ਹੈ ਕਿ ਸਿਕੰਦਰ ਲੋਧੀ ਨੂੰ ਜਦੋਂ ਪਤਾ ਲਗਿਆ ਕਿ ਰਵਿਦਾਸ ਇਕ ਖੁਦ-ਪ੍ਰਸਤ ਫਕੀਰ ਹੈ ਤਾਂ ਉਸਨੇ ਰਵਿਦਾਸ ਨੂੰ ਜੇਲ੍ਹ ਚੋਂ ਰਿਹਾ ਕਰਕੇ ਦਰਬਾਰ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ।

ਜਦੋਂ ਰਵਿਦਾਸ ਨੂੰ ਬਾਦਸ਼ਾਹ ਨੇ ਇਹ ਪੁਛਿਆ ਕਿ ਹੇ ਰਵਿਦਾਸ ਤੂੰ ਮੇਰੀ ਹਕੂਮਤ ਅਤੇ ਮਜਹਬ ਦਾ ਵਿਰੋਧ ਕਰਦਾ ਹੈਂ ਤਾਂ ਉਸ ਸਮੇਂ ਰਵਿਦਾਸ ਨੇ ਰਾਜੇ ਸਾਹਮਣੇ ਕਈ ਪਦ ਉਚਾਰੇ:--

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।
ਹਰਿ ਕੇ ਨਾਮ ਕਬੀਰ ਉਜਾਗਰ।
ਜਨਮ ਜਨਮ ਕੇ ਕਾਟੇ ਕਾਗਰ।[31]

ਸੁਖ ਸਾਗਰੁ ਸੁਰਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ।
ਚਾਰਿ ਪਦਾਰਥ ਅਸਟ ਦਸਾ ਸਿਧਿ ਨਵਨਿਧਿ ਕਰਤਲ ਤਾ ਕੇ।
- - - - - - - - - - - - - - - - - - - - - - - -
ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ।
ਕਹਿ 'ਰਵਿਦਾਸ' ਪ੍ਰਗਾਸ ਰਿਦੈ ਧਰਿ ਜਨਮ ਮਰਨ ਭੈ ਭਾਗੀ।[32]

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।
ਹਰਿ ਕੇ ਨਾਮੁ ਬਿਨੁ ਝੂਠੇ ਸਗਲ ਪਸਾਰੇ।
- - - - - - - - - - - - - - - - -
ਕਹੈ ਰਵਿਦਾਸ ਨਾਮ ਤੇਰੋ ਆਰਤੀ।
ਸਤਿਨਾਮ ਹੈ ਹਰਿ ਭੋਗ ਤੁਹਾਰੇ।[33]

ਜਿਵੇਂ ਪੈਰਾਂ ਹੇਠ ਲਿਤਾੜੀ ਮਿੱਟੀ ਸਿਰ ਨੂੰ ਆਉਂਦੀ ਹੈ ਤਿਵੇਂ ਉਸ ਸਮੇਂ ਦੇ ਸਮਾਜ ਵਿਚ ਖਾਸ ਕਰਕੇ ਬ੍ਰਾਹਮਣੀ ਧਾਰਮਿਕ ਅਤੇ ਸਮਾਜਿਕ ਬੰਦਸ਼ਾਂ ਵਿਚ ਜਕੜੀ ਦਲਿਤ ਸ਼੍ਰੇਣੀ ਵਿਚੋਂ ਆਪਣੇ ਨਾਲ ਹੋ ਰਹੇ ਜ਼ੋਰ ਜ਼ੁਲਮਾਂ ਦੇ ਖਿਲਾਫ ਆਵਾਜ ਉਠਾਉਣੀ ਜਾਂ ਵਿਦਰੋਹ ਉਪਜਣਾ ਕੁਦਰਤੀ ਜਿਹਾ ਲਗਦਾ ਹੈ ਕਿਉਂਕਿ ਉਸ ਸਮੇਂ ਦੇ ਇਸਲਾਮੀ ਬਾਦਸ਼ਾਹਾਂ ਵਲੋਂ ਬ੍ਰਾਹਮਣੀ ਪੰਜੇ ਦੀ ਜਕੜ ਕੁਝ ਢਿੱਲੀ ਪੈ ਚੁੱਕੀ ਸੀ ਅਤੇ ਇਸ ਵਿਦਰੋਹ ਦੀ ਅਗਵਾਈ ਦਲਿਤ ਸ਼੍ਰੇਣੀਆਂ ਦੇ ਪ੍ਰਤਿਨਿੱਧ ਗੁਰੂ ਰਵਿਦਾਸ, ਕਬੀਰ ਆਦਿ ਨੇ ਕੀਤੀ।

ਸਮਾਜਿਕ ਨਾ-ਬਰਾਬਰੀ, ਜਾਤਪਾਤ, ਊਚ-ਨੀਚ ਅਤੇ ਛੋਟੇ ਵੱਡੇ ਦੇ ਫਰਕ ਪ੍ਰਤੀ ਉਨ੍ਹਾਂ ਦੀ ਇਸ ਜਦੋ-ਜਹਿਦ ਵਿਚੋਂ ਸਮਾਜ ਸੁਧਾਰ ਲਿਆਉਣ ਦਾ ਸੰਕਲਪ ਉਭਰਿਆ

ਅਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਇਸ ਅਸਮਾਨਤਾ, ਕਰਮਕਾਂਡਾਂ, ਰਹੁਰੀਤਾਂ, ਰਸਮਾਂ ਰਿਵਾਜਾਂ ਵਿਰੁੱਧ ਸੰਘਰਸ਼ ਅਤੇ ਪ੍ਰਚਾਰ ਕੀਤਾ ਤੇ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਦੀ ਪ੍ਰੇਰਨਾ ਦਿੱਤੀ। ਆਪ ਮਾਨਵ ਬਰਾਬਰੀ ਦੇ ਪ੍ਰਚਾਰਕ ਸਨ। ਹਰ ਜਾਤੀ ਨੂੰ ਇਕੋ ਨਜ਼ਰ ਨਾਲ ਦੇਖਦੇ। ਉਨ੍ਹਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਭਰਾਤਰੀ ਭਾਵ ਪੈਦਾ ਕਰਨ ਦੀ ਜੀਅ ਤੋੜ ਕੋਸ਼ਿਸ਼ ਕੀਤੀ। ਉਹ ਕਹਿੰਦੇ ਸਨ ਕਿ ਆਪਣੇ ਮਨ ਵਿਚ ਲੋਕਾਂ ਦੇ ਦਰਦ ਨੂੰ ਮਹਿਸੂਸ ਕਰੋ ਜਦੋਂ ਤੱਕ ਉਨ੍ਹਾਂ ਦਾ ਦਰਦ ਆਪਣਾ ਨਹੀਂ ਬਣਾਉਂਦੇ ਉਦੋਂ ਤੱਕ ਸਮਾਜ ਦੇ ਵਿਕਾਸ ਦੀ ਗੱਲ ਨਹੀਂ ਕਰ ਸਕਦੇ। ਇਨਸਾਨ ਦਾ ਦਰਦ ਜਦੋਂ ਸਾਂਝਾ ਹੋ ਜਾਂਦਾ ਹੈ ਤਾਂ ਉਹ ਦਰਦ ਨਾ ਰਹਿ ਕੇ ਪਿਆਰ ਬਣ ਜਾਂਦਾ ਹੈ ਤੇ ਪਿਆਰ ਨਾਲ ਹੀ ਪਰਮਾਤਮਾ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ। ਆਪ ਸਮਾਜ ਨੂੰ ਇਹ ਸੁਨੇਹਾ ਦਿੰਦੇ ਹਨ ਕਿ ਉਹ ਇਨਸਾਨ ਸਮਾਜ ਵਿਚ ਪਰਿਵਰਤਨ ਨਹੀਂ ਲਿਆ ਸਕਦਾ ਜੋ ਸੱਚ ਅਤੇ ਅਸਲੀਅਤ ਨੂੰ ਅੱਖੋਂ ਉਹਲੇ ਕਰਕੇ ਮਨੁੱਖੀ ਸਮਾਨਤਾ ਦੀ ਗੱਲ ਕਰਦਾ ਹੈ:-

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ
ਸਾਧ ਸੰਗਤਿ ਪਾਈ ਪਰਮਗਤੇ।
ਮੈਲੇ ਕਪਰੇ ਕਹਾ ਲਉ ਧੋਵਉ।ਆਵੈਗੀ ਨੀਦ ਕਹਾ ਲਗੁ ਸੋਵਉ
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ।
ਝੂਠੈ ਬਨਜਿ ਉਠਿ ਹੀ ਗਈ ਹਾਟਿਓ
ਕਹੁ ਰਵਿਦਾਸ ਭਇਓ ਜਬ ਲੇਖੋ
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।[34]

ਰਵਿਦਾਸ ਸਮਦਰਸ ਸਮਝਾਵੈ ਕੋਉ।[35]

ਕਾ ਸਜੈ ਰਾਮ ਕਹੈ ਜੁਨ ਭਾਈ, ਕਾ ਸਧੈ ਕ੍ਰਿਸ਼ਨ ਕਰੀਮਾਂ।
ਕਾ ਸਧੈ ਬੇਦ ਕਤੇਬ ਕਹੁੰ ਅਬ, ਕਾ ਸਧੈ ਕਹੂੰ ਨਧੈ ਲੀਨਾਂ।
ਕਾ ਸਧੈ ਤਪ ਤੀਰਥ ਬ੍ਰਤ ਪੂਜਾ, ਕਾ ਸਧੈ ਨਾਮੁ ਕੁਰਾਸੂ।[36]

ਉਪਰੋਕਤ ਵਿਚਾਰਾਂ ਤੋਂ ਆਪ ਉਸ ਸਮੇਂ ਮਹਾਨ ਸਮਾਜ ਸੁਧਾਰਕ ਸਨ। ਜਿੰਨੇ ਵੱਡੇ ਪੈਮਾਨੇ ਤੇ ਸੰਤ ਰਵਿਦਾਸ ਨੇ ਸਮਾਜਿਕ ਕੁਰੀਤੀਆਂ ਧਾਰਮਿਕ ਕਰਮਕਾਂਡਾਂ ਦੇ ਵਿਰੁਧ

ਪ੍ਰਚਾਰ ਕੀਤਾ। ਉਨ੍ਹਾਂ ਕਿਸੇ ਦੂਸਰੇ ਨੇ ਨਹੀਂ ਕੀਤਾ ਹੋਣਾ। ਇਸ ਲਈ ਅਸੀਂ ਸਮਝਦੇ ਹਾਂ ਕਿ ਜਿਹੜਾ ਮਨੁੱਖ ਉਸ ਸਮੇਂ ਜਦੋਂ ਹਰ ਇਕ ਲਈ ਖਾਦ ਪਦਾਰਥ ਪ੍ਰਾਪਤੀ ਇਕ ਸਮੱਸਿਆ ਸੀ। ਅੰਨ ਪ੍ਰਾਪਤੀ ਦੀ ਕਾਮਨਾ ਕਰਨਾ ਸਭ ਤੋਂ ਵੱਡੀ ਗੱਲ ਹੈ ਇਸਤੋਂ ਵੱਡਾ ਹੋਰ ਸਮਾਜਵਾਦੀ ਕੌਣ ਹੋ ਸਕਦਾ ਹੈ ਜੋ ਸਾਰੇ ਸੰਸਾਰ ਨੂੰ ਇਕ ਸੰਗਤ ਸਮਝਦਾ ਹੈ:-

ਅਬ ਹਮ ਖੂਬ ਵਤਨ ਘਰ ਪਾਇਆ।
ਊਹਾਂ ਖੈਰ ਸਦਾ ਮੁਹਿ ਮਨ ਭਾਇਆ।[37]

## ਸਮਾਨ ਅਧਿਕਾਰਾਂ ਪ੍ਰਤੀ ਆਸਥਾ

ਗੁਰੂ ਰਵਿਦਾਸ ਮਨੁੱਖੀ ਸਮਾਨ ਅਧਿਕਾਰਾਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਸਨ ਅਤੇ ਮਨੁੱਖੀ ਸਮਾਜ ਵਿਚ ਅਸਮਾਨਤਾ ਦੇ ਵਿਰੋਧੀ ਸਨ ਜਿਵੇਂ ਉਨ੍ਹਾਂ ਨੇ ਧਾਰਮਿਕ ਖੇਤਰ ਪ੍ਰਭੂ ਭਗਤੀ ਪ੍ਰਤੀ ਸਾਰੇ ਮਨੁੱਖਾਂ ਦਾ ਸਮਾਨ ਅਧਿਕਾਰ ਦੱਸਿਆ ਅਤੇ ਪੂਜਾ-ਪਾਠ ਸਾਧਨਾ ਵਿਚ ਵਿਤਕਰੇ ਵਿਰੁੱਧ ਆਵਾਜ਼ ਉਠਾਈ ਉਵੇਂ ਉਨ੍ਹਾਂ ਰਾਜਨੀਤਿਕ ਸਮਾਨਤਾ, ਸਮਾਜਿਕ ਬਰਾਬਰੀ ਜਾਤਪਾਤ ਵਿਰੁੱਧ ਪ੍ਰਚਾਰ ਕੀਤਾ। ਉਹ ਸਮੁੱਚੇ ਤੌਰ ਤੇ ਮਾਨਵ ਸਮਾਜ ਵਿਚ ਹਰ ਪੱਖ ਤੋਂ ਸਮਾਨਤਾ ਅਤੇ ਬਰਾਬਰੀ ਦੇ ਪੈਰੋਕਾਰ ਸਨ। ਉਹ ਅਜਿਹੀ ਦੁਨੀਆਂ ਚਾਹੁੰਦੇ ਸਨ ਜਿਸ ਵਿਚ ਤੇਰੀ ਮੇਰੀ ਦਾ ਭੇਦ ਨਾ ਹੋਵੇ। ਉਹ ਤਾਂ ਪਰਮਾਤਮਾ ਨੂੰ ਵੀ ਵੱਖਰਾ ਨਹੀਂ ਸਮਝਦੇ ਉਸ ਨਾਲ ਵੀ ਸਮਾਨਤਾ ਦੀ ਗੱਲ ਕਰਦੇ ਹਨ:-

ਤੋਹੀ ਮੋਹੀ ਅੰਤਰ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ।
ਜਉ ਪੈ ਹਮ ਨ ਪਾਪ ਕਰੰਤਾ ਅਤੇ ਅਨੰਤਾ।
ਪਤਿਤ ਪਾਵਨ ਨਾਮੁ ਕੈਸੇ ਹੁੰਤਾ।[38]

ਜਬ ਹਮ ਹੋਤੇ ਤਬ ਤੂ ਨਾਹੀ।
ਅਬ ਤੂ ਹੀ ਮੈਂ ਨਾਹੀ।
ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ।
ਮਾਧਵੇ ਕਿਆ ਕਹੀਐ ਭ੍ਰਮ ਐਸਾ,
ਜੈਸਾ ਮਾਨੀਐ ਹੋਇ ਨਾ ਤੈਸਾ।[39]

ਭਗਤ ਰਵਿਦਾਸ ਦੀ ਬਾਣੀ ਵਿਚੋਂ ਨਵੀਨ ਭਾਂਤ ਦੀ ਮਨੁੱਖੀ ਸਾਂਝ ਅਤੇ

ਸਮਾਨਤਾ ਉਤਪੰਨ ਹੁੰਦੀ ਹੈ। ਉਹ ਸਰਗੁਣ ਭਗਤੀ ਨਾਲੋਂ ਜ਼ਿਆਦਾ ਅਹਿਮੀਅਤ ਨਿਰਗੁਣ ਭਗਤੀ ਨੂੰ ਦਿੰਦੇ ਹਨ। ਲੋਕਾਂ ਨੂੰ ਕਰਮਕਾਂਡਾਂ ਤੇ ਮੂਰਤੀ ਉਪਾਸਨਾ ਤੋਂ ਉਪਰ ਉਠਾਉਣ ਦੀ ਗੱਲ ਆਪਣੇ ਆਪ ਵਿਚ ਕੱਟੜ ਧਾਰਮਿਕ ਮਰਿਯਾਦਾ ਵਿਰੁੱਧ ਵਿਦਰੋਹ ਸੀ ਜਿਹੜਾ ਲੋਕਾਂ ਨੂੰ ਵੱਖ ਵੱਖ ਵਰਗਾਂ ਵਿਚ ਵੰਡ ਕੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਦਾ ਸੀ। ਇਸ ਭਗਤੀ ਨਾਲ ਲੋਕ ਇਕੋ ਦੇਵ ਦੇ ਉਪਾਸਕ ਬਣ ਗਏ ਅਤੇ ਮੱਤ-ਮਤਾਂਤਰਾਂ ਦੀ ਵੰਡ ਤੋਂ ਉਪਰ ਉੱਠ ਕੇ ਇਹ ਸੋਚਣ ਲੱਗ ਪਏ ਕਿ ਬ੍ਰਾਹਮਣ ਮੁੱਲਾ ਸਭ ਸਾਡੇ ਬਰਾਬਰ ਹਨ। ਭਗਤੀ ਨਾਲ ਜੋ ਆਤਮਿਕ ਉੱਚਤਾ ਮਿਲਦੀ ਹੈ ਉਹ ਜਾਤਾਂ ਦੇ ਵੱਡੇ ਛੋਟੇ ਹੋਣ ਨਾਲ ਨਹੀਂ ਮਿਲਦੀ। ਰਵਿਦਾਸ ਨੇ ਬ੍ਰਾਹਮਣ ਸਮਾਜ ਦੀ ਡਟਵੀਂ ਵਿਰੋਧਤਾ ਕੀਤੀ ਜੋ ਆਪਨੂੰ ਨੀਚ ਕਹਿੰਦੇ ਸਨ ਉਨ੍ਹਾਂ ਨੇ ਪਾਖੰਡੀ ਬ੍ਰਾਹਮਣ ਨਾਲੋਂ ਬਾਲਮੀਕ ਨੂੰ ਚੰਗਾ ਕਿਹਾ:—

ਖਟੁ ਕਰਮ ਕੁਲ ਸੰਜੁਗਤੁ ਹੈ,
ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ,
ਸੁਪਚ ਤੁਲ ਸਮਾਨਿ,
ਰੇ ਚਿਤ ਚੇਤਿ ਚੇਤ ਅਚੇਤ।
ਕਾਹੇ ਨ ਬਾਲਮੀਕਹਿ ਦੇਖ।
ਕਿਸ ਜਾਤ ਤੇ ਕਿਹ ਪਦਹਿ ਅਮਰਿਓ,
ਰਾਮ ਭਗਤਿ ਬਿਸੇਖ।[40]

ਅਜਿਹੇ ਵਿਚਾਰ ਉਸ ਸਮੇਂ ਬ੍ਰਾਹਮਣ ਅਤੇ ਮੁੱਲਾ ਮੌਲਵੀਆਂ ਨੂੰ ਚੰਗੇ ਨਹੀਂ ਲਗਦੇ ਸਨ ਕਿਉਂਕਿ ਇਨ੍ਹਾਂ ਵਿਚਾਰਾਂ ਨਾਲ ਉਨ੍ਹਾਂ ਦੀ ਉੱਚਤਾ ਤੇ ਸੁੱਚਤਾ ਨੂੰ ਠੇਸ ਪਹੁੰਚਦੀ ਸੀ ਪਰ ਰਵਿਦਾਸ ਨੇ ਇਨ੍ਹਾਂ ਗੱਲਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਘਰ ਹੀ ਮੰਦਰ ਬਣਾ ਲਿਆ ਤੇ ਬ੍ਰਾਹਮਣਾਂ ਵਾਂਗ ਪੂਜਾ ਪਾਠ ਆਰੰਭ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਬ੍ਰਾਹਮਣ ਕੱਟੜਵਾਦ ਅਤੇ ਸਮਾਜ ਦਾ ਵਿਰੋਧ ਕੀਤਾ ਹਰ ਇਨਸਾਨ ਦੀ ਬਰਾਬਰੀ ਦੀ ਗੱਲ ਕੀਤੀ। ਊਚ-ਨੀਚ ਦੇ ਭੇਦ ਭਾਵ ਤੋਂ ਉਪਰ ਉੱਠ ਕੇ ਲਿਖਿਆ। ਭਗਤੀ ਕਰਨ ਵਾਲੇ ਇਨਸਾਨ ਨੂੰ ਉੱਚਾ ਕਿਹਾ। ਉਨ੍ਹਾਂ ਅਨੁਸਾਰ ਕੋਈ ਬ੍ਰਾਹਮਣ ਜਾਂ ਛੱਤਰਪਤੀ ਰਾਜਾ ਵੱਡਾ ਨਹੀਂ। ਚੰਡਾਲ, ਡੂਮ ਜਿਨ੍ਹਾਂ ਨੂੰ ਨੀਚ ਕਿਹਾ ਜਾਂਦਾ ਸੀ ਛੋਟੇ ਨਹੀਂ। ਇਹ ਗੱਲ ਕਰਕੇ ਆਪਣੇ ਮਾਨਵ ਸਮਾਜ ਦੀ ਸਮਾਨਤਾ ਨੂੰ ਹੁਲਾਰਾ ਦਿੱਤਾ:—

ਬ੍ਰਾਹਮਣ ਵੈਸ਼ ਸੂਦ ਅਰੁ ਖੱਤਰੀ,
ਡੋਮ ਚੰਡਾਲ ਮਲੇਛ ਮਨ ਸੋਇ।
ਹੋਇ ਪੁਨੀਤ ਭਗਵੰਤ ਭਜਨ ਤੇ,
ਆਪ ਤਾਰਿ ਤਾਰੇ ਕੁਲ ਦੋਇ।[41]

ਐਸੀ ਲਾਲ ਤੁਝ ਬਿਨ ਕਉਨ ਕਰੈ
ਗਰੀਬ ਨਿਵਾਜ ਗੁਸਈਆ
ਮੇਰੈ ਮਾਥੈ ਛਤ੍ਰ ਧਰੈ।
ਜਾਤਿ ਛੋਤਿ ਜਗਤ ਕਉ ਲਾਗੈ
ਤਾਂ ਪਰ ਤੂਹੀ ਢਰੈ
ਨੀਚਹੁ ਊਚ ਕਰੇ ਮੇਰਾ ਗੋਬਿੰਦ
ਕਾਹੂ ਤੇ ਨ ਡਰੈ।[42]

ਇਨ੍ਹਾਂ ਵਿਚਾਰਾਂ ਤੋਂ ਆਪਦੀ ਮਨੁੱਖੀ ਸਮਾਨਤਾ ਪ੍ਰਤੀ ਆਪਣੀ ਆਸਥਾ ਦਾ ਪ੍ਰਗਟਾ ਹੁੰਦਾ ਹੈ ਇਥੇ ਉਹ ਇਕ ਮਨੁੱਖ ਤੋਂ ਔਰੀ ਗੱਲ ਕੇ ਭਾਈਚਾਰਕ ਬਰਾਬਰੀ ਤੇ ਜੋਰ ਦਿੰਦੇ ਹਨ ਉਹ ਜਦੋਂ ਸੰਗਤ ਦੀ ਗੱਲ ਕਰਦੇ ਹਨ ਤਦ ਵੀ ਉਨ੍ਹਾਂ ਦਾ ਉਦੇਸ਼ ਲੋਕ-ਮੁੱਖੀ ਲਗਦਾ ਹੈ ਤੇ ਉਹ ਚੰਗੇ ਲੋਕਾਂ ਵਿਚ ਮਿਲ ਬੈਠਣ, ਨਾਮ ਜਪਣ ਦੀ ਆਗਿਆ ਕਰਦੇ ਹਨ। ਉਹ ਕਹਿੰਦੇ ਹਨ ਕਿ ਮਨੁੱਖ ਸਤਿਸੰਗ ਦਾ ਲਾਭ ਤਾਂ ਹੀ ਪਾ ਸਕਦਾ ਹੈ ਜੇ ਉਹ ਸਮਾਨ ਦ੍ਰਿਸ਼ਟੀ ਨਾਲ ਸਭ ਨੂੰ ਦੇਖੇ:-

ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ,
ਭਾਵ ਬਿਨੁ ਭਗਤਿ ਨ ਹੋਇ ਤੇਰੀ।[43]

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ,
ਸਤਿਸੰਗਤ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।[44]

ਉਹ ਪਰਮਾਤਮਾ ਨੂੰ ਕਿਸੇ ਦੀ ਮਲਕੀਅਤ ਨਹੀਂ ਕਹਿੰਦੇ ਉਨ੍ਹਾਂ ਅਨੁਸਾਰ ਤਾਂ ਜਿਸ ਮਨੁੱਖ ਵਿਚੋਂ ਹੰਕਾਰ ਈਰਖਾ ਆਦਿ ਦਾ ਤਿਆਗ ਹੋ ਜਾਵੇ ਤੇ ਜਿਹੜਾ ਪਰਮਾਤਮਾ ਵਿਚ ਅਭੇਦ ਹੋ ਜਾਵੇ ਉਹ ਹੀ ਮਨੁੱਖ ਦੇ ਸਮਾਨ ਅਧਿਕਾਰਾਂ ਦੀ ਗੱਲ ਕਰ ਸਕਦਾ ਹੈ ਕਿਉਂਕਿ ਜਿੰਨੀ ਦੇਰ ਸਾਡਾ ਮਨ ਸਾਫ ਨਹੀਂ ਹੁੰਦਾ ਅਸੀਂ ਪ੍ਰੇਮ ਨਹੀਂ ਕਰ ਸਕਦੇ ਜੇ ਮਨ

ਮਨੁੱਖੀ ਪ੍ਰੇਮ ਵਿਚ ਤੜਪ ਉੱਠੇ ਤਾਂ ਲੋਕਾਂ ਨਾਲ ਮਿਲ ਕੇ ਰਹਿਣ ਦੀ ਆਦਤ ਜਨਮ ਲੈਂਦੀ ਹੈ ਤੇ ਮਿਲ ਕੇ ਰਹਿਣਾ ਹੀ ਮਨੁੱਖੀ ਸਮਾਨਤਾ ਦਾ ਸਭ ਤੋਂ ਵੱਡਾ ਰੂਪ ਹੈ:-

ਮਨਿ ਪਰਹਰਿ ਡਾਂਗਰਿ ਅਰੁ ਨਾਟਕ,
ਰੀਧ ਕੀਓ ਬਹੁ ਭਾਨੀ।
ਖਿਰ ਖਿਰ ਕਰਿ ਭੋਜਨ ਕਾਨੇ,
ਤਊ ਨ ਬਿਸਰਿਓ ਪਾਨਾ।
ਆਪਨ ਬਾਪੈ ਨਾਹੀ ਕਿਸੀ ਕੋ,
ਭਾਵਨ ਕੋ ਹਰਿ ਰਾਜਾ।
ਮੋਹ ਪਟਲ ਸਭੁ ਜਗਤੁ ਬਿਆਪਿਓ,
ਭਗਤ ਨਹੀਂ ਸੰਤਾਪਾ।[45]

<u>ਸੁਤੰਤਰਤਾ ਪ੍ਰੇਮ</u>

ਅੱਜ ਕਲ੍ਹ ਦੇ ਵਿਦਵਾਨ ਭਵਿੱਖ-ਮੁਖੀ ਮੁੱਲਾਂ ਨੂੰ ਸਮੇਂ ਸਿਰ ਨਿਰਧਾਰਿਤ ਨਾ ਕਰ ਸਕਣ ਦੀ ਮਨੁੱਖੀ ਸਮਰਥਾ ਨੂੰ ਅਨੇਕਾਂ ਸਮੱਸਿਆਵਾਂ ਵਿਚੋਂ ਅਹਿਮ ਸਮੱਸਿਆ ਮੰਨਦੇ ਹਨ ਅਤੇ ਇਸ ਪ੍ਰਤੀ ਚਿੰਤਤ ਹਨ ਪਰ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸਾਡੇ ਮਹਾਨ ਚਿੰਤਕ ਗੁਰੂ ਰਵਿਦਾਸ ਨੇ ਬੇਗਮਪੁਰਾ ਸ਼ਹਿਰ ਦੀ ਕਲਪਨਾ ਕਰਕੇ ਜਿਹੜੀ ਦਾਰਸ਼ਨਿਕਤਾ ਦਾ ਸਬੂਤ ਦਿੱਤਾ ਉਹ ਲਾਸਾਨੀ ਅਤੇ ਬੇਜੋੜ ਹੈ।

ਗੁਰੂ ਰਵਿਦਾਸ ਨੇ 'ਬੇਗਮਪੁਰ' ਅਰਥਾਤ (ਬੇ+ਗ਼ਮ+ਪੁਰ) ਸ਼ਹਿਰ ਰਾਹੀਂ ਲੋਕਤੰਤਰਿਕ ਆਦਰਸ਼ਕ ਸਮਾਜ ਸਥਾਪਿਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਰਵਿਦਾਸ ਦਾ ਇਹ ਸ਼ਹਿਰ ਪਾਬੰਦੀ-ਰਹਿਤ ਸੁਤੰਤਰਤਾ ਭਰਪੂਰ ਅਤੇ ਲੋਕਾਂ ਨੂੰ ਬਰਾਬਰੀ ਦਾ ਦਰਜਾ ਦੇਣ ਵਾਲਾ ਸ਼ਹਿਰ ਹੈ। ਇਸ ਕਲਪਨਾਮਈ ਸ਼ਹਿਰ ਰਾਹੀਂ ਰਵਿਦਾਸ ਨੇ ਆਪਣੇ ਆਦਰਸ਼ ਦੀ ਬੁਨਿਆਦ ਰੱਖੀ ਜੋ ਸੱਚ ਤੇ ਆਧਾਰਿਤ ਸੀ ਅਤੇ ਮਨੁੱਖ ਦੀ ਜ਼ਿੰਦਗੀ ਦੇ ਹਰ ਪੱਖ ਤੋਂ ਸੁਤੰਤਰ ਰੂਪ ਵਿਚ ਵਿਚਰਨ ਦਾ ਪ੍ਰਤੀਕ ਸੀ।

ਰਵਿਦਾਸ ਰਹੱਸਵਾਦੀ ਤੇ ਅਧਿਆਤਮਵਾਦੀ ਹੋਣ ਦੇ ਨਾਲ ਨਾਲ ਮਨੁੱਖੀ ਲੋੜਾਂ ਪ੍ਰਤੀ ਵੀ ਸੱਤਰਕ ਸਨ। ਮਨੁੱਖੀ ਸਮਾਜ ਦੇ ਸਮਾਜਿਕ, ਆਰਥਿਕ, ਰਾਜਨੀਤਿਕ

ਅਤੇ ਸਿਆਸੀ ਪੱਖਾਂ ਬਾਰੇ ਵੀ ਆਪਣੀ ਬਾਣੀ ਵਿਚ ਸੋਚਣ ਦਾ ਵਿਖਿਆਨ ਮਿਲਦਾ ਹੈ। ਆਪਨੂੰ ਆਦਰਸ਼ਿਕ ਸਮਾਜ ਦਾ ਸੁਪਨਾ ਲੈਣ ਵਾਲਿਆਂ ਦੇ ਵਰਗ ਵਿਚ ਗਿਣਿਆ ਜਾ ਸਕਦਾ ਹੈ। ਜਿਸ ਵਰਗ ਵਿਚ ਸੁਕਰਾਤ, ਪਲੈਟੋ, ਥਾਮਸਮੂਰ, ਰੂਸੋ, ਅਗਸਤਨ ਡੇਵ ਤੇ ਮਾਰਕਸ ਏਂਗਲਜ਼ ਰੱਖੇ ਜਾ ਸਕਦੇ ਹਨ। ਥਾਮਸ ਮੂਰ(1478—1535) ਨੇ 'ਯੂਟੋਪੀਆ' ਗ੍ਰੰਥ ਵਿਚ ਇਸੇ ਤਰ੍ਹਾਂ ਦਾ ਆਦਰਸ਼ਿਕ ਕਾਲਪਨਿਕ ਸੰਕਲਪ ਦਿੱਤਾ ਸੀ ਭਾਵੇਂ ਇਹ ਇਕ ਕਾਲਪਨਿਕ ਗੱਲ ਸੀ ਫੇਰ ਵੀ ਇਸ ਸੰਕਲਪ ਨੇ ਲੋਕਾਂ ਵਿਚ ਮਨੁੱਖੀ ਸੁਤੰਤਰਤਾ ਦੇ ਹਾਮੀ ਸਮਾਜ ਦੀ ਸਿਰਜਣਾ ਕਰਨ ਲਈ ਉਤਸ਼ਾਹ ਪੈਦਾ ਕੀਤਾ। ਰਵਿਦਾਸ ਨੇ ਆਪਣੀ ਬਾਣੀ ਵਿਚ ਇਸ ਰਾਜ ਦਾ ਵਿਖਿਆਨ ਇਸ ਤਰ੍ਹਾਂ ਕੀਤਾ ਹੈ:—

ਬੇਗਮਪੁਰਾ ਸਹਰ ਕੋ ਨਾਉਂ, ਦੂਖੁ ਅੰਦੋਹੁ ਨਹੀ ਤਿਹ ਠਾਉਂ।
ਨਾ ਤਸਵੀਸ ਖਿਰਾਜ ਨ ਮਾਲੁ, ਖਉਫ ਨ ਖਤਾ ਨ ਤਰਸ ਜਵਾਲੁ।
ਅਬ ਮੋਹਿ ਖੂਬ ਵਤਨ ਗਹਿ ਪਾਈ, ਊਹਾਂ ਖੈਰ ਸਦਾ ਮੇਰੇ ਭਾਈ।
ਕਾਇਮੁ ਦਾਇਮੁ ਸਦਾ ਪਾਤਿਸਾਹੀ, ਦੋਮ ਨ ਸੇਮ ਏਕ ਸੋ ਆਹੀ।
ਆਬਾਦਾਨ ਸਦਾ ਮਸਹੂਰ, ਊਹਾਂ ਗਨੀ ਬਸਹਿ ਮਾਮੂਰ।
ਤਿਉਂ ਤਿਉਂ ਸੈਲ ਕਰਹਿ ਜਿਉ ਭਾਵੈ, ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸੁ ਚਮਾਰਾ, ਜੋ ਹਮ ਸਹਰੀ ਸੋ ਮੀਤੁ ਹਮਾਰਾ।[46]

ਸੁਤੰਤਰ ਸੋਚ ਦੇ ਮਾਲਕ ਇਸ ਮਹਾਂਪੁਰਸ਼ ਨੇ ਇਸ ਕਵਿਤਾ ਰਾਹੀਂ ਆਦਰਸ਼ਿਕ ਗਣਰਾਜ ਸਥਾਪਿਤ ਕਰਨ ਦਾ ਸੰਕਲਪ ਦਿੱਤਾ ਜਦੋਂ ਕਿ ਦੁਨੀਆਂ ਦੇ ਇਤਿਹਾਸ ਵਿਚ ਅਜਿਹੀ ਕਿਸੇ ਸਭਿਅਤਾ ਦੀ ਹੋਂਦ ਦਾ ਜ਼ਿਕਰ ਤੱਕ ਵੀ ਨਹੀਂ ਸੀ। ਅਜਿਹੇ ਸਮੇਂ ਤੇ ਪ੍ਰਭੂ ਦਾ ਡਰ ਮੰਨਣਾ ਜੋ ਰਾਜਿਆਂ-ਰਾਣਿਆਂ ਤੋਂ ਵੱਡਾ ਹੈ ਵਾਕਿਆ ਮਾਣ ਦੀ ਗੱਲ ਹੈ।

ਗੁਰੂ ਰਵਿਦਾਸ ਸੁਤੰਤਰਤਾ ਦੇ ਹਾਮੀ ਹੀ ਨਹੀਂ ਸਗੋਂ ਪਰਾਧੀਨਤਾ ਨੂੰ ਵੀ ਪਾਪ ਸਮਝਦੇ ਸਨ। ਜਦੋਂ ਉਹ ਕਹਿੰਦੇ ਹਨ ਕਿ ਜਿਹੜਾ ਮਨੁੱਖ ਪਰਾਧੀਨ ਹੈ ਉਸਦਾ ਆਪਣਾ ਧਰਮ ਕੀ ਹੋਇਆ। ਬਿਨਾ ਦੀਨ ਤੋਂ ਆਦਮੀ ਅਰਥਾਤ ਗੁਲਾਮ ਆਦਮੀ ਦਾ ਆਪਣਾ ਕੋਈ ਸੁਤੰਤਰ ਆਚਰਨ ਜਾਂ ਵਿਵਹਾਰ ਨਹੀਂ ਹੋ ਸਕਦਾ। ਇਸ ਲਈ ਸਾਰੇ ਉਸਨੂੰ ਹੀਣ ਸਮਝਦੇ ਹਨ ਤੇ ਉਸਦੇ ਨਾਲ ਕੋਈ ਵੀ ਪ੍ਰੇਮ ਨਹੀ ਕਰਦਾ:-

ਧ੍ਰਿਗ ਧ੍ਰਿਗ ਜੀਵਣੁ ਰਾਜੇ ਰਾਮ ਬਿਨਾ।
ਦੇਹਿ ਨੈਨ ਬਿਨੁ, ਚੰਦ ਰੈਨ ਬਿਨ, ਜਊਂ ਸੋਭਾ ਕਹਹੁ ਜਲੇ ਬਿਨਾ
ਧਰਤੀ ਮੇਂਹ ਬਿਨੁ ਪੰਖੀ ਪੰਖ ਬਿਨ, ਜਾਇਸੇਹਿ ਮੰਦਿਰ ਦੀਪ ਬਿਨਾ
ਜਾਇਸੇ ਬ੍ਰਾਹਮਨ ਵੇਦ ਵਿਹੂਣਾ, ਤੈਸੇਹ ਪ੍ਰਾਣ ਕੁਝ ਨਾਮ ਬਿਨਾ।[215]

ਵੇਸਵਾ ਕੂੰ ਸੁਤ ਕਾਕੋ ਕਹਿਏ, ਤੈਸੇਹ ਭਗਤ ਜਗਤ ਜਨ ਰਾਮ ਬਿਨਾ।
ਮੰਤ੍ਰ ਸੁਰਤਿ ਬਿਨੁ, ਨਾਰੀ ਕੰਤ ਬਿਨੁ, ਜਇਸੇਹੀ ਧਰਤੀ ਮੇਂਹ ਬਿਨਾ।
ਨਾਮ ਲੇਹੁ ਹੰਕਾਰ ਨਿਵਾਰਹੁ, ਤ੍ਰਿਸ਼ਨਾ ਤਜਹੁ ਜੀਤ ਜਨਾ।
ਕਹਿ ਰਵਿਦਾਸ ਭਈ ਜੋਤਨ ਨਾਜਾ, ਜਸੋ ਹੈ ਨਾਵੈ ਗੁਰ ਚਰਨਾ।[47]

ਇਨ੍ਹਾਂ ਭਵਿੱਖਮੁਖੀ ਸੰਕਲਪਨਾ ਨਾਲ ਗੁਰੂ ਰਵਿਦਾਸ ਨੇ ਜਿਥੇ ਮੁੱਲਾਂ ਜਿਵੇਂ ਦੇਸ਼ ਪ੍ਰੇਮ, ਸਮਾਜਿਕ ਬਰਾਬਰੀ, ਰਾਜਨੀਤਿਕ ਬੰਧਨ-ਰਹਿਤ ਮੁੱਲਾਂ ਦੀ ਸਿਰਜਣਾ ਕਰਨ ਪ੍ਰਤੀ, ਭਵਿੱਖ ਦਾਸ਼ੇ ਰਾਹੀਂ ਆਉਣ ਵਾਲੇ ਮਨੁੱਖਾਂ ਨੂੰ ਸੇਧ ਦਿੱਤੀ ਹੁੰਦੇ ਜਾਤਪਾਤ ਰਹਿਤ ਪ੍ਰਭੂ ਦੇ ਰੰਗ ਵਿਚ ਰੰਗੀ ਸਮਾਜ ਮਾਨਵੀ ਏਕਤਾ ਆਦਿ ਸੀਮਿਤ ਵਰਗ ਦੀ ਧਾਰਨਾ ਜਾਂ ਕਲਪਨਾ ਕੀਤੀ ਹੈ ਉਥੇ ਉਹ ਇਕ ਦਾਰਸ਼ਨਿਕ ਚਿੰਤਕ ਦੇ ਤੌਰ ਤੇ ਆਪਣਾ ਸਥਾਨ ਬਣਾਉਂਦੇ ਹਨ।

## ਭਗਤੀ ਦਾਰਸ਼ਨਿਕਤਾ

ਧਰਮ ਦੇ ਸੰਬੰਧ ਵਿਚ ਜਦੋਂ ਅਸੀਂ ਦਾਰਸ਼ਨਿਕਤਾ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸਨੂੰ ਵਿਵੇਕ ਦੇ ਸੰਬੰਧ ਵਿਚ ਲੈਂਦੇ ਹਾਂ। ਇਸ ਸੰਬੰਧ ਵਿਚ ਸਾਰੇ ਵਿਦਵਾਨ-ਵਿਧਾਨ ਦੀ ਕੜੀ ਮਨੁੱਖ ਦੀ ਉਸ ਜਗਿਆਸਾ ਜਾਂ ਉਤਸੁਕਤਾ ਨਾਲ ਜਾ ਜੁੜਦੀ ਹੈ ਜਿਹੜੀ ਉਸਦੀ ਸੋਚ ਸਮਝ ਦੇ ਅਨੁਭਵ ਦੀ ਪਰਛਾਈ ਵਜੋਂ ਵਰਤਾਰਿਆਂ ਨੂੰ ਜਨਮ ਦੀ ਹੈ। ਭਾਰਤੀ ਸੰਸਕ੍ਰਿਤੀ ਦਾ ਮੂਲ ਧਰਮ ਅਤੇ ਦਰਸ਼ਨ ਰਿਹਾ ਹੈ ਇਸੇ ਦਰਸ਼ਨ ਤਹਿਤ ਮਨੁੱਖੀ ਉਤਸੁਕਤਾ ਇਹ ਜਾਨਣ ਲਈ ਕਿ ਉਹ ਕਿਹੜੀ ਅਗਿਆਤ ਸ਼ਕਤੀ ਹੈ ਜਿਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ, ਕਿਉਂ ਕੀਤੀ ਅਤੇ ਇਸਦਾ ਸੰਚਾਲਨ ਕੌਣ ਕਰ ਰਿਹਾ ਹੈ। ਜਿਥੇ ਇਸ ਜਗਿਆਸਾ ਤਹਿਤ ਦਾਰਸ਼ਨਿਕ ਤੇ ਵਿਗਿਆਨੀ ਪੈਦਾ ਹੋਏ ਉਥੇ ਸੰਗ-ਤਰਾਸ਼ਾਂ, ਚਿੱਤਰਕਾਰਾਂ ਅਤੇ ਕਵੀਆਂ ਤੱਕ ਨੇ ਇਸ ਸ੍ਰਿਸ਼ਟਿਕ ਅਸੀਮਤਾ ਵਿਚ ਵਸਦੇ ਬ੍ਰਹਮ ਨੂੰ ਜਾਨਣ ਅਤੇ ਰੂਪਵਾਨ ਕਰਨ ਦੀ ਕੋਸ਼ਿਸ਼ ਕੀਤੀ। ਰਵਿਦਾਸ ਨੇ ਅਪ੍ਰਾਪਤੀ ਤੇ ਅਤ੍ਰਿਪਤੀ ਦੀ ਦਸ਼ਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:-

ਕੂਪ ਭਰਿਉ ਜੈਸੇ ਦਾਦਰਾ ਕਛੁ ਦੇਸੁ ਬਦੇਸੁ ਨ ਬੂਝ।
ਐਸੇ ਮੇਰ ਮਨ ਬਿਖਿਆ ਬਿਮੋਹਿਆ ਕਛੁ ਆਰ ਪਾਰ ਨ ਸੂਝ।
ਸਗਲ ਭਵਨ ਕੇ ਨਾਇਕਾ ਇਕ ਛਿਨ ਦਰਸ ਦਿਖਾਇ ਜੀ।[48]

ਰਵਿਦਾਸ ਨੇ ਆਪਣੀ ਦਾਰਸ਼ਨਿਕ ਵਿਚਾਰਧਾਰਾ ਅਧੀਨ ਸਰਵਉੱਚ ਸਤ੍ਹਾ ਜਿਹੜੀ ਸ੍ਰਿਸ਼ਟੀ ਦਾ ਸੰਚਾਲਨ ਕਰਦੀ ਹੈ ਨੂੰ ਵੇਦਾਂਤੀਆਂ ਦੀ ਭਾਸ਼ਾ ਵਿਚ ਬ੍ਰਹਮ ਕਿਹਾ ਅਤੇ ਉਸਨੂੰ ਸਰਬ-ਵਿਆਪਕ ਸਵੀਕਾਰ ਕੀਤਾ ਹੈ।

ਪੂਰਨ ਬ੍ਰਹਮ ਵਸੈ ਸਭ ਠਾਈਂ।

ਬ੍ਰਹਮ ਵਿਰਾਟ ਰੂਪ ਹੈ ਅਤੇ ਤਿੰਨਾਂ ਲੋਕਾਂ ਵਿਚ ਫੈਲਿਆ ਹੋਇਆ ਹੈ। ਇਸੇ ਬ੍ਰਹਮ ਵਿਚ ਸਾਰਾ ਸੰਸਾਰ ਵਸਿਆ ਹੋਇਆ ਹੈ ਉਹ ਅਨਾਦਿ ਹੈ, ਅਨੰਤ ਹੈ, ਸੰਸਾਰ ਸਰਬ ਵਿਆਪਕ ਬ੍ਰਹਮ ਦਾ ਸਰੀਰ ਹੈ ਉਸਨੂੰ ਬਣਾਉਣ ਵਾਲਾ ਤੇ ਨਾਸ਼ ਕਰਨ ਵਾਲਾ ਆਪ ਹੀ ਹੈ। ਰਵਿਦਾਸ ਬ੍ਰਹਮਾ ਨੂੰ ਸਦਾ ਇਕ ਰਸ ਵਾਲਾ ਨਿਰਗੁਣ, ਨਿਰਾਕਾਰ, ਸਰਬ-ਵਿਆਪਕ, ਨਿਸ਼ਚਲ, ਨਿਰਭੈ, ਅਦੈਵਤ, ਨਿਰਵਿਕਾਰ ਅਤੇ ਅਵਿਨਾਸ਼ੀ ਦੀ ਸੰਗਿਆ ਦਿੰਦੇ ਹਨ। ਉਹ ਨਾ ਰੂਪ ਵਾਲਾ ਹੈ, ਨਾ ਰੂਪ ਰਹਿਤ, ਉਹ ਸੂਖਮ, ਜਾਤ-ਹੀਣ, ਪ੍ਰਬਲ, ਰੰਤਹਮਾ, ਆਕਾਸ਼ ਰੂਪ ਵੀ ਨਹੀਂ ਹੈ। ਉਸ ਵਿਚ ਨਾ ਕਰਮ ਹੈ ਨਾ ਅਕਰਮ, ਨਾ ਰੂਪ ਹੈ ਨਾ ਅਰੂਪ, ਨਾ ਜੋਗ ਨਾ ਭੇਦ ਉਹ ਨਿਰਗੁਣ, ਨਿਰਾਕਾਰ ਅਤੇ ਨਿਸ਼ਕਾਮ ਹੈ।

ਆਦਿ ਮੱਧ ਔਸਾਨ ਏਕ ਰਸ।

ਗੁਰੂ ਰਵਿਦਾਸ ਬ੍ਰਹਮਾ ਦੇ ਅਦਵੈਤ ਰੂਪ ਨੂੰ ਸਵੀਕਾਰ ਕਰਦੇ ਹਨ। ਕ੍ਰਿਸ਼ਨ, ਕਰੀਮ, ਰਾਮ, ਰਹੀਮ, ਹਰਿ ਅਤੇ ਰਾਘਵ ਦਾ ਰੂਪ ਹੀ ਵੇਦ, ਕੁਰਾਨ, ਪੁਰਾਣ ਵਿਚ ਸਮਾਇਆ ਹੋਇਆ ਹੈ। ਇਵੇਂ ਰਵਿਦਾਸ ਦਾ ਬ੍ਰਹਮ ਨਿਰਗੁਣ ਹੈ। ਆਪ ਬ੍ਰਹਮ ਅਤੇ ਜੀਵ ਵਿਚ ਕੋਈ ਅੰਤਰ ਨਹੀਂ ਮੰਨਦੇ ਜੀਵ ਮਾਇਆ ਵਿਚ ਫਸ ਕੇ ਵਿਸ਼ੈ-ਵਿਕਾਰਾਂ ਦੀ ਜਕੜ ਵਿਚ ਫਸ ਜਾਂਦਾ ਹੈ ਅਤੇ ਉਸ ਪਰਮਾਤਮਾ ਦੇ ਸੱਚੇ ਨਾਮ ਨੂੰ ਪਾ ਕੇ ਹੀ ਇਸਤੋਂ ਪਿੱਛਾ ਛੁਡਾ ਸਕਦਾ ਹੈ। ਇਹ ਸੰਸਾਰ ਵੇਖ ਰਿਹਾ ਹੈ ਇਨਸਾਨ ਸੰਸਾਰ ਵਿਚ ਰਹਿੰਦੇ ਹੋਇਆਂ ਰਾਮ-ਨਾਮ ਦਾ ਜਾਪ ਕਰਕੇ ਹੀ ਭਵਸਾਗਰ ਪਾਰ ਕਰ ਸਕਦਾ ਹੈ:-

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ,
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ,
ਮਾਇਆ ਗਈ ਤਬ ਰੋਵਨੁ ਲਗਤੁ ਹੈ।[49]

ਜੈਸਾ ਰੰਗ ਕੁਸੰਭ ਕਾ, ਤੈਸਾ ਇਹ ਸੰਸਾਰ
ਮੇਰੇ ਰਮਈਏ ਰੰਗ ਮਜੀਠ ਕਾ, ਕਹੁ ਰਵਿਦਾਸ ਚਮਾਰ।[50]

ਜਲ ਕੀ ਭੀਤ ਪਵਨ ਕਾ ਥੰਭਾ,
ਰਕਤ ਬੂੰਦ ਕਾ ਗਾਰਾ।
ਹਾਡ ਮਾਸ ਨਾੜੀ ਕੋ ਪਿੰਜਰ,
ਪੰਖੀ ਬਸੈ ਬਿਚਾਰਾ।
ਪ੍ਰਾਨੀ ਕਿਆ ਮੇਰਾ ਕਿਆ ਤੇਰਾ,
ਜੈਸੇ ਤਰਵਰ ਪੰਖਿ ਬਸੇਰਾ।[51]

ਊਚੇ ਮੰਦਰ ਸਾਲ ਰਸੋਈ,
ਏਕ ਘਰੀ ਫੁਨਿ ਰਹਨੁ ਨ ਹੋਈ।
ਇਹ ਤਨ ਐਸਾ ਜੈਸਾ ਘਾਸ ਕੀ ਟਾਟੀ।
ਜਲਿ ਗਇਓ ਘਾਸੁ ਰਲਿ ਗਇਓ ਮਾਟੀ।
ਭਾਈ ਬੰਧ ਕੁਟੰਬ ਸਹੇਰਾ।
ਓਇ ਭੀ ਲਾਗੇ ਕਾਢੁ ਸਵੇਰਾ।
ਘਰ ਕੀ ਨਾਰਿ ਉਰਹਿ ਤਨ ਲਾਗੀ,
ਉਹ ਤਉ ਭੂਤੁ ਭੂਤੁ ਕਰਿ ਭਾਗੀ।
ਕਹਿ ਰਵਿਦਾਸ ਸਭੈ ਜਗ ਲੁਟਿਆ,
ਹਮ ਤਉ ਏਕ ਰਾਮ ਕਹਿ ਛੂਟਿਆ।[52]

ਪ੍ਰਾਚੀਨ ਕਵੀਆਂ ਵਿਚੋਂ ਭਗਤੀ ਦੀ ਦਾਰਸ਼ਨਿਕਤਾ ਬਾਰੇ ਸੁਪਸ਼ਟੀਕਰਨ ਮਿਲਦਾ ਹੈ। ਭਗਤੀ ਦੀਆਂ ਵਿਕਾਸੀ ਕਿਸਮਾਂ ਵਿਚ ਸਾਧਨਾ ਦੇ ਆਧਾਰ ਉੱਤੇ ਨੌਂ ਪ੍ਰਕਾਰ ਦੀ ਭਗਤੀ ਸਾਡਾ ਦਾਰਸ਼ਨਿਕ ਵਿਰਸਾ ਸਮਝੀ ਜਾਂਦੀ ਹੈ। ਲੋਕ ਗੀਤਾਂ ਦਾ ਸਰਲਤਾ ਤੇ ਸਪੱਸ਼ਟਤਾ ਨੇ ਭਗਤੀ ਦਰਸ਼ਨ ਦਾ ਸਰਲੀਕਰਨ ਕੀਤਾ। ਇਸ ਸੰਸਾਰ ਵਿਚ ਭਗਤੀ ਨੂੰ ਆਰਤਾ ਭਗਤੀ ਵਿਚ ਵੰਡਿਆ ਗਿਆ। ਆਰਤਾ ਭਗਤੀ ਵਿਚ ਸੰਸਾਰਿਕ ਦੁੱਖਾਂ, ਰੋਗਾਂ-ਸੋਗਾਂ

ਤੋਂ ਛੁਟਕਾਰਾ ਪਾਉਣ ਨਹੀਂ ਅਰਥ-ਅਰਥੀ ਭਗਤੀ ਵਿਚ ਪਦਾਰਥਕ ਲਾਭ ਨਹੀਂ ਪ੍ਰਵੇਸ਼ ਕੀਤਾ ਜਾਂਦਾ, ਜਗਿਆਸੂ ਭਗਤੀ ਵਿਚ ਮਾਨਸ ਦੀ ਰੂਹ ਨੂੰ ਤ੍ਰਿਪਤ ਕੀਤਾ ਜਾਂਦਾ ਅਤੇ ਗਿਆਨ ਭਗਤੀ ਵਿਚ ਹਨੇਰੇ ਤੋਂ ਛੁਟਕਾਰਾ ਪਾਉਣ ਦੀ ਗੱਲ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮਨੁੱਖ ਦੀ ਆਂਤਰਿਕ ਇੱਛਾ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਹੈ।

ਜਿਥੇ ਕਵਿਤਾ ਦਾ ਸੰਬੰਧ ਦੁਨਿਆਵੀ ਰੂਪ ਵਿਚ ਅਨੁਭਵ ਅਤੇ ਭਾਵ ਤੇ ਆਧਾਰਿਤ ਹੈ ਉਥੇ ਦਾਰਸ਼ਨਿਕਤਾ ਦਾ ਸੰਬੰਧ ਗਿਆਨ, ਬੌਧਿਕਤਾ, ਚੇਤਨਾ ਅਤੇ ਤਰਕ ਨਾਲ ਹੈ। ਰਵਿਦਾਸ ਆਪਣੇ ਅਨੁਭਵ ਤੇ ਭਾਵ ਜ਼ਰੀਏ ਪਰਮਾਤਮਾ ਦੀ ਨਿਰਗੁਣ ਅਤੇ ਨਿਰਾਕਾਰ ਹਸਤੀ ਨੂੰ ਮਨੁੱਖੀ ਸਰੂਪ ਵਿਚ ਵੇਖਦੇ ਹਨ। ਉਹ ਉਸਨੂੰ ਮਨੁੱਖਾਂ ਨਾਲੋਂ ਵੱਖਰਾ ਨਾ ਸਮਝਦੇ ਹੋਏ ਮਨੁੱਖੀ ਆਤਮਿਕ ਸਰੂਪ ਵਿਚ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਸਮਝਦੇ। ਹਰ ਜੀਵ ਵਿਚ ਪ੍ਰਭੂ ਨੂੰ ਵੇਖਣਾ ਗੁਰੂ ਰਵਿਦਾਸ ਦੀ ਭਗਤੀ ਪਹੁੰਚ ਦਾ ਹੀ ਕਮਾਲ ਹੈ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ।[53]

ਸਰਬੇ ਏਕ ਅਨੇਕੇ ਸਵਾਮੀ,
ਸਭ ਘਟ ਭੁਗਵੇ ਸੋਈ।
ਕਹਿ ਰਵਿਦਾਸ ਹਾਥ ਪੈ ਨੇਰੈ,
ਸਹਜੇ ਹੋਇ ਸੁ ਹੋਈ।[54]

ਰਵਿਦਾਸ ਨੇ 'ਤਤਤੁਵਮ, ਅਸੀ 'ਜਿਸਦਾ ਅਰਥ ਤੂੰ ਉਹੋ ਕੁਝ ਹੀ ਹੈਂ ਨੂੰ ਆਪਣੇ ਅੰਦਰ ਸਮੋ ਲਿਆ ਸੀ। ਰਵਿਦਾਸ ਦੇ ਦਰਸ਼ਨ ਅਨੁਸਾਰ ਮਨੁੱਖ ਨੇ ਆਪਣੇ ਸਰੀਰ ਵਿਚ ਜ਼ਹਿਰ ਭੱਜੀ ਹੋਈ ਹੈ ਤੇ ਮੈਂ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ ਹਾਂ। ਹੇਠ ਲਿਖੀਆਂ ਸਤਰਾਂ ਨੂੰ ਕਸੁੰਭ ਦਾ ਰੰਗ ਅਤੇ ਆਪਣੇ ਇਸ਼ਟ ਰਾਮ ਨੂੰ ਮਜੀਠੇ ਰੰਗ ਵਿਚ ਰੰਗਿਆ ਬਿਆਨ ਕੀਤਾ ਹੈ:–

ਹਉ ਬਨਜਾਰੋ ਰਾਮ ਕੋ, ਸਹਜ ਕਰਉ ਬਾਪਾਰੁ।
ਮੈ ਰਾਮ ਨਾਮ ਧਨੁ ਲਾਦਿਆ, ਬਿਖੁ ਲਾਦੀ ਸੰਸਾਰ।

ਉਰਖਣ ਪਾਰ ਕੇ ਦਾਨੀਆ, ਲਿਖਿ ਲੇਹੁ ਆਲੁ ਪਾਤਾਲੁ।
ਮੋਹਿ ਜਮ ਡੰਡੁ ਨ ਲਾਗਈ, ਤਜੀਲੇ ਸਰਬ ਜੰਜਾਲ।
ਜੈਸਾ ਰੰਗ ਕੁਸੰਭ ਕਾ, ਤੈਸਾ ਇਹ ਸੰਸਾਰ।
ਮੇਰੇ ਰਮਈਏ ਰੰਗ ਮਜੀਠ ਕਾ, ਕਹੁ ਰਵਿਦਾਸ ਚਮਾਰ।[55]

ਰਵਿਦਾਸ ਪਰਮਾਤਮਾ ਨੂੰ ਸਾਰੇ ਮਜ਼੍ਹਬਾਂ, ਮੱਤਾਂ ਦੇ ਨਾਵਾਂ ਤੇ ਰੂਪ ਇਕੋ ਹੀ ਸਰਬ-ਵਿਆਪੀ ਮੰਨਦੇ ਹਨ। ਜਿਸ ਨਾਮ ਰੂਪ ਵਿਚ ਉਸਦੀ ਪੂਜਾ ਕੀਤੀ ਜਾਂਦੀ ਹੈ ਉਸੇ ਨਾਮ ਰੂਪ ਵਿਚ ਉਹ ਵਿਆਪਕ ਹੁੰਦਾ ਹੈ, ਰਹਿੰਦਾ ਹੈ ਇਸ ਲਈ ਆਤਮਾ, ਪਰਮਾਤਮਾ ਦਾ ਇਕੋ ਰੂਪ ਹੈ ਜਿਵੇਂ ਸੋਨੇ ਵਿਚ ਤੇ ਅਭੂਸ਼ਨ ਵਿਚ, ਪਾਣੀ ਤੇ ਪਾਣੀ ਦੀ ਲਹਿਰ ਆਦਿ ਵਿਚ ਕੋਈ ਅੰਤਰ ਨਹੀਂ।

ਰਵਿਦਾਸ ਦੀ ਬਾਣੀ ਦਾ ਅਧਿਐਨ ਕਰਨ ਤੋਂ ਬਾਅਦ ਭਾਵੇਂ ਅਸੀਂ ਉਨ੍ਹਾਂ ਨੂੰ ਨਿਰਗੁਣ ਭਗਤ ਕਹਿੰਦੇ ਹਾਂ ਕਿਉਂਕਿ ਉਨ੍ਹਾਂ ਨੇ ਬ੍ਰਹਮ ਚਿਤਵਨੀ ਵਿਚ ਬੌਧਿਕਤਾ ਗਿਆਨ ਤੇ ਤਰਕ ਨੂੰ ਆਧਾਰ ਬਣਾ ਕੇ ਪ੍ਰੇਮ, ਸਰਧਾ, ਸਮਰਪਣ ਤੇ ਭਗਤੀ ਭਾਵ ਨੂੰ ਮਹੱਤਾ ਦਿੱਤੀ ਹੈ ਫੇਰ ਵੀ ਜਦੋਂ ਉਹ ਮਨੁੱਖੀ ਸੰਸਾਰ ਅਤੇ ਮਾਇਆ ਦੇ ਸਿਧਾਂਤ ਦਾ ਦਰਸ਼ਨ ਅਨੁਸਾਰ ਵਿਸ਼ਲੇਸ਼ਣ ਕਰਦੇ ਹਨ ਤਾਂ ਉਨ੍ਹਾਂ ਦੀ ਦਾਰਸ਼ਨਿਕ ਪ੍ਰਪੱਕਤਾ ਸਾਡੇ ਸਾਹਮਣੇ ਆਉਂਦੀ ਹੈ:-

ਬਿਨੁ ਦੇਖੈ ਉਪਜੈ ਨਹੀ ਆਸਾ,
ਜੋ ਦੀਸੈ ਸੋ ਹੋਇ ਬਿਨਾਸਾ।[56]

ਜਬ ਹਮ ਹੋਤੇ ਤਬ ਤੂ ਨਾ ਹੀ,
ਅਬ ਤੂਹੀ ਮੈ ਨਾਹੀ।
ਅਨਲ ਅਗਮ ਜੈਸੇ ਲਹਿਰ ਮਇਉ,
ਦੁਧਿ ਜਲ ਕੇਵਲ ਜਲ ਮਾਹੀ।
ਮਾਧਵੈ ਕਿਆ ਕਹੀਐ ਭ੍ਰਮ ਐਸਾ,
ਜੈਸਾ ਮਾਨੀਐ ਹੋਇ ਨ ਤੈਸਾ।[57]

ਫੇਰ ਵੀ ਰਵਿਦਾਸ ਦਾ ਬ੍ਰਹਮ ਫਲਸਫਾ, ਗਿਆਨ ਅਤੇ ਪ੍ਰੇਮਾ ਭਗਤੀ ਹੈ। ਗਿਆਨ ਬਿਨਾ ਸੋਝੀ ਨਹੀ ਤੇ ਪ੍ਰੇਮ ਬਿਨਾ ਧਰਮ ਕਰਮ ਨਹੀ ਅਗਿਆਨ ਕਰਮਕਾਂਡ ਨੂੰ ਧਰਮ ਸਮਝਣ ਦਾ ਭਰਮ ਪਾਲਦਾ ਹੈ:-

ਜਾਨਿ ਅਜਾਨ ਭਏ ਹਮ ਬਾਵਰ,
ਸੋਚ ਅਸੋਚ ਦਿਵਸ ਜਾਹੀ, ਇੰਦ੍ਰੀ ਸਬਲ
ਨਿਬਲ ਬਿਬੇਕ ਬੁਧਿ ਪਰਮਾਰਥ ਪ੍ਰਵੇਸ਼ ਨਹੀ।[58]

## ਅਧਿਆਤਮਿਕ ਸ਼ਕਤੀ ਦੀ ਮਾਨਵ ਸਮਾਜ ਨੂੰ ਦੇਣ

ਮਨੁੱਖੀ ਜੀਵਨ ਦਾ ਸੰਬੰਧ ਜਿਥੇ ਸ੍ਰਿਸ਼ਟਿਕ ਤੇ ਪ੍ਰਾਕ੍ਰਿਤਕ ਜਗਤ ਅਤੇ ਵਿਸ਼ਾਲ ਅਧਿਆਤਮ ਪਸਾਰੇ ਨਾਲ ਰਿਹਾ ਹੈ। ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਮੁੱਢ ਕਦੀਮ ਤੋਂ ਅਧਿਆਤਮਿਕਤਾ ਮਨੁੱਖੀ ਜੀਵਨ ਦਾ ਮਾਰਗ ਦਰਸ਼ਨ ਕਰਦੀ ਰਹੀ ਹੈ। ਇਸਦਾ ਮਨੁੱਖ ਦੇ ਵਿਕਸਿਤ ਹੋ ਕੇ ਇਥੋਂ ਤਕ ਪਹੁੰਚਣ ਵਿਚ ਮਹੱਤਵਪੂਰਨ ਯੋਗਦਾਨ ਹੈ।

"ਸਾਡੇ ਜੀਵਨ ਦਾ ਸੰਬੰਧ ਇਕ ਵਿਸ਼ਾਲ ਅਧਿਆਤਮਿਕ ਜਗਤ ਨਾਲ ਹੈ। ਇਸ ਗੱਲ ਦਾ ਪਤਾ ਸਾਡੀ ਜਾਗਰਿਤ ਚੇਤਨਾ ਵਿਚ ਸਾਡੇ ਬੌਧਿਕ ਆਦਰਸ਼ਾਂ ਸਾਡੀਆਂ ਨੈਤਿਕ ਉੱਚ-ਇੱਛਾਵਾਂ, ਸੌਂਦਰਜ ਦੇ ਪ੍ਰੀਤੀ ਸਾਡੇ ਚੇਤੰਨ ਸੰਸਾਰ ਦੇ ਪਿਛੇ ਸਾਡੀ ਗੁਪਤ ਹੋਂਦ ਹੈ। ਜਿਸਤੋਂ ਬਿਨ੍ਹਾਂ ਸਾਡੀ ਬਾਹਰਲੀ ਚੇਤਨਾ ਨਾ ਤਾਂ ਬਣੀ ਰਹਿ ਸਕਦੀ ਹੈ ਅਤੇ ਨਾ ਹੀ ਕੰਮ ਕਰ ਸਕਦੀ ਹੈ। ਸਾਡੇ ਅੰਦਰ ਜੋ ਚੇਤਨਾ ਹੈ ਉਹ ਅੰਸ਼ਕ ਤੌਰ ਤੇ ਪ੍ਰਗਟ ਹੈ ਅਤੇ ਅੰਸ਼ਕ ਤੌਰ ਤੇ ਅਪ੍ਰਗਟ। - - - - ਅਪ੍ਰਗਟ ਅੰਸ਼ ਨੂੰ ਵਿਸ਼ਾਲ ਕਰ ਸਕਦੇ ਹਾਂ। ਸਾਡਾ ਕਰਤੱਵ ਹੈ - - - - ਕਿ ਅਸੀਂ ਇਹ ਜਾਣੀਏ ਕਿ ਅਸੀਂ ਅਧਿਆਤਮਿਕ ਪ੍ਰਾਣੀ ਹਾਂ।[59]

ਮਨੁੱਖ ਨੇ ਅਧਿਆਤਮਿਕਤਾ ਦਾ ਅਨੁਸਰਨ ਕਰਕੇ ਜ਼ਿੰਦਗੀ ਵਿਚ ਉਚੇਰੀਆਂ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਅਤੇ ਉਚੇਰੇ ਜੀਵਨ ਮੁੱਲ ਸਿਰਜੇ। ਵਿਗਿਆਨਿਕ ਪ੍ਰਾਪਤੀਆਂ ਕਾਰਨ ਅੱਜ ਸੰਸਾਰ ਇਕ ਇਕਾਈ ਬਣ ਗਿਆ ਜਾਪਦਾ ਹੈ। ਮਨੁੱਖ ਨੇ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਆਪਣੇ ਜੀਵਨ ਲਈ ਵਰਤਣ ਵਿਚ ਕਾਫ਼ੀ ਹੱਦ ਤੱਕ ਕਾਮਯਾਬੀ ਹਾਸਿਲ ਕੀਤੀ ਹੈ ਪਰ ਇਸਦੇ ਨਾਲ ਨਾਲ ਅੱਜ ਸੰਸਾਰ ਵਿਚ ਅਰਾਜਕਤਾ ਦਾ ਦੌਰ ਚੱਲ ਰਿਹਾ ਹੈ। ਮਨੁੱਖ ਬਾਰੂਦ ਦੇ ਢੇਰ ਤੇ ਬੈਠਾ ਆਪਣੀ ਜ਼ਿੰਦਗੀ ਲਈ ਚਿੰਤਤ ਹੈ। ਇਸਦਾ ਮੂਲ ਕਾਰਨ ਮਨੁੱਖੀ ਜੀਵਨ ਦਾ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਥਿੜਕ ਜਾਣਾ ਹੈ।

ਜਦੋਂ ਅਸੀਂ ਅਧਿਆਤਮਿਕਤਾ ਤੇ ਆਸਥਾ ਰੱਖਣ ਵਾਲੀਆਂ ਪੁਰੇਰੀਆਂ ਸਭਿਆਤਾਵਾਂ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਸ ਸਭਿਅਤਾ ਦੇ ਲੋਕ ਸੌਰਾ-ਸੁੱਖਾ ਭੈ-ਮੁਕਤ ਅਤੇ ਤਿਆਗ ਭਰਿਆ ਸੰਤੁਸ਼ਟ ਜੀਵਨ ਜੀਊਂਦੇ ਸਨ ਅਧਿਆਤਮਿਕਤਾ ਨੇ ਮਨੁਖੀ ਮਨ ਦੇ ਖਾਲੀਪਨ ਨੂੰ ਭਰਿਆ। ਅਤਿ ਦੀ ਇਕੱਲਤਾ ਵਿਚ ਵੀ ਅਧਿਆਤਮਿਕ ਪ੍ਰਾਣੀ ਆਪਣੇ ਆਪ ਨੂੰ ਇਕੱਲਾ ਨਹੀਂ ਸਮਝਦਾ ਸਗੋਂ ਈਸ਼ਵਰ ਦੀ ਹੋਂਦ ਕਾਰਨ ਉਹ ਆਪਣੇ ਆਪਨੂੰ ਭਰਿਆ ਭਰਿਆ ਮਹਿਸੂਸ ਕਰਦਾ ਹੈ। ਉਹ ਇਕ ਆਨੰਦ ਭਰਪੂਰ ਵਾਤਾਵਰਨ ਵਿਚ ਵਿਚਰਦਾ ਰਹਿੰਦਾ ਹੈ। ਅਧਿਆਤਮਿਕਤਾ ਮਨੁੱਖ ਦੇ ਖਾਲੀਪਨ ਨੂੰ ਭਰਦੀ ਹੈ। ਉਹ ਮਨੁੱਖ ਨੂੰ ਸੱਚੀ-ਸੁੱਚੀ ਜ਼ਿੰਦਗੀ ਜੀਣ ਦਾ ਰਾਹ ਦਰਸਾਉਂਦੀ ਹੈ। ਰੱਬ ਨਾਲ ਜੁੜਨ ਦੇ ਕਾਰਨ ਮਨੁੱਖ ਭੈ-ਮੁਕਤ ਹੁੰਦਾ ਹੈ। ਅਜੋਕੇ ਜੀਵਨ ਵਿਚ ਮਨੁੱਖ ਨਿਰੰਤਰ ਭੈਅ ਅਤੇ ਹਿੰਸਾ ਦੇ ਵਾਤਾਵਰਨ ਵਿਚ ਜੀਅ ਰਿਹਾ ਹੈ। ਸੰਸਾਰ ਵਿਚ ਜੰਗ ਹੋਣ ਦੀ ਤਲਵਾਰ ਹਰ ਸਮੇਂ ਮਨੁੱਖ ਦੇ ਸਿਰ ਤੇ ਲਟਕਦੀ ਹੈ ਜਿਸਦੇ ਆਦਮੀ ਅਤੰਕਿਤ ਅਤੇ ਸਹਿਮ ਭਰਿਆ ਜੀਣ ਜੀਅ ਰਿਹਾ ਹੈ।

ਮਨੁੱਖ ਨੂੰ ਆਪਣੇ ਚੰਗੇ ਕਰਮਾਂ ਅਤੇ ਚੰਗੇ ਗੁਣਾਂ ਕਾਰਨ ਸਮਾਜ ਵਿਚ ਸਥਾਨ ਪ੍ਰਾਪਤ ਹੁੰਦਾ ਹੈ। ਇਨ੍ਹਾਂ ਚੰਗਿਆਈਆਂ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣੇ ਮਨ ਇਛਾਵਾਂ ਅਤੇ ਕਰਮਾਂ ਤੇ ਇਕ ਖਾਸ ਕਿਸਮ ਦਾ ਨਿਯਮ-ਬੱਧ ਬੰਦਸ਼ ਵਿਧਾਨ ਅਪਣਾਉਣਾ ਪੈਂਦਾ ਹੈ। ਇਸ ਬੰਦਸ਼ ਵਿਧਾਨ ਨੂੰ ਸੁਚਾਰੂ ਰੂਪ ਵਿਚ ਚਲਾਉਣ ਦੇ ਯੋਗ ਹੋਣ ਲਈ ਮਨੁੱਖ ਦੀ ਅਧਿਆਤਮਿਕ ਪਰ੍ਹੇ ਉਸਦੇ ਕੰਮ ਆਉਂਦੀ ਹੈ। ਹਿੰਦੂ ਸੰਸਕ੍ਰਿਤੀ ਨੇ ਮਨੁੱਖੀ ਜੀਵਨ ਪ੍ਰਬੰਧ ਨੂੰ ਚਲਾਉਣ ਲਈ ਚਾਰ-ਵਰਨ-ਬ੍ਰਾਹਮਣ, ਖੱਤਰੀ, ਵੈਸ਼, ਸੂਦਰ —ਚਾਰ ਪੁਰਸ਼ਾਰਥ— ਮੋਕਸ਼, ਕਾਮ, ਅਰਥ ਅਤੇ ਧਰਮ-ਚਾਰ ਆਸ਼ਰਮ ਬ੍ਰਹਮਚਾਰੀਆ, ਗ੍ਰਿਹਸਤ, ਵਾਨ-ਪ੍ਰਸਤ ਅਤੇ ਸੰਨਿਆਸ।

ਮਨੁੱਖ ਦਾ ਮੁੱਖ ਲਕਸ਼ ਵਿਅਕਤੀ ਦਾ ਵਿਕਾਸ ਕਰਨਾ ਹੈ। ਇਸ ਵਿਕਾਸ ਪ੍ਰਬੰਧ ਅਧੀਨ ਵਿਅਕਤੀ ਦੀ ਆਤਮਿਕ ਸਵੱਛਤਾ, ਵਿਅਕਤੀ ਦਾ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਦੂਸਰੇ ਜੀਵਾਂ ਪ੍ਰਤੀ ਫ਼ਰਜ਼, ਵਿਅਕਤੀ ਦੀ ਆਪਣੀ ਨਿਜੀ ਸੰਸਾਰ ਵਿਚ ਉੱਨਤਾ ਅਤੇ ਸੰਸਾਰਿਕ ਪ੍ਰਾਪਤੀਆਂ ਦੀ ਮਾਨਵ ਕਲਿਆਣ ਹਿੱਤ ਵਰਤਣ ਦੀ ਸਮਰਥਾ ਆਦਿ ਸ਼ਾਮਿਲ ਕਰਦੀਆਂ ਹਨ। ਮਾਨਵ ਸੰਸਾਰ ਦੇ ਪ੍ਰਤੀ ਆਪਣੇ ਲਕਸ਼ਾਂ ਵਿਚ ਸਰਬ-ਸਾਂਝੀਵਾਲਤਾ ਤੇ ਜ਼ੋਰ ਦਿੰਦਾ ਹੈ। ਇਹੀ ਮਨੁੱਖ ਦੀ ਸਮਾਜਿਕਤਾ ਦਾ ਸਰੋਤ ਹੈ। ਸਮਾਜਿਕ ਪ੍ਰਬੰਧ ਅਤੇ

ਵਿਅਕਤੀਗਤ ਪ੍ਰਬੰਧ ਦੋਵੇਂ ਪਰਸਪਰ ਜੁੜੇ ਰੂਪ ਵਿਚ ਸੰਬੰਧਿਤ ਹਨ। ਮਨੁੱਖ ਦਾ ਆਪਣੇ ਗੁਣ ਅਤੇ ਕਰਮ ਦੇ ਆਧਾਰ ਤੇ ਸਮਾਜ ਵਿਚ ਸਥਾਨ ਹੁੰਦਾ ਹੈ ਅਤੇ ਉਸ ਸਥਾਨ ਦੇ ਅਨੁਰੂਪ ਹੀ ਉਸਨੂੰ ਕਰਤੱਵ ਨਿਭਾਉਣੇ ਪੈਂਦੇ ਹਨ। ਇਨ੍ਹਾਂ ਨੂੰ ਵਰਨ ਧਰਮ ਕਹਿੰਦੇ ਹਨ। ਇਹ ਅਧਿਆਤਮਿਕਤਾ ਜਾਂ ਧਰਮ ਦਾ ਸਮਾਜਿਕ ਪੱਖ ਹੈ। ਵਿਅਕਤੀਗਤ ਪੱਖ ਆਸ਼ਰਮ ਧਰਮ ਕਹਾਉਂਦਾ ਹੈ ਜਿਹੜਾ ਜੀਵਨ ਦੇ ਤਿੰਨ ਅੰਗਾਂ ਜੁਵਾ-ਅਵਸਥਾ, ਪ੍ਰੋੜ ਅਵਸਥਾ ਜਾਂ ਬ੍ਰਿਧ ਅਵਸਥਾ ਦੇ ਅਨੁਰੂਪ ਕਰਤੱਵਾਂ ਨਾਲ ਸੰਬੰਧਿਤ ਹੁੰਦਾ ਹੈ।

ਕਈ ਵਿਦਵਾਨਾਂ ਦੀ ਧਾਰਨਾ ਹੈ ਕਿ ਹਿੰਦੂ ਦਰਸ਼ਨ ਜੀਵਨ ਦੇ ਯਥਾਰਥ ਪੱਖ ਵਲੋਂ ਅੱਖਾਂ ਮੀਟ ਲੈਂਦਾ ਹੈ ਅਤੇ ਜੀਵਨ ਦੇ ਮਹੱਤਵਪੂਰਨ ਉਦੇਸ਼ਾਂ ਅਤੇ ਜ਼ਰੂਰਤਾਂ ਦੀ ਅਵਹੇਲਨਾ ਕਰਦਾ ਹੈ। ਜਿਥੇ ਬਰਤਾਨੀਆਂ ਨੇ ਅਗਿਆਨਤਾ ਨੂੰ ਦੂਰ ਕਰਕੇ ਪਿਛਲੇ ਲੋਕਾਂ ਨੂੰ ਸਭਿਆ ਬਣਾਉਣ ਵਿਚ ਯੋਗਦਾਨ ਦਿੱਤਾ ਜਿਥੇ ਸੋਵੀਅਤ ਰੂਸ ਨੇ ਦਲਿਤ ਵਰਗਾਂ ਨੂੰ ਆਰਥਿਕ ਤੌਰ ਤੇ ਖੁਸ਼ਹਾਲ ਕਰਨ ਦਾ ਬੀੜਾ ਉਠਾਇਆ। ਉਸੇ ਤਰ੍ਹਾਂ ਭਾਰਤ ਨੇ ਸੰਸਾਰ ਦੇ ਲੋਕਾਂ ਨੂੰ ਸੱਚੀ ਅਧਿਆਤਮਿਕਤਾ ਰਾਹੀਂ ਮਿਲਦੀ ਸ਼ਾਂਤੀ ਪ੍ਰਤੀ ਜਾਣੂ ਕਰਾਇਆ।

"ਇਹ ਵੀ ਕਿਹਾ ਜਾਂਦਾ ਹੈ ਕਿ ਈਸ਼ਵਰ ਨੇ ਸੰਸਾਰ ਦੀ ਰਚਨਾ ਇਸ ਲਈ ਕੀਤੀ ਕਿ ਉਹ ਆਪਣੇ ਆਪਨੂੰ ਸਮਝ ਸਕੇ ਇਸ ਵਿਸ਼ੇ ਤੇ ਅਸੀਂ ਚਾਹੇ ਜੋ ਵੀ ਅਨੁਭਵ ਕਰੀਏ ਪਰ ਇਸ ਵਿਚ ਕਿੰਤੂ ਨਹੀਂ ਕੀਤਾ ਜਾ ਸਕਦਾ ਕਿ ਸੰਸਾਰ ਦੀ ਹੋਂਦ ਹੀ ਇਸ ਲਈ ਹੈ ਕਿ ਇਸ ਵਿਚ ਵਿਕਾਸਮਾਨ ਵਿਅਕਤੀ ਦੇ ਨਾਲ ਜੋ ਵੀ ਚੀਜਾਂ ਪ੍ਰਾਪਤ ਹਨ ਉਨ੍ਹਾਂ ਦਾ ਉਪਯੋਗ ਕਰਦੇ ਹੋਏ ਅਸੀਂ ਆਪਣੀ ਪੂਰਬ ਆਤਮਿਕਤਾ ਨੂੰ ਪ੍ਰਾਪਤ ਕਰਕੇ ਆਪਣੇ ਆਪ ਨੂੰ ਸਮਝ ਸਕੀਏ।[60]

ਜੇਕਰ ਮਨੁੱਖ ਆਪਣੇ ਪ੍ਰਾਕ੍ਰਿਤਕ ਸੁਭਾਅ ਅਨੁਸਾਰ ਜੀਵਨ ਜੀਵੇ ਤਾਂ ਉਹ ਆਪਣੇ ਜੀਣ ਸੰਸਾਰ ਵਿਚ ਪ੍ਰਾਕ੍ਰਿਤਕ ਸ਼ਾਂਤੀ ਸੌਂਦਰਯ ਅਤੇ ਸਵੱਛਤਾ ਭਰਨ ਦੀ ਕੋਸ਼ਿਸ਼ ਕਰੇਗਾ। ਇਹ ਗੱਲ ਮਨੁੱਖ ਦੇ ਹਜਾਰਾਂ ਸਾਲਾਂ ਦੇ ਅਧਿਆਤਮਿਕ ਇਤਿਹਾਸ ਤੋਂ ਭਲੀ-ਭਾਂਤ ਸਾਹਮਣੇ ਆਉਂਦੀ ਹੈ। ਉਹ ਦੂਸਰੇ ਮਨੁੱਖ ਦੇ ਹਜਾਰਾਂ ਸਾਲਾਂ ਦੇ ਅਧਿਆਤਮਿਕ ਇਤਿਹਾਸ ਤੋਂ ਭਲੀ-ਭਾਂਤ ਸਾਹਮਣੇ ਆਉਂਦੀ ਹੈ। ਉਹ ਦੂਸਰੇ ਮਨੁੱਖ ਦੇ ਦੁੱਖ ਨੂੰ ਸੰਸਾਰ ਦਾ ਕੋਈ ਵੀ ਮਨੁੱਖ ਜਦੋਂ ਕਿਸੇ ਦੂਸਰੇ ਦੇਸ਼ ਵਿਚ ਜਿਸ ਨਾਲ ਉਸਦਾ ਕੋਈ ਸਰੋਕਾਰ ਨਹੀਂ ਅਤੇ ਨਾ ਹੀ ਉਹ ਉਥੋਂ ਦੇ ਲੋਕਾਂ ਨੂੰ ਜਾਣਦਾ ਹੈ ਨਾ ਹੀ ਉਸ ਦੇਸ਼ ਦੇ ਲੋਕ ਉਸਦੇ ਧਰਮ ਨੂੰ ਮੰਨਣ ਵਾਲੇ ਹਨ ਤਦ ਵੀ ਜਦੋਂ ਉਸ ਦੇਸ਼ ਵਿਚ ਕੋਈ ਭੂਚਾਲ ਆਉਂਦਾ ਹੈ ਜਾਂ ਹੜ੍ਹਾਂ ਕਾਰਨ

ਮੌਤਾਂ ਦੀ ਖਬਰ ਸੁਣਦਾ ਹੈ ਜਾਂ ਕਿਸੇ ਹੋਰ ਆਫਤ ਮੁਸ਼ਕਿਲ ਕਾਰਨ ਉਸ ਦੇਸ਼ ਦੇ ਲੋਕਾਂ ਤੇ ਆਈ ਬਿਪਤਾ ਬਾਬਤ ਸੁਣਦਾ ਹੈ ਤਾਂ ਉਹ ਦੁਖੀ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਕੋਈ ਵਿਦੇਸ਼ੀ ਜਿਸ ਨਾਲ ਉਸਦਾ ਕੋਈ ਸੰਬੰਧ ਨਹੀਂ ਕੋਈ ਸਾਹਸ ਭਰਿਆ ਕੰਮ ਕਰਦਾ ਹੈ ਤਾਂ ਉਹ ਉਸਤੇ ਮਾਣ ਕਰਦਾ ਹੈ। ਅਜਿਹਾ ਹੋਣਾ ਅਧਿਆਤਮਿਕਤਾ ਕਰਕੇ ਹੀ ਹੈ ਕਿਉਂ ਕਿ ਅਧਿਆਤਿਕਤਾ ਮਨੁੱਖੀ ਅੰਤਰ ਆਤਮਾ ਵਿਚਲੇ ਅੰਸ਼ ਕਾਰਨ ਦੂਸਰੇ ਦੇ ਦੁੱਖ ਨੂੰ ਮਹਿਸੂਸਦੀ ਅਤੇ ਵਿਚਲਿਤ ਕਰਦੀ ਹੈ।

ਸੰਸਾਰ ਦੇ ਸਾਰੇ ਧਰਮਾਂ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅਧਿਆਤਮਿਕਤਾ ਨੇ ਮਨੁੱਖੀ ਜੀਵਨ ਦੇ ਭਵਿਖ ਨੂੰ ਸਹੀ ਰਾਹ ਰੁਸ਼ਨਾਉਣ ਵਿਚ ਸਹਾਇਤਾ ਕੀਤੀ ਜਾਵੇ ਅਤੇ ਉਚੇਰੇ ਮਨੁੱਖੀ ਮੁੱਲਾਂ ਭਰਪੂਰ ਜੀਵਨ ਲਈ ਸਮੇਂ ਸਮੇਂ ਤੇ ਮਨੁੱਖੀ ਮਨ ਵਿਚ ਉਤਸ਼ਾਹ ਭਰਿਆ ਅਤੇ ਉਸਦਾ ਮਾਰਗ ਦਰਸ਼ਨ ਕੀਤਾ। ਅਧਿਆਤਿਮਿਕਤਾ ਦੂਸਰੇ ਪ੍ਰਤੀ ਸੁਹਿਰਦਤਾ, ਸਹਾਨੂਭੂਤੀ ਦਾ ਬੀਜ ਮਨੁੱਖ ਦੇ ਅੰਤਰੀਵ ਵਿਚ ਬੀਜਦੀ ਹੈ। ਜੇਕਰ ਅਜਿਹਾ ਨਾ ਹੋਇਆ ਹੁੰਦਾ ਤਾਂ ਕਰੋੜਾਂ— ਮਣਾਂ ਜ਼ਰੂਰ ਨਿਰਜੀਵ ਬਣ ਕੇ ਧਰਤੀ ਤੇ ਨਾ ਪਿਆ ਰਹਿੰਦਾ ਤੇ ਹੋ ਸਕਦਾ ਸੀ ਕਿ ਇਹ ਮਨੁੱਖੀ ਤਬਾਹੀ ਦਾ ਕਾਰਨ ਬਣਦਾ।

ਉਪਰੋਕਤ ਚਰਚਾ ਉਪਰੰਤ ਜਿਹੜੀ ਗੱਲ ਸਾਡੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਰਵਿਦਾਸ ਨੇ ਆਪਣੇ ਜੀਵਨ(ਬਾਣੀ) ਕਿਸੇ ਜਾਤ, ਕਿਸੇ ਸੰਗਠਿਤ ਧਰਮ, ਕਿਸੇ ਵਰਗ ਵਿਸ਼ੇਸ਼ ਆਦਿ ਦੇ ਬੰਧਨਾਂ ਤੋਂ ਮੁਕਤ ਹੋ ਕੇ ਜੀਊਣ ਦਾ ਸੰਕਲਪ ਦਿੱਤਾ ਅਤੇ ਇਕ ਮਾਨਵਵਾਦੀ, ਅਰਥ ਭਰਪੂਰ ਜੀਵਨ ਲਈ ਉਚੇਰੇ ਮਨੁੱਖੀ ਮੁੱਲਾਂ ਦੀ ਸਿਰਜਣਾ ਕੀਤੀ। ਤ੍ਰਿਪਤਮਾਨਸਿਕ ਅਵਸਥਾ ਚੰਗੇਰੀ ਪ੍ਰੇਰਨਾ ਉਚੇਰੇ ਕੰਮ ਕਰਨ ਦਾ ਸਰੋਤ ਬਣਦੀ ਹੈ। ਰਵਿਦਾਸ ਬਾਣੀ ਧਾਰਮਿਕ ਆਡੰਬਰ ਅਤੇ ਸਮਾਜਿਕ ਬੁਰਾਈਆਂ ਦਾ ਵਿਰੋਧ ਕਰਦੀ ਹੈ ਅਤੇ ਜਾਤਪਾਤ ਦੇ ਬੰਧਨ ਤੋੜ ਕੇ ਕਰਮ ਪ੍ਰਧਾਨ ਸਮਾਜ ਸਿਰਜਨ ਲਈ ਉਪਰਾਲਾ ਕਰਦੀ ਹੈ। ਉਨ੍ਹਾਂ ਨੇ ਸਮਾਜਿਕ ਕਰਮਾਂ ਤੇ ਕਾਮਨਾ ਰਹਿਤ ਦ੍ਰਿੜਤਾ ਨਾਲ ਅਮਲ ਕਰਕੇ ਅਜਿਹਾ ਪ੍ਰਬੰਧ ਸਿਰਜਣ ਦੀ ਸੂਝ ਪ੍ਰਦਾਨ ਕੀਤੀ ਜਿਥੇ ਭੈ ਮੁਕਤ, ਸੁਤੰਤਰ ਤੇ ਖੁਸ਼ਹਾਲ ਜੀਣ ਜੀਅ ਸਕੇ ਅਤੇ ਪਰਮਾਤਮਾ ਦਾ ਨਾਮ ਜਪ ਕੇ ਮੁਕਤੀ ਪ੍ਰਾਪਤ ਕਰ ਸਕੇ।

## ਟਿੱਪਣੀਆਂ ਤੇ ਹਵਾਲੇ

1. ਆਰਤੀ, ਬਾਣੀ ਪੰਨਾ 37.
2. ਰਾਗ ਧਨਾ-ਦੁਪਦਾ, ਬਾਣੀ ਪੰਨਾ 46.
3. ਰਾਗ ਸੋਰਠਿ ਆਦਿ ਗ੍ਰੰਥ, ਪੰਨਾ 657.
4. ਰਾਗ ਆਸਾ, ਬਾਣੀ, ਪੰਨਾ 70.
5. ਰਾਗ ਸੋਰਠਿ, ਬਾਣੀ, ਪੰਨਾ 52.
6. ਰਾਗ ਆਸਾ, ਬਾਣੀ ਪੰਨਾ 33.
7. ਰਾਗ ਸੂਹੀ, ਬਾਣੀ, ਪੰਨਾ 18.
8. ਸਿਰੀ ਰਾਗ ਆ.ਗ੍ਰੰ. ਪੰਨਾ 93.
9. ਰਾਗ ਬਿਲਾਵਲੁ, ਆ.ਗ੍ਰੰ. 858.
10. ਰਾਗ ਸੋਰਠਿ ਆ.ਗ੍ਰੰ. 656.
11. ਰਾਗ ਗਉੜੀ ਗੁਆਰੇਰੀ, ਆ.ਗ੍ਰੰ. ਪੰਨਾ 345.
12. ਰਾਗ ਆਸਾ ਆ. ਗ੍ਰੰ. 487.
13. ਰਾਗ ਸੋਰਠਿ ਆ. ਗ੍ਰੰ. 658.
14. ਰਾਗ ਸੂਹੀ, ਬਾਣੀ ਪੰਨਾ 26.
15. ਰਾਗ ਗਉੜੀ ਆ. ਗ੍ਰੰ. 345.
16. ਮਲਾਰ ਬਾਣੀ ਆ. ਗ੍ਰੰ. 1293.
17. ਰਾਗ ਆਸਾ ਆ. ਗ੍ਰੰ. 486.
18. ਰਾਗ ਬਿਲਾਵਲੁ-ਦੁਪਦਾ, ਬਾਣੀ ਪੰਨਾ 47.
19. ਡਨਕਨ ਗ੍ਰੀਨਲੀਜ਼, ਦੀ ਗਾਸਪਲ ਆਫ਼ ਗੁਰੂ ਗ੍ਰੰਥ ਸਾਹਿਬ, ਪੰਨਾ 13.
20. ਰਾਗ ਮਲਾਰ, ਬਾਣੀ, ਪੰਨਾ 54.
21. ਰਾਗ ਰਾਮਕਲੀ, ਆ.ਗ੍ਰੰ. 973.
22. ਰਾਗ ਕੇਦਾਰਾ ਆ.ਗ੍ਰੰ. 1124.
23. ਰਾਗ ਮਲਾਰ, ਬਾਣੀ ਪੰਨਾ 32.
24. ਗਉੜੀ ਬੈਰਾਗਣਿ, ਬਾਣੀ ਪੰਨਾ 24.
25. ਰਾਗ ਆਸਾ, ਬਾਣੀ , ਪੰਨਾ 25.
26. ਰਾਗ ਕੇਦਾਰਾ, ਬਾਣੀ ਪੰਨਾ 36.
27. ਰਾਗ ਗੋਂਡ, ਬਾਣੀ, ਪੰਨਾ-57

28. ਸਿਰੀ ਰਾਗ, ਬਾਣੀ, ਪੰਨਾ 50.
29. ਰਾਗ ਸੂਹੀ, ਬਾਣੀ, ਪੰਨਾ 18.
30. ਰਾਗ ਧਨਾਸਰੀ ਆ.ਗ੍ਰੰ. 694.
31. ਰਾਗ ਆਸਾ, ਬਾਣੀ ਪੰਨਾ 31.
32. ਰਾਗ ਸੋਰਠਿ ਆ.ਗ੍ਰੰ. 658.
33. ਰਾਗ ਧਨਾਸਰੀ ਆ.ਗ੍ਰੰ. 694.
34. ਰਾਗ ਮਲਾਰ ਆ. ਗ੍ਰੰ. 1293.
35. ਸਿਰੀ ਰਾਗ ਆ. ਗ੍ਰੰ. 93.
36. ਰਾਗ ਸੂਹੀ, ਬਾਣੀ ਪੰਨਾ 18.
37. ਰਾਗ ਗਉੜੀ, ਬਾਣੀ, ਪੰਨਾ 19.
38. ਸਿਰੀ ਰਾਗ ਆ. ਗ੍ਰੰ. 93.
39. ਰਾਗ ਧਨਾਸਰੀ, ਬਾਣੀ, ਪੰਨਾ 40.
40. ਰਾਗ ਕੇਦਾਰਾ, ਬਾਣੀ ਪੰਨਾ 36.
41. ਰਾਗ ਬਿਲਾਵਲੁ ਆ. ਗ੍ਰੰ. 858.
42. ਰਾਗ ਮਾਰੂ, ਬਾਣੀ ਪੰਨਾ 24.
43. ਰਾਗ ਧਨਾਸਰੀ, ਆ.ਗ੍ਰੰ. 694.
44. ਰਾਗ ਆਸਾ ਆ.ਗ੍ਰੰ. 486.
45. ਰਾਗ ਸੋਰਠਿ, ਬਾਣੀ ਪੰਨਾ 39.
46. ਰਾਗ ਗਉੜੀ ਗੁਆਰੇਰੀ ਆ. ਗ੍ਰੰ. 345.
47. ਰਾਗ ਰਾਮਕਲੀ, ਚਉਪਦਾ, ਬਾਣੀ ਪੰਨਾ 53.
48. ਰਾਗ ਗਉੜੀ ਪੂਰਬੀ, ਬਾਣੀ ਪੰਨਾ 35.
49. ਰਾਗ ਆਸਾ, ਬਾਣੀ ਪੰਨਾ 65.
50. ਗਉੜੀ ਗੁਆਰੇਰੀ, ਬਾਣੀ, ਪੰਨਾ 32.
51. ਰਾਗ ਸੋਰਠਿ, ਬਾਣੀ ਪੰਨਾ 42.
52. ਰਾਗ ਸੂਹੀ ਆ. ਗ੍ਰੰ. 794.
53. ਸਿਰੀ ਰਾਗ, ਬਾਣੀ, ਪੰਨਾ 50.
54. ਰਾਗ ਸੋਰਠਿ ਆ. ਗ੍ਰੰ. 657.
55. ਰਾਗ ਮਲਾਰ, ਬਾਣੀ ਪੰਨਾ 32.
56. ਰਾਗ ਭੈਰਉ, ਬਾਣੀ ਪੰਨਾ 60.
57. ਰਾਗ ਸੋਰਠਿ, ਬਾਣੀ, ਪੰਨਾ 40.
58. ਰਾਗ ਸੋਰਠਿ ਆ.ਗ੍ਰੰ. 558.
59. ਰਾਧਾ ਕ੍ਰਿਸ਼ਨਨ, ਪ੍ਰਾਚਯ ਧਰਮ ਔਰ ਪਾਸ਼ਚਾਤਯ ਵਿਚਾਰ, ਪੰਨਾ 52.
60. -ਉਹੀ-, ਪੰਨਾ 386.

# ਅਧਿਆਇ ਅੱਠਵਾਂ

## ਸਮੁੱਚਾ ਅਧਿਐਨ

## ਸਮੁੱਚਾ ਅਧਿਐਨ

ਪਿਛਲੇ ਪੰਨਿਆਂ ਤੇ ਕੀਤੀ ਗਈ ਵਿਸ਼ਲੇਸ਼ਣ ਉਪਰੰਤ ਕੁਝ ਗੱਲਾਂ ਨਿੱਖੜ ਕੇ ਸਾਡੇ ਸਾਹਮਣੇ ਆਉਂਦੀਆਂ ਹਨ ਇਕ ਤਾਂ ਇਹ ਕਿ ਗੁਰੂ ਰਵਿਦਾਸ ਦਾ ਜੀਵਨ ਜਿਨ੍ਹਾਂ ਸਾਦਾ, ਦ੍ਰਿੜ੍ਹ ਸੰਕਲਪੀ, ਪਾਖੰਡ-ਰਹਿਤ ਅਤੇ ਨਾਮ ਨੂੰ ਸਮਰਪਿਤ ਸੀ ਉਨੀ ਹੀ ਉਨ੍ਹਾਂ ਦੀ ਬਾਣੀ ਸਮਾਜ ਦੀਆਂ ਬੁਰਾਈਆਂ ਦੇ ਪਰਦੇ ਉਧੇੜਦੀ, ਜਾਤਪਾਤ ਦਾ ਵਿਰੋਧ ਕਰਦੀ ਮਨੁੱਖੀ ਜੀਵਨ ਮੁੱਲਾਂ ਨੂੰ ਪਕਿਆਉਂਦੀ ਦਿਖਾਈ ਦਿੰਦੀ ਹੈ। ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਸਮਾਜਿਕ ਢਾਂਚਾ ਉਖੜ ਚੁਕਿਆ ਸੀ ਅਤੇ ਮਨੁੱਖੀ ਕਦਰਾਂ-ਕੀਮਤਾਂ ਤਹਿਸ-ਨਹਿਸ ਹੋ ਕੇ ਰਹਿ ਗਈਆਂ ਸਨ। ਗਜ਼ਨਵੀ, ਮੁਹੰਮਦ ਗੌਰੀ, ਤੈਮੂਰਲੰਗ ਦੇ ਹਮਲਿਆਂ ਨੇ ਮਨੁੱਖੀ ਜੀਵਨ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਇਸ ਸਮੇਂ ਬਹਿਲੋਲ ਲੋਧੀ ਨੇ ਸੱਯਦਾਂ ਨੂੰ ਹਰਾ ਕੇ ਆਪਣਾ ਰਾਜ ਕਾਇਮ ਕਰ ਲਿਆ ਸੀ। ਲੋਧੀ ਮੁਸਲਮਾਨ ਪਠਾਨ ਸਨ ਅਤੇ ਉਨ੍ਹਾਂ ਨੇ ਹਿੰਦੂਆਂ ਨੂੰ ਦੁੱਖੀ ਕਰਨਾ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦਾ ਰਾਜ ਨਿਰੋਲ ਫਿਰਕੂ ਆਧਾਰ ਤੇ ਸਥਾਪਿਤ ਹੋਇਆ ਸੀ। ਇਸ ਮਗਰੋਂ 1526 ਵਿਚ ਬਾਬਰ ਨੇ ਪਾਣੀਪਤ ਵਿਚ ਇਬਰਾਹਿਮ ਲੋਧੀ ਨੂੰ ਕਤਲ ਕਰਕੇ ਦਿੱਲੀ ਦਾ ਰਾਜ ਸੰਭਾਲ ਲਿਆ। ਬਾਬਰ ਨੇ ਹਿੰਦੂ ਮੰਦਰ ਤੋੜ ਕੇ ਮਸੀਤਾਂ ਵਿਚ ਬਦਲ ਦਿੱਤੇ। ਹਿੰਦੂ ਰਹਿਬਰਾਂ ਨੂੰ ਫੜ ਕੇ ਜੇਲਾਂ ਵਿਚ ਕੈਦ ਕਰ ਦਿੱਤਾ ਗਿਆ ਬਾਬਰ ਨੇ ਉਸ ਸਮੇਂ ਤੇ ਧਾਰਮਿਕ ਰਹਿਬਰ ਗੁਰੂ ਨਾਨਕ ਦੇਵ ਨੂੰ ਫੜ ਕੇ ਕੈਦ ਵਿਚ ਡੱਕ ਦਿੱਤਾ ਸੀ।

ਇਹ ਸਭ ਕੁਝ ਹੋਣ ਦੇ ਬਾਵਜੂਦ ਬ੍ਰਾਹਮਣਾਂ ਅਤੇ ਮੁੱਲਾਂ ਦੇ ਕੱਟੜਪੁਣੇ ਤਹਿਤ ਪਾਏ ਭਰਮਾਂ-ਪਾਖੰਡਾਂ ਦਾ ਲੋਕ ਸ਼ਿਕਾਰ ਹੋਏ ਸਨ ਅਤੇ ਉਨ੍ਹਾਂ ਨੂੰ ਪਤਾ ਨਹੀਂ ਲਗ ਰਿਹਾ ਸੀ ਕਿ ਕੀ ਕੀਤਾ ਜਾਵੇ ਜਿਵੇਂ ਕਿ ਅਸੀਂ ਪੜ੍ਹ ਆਏ ਹਾਂ ਕਿ ਇਸ ਅਰਾਜਿਕਤਾ ਅਤੇ ਸਮਾਜਿਕ ਅਫਰਾ-ਤਫਰੀ ਦੇ ਸਮੇਂ, ਗੁਰੂ ਰਵਿਦਾਸ ਨੇ ਸਦਾਚਾਰਕ ਜੀਵਨ ਜਾਚ ਜਿਉਂਦਿਆਂ, ਸਮਾਜਿਕ ਬੁਰਾਈਆਂ ਅਤੇ ਬ੍ਰਾਹਮਣਾ ਮੁੱਲਾਂ ਦੇ ਪਾਏ ਵਹਿਮਾਂ ਪਾਖੰਡਾਂ ਅਤੇ ਕਰਮਕਾਂਡਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਅਸੀਂ ਸਾਬਿਤ ਕਰ ਚੁੱਕੇ ਹਾਂ ਕਿ ਉਹ ਇਕ ਵਿਵਹਾਰਿਕ ਸੁੱਚੀ-ਕਿਰਤ ਕਰਨ ਵਾਲੇ ਸਾਦਾ ਉੱਚਾ-ਸੁੱਚਾ ਗ੍ਰਹਿਸਥ ਜੀਵਨ ਜੀਣ ਵਾਲੇ ਸਮਾਜਿਕ ਅਤੇ ਸਾਂਸਕ੍ਰਿਤਕ ਕ੍ਰਾਂਤੀ ਲਿਆਉਣ ਵਾਲੇ ਮੋਢੀਆਂ ਵਿਚੋਂ ਇਕ ਸਨ।

ਉਨ੍ਹਾਂ ਦੇ ਸੰਬੰਧ ਵਿਚ ਇਕ ਹੋਰ ਗੱਲ ਜਿਹੜੀ ਸਾਡੇ ਸ਼ੋਧ-ਪ੍ਰਬੰਧ ਵਿਚ ਉਘਾੜਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਇਹ ਹੈ ਕਿ ਭਗਤੀ ਲਹਿਰ ਵਿਚ ਵਿਸ਼ੇਸ਼ ਕਰਕੇ ਗੁਰੂ

ਗੁਰੂ ਰਵਿਦਾਸ ਨੇ ਮਾਨਵਵਾਦ ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਉਨ੍ਹਾਂ ਜਾਤਪਾਤ ਦਾ ਖੰਡਨ ਕਰਦਿਆਂ ਇਕ ਗੱਲ ਨਿਰਧਾਰਿਤ ਕੀਤੀ ਹੈ ਕਿ ਕੋਈ ਆਦਮੀ ਜਨਮ ਕਰਕੇ ਹੀ ਨਹੀਂ ਆਪਣੇ ਕਰਮ ਕਰਕੇ ਉੱਚਾ ਜਾਂ ਉੱਤਮ ਹੋ ਸਕਦਾ ਹੈ। ਇਸ ਧਾਰਨਾ ਨੇ ਉਨ੍ਹਾਂ ਦੇ ਸਮਕਾਲੀਨ ਸਮੇਂ ਵਿਚ ਹੀ ਨੀਵੀਆਂ ਜਾਤਾਂ ਤੇ ਨਿਤਾਣੇ ਲੋਕਾਂ ਵਿਚ ਇਹ ਭਾਵਨਾ ਭਰ ਦਿੱਤੀ ਜੋ ਉਹ ਨਿਤਾਣੇ ਜਾਂ ਅਸਮਰਥ ਜੀਵ ਨਹੀਂ ਹਨ। ਇਸਦੇ ਕਾਰਨ ਦੱਬੇ ਕੁਚਲੇ ਤੇ ਨੀਵੀਆਂ ਜਾਤਾਂ ਦੇ ਸਮਝੇ ਜਾਂਦੇ ਲੋਕਾਂ ਨੂੰ ਇਕ ਵੱਖਰੀ ਕਿਸਮ ਦੀ ਉਤਸ਼ਾਹ ਭਰਪੂਰ ਜ਼ਿੰਦਗੀ ਜੀਊਣ ਦਾ ਬਲ ਮਿਲਿਆ। ਇਸਦੇ ਨਾਲ ਹੀ ਉਚੀਆਂ ਜਾਤਾਂ ਦੇ ਸਮਝੇ ਜਾਂਦੇ ਲੋਕਾਂ ਦੇ ਦਿਲਾਂ ਵਿਚੋਂ ਵੀ ਉਨ੍ਹਾਂ ਨੇ ਵਹਿਮ ਭਰਮ, ਕਰਮਕਾਂਡਾਂ ਦੀ ਮਹੱਤਤਾ ਨੂੰ ਕੱਢ ਦਿੱਤਾ। ਇਸੇ ਕਾਰਨ ਉਹ ਵੀ ਉਨ੍ਹਾਂ ਦੇ ਚੇਲੇ ਬਣ ਗਏ ਜਿਵੇਂ ਕਿ ਅਸੀਂ ਪਿਛੇ ਦਸ ਆਏ ਹਾਂ ਕਿ ਰਾਣੀ ਝਾਲੀ ਅਤੇ ਮੀਰਾਂ ਬਾਈ ਆਦਿ ਉਸਦੀਆਂ ਸਿਸ ਬਣੀਆਂ ਇਸ ਤਰ੍ਹਾਂ ਜਾਤਪਾਤ ਦੀ ਵਰਣ ਵੰਡ ਦੇ ਟੁੱਟਣ ਦਾ ਰੁਝਾਨ ਪੈਦਾ ਹੋਇਆ।

ਗੁਰੂ ਰਵਿਦਾਸ ਤੇ ਉਨ੍ਹਾਂ ਦੇ ਸਮਕਾਲੀ ਸੰਤਾਂ ਨੇ ਭਾਰਤੀ ਸਭਿਆਚਾਰ ਵਿਚ ਆ ਚੁੱਕੀ ਖੜੋਤ ਨੂੰ ਤੋੜਿਆ ਤੇ ਨਵੇਂ ਸਾਦੇ, ਸਰਲ, ਜੀਵਨ ਦੀ ਸ਼ੁਰੂਆਤ ਹੋਈ। ਉਹ ਆਪਣੇ ਧੁਰ ਅੰਦਰ ਛਿਪੇ ਹੀਣਤਾ ਭਾਵ ਤੋਂ ਪਹਿਲੀ ਵੇਰ ਮੁਕਤ ਹੋਏ, ਰਚਨਾਤਮਿਕ ਕਾਰਜਾਂ ਵੱਲ ਪ੍ਰੇਰਿਤ ਹੋਏ ਜਿਸ ਕਾਰਨ ਨਿਰੋਲ ਭਾਰਤੀਪੁਣੇ ਦੇ ਆਧਾਰ ਤੇ ਸਮਾਜ ਵਿਚ ਜੀਣ ਦੀ ਪੱਧਤੀ ਹੋਂਦ ਵਿਚ ਆਈ। ਦੂਜੀ ਗੱਲ ਜਿਹੜੀ ਇਥੇ ਕਹਿ ਦੇਣੀ ਅਸੀਂ ਉਚਿਤ ਸਮਝਦੇ ਹਾਂ ਉਹ ਇਹ ਹੈ ਕਿ ਜਿਥੇ ਅਸੀਂ ਇਹ ਯਤਨ ਕੀਤਾ ਹੈ ਕਿ ਜੀਵਨ ਮੁੱਲਾਂ ਦੀ ਉਤਪਤੀ ਪਰਿਭਾਸ਼ਾ, ਉਨ੍ਹਾਂ ਦਾ ਨਿਕਾਸ ਵਿਕਾਸ ਮਨੁੱਖੀ ਜੀਵਨ ਦੇ ਸੰਦਰਭ ਵਿਚ ਵਾਚਿਆ ਜਾਵੇ ਉਥੇ ਸਾਡੀ ਇਹ ਪੂਰੀ ਕੋਸ਼ਿਸ਼ ਰਹੀ ਹੈ ਕਿ ਜੀਵਨ ਮੁੱਲਾਂ ਵਿਚ ਆਈਆਂ ਅਤੇ ਭਵਿੱਖ ਵਿਚ ਮਨੁੱਖੀ ਹਿੱਤ ਵਿਚ ਨਿਆਂਈਆਂ ਜਾ ਸਕਣ ਵਾਲੀਆਂ ਕੀਮਤਾਂ ਦਾ ਜ਼ਿਕਰ ਕੀਤਾ ਜਾਵੇ। ਇਸਦੇ ਨਾਲ ਹੀ ਇਹ ਨਿਸ਼ਚਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਕਿ ਸਾਡੇ ਵਿਰਸੇ ਦੀਆਂ ਸਾਂਸਕ੍ਰਿਤਕ/ਉਚੇਰੀਆਂ ਕਦਰਾਂ-ਕੀਮਤਾਂ ਜਿਨ੍ਹਾਂ ਦੀ ਮਨੁੱਖ ਨੂੰ ਅੱਜ ਵੀ ਬੜੀ ਲੋੜ ਹੈ ਨੂੰ ਸਥਾਪਿਤ ਕੀਤਾ ਜਾਵੇ। ਅੰਤ ਵਿਚ ਇਹ ਅਢੁਕਵਾਂ ਨਹੀਂ ਹੋਵੇਗਾ ਜੇਕਰ ਅਸੀਂ ਸ਼ੋਧ-ਪ੍ਰਬੰਧ ਦੀ ਤਰਤੀਬ ਅਨੁਸਾਰ ਕੁਝ ਸ਼ਬਦ ਸੰਖੇਪ ਵਿਚ ਕਹਿ ਲਈਏ।

ਦੂਜੇ ਅਧਿਆਇ 'ਗੁਰੂ ਰਵਿਦਾਸ ਦਾ ਜੀਵਨ ਅਤੇ ਜੀਵਨ ਪਿਛੋਕੜ' ਵਿਚ

ਉਨ੍ਹਾਂ ਦੇ ਜਨਮ, ਜਨਮ-ਸਥਾਨ ਨਾਮ, ਮਾਤਾ-ਪਿਤਾ, ਕਿੱਤਾ, ਜਾਤ, ਸਿੱਖੀ ਸੇਵਕੀ ਅਤੇ ਮਿਰਤੂ ਆਦਿ ਬਾਰੇ ਵਿਚਾਰ ਕੀਤੀ ਹੈ। ਇਸ ਸੰਬੰਧ ਵਿਚ ਵਿਦਵਾਨ ਆਪੋ ਵਿਚ ਇਕਮੱਤ ਨਹੀਂ ਹਨ। ਇਸਦਾ ਇਕ ਕਾਰਨ ਇਹ ਵੀ ਹੈ ਕਿ ਗੁਰੂ ਰਵਿਦਾਸ ਦੁਆਰਾ ਕੋਈ ਵੀ ਲਿਖਤ ਪ੍ਰਾਪਤ ਨਹੀਂ ਹੈ ਜਿਸ ਕਾਰਨ ਇਸ ਸੰਬੰਧ ਵਿਚ ਵਾਦ-ਵਿਵਾਦ ਖੜੇ ਰਹਿਣ ਦੀ ਪੂਰਨ ਸੰਭਾਵਨਾ ਹੈ ਕਿਉਂਕਿ ਅਜੇ ਤੱਕ ਉਨ੍ਹਾਂ ਦੇ ਕਿਸੇ ਸਮਕਾਲੀ ਜਾਂ ਸੇਵਕ ਦੀ ਉਨ੍ਹਾਂ ਬਾਬਤ ਕੋਈ ਲਿਖਤ ਜਿਸਨੂੰ ਸਬੂਤ ਵਜੋਂ ਪੇਸ਼ ਕੀਤਾ ਜਾ ਸਕੇ ਵੀ ਪ੍ਰਾਪਤ ਨਹੀਂ ਹੈ ਫੇਰ ਵੀ ਅਸੀਂ ਹੇਠ ਲਿਖੇ ਕੁਝ ਬਿੰਦੂਆਂ ਤੇ ਆਪਣਾ ਸਪੱਸ਼ਟੀਕਰਨ ਦਿੱਤਾ ਹੈ ਤੇ ਰਾਇ ਅੰਕਿਤ ਕੀਤੀ ਹੈ ਜਿਵੇਂ:-

1. ਅਸੀਂ ਉਨ੍ਹਾਂ ਦਾ ਜਨਮ, ਦੂਸਰੇ ਵਿਦਵਾਨਾਂ ਨੂੰ ਵਿਚਾਰ ਵਿਚ ਰਖਦਿਆਂ ਉਨ੍ਹਾਂ ਦੇ ਪੜਪੋਤੇ ਕਰਮਦਾਸ ਨੂੰ ਆਧਾਰ ਮੰਨ ਕੇ ਸੰਮਤ 1433 ਮਾਘ ਪੂਰਨਿਮਾ ਮਿਥਿਆ ਹੈ।

ਸੰਮਤ ਚੌਦਹ ਸੈ ਤੇਤੀਸਾ, ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕਲਿਆਣ ਹਿੱਤ, ਪ੍ਰਗਟੇ ਸ੍ਰੀ ਰਵਿਦਾਸ।

2. ਉਨ੍ਹਾਂ ਦੇ ਜਨਮ ਸਥਾਨ ਸੰਬੰਧੀ ਵੀ ਦੂਸਰੇ ਵਿਦਵਾਨਾਂ ਦੀ ਤਰ੍ਹਾਂ ਅਸੀਂ ਵਾਦ-ਵਿਵਾਦ ਵਿਚ ਨਾ ਪੈਂਦੇ ਹੋਏ ਆਪ ਜੀ ਦੀ ਬਾਣੀ ਅਤੇ 'ਰੈਦਾਸ ਪਰਚਈ' ਤੇ ਆਧਾਰਿਤ ਹੋ ਕੇ ਬਨਾਰਸ ਦੇ ਆਸਪਾਸ ਦੇ ਪਿੰਡ ਮੰਡੂਆਡੀਹ ਨੂੰ ਆਪਣਾ ਜਨਮ ਸਥਾਨ ਮੰਨਦੇ ਹਾਂ:-

ਨਗਰ ਬਾਣਾਰਸਿ ਉਚਿਤ ਠਾਊਂ, ਪਾਪ ਨ ਨਿਕਟੈ ਆਵੈਂ ਕਾਹੂੰ।
ਮੂਵਾਂ ਨ ਕੋਈ ਨਰਕ ਹਿਕ ਜਾਇ, ਸੰਕਰ ਰਾਮਹਿ ਆਨਿ ਸੁਨਾਵੈ ਆਇ।
ਸ੍ਰੁਤਿ ਸਿਮ੍ਰਿਤਿ ਕਾ ਅਧਿਕਾਰਾ। ਤਹਾਂ ਰੈਦਾਸ ਲਿਯੋ ਔਤਾਰਾ।

3. ਗੁਰੂ ਰਵਿਦਾਸ ਦੇ ਕਿੱਤੇ ਅਤੇ ਜਾਤ ਦੇ ਸੰਬੰਧ ਵਿਚ ਉਨ੍ਹਾਂ ਦੀ ਆਪਣੀ ਬਾਣੀ ਅਤੇ 'ਰੈਦਾਸ ਪਰਚਈ' ਦੇ ਆਧਾਰ ਤੇ ਸਪੱਸ਼ਟ ਹੀ ਹੈ ਕਿ ਉਹ ਚਮਾਰ ਜਾਤੀ ਨਾਲ ਸੰਬੰਧਿਤ ਸਨ ਅਤੇ ਜੁੱਤੀਆਂ ਗੰਢਣ ਤੇ ਬਣਾਉਣ ਦਾ ਕੰਮ ਕਰਦੇ ਸਨ:-

ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ,
ਨਿਤਹਿ ਬਨਾਰਸੀ ਆਸ ਪਾਸਾ।

4. ਅਸੀਂ ਦੂਸਰੇ ਵਿਦਵਾਨਾਂ ਤੇ ਸ਼ੋਧਾਰਥੀ ਦੇਵਿੰਦਰ ਕੁਮਾਰੀ ਦੇ ਸ਼ੋਧ ਪੱਤਰ 'ਭਗਤੀ ਕਾਲ ਦੇ ਸੰਤਾਂ ਦੀ ਸੰਪਰਦਾਇਕ ਸਦਭਾਵਨਾ' ਦੀ ਭੂਮਿਕਾ ਵਿਚ ਲਏ ਗਏ ਸਿੱਟੇ ਨੂੰ

ਆਧਾਰ ਮੰਨ ਕੇ ਉਨ੍ਹਾਂ ਨੂੰ ਰਾਮਾਨੰਦ ਦੇ 12 ਸ਼ਿਸ਼ਾਂ ਵਿਚੋਂ ਇਕ ਸਵੀਕਾਰ ਕੀਤਾ ਹੈ।

ਇਸੇ ਤਰ੍ਹਾਂ ਅਸੀਂ ਉਨ੍ਹਾਂ ਦੀ ਮਿਰਤੂ ਸੰਮਤ 1584 ਮਿਥਦੇ ਹਾਂ ਕਿਉਂਕਿ ਇਸ ਪਿਛੇ ਅਨੰਤਦਾਸ ਦੀ 'ਰੈਦਾਸ ਪਰਚਈ' ਦੀ ਗਵਾਹੀ ਕੰਮ ਕਰਦੀ ਹੈ।

ਤੀਜੇ ਅਧਿਆਇ ਵਿਚ ਅਸੀਂ ਜੀਵਨ-ਮੁੱਲਾਂ ਬਾਰੇ ਵਿਚਾਰ ਕੀਤੀ ਹੈ। ਅਸੀਂ ਵੇਖਿਆ ਹੈ ਕਿ ਅਧੁਨਿਕ ਯੁੱਗ ਵਿੱਚ, ਜੀਵਨ ਮੁੱਲਾਂ ਤੇ ਆਧਾਰਿਤ ਜੀਵਨ ਜੀਊਣ ਦੀ ਜਾਚ ਸਿੱਖਣ ਅਤੇ ਜੀਵਨ ਮੁੱਲਾਂ ਦੀ ਮਨੁੱਖੀ ਜੀਵਨ ਦੇ ਸੰਦਰਭ ਵਿਚ ਸਾਰਥਿਕਤਾ ਪ੍ਰਤੀ ਵਿਚਾਰ ਪ੍ਰਚਾਰ ਤੇਜ਼ ਹੁੰਦਾ ਜਾ ਰਿਹਾ ਹੈ ਜਿਥੇ ਇਸਦੀ ਚਰਚਾ ਪੱਛਮੀ ਦੇਸ਼ਾਂ ਖਾਸ ਕਰਕੇ ਅਮਰੀਕਾ ਵਿਚ ਹੋਈ ਉਥੇ ਹੁਣ ਇਸ ਵਿਸ਼ੇ ਤੇ ਭਾਰਤੀ ਬੁਧੀਜੀਵੀਆਂ ਦੇ ਮਗਰੋਂ ਰਾਜਨੀਤਕ ਖੇਤਰ ਵਿਚ ਬਹਿਸ ਚਲ ਪਈ ਹੈ। ਸਮਾਜਿਕ ਆਰਥਿਕ ਅਤੇ ਨੈਤਕ ਖੇਤਰ ਦੀਆਂ ਕੀਮਤਾਂ ਮਿਥਣ ਦੀ ਗੱਲ ਇਸੇ ਝੁਕਾਅ ਕਾਰਨ ਚੱਲ ਰਹੀ ਹੈ। ਇਸਨੂੰ ਭਾਰਤੀ ਖਿੱਤੇ ਦੇ ਲੋਕ ਜੀਵਨ ਦੇ ਸੰਬੰਧ ਵਿਚ ਜੀ ਆਇਆਂ ਆਖਣਾ ਬਣਦਾ ਹੈ।

ਮੁੱਲਾਂ ਬਾਰੇ ਚਰਚਾ ਕਰਦਿਆਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਮੁੱਲ ਉਹ ਬਿੰਦੂ ਹਨ ਜਿਨ੍ਹਾਂ ਰਾਹੀਂ ਅਸੀਂ ਮਨੁੱਖੀ ਜੀਵਨ ਦੀ ਚੜ੍ਹਤ ਦੀ ਪਹਿਚਾਣ ਕਰ ਸਕਦੇ ਹਾਂ ਕਿਉਂਕਿ ਜੀਵਨ ਦੀ ਅਧਿਆਤਮਿਕ, ਸਮਾਜਿਕ, ਨੈਤਕ ਅਤੇ ਆਰਥਿਕ ਸਥਿਤੀ ਮੁੱਲ-ਬੋਧ ਪ੍ਰਚਲਨ ਪ੍ਰਕਿਰਿਆ ਰਾਹੀਂ ਵਿਕਸਿਤ ਹੁੰਦੀ ਹੈ। ਇਸ ਤਰ੍ਹਾਂ ਮਨੁੱਖੀ ਵਿਕਾਸ ਮੁੱਲ-ਬੋਧ ਅਤੇ ਮੁੱਲ-ਬੋਧ ਪ੍ਰਚਲਨ ਪ੍ਰਕਿਰਿਆ ਤੇ ਨਿਰਭਰ ਕਰਦਾ ਹੈ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਕੋਈ ਸਭਿਅਤਾ ਆਪਣੇ ਜੀਵਨ ਮੁੱਲਾਂ ਵਿਚ ਜਿਨ੍ਹਾਂ ਆਦਰਸ਼ਾਂ ਦਾ ਪ੍ਰਗਟਾਵਾ ਕਰਦੀ ਹੈ ਉਨ੍ਹੇਂ ਹੀ ਸੰਤੁਸ਼ਟ ਅਤੇ ਉੱਨਤ ਜ਼ਿੰਦਗੀ ਉਸ ਸਭਿਅਤਾ ਦੇ ਲੋਕ ਜੀਉਂਦੇ ਹਨ ਕਿਉਂਕਿ ਮਨੁੱਖੀ ਹੋਂਦ ਤੋਂ ਬਿਨਾ ਵੀ ਮਨੁੱਖ ਦੇ ਜੀਵਨ ਦਾ ਇਕ ਅਰਥ ਹੈ ਭਾਵੇਂ ਮੁੱਲਾਂ ਨੂੰ ਮਨੁੱਖ ਦੀ ਲੋੜ, ਇੱਛਾ-ਪੂਰਤੀ, ਪ੍ਰਾਪਤੀ, ਚਾਹਤ, ਤਜਰੀਹ, ਲਾਲਸਾ ਅਤੇ ਸੰਤੁਸ਼ਟੀ ਦੇ ਰੂਪ ਵਿਚ ਲਿਆ ਹੈ ਪਰ ਅਸੀਂ ਸਮਝਦੇ ਹਾਂ ਕਿ ਮੁੱਲ ਮਨੁੱਖੀ ਜੀਵਨ ਨੂੰ ਸੰਤੁਸ਼ਟ, ਸੋਹਣਾ, ਨਰੋਆ ਤੇ ਖੁਸ਼ਹਾਲ ਬਣਾਉਣ ਲਈ ਮਿਥੇ ਗਏ ਆਧਾਰ ਹਨ।

ਚੌਥੇ ਅਧਿਆਇ 'ਭਾਰਤੀ ਜੀਵਨ ਮੁੱਲਾਂ' ਵਿਚ ਅਸੀਂ ਪੂਰਬ ਵੈਦਿਕ ਕਾਲ, ਉਤਰ ਵੈਦਿਕ ਕਾਲ ਦੇ ਪ੍ਰਸੰਗ ਵਿਚ ਚਰਚਾ ਕੀਤੀ ਹੈ ਕਿਉਂਕਿ ਮੁੱਢਲੇ ਮਨੁੱਖ ਪ੍ਰਤੀ ਅਜੋਕੇ ਮਨੁੱਖ ਦੀ ਜਾਣਕਾਰੀ ਨਾਮਾਤਰ ਹੀ ਹੈ ਤੇ ਜੋ ਥੋੜ੍ਹੀ ਬਹੁਤ ਹੈ ਵੀ ਉਹ ਵੀ ਅਪ੍ਰਤੱਖ ਸਮੱਗਰੀ ਤੇ ਨਿਰਭਰ ਹੋਣ ਕਰਕੇ ਭਰੋਸੇ ਯੋਗ ਨਹੀਂ ਸਮਝੀ ਜਾ ਸਕਦੀ। ਭੂ-ਵਿਗਿਆਨੀਆਂ ਦੇ

ਰਚਨਾ ਤੇ ਜੀਵਾਸ਼ਮ ਤੇ ਵਿਸ਼ਵਾਸ ਕਰਕੇ ਉਸ ਸਮੇਂ ਮਨੁੱਖੀ ਹੋਂਦ ਆਦਿ ਤੇ ਜੀਵਨ ਤੇ ਕਿਆਸ ਤਾਂ ਲਗਾਏ ਜਾ ਸਕਦੇ ਹਨ ਪਰ ਸਮੇਂ ਦੇ ਮਨੁੱਖ ਦੇ ਜੀਵਨ ਦੀ ਵਿਧੀ-ਵਿਧਾਨ ਸੰਬੰਧੀ ਕੋਈ ਰਾਇ ਜ਼ਾਹਿਰ ਕਰਨਾ ਅਸੰਭਵ ਜਿਹਾ ਪ੍ਰਤੀਤ ਹੁੰਦਾ ਹੈ। ਮਨੁੱਖੀ ਜੀਵਨ ਦੀ ਲੰਮੀ ਕਾਲ ਸਥਿਤੀ ਮਗਰੋਂ ਦੇ ਸਮੇਂ ਨੂੰ ਵਿਦਵਾਨਾਂ ਵਲੋਂ ਪੂਰਵ ਪਥਾਣ ਕਾਲ ਅਤੇ ਧਾਤੂ ਕਾਲ ਮਿਥਿਆ ਗਿਆ ਹੈ। ਇਸ ਕਾਲ ਵਿਚ ਕਿਉਂਕਿ ਮਨੁੱਖ ਦੀਆਂ ਧਾਰਮਿਕ ਭਾਵਨਾਵਾਂ ਦਾ ਜਨਮ ਨਹੀਂ ਹੋਇਆ ਸੀ ਅਤੇ ਨਾ ਹੀ ਸਮਾਜਿਕ ਸੰਗਠਨ ਹੋਂਦ ਵਿਚ ਆਇਆ ਫੇਰ ਵੀ ਇਸ ਯੁੱਗ ਵਿਚ ਮਨੁੱਖ ਨੇ ਕੁਦਰਤੀ ਕਰੋਪੀਆਂ ਅਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਪਾਣੀ ਦੇ ਸੋਮਿਆਂ ਕੋਲ ਇਕੱਠੇ ਜਾਂ ਝੁੰਡਾਂ, ਚ ਰਹਿਣ ਦਾ ਵੱਲ ਸਿੱਖ ਲਿਆ ਸੀ। ਇਸ ਲਈ ਉਸ ਸਮੇਂ ਦੇ ਮੁੱਲ ਨਿਰਧਾਰਿਤ ਕਰਦਿਆਂ ਸੰਗਠਨ ਪ੍ਰਬੰਧ, ਸੁਰੱਖਿਆ, ਭੋਜਨ, ਪ੍ਰੇਮ ਲੜਾਈ, ਸਹਿਯੋਗ ਆਦਿ ਨੂੰ ਲਿਆ ਜਾ ਸਕਦਾ ਹੈ ਜਿਸਤੋਂ ਉਪਰੰਤ ਮਨੁੱਖ ਨਿਸ਼ਚਿਤ ਸਥਾਨਾਂ ਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਰਹਿਣ ਲੱਗ ਪਿਆ ਸੀ। ਦੇਵੀ ਦੇਵਤਿਆਂ ਪ੍ਰਤੀ ਵਿਸ਼ਵਾਸ ਵਰਗੇ ਮੁੱਲ ਸਿਰਜੇ ਜਾ ਚੁੱਕੇ ਸਨ ਚਿੱਤਰ ਅਤੇ ਭਵਨ ਨਿਰਮਾਣ ਕਲਾ ਤੋਂ ਵੀ ਚੰਗੀ ਤਰ੍ਹਾਂ ਜਾਣੂ ਸੀ। ਅਸੀਂ ਵੇਖਿਆ ਹੈ ਕਿ ਸਿੰਧੂ ਸਭਿਅਤਾ ਦੇ ਰੂਪ ਵਿਚ ਇਕ ਵਿਕਸਿਤ ਸਭਿਅਤਾ ਇਸ ਕਾਲ ਵਿਚ ਹੋਂਦ ਵਿਚ ਆ ਚੁਕੀ ਸੀ । ਸੌਂਦਰਜ, ਸਵਾਸਥ, ਪ੍ਰੇਮ, ਸਹਿਹੋਂਦ, ਅਨੁਸ਼ਾਸਨ, ਮਨੋਰੰਜਨ ਵਰਗੇ ਮੁੱਲ ਮਨੁੱਖੀ ਜੀਵਨ ਵਿਚ ਪ੍ਰਵੇਸ਼ ਕਰ ਚੁੱਕੇ ਸਨ।

ਵੈਦਿਕ ਕਾਲ ਤੱਕ ਪਹੁੰਚਦਿਆਂ-ਪਹੁੰਚਦਿਆਂ ਮਨੁੱਖੀ ਗਿਆਨ ਚਰਮ ਸੀਮਾ ਤੱਕ ਪਹੁੰਚ ਚੁਕਿਆ ਸੀ। ਵੇਦਾਂ, ਪੁਰਾਣਾਂ ,ਉਪਨਿਸ਼ਦਾਂ, ਸੂਤਰ ਗ੍ਰੰਥਾਂ ਅਤੇ ਛੇ ਦਰਸ਼ਨਾਂ ਦੀ ਸਿਰਜਨਾ ਇਸੇ ਕਾਲ ਵਿਚ ਹੋਈ। ਇਸੇ ਸਮੇਂ ਵਰਨ ਪ੍ਰਥਾ ਦਾ ਚਲਨ ਹੋਇਆ ਜੋ ਪਿਛੋਂ ਜਾ ਕੇ ਜਾਤੀਵਾਦ ਦੇ ਰੂਪ ਵਿਚ ਹਿੰਦੂ ਸੰਸਕ੍ਰਿਤੀ ਨੂੰ ਗਿਰਾਵਟ ਵੱਲ ਲੈ ਜਾਣ ਦਾ ਇਕ ਕਾਰਨ ਬਣਿਆ। ਖੇਤੀ ਵਪਾਰ ਅਤੇ ਹੋਰ ਕਿਤੇ ਵਿਕਸਿਤ ਰੂਪ ਵਿਚ ਚਲ ਰਹੇ ਸਨ। ਇਸ ਯੁੱਗ ਵਿਚ ਦੇਵੀ ਦੇਵਤਿਆਂ ਦੀ ਪੂਜਾ ਦੇ ਨਾਲ ਨਾਲ ਇਕ ਈਸ਼ਵਰ ਦਾ ਸਿਮਰਨ ਹੋਣ ਲੱਗਿਆ। ਰਾਜਾ ਦੀ ਹੋਂਦ ਕਾਰਨ ਰਾਜਿਆਂ ਦੇ ਕਰਤੱਵ ਵੀ ਨਿਰਧਾਰਿਤ ਕੀਤੇ ਜਾਣ ਲੱਗੇ।

ਇਸ ਕਾਲ ਵਿਚ ਮਨੁੱਖੀ ਕਦਰਾਂ-ਕੀਮਤਾਂ ਹੋਰ ਨਰੋਈਆਂ ਹੋਈਆਂ। ਮਨੁੱਖੀ

# ਅਧਿਆਇ ਅੱਠਵਾਂ

## ਸਮੁੱਚਾ ਅਧਿਐਨ

ਜੀਣ ਢੰਗ ਤੇ ਲਗੀ ਬੰਦਸ਼ਾਂ ਪਹਿਲਾਂ ਜਿਹੜੀਆਂ ਧਾਰਮਿਕ ਪ੍ਰੰਪਰਾਵਾਂ ਦੇ ਰੂਪ ਵਿਚ ਲਾਗੂ ਹੁੰਦੀਆਂ ਸਨ। ਉਹ ਸਮਾਜਿਕ ਅਤੇ ਨੈਤਿਕ ਸੰਦਰਭ ਵਿਚ ਫਰਜਾਂ ਦੇ ਰੂਪ ਵਿਚ ਵਿਕਸਿਤ ਹੋ ਗਈਆਂ ਇਸੇ ਸਮੇਂ ਵਿਚ ਤਰਕਵਾਦੀ ਪਹੁੰਚ ਅਪਣਾਉਂਦਿਆਂ ਬੁੱਧ ਅਤੇ ਜੈਨ ਮੱਤ ਹੋਂਦ ਵਿਚ ਆਏ। ਇਨ੍ਹਾਂ ਦੋਨਾਂ ਧਰਮਾਂ ਨੇ ਅਹਿੰਸਾ ਵਰਗੇ ਮੁੱਲ ਸਰਵਉਤਮ ਮੰਨਦਿਆਂ ਵੇਦਾਂ ਤੋਂ ਵੱਖਰਾ ਮੱਤ ਕਿ ਪ੍ਰਕ੍ਰਿਤੀ ਅਤੇ ਜੀਵ ਦੇ ਮੇਲ ਦੁਆਰਾ ਮੋਕਸ਼ ਪ੍ਰਾਪਤ ਕੀਤਾ ਜਾਂਦਾ ਹੈ ਨੂੰ ਪ੍ਰਚਾਰਿਆ। ਜਿਸ ਕਾਰਨ ਜੀਵਨ ਮੁੱਲਾਂ ਵਿਚ ਬਦਲਾਅ ਦੀ ਸ਼ਕਤੀ ਉਤਪੰਨ ਹੋਈ। ਇਸ ਪਿੱਠ ਭੂਮੀ ਵਿਚ ਅਸੀਂ ਮੁੱਲ ਵਿਧਾਨ ਨੂੰ ਜੀਵਨ ਦੀ ਸਾਰਥਿਕਤਾ ਨਵੀਂ ਦੇ ਮਾਨਤਾਂ ਵਿਚ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ।

ਪਹਿਲੀ ਇਹ ਕਿ ਉਹ ਮੁੱਲ ਜਿਹੜੇ ਮਨੁੱਖੀ ਵਿਕਾਸ ਨਾਲ ਸਾਂਸਕ੍ਰਿਤਕ ਸੰਦਰਭ ਵਿਚ ਜੁੜੇ ਹੋਏ ਹਨ ਤੇ ਜਿਨ੍ਹਾਂ ਰਾਹੀਂ ਮਨੁੱਖ ਨੂੰ ਆਂਤਰਿਕ ਸੰਤੁਸ਼ਟੀ ਦੇ ਨਾਲ ਨਾਲ ਮਨੁੱਖ ਹੋਣ ਤੇ ਮਾਣ ਹੁੰਦਾ ਹੋਵੇ ਜਿਵੇਂ ਵਿਸ਼ਵਾਸ, ਗਿਆਨ, ਨਾਮ, ਸਚਾਈ, ਦਯਾ, ਤਿਆਗ, ਸਤਿਕਾਰ, ਨਿਮਰਤਾ, ਦੇਸ਼ ਪਿਆਰ ਅਤੇ ਪ੍ਰੇਮ ਆਦਿ ਮੁੱਲਾਂ ਨੂੰ ਸਥਾਪਤ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਇਹ ਮੁੱਲ ਮਨੁੱਖ ਲਈ ਅੱਜ ਵੀ ਉਨੇ ਉਪਯੋਗੀ ਹਨ ਜਿੰਨੇ ਸਦੀਆਂ ਪਹਿਲਾਂ ਸਨ। ਦੂਸਰੀ ਇਹ ਕਿ ਅਜੋਕੀ ਭੌਤਿਕਵਾਦੀ ਦੌੜ ਦੀ ਤੇਜ਼ੀ ਨੇ ਜਿਹੜੀਆਂ ਪਰਸਥਿਤੀਆਂ ਪੈਦਾ ਕਰ ਦਿੱਤੀਆਂ ਹਨ ਤੇ ਬੀਮਾਰ ਕਦਰਾਂ-ਕੀਮਤਾਂ ਦੇ ਕਾਰਨ ਮਨੁੱਖੀ ਜ਼ਿੰਦਗੀ ਸੰਤਾਪ ਭੋਗ ਰਹੀ ਹੈ ਜਿਵੇਂ ਜਾਤਪਾਤ, ਕਰਮਕਾਂਡ, ਜਨੋ-ਭੇਅ, ਹੰਕਾਰ, ਭ੍ਰਿਸ਼ਟਾਚਾਰ, ਘ੍ਰਿਣਾ, ਨਿੰਦਾ ਅਤੇ ਦੂਸ਼ਿਤ ਰਿਵਾਜ ਆਦਿ ਤਿਆਗਣ ਦੇ ਲਈ ਨਵਾਂ ਵਿਧਾ-ਵਿਧਾਨ ਸਿਰਜਣਾ ਚਾਹੀਦਾ ਹੈ।

ਪੰਜਵੇਂ ਅਧਿਆਇ ਵਿਚ ਅਸੀਂ ਭਾਰਤੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਦੂਸਰੀਆਂ ਸਭਿਆਤਾਵਾਂ ਜਿਵੇਂ ਇਸਲਾਮੀ ਤੇ ਪੱਛਮੀ ਆਦਿ ਦੀਆਂ ਕਦਰਾਂ-ਕੀਮਤਾਂ ਨਾਲ ਤੁਲਨਾ ਕਰਕੇ ਉਚੇਰੀਆਂ ਕੀਮਤਾਂ ਦੀ ਪਹਿਚਾਣ ਕਰਾਉਣ ਦਾ ਯਤਨ ਕੀਤਾ ਹੈ ਤਾਂ ਕਿ ਮਨੁੱਖੀ ਸੰਦਰਭ ਵਿਚ ਜਾਣਿਆ ਜਾ ਸਕੇ ਕਿ ਅਜੋਕੀਆਂ ਪਰਿਸਥਿਤੀਆਂ ਵਿਚ ਕਿਹੜੇ ਜੀਵਨ ਮੁੱਲਾਂ ਦਾ ਕੀ ਸਥਾਨ ਹੈ ਇਹ ਤਦ ਹੀ ਜਾਣਿਆ ਜਾ ਸਕਦਾ ਸੀ ਜੇਕਰ ਅਸੀਂ ਮੁੱਲਾਂ ਦੀ ਉਨ੍ਹਾਂ ਦੇ ਵਰਤਮਾਨ ਸਮੇਂ ਦੀ ਅਨੁਕੂਲਤਾ ਦੇ ਸੰਬੰਧ ਵਿਚ ਤੁਲਨਾਤਮਕ ਅਧਿਐਨ

ਕਰਦੇ ਤੁਲਨਾਤਮਕ ਦ੍ਰਿਸ਼ਟੀ ਤੋਂ ਜਿਥੇ ਭਾਰਤੀ ਚਿੰਤਕਾਂ ਨੇ ਪਰਮਾਤਮਾ ਨੂੰ ਸਰਬ-ਸ਼ਕਤੀਮਾਨ, ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲਾ ਅਦਿੱਖ ਜੀਵਨ ਮਰਨ ਤੋਂ ਪਰੇ, ਮੰਨਦਿਆਂ ਆਤਮਾ ਦੀ ਅਮਰਤਾ ਵਿਚ ਵਿਸ਼ਵਾਸ ਦਾ ਪ੍ਰਗਟਾ ਕੀਤਾ ਹੈ ਉਥੇ ਮਹਾਤਮਾ ਬੁੱਧ ਪਰਮਾਤਮਾ ਅਤੇ ਆਤਮਾ ਦੇ ਬਾਰੇ ਵਿਚ ਚੁਪ ਰਹੇ ਉਨ੍ਹਾਂ ਈਸ਼ਵਰ-ਹੋਂਦ ਨੂੰ ਸਪੱਸ਼ਟ ਰੂਪ ਵਿਚ ਨਹੀਂ ਮੰਨਿਆ ਤੇ ਨਾ ਹੀ ਦੇਵੀ-ਦੇਵਤਿਆਂ ਦੀ ਪੂਜਾ ਵਿਚ ਵਿਸ਼ਵਾਸ ਪ੍ਰਗਟ ਕੀਤਾ, ਉਨ੍ਹਾਂ ਪਵਿੱਤਰ ਜੀਵਨ ਤੇ ਦੁੱਖ ਨਿਵਾਰਨ ਕਰਮਾਂ ਰਾਹੀਂ 'ਆਤਮ-ਦੀਪ' ਜਿਸਦਾ ਅਰਥ ਹੈ ਆਪਣੇ ਦਾ ਅਨੁਭਵ ਰਾਹੀਂ ਅਧਿਆਤਮਿਕ ਮਾਰਗ ਲੱਭਣ ਦਾ ਉਪਦੇਸ਼ ਦਿੱਤਾ। ਇਸੇ ਤਰ੍ਹਾਂ ਜੈਨੀ ਤੀਰਥੰਕਰ ਮਹਾਵੀਰ ਨੇ ਅਹਿੰਸਾ ਪਰਮ-ਧਰਮ ਨੂੰ ਪਹਿਲ ਦਿੰਦਿਆਂ ਪ੍ਰਕਿਰਤੀ ਅਤੇ ਜੀਵ ਦੇ ਮੇਲ ਤੋਂ ਮੋਕਸ਼ ਪ੍ਰਾਪਤ ਕਰਨ ਦੀ ਸਿਖਿਆ ਦਾ ਪ੍ਰਚਾਰ ਕੀਤਾ।

ਕੋਈ ਸਭਿਅਤਾ ਆਪਣੇ ਆਪ ਵਿਚ ਉੱਨਾ ਚਿਰ ਉਚੇਰੀ ਨਹੀਂ ਮੰਨੀ ਜਾ ਸਕਦੀ ਜਿੰਨਾ ਚਿਰ ਦੂਜੀਆਂ ਸਭਿਆਤਾਵਾਂ ਨਾਲ ਉਸਦਾ ਤੁਲਨਾਤਮਕ ਅਧਿਐਨ ਨਾ ਕੀਤਾ ਗਿਆ ਹੋਵੇ। ਮਨੁੱਖੀ ਜੀਵਨ ਨਾਲ ਸੰਬੰਧਤ ਉਚੇਰੀਆਂ ਸਭਿਆਤਵਾਂ ਪ੍ਰਤੀ ਲੇਖਾ-ਜੋਖਾ ਕਰਦਿਆਂ ਅਸੀਂ ਕਿਸੇ ਇਕ ਸਭਿਅਤਾ ਨੂੰ ਅਹਿਮੀਅਤ ਨਹੀਂ ਦੇ ਸਕਦੇ ਕਿਉਂਕਿ ਅਸੀਂ ਇਸ ਸੋਧ-ਪ੍ਰਬੰਧ ਵਿਚ ਦੇਖ ਚੁੱਕੇ ਹਾਂ ਕਿ ਕੋਈ ਸਭਿਅਤਾ ਉੱਚਤਾ ਦਾ ਪ੍ਰਦਰਸ਼ਨ ਕਰਦੀ ਦਿਖਾਈ ਦਿੰਦੀ ਹੋਵੇ ਪਰ ਕੋਈ ਸਭਿਅਤਾ ਬਾਕੀ ਸਭਿਆਤਾਵਾਂ ਨਾਲੋਂ ਹਮੇਸ਼ਾ ਸਿਰਮੌਰ ਨਹੀਂ ਰਹੀ ਹੈ। ਇਸ ਸੰਬੰਧ ਵਿਚ ਅਸੀਂ ਸਮੇਂ ਸਮੇਂ ਸਿਰ ਉਚੇਰੀਆਂ ਸਭਿਆਤਾਵਾਂ ਜਿਵੇਂ ਹਿੰਦੂ ਸਭਿਅਤਾ, ਰੋਮਨ ਯੂਨਾਨੀ ਸਭਿਅਤਾ, ਇਸਾਈਅਤ ਅਤੇ ਇਸਲਾਮੀ ਸਭਿਅਤਾ ਦਾ ਜਿਕਰ ਕਰ ਸਕਦੇ ਹਾਂ।

ਭਾਰਤੀ ਸਭਿਅਤਾ ਦਾ ਜਿਹੜਾ ਪਹਿਲੂ ਅਸੀਂ ਹੋਰ ਚੰਗੀ ਤਰ੍ਹਾਂ ਉਜਾਗਰ ਕੀਤਾ ਹੈ ਇਸ ਸਭਿਅਤਾ ਦੀ ਗ੍ਰਹਿਣ ਕਰਨ ਦੀ ਸ਼ਕਤੀ। ਸਮੇਂ ਸਮੇਂ ਤੇ ਭਾਰਤ ਵਿਚ ਆਏ ਦੂਸਰੇ ਧਰਮਾਂ ਜਾਤਾਂ-ਮੱਤਾਂ ਦੇ ਰੀਤੀ-ਰਿਵਾਜ, ਆਚਾਰ-ਵਿਹਾਰ, ਕਦਰਾਂ ਕੀਮਤਾਂ ਨੂੰ ਜਿਸ ਪ੍ਰਕਾਰ ਹਿੰਦੂ ਸੰਸਕ੍ਰਿਤੀ ਨੇ ਆਪਣੇ ਵਿਚ ਸਮੋ ਕੇ ਸਮੁੱਚੀ ਅਨੁਕੂਲਤਾ ਦੇ ਅਨੁਸਾਰ ਵਿਚਰਨ ਦਾ ਜਿਹੜਾ ਉਦਾਹਰਨ ਕਾਇਮ ਕੀਤਾ ਹੈ। ਉਸ ਸਮਨਵੈ ਪ੍ਰਕਿਰਿਆ ਦੀ ਮਿਸਾਲ ਦੁਨੀਆਂ ਦੀ ਕਿਸੇ ਹੋਰ ਸੰਸਕ੍ਰਿਤੀ ਵਿਚ ਨਹੀਂ ਮਿਲਦੀ। ਕੋਈ ਸਮਾਜ ਤਦ ਹੀ ਅਰਥ ਭਰਪੂਰ ਜੀਵਨ ਪ੍ਰਤੀਬੱਧਤਾ ਰੱਖਣ ਦੀ ਸਮਰਥਾ ਗ੍ਰਹਿਣ ਕਰ ਸਕਦਾ ਹੈ

ਜੇਕਰ ਉਹ ਅਜਿਹੇ ਜੀਵਨ ਮੁੱਲਾਂ ਤੇ ਆਸਥਾ ਰੱਖਦਾ ਹੋਵੇ ਜਿਹੜੇ ਮਨੁੱਖੀ ਜੀਵਨ ਨੂੰ ਰਜ਼ਤ ਪ੍ਰਦਾਨ ਕਰਦੇ ਹੋਣ ।

ਛੇਵੇਂ ਅਧਿਆਇ ਵਿਚ ਅਸੀਂ ਗੁਰੂ ਰਵਿਦਾਸ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਦੇ ਆਧਾਰ ਤੇ ਮੁੱਲ ਵਿਵੇਚਨ ਕਰਦਿਆਂ ਉਸਨੂੰ ਸਮਾਜਿਕ, ਧਾਰਮਿਕ, ਆਰਥਿਕ ਅਤੇ ਨੈਤਿਕ ਪਰਿਪੇਖ ਵਿਚ ਵਾਚਿਆ ਹੈ ਅਸੀਂ ਵੇਖਿਆ ਹੈ ਕਿ ਭਗਤੀ ਕਾਲ ਦੇ ਸੰਤਾਂ ਖਾਸ ਕਰਕੇ ਗੁਰੂ ਰਵਿਦਾਸ ਵਲੋਂ ਜਾਤਪਾਤ ਦਾ ਖੰਡਨ ਕਰਕੇ ਸਮੁੱਚੇ ਭਾਰਤੀ ਸਭਿਆਚਾਰ ਦੀ ਏਕਤਾ ਨੂੰ ਸਥਿਰਤਾ ਪ੍ਰਦਾਨ ਕਰਨ ਦਾ ਸਾਰਥਿਕ ਯਤਨ ਕੀਤਾ ਗਿਆ ਹੈ ਇਸ ਯਤਨ ਦੇ ਪ੍ਰਭਾਵ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਸਥਾਪਿਤ ਹੋਣੇ ਸ਼ੁਰੂ ਹੋ ਗਏ ਸਨ। ਮੇੜਤਾ ਦੀ ਮਹਾਰਾਣੀ ਮੀਰਾਬਾਈ ਅਤੇ ਮੇਵਾੜ ਦੀ ਰਾਣੀ ਝਾਲੀ ਦਾ ਇਨ੍ਹਾਂ ਦੀਆਂ ਸ਼ਿਸ਼ ਬਣਨਾ ਇਹ ਜ਼ਾਹਰ ਕਰਦਾ ਹੈ ਕਿ ਇਨ੍ਹਾਂ ਊਚ-ਨੀਚ ਅਤੇ ਜਾਤਪਾਤ ਦਾ ਬੰਧਨ ਤੋੜ ਦਿੱਤਾ ਸੀ ਜਿਸ ਕਰਕੇ ਅਸੀਂ ਆਪਣੂੰ ਕੌਮੀ ਸਭਿਆਚਾਰ ਦਾ ਪ੍ਰਤੀਕ ਮੰਨਦੇ ਹੋਏ ਨਿਰੋਲ ਭਾਰਤੀਅਤਾ ਦੀ ਧਾਰਾ ਨੂੰ ਸਥਾਪਿਤ ਕਰਨ ਵਾਲਾ ਚਰਿਤ੍ਰ ਸਮਝਦੇ ਹਾਂ।

ਸੱਤਵੇਂ ਅਧਿਆਇ ਵਿਚ ਅਸੀਂ ਇਹ ਸਪੱਸ਼ਟ ਕਰ ਚੁੱਕੇ ਹਾਂ ਕਿ ਗੁਰੂ ਰਵਿਦਾਸ ਦੇ ਵਿਅਕਤਿਤ੍ਵ ਅਤੇ ਬਾਣੀ ਦੇ ਕਰਮ ਦੇ ਸੁਮੇਲ ਨੇ ਇਕ ਅਜਿਹੇ ਸਮੁੱਚ ਦਾ ਰੂਪ ਧਾਰਨ ਕਰ ਲਿਆ ਸੀ ਕਿ ਦੋਨਾਂ ਦੇ ਪਰਸਪਰ ਸੰਬੰਧਾਂ ਨੂੰ ਅਸੀਂ ਨਿਖੇੜ ਕੇ ਨਹੀਂ ਵੇਖ ਸਕਦੇ ਉਨ੍ਹਾਂ ਵਿਚ ਐਨੀ ਇਕਸਾਰਤਾ, ਇਕਰੂਪਤਾ, ਸੁਮੇਲਤਾ ਪ੍ਰਗਟ ਹੋ ਗਈ ਕਿ ਜਦ ਅਸੀਂ ਉਨ੍ਹਾਂ ਦੀ ਬਾਣੀ ਦੇ ਮੁੱਲਾਂ ਦੀ ਗੱਲ ਕਰਦੇ ਹਾਂ ਤਾਂ ਸਹਿਜ, ਸਪੱਸ਼ਟ ਅਤੇ ਸਾਫ਼ ਨਜ਼ਰ ਆਉਂਦਾ ਹੈ ਕਿ ਉਨ੍ਹਾਂ ਨੇ ਉੱਤਰੀ ਭਾਰਤ ਦੀ ਉਸ ਸਮੇਂ ਦੀ ਸਮਾਜਿਕ ਹੋਂਦ ਨੂੰ ਨਵੇਂ ਅਰਥ ਪ੍ਰਦਾਨ ਕਰਨ ਵਿਚ ਸਾਰਥਿਕ ਹਿੱਸਾ ਪਾਇਆ। ਇਸ ਤਰ੍ਹਾਂ ਉਨ੍ਹਾਂ ਨੇ ਭਾਰਤੀ ਸਮਾਜ ਨੂੰ ਜੀਵਤ ਰੱਖਣ ਵਾਲੇ ਮੁੱਲਾਂ ਅਤੇ ਵਿਸ਼ਵਾਸਾਂ ਦੀ ਗੱਲ ਕਰਕੇ ਉਸਦੇ ਢਾਂਚੇ ਦਾ ਨਿਰਮਾਣ ਕਰਨ ਵਾਲੀਆਂ ਅਧਿਆਤਮਿਕ ਕਦਰਾਂ-ਕੀਮਤਾਂ ਜਾਂ ਮੁੱਲਾਂ ਨੂੰ ਸਥਾਪਿਤ ਕੀਤਾ। ਇਸ ਲਈ ਜਦੋਂ ਅਸੀਂ ਉਨ੍ਹਾਂ ਦੀ ਸਾਡੇ ਸਮਾਜ ਨੂੰ ਦੇਣ ਦਾ ਮੁਲੰਕਣ ਕਰਦੇ ਹਾਂ ਤਾਂ ਸਾਡਾ ਸਿਰ ਸੁਤੇ-ਸਿੱਧ ਹੀ ਅਜਿਹੇ ਕਰਮਯੋਗੀ ਦੇ ਸਾਹਮਣੇ ਝੁੱਕ ਜਾਂਦਾ ਹੈ।

ਅੱਠਵੇਂ ਅਧਿਆਇ ਵਿਚ ਅਸੀਂ ਸਾਰੇ ਅਧਿਆਇ ਦਾ ਸਾਰ ਦਿੱਤਾ ਭਾਵੇਂ ਸ਼ੋਧ-ਪ੍ਰਬੰਧ ਸ਼ੁਰੂ ਕਰਨ ਸਮੇਂ ਸਾਡੇ ਦਿਮਾਗ ਅਤੇ ਸ਼ੋਧ-ਪ੍ਰਬੰਧ ਦੇ ਚੌਖਟੇ ਵਿਚ ਭਾਰਤੀ ਜੀਵਨ ਜੀਣ ਪ੍ਰਕਿਰਿਆ ਦੀ ਸਮੇਂ ਅਨੁਸਾਰ ਵੰਡ ਦਾ ਪ੍ਰਯੋਜਨ ਨਹੀਂ ਸੀ ਪਰ ਜਦ ਗੁਰੂ ਰਵਿਦਾਸ ਦੇ ਸਮੇਂ, ਉਸ ਸਮਾਜਿਕ ਤਾਣੇ-ਪੇਟੇ ਦਾ ਲੇਖਾ-ਜੋਖਾ ਕਰਦਿਆਂ ਜੀਵਨ ਮੁੱਲਾਂ ਦੇ ਅਨੁਪਾਤ ਵਿਚ ਖੜੇ ਹੋਣ ਦੀ ਗੱਲ ਆਈ ਤਾਂ ਇਹ ਜਰੂਰੀ ਬਣ ਗਿਆ ਕਿ ਹਿੰਦੂ ਸੰਸਕ੍ਰਿਤੀ/ਸਭਿਆਚਾਰ ਦੀ ਸਮੇਂ ਅਨੁਸਾਰ ਵਿਆਖਿਆ ਕੀਤੀ ਜਾਵੇ। ਵਿਸ਼ਾ ਪ੍ਰਵੇਸ਼ ਵਿਚ ਭਾਵੇਂ ਪੂਰਬ ਵੈਦਿਕ ਕਾਲ ਦਾ ਸੰਖੇਪ ਵਿਵਰਨ ਦੇਣ ਦੀ ਜੁਗਤਾ ਕੰਮ ਕਰਦੀ ਸੀ ਪਰ ਕਾਲ ਵੰਡ ਦਾ ਕੋਈ ਪ੍ਰਯੋਜਨ ਨਹੀਂ ਸੀ ਪਰ ਸਾਹਿਤਕ ਸੰਦਰਭ ਵਿਚ ਇਹ ਜਰੂਰੀ ਹੋ ਗਿਆ ਕਿ ਸ਼ੋਧ ਪ੍ਰਬੰਧ ਸੁਰਤ-ਸਰਕ ਨਹੀਂ ਭਾਰਤੀ ਜੀਵਨ ਦਾ ਕਾਲ ਅਨੁਸਾਰ ਜਿਥੇ ਜਿਥੇ ਜਰੂਰੀ ਹੋਵੇ ਜ਼ਿਕਰ ਕੀਤਾ ਜਾਵੇ ਤੇ ਇਉਂ ਅਸੀਂ ਪੁਰਾਤਨ ਭਾਰਤੀ ਜੀਵਨ ਤੋਂ ਲੈ ਕੇ ਆਉਣ ਵਾਲੀਆਂ ਇਹ ਦੋ ਸਦੀਆਂ ਦੇ ਜੀਵਨ ਕਾਲ ਦਾ ਸਫਰ ਤੈਅ ਕਰਨ ਦਾ ਨਿਰੂਣਾ ਯਤਨ ਕੀਤਾ ਹੈ ਤੇ ਇਸ ਯਤਨ ਅਧੀਨ ਅਸੀਂ ਹੇਠ ਲਿਖੇ ਨੁਕਤੇ ਸਥਾਪਿਤ ਕੀਤੇ ਹਨ।

ਕੋਈ ਵਿਅਕਤੀ ਵਿਸ਼ੇਸ਼ ਤਦ ਹੀ ਇਤਿਹਾਸ ਦੇ ਤੌਰ ਤੇ ਜਾਣਿਆ ਜਾਂ ਮੰਨਿਆ/ਪੂਜਿਆ ਜਾ ਸਕਦਾ ਹੈ ਜੇਕਰ ਉਹ ਆਪਣੇ ਸਮਾਜ ਨਵੀ ਤੇ ਵਿਲੱਖਣ ਕਦਰਾਂ-ਕੀਮਤਾਂ ਸਥਾਪਿਤ ਕਰਨ ਵਿਚ ਸਫਲ ਹੋਇਆ ਹੋਵੇ ਜਿਵੇਂ ਅਸੀਂ ਗੁਰੂ ਰਵਿਦਾਸ ਪ੍ਰਤੀ ਅਜਿਹਾ ਸਪੱਸ਼ਟ ਕੀਤਾ ਹੈ।

ਕੋਈ ਸਭਿਅਤਾ ਤਦ ਹੀ ਉਚੇਰੀ। ਮਹਾਨ ਹੋ ਸਕਦੀ ਹੈ ਜੇਕਰ ਉਹ ਕਿਸੇ ਦੂਸਰੀ ਸਭਿਅਤਾ ਨੂੰ ਆਪਣੇ ਅੰਦਰ ਸਮੋ ਕੇ, ਉਸਨੂੰ ਆਪਣੀ ਅਨੁਕੂਲਤਾ ਦੇ ਅਨੁਸਾਰ ਢਾਲ ਕੇ ਸਮੇਂ ਦੀ ਅਨੁਕੂਲਤਾ ਅਨੁਸਾਰ ਵਿਚਰਨ ਕਰਨ ਦੇ ਸਮਰਥ ਹੋਵੇ ਜਿਵੇਂ ਸਮਨਵੈ ਦੇ ਭਾਵ ਵਿਚ ਅਸੀਂ ਹਿੰਦੂ ਸੰਸਕ੍ਰਿਤੀ ਪ੍ਰਤੀ ਇਹ ਸਾਬਿਤ ਕਰਨ ਦਾ ਯਤਨ ਕੀਤਾ ਹੈ।

# ਸਹਾਇਕ ਪੁਸਤਕ - ਸੂਚੀ

## ਸਹਾਇਕ ਪੁਸਤਕ-ਸੂਚੀ

### ਪੰਜਾਬੀ


ਪ੍ਰਭਾ ਖੰਨਾ — ਨਵਾਂ ਗੋਸਾਈਂ ਜੀ ਦੇ ਸਾਹਿਤ ਦੀ, ਅਸੀਮ ਪ੍ਰਕਾਸ਼ਨ, ਜਲੰਧਰ।

ਅਰਜਨ ਦੇਵ (ਗੁਰੂ) (ਸੰਪਾ.) — ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਐਸ. ਐਲ. ਜੋਹਰੀ, ਏ. ਸੀ. ਅਰੋੜਾ — ਭਾਰਤੀ ਇਤਿਹਾਸ ਦਾ ਪ੍ਰਾਚੀਨ ਕਾਲ

ਅਨੰਤਦਾਸ ਵੈਸ਼ਨਵ — ਰੈਦਾਸ ਪਰਚਈ, ਪੀਟਰ ਫ੍ਰੈਡਲੈਂਡਰ ਐਸੋਸੀਏਸ਼ਨ ਫੂਲਵਰਚਾਂਪਟਨ, ਪੂਨੇ.

ਐਸ. ਐਸ. ਅਸ਼ੋਕ — ਗੁਰੂ ਰਵਿਦਾਸ ਵਾਰਤਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ-1, 1988.

ਜੋਗਿੰਦਰ ਸਿੰਘ ਅਟਾਰੀ (ਸੰ.) — ਸ੍ਰੀ ਗੁਰੂ ਰਵਿਦਾਸ ਜੀ, ਐਸ. ਪੀ. ਪ੍ਰਿੰਟਿੰਗ ਪ੍ਰੈਸ ਜਲੰਧਰ, ਪਹਿਲਾ ਸੰਸਕਰਣ, 1978.

ਗੁਰਚਰਨ ਸਿੰਘ ਮਜੀਠੀਆ (ਡਾ.) — ਸੰਤ ਸਾਹਿਤ, ਰੂਪਕਮਲ ਪ੍ਰਕਾਸ਼ਨ, ਦਿੱਲੀ।

ਸ਼ਿਆਮ ਸੁੰਦਰਦਾਸ (ਡਾ.) — ਕਬੀਰ ਗ੍ਰੰਥਾਵਲੀ, ਨਾਗਰੀ ਪ੍ਰਚਾਰਣੀ ਸਭਾ ਵਾਰਾਨਸੀ, ਪੰਦਰਵਾਂ ਸੰਸਕਰਣ।

ਹਰਨਾਮ ਸਿੰਘ ਸ਼ਾਨ (ਸੰਪਾ.) — ਬਾਣੀ ਭਗਤ ਰਵਿਦਾਸ ਜੀ ਕੀ, ਸੂਚਨਾ ਤੇ ਲੋਕ ਸੰਪਰਕ ਵਿਭਾਗ ਚੰਡੀਗੜ੍ਹ, ਪਹਿਲਾ ਐਡੀਸ਼ਨ।

ਹਰਭਜਨ ਸਿੰਘ ਰਤਨ — ਗੁਰੂ ਰਵਿਦਾਸ ਮਹਾਨ ਜੀਵਨ ਤੇ ਬਾਣੀ, ਰਤਨ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1980.

ਹਰੀਸ਼ ਚੰਦਰ — ਜਨਮ ਸਾਖੀ ਭਗਤ ਰਵਿਦਾਸ, ਚਤਰ ਸਿੰਘ, ਜੀਵਨ ਸਿੰਘ ਅੰਮ੍ਰਿਤਸਰ।

| | |
|---|---|
| ਹੀਰਾ ਦਾਸ | ਰਵਿਦਾਸ ਦੀਪ |
| ਹਰੀਦੱਤ ਵੇਦਾਲੰਕਾਰ | ਭਾਰਤ ਦਾ ਸੰਸਕ੍ਰਿਤਕ ਇਤਿਹਾਸ, ਆਤਮਾ ਰਾਮ ਐਂਡ ਸੰਨਜ਼, ਦਿੱਲੀ-6. |
| ਕਾਨ੍ਹ ਸਿੰਘ (ਭਾਈ) | ਗੁਰੂ ਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, 1971. |
| ਕਰਤਾਰ ਸਿੰਘ ਸੂਰੀ (ਡਾ.) | ਗੁਰੂ ਅਰਜਨ ਦੇਵ ਅਤੇ ਸੰਤ ਦਾਦੂ ਦਿਆਲ: ਇਕ ਤੁਲਨਾਤਮਿਕ ਅਧਿਐਨ । |
| ਗੁਰੂ ਰਵਿਦਾਸ ਅੰਕ | ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਜੁਲਾਈ-ਅਗਸਤ, 1971. |
| ਗੁਰਮੁਖ ਸਿੰਘ | ਭਗਤ ਰਵਿਦਾਸ ਅਤੇ ਉਹਨਾਂ ਦੀ ਬਾਣੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ। |
| ਜੋਗਿੰਦਰ ਸਿੰਘ | ਭਗਤ ਰਵਿਦਾਸ, ਪਟਿਆਲਾ ਸਾਹਿਤ ਡਿਪੋ ਲਾਲ ਬਾਗ ਸਟਰੀਟ । |
| ਜੋਧ ਸਿੰਘ (ਭਾਈ) | ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਜਾਬੀ ਯੂਨੀ. ਪਟਿਆਲਾ। |
| ਜਮਨਾ ਦਾਸ | ਰਵਿਦਾਸ ਪ੍ਰਕਾਸ਼, ਸੰਤ ਦਰਬਾਰੀ ਲੁਧਿਆਣਾ। |
| ਜੈਚੰਦਰ ਵਿਦਿਆਲੰਕਾਰ (ਅਨੁ.) | ਪ੍ਰਾਚੀਨ ਪੰਜਾਬ ਅਤੇ ਉਸਦਾ ਆਲਾ-ਦੁਆਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ। |
| ਜਗਬੀਰ ਸਿੰਘ | ਸੰਤ ਰਵਿਦਾਸ ਮਹਾਤਮ, ਸ੍ਰੀ ਰਵਿਦਾਸ ਸੰਤ ਆਸ਼ਰਮ, ਅਸਾਰਾ ਆਰ.ਕੇ ਪ੍ਰਿੰਟਿੰਗ, ਨੇੜੇ ਹਾਥੀਖਾਨਾ ਬੜੌਤ। |
| ਧਰਮਪਾਲ ਸਿੰਗਲ (ਡਾ.) | ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1986. |
| " | ਸੰਤ ਸ਼੍ਰੋਮਣੀ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ । |
| " | ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਦਲਿਤ ਵੈਲਫੇਅਰ ਐਸੋਸੀਏਸ਼ਨ, ਯੂ.ਕੇ 1985. |

ਧਰਮਪਾਲ ਮੈਨੀ(ਡਾ.) — ਰੈਦਾਸ, ਸਾਹਿਤ ਅਕਾਦਮੀ ਨਵੀਂ ਦਿੱਲੀ, 1979.

ਪਾਖਰ ਸਿੰਘ — ਮਨੁੱਖਤਾ ਦਾ ਚਾਨਣ ਮੁਨਾਰਾ ਗੁਰੂ ਰਵਿਦਾਸ, ਨਵਯੁਗ ਪਬਲਿਸ਼ਰਜ਼ ਹਾਊਸ ਆਦਮਪੁਰ, 1980.

ਮਨਮੋਹਣ ਸਿੰਘ(ਡਾ.) — ਭਗਤ ਰਵਿਦਾਸ ਜੀਵਨ ਅਤੇ ਰਚਨਾ, ਮਨਦੀਪ ਪ੍ਰਕਾਸ਼ਨ, 1980.

ਮਨਮੋਹਣ ਸਹਿਗਲ(ਡਾ.) — ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987.

ਮਗੂ ਰਾਮ ਵਹੁੜਵਾਲੀਆ — ਸਾਖੀ ਸ੍ਰੀ ਗੁਰੂ ਰਵਿਦਾਸ ਮਿਸ਼ਨ, ਅਰਨਵੈਲ ਪ੍ਰਿੰਟਿੰਗ ਪ੍ਰੈਸ, ਜਲੰਧਰ, 1972.

ਰਜਨੀਸ਼ ਕੁਮਾਰ(ਪ੍ਰਕਾਸ਼ਕ) — ਗੁਰੂ ਰਵਿਦਾਸ ਅੰਕ, ਪੰਜਾਬੀ ਦੁਨੀਆ ਭਾਸ਼ਾ ਵਿਭਾਗ ਪਟਿਆਲਾ, ਜੁਲਾਈ-ਅਗਸਤ, 1971.

ਰਾਜਦੇਵ ਸਿੰਘ — ਸੰਤ ਸਾਹਿਤ ਕੀ ਭੂਮਿਕਾ, ਆਰਯ ਬੁੱਕ ਡਿੱਪੂ, ਨਵੀਂ ਦਿੱਲੀ, 1974.

ਰਾਹੁਲ ਸੰਸਕ੍ਰਿਆਨ — ਇਸਲਾਮ ਧਰਮ ਦੀ ਰੂਪ-ਰੇਖਾ,

ਰਾਧਾ ਕ੍ਰਿਸ਼ਨਨ(ਡਾ.) — ਪੂਰਬ ਤੇ ਪੱਛਮ


## ਹਿੰਦੀ ਪੁਸਤਕਾਂ


ਆਨੰਦਸ਼ੰਕਰ ਬਾਪੂਭਾਈ ਧ੍ਰੁਵ — ਧਰਮ ਵਰਨਣ, ਰਾਮਕਮਲ ਪ੍ਰਕਾਸ਼ਨ

ਕੇ.ਕੇ.ਸ਼ਰਮਾ(ਡਾ.) — ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ ਬਿਆਸ, ਦੂਸਰਾ ਸੰਸਕਰਣ।

ਕਸ਼ਿਤੀ ਮੋਹਣ ਸੇਣ — ਭਾਰਤ ਵਰਸ਼ ਮੇ ਜਾਤੀ ਭੇਦ

ਕੇ.ਡੀ.ਨਾਬ — ਪ੍ਰਾਚੀਨ ਭਾਰਤ ਕਾ ਇਤਿਹਾਸ ਏਵਮ ਸੰਸਕ੍ਰਿਤੀ, ਦੂਸਰਾ ਐਡੀਸ਼ਨ ।

ਗਾਂਧੀ ਸ਼ਾਰਦਾ — *ਭਾਰਤੀਯ ਦਰਸ਼ਨ ਮੇ ਪ੍ਰਮਾਣਵਾਦ*, ਮੇਰਠ ਸਾਹਿਤ ਭੰਡਾਰ, 1975.

ਗੈਰੋਲਾ ਵਾਚਸਪਤੀ — *ਭਾਰਤੀਯ ਦਰਸ਼ਨ*, ਇਲਾਹਾਬਾਦ, ਲੋਕ ਭਾਰਤੀ ਪ੍ਰਕਾਸ਼ਨ, 1962.

ਗੁਪਤ ਸੁਧੀਰ ਕੁਮਾਰ — *ਭਾਰਤੀਯ ਦਰਸ਼ਨ ਕੇ ਸੰਪ੍ਰਦਾਇ*, ਜੈਪੁਰ ਭਾਰਤੀ ਮੰਦਰ, 1969.

ਗਣਪਤਿ ਚੰਦਰ ਗੁਪਤ — *ਹਿੰਦੀ ਸਾਹਿਤਯ ਕਾ ਵਿਗਿਆਨਕ ਇਤਿਹਾਸ*

ਗੋਵਿੰਦ ਤ੍ਰਿਗੁਣਾਇਤ — *ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠਭੂਮੀ*

ਗੁਪਤ ਜਗਦੀਸ਼ (ਡਾ.) — *ਨਈ ਕਵਿਤਾ ਸਰੂਪ ਔਰ ਸਮੱਸਿਆਏ*, ਭਾਰਤੀਯ ਗਿਆਨ ਪੀਠ ਪ੍ਰਕਾਸ਼ਨ, 1971.

ਜੋਸ਼ੀ ਆਰ. ਡੀ. — *ਭਾਰਤੀਯ ਸੰਸਕ੍ਰਿਤੀ ਕੇ ਮੂਲ ਤੱਤਵ*, ਕਾਨਪੁਰ ਸਾਹਿਤਯ ਨਿਕੇਤਨ, 1957.

ਜੈਨ ਜਗਦੀਸ਼ ਚੰਦਰ — *ਭਾਰਤੀਯ ਤੱਤ੍ਵ ਚਿੰਤਨ*

ਤਿਵਾੜੀ ਰਾਮਾਨੰਦ — *ਭਾਰਤੀਯ ਦਰਸ਼ਨ ਕਾ ਪਰਿਚਯ*, ਪ੍ਰਯਾਗ ਭਾਰਤੀ ਮੰਦਰ 2009.

ਦਲੀਪ ਸਿੰਘ ਦੀਪ — *ਸਾਧਨ ਮੇ ਰਵਿਦਾਸ ਸੰਤ*, ਪੰਜਾਬੀ ਵਿਸ਼ਵ ਵਿਦਿਆਲਾ ਪਟਿਆਲਾ, 1984, ਪਹਿਲਾ ਸੰਸਕਰਣ।

ਦੇਵਰਾਜ (ਡਾ.) — *ਸੰਸਕ੍ਰਿਤੀ ਕਾ ਦਾਰਸ਼ਨਿਕ ਵਿਵੇਚਨ*, ਪ੍ਰਕਾਸ਼ਨ ਬਿਊਰੋ ਉੱਤਰ ਪ੍ਰਦੇਸ਼, 1957.

ਦੇਸ ਰਾਜ (ਭਾਟੀ) — *ਮੀਰਾ ਬ੍ਰਿਹਤ ਪਦਾਵਲੀ*

ਧਰਮਪਾਲ ਸਰੀਨ (ਡਾ.) — *ਨੀਚ ਤੇ ਊਚ ਕੀਏ ਮੇਰੇ ਸਤਿਗੁਰੂ*, ਐਸ. ਚੰਦ ਐਂਡ ਕੰਪਨੀ, ਨਵੀਂ ਦਿਲੀ, 1977.

ਧਰਮਪਾਲ ਮੈਣੀ (ਡਾ.) — *ਸ੍ਰੀ ਗੁਰੂ ਗ੍ਰੰਥ ਸਾਹਿਬ– ਇਕ ਪਰੀਚੈ*

| | |
|---|---|
| ਧਰਮਪਾਲ ਮੈਨੀ (ਡਾ.) | ਕਬੀਰ ਦੇ ਧਾਰਮਿਕ ਵਿਸ਼ਵਾਸ, ਆਰੀਆ ਪ੍ਰਿੰਟਿੰਗ ਪ੍ਰੈਸ ਨਿਕਲਸਨ ਰੋਡ, ਅੰਬਾਲਾ ਕੈਂਟ। |
| " | ਸੰਤਾਂ ਕੇ ਧਾਰਮਿਕ ਵਿਸ਼ਵਾਸ, ਨਵੀਨ ਪਬਲੀਕੇਸ਼ਨਜ਼, ਮਲੇਰਕੋਟਲਾ, ਪਹਿਲਾ ਸੰਸਕਰਣ। |
| ਧਰਮਪਾਲ ਸਿੰਗਲ (ਡਾ.)(ਸੰ.) | ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ, ਦਲਿਤ ਵੈਲਫੇਅਰ ਐਸੋਸੀਏਸ਼ਨ ਯੂਨੀਵਰਸਿਟੀ ਕੈਂਪਸ ਕੁ.ਕੇ. । |
| ਪ੍ਰਿਥਵੀ ਸਿੰਘ ਆਜ਼ਾਦ (ਆਚਾਰੀਆ) | ਰਵਿਦਾਸ ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973. |
| " | ਗੁਰੂ ਰਵਿਦਾਸ, ਸ੍ਰੀ ਗੁਰੂ ਰਵਿਦਾਸ ਸੰਸਥਾਨ ਚੰਡੀਗੜ੍ਹ, 1973. |
| " | ਰਵਿਦਾਸ, ਦਿਲੀ ਪਬਲੀਕੇਸ਼ਨ ਬਿਊਰੋ ਭਾਰਤ ਸਰਕਾਰ, 1973. |
| " | ਯੁੱਗ ਪ੍ਰਵਰਤਕ ਸੰਤ ਗੁਰੂ ਰਵਿਦਾਸ, ਦੀਪਕ ਪਬਲਿਸ਼ਰਜ਼ ਜਲੰਧਰ, ਫਸਟ ਐਡੀਸ਼ਨ। |
| ਪਦਮ ਗੁਰਚਰਨ ਸਿੰਘ (ਡਾ.) | ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵਚੇਤਨ ਪ੍ਰਕਾਸ਼ਨ ਜਲੰਧਰ, 1977. |
| ਪਰਸ਼ੂਰਾਮ ਚਤੁਰਵੇਦੀ (ਆਚਾਰੀਆ) | ਉੱਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ ਲੀਡਰ ਪ੍ਰੈਸ ਇਲਾਹਾਬਾਦ । |
| ਪਾਂਡੇ ਰਾਮਚੰਦਰ | ਭਾਰਤੀਯ ਦਰਸ਼ਨ ਕੀ ਭੂਮਿਕਾ, ਮੋਤੀਲਾਲ ਬਨਾਰਸੀ ਦਾਸ, 1959. |
| ਪਾਂਡੇ ਸਤਯ ਨਰਾਇਣ (ਡਾ.) | ਭਾਰਤੀਯ ਸੰਸਕ੍ਰਿਤੀ ਕੇ ਮੂਲ ਤੱਤਵ, ਕਾਨਪੁਰ ਸਾਹਿਤਯ ਨਿਕੇਤਨ, 1957. |
| ਪੀ.ਵੀ.ਕਾਣੇ (ਅਨੁ.) ਅਰਜੁਨ ਚੋਬੇ | ਧਰਮ ਸ਼ਾਸਤਰ ਕਾ ਇਤਿਹਾਸ, ਹਿੰਦੀ ਸਮਿਤੀ ਸੂਚਨਾ ਵਿਭਾਗ ਉਤਰ ਪ੍ਰਦੇਸ਼ ਲਖਨਊ, 1965. |
| ਪਾਂਡੇ ਗੋਬਿੰਦਚੰਦਰ | ਮੂਲ ਮੀਮਾਸਾਂ, ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, 1973. |
| ਬੇਣੀ ਪ੍ਰਸ਼ਾਦ ਸ਼ਰਮਾ (ਡਾ.) | ਸੰਤ ਗੁਰੂ ਰਵਿਦਾਸ ਬਾਣੀ, ਵਿਸ਼ਵ ਭਾਰਤੀ ਪ੍ਰਕਾਸ਼ਨ ਚੰਡੀਗੜ੍ਹ, ਸੰਮਤ 2035. |

ਬੇਣੀ ਪ੍ਰਸਾਦ ਸ਼ਰਮਾ(ਡਾ.) — ਸੰਤ ਗੁਰੂ ਰਵਿਦਾਸ, ਸੂਰਜ ਪ੍ਰਕਾਸ਼ਨ ਦਿਲੀ, 1972.

" — ਹਿੰਦੁਸਤਾਨ ਕੀ ਪੁਰਾਣੀ ਸਭਿਅਤਾ

ਬ੍ਰਿਜ ਭੂਸ਼ਨ — ਭਾਰਤੀਯ ਤੱਤਵ ਚਿੰਤਨ, ਇਲਾਹਾਬਾਦ

ਭਾਰਦਵਾਜ — ਭਾਰਤੀਯ ਸੰਸਕ੍ਰਿਤੀ ਕਾ ਇਤਿਹਾਸ, ਗੋਬਿੰਦ ਰਾਮ ਹਸਨੰਦ ਨਈ ਸੜਕ ਦਿੱਲੀ।

ਮੁਨਸ਼ੀ ਰਾਮ ਵਿਦਿਆਵਾਚਸਪਤੀ — ਮਹਾਰਿਸ਼ੀ ਰਵਿਦਾਸ ਜਯੋਤੀ ਭਿਵਾਨੀ, ਮਜ਼ਦੂਰ ਸਾਹਿਤਯ ਮੰਡਲ, 1948.

ਮਿਸ਼ਰ ਲਕਸ਼ਮੀਕਾਂਤ — ਭਾਰਤੀਯ ਦਰਸ਼ਨ ਏਕ ਦ੍ਰਿਸ਼ਟੀ, ਹਿਮਾਚਲ ਪਾਕੇਟ ਬੁਕਸ।

ਮਹੰਤ ਜਮਨਾ ਦਾਸ ਭੁਰਡ ਜਸਵੰਤ ਸਿੰਘ — ਸ੍ਰੀ ਰਵਿਦਾਸ ਪੁਰਾਣ, ਮਹੰਤ ਜਸਵੰਤ ਸਿੰਘ ਜਹਿ ਦਰਬਾਰੀ ਪ੍ਰਕਾਸ਼ਕ

ਰਾਮਚਰਨ ਕੁਰੀਲ — ਭਗਵਾਨ ਰਵਿਦਾਸ ਕੀ ਸਤਯ ਕਥਾ, ਮਧੁਕਰ ਮਿਸ਼ਨ, 1950.

ਰਾਮ ਚੰਦਰ ਸ਼ੁਕਲ(ਆਚਾਰੀਆ) — ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਰਾਮ ਨਾਰਾਇਣ ਲਾਲ ਇਲਾਹਾਬਾਦ, 1947.

ਰੈਦਾਸ(ਸੰਤ) — ਰੈਦਾਸ ਜੀ ਕੀ ਬਾਣੀ, ਬੈਲਵੇਡੀਅਰ ਪ੍ਰੈਸ ਇਲਾਹਾਬਾਦ।

ਰਾਮਾਨੰਦ ਸ਼ਾਸਤਰੀ — ਸੰਤ ਰਵਿਦਾਸ ਔਰ ਉਨਕਾ ਕਾਵਯ, ਜਵਾਲਾਪੁਰ ਹਰਿਦੁਆਰ ਭਾਰਤੀਯ ਸੇਵਾ ਸੰਘ ਰਵਿਦਾਸ ਆਸ਼ਰਮ, 195[illegible].

ਰਾਧਾ ਕ੍ਰਿਸ਼ਨਨ(ਡਾ.) — ਧਰਮ ਤੁਲਨਾਤਮਕ ਦ੍ਰਿਸ਼ਟੀ ਮੇਂ

" — ਪੂਰਬ ਧਰਮ ਔਰ ਪਾਸ਼ਚਾਤਯ ਵਿਚਾਰ

ਰਾਜਪਾਲ ਹੁਕਮ ਚੰਦ — ਆਧੁਨਿਕ ਕਾਵਯ ਮੇਂ ਜੀਵਨ ਮੁੱਲ, ਦੀਪਕ ਪਬਲਿਸ਼ਰਜ਼ ਜਲੰਧਰ।

ਰਾਮਧਾਰੀ ਸਿੰਘ ਦਿਨਕਰ — ਸੰਸਕ੍ਰਿਤੀ ਕੇ ਚਾਰ ਅਧਿਆਏ, ਰਾਜਪਾਲ ਐਂਡ ਸੰਨਜ਼, 1955.

ਰਾਮਕੁਮਾਰ ਵਰਮਾ — ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਰਾਮਨਰਾਇਣ ਲਾਲ ਇਲਾਹਾਬਾਦ।

ਰਾਧਾ ਕਮਲ ਮੁਕਰਜੀ(ਡਾ.) — ਭਾਰਤ ਕੀ ਸੰਸਕ੍ਰਿਤੀ ਔਰ ਕਲਾ, ਰਾਜਪਾਲ ਐਂਡ ਸੰਨਜ਼, 1966.

ਰਤਨ ਚੰਦ ਸ਼ਰਮਾ (ਡਾ.) — ਸੰਤ ਰਵਿਦਾਸ, ਵੈਦਿਕ ਸੋਧ ਸੰਸਥਾਨ, 1965.

ਵਿਰੇਂਦ੍ਰ ਕੁਮਾਰ ਸੇਠੀ — ਮੀਰਾ ਪ੍ਰੇਮ ਦੀਵਾਨੀ, ਰਾਧਾ ਸੁਆਮੀ ਸਤਿਸੰਗ ਬਿਆਸ, 1972.

ਵਿਨੋਬਾ ਭਾਵੇ (ਸੰਪਾ.) ਰਿ.ਨਾ. ਆਤਰੇਯ — ਧਰਮ ਸਮਨਵੈ ਸ਼ਾਂਤੀ ਪ੍ਰਤੀਸ਼ਠਾਨ, ਨਵੀਂ ਦਿੱਲੀ।

ਸਾਂਕ੍ਰਿਤਯਾਇਨ ਰਾਹੁਲ — ਦਰਸ਼ਨ ਦਿਗ ਦਰਸ਼ਨ, ਕਿਤਾਬ ਮਹੱਲ 1944, ਇਲਾਹਾਬਾਦ।

ਸਵਾਮੀ ਨਿਰੇਗੀ ਰਾਮ — ਭਾਰਤੀਯ ਦਰਸ਼ਨ ਔਰ ਮੁਕਤੀ ਮੀਮਾਂਸਾ, ਬੰਬਈ ਮਹਾਂਲਕਸ਼ਮੀ ਲਾਲ ਵਰਕਸ, 1930.

ਸ਼ਰਮਾ ਹਰਿਵੰਸ਼ਲਾਲ — ਭਾਰਤੀਯ ਦਰਸ਼ਨ ਪਰੰਪਰਾ ਔਰ ਗੁਰੂ ਮੇ ਵਾਹਿਗੁਰੂ ਸਰੂਪ, ਦਿਲੀ ਨੈਸ਼ਨਲ ਪਬਲਿਸ਼ਰਜ ਹਾਊਸ, 1972.

ਸ਼ਾਸਤਰੀ ਧਰਮਿੰਦਰ ਨਾਥ — ਭਾਰਤੀਯ ਦਰਸ਼ਨ ਸ਼ਾਸਤਰ ਵਾਰਾਨਸੀ, ਮੋਤੀ ਲਾਲ ਬਨਾਰਸੀ ਦਾਸ, 1953.

ਸੋਧ ਪੱਤਰ — ਗੁਰੂ ਰਵਿਦਾਸ ਜੈਯੰਤੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਸ਼ਰਮਾ ਰਾਮਨਾਥ — ਭਾਰਤੀਯ ਦਰਸ਼ਨ ਕੇ ਮੂਲ ਤੱਤਵ, ਲਖਨਊ, ਭਾਰਤੀਯ ਪ੍ਰਕਾਸ਼ਨ ਮੰਦਰ, 1950.

ਸਕਸੈਨਾ ਸ੍ਰੀ ਕ੍ਰਿਸ਼ਨ — ਭਾਰਤੀਯ ਦਰਸ਼ਨ ਮੇ ਚੇਤਨਾ ਕਾ ਸਵਰੂਪ, ਵਾਰਾਨਸੀ ਚੌਖੰਬਾ ਵਿਦਿਆ ਭਵਨ, 1969.

ਸੰਤ ਸਰਵਣ ਸਿੰਘ — ਸੰਤ ਰਵਿਦਾਸ ਮਹਾਰਾਜ ਜੀ ਰਵਿਦਾਸ, ਸੰਤ ਆਸ਼ਰਮ ਅਜਾਰਾ, 1981.

ਸੰਗਮ ਲਾਲ (ਪਾਂਡੇ) — ਸੰਤ ਰਵਿਦਾਸ ਵਿਅਕਤਿਤ੍ਵ ਏਵਮ ਕ੍ਰਤਿਤ੍ਵ, ਇਲਾਹਾਬਾਦ ਸਾਹਿਤਯ ਵਾਣੀ, 1970.

ਸਈਅਦ ਅਬੁਲ ਆਲਾ ਮੌਦੂਦੀ (ਅਨੁ.) ਮੁਹੰਮਦ ਫ਼ਾਰੂਖ ਖਾਂ — ਇਸਲਾਮ ਪ੍ਰਵੇਸ਼ਿਕਾ

ਸਹਿਗਲ ਸ਼ਸ਼ੀ — ਨਈ ਕਵਿਤਾ ਮੇ ਮੂਲਯ ਬੋਧ, ਅਭਿਨਵ ਪ੍ਰਕਾਸ਼ਨ, ਦਿੱਲੀ।

## ਸੰਸਕ੍ਰਿਤ

ਮਹਾਭਾਰਤ, ਮਨੂੰ ਸਮਿਰਤੀ, ਭਵਿਸ਼ ਪੁਰਾਣ, ਭਾਗਵਤ ਪੁਰਾਣ

glish Books


vertt W.G. — Meral Values.

orsodi Ralph — The Education of the whole man,

urgess, Ernest W. — Values and Socialogical Research

arshan Singh (Sh.) — A Study of Bhagat Ravidas, Punjabi Uni. Patiala, 1981, Rirst Edition.

arshan Singh (Dr.) — Sant Ravidas And His Times, Kalyani Publishers Ludhiana, 1977.

eway, John — The field of Value, Me Mx Lix, Columbia University, New York.

odd Stuart — How to Measure Values, University of Washington Research Studies, 1950.

mile Durshein — The Social Shaping of Human Needs, Edited by Edger F. Bergatta Henry J. Mayer.

redrick Max Muller — Introduction to the Science of Religion.

ranked Jack — Helpil Students Think and Value Enclevood, Cliffs, New Jersy, 1973.

old Shimidt W. — Under Standing Human Society, Routledge of Kagan Paul London, 1959.

.H.Wilson — Religious Sectus of the Hindus, Calcutta, 1958.

ward Becker — Supreme Values and Socialogist, American Sociological Reveiw, 1941.

seph Head And S.L. anston. — Reincarnation, New York, 1961.

John Elof Boodin — Organisation of Values, Iub-Macmillan E. Co. 1939.

Jacobs, Philip E. — Functions of Values in Policy Processes, American Behavioral Scientist, 1962.

Joseph Meeabel — A Rational Encyclopedia,

J.N.Furkhuar — An out-line of the Religion Literature of India.

Johnson, H.M. — Sociology A Systematic Introductions, Routledge and Kagan Paul London, 1960.

Love, C.Marshal — Value Orentations An Ethical Dilemma, American Psychologist, 1965.

K.N.Upadhyaya — Guru Ravi Dass Life and Teachings, Racha Soami Satsang Beas(Pb)1982.

Lundberg George — Science, Scientists and Values, Social forces, 1952.

Mayer F & H.Ross — Ethics and Modern World,

Max Muller (Prof.) — India What can it teach us, Munshi Ram Manohar Lal Delhi, 1961.

Max Weber — Sociology of Religion, Methec & Ltd. London.

Manmohan Singh (Dr.) — Kabir His Biofgraphy, Kabir and the Bhagti movement, Lahore, 1934.

Mum Ferd Lewis — The Transformation of Maw, Collier Books London Allen, 1956.

Nail J.Smelser — Theory of Collective behaviour, New York, Free Press of Glence, 1963.

| | |
|---|---|
| Nirad C.Choudhry | Hinduism, B.I.Publication,New Delhi,1979. |
| Nicholas Rescher | Values And the Future, Edited by Kurt Barier and Nicholas Rescher,Pub.The free Press New York,1969. |
| Pertidge,Eric,Origins | A Short Etymological Dictionary of Modern English, Routledge and Kagan Paul,1959. |
| Parker D.Litt.H. | The Analysis of Values. |
| Patka, Frederick | Value and Existence Studies in Philosophic Anthropology,1965. |
| Rescher,Nicholas | Introduction of Value Theory,Cliffs Prêntice-Hall,1969. |
| Richard T Lapierre's | Social Change, Mc Graw-Hill,New York, 1965. |
| Radha Kamal Mukerjee (Dr.) | The Social Structure of Values,Pub. S.Chand & Co.New Delhi,1965. |
| Roubiezek,Paul | Ethical Value in the age of Science, Cambrige University,U.S.A.1969. |
| S.Radha Krishanan(Dr.) | East And the West. |
| " | Hindu view of Life. |
| " | Indian Philosophy. |
| Tayler Henry osborn | Human Values And Varieties,Abinaya Parkasan First Edtition ,Delhi. |
| Urban W.M. | Fundamental of Ethics, Henry Halt of Co.New York,1947. |
| V.K.Sethi | Mira, the divine love,Radha Soami Satsang Beas. |

William, Catton, Jr. — A Theory of Values, American Sociological Review, 1959.

Young, K.S. Mack, R.W. — Sociology and Social life, American Book, N.York, 1962.

" — Sociology and Social life, -Ibid- ,1959.

ਲੇਖ-ਪੱਤ੍ਰਕਾਵਾਂ

ਰਘਬੀਰ ਸਿੰਘ(ਸੰਪਾਦਕ) ਗੁਰਮਤਿ ਦੇ ਸੰਕਲਪ ਵਿਚ ਪ੍ਰਤੀ ਮੂਲ ਸਿਧਾਂਤ

ਧਰਮਪਾਲ ਸਿੰਗਲ(ਡਾ.) ਸੋਵਨ ਸੂਤਾਂ ਦੀ ਭਿੰਨਤਾ ਤੋਂ ਸਿਧਾਂਤਕ ਪੱਖ ਦਾ ਅਧਿਐਨ, ਸੈਮੀਨਾਰ 10-11 ਨਵੰਬਰ, 1989.

ਮਨਜੀਤ ਸਿੰਘ ਨਾਜ(ਡਾ.), ਸੱਭਿਆਚਾਰ ਚੇਤਨਾ ਅਤੇ ਗੁਰੂ ਸਿਧਾਂਤ ਬਾਣੀ, ਸੈਮੀਨਾਰ, 25-26 ਜਨਵਰੀ, 1991.

ਨਰਮ ਸਿੰਘ ਰਾਹੂ, ਗੁਰੂ ਸਿਧਾਂਤ ਬਾਣੀ ਦਾ ਮੌਲਿਕ ਸੰਦਰਭ, ਸੈਮੀਨਾਰ 10-11 ਨਵੰਬਰ, 1989.

ਗੁਰਬਖਸ਼ ਫਰੈਂਕ(ਪ੍ਰੋ.) ਨਮੂ ਤੇਰੇ ਆਰਤੀ, ਯਾਰੀ ਆਵਾਸ ਪ੍ਰਕਾਸ਼ਨ, ਜਲੰਧਰ।
ਗੁਰਮਿੰਦਰ (ਡਾ.)

*******
*****
***